SUPREME AUDIT INSTITUTION OF INDIA

लोकहितार्थ सत्यनिष्ठा

Dedicated to Truth in Public Interest

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ

## ਮਾਰਚ 2023 ਨੂੰ ਸਮਾਪਤ ਹੋਏ ਸਮੇਂ ਲਈ

**ਪੰਜਾਬ ਸਰਕਾਰ**

2025 ਦੀ ਰਿਪੋਰਟ ਨੰ. 4

(ਸੰਯੁਕਤ ਲੇਖਾ ਪ੍ਰੀਖਿਆ ਰਿਪੋਰਟ – ਸਿਵਲ)

# ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ

# ਦੀ ਰਿਪੋਰਟ

# ਮਾਰਚ 2023 ਨੂੰ ਸਮਾਪਤ ਹੋਏ ਸਮੇਂ ਲਈ

**ਪੰਜਾਬ ਸਰਕਾਰ**

2025 ਦੀ ਰਿਪੋਰਟ ਨੰ. **4**

(ਸੰਯੁਕਤ ਲੇਖਾ ਪ੍ਰੀਖਿਆ ਰਿਪੋਰਟ – ਸਿਵਲ)

# ਵਿਸ਼ਾ ਸਾਰਣੀ


| ਵੇਰਵੇ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| ਭੂਮਿਕਾ | iii | |
| ਝਲਕ | v-xv | |
| ਅਧਿਆਇ-I: ਜਨਰਲ | | |
| ਜਾਣ-ਪਛਾਣ | 1.1 | 1 |
| ਬਜਟ ਦੀ ਰੂਪ ਰੇਖਾ | 1.2 | 2 |
| ਲੇਖਾ ਪ੍ਰੀਖਿਆ ਲਈ ਅਧਿਕਾਰ | 1.3 | 3 |
| ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ | 1.4 | 4 |
| ਲੇਖਾ ਪ੍ਰੀਖਿਆ ਵੱਲ ਸਰਕਾਰ ਦੇ ਹੁੰਗਾਰੇ ਦੀ ਘਾਟ | 1.5 | 4 |
| ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਨੂੰ ਵਿਭਾਗਾਂ ਦਾ ਹੁੰਗਾਰਾ | 1.6 | 6 |
| ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ | 1.7 | 6 |
| **ਕਾਰਗੁਜ਼ਾਰੀ ਲੇਖਾ ਪ੍ਰੀਖਿਆ** | | |
| ਸ਼ਾਸਨ ਸੁਧਾਰ ਅਤੇ ਲੋਕ ਸ਼ਿਕਾਇਤਾਂ ਵਿਭਾਗ | | |
| **ਅਧਿਆਇ-II: ਈ-ਖਰੀਦ ਦੀ ਸੂਚਨਾ ਪ੍ਰਣਾਲੀਆਂ ਦੀ ਲੇਖਾ ਪ੍ਰੀਖਿਆ** | **2.1 ਤੋਂ 2.13** | **9-119** |
| ਸਕੂਲ ਸਿੱਖਿਆ ਵਿਭਾਗ | | |
| **ਅਧਿਆਇ-III: ਪੰਜਾਬ ਵਿੱਚ ਸਕੂਲੀ ਸਿੱਖਿਆ ਦੀ ਗੁਣਵੱਤਾ** | **3.1 ਤੋਂ 3.11** | **121-153** |
| **ਪਾਲਣ ਲੇਖਾ ਪ੍ਰੀਖਿਆ** | | |
| ਜੇਲ੍ਹ ਵਿਭਾਗ | | |
| **ਅਧਿਆਇ-IV: ਜੇਲ੍ਹਾਂ ਵਿੱਚ ਕੈਦੀਆਂ ਲਈ ਬੁਨਿਆਦੀ ਸਹੂਲਤਾਂ** | **4.1 ਤੋਂ 4.12** | **155-187** |
| ਕਿਰਤ ਵਿਭਾਗ | | |
| **ਅਧਿਆਇ-V: ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਕੰਮਕਾਜ** | **5.1 ਤੋਂ 5.16** | **189-224** |
| **ਅਧਿਆਇ-VI: ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ (ਵਿਭਾਗ)** | | |
| ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ (ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ) | | |
| ਫਿਕਸਡ ਚਾਰਜ ਦਾ ਟਾਲਣਯੋਗ ਵਾਧੂ ਭੁਗਤਾਨ | 6.1 | 225 |

| ਵੇਰਵੇ | ਹਵਾਲੇ ਵਿੱਚ | |
|---|---|---|
| | ਪੈਰ੍ਹਾ | ਪੰਨਾ |
| **ਸੂਚਨਾ ਤੇ ਲੋਕ ਸੰਪਰਕ ਅਤੇ ਲੋਕ ਨਿਰਮਾਣ (ਇਮਾਰਤਾਂ ਅਤੇ ਸੜਕਾਂ) ਵਿਭਾਗ** | | |
| ਕੰਮ ਪੂਰਾ ਕਰਨ ਵਿੱਚ ਦੋ ਸਾਲਾਂ ਤੋਂ ਵੱਧ ਦੀ ਦੇਰੀ ਕਾਰਣ ਟਾਲਣਯੋਗ ਖਰਚਾ | 6.2 | 229 |
| **ਲੋਕ ਨਿਰਮਾਣ ਵਿਭਾਗ (ਇਮਾਰਤਾਂ ਅਤੇ ਸੜਕਾਂ)** | | |
| ਬਿਜਲੀ ਬਿਲਾਂ 'ਤੇ ਸਰਚਾਰਜ ਦਾ ਟਾਲਣਯੋਗ ਭੁਗਤਾਨ | 6.3 | 232 |
| **ਜਲ ਸਰੋਤ ਵਿਭਾਗ** | | |
| ਨਹਿਰੀ ਪਾਣੀ ਦੀ ਵਰਤੋਂ ਲਈ ਵਾਟਰ ਸੈੱਸ ਦੀ ਗੈਰ-ਵਸੂਲੀ | 6.4 | 234 |
| ਜ਼ਮੀਨ ਦੇ ਮੁਆਵਜ਼ੇ 'ਤੇ ਵਿਆਜ ਦਾ ਟਾਲਣਯੋਗ ਭੁਗਤਾਨ | 6.5 | 237 |
| ਮੁਆਵਜ਼ੇ ਅਤੇ ਵਿਆਜ ਦਾ ਟਾਲਣਯੋਗ ਭੁਗਤਾਨ | 6.6 | 241 |
| **ਅੰਤਿਕਾਵਾਂ** | | **245-284** |

# ਭੂਮਿਕਾ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਮਾਰਚ 2023 ਨੂੰ ਸਮਾਪਤ ਹੋਏ ਸਮੇਂ ਲਈ ਇਹ ਰਿਪੋਰਟ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਧੀਨ ਪੰਜਾਬ ਦੇ ਰਾਜਪਾਲ ਜੀ ਨੂੰ ਪੇਸ਼ ਕਰਨ ਲਈ ਤਿਆਰ ਕੀਤੀ ਗਈ ਹੈ।

ਰਿਪੋਰਟ ਵਿੱਚ ਪੰਜਾਬ ਸਰਕਾਰ ਦੇ ਵਿਭਾਗਾਂ/ਖੁਦਮੁਖਤਿਆਰ ਸੰਗਠਨਾਂ ਦੀ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਅਤੇ ਪਾਲਣ ਲੇਖਾ ਪ੍ਰੀਖਿਆ ਦੇ ਮਹੱਤਵਪੂਰਨ ਨਤੀਜੇ ਸ਼ਾਮਲ ਹਨ।

ਇਸ ਰਿਪੋਰਟ ਵਿੱਚ ਦਰਸਾਏ ਗਏ ਦ੍ਰਿਸ਼ਟਾਂਤ ਉਹ ਹਨ ਜਿਹੜੇ ਕਿ 2022-23 ਦੇ ਸਮੇਂ ਦੌਰਾਨ ਕੀਤੀ ਗਈ ਨਮੂਨਾ ਲੇਖਾ ਪ੍ਰੀਖਿਆ ਵੇਲੇ ਧਿਆਨ ਵਿੱਚ ਆਏ ਅਤੇ ਇਸਦੇ ਨਾਲ-ਨਾਲ ਉਹ ਜਿਹੜੇ ਕਿ ਪਹਿਲੇ ਸਾਲਾਂ ਦੌਰਾਨ ਧਿਆਨ ਵਿੱਚ ਆਏ ਸਨ, ਪ੍ਰੰਤੂ ਪਿਛਲੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਸ਼ਾਮਲ ਨਹੀਂ ਕੀਤੇ ਜਾ ਸਕੇ; ਅਤੇ ਜਿਥੇ ਕਿਤੇ ਲੋੜ ਸੀ, 2022-23 ਤੋਂ ਬਾਅਦ ਦੇ ਸਮੇਂ ਨਾਲ ਸਬੰਧਤ ਦ੍ਰਿਸ਼ਟਾਂਤ ਵੀ ਸ਼ਾਮਲ ਕੀਤੇ ਗਏ ਹਨ।

ਲੇਖਾ ਪ੍ਰੀਖਿਆ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੁਆਰਾ ਜਾਰੀ ਕੀਤੇ ਗਏ ਲੇਖਾ ਪ੍ਰੀਖਿਆ ਮਿਆਰਾਂ ਦੀ ਅਨੁਕੂਲਤਾ ਵਿੱਚ ਸੰਚਾਲਣ ਕੀਤੀ ਗਈ ਹੈ।

**ਜੇਕਰ ਅਨੁਵਾਦ ਕੀਤੇ ਕਥਨ ਵਿੱਚ ਸੰਦੇਹ ਹੋਵੇ, ਅੰਗਰੇਜੀ ਕਥਨ ਨੂੰ ਪ੍ਰਮਾਣਿਕ ਮੰਨਿਆ ਜਾਵੇ ਜੀ ।**

# ਝਲਕ

## ਝਲਕ

ਇਸ ਰਿਪੋਰਟ ਵਿੱਚ ਦੋ ਕਾਰਗੁਜ਼ਾਰੀ ਲੇਖਾ ਪ੍ਰੀਖਿਆਵਾਂ ਜਿਵੇਂ 'ਈ-ਖਰੀਦ ਦੀ ਸੂਚਨਾ ਪ੍ਰਣਾਲੀਆਂ ਦੀ ਲੇਖਾ ਪ੍ਰੀਖਿਆ' ਅਤੇ 'ਪੰਜਾਬ ਵਿੱਚ ਸਕੂਲੀ ਸਿੱਖਿਆ ਦੀ ਗੁਣਵੱਤਾ'; ਦੋ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆਵਾਂ ਜਿਵੇਂ 'ਜੇਲ੍ਹਾਂ ਵਿੱਚ ਕੈਦੀਆਂ ਲਈ ਬੁਨਿਆਦੀ ਸਹੂਲਤਾਂ' ਅਤੇ 'ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਕੰਮਕਾਜ'; ਅਤੇ ਵਿਭਾਗਾਂ ਦੀ ਪਾਲਣ ਲੇਖਾ ਪ੍ਰੀਖਿਆ ਤੋਂ ਉਤਪੰਨ ਹੋਏ ₹ 209.47 ਕਰੋੜ ਦੇ ਵਿੱਤੀ ਪ੍ਰਭਾਵ ਵਾਲੀਆਂ ਛੇ ਲੇਖਾ ਪ੍ਰੀਖਿਆ ਟਿੱਪਣੀਆਂ ਸ਼ਾਮਲ ਹਨ।

### ਅਧਿਆਇ-I: ਜਨਰਲ

ਸਾਲ 2022-23 ਦੌਰਾਨ ₹ 2,69,206.42 ਕਰੋੜ ਦੇ ਕੁੱਲ ਬਜਟ ਆਊਟਲੇਅ ਦੇ ਵਿਰੁੱਧ ਸਾਧਨਾਂ ਦੀ ਵਰਤੋਂ ₹ 2,86,714.73 ਕਰੋੜ ਸੀ। ਰਾਜ ਦਾ ਕੁੱਲ ਖਰਚਾ[1] 2018-19 ਤੋਂ 2022-23 ਦੀ ਮਿਆਦ ਦੌਰਾਨ ₹ 79,177 ਕਰੋੜ ਤੋਂ 53.72 *ਪ੍ਰਤੀਸ਼ਤ* ਨਾਲ ਵੱਧ ਕੇ ₹ 1,21,710 ਕਰੋੜ ਹੋ ਗਿਆ।

ਰਾਜ ਦਾ ਰੈਵੀਨਿਊ ਖਰਚਾ 2018-19 ਵਿੱਚ ₹ 75,404 ਕਰੋੜ ਤੋਂ 50.74 *ਪ੍ਰਤੀਸ਼ਤ* ਵੱਧ ਕੇ 2022-23 ਵਿੱਚ ₹ 1,13,661 ਕਰੋੜ ਹੋ ਗਿਆ ਅਤੇ ਪੂੰਜੀਗਤ ਖਰਚਾ 2018-19 ਵਿੱਚ ₹ 2,412 ਕਰੋੜ ਤੋਂ 176.41 *ਪ੍ਰਤੀਸ਼ਤ* ਨਾਲ ਵੱਧ ਕੇ 2022-23 ਵਿੱਚ ₹ 6,667 ਕਰੋੜ ਹੋ ਗਿਆ। ਹਾਲਾਂਕਿ ਪਿਛਲੇ ਸਾਲ ਦੇ ਮੁਕਾਬਲੇ ਵਿੱਚ ਰੈਵੀਨਿਊ ਖਰਚਾ 17.62 *ਪ੍ਰਤੀਸ਼ਤ* ਦਾ ਵਧਿਆ, ਜਦੋਂਕਿ ਪੂੰਜੀਗਤ ਖਰਚਾ 16.76 *ਪ੍ਰਤੀਸ਼ਤ* ਘਟਿਆ। 2018-2023 ਦੌਰਾਨ ਰੈਵੀਨਿਊ ਖਰਚਾ ਕੁੱਲ ਖਰਚੇ ਦਾ 80 ਅਤੇ 95 *ਪ੍ਰਤੀਸ਼ਤ* ਦੀ ਰੇਂਜ ਦੇ ਵਿੱਚ ਸੀ ਜਦੋਂਕਿ ਪੂੰਜੀਗਤ ਖਰਚਾ ਤਿੰਨ ਅਤੇ ਅੱਠ *ਪ੍ਰਤੀਸ਼ਤ* ਦੀ ਰੇਂਜ ਵਿੱਚ ਸੀ, ਸਿਵਾਏ ਸਾਲ 2019-20 ਦੇ, ਜਦੋਂ ਇਹ ਉਜਵਲ ਡਿਸਕੋਮ ਐਸ਼ੋਰੈਂਸ ਯੋਜਨਾ (ਯੂ ਡਿ ਏ ਵਾਈ) ਕਰਜ਼ਿਆਂ ਦੀ ₹ 15,628 ਕਰੋੜ ਦੀ ਰਾਸ਼ੀ ਦੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ ਵਿੱਚ ਇਕਿਊਟੀ ਪੂੰਜੀ ਵਿੱਚ ਬਦਲੇ ਜਾਣ ਕਾਰਣ 19 *ਪ੍ਰਤੀਸ਼ਤ* ਸੀ।

2018-19 ਤੋਂ 2022-23 ਦੀ ਮਿਆਦ ਦੌਰਾਨ, ਰੈਵੀਨਿਊ ਖਰਚਾ 13 *ਪ੍ਰਤੀਸ਼ਤ* ਦੀ ਔਸਤ ਸਾਲਾਨਾ ਵਾਧੇ ਦੀ ਦਰ ਨਾਲ ਵਧਿਆ, ਜਦੋਂਕਿ ਰੈਵੀਨਿਊ ਪ੍ਰਾਪਤੀਆਂ 11 *ਪ੍ਰਤੀਸ਼ਤ* ਦੀ ਸਾਲਾਨਾ ਔਸਤਨ ਦਰ ਨਾਲ ਵਧੀਆਂ।

***(ਪੈਰ੍ਹਾ 1.2, ਪੰਨਾ 2)***

ਜੂਨ 2023 ਤੱਕ, ₹ 79,727.63 ਕਰੋੜ ਮੁੱਦਰਾ ਮੁੱਲ ਦੀਆਂ 64,482 ਟਿੱਪਣੀਆਂ ਵਾਲੀਆਂ 17,844 ਨਿਰੀਖਣ ਰਿਪੋਰਟਾਂ (ਮਾਰਚ 2023 ਤੱਕ ਜਾਰੀ ਕੀਤੀਆਂ ਗਈਆਂ) ਬਕਾਇਆ ਸਨ, ਜਿਨ੍ਹਾਂ ਵਿੱਚੋਂ ₹ 22,016.72 ਕਰੋੜ ਮੁੱਦਰਾ ਮੁੱਲ ਦੀਆਂ 33,852 ਟਿੱਪਣੀਆਂ ਵਾਲੀਆਂ 11,518 ਨਿਰੀਖਣ ਰਿਪੋਰਟਾਂ ਅਪ੍ਰੈਲ 2018 ਤੋਂ ਪਹਿਲਾਂ ਦੇ ਸਮੇਂ ਨਾਲ ਸਬੰਧਤ ਸਨ *ਭਾਵ* ਪੰਜ

[1] ਰੈਵੀਨਿਊ ਖਰਚਾ, ਪੂੰਜੀਗਤ ਖਰਚਾ ਅਤੇ ਕਰਜ਼ੇ 'ਤੇ ਪੇਸ਼ਗੀਆਂ ਦਾ ਜੋੜ।

ਸਾਲਾਂ ਤੋਂ ਵੱਧ ਪੁਰਾਣੀਆਂ ਸਨ। ਲੇਖਾ ਪ੍ਰੀਖਿਆ ਟਿੱਪਣੀਆਂ ਦੇ ਵੱਧਦੇ ਬਕਾਏ ਵੱਲ ਲੇਖਾ ਪ੍ਰੀਖਿਆ ਦੁਆਰਾ ਉਠਾਏ ਗਏ ਮੁੱਦਿਆਂ ਨੂੰ ਹੱਲ ਕਰਨ ਲਈ ਸਰਕਾਰ ਦੇ ਤੁਰੰਤ ਧਿਆਨ ਦੇਣ ਦੀ ਲੋੜ ਹੈ।

***(ਪੈਰ੍ਹਾ 1.5, ਪੰਨਾ 4)***

## ਕਾਰਗੁਜ਼ਾਰੀ ਲੇਖਾ ਪ੍ਰੀਖਿਆ

## ਅਧਿਆਇ-II: ਈ-ਖਰੀਦ ਦੀ ਸੂਚਨਾ ਪ੍ਰਣਾਲੀਆਂ ਦੀ ਲੇਖਾ ਪ੍ਰੀਖਿਆ

ਅਪ੍ਰੈਲ 2018 ਤੋਂ ਮਾਰਚ 2023 ਤੱਕ ਦੇ ਪੰਜ ਸਾਲਾਂ ਦੀ ਮਿਆਦ ਨੂੰ ਕਵਰ ਕਰਦੇ ਹੋਏ ਪੰਜਾਬ ਵਿੱਚ 'ਈ-ਖਰੀਦ ਦੀ ਸੂਚਨਾ ਪ੍ਰਣਾਲੀਆਂ ਦੀ ਲੇਖਾ ਪ੍ਰੀਖਿਆ' ਅਗਸਤ 2023 ਅਤੇ ਜੂਨ 2024 ਦੇ ਵਿਚਕਾਰ ਕੀਤੀ ਗਈ ਸੀ ਤਾਂ ਜੋ ਇਹ ਮੁਲਾਂਕਣ ਕੀਤਾ ਜਾ ਸਕੇ ਕਿ ਕੀ ਈ-ਖਰੀਦ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਗਿਆ ਸੀ ਅਤੇ ਇਸਦੀ ਕੁਸ਼ਲਤਾ ਨਾਲ ਵਰਤੋਂ ਕੀਤੀ ਜਾ ਰਹੀ ਸੀ; ਕੀ ਕਾਰੋਬਾਰੀ ਨਿਯਮਾਂ ਨੂੰ ਪ੍ਰਣਾਲੀ ਵਿੱਚ ਢੁਕਵੇਂ ਢੰਗ ਨਾਲ ਮੈਪ ਕੀਤਾ ਗਿਆ ਸੀ; ਕਿ ਪ੍ਰਣਾਲੀ ਵਿੱਚ ਡੇਟਾ ਸੰਪੂਰਨ, ਭਰੋਸੇਯੋਗ ਸੀ ਅਤੇ ਡੇਟਾ ਦੀ ਇਕਸਾਰਤਾ ਬਣਾਈ ਰੱਖੀ ਗਈ ਸੀ; ਅਤੇ ਕੀ ਪ੍ਰਣਾਲੀ ਵਿੱਚ ਢੁਕਵੇਂ ਨਿਯੰਤਰਣ ਬਣਾਏ ਗਏ ਸਨ।

ਜੁਲਾਈ 2010 ਤੋਂ ਦਸੰਬਰ 2016 ਦੀ ਮਿਆਦ ਨੂੰ ਕਵਰ ਕਰਦੇ ਹੋਏ ਲੋਕ ਨਿਰਮਾਣ ਵਿਭਾਗ (ਇਮਾਰਤਾਂ ਅਤੇ ਸੜਕਾਂ) ਵਿੱਚ ਈ-ਖਰੀਦ ਪ੍ਰਣਾਲੀ ਨੂੰ ਲਾਗੂ ਕਰਨ ਦੀ ਸੂਚਨਾ ਪ੍ਰਣਾਲੀ ਲੇਖਾ ਪ੍ਰੀਖਿਆ, 31 ਮਾਰਚ 2017 ਨੂੰ ਸਮਾਪਤ ਹੋਏ ਸਾਲ ਲਈ ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਗੈਰ-ਜਨਤਕ ਖੇਤਰ ਦੇ ਉਪਕ੍ਰਮ) 'ਤੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਸ਼ਾਮਲ ਕੀਤਾ ਗਿਆ ਸੀ। ਮੌਜੂਦਾ ਲੇਖਾ ਪ੍ਰੀਖਿਆ ਵਿੱਚ, ਇਹ ਨੋਟ ਕੀਤਾ ਗਿਆ ਹੈ ਕਿ ਪ੍ਰਬੰਧਨ ਵੱਲੋਂ ਲੋਕ ਲੇਖਾ ਕਮੇਟੀ ਨੂੰ ਭਰੋਸਾ ਦਿੱਤੇ ਜਾਣ ਦੇ ਬਾਵਜੂਦ ਪਿਛਲੀ ਰਿਪੋਰਟਾਂ ਵਿੱਚ ਉਜਾਗਰ ਕੀਤੀਆਂ ਗਈਆਂ ਕਈ ਕਮੀਆਂ ਅਜੇ ਵੀ ਬਰਕਰਾਰ ਹਨ। ਇਨ੍ਹਾਂ ਵਿੱਚ ਸ਼ਾਮਲ ਹਨ: ਐਨ ਆਈ ਸੀ ਨਾਲ ਸੇਵਾ-ਪੱਧਰ ਦੇ ਸਮਝੌਤੇ ਦੀ ਘਾਟ; ਪੋਰਟਲ 'ਤੇ ਤਕਨੀਕੀ ਅਤੇ ਵਿੱਤੀ ਕਮੇਟੀਆਂ ਦੀ ਟੈਂਡਰ ਸਥਿਤੀ ਅਤੇ ਕਾਰਵਾਈਆਂ ਨੂੰ ਅੱਪਡੇਟ ਨਾ ਕਰਨਾ; ਕਾਰੋਬਾਰੀ ਨਿਯਮਾਂ ਦੀ ਗੈਰ-ਮੈਪਿੰਗ; ਮਾਤਰਾ ਦੇ ਬਿਲ ਅਤੇ ਟੈਂਡਰ ਸੰਖੇਪ ਰਿਪੋਰਟ ਦੇ ਮੁੱਲਾਂ ਵਿੱਚ ਇਕਸਾਰਤਾ ਦੀ ਕਮੀ; ਪ੍ਰਣਾਲੀ ਦੁਆਰਾ ਤਿਆਰ ਕੀਤੇ ਗਏ ਨੰਬਰਾਂ ਵਿੱਚ ਪਾੜੇ; ਡਿਜੀਟਲ ਦਸਤਖਤ ਸਰਟੀਫਿਕੇਟ ਦੀ ਵਰਤੋਂ ਦੇ ਸੰਬੰਧੀ ਕਮੀਆਂ; ਡਿਊਟੀਆਂ ਅਤੇ ਉਪਭੋਗਤਾ ਦੀ ਪਹੁੰਚ ਨੂੰ ਵੱਖ ਕਰਨਾ; ਸਾਂਝੇ ਈ-ਮੇਲ ਆਈ ਡੀ ਅਤੇ ਮੋਬਾਇਲ ਨੰਬਰਾਂ ਦੀ ਵਰਤੋਂ ਕਰਨ ਵਾਲੇ ਬੋਲੀਦਾਤਾ; ਕਾਰੋਬਾਰ ਨਿਰੰਤਰਤਾ ਯੋਜਨਾ, ਆਫ਼ਤ ਰਿਕਵਰੀ ਯੋਜਨਾ ਅਤੇ ਆਈ ਟੀ ਸੁਰੱਖਿਆ; ਅਤੇ ਵਿਭਾਗ ਅਤੇ ਬੋਲੀਦਾਤਾਵਾਂ ਦੁਆਰਾ ਅਪਲੋਡ ਕੀਤੇ ਦਸਤਾਵੇਜ਼ਾਂ 'ਤੇ ਡਿਜੀਟਲ ਦਸਤਖਤ ਸਟੈਂਪ ਦੀ ਗੈਰ-ਰਿਕਾਰਡਿੰਗ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਜੀ ਈ ਪੀ ਐਨ ਆਈ ਸੀ ਦੇ ਵਿਕਾਸ ਅਤੇ ਰੱਖ-ਰਖਾਅ ਲਈ ਐਨ ਆਈ ਸੀ ਨਾਲ ਸੇਵਾ-ਪੱਧਰੀ ਸਮਝੌਤੇ ਦੀ ਘਾਟ ਦੇ ਨਤੀਜੇ ਵਜੋਂ ਅਸਪਸ਼ਟ ਭੂਮਿਕਾਵਾਂ ਅਤੇ

ਜ਼ਿੰਮੇਵਾਰੀਆਂ ਪੈਦਾ ਹੋਈਆਂ, ਜਿਸ ਨਾਲ ਪੋਰਟਲ ਨੂੰ ਸੋਧਣ ਅਤੇ ਭੁਗਤਾਨ ਗੇਟਵੇ ਦੇ ਮੁੱਦਿਆਂ ਨੂੰ ਹੱਲ ਕਰਨ ਵਿੱਚ ਦੇਰੀ ਹੋਈ। ਇਸ ਤੋਂ ਇਲਾਵਾ, ਡਾਇਰੈਕਟੋਰੇਟ ਆਫ਼ ਪ੍ਰੋਕਿਓਰਮੈਂਟ ਪਾਲਿਸੀ ਅਤੇ ਇਨਫੋਰਸਮੈਂਟ (ਡੀ ਪੀ ਪੀ ਈ) ਨੂੰ ਪੀ ਟੀ ਪੀ ਪੀ ਐਕਟ ਦੁਆਰਾ ਲੋੜ ਅਨੁਸਾਰ ਕਾਰਜਸ਼ੀਲ ਨਹੀਂ ਬਣਾਇਆ ਗਿਆ ਸੀ, ਜਿਸ ਨਾਲ ਜੀ ਈ ਪੀ ਐਨ ਆਈ ਸੀ ਪ੍ਰਣਾਲੀ ਦੀ ਪ੍ਰਭਾਵਸ਼ਾਲੀ ਵਰਤੋਂ ਵਿੱਚ ਰੁਕਾਵਟ ਆਈ।

ਲੇਖਾ ਪ੍ਰੀਖਿਆ ਨੇ ਪ੍ਰਣਾਲੀ ਵਿੱਚ ਉਪਲੱਬਧ ਕਾਰਜਸ਼ੀਲਤਾਵਾਂ ਦੀ ਸਮੀਖਿਆ ਕੀਤੀ ਅਤੇ ਵੇਖਿਆ ਕਿ ਪ੍ਰਣਾਲੀ ਡਿਜ਼ਾਇਨ ਵਿੱਚ ਗੰਭੀਰ ਮੁੱਦੇ ਸਨ ਜਿਵੇਂ ਕਿ:

- ਟੈਂਡਰ ਮੁਲਾਂਕਣ (ਤਕਨੀਕੀ ਅਤੇ ਵਿੱਤੀ ਦੋਵੇਂ), ਵਿਕਰੇਤਾ ਗੱਲਬਾਤ ਅਤੇ ਠੇਕੇ ਦੇ ਅਵਾਰਡ ਅਜੇ ਵੀ ਮੈਨੂਅਲੀ ਕੀਤੇ ਜਾਂਦੇ ਸਨ ਜੋ ਕਿ ਪ੍ਰਕਿਰਿਆ ਵਿੱਚ ਮਨੁੱਖੀ ਦਖਲਅੰਦਾਜ਼ੀ ਨੂੰ ਘਟਾਉਣ ਦੇ ਉਦੇਸ਼ ਨੂੰ ਕਮਜ਼ੋਰ ਕਰਦੇ ਸਨ।
- ਬਲੈਕਲਿਸਟ ਵਿੱਚ ਸ਼ਾਮਲ ਵਿਕਰੇਤਾਵਾਂ ਦੇ ਰਿਕਾਰਡ ਰੱਖਣ ਵਾਲੇ ਹੋਰ ਪੋਰਟਲਾਂ ਨਾਲ ਏਕੀਕਰਣ ਦੀ ਘਾਟ ਕਾਰਣ, ਜੀ ਈ ਪੀ ਐਨ ਆਈ ਸੀ ਨੇ ਅਜਿਹੇ ਵਿਕਰੇਤਾਵਾਂ (ਟੈਂਡਰ ਜਾਰੀ ਕਰਨ ਵਾਲੇ ਤੋਂ ਇਲਾਵਾ ਹੋਰ ਵਿਭਾਗਾਂ ਦੁਆਰਾ ਬਲੈਕਲਿਸਟ ਕੀਤੇ ਗਏ ਵਿਕਰੇਤਾਵਾਂ ਸਮੇਤ) ਨੂੰ ਟੈਂਡਰਾਂ ਵਿੱਚ ਭਾਗ ਲੈਣ ਤੋਂ ਰੋਕਣ ਲਈ ਕਾਰਜਸ਼ੀਲਤਾ ਨੂੰ ਲਾਗੂ ਨਹੀਂ ਕੀਤਾ ਸੀ।

ਵਿਭਾਗੀ ਉਪਭੋਗਤਾਵਾਂ ਅਤੇ ਬੋਲੀਦਾਤਾਵਾਂ ਨੂੰ ਈ-ਖਰੀਦ ਬਾਰੇ ਉਚਿਤ ਸਿਖਲਾਈ ਨਹੀਂ ਦਿੱਤੀ ਗਈ ਸੀ ਜਾਂ ਜਾਗਰੂਕ ਨਹੀਂ ਕੀਤਾ ਗਿਆ ਸੀ। ਪ੍ਰਮੁੱਖ ਕਾਰੋਬਾਰੀ ਨਿਯਮ, ਜਿਵੇਂ ਕਿ ਬੋਲੀਆਂ ਜਮ੍ਹਾਂ ਕਰਨ ਲਈ ਘੱਟੋ ਘੱਟ ਮਿਆਦ, ਸਿੰਗਲ ਬੋਲੀਦਾਤਾਵਾਂ ਨੂੰ ਠੇਕੇ ਦੇ ਅਵਾਰਡਾਂ ਨੂੰ ਰੋਕਣ ਲਈ ਨਿਯੰਤਰਣ, ਖਰੀਦ ਸਮਾਂ-ਸੀਮਾ ਦੀ ਨਿਗਰਾਨੀ, ਈ ਐਮ ਡੀ ਛੋਟਾਂ, ਆਦਿ ਨੂੰ ਪ੍ਰਣਾਲੀ ਵਿੱਚ ਪੂਰੀ ਤਰ੍ਹਾਂ ਸ਼ਾਮਲ ਨਹੀਂ ਕੀਤਾ ਗਿਆ ਸੀ। ਉਪਭੋਗਤਾ ਦਾਖਲੇ ਦੌਰਾਨ ਕੋਈ ਪ੍ਰਮਾਣਿਕਤਾ ਨਿਯੰਤਰਣ ਨਹੀਂ ਸਨ।

ਸਮੇਂ ਸਮੇਂ ਤੇ ਮਿਲਾਨ ਨਾ ਹੋਣ ਕਾਰਣ ਜੀ ਈ ਪੀ ਐਨ ਆਈ ਸੀ ਲੈਣ-ਦੇਣ ਅਤੇ ਪੂਲਿੰਗ ਬੈਂਕ ਖਾਤੇ ਵਿਚਾਲੇ ₹ 135.64 ਕਰੋੜ ਦਾ ਅੰਤਰ ਆ ਗਿਆ, ਜਿਸ ਨਾਲ ਵਿੱਤੀ ਜੋਖਮ ਪੈਦਾ ਹੋ ਗਏ। ਇਸ ਤੋਂ ਇਲਾਵਾ, ਨੋਡਲ ਵਿਭਾਗ ਵੱਲੋਂ ਪੂਲਿੰਗ ਖਾਤੇ ਤੋਂ ਮਿਆਦੀ ਜਮ੍ਹਾਂ ਬਣਾਉਣ ਦੇ ਫੈਸਲੇ ਨਾਲ ਫੰਡਾਂ ਦੇ ਘੱਟ ਬਕਾਏ ਕਾਰਣ 173 ਲੈਣ-ਦੇਣ (₹ 1.36 ਕਰੋੜ ਦੇ ਮੁੱਲ) ਦੇ ਰਿਫੰਡਾਂ 'ਤੇ ਅਸਰ ਪਿਆ। 31 ਮਾਰਚ 2023 ਤੱਕ, 2018-2023 ਦੌਰਾਨ ਪ੍ਰਕਾਸ਼ਿਤ ਟੈਡਰਾਂ ਲਈ ₹ 54.95 ਕਰੋੜ ਦੀ ਬਿਆਨਾ ਜਮ੍ਹਾਂ ਰਾਸ਼ੀ, ਟੈਂਡਰ ਫੀਸ ਅਤੇ ਪ੍ਰੋਸੈਸਿੰਗ ਫੀਸ ਦਾ ਨਿਪਟਾਰਾ ਨਹੀਂ ਕੀਤਾ ਗਿਆ ਸੀ, ਜਿਨ੍ਹਾਂ ਵਿੱਚੋਂ 61 *ਪ੍ਰਤੀਸ਼ਤ* ਟੈਂਡਰ ਦੋ ਸਾਲ ਤੋਂ ਪਹਿਲਾਂ ਪ੍ਰਕਾਸ਼ਿਤ ਕੀਤੇ ਗਏ ਸਨ। ਜੀ ਈ ਪੀ ਐਨ ਆਈ ਸੀ ਵਿੱਚ ਅਸਫਲ ਲੈਣ-ਦੇਣ ਦੀ ਨਿਗਰਾਨੀ ਕਰਨ ਅਤੇ ਪੈਰ੍ਹਵੀ ਕਰਨ ਲਈ ਇੱਕ ਟਰੈਕਿੰਗ ਪ੍ਰਣਾਲੀ ਦੀ ਘਾਟ ਸੀ।

ਲੇਖਾ ਪ੍ਰੀਖਿਆ ਨੇ ਕਈ ਹੋਰ ਗੰਭੀਰ ਪ੍ਰਣਾਲੀ ਡਿਜ਼ਾਈਨ ਕਮੀਆਂ ਨੂੰ ਦੇਖਿਆ, ਜਿਸ ਵਿੱਚ ਬੋਲੀ ਡਿਕ੍ਰਿਪਸ਼ਨ ਅਸਫਲਤਾਵਾਂ ਅਤੇ ਬੀ ਓ ਕੀਊ ਫਾਰਮੈਟਾਂ ਵਿੱਚ ਬੇਮੇਲੀਆਂ ਦੇ ਮੁੱਦੇ ਸ਼ਾਮਲ ਹਨ, ਜੋ ਦਰਸਾਉਂਦੇ ਹਨ ਕਿ ਬੋਲੀਦਾਤਾ ਟੈਂਪਲੇਟਾਂ ਨੂੰ ਸੋਧ ਸਕਦੇ ਸਨ। ਪ੍ਰਬੰਧਨ ਸੂਚਨਾ ਪ੍ਰਣਾਲੀ (ਐਮ ਆਈ ਐਸ) ਰਿਪੋਰਟਾਂ ਤੱਕ ਅਨਿਯਮਿਤ ਪਹੁੰਚ, ਵਿਲੱਖਣ ਪੈਨ, ਈ ਮੇਲ ਆਈ ਡੀ ਅਤੇ ਮੋਬਾਈਲ ਨੰਬਰਾਂ ਨੂੰ ਯਕੀਨੀ ਬਣਾਏ ਬਿਨਾਂ ਕਈ ਉਪਭੋਗਤਾ ਪਛਾਂਣਾ ਬਣਾਉਣ ਅਤੇ ਵਿਭਾਗੀ ਉਪਭੋਗਤਾਵਾਂ ਲਈ ਵੱਖ-ਵੱਖ ਤਾਰੀਖਾਂ ਤੇ ਬੋਲੀ ਦਸਤਾਵੇਜ਼ਾਂ ਨੂੰ ਡਿਕ੍ਰਿਪਟ ਕਰਨ ਦੀ ਯੋਗਤਾ ਬਾਰੇ ਵੀ ਚਿੰਤਾਵਾਂ ਸਨ। ਇਸ ਤੋਂ ਇਲਾਵਾ, ਸਿਸਟਮ ਨੇ ਉਪਭੋਗਤਾ-ਪਰਿਭਾਸ਼ਿਤ ਟੈਂਪਲੇਟਾਂ ਦੀ ਆਗਿਆ ਦਿੱਤੀ, ਜਿਸ ਨੇ ਬੀ ਓ ਕੀਊ ਤੁਲਨਾਤਮਕ ਚਾਰਟਾਂ ਦੀ ਸਵੈ-ਚਾਲਿਤ ਪਾਪੂਲੇਸ਼ਨ ਨੂੰ ਰੋਕਿਆ, ਜਿਸ ਨਾਲ ਮੈਨੂਅਲ ਦਖਲਅੰਦਾਜ਼ੀ ਤੋਂ ਬੇਲੋੜੇ ਜੋਖਮ ਪੈਦਾ ਹੋਏ।

ਉਪਰੋਕਤ ਵਿਸੰਗਤੀਆਂ ਡਾਟੇ ਦੀ ਗੁਪਤਤਾ ਅਤੇ ਈ-ਖਰੀਦ ਪ੍ਰਣਾਲੀ ਦੀ ਅਖੰਡਤਾਂ ਬਾਰੇ ਗੰਭੀਰ ਚਿੰਤਾਵਾਂ ਪੈਦਾ ਕਰਦੀਆਂ ਹਨ।

ਇਸ ਤੋਂ ਇਲਾਵਾ, ਡਿਜੀਟਲ ਦਸਤਖਤ ਸਰਟੀਫਿਕੇਟ (ਡੀ ਐਸ ਸੀ) ਦੀ ਮੈਪਿੰਗ ਵਿੱਚ ਪ੍ਰਮਾਣਿਕਤਾ ਦੀ ਘਾਟ, ਸਾਰੇ ਦਸਤਾਵੇਜ਼ਾਂ ਵਿੱਚ ਡਿਜੀਟਲ ਦਸਤਖਤ ਦੀ ਉਪਲੱਬਧਤਾ ਨਾ ਹੋਣਾ, ਟੈਂਡਰ ਰੱਦ ਕਰਨ ਦੌਰਾਨ ਰਿਕਾਰਡਾਂ ਦਾ ਗੁੰਮ ਹੋਣਾ ਆਦਿ ਨੇ ਪ੍ਰਣਾਲੀ ਦੀ ਸੁਰੱਖਿਆ, ਅਖੰਡਤਾ ਅਤੇ ਭਰੋਸੇਯੋਗਤਾ ਨੂੰ ਪ੍ਰਭਾਵਿਤ ਕੀਤਾ। ਅਸਫਲ ਲੈਣ-ਦੇਣ ਲਈ ਲੱਗਜ਼ ਦੀ ਘਾਟ, ਜੋ ਆਲੋਚਨਾਤਮਕ ਟੇਬਲਾਂ ਵਿੱਚ ਪ੍ਰਾਇਮਰੀ ਕੁੰਜੀਆਂ ਵਜੋਂ ਕੰਮ ਕਰਦੀ ਹੈ, ਇੱਕ ਨਿਯੰਤਰਣ ਦੀ ਘਾਟ ਸੀ ਜਿਸਦੇ ਨਤੀਜੇ ਵਜੋਂ ਪ੍ਰਣਾਲੀ ਦੇ ਉਪਭੋਗਤਾਵਾਂ ਲਈ ਜਵਾਬਦੇਹੀ ਦੀ ਅਣਹੋਂਦ ਸੀ। ਡੀ ਐਸ ਸੀ ਦੀਆਂ ਗੈਰ-ਰੱਦ ਕਰਨ ਵਾਲੀਆਂ ਵਿਸ਼ੇਸ਼ਤਾਵਾਂ ਨਾਲ ਸਮਝੌਤਾ ਕੀਤਾ ਗਿਆ ਸੀ ਕਿਉਂਕਿ ਨਿਯੰਤਰਣਾਂ ਦੀ ਘਾਟ ਕਾਰਣ ਇਸਦੀ ਵਰਤੋਂ ਨੂੰ ਵਿਸ਼ੇਸ਼ ਤੌਰ ਤੇ ਅਧਿਕਾਰਤ ਧਾਰਕ ਤੱਕ ਸੀਮਤ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਉਪਭੋਗਤਾ ਪ੍ਰੋਫਾਈਲਾਂ ਵਿੱਚ ਉਪਭੋਗਤਾ ਨਾਮ ਵਿੱਚ ਤਬਦੀਲੀਆਂ ਨੂੰ ਰੋਕਣ ਵਿੱਚ ਪ੍ਰਣਾਲੀ ਦੀ ਅਸਮਰੱਥਾ ਨੇ ਇਤਿਹਾਸਕ ਡੇਟਾ ਵਿੱਚ ਸੋਧਾਂ ਦੇ ਬੇਲੋੜੇ ਜੋਖਮ ਪੈਦਾ ਕੀਤੇ।

ਲੇਖਾ ਪ੍ਰੀਖਿਆ ਵਿੱਚ ਵਿਭਾਗ ਦੇ ਆਪਣੇ ਆਈ ਪੀ ਪਤੇ ਤੋਂ ਬੋਲੀਆਂ ਜਮ੍ਹਾਂ ਕਰਨ ਦੇ ਮਾਮਲੇ ਦੇਖੇ ਗਏ, ਜੋ ਕਿ ਵਿਭਾਗੀ ਕਰਮਚਾਰੀਆਂ ਅਤੇ ਬੋਲੀਦਾਤਾਵਾਂ ਵਿੱਚਕਾਰ ਮਿਲੀਭੁਗਤ ਦੇ ਸੰਭਾਵੀ ਜੋਖਮ ਨੂੰ ਦਰਸਾਉਂਦਾ ਹੈ। ਇਸ ਤੋਂ ਇਲਾਵਾ, 1.36 ਲੱਖ ਟੈਂਡਰਾਂ ਵਿੱਚੋਂ 0.41 ਲੱਖ ਵਿੱਚ ਜਿਨ੍ਹਾਂ ਨੂੰ ਵੈਧ ਬੋਲੀਆਂ ਪ੍ਰਾਪਤ ਹੋਈਆਂ, ਦੋ ਤੋਂ 74 ਬੋਲੀਆਂ ਉਸ ਹੀ ਆਈ ਪੀ ਪਤੇ ਤੋਂ ਉਸ ਹੀ ਟੈਂਡਰ ਲਈ ਜਮ੍ਹਾਂ ਕੀਤੀਆਂ ਪਾਈਆਂ ਗਈਆਂ।

ਨੋਡਲ ਵਿਭਾਗ ਕੋਲ ਆਪਣੀ ਕਾਰੋਬਾਰ ਨਿਰੰਤਰਤਾ ਯੋਜਨਾ (ਬੀ ਸੀ ਪੀ) ਅਤੇ ਆਫਤ ਰਿਕਵਰੀ ਯੋਜਨਾ (ਡੀ ਆਰ ਪੀ) ਨਹੀਂ ਸੀ ਅਤੇ ਉਹ ਪੂਰੀ ਤਰ੍ਹਾਂ ਐਨ ਆਈ ਸੀ ਤੇ ਨਿਰਭਰ ਸੀ। ਇਸ ਨੇ ਨਾ ਤਾਂ ਹਾਰਡਵੇਅਰ, ਸਾੱਫਟਵੇਅਰ, ਕਰਮਚਾਰੀਆਂ, ਆਦਿ ਵਰਗੀਆਂ ਆਪਣੀਆਂ ਪ੍ਰਮੁੱਖ ਜਾਇਦਾਦਾਂ ਦੀ ਪਛਾਣ ਕੀਤੀ ਸੀ ਅਤੇ ਨਾ ਹੀ ਦਸਤਾਵੇਜ਼ ਤਿਆਰ ਕੀਤੇ ਸਨ ਅਤੇ ਨਾ ਹੀ ਵਿਰਾਸਤੀ ਡੇਟਾ ਨੂੰ ਬਰਕਰਾਰ ਰੱਖਣ ਲਈ ਕੋਈ ਪੁਰਾਲੇਖ ਨੀਤੀ ਸੀ। ਇਸ ਤੋਂ ਇਲਾਵਾ, ਅੰਦਰੂਨੀ ਲੇਖਾ ਪ੍ਰੀਖਿਆ

ਮਾਡਿਊਲ ਅਤੇ ਸ਼ਿਕਾਇਤ ਨਿਗਰਾਨੀ ਪ੍ਰਣਾਲੀ ਦੀ ਅਣਹੋਂਦ ਨੇ ਪ੍ਰਭਾਵਸ਼ਾਲੀ ਪ੍ਰਬੰਧਨ ਫੈਸਲਿਆਂ ਅਤੇ ਸੁਧਾਰਾਂ ਵਿੱਚ ਰੁਕਾਵਟ ਪਾਈ।

**ਮਹੱਤਵਪੂਰਨ ਸਿਫਾਰਸ਼ਾਂ**

ਰਾਜ ਸਰਕਾਰ ਇਹ ਯਕੀਨੀ ਬਣਾ ਸਕਦੀ ਹੈ ਕਿ:

*(i)* *ਐਨ ਆਈ ਸੀ ਨਾਲ ਇੱਕ ਸਹਿਮਤੀ ਪੱਤਰ (ਐਮ ਓ ਯੂ) ਅਤੇ ਸੇਵਾ ਪਧੱਰ ਸਮਝੌਤਾ (ਐਸ ਐਲ ਏ) ਸਥਾਪਤ ਕੀਤਾ ਗਿਆ ਹੈ ਜੋ ਸਾਰੇ ਹਿੱਤਧਾਰਕਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ, ਪੜਾਅ-ਵਾਰ ਸਮਾਂ-ਸੀਮਾਂ (ਜੇ ਜ਼ਰੂਰੀ ਹੋਵੇ ਤਾਂ ਵਿਸਥਾਰ ਲਈ ਪ੍ਰਬੰਧਾਂ ਦੇ ਨਾਲ), ਪ੍ਰੋਜੈਕਟ ਲਾਗਤ ਅਤੇ ਹੋਰ ਜ਼ਰੂਰੀ ਧਾਰਾਵਾਂ ਨੂੰ ਸਪੱਸ਼ਟ ਤੌਰ ਤੇ ਪਰਿਭਾਸ਼ਿਤ ਕਰਦਾ ਹੈ ਤਾਂ ਜੋ ਈ-ਖਰੀਦ ਪ੍ਰਣਾਲੀ ਦੇ ਨਿਰਵਿਘਨ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ;*

*(ii)* *ਡੀ ਪੀ ਪੀ ਈ ਨੂੰ ਕਾਰਜਸ਼ੀਲ ਬਣਾਇਆ ਗਿਆ ਹੈ ਅਤੇ ਪਾਲਣਾ ਅਤੇ ਸੰਚਾਲਨ ਕੁਸ਼ਲਤਾ ਨੂੰ ਯਕੀਨੀ ਬਣਾਉਣ ਲਈ ਜੀ ਈ ਪੀ ਐਨ ਆਈ ਸੀ ਦੇ ਲਾਗੂ ਕਰਨ ਅਤੇ ਵਰਤੋਂ ਦੀ ਸਰਗਰਮੀ ਨਾਲ ਨਿਗਰਾਨੀ ਕੀਤੀ ਜਾਂਦੀ ਹੈ;*

*(iii)* *ਟੈਂਡਰ ਪੜਾਵਾਂ ਹਰੇਕ ਪੜਾਅ ਦੇ ਪੂਰਾ ਹੋਣ ਤੋਂ ਬਾਅਦ ਪੋਰਟਲ ਤੇ ਆਪਣੇ ਆਪ ਅਪਡੇਟ ਕੀਤੇ ਜਾਂਦੇ ਹਨ, ਇਸ ਤੋਂ ਇਲਾਵਾ ਬੋਲੀਦਾਤਾ ਯੋਗਤਾ ਮਾਪਦੰਡਾਂ ਨੂੰ ਲਾਗੂ ਕਰਨ ਲਈ ਪ੍ਰਣਾਲੀ ਦੇ ਅੰਦਰ ਮਜ਼ਬੂਤ ਐਪਲੀਕੇਸ਼ਨ ਨਿਯੰਤਰਣ ਲਾਗੂ ਕੀਤੇ ਜਾਂਦੇ ਹਨ, ਇਹ ਯਕੀਨੀ ਬਣਾਉਣਾ ਕਿ ਟੈਂਡਰ ਮੁਲਾਂਕਣ, ਗੱਲਬਾਤ ਅਤੇ ਠੇਕੇ ਦੇ ਅਵਾਰਡ ਵਰਗੀਆਂ ਪ੍ਰਮੁੱਖ ਕਾਰੋਬਾਰੀ ਪ੍ਰਕਿਰਿਆਵਾਂ ਪੂਰੀ ਤਰ੍ਹਾਂ ਸਵੈਚਾਲਿਤ ਹਨ, ਜਿਸ ਨਾਲ ਮੈਨੂਅਲ ਦਖਲ ਅੰਦਾਜ਼ੀ ਦੀ ਜ਼ਰੂਰਤ ਘੱਟ ਜਾਂਦੇ ਹੈ;*

*(iv)* *ਬਲੈਕਲਿਸਟ ਵਾਲੇ ਬੋਲੀਦਾਤਾਵਾਂ ਲਈ ਐਸ ਓ ਪੀ ਵਿਕਸਤ ਕੀਤੀ ਗਈ ਹੈ, ਅਤੇ ਬਲੈਕਲਿਸਟ ਕੀਤੇ ਗਏ ਵਿਕਰੇਤਾਵਾਂ ਦੇ ਅੱਪਡੇਟ ਕੀਤੇ ਰਿਕਾਰਡਾਂ ਨੂੰ ਬਣਾਈ ਰੱਖਣ ਅਤੇ ਸਾਂਝਾ ਕਰਨ ਲਈ ਹੋਰ ਪ੍ਰਣਾਲੀਆਂ/ਸੰਬੰਧਿਤ ਪੋਰਟਲਾਂ ਨਾਲ ਏਕੀਕ੍ਰਿਤ ਕੀਤਾ ਗਿਆ ਹੈ;*

*(v)* *ਵੱਖ ਵੱਖ ਹਿੱਤਧਾਰਕਾਂ ਨੂੰ ਪੋਰਟਲ ਦੀ ਪੂਰੀ ਤਰ੍ਹਾਂ ਵਰਤੋਂ ਕਰਨ ਲਈ ਉਚਿਤ ਸਿਖਲਾਈ ਦਿੱਤੀ ਜਾ ਸਕੇ ਜਿਸ ਨਾਲ ਈ-ਖਰੀਦ ਪ੍ਰਣਾਲੀ ਦੀ ਸਰਵੋਤਮ ਵਰਤੋਂ ਨੂੰ ਯਕੀਨੀ ਬਣਾਇਆ ਜਾ ਸਕੇ;*

*(vi)* *ਜੀ ਈ ਪੀ ਐਨ ਆਈ ਸੀ ਦੇ ਅੰਦਰ ਨਿਰਧਾਰਤ ਸਮਾਂ ਸੀਮਾਵਾਂ ਦੀ ਮੈਪਿੰਗ ਕਰਕੇ, ਹਰੇਕ ਪੜਾਅ 'ਤੇ ਦੇਰੀ ਨੂੰ ਦਰਸਾ ਕੇ ਸਿੰਗਲ ਬੋਲੀਦਾਤਾ ਠੇਕੇ ਦੇ ਅਵਾਰਡਾਂ ਨੂੰ ਰੋਕ ਕੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਕੰਟਰੈਕਟ ਬੋਲੀ ਦੀ ਯੋਗਤਾ ਮਿਆਦ ਦੇ ਅੰਦਰ ਦਿੱਤੇ ਜਾਂਦੇ ਹਨ;*

*(vii)* *ਜੀ ਈ ਪੀ ਐਨ ਆਈ ਸੀ ਅਤੇ ਬੈਂਕਿੰਗ ਲੈਣ-ਦੇਣ ਵਿਚਕਾਰ ਨਿਯਮਤ ਮੇਲ-ਮਿਲਾਪ ਲਈ ਇੱਕ ਪ੍ਰਣਾਲੀ ਸਥਾਪਤ ਕੀਤੀ ਜਾਵੇ, ਜੋ ਅਸਫਲ ਰਿਫੰਡ ਲੈਣ-ਦੇਣ ਤੋਂ ਬਚਣ ਲਈ ਉਚਿਤ ਪਾਰਦਰਸ਼ਤਾ ਨੂੰ ਯਕੀਨੀ ਬਣਾਏ;*

*(viii)* *ਆਈਟਮ-ਵਿਸ਼ੇਸ਼ ਈ ਐਮ ਡੀ ਨੂੰ ਕੈਪਚਰ ਕਰਨ ਲਈ ਲੋੜੀਂਦੇ ਨਿਯੰਤਰਣ ਲਾਗੂ ਕੀਤੇ ਜਾਣ ਅਤੇ ਦਿੱਤੀਆਂ ਗਈਆਂ ਛੋਟਾਂ, ਜੇ ਕੋਈ ਹਨ, ਨੂੰ ਸਹੀ ਢੰਗ ਨਾਲ ਰਿਕਾਰਡ ਕੀਤਾ ਜਾਵੇ, ਇਸ ਤੋਂ ਇਲਾਵਾ ਬਕਾਇਆ ਫੀਸਾਂ ਦੇ ਨਿਪਟਾਰੇ ਨੂੰ ਤਰਜੀਹ ਦਿੱਤੀ ਜਾਵੇ ਅਤੇ ਅਸਫਲ ਲੈਣ-ਦੇਣ ਨੂੰ ਟਰੈਕ ਕਰਨ ਲਈ ਨਿਯੰਤਰਣ ਲਾਗੂ ਕੀਤੇ ਜਾਣ;*

*(ix)* *ਜੀ ਈ ਪੀ ਐਨ ਆਈ ਸੀ ਪਲੇਟਫਾਰਮ ਦੇ ਅੰਦਰ ਗੁਣਵੱਤਾ ਅਤੇ ਲਚਕਦਾਰ ਟੈਂਪਲੇਟ ਪੇਸ਼ ਕੀਤੇ ਜਾਣ, ਤਾਂ ਜੋ ਮੁਲਾਂਕਣ ਪ੍ਰਕਿਰਿਆ ਨੂੰ ਸੁਚਾਰੂ ਬਣਾਇਆ ਜਾ ਸਕੇ, ਇਸ ਤੋਂ ਇਲਾਵਾ ਮੈਨੂਅਲ ਦਖਲਅੰਦਾਜ਼ੀ ਨੂੰ ਘਟਾਇਆ ਜਾ ਸਕੇ ਅਤੇ ਬੀ ਓ ਕਿਊ ਤੁਲਨਾਤਮਕ ਵਿਸ਼ਲੇਸ਼ਣ ਦੀ ਸ਼ੁੱਧਤਾ ਨੂੰ ਬਿਹਤਰ ਬਣਾਇਆ ਜਾ ਸਕੇ;*

*(x)* *ਇਤਿਹਾਸਕ ਡਾਟਾ ਵਿੱਚ ਸੋਧ ਨੂੰ ਰੋਕਣ ਲਈ ਪ੍ਰੋਫਾਈਲ ਨਾਂਅ ਅੱਪਡੇਟ ਨੂੰ ਸੀਮਤ ਕੀਤਾ ਜਾਵੇ ਅਤੇ ਇੱਕੋ ਖਰੀਦ ਇਕਾਈ ਦੇ ਅੰਦਰ ਕਈ ਉਪਭੋਗਤਾਵਾਂ ਨੂੰ ਇੱਕੋ ਭੂਮਿਕਾਂ ਸੌਂਪਣ ਤੋਂ ਰੋਕਿਆ ਜਾਵੇ;*

*(xi)* *ਵਿਆਪਕ ਕਾਰੋਬਾਰ ਨਿਰੰਤਰਤਾ ਅਤੇ ਆਫ਼ਤ ਰਿਕਵਰੀ ਯੋਜਨਾਵਾਂ ਸਥਾਪਤ ਕੀਤੀਆਂ ਗਈਆਂ ਹਨ ਜਿਸ ਵਿੱਚ ਤਕਨਾਲੋਜੀ, ਬੁਨਿਆਦੀ ਢਾਂਚੇ, ਕਰਮਚਾਰੀਆਂ ਅਤੇ ਕਾਰੋਬਾਰੀ ਪ੍ਰਕਿਰਿਆਵਾਂ ਵਿੱਚ ਤਬਦੀਲੀਆਂ ਨੂੰ ਦਰਸਾਉਣ ਲਈ ਨਿਯਮਤ ਸਮੀਖਿਆ ਅਤੇ ਅਪਡੇਟਾਂ ਦੀ ਪ੍ਰਕਿਰਿਆ ਕੀਤੀ ਜਾਵੇ; ਅਤੇ*

*(xii)* *ਸੇਵਾ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਅਤੇ ਨਿਰੰਤਰ ਪ੍ਰਣਾਲੀ ਸੁਧਾਰਾਂ ਨੂੰ ਸਮਰੱਥ ਕਰਨ ਲਈ ਸ਼ਿਕਾਇਤ ਨਿਗਰਾਨੀ ਪ੍ਰਣਾਲੀ ਦੇ ਨਾਲ ਇੱਕ ਅੰਦਰੂਨੀ ਲੇਖਾ ਪ੍ਰੀਖਿਆ ਮਾਡਿਊਲ ਪੇਸ਼ ਕੀਤਾ ਜਾਵੇ।*

## ਅਧਿਆਇ-III: ਪੰਜਾਬ ਵਿੱਚ ਸਕੂਲੀ ਸਿੱਖਿਆ ਦੀ ਗੁਣਵੱਤਾ

2018-19 ਤੋਂ 2022-23 ਤੱਕ ਦੀ ਮਿਆਦ ਨੂੰ ਕਵਰ ਕਰਨ ਵਾਲੀ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਵਿੱਚ ਪੰਜਾਬ ਵਿੱਚ ਸਕੂਲੀ ਸਿੱਖਿਆ ਦੀ ਪ੍ਰਭਾਵਸ਼ੀਲਤਾ ਅਤੇ ਬੱਚਿਆਂ ਨੂੰ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ (ਆਰ ਟੀ ਈ) ਐਕਟ, 2009 ਨੂੰ ਲਾਗੂ ਕਰਨ ਦਾ ਮੁਲਾਂਕਣ ਕੀਤਾ ਗਿਆ। ਲੇਖਾ ਪ੍ਰੀਖਿਆ ਵਿੱਚ ਵਿਦਿਆਰਥੀਆਂ ਨੂੰ ਗੁਣਵੱਤਾ ਸਿੱਖਿਆ, ਵਿਦਿਆਰਥੀ ਅਧਿਆਪਕ ਅਨੁਪਾਤ ਅਤੇ ਆਰ ਟੀ ਈ ਐਕਟ ਅਧੀਨ ਮਨੁੱਖੀ ਸਰੋਤਾਂ ਵਰਗੇ ਪ੍ਰਮੁੱਖ ਖੇਤਰਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ।

ਸਕੂਲ ਸਿੱਖਿਆ ਵਿਭਾਗ ਯੋਜਨਾਬੰਦੀ ਦੀ ਪ੍ਰਕਿਰਿਆ ਨਾਕਾਫੀ ਸੀ। 2018-19 ਤੋਂ 2022-23 ਦੌਰਾਨ, ਕਿਸੇ ਵੀ ਸਰਕਾਰੀ ਸਕੂਲ ਨੇ ਆਰ ਟੀ ਈ ਐਕਟ, ਸਮਗਰ ਸਿੱਖਿਆ ਫਰੇਮਵਰਕ ਅਤੇ

ਪੰਜਾਬ ਆਰ ਟੀ ਈ ਨਿਯਮ, 2011 ਦੇ ਉਪਬੰਧਾਂ ਅਨੁਸਾਰ ਸਕੂਲ ਵਿਕਾਸ ਯੋਜਨਾ ਤਿਆਰ ਨਹੀਂ ਕੀਤੀ।

ਲੇਖਾ ਪ੍ਰੀਖਿਆ ਨੇ ਕੁਝ ਵਿਦਿਅਕ ਪੱਧਰਾਂ 'ਤੇ ਰਿਟੈਂਨਸ਼ਨ ਦਰਾਂ ਵਿੱਚ ਸੁਧਾਰ ਦੇਖਿਆ। ਹਾਲਾਂਕਿ, ਐਲੀਮੈਂਟਰੀ ਅਤੇ ਸੈਕੰਡਰੀ ਪੱਧਰ 'ਤੇ ਅਸਮਾਨਤਾਵਾਂ ਜਾਰੀ ਰਹੀਆਂ, ਜਿੱਥੇ 2018-19 ਤੋਂ 2022-23 ਦੌਰਾਨ ਰਿਟੈਂਨਸ਼ਨ ਦਰਾਂ ਕ੍ਰਮਵਾਰ 81 *ਪ੍ਰਤੀਸ਼ਤ* ਅਤੇ 97 *ਪ੍ਰਤੀਸ਼ਤ* ਅਤੇ 77 *ਪ੍ਰਤੀਸ਼ਤ* ਅਤੇ 90 *ਪ੍ਰਤੀਸ਼ਤ* ਦੇ ਵਿਚਕਾਰ ਰਹੀਆਂ। ਜ਼ਿਕਰਯੋਗ ਹੈ ਕਿ ਉੱਚ ਸੈਕੰਡਰੀ ਪੱਧਰ 'ਤੇ ਇਸ ਵਿੱਚ ਮਹੱਤਵਪੂਰਨ ਗਿਰਾਵਟ ਆਈ ਹੈ ਅਤੇ ਰਿਟੈਂਨਸ਼ਨ ਦਰ 2018-19 ਵਿੱਚ 106 *ਪ੍ਰਤੀਸ਼ਤ* ਤੋਂ ਘਟ ਕੇ 2022-23 ਵਿੱਚ 66 *ਪ੍ਰਤੀਸ਼ਤ* ਰਹਿ ਗਈ ਹੈ।

ਪੰਜਾਬ ਪਾਠਕ੍ਰਮ 2013 ਦੇ ਅਧੀਨ ਐਸ ਸੀ ਈ ਆਰ ਟੀ ਪਾਠਕ੍ਰਮ ਵਿਕਾਸ, ਉਮਰ-ਮੁਤਾਬਕ ਸਿਲੇਬਸ ਡਿਜ਼ਾਈਨ ਅਤੇ ਸਿੱਖਣ ਵਾਲੀ ਸਮੱਗਰੀ ਬਣਾਉਣ ਲਈ ਆਪਣੇ ਆਦੇਸ਼ ਨੂੰ ਪੂਰਾ ਕਰਨ ਵਿੱਚ ਅਸਫਲ ਰਿਹਾ। ਮਾਰਚ 2023 ਤੱਕ, ਐਮ ਐਚ ਆਰ ਡੀ, ਭਾਰਤ ਸਰਕਾਰ ਦੁਆਰਾ ਨਿਰਧਾਰਤ ਸੰਗਠਨਾਤਮਕ ਢਾਂਚੇ ਦੇ ਅਨੁਸਾਰ ਐਸ ਸੀ ਈ ਆਰ ਟੀ (72 *ਪ੍ਰਤੀਸ਼ਤ*) ਅਤੇ ਡੀ ਆਈ ਈ ਟੀਜ਼ (88 *ਪ੍ਰਤੀਸ਼ਤ*) ਵਿੱਚ ਅਕਾਦਮਿਕ ਸਟਾਫ ਦੀ ਘਾਟ ਸੀ। ਗੈਰ-ਅਕਾਦਮਿਕ ਸਟਾਫ ਦੇ ਸਬੰਧ ਵਿੱਚ, ਐਸ ਸੀ ਈ ਆਰ ਟੀ ਵਿੱਚ ਕੋਈ ਕਮੀ ਨਹੀਂ ਸੀ, ਜਦੋਂਕਿ ਡੀ ਆਈ ਈ ਟੀਜ਼ ਨੂੰ 61 *ਪ੍ਰਤੀਸ਼ਤ* ਤੋਂ ਵੱਧ ਦੀ ਘਾਟ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਇਲਾਵਾ, ਐਸ ਸੀ ਈ ਆਰ ਟੀ ਨੇ ਸੇਵਾ ਕਰ ਰਹੇ ਅਧਿਆਪਕਾਂ ਲਈ ਸਾਲਾਨਾ ਸਿਖਲਾਈ ਕੈਲੰਡਰ ਤਿਆਰ ਨਹੀਂ ਕੀਤਾ, ਨਾ ਹੀ ਕੋਈ ਸਿਖਲਾਈ ਪ੍ਰਬੰਧਨ ਪ੍ਰਣਾਲੀ ਵਿਕਸਤ ਕੀਤੀ ਗਈ ਜਾਂ ਸਿਖਲਾਈ ਰਿਕਾਰਡਾਂ ਦਾ ਰੱਖ-ਰਖਾਅ ਕੀਤਾ ਗਿਆ ਸੀ।

ਪੰਜਾਬ ਆਰ ਟੀ ਈ ਨਿਯਮ, 2011 ਅਨੁਸਾਰ ਉਮਰ ਦੇ ਅਨੁਕੂਲ ਪਾਠਕ੍ਰਮ ਅਤੇ ਸਮੱਗਰੀ ਦੀ ਵਰਤੋਂ ਕਰਕੇ ਵਿਸ਼ੇਸ਼ ਸਿਖਲਾਈ ਦੇਣ ਦੀ ਲੋੜ ਵਾਲੇ ਬੱਚਿਆਂ ਦੀ ਪਛਾਣ ਕਰਨ ਦੀ ਲੋੜ ਹੈ। ਸਿਖਲਾਈ ਤੋਂ ਬਾਅਦ, ਜੋ ਤਿੰਨ ਮਹੀਨਿਆਂ ਤੋਂ ਲੈ ਕੇ ਤਿੰਨ ਸਾਲਾਂ ਤੱਕ ਚੱਲ ਸਕਦੀ ਹੈ। ਬੱਚੇ ਨੂੰ ਏਕੀਕਰਣ ਵਿੱਚ ਸਹਾਇਤਾ ਲਈ ਨਿਰੰਤਰ ਸਹਾਇਤਾ ਦੇ ਨਾਲ ਉਨ੍ਹਾਂ ਦੀ ਉਮਰ-ਮੁਤਾਬਕ ਕਲਾਸ ਵਿੱਚ ਰੱਖਿਆ ਜਾਂਦਾ ਹੈ। ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ ਸਕੂਲ-ਤੋਂ-ਬਾਹਰ ਪਛਾਣੇ ਗਏ 71 *ਪ੍ਰਤੀਸ਼ਤ* ਬੱਚਿਆਂ (16,114) ਨੇ ਵਿਸ਼ੇਸ਼ ਸਿਖਲਾਈ ਪ੍ਰਾਪਤ ਕੀਤੀ, ਅਤੇ ਉਨ੍ਹਾਂ ਵਿੱਚੋਂ ਸਿਰਫ 74 *ਪ੍ਰਤੀਸ਼ਤ* ਨੂੰ ਮੁੱਖ ਧਾਰਾ ਵਿੱਚ ਲਿਆਂਦਾ ਗਿਆ। ਇਸ ਤੋਂ ਇਲਾਵਾ, ਇਹ ਸੁਨਿਸ਼ਚਿਤ ਕਰਨ ਲਈ ਕੋਈ ਨਿਗਰਾਨੀ ਟਰੈਕਿੰਗ ਪ੍ਰਣਾਲੀ ਨਹੀਂ ਸੀ ਕਿ ਮੁੱਖ ਧਾਰਾ ਦੇ ਬੱਚਿਆਂ ਨੇ ਆਪਣੀ ਸਕੂਲੀ ਸਿੱਖਿਆ ਪੂਰੀ ਕੀਤੀ ਹੈ ਜਾਂ ਨਹੀਂ।

ਸਰਕਾਰੀ ਸਕੂਲਾਂ ਨੂੰ ਸਟਾਫ ਦੀ ਭਾਰੀ ਕਮੀ ਦਾ ਸਾਹਮਣਾ ਕਰਨਾ ਪਿਆ। ਵੱਖ-ਵੱਖ ਵਿਸ਼ਿਆਂ ਅਧੀਨ ਮਾਸਟਰ ਕਾਡਰ ਵਿੱਚ 60 *ਪ੍ਰਤੀਸ਼ਤ* ਤੱਕ ਦੀ ਕਮੀ ਸੀ, ਜਦੋਂ ਕਿ ਲੈਕਚਰਾਰ/ਪੀ ਜੀ ਟੀ ਕਾਡਰ ਵਿੱਚ 52 *ਪ੍ਰਤੀਸ਼ਤ* ਦੀ ਕਮੀ ਸੀ, ਜਦੋਂ ਕਿ 11$^{ਵੀ}$ ਅਤੇ 12$^{ਵੀ}$ ਜਮਾਤ ਵਿੱਚ ਕੁੱਲ 32 *ਪ੍ਰਤੀਸ਼ਤ* ਦੀ ਕਮੀ ਸੀ। ਵੱਖ-ਵੱਖ ਟਰੇਡਾਂ ਜਿਵੇਂ ਕਿ ਨਿੱਜੀ ਸਕੱਤਰ (73 *ਪ੍ਰਤੀਸ਼ਤ*);

ਆਟੋਮੋਟਿਵ (54 *ਪ੍ਰਤੀਸ਼ਤ*); ਉਸਾਰੀ (49 *ਪ੍ਰਤੀਸ਼ਤ*) ਅਤੇ ਸਿਹਤ ਸੰਭਾਲ (22 *ਪ੍ਰਤੀਸ਼ਤ*) ਵਿੱਚ ਕਿੱਤਾ ਮੁਖੀ ਸਿੱਖਿਆ ਅਧਿਆਪਕਾਂ ਦੀ ਵੀ ਘਾਟ ਸੀ।

ਸਰਕਾਰੀ ਸਕੂਲਾਂ ਵਿੱਚ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਅਧਿਆਪਕਾਂ ਦੀ ਲਗਾਤਾਰ ਕਮੀ ਅਤੇ ਵਕੈਨਸੀ ਹੋਣ ਕਾਰਨ ਵਿਦਿਆਰਥੀ-ਅਧਿਆਪਕ ਅਨੁਪਾਤ (ਪੀ ਟੀ ਆਰ) ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ। ਮਾੜੇ ਪੀ ਟੀ ਆਰ ਵਾਲੇ ਪ੍ਰਾਇਮਰੀ ਸਕੂਲਾਂ ਦੀ ਗਿਣਤੀ 2019-20 ਵਿੱਚ 4.77 *ਪ੍ਰਤੀਸ਼ਤ* ਤੋਂ ਵੱਧ ਕੇ 2022-23 ਵਿੱਚ 30.02 *ਪ੍ਰਤੀਸ਼ਤ* ਹੋ ਗਈ। ਇਸ ਤੋਂ ਇਲਾਵਾ, 2018-2023 ਦੀ ਮਿਆਦ ਦੌਰਾਨ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਵਿਸ਼ੇਸ਼ ਆਧਿਆਪਕਾਂ ਦੇ ਸਬੰਧ ਵਿੱਚ ਪੀ ਟੀ ਆਰ ਰਾਜ ਵਿੱਚ 156:1 ਅਤੇ 175:1 ਦੇ ਵਿਚਕਾਰ ਸੀ, ਜੋ ਕਿ ਆਰ ਟੀ ਈ ਐਕਟ ਅਨੁਸਾਰ 10:1 ਅਤੇ 15:1 ਦੇ ਪੀ ਟੀ ਆਰ ਤੋਂ ਬਹੁਤ ਵੱਧ ਸੀ।

ਆਰ ਟੀ ਈ ਐਕਟ ਅਨੁਸਾਰ, ਇੱਕ ਸਕੂਲ ਵਿੱਚ ਹਰੇਕ ਅਧਿਆਪਕ ਲਈ ਘੱਟੋ-ਘੱਟ ਇੱਕ ਕਲਾਸਰੂਮ ਅਤੇ ਇੱਕ ਦਫਤਰ-ਕਮ-ਸਟੋਰ-ਕਮ-ਹੈੱਡ ਟੀਚਰ ਦਾ ਕਮਰਾ ਹੋਣਾ ਚਾਹੀਦਾ ਹੈ। ਹਾਲਾਂਕਿ, 2018-2023 ਦੀ ਮਿਆਦ ਦੌਰਾਨ 23 *ਪ੍ਰਤੀਸ਼ਤ* ਅਤੇ 30 *ਪ੍ਰਤੀਸ਼ਤ* ਦੇ ਵਿਚਕਾਰ ਦੇ ਸਕੂਲਾਂ ਨੂੰ ਇੱਕ ਕਲਾਸ ਵਿੰਚ ਇੱਕ ਤੋਂ ਵੱਧ ਅਧਿਆਪਕਾਂ ਨੂੰ ਰੱਖਣਾ ਪਿਆ।

ਨਿਰੰਤਰ ਅਤੇ ਵਿਆਪਕ ਮੁਲਾਂਕਣ ਦੇ ਪ੍ਰਭਾਵਸ਼ਾਲੀ ਲਾਗੂ ਕਰਨ ਦੀ ਸਮੀਖਿਆ ਅਤੇ ਜਾਂਚ ਕਰਨ ਲਈ ਲਾਜ਼ਮੀ ਨਿਗਰਾਨੀ ਪ੍ਰਣਾਲੀ ਨੂੰ ਯਕੀਨੀ ਨਹੀਂ ਬਣਾਇਆ ਗਿਆ।

**ਮਹੱਤਵਪੂਰਨ ਸਿਫਾਰਸ਼ਾਂ**

ਰਾਜ ਸਰਕਾਰ ਇਹ ਯਕੀਨੀ ਬਣਾ ਸਕਦੀ ਹੈ ਕਿ:

*(i)* *ਆਰ ਟੀ ਈ ਐਕਟ ਅਤੇ ਸਮਗਰ ਸਿੱਖਿਆ ਫਰੇਮਵਰਕ ਅਧੀਨ ਉਪਬੰਧਾਂ ਦੇ ਅਨੁਸਾਰ ਵਿਆਪਕ ਸਕੂਲ ਵਿਕਾਸ ਯੋਜਨਾ ਤਿਆਰ ਹੋਵੇ;*

*(ii)* *ਗੁਣਵੱਤਾ ਸਿੱਖਿਆ ਪ੍ਰਦਾਨ ਕਰਨ ਲਈ ਸਕੂਲਾਂ ਵਿੱਚ ਲੋੜੀਂਦੇ ਅਧਿਆਪਨ ਅਤੇ ਗੈਰ-ਅਧਿਆਪਨ ਸਟਾਫ ਦੀ ਤੈਨਾਤੀ ਹੋਵੇ;*

*(iii)* *ਗੁਣਵੱਤਾ ਸਿੱਖਿਆ ਲਈ ਆਰ ਟੀ ਈ ਐਕਟ ਅਨੁਸਾਰ ਵਿਦਿਆਰਥੀ-ਅਧਿਆਪਕ ਅਨੁਪਾਤ ਹੋਵੇ; ਅਤੇ*

*(iv)* *ਇਹ ਯਕੀਨੀ ਬਣਾ ਕੇ ਨਿਰੰਤਰ ਤੇ ਵਿਆਪਕ ਮੁਲਾਂਕਣ ਦੀ ਨਿਗਰਾਨੀ ਨੂੰ ਮਜ਼ਬੂਤ ਕਰਨਾ ਕਿ ਸਕੂਲ ਸੀ ਸੀ ਈ ਸੈਲ ਦੁਆਰਾ ਡੀ ਆਈ ਈ ਟੀ ਸਮੀਖਿਆ ਲਈ ਵਿਦਿਆਰਥੀਆਂ ਦੀਆਂ ਉੱਤਰ ਸ਼ੀਟਾਂ ਜਮ੍ਹਾਂ ਕਰਵਾਉਣ ।*

## ਪਾਲਣ ਲੇਖਾ ਪ੍ਰੀਖਿਆ

## ਅਧਿਆਇ-IV: ਜੇਲ੍ਹਾਂ ਵਿੱਚ ਕੈਦੀਆਂ ਲਈ ਬੁਨਿਆਦੀ ਸਹੂਲਤਾਂ

ਜੇਲ੍ਹ ਵਿਭਾਗ ਦੀ ਲੇਖਾ ਪ੍ਰੀਖਿਆ ਨੂੰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੀ 31 ਮਾਰਚ 2012 ਨੂੰ ਸਮਾਪਤ ਹੋਏ ਸਾਲ ਲਈ ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਗੈਰ-ਜਨਤਕ ਖੇਤਰ ਦੇ ਉਪਕ੍ਰਮ) 'ਤੇ ਰਿਪੋਰਟ ਵਿੱਚ ਸ਼ਾਮਲ ਕੀਤਾ ਗਿਆ ਸੀ। ਜਿਸ 'ਤੇ ਲੋਕ ਲੇਖਾ ਕਮੇਟੀ (ਪੀ ਏ ਸੀ) ਵਿੱਚ ਜੁਲਾਈ 2015 ਵਿੱਚ ਵਿਚਾਰ ਵਟਾਂਦਰੇ ਕੀਤੇ ਗਏ ਸਨ। ਮੌਜੂਦਾ ਲੇਖਾ ਪ੍ਰੀਖਿਆ ਵਿੱਚ, ਇਹ ਨੋਟ ਕੀਤਾ ਗਿਆ ਸੀ ਕਿ ਪੀ ਏ ਸੀ ਨੂੰ ਪ੍ਰਬੰਧਨ ਵੱਲੋਂ ਲੋਕ ਲੇਖਾ ਕਮੇਟੀ ਨੂੰ ਭਰੋਸਾ ਦਿੱਤੇ ਜਾਣ ਦੇ ਬਾਵਜੂਦ ਪਿਛਲੀ ਰਿਪੋਰਟਾਂ ਵਿੱਚ ਉਜਾਗਰ ਕੀਤੀਆਂ ਗਈਆਂ ਕਈ ਕਮੀਆਂ ਅਜੇ ਵੀ ਬਰਕਰਾਰ ਹਨ। ਇਨ੍ਹਾਂ ਵਿੱਚ ਸ਼ਾਮਲ ਸਨ: (i) ਜੇਲ੍ਹਾਂ ਵਿੱਚ ਭੀੜ-ਭੜੱਕਾ; ਅਤੇ (ii) ਸਿਹਤ ਬੁਨਿਆਦੀ ਢਾਂਚੇ ਅਤੇ ਸੇਵਾਵਾਂ।

ਜੇਲ੍ਹ ਪ੍ਰਸ਼ਾਸਨ ਨੇ ਮਾਡਲ ਜੇਲ੍ਹ ਮੈਨੂਅਲ, 2016 ਵਿੱਚ ਦਰਸਾਏ ਢਾਂਚੇ ਨੂੰ ਅਪਣਾਉਣ ਅਤੇ ਪੰਜਾਬ ਜੇਲ੍ਹ ਨਿਯਮ, 2022 ਨੂੰ ਅਧਿਸੂਚਿਤ ਕਰਨ ਵਿੱਚ ਛੇ ਸਾਲ ਦਾ ਸਮਾਂ ਲਿਆ। ਲੋਕ ਲੇਖਾ ਕਮੇਟੀ ਦੀ ਸਿਫਾਰਸ਼ਾਂ ਦੇ ਬਾਵਜੂਦ, ਜੇਲ੍ਹਾਂ ਵਿੱਚ ਭੀੜ-ਭੜੱਕਾ ਬਣਿਆ ਰਿਹਾ। **ਮੁੱਖ ਤੌਰ 'ਤੇ ਪੁਲਿਸ ਸੁਰੱਖਿਆ ਦੀ ਅਣਹੋਂਦ ਕਾਰਨ 27 *ਪ੍ਰਤੀਸ਼ਤ* ਤੋਂ ਵੱਧ ਭੌਤਿਕ ਪੇਸ਼ੀਆਂ ਖੁੰਝ ਗਈਆਂ, ਜਿਸ ਕਾਰਣ ਮੁਕੱਦਮੇ ਅਧੀਨਾਂ ਨੂੰ ਵੱਧ ਹਿਰਾਸਤ ਵਿੱਚ ਰੱਖਿਆ ਗਿਆ।** ਜੇਲ੍ਹਾਂ ਦੀ ਉਸਾਰੀ ਅਤੇ ਬੈਰਕਾਂ ਦੀ ਮੁਰੰਮਤ ਵਿੱਚ ਦੇਰੀ ਨੇ ਭੀੜ-ਭੜੱਕੇ ਨੂੰ ਹੋਰ ਵਧਾ ਦਿੱਤਾ ਅਤੇ ਪ੍ਰਤੀ ਵਿਅਕਤੀ ਸਹੂਲਤਾਂ ਦੀ ਉਪਲੱਬਧਤਾ ਨੂੰ ਘਟਾ ਦਿੱਤਾ। 74 *ਪ੍ਰਤੀਸ਼ਤ* ਪੁਰਸ਼ਾਂ ਅਤੇ 63 *ਪ੍ਰਤੀਸ਼ਤ* ਮਹਿਲਾਵਾਂ ਦੀਆਂ ਬੈਰਕਾਂ ਵਿੱਚ ਪਖਾਨੇ ਦੀਆਂ ਸਹੂਲਤਾਂ ਨਾਕਾਫੀ ਹੋਣ ਕਾਰਣ ਗੰਦਗੀ ਦੇ ਹਾਲਾਤ ਪੈਦਾ ਹੋਏ। ਸਿਹਤ ਦੇਖਭਾਲ ਸਹੂਲਤਾਂ ਵਿੱਚ ਹਸਪਤਾਲਾਂ ਦੇ ਬਿਸਤਰਿਆਂ ਦੀ 72 *ਪ੍ਰਤੀਸ਼ਤ* ਅਤੇ ਮੈਡੀਕਲ ਸਟਾਫ ਦੀ 60 *ਪ੍ਰਤੀਸ਼ਤ* ਦੀ ਕਮੀ ਵੀ ਵੇਖੀ ਗਈ। ਇਸ ਲਈ ਜੇਲ੍ਹ ਤੋਂ ਬਾਹਰ ਸਿਵਲ ਹਸਪਤਾਲ ਵਿੱਚ 45,497 ਕੈਦੀਆਂ ਦਾ ਇਲਾਜ ਕਰਨਾ ਪਿਆ, ਜਿਸ ਨਾਲ 22 ਕੈਦੀ ਫਰਾਰ ਹੋ ਗਏ। ਹਾਲਾਂਕਿ ਜ਼ਰੂਰੀ ਪੂਰਕਾਂ ਦੀ ਸਪਲਾਈ ਅਸਥਿਰ ਤਰੀਕੇ ਨਾਲ ਕੀਤੀ ਜਾਂਦੀ ਸੀ, ਪਰ 39 *ਪ੍ਰਤੀਸ਼ਤ* ਨਮੂਨਾ-ਜਾਂਚ ਕੀਤੇ ਜੇਲ੍ਹਾਂ ਵਿੱਚ ਪੀਣ ਵਾਲੇ ਪਾਣੀ ਦੀ ਵੀ ਨਿਰਧਾਰਤ ਜਾਂਚ ਨਹੀਂ ਕੀਤੀ ਗਈ। ਮਹਿਲਾ ਕੈਦੀਆਂ ਨੂੰ ਸੈਨੇਟਰੀ ਪੈਡ ਤੋਂ ਵਾਂਝਾ ਰੱਖਿਆ ਗਿਆ, ਜੋ ਉਨ੍ਹਾਂ ਦੀ ਮਾਹਵਾਰੀ ਸਿਹਤ ਅਤੇ ਸਨਮਾਨ ਲਈ ਜ਼ਰੂਰੀ ਸੀ। ਮੁਜ਼ਰਮਾਂ ਲਈ ਬਿਸਤਰੇ ਅਤੇ ਕੱਪੜਿਆਂ ਦੀ ਲਗਾਤਾਰ ਘਾਟ ਸੀ, ਨੌਂ ਜੇਲ੍ਹਾਂ ਵਿੱਚ ਕੱਪੜੇ ਧੋਣ ਵਾਲੀਆਂ ਮਸ਼ੀਨਾਂ ਦੀ ਘਾਟ ਸੀ ਅਤੇ ਕਿਸੇ ਵਿੱਚ ਵੀ ਕੱਪੜੇ ਧੋਣ ਲਈ ਬਾਇਲਰ ਨਹੀਂ ਸਨ।

## ਅਧਿਆਇ-V: ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਕੰਮਕਾਜ

ਪੰਜਾਬ ਲੇਬਰ ਵੈਲਫੇਅਰ ਬੋਰਡ (ਬੋਰਡ) ਵੱਲੋਂ ਆਡੀਓ ਅਤੇ ਵੀਡੀਓ ਜਾਗਰੂਕਤਾ ਸਮੱਗਰੀ ਵਿਕਸਤ ਕਰਨ ਵਿੱਚ ਅਸਫਲ ਰਹਿਣ ਕਾਰਣ ਵੱਡੀ ਗਿਣਤੀ ਵਿੱਚ ਕਾਮੇ ਭਲਾਈ ਸਕੀਮਾਂ ਅਧੀਨ ਉਪਲਬਧ ਲਾਭਾਂ ਤੋਂ ਅਣਜਾਣ ਰਹੇ, ਜਦੋਂਕਿ ਇਸ ਲਈ ਢੁਕਵੇਂ ਬਜਟ ਪ੍ਰਬੰਧ ਕੀਤੇ ਗਏ ਸਨ। ਬੋਰਡ ਕੋਲ ਯੋਗ ਸੰਸਥਾਵਾਂ ਨੂੰ ਆਪਣੇ ਦਾਇਰੇ ਵਿੱਚ ਲਿਆਉਣ ਲਈ ਇੱਕ ਵਿਧੀ ਦੀ ਘਾਟ

ਸੀ ਅਤੇ ਰਜਿਸਟਰਡ ਕਾਮਿਆਂ ਨੂੰ ਵਿਲੱਖਣ ਪਛਾਨ ਨੰਬਰ ਜਾਰੀ ਕਰਨ ਦੀ ਪ੍ਰਣਾਲੀ ਨਹੀਂ ਸੀ। ਬੋਰਡ ਨੇ ਡਿਫਾਲਟਰ ਸੰਸਥਾਵਾਂ ਦੁਆਰਾ ਫੰਡ ਵਿੱਚ ਨਿਸਮਤ ਯੋਗਦਾਨ ਨੂੰ ਯਕੀਨੀ ਬਣਾਉਣ ਲਈ ਕੋਈ ਵਿਧੀ ਸਥਾਪਤ ਨਹੀਂ ਕੀਤੀ ਸੀ, ਨਾ ਹੀ ਇਨੇ ਹੋਰ ਡਿਫਾਲਟਾਂ ਨੂੰ ਰੋਕਣ ਲਈ ਰੋਕਥਾਮ ਉਪਾਅ ਲਾਗੂ ਕੀਤੇ ਸਨ। ਇਸ ਅਕਿਰਿਆਸ਼ੀਲਤਾ ਨੇ ਡਿਫਾਲਟਰ ਸੰਸਥਾਵਾਂ ਦੀ ਗਿਣਤੀ ਵਿੱਚ ਵਾਧਾ ਕਰਨ ਵਿੱਚ ਯੋਗਦਾਨ ਪਾਇਆ। ਬੋਰਡ ਦੀਆਂ ਮੀਟਿੰਗਾਂ ਵਿੱਚ ਵਾਰ-ਵਾਰ ਹੋਣ ਵਾਲੀਆਂ ਕਮੀਆਂ ਨੇ ਵਚਨਬੱਧਤਾ ਦੀ ਘਾਟ ਨੂੰ ਉਜਾਗਰ ਕੀਤਾ ਅਤੇ ਯੋਗਦਾਨ ਦਰਾਂ, ਸੇਵਾ ਉਪ-ਨਿਯਮਾਂ ਅਤੇ ਬੋਰਡ ਦੇ ਨਿਯਮਾਂ/ਅਧਿਨਿਯਮਾਂ ਬਾਰੇ ਮਹੱਤਵਪੂਰਨ ਫੈਸਲਿਆਂ ਵਿੱਚ ਦੇਰੀ ਨੂੰ ਉਜਾਗਰ ਕੀਤਾ। ਲੇਬਰ ਵੈਲਫੇਅਰ ਇੰਸਪੈਕਟਰਾਂ ਦੀ ਘਾਟ ਨੇ ਬੋਰਡ ਨੂੰ ਕਿਰਤ ਵਿਭਾਗ ਦੇ ਇੰਸਪੈਕਟਰਾਂ ਤੇ ਨਿਰਭਰ ਕਰਨ ਲਈ ਮਜਬੂਰ ਕੀਤਾ, ਜਿਨ੍ਹਾਂ ਦੇ ਨਿਰੀਖਣ ਨਾਕਾਫ਼ੀ ਅਤੇ ਪ੍ਰਭਾਵਹੀਣ ਸਨ। ਨਾਕਾਫੀ ਸਟਾਫ ਨੇ ਵੈਲਫੇਅਰ ਲਾਭ ਅਰਜ਼ੀਆਂ ਦੀ ਪ੍ਰਕਿਰਿਆ ਅਤੇ ਸਾਲਾਨਾ ਲੇਖੇ ਤਿਆਰ ਕਰਨ ਵਿੱਚ ਦੇਰੀ ਕੀਤੀ। ਇਸ ਤੋਂ ਇਲਾਵਾ, ਬੋਰਡ ਭੁਗਤਾਨ ਨਾ ਕੀਤੀ ਵਾਸਤਵਿਕ ਰਾਸ਼ੀ ਅਤੇ ਉਸ ਦੇ ਰੱਖ-ਰਖਾਅ ਤੋਂ ਅਣਜਾਣ ਸੀ, ਵਰਕਰ-ਵਾਰ ਰਿਕਾਰਡਾਂ ਦੀ ਘਾਟ ਸੀ, ਅਤੇ ਮਿਆਦ ਪੂਰਾ ਕਰ ਚੁੱਕੀ ਭੁਗਤਾਨ ਨਾ ਕੀਤੀ ਗਈ ਰਾਸ਼ੀ ਨੂੰ ਵੈਲਫੇਅਰ ਫੰਡ ਵਿੱਚ ਟਰਾਂਸਫਰ ਨਹੀਂ ਕੀਤਾ। ਐਪਲੀਕੇਸ਼ਨਾਂ ਦੀ ਪ੍ਰੋਸੈਸਿੰਗ ਨੇ ਈ-ਲੇਬਰ ਪੋਰਟਲ ਤੇ ਡਿਜੀਟਲ ਤਬਦੀਲੀ ਵਿੱਚ ਮਹੱਤਵਪੂਰਣ ਮੁੱਦਿਆਂ ਦੇ ਨਾਲ ਦੇਰੀ, ਕਮੀਆਂ ਅਤੇ ਅਸਮਾਨਤਾਵਾਂ ਨੂੰ ਦਰਸਾਇਆ, ਜਦੋਂ ਕਿ ਅਸਪਸ਼ਟ ਨਿਯਮਾਂ ਨੇ ਕੁਝ ਲੋਕਾਂ ਲਈ ਲਾਭ ਤੋਂ ਇਨਕਾਰ ਕੀਤਾ ਅਤੇ ਦੂਜਿਆਂ ਦੁਆਰਾ ਸ਼ੋਸ਼ਣ ਕੀਤਾ। ਸਾਲ 2017-18 ਤੋਂ 2022-23 ਲਈ ਬੋਰਡ ਦੇ ਸਾਲਾਨਾ ਲੇਖੇ ਲੇਖਾ ਪ੍ਰੀਖਿਆ ਲਈ ਜਮ੍ਹਾਂ ਨਹੀਂ ਕੀਤੇ ਗਏ। ਇਸ ਤੋਂ ਇਲਾਵਾ, ਬੋਰਡ ਨੇ ਫਰਵਰੀ 2019 ਤੋਂ ਬਾਅਦ ਕੈਸ਼ ਬੁੱਕ ਦਾ ਰੱਖ-ਰਖਾਅ ਕਰਨਾ ਬੰਦ ਕਰ ਦਿੱਤਾ ਅਤੇ ਬੈਂਕ ਮਿਲਾਨ ਸਟੇਟਮੈਂਟ ਵੀ ਤਿਆਰ ਨਹੀਂ ਕੀਤੀ ਸੀ। ਇਹ ਖਾਮੀਆਂ ਵਿੱਤੀ ਜਵਾਬਦੇਹੀ ਸਬੰਧੀ ਗੰਭੀਰ ਚਿੰਤਾਵਾਂ ਪੈਦਾ ਕਰਦੀਆਂ ਹਨ ਅਤੇ ਬੋਰਡ ਦੇ ਅੰਦਰ ਕੁਪ੍ਰਬੰਧਨ ਅਤੇ ਸੰਭਾਵਿਤ ਧੋਖਾਧੜੀ ਦੀਆਂ ਗਤੀਵਿਧੀਆਂ ਦੇ ਜੋਖਮ ਵਿੱਚ ਮਹੱਤਵਪੂਰਣ ਵਾਧਾ ਕਰਦੀਆਂ ਹਨ।

## ਅਧਿਆਇ-VI: ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ (ਵਿਭਾਗ)

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਟੈਰਿਫ ਸਰਕੂਲਰ ਅਤੇ ਬਿਜਲੀ ਸਪਲਾਈ ਹਿਦਾਇਤਾਂ ਮੈਨੂਅਲ ਅਨੁਸਾਰ ਬਿਜਲੀ ਕੁਨੈਕਸ਼ਨ ਦੀ ਸ਼੍ਰੇਣੀ ਸਮੇਤ ਬਿਜਲੀ ਸਪਲਾਈ ਦੇ ਠੇਕੇ ਦੀ ਮੰਗ ਦੀ ਸਮੇਂ ਸਿਰ ਸਮੀਖਿਆ ਕਰਨ ਵਿੱਚ ਅਣਗਹਿਲੀ ਦੇ ਨਤੀਜੇ ਵਜੋਂ ਜਨਵਰੀ 2018 ਤੋਂ ਮਾਰਚ 2023 ਦੀ ਮਿਆਦ ਦੌਰਾਨ ₹ 1.21 ਕਰੋੜ ਦੇ ਫਿਕਸਡ ਚਾਰਜ ਦਾ ਟਾਲਣਯੋਗ ਵਾਧੂ ਭੁਗਤਾਨ ਹੋਇਆ।

***(ਪੈਰ੍ਹਾ 6.1, ਪੰਨਾ 225)***

ਸੂਚਨਾ ਅਤੇ ਲੋਕ ਸੰਪਰਕ ਵਿਭਾਗ ਵੱਲੋਂ ਅੰਮ੍ਰਿਤਸਰ ਵਿਖੇ ਪ੍ਰੈਸ ਕਲੱਬ ਦੀ ਇਮਾਰਤ ਦੀ ਉਸਾਰੀ ਲਈ ਲੋਕ ਨਿਰਮਾਣ ਵਿਭਾਗ ਨੂੰ ਸਮੇਂ ਸਿਰ ਲੋੜੀਂਦੇ ਫੰਡ ਮੁਹੱਈਆ ਕਰਵਾਉਣ ਵਿੱਚ ਅਸਫਲ ਹੋਣਾ; ਕੰਮ ਮੁਕੰਮਲ ਹੋਣ ਦੀ ਨਿਰਧਾਰਤ ਮਿਤੀ ਤੋਂ ਦੋ ਸਾਲ ਤੋਂ ਵੱਧ ਦੀ ਦੇਰੀ ਦਾ ਕਾਰਣ ਬਣਿਆ। ਠੇਕੇਦਾਰ ਦੇ ਹੱਕ ਵਿੱਚ ਆਰਬੀਟਰੇਟਰ ਦੇ ਫੈਸਲੇ ਦੇ ਅਨੁਸਾਰ, ਰਾਜ ਸਰਕਾਰ ₹ 1.43 ਕਰੋੜ ਦੇ ਟਾਲਣਯੋਗ ਭੁਗਤਾਨ ਲਈ ਜ਼ਿੰਮੇਵਾਰ ਬਣ ਗਈ, ਜਿਸ ਵਿੱਚੋਂ ₹ 0.88 ਕਰੋੜ ਪਹਿਲਾਂ ਹੀ ਠੇਕੇਦਾਰ ਨੂੰ ਭੁਗਤਾਨ ਕੀਤੇ ਜਾ ਚੁੱਕੇ ਸੀ।

***(ਪੈਰ੍ਹਾ 6.2, ਪੰਨਾ 229)***

ਵਿੱਤ ਕਮਿਸ਼ਨਾਂ ਦੀਆਂ ਸਿਫਾਰਸ਼ਾਂ ਅਤੇ ਉੱਤਰੀ ਭਾਰਤ ਨਹਿਰ ਅਤੇ ਡਰੇਨੇਜ (ਪੰਜਾਬ ਸੋਧ) ਐਕਟ, 2014 ਦੀਆਂ ਧਾਰਾਵਾਂ ਅਨੁਸਾਰ ਜਲ ਸਰੋਤ ਵਿਭਾਗ ਨੇ ਸਿੰਚਾਈ ਲਈ ਨਹਿਰੀ ਪਾਣੀ ਦੀ ਵਰਤੋਂ ਕਰਨ ਵਾਲੇ ਜ਼ਮੀਨ 'ਤੇ ਕਬਜ਼ਾ ਕਰਨ ਵਾਲਿਆਂ ਤੋਂ 2014-15 ਤੋਂ 2022-23 ਦੀ ਮਿਆਦ ਲਈ ਪਾਣੀ ਦੇ ਸੈੱਸ ਦੀ ਬਣਦੀ ਰਾਸ਼ੀ (₹ 207.78 ਕਰੋੜ) ਵਸੂਲ ਨਹੀਂ ਕੀਤੀ। ਨਤੀਜੇ ਵਜੋਂ ਡਿਸਟ੍ਰੀਬਿਊਟਰੀਆਂ, ਮਾਈਨਰ ਅਤੇ ਸਬ-ਮਾਈਨਰਾਂ ਦੀ ਮੁਰੰਮਤ, ਰੱਖ-ਰਖਾਅ ਅਤੇ ਆਧੁਨਿਕੀਕਰਣ ਲਈ ₹ 184.04 ਕਰੋੜ ਦੇ ਖਰਚੇ ਨੂੰ ਰਾਜ ਦੇ ਬਜਟ ਵਿੱਚੋਂ ਪੂਰਾ ਕਰਨਾ ਪਿਆ।

***(ਪੈਰ੍ਹਾ 6.4, ਪੰਨਾ 234)***

ਮਾਣਯੋਗ ਹਾਈ ਕੋਰਟ ਦੇ ਫੈਸਲੇ ਦੀ ਪਾਲਣਾ ਵਿੱਚ ਜਲ ਸਰੋਤ ਵਿਭਾਗ ਵੱਲੋਂ ਜ਼ਮੀਨ ਮਾਲਕਾਂ ਨੂੰ ਵਧੇ ਹੋਏ ਮੁਆਵਜ਼ੇ ਦੀ ਅਦਾਇਗੀ ਵਿੱਚ 38-80 ਮਹੀਨਿਆਂ ਦੀ ਦੇਰੀ ਨਾਲ ₹ 5.67 ਕਰੋੜ ਦੇ ਵਿਆਜ ਦੇ ਕਾਰਣ ਸਰਕਾਰੀ ਖਜ਼ਾਨੇ 'ਤੇ ਟਾਲਣਯੋਗ ਬੋਝ ਪਿਆ।

***(ਪੈਰ੍ਹਾ 6.5, ਪੰਨਾ 237)***

# ਅਧਿਆਇ-I

## ਜਨਰਲ

# ਅਧਿਆਇ-I

# ਜਨਰਲ

## 1.1 ਜਾਣ-ਪਛਾਣ

ਇਹ ਰਿਪੋਰਟ ਰਾਜ ਸਰਕਾਰ ਦੇ ਵਿਭਾਗਾਂ ਦੀ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਅਤੇ ਪਾਲਣ ਲੇਖਾ ਪ੍ਰੀਖਿਆ ਤੋਂ ਪਤਾ ਲੱਗਣ ਵਾਲੇ ਮਾਮਲਿਆਂ ਨੂੰ ਕਵਰ ਕਰਦੀ ਹੈ। ਇਸ ਰਿਪੋਰਟ ਦਾ ਮੁੱਖ ਉਦੇਸ਼ ਲੇਖਾ ਪ੍ਰੀਖਿਆ ਦੇ ਮਹੱਤਵਪੂਰਨ ਨਤੀਜਿਆਂ ਨੂੰ ਵਿਧਾਨ ਸਭਾ ਦੇ ਧਿਆਨ ਵਿੱਚ ਲਿਆਉਣਾ ਹੈ। ਲੇਖਾ ਪ੍ਰੀਖਿਆ ਲੱਭਤਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਕਾਰਜਪਾਲਿਕਾ ਸੁਧਾਰਾਤਮਕ ਕਾਰਵਾਈ ਕਰਨ ਦੇ ਨਾਲ-ਨਾਲ ਨੀਤੀਆਂ ਅਤੇ ਨਿਰਦੇਸ਼ ਕਰਨ ਦੇ ਯੋਗ ਹੋਵੇਗੀ ਜਿਸ ਨਾਲ ਇਹਨਾਂ ਸੰਗਠਨਾਂ ਦੇ ਵਿੱਤੀ ਪ੍ਰਬੰਧਨ ਵਿੱਚ ਸੁਧਾਰ ਹੋਵੇਗਾ ਅਤੇ ਬਿਹਤਰ ਸ਼ਾਸਨਿਕ ਪ੍ਰਬੰਧ ਵਿੱਚ ਯੋਗਦਾਨ ਹੋਵੇਗਾ।

ਇਸ ਰਿਪੋਰਟ ਨੂੰ ਹੇਠ ਲਿਖੇ ਛੇ ਅਧਿਆਇਆਂ ਵਿੱਚ ਸੰਗਠਿਤ ਕੀਤਾ ਗਿਆ ਹੈ:

**ਅਧਿਆਇ-I** ਵਿੱਚ ਸਾਲ 2022-23 ਲਈ ਬਜਟ ਦੀ ਰੂਪ-ਰੇਖਾ ਸਮੇਤ ਰਾਜ ਸਰਕਾਰ ਦੀ ਸੰਖੇਪ ਰੂਪ-ਰੇਖਾ, ਲੇਖਾ ਪ੍ਰੀਖਿਆ ਲਈ ਅਧਿਕਾਰ, ਲੇਖਾ ਪ੍ਰੀਖਿਆ ਦਾ ਅਧਿਕਾਰ ਖੇਤਰ, ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ, ਸਰਕਾਰ ਦਾ ਨਿਰੀਖਣ ਰਿਪੋਰਟਾਂ, ਵੱਖ-ਵੱਖ ਟਿੱਪਣੀਆਂ/ਪੈਰ੍ਹਿਆਂ ਨਾਮਕ ਵੱਖ-ਵੱਖ ਲੇਖਾ ਪ੍ਰੀਖਿਆ ਉਤਪਾਦਾਂ ਵੱਲ ਹੁੰਗਾਰਾ ਅਤੇ ਲੇਖਾ ਪ੍ਰੀਖਿਆ ਰਿਪੋਰਟਾਂ 'ਤੇ ਪੈਰਵ੍ਹੀ ਲਈ ਕੀਤੀ ਗਈ ਕਾਰਵਾਈ ਸ਼ਾਮਲ ਹੈ।

**ਅਧਿਆਇ-II** ਵਿੱਚ 'ਈ-ਖਰੀਦ ਦੀ ਸੂਚਨਾ ਪ੍ਰਣਾਲੀਆਂ 'ਤੇ ਲੇਖਾ ਪ੍ਰੀਖਿਆ' 'ਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਰਿਪੋਰਟ ਸ਼ਾਮਲ ਹੈ।

**ਅਧਿਆਇ-III** ਵਿੱਚ 'ਪੰਜਾਬ ਵਿੱਚ ਸਕੂਲੀ ਸਿੱਖਿਆ ਦੀ ਗੁਣਵੱਤਾ' 'ਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਰਿਪੋਰਟ ਸ਼ਾਮਲ ਹੈ।

**ਅਧਿਆਇ-IV** ਵਿੱਚ 'ਜੇਲ੍ਹਾਂ ਵਿੱਚ ਕੈਦੀਆਂ ਲਈ ਬੁਨਿਆਦੀ ਸਹੂਲਤਾਂ' 'ਤੇ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ ਰਿਪੋਰਟ ਸ਼ਾਮਲ ਹੈ।

**ਅਧਿਆਇ-V** ਵਿੱਚ 'ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਕੰਮਕਾਜ' 'ਤੇ ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ ਰਿਪੋਰਟ ਸ਼ਾਮਲ ਹੈ।

**ਅਧਿਆਇ-VI** ਵਿੱਚ ਵਿਭਾਗਾਂ ਦੀ ਪਾਲਣ ਲੇਖਾ ਪ੍ਰੀਖਿਆ ਨਾਲ ਸਬੰਧਤ ਵੱਖ-ਵੱਖ ਟਿੱਪਣੀਆਂ ਸ਼ਾਮਲ ਹਨ।

## 1.2 ਬਜਟ ਦੀ ਰੂਪ-ਰੇਖਾ

ਰਾਜ ਵਿੱਚ 42 ਵਿਭਾਗ[1] ਅਤੇ 57 ਖੁਦਮੁਖਤਿਆਰ ਸੰਗਠਨ ਹਨ। 2018-2023 ਦੌਰਾਨ ਬਜਟ ਅਨੁਮਾਨ ਅਤੇ ਰਾਜ ਸਰਕਾਰ ਵੱਲੋਂ ਕੀਤੇ ਗਏ ਅਸਲ ਖਰਚਿਆਂ ਦੀ ਸਥਿਤੀ **ਸਾਰਣੀ 1.1** ਵਿੱਚ ਦਿੱਤੀ ਗਈ ਹੈ।

**ਸਾਰਣੀ 1.1: 2018-2023 ਦੌਰਾਨ ਰਾਜ ਦੇ ਬਜਟ ਅਨੁਮਾਨ ਅਤੇ ਅਸਲ ਖਰਚਾ**

*(₹ ਕਰੋੜ ਵਿੱਚ)*

| ਖਰਚਾ | 2018-19 | | 2019-20 | | 2020-21 | | 2021-22 | | 2022-23 | |
|---|---|---|---|---|---|---|---|---|---|---|
| | ਬਜਟ ਅਨੁਮਾਨ | ਅਸਲ | ਬਜਟ ਅਨੁਮਾਨ | ਅਸਲ | ਬਜਟ ਅਨੁਮਾਨ | ਅਸਲ | ਬਜਟ ਅਨੁਮਾਨ | ਅਸਲ | ਬਜਟ ਅਨੁਮਾਨ | ਅਸਲ |
| **ਰੈਵੀਨਿਊ ਖਰਚਾ** | | | | | | | | | | |
| ਜਨਰਲ ਸੇਵਾਵਾਂ | 37,493.10 | 36,930.51 | 39,449.00 | 38,614.35 | 43,540.25 | 43,253.01 | 47,421.79 | 47,239.77 | 53,617.47 | 54,002.90 |
| ਸਮਾਜਿਕ ਸੇਵਾਵਾਂ | 20,097.54 | 18,320.37 | 21,878.19 | 19,483.85 | 24,982.03 | 21,674.90 | 29,329.73 | 25,334.31 | 31,046.22 | 28,849.10 |
| ਆਰਥਿਕ ਸੇਵਾਵਾਂ | 21,185.35 | 17,888.17 | 18,754.94 | 14,551.12 | 17,532.96 | 15,445.40 | 20,944.10 | 20,203.74 | 27,801.13 | 26,996.39 |
| ਸਹਾਇਤਾ ਗ੍ਰਾਂਟਾਂ ਅਤੇ ਯੋਗਦਾਨ | 3,541.98 | 2,264.66 | 6,519.95 | 3,210.32 | 6,717.05 | 5,971.31 | 4,749.91 | 3,858.69 | 4,989.16 | 3,812.28 |
| **ਜੋੜ** | **82,317.97** | **75,403.71** | **86,602.08** | **75,859.64** | **92,772.29** | **86,344.62** | **1,02,445.53** | **96,636.51** | **1,17,453.98** | **1,13,660.67** |
| ਪੂੰਜੀਗਤ ਖਰਚਾ | 4,871.57 | 2,412.24 | 19,641.30 | 17,827.73 | 6,821.68 | 4,382.32 | 10,078.80 | 8,009.98 | 8,513.20 | 6,667.21 |
| ਵੰਡੇ ਗਏ ਕਰਜ਼ੇ ਅਤੇ ਪੇਸ਼ਗੀਆਂ | 1,602.64 | 1,361.05 | 820.87 | 783.88 | 923.63 | 955.79 | 1,592.76 | 1,575.81 | 1,412.14 | 1,381.67 |
| ਜਨਤਕ ਕਰਜ਼ੇ ਦੀ ਵਾਪਸੀ (ਵੇਅਜ਼ ਅਤੇ ਮੀਨਜ਼ ਪੇਸ਼ਗੀਆਂ ਸਮੇਤ) | 38,623.32 | 37,770.93 | 44,632.68 | 39,573.90 | 39,482.08 | 34,633.53 | 22,358.95 | 19,278.55 | 59,946.00 | 58,375.71 |
| ਅਚੇਤ ਫੰਡ | 0.00 | 0.00 | 0.00 | 0.00 | 0.00 | 0.00 | 0.00 | 0.00 | 0.00 | 0.00 |
| ਲੋਕ ਲੇਖੇ ਦੀਆਂ ਵੰਡਾਂ * | 18,282.51 | 62,271.76 | 16,014.61 | 64,328.24 | 59,068.32 | 74,470.97 | 91,442.87 | 87,659.49 | 81,881.10 | 97,620.01 |
| ਅੰਤਿਮ ਕੈਸ਼ ਬਕਾਇਆ | -- | 1,324.83 | -- | 2,125.06 | -- | 9,247.83 | -- | 6,871.64 | -- | 9,009.46 |
| **ਜੋੜ** | **63,380.04** | **1,05,140.81** | **81,109.46** | **2,76,358.09** | **1,06,295.71** | **1,23,690.44** | **1,25,473.38** | **1,23,395.47** | **1,51,752.44** | **1,73,054.06** |
| **ਕੁੱਲ ਜੋੜ** | **1,45,698.01** | **1,80,544.52** | **1,67,711.54** | **2,00,498.45** | **1,99,068.00** | **2,10,035.06** | **2,27,918.91** | **2,20,031.98** | **2,69,206.42** | **2,86,714.73** |

*ਸ੍ਰੋਤ: ਪੰਜਾਬ ਸਰਕਾਰ ਦੇ ਬਜਟ ਦੀਆਂ ਸਾਲਾਨਾ ਵਿੱਤੀ ਵਿਵਰਣੀਆਂ ਅਤੇ ਵਿਆਖਿਆਤਮਕ ਮੈਮੋਰੰਡਮ*

** ਕੈਸ਼ ਬਕਾਏ ਦੇ ਨਿਵੇਸ਼ ਅਤੇ ਚੈਸਟਾਂ ਵਿੱਚ ਵਿਭਾਗੀ ਕੈਸ਼ ਅਤੇ ਭਾਰਤੀ ਰਿਜ਼ਰਵ ਬੈਂਕ ਵਿੱਚ ਜਮ੍ਹਾਂ ਰਕਮ ਨੂੰ ਛੱਡ ਕੇ।*

ਮਿਆਦ 2022-23 ਦੌਰਾਨ ₹ 2,69,206.42 ਕਰੋੜ ਦੇ ਕੁੱਲ ਬਜਟ ਆਊਟਲੇਅ ਦੇ ਮੁਕਾਬਲੇ ਸਾਧਨਾਂ ਦੀ ਵਰਤੋਂ ₹ 2,86,714.73 ਕਰੋੜ ਸੀ। 2018-19 ਤੋਂ 2022-23 ਦੀ ਮਿਆਦ ਦੌਰਾਨ ਸੂਬੇ ਦਾ ਕੁੱਲ ਖਰਚਾ[2] ₹ 79,177 ਕਰੋੜ ਤੋਂ 53.72 *ਪ੍ਰਤੀਸ਼ਤ* ਵਧ ਕੇ ₹ 1,21,710 ਕਰੋੜ ਹੋ ਗਿਆ। ਰਾਜ ਦਾ ਰੈਵੀਨਿਊ ਖਰਚਾ 2018-19 ਦੇ ₹ 75,404 ਕਰੋੜ ਤੋਂ 50.74 *ਪ੍ਰਤੀਸ਼ਤ* ਨਾਲ ਵਧ ਕੇ 2022-23 ਵਿੱਚ ₹ 1,13,661 ਕਰੋੜ ਅਤੇ ਪੂੰਜੀਗਤ ਖਰਚਾ 2018-19 ਦੇ ₹ 2,412 ਕਰੋੜ ਤੋਂ 176.41 *ਪ੍ਰਤੀਸ਼ਤ* ਵਧ ਕੇ 2022-23 ਵਿੱਚ ₹ 6,667 ਕਰੋੜ ਹੋ ਗਿਆ।

---

1 ਸਮਾਜਿਕ, ਜਨਰਲ ਅਤੇ ਆਰਥਿਕ ਵਿਭਾਗ (ਰੈਵੀਨਿਊ ਵਿਭਾਗਾਂ ਅਤੇ ਜਨਤਕ ਖੇਤਰ ਦੇ ਅਦਾਰਿਆਂ ਤੋਂ ਇਲਾਵਾ)।

2 ਕੁੱਲ ਰੈਵੀਨਿਊ ਖਰਚਾ ਪੂੰਜੀਗਤ ਖਰਚਾ ਅਤੇ ਕਰਜ਼ੇ 'ਤੇ ਪੇਸ਼ਗੀਆਂ ਦਾ ਜੋੜ।

ਹਾਲਾਂਕਿ, ਪਿਛਲੇ ਮਿਆਦ ਦੀ ਤੁਲਨਾ ਵਿੱਚ, ਰੈਵੀਨਿਊ ਚਰਚ ਵਿੱਚ 17.62 *ਪ੍ਰਤੀਸ਼ਤ* ਦਾ ਵਾਧਾ ਹੋਇਆ ਹੈ, ਜਦੋਂ ਕਿ ਪੰਜੀਗਤ ਖਰਚ ਵਿੱਚ 16.76 *ਪ੍ਰਤੀਸ਼ਤ* ਦੀ ਗਿਰਾਵਟ ਆਈ ਸੀ। 2018-2023 ਦੌਰਾਨ ਰੈਵੀਨਿਊ ਖਰਚਾ ਕੁੱਲ ਖਰਚੇ ਦਾ 80 ਅਤੇ 95 *ਪ੍ਰਤੀਸ਼ਤ* ਦੀ ਰੇਂਜ ਵਿਚਕਾਰ ਸੀ, ਜਦੋਂ ਕਿ ਪੂੰਜੀਗਤ ਖਰਚਾ ਤਿੰਨ ਅਤੇ ਅੱਠ *ਪ੍ਰਤੀਸ਼ਤ* ਦੇ ਵਿਚਕਾਰ ਸੀ, ਸਿਵਾਏ ਮਿਆਦ 2019-20 ਦੇ ਜਦੋਂਕਿ ਇਹ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ ਵਿੱਚ ₹ 15,628 ਕਰੋੜ ਦੇ ਉਜਵਲ ਡਿਸਕਾਮ ਐਸ਼ੋਰੈਂਸ ਯੋਜਨਾ (ਯੂ ਡੀ ਏ ਵਾਈ) ਕਰਜ਼ਿਆਂ ਨੂੰ ਇਕੁਇਟੀ ਪੂੰਜੀ ਵਿੱਚ ਬਦਲੇ ਜਾਣ ਕਾਰਣ 19 *ਪ੍ਰਤੀਸ਼ਤ* ਸੀ।

2018-19 ਤੋਂ 2022-23 ਦੌਰਾਨ ਰੈਵੀਨਿਊ ਖਰਚਾ 13 *ਪ੍ਰਤੀਸ਼ਤ* ਦੀ ਸਾਲਾਨਾ ਔਸਤਨ ਵਿਕਾਸ ਦਰ ਨਾਲ ਵਧਿਆ, ਜਦੋਂ ਕਿ ਰੈਵੀਨਿਊ ਪ੍ਰਾਪਤੀਆਂ 11 *ਪ੍ਰਤੀਸ਼ਤ* ਦੀ ਸਾਲਾਨਾ ਔਸਤਨ ਦਰ ਨਾਲ ਵੱਧ ਗਈਆਂ।

## 1.3 ਲੇਖਾ ਪ੍ਰੀਖਿਆ ਲਈ ਅਧਿਕਾਰ

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਨੂੰ ਲੇਖਾ ਪ੍ਰੀਖਿਆ ਦਾ ਅਧਿਕਾਰ ਭਾਰਤ ਦੇ ਸੰਵਿਧਾਨ ਦੇ ਅਨੁਛੇਦ 149 ਅਤੇ 151 ਅਤੇ ਸੀ ਏ ਜੀ ਦੇ (ਫਰਜ਼, ਸ਼ਕਤੀਆਂ ਅਤੇ ਸੇਵਾ ਦੀਆਂ ਸ਼ਰਤਾਂ) ਐਕਟ, 1971 (ਡੀ ਪੀ ਸੀ ਐਕਟ) ਤੋਂ ਪ੍ਰਾਪਤ ਹੈ। ਡੀ ਪੀ ਸੀ ਐਕਟ ਦੇ ਸੈਕਸ਼ਨ 13[3] ਅਧੀਨ ਸੀ ਏ ਜੀ ਰਾਜ ਸਰਕਾਰ ਦੇ ਵਿਭਾਗਾਂ ਦੇ ਖਰਚੇ ਦੀ ਲੇਖਾ ਪ੍ਰੀਖਿਆ ਕਰਦਾ ਹੈ। ਇਸ ਤੋਂ ਇਲਾਵਾ ਸੀ ਏ ਜੀ ਹੋਰ ਖੁਦਮੁਖਤਿਆਰ ਸੰਗਠਨਾਂ, ਜਿਨ੍ਹਾਂ ਨੂੰ ਸਰਕਾਰ ਦੁਆਰਾ ਚੋਖਾ ਵਿੱਤ ਦਿੱਤਾ ਜਾਂਦਾ ਹੈ ਦੀ ਲੇਖਾ ਪ੍ਰੀਖਿਆ ਡੀ ਪੀ ਸੀ ਐਕਟ ਦੇ ਸੈਕਸ਼ਨ 14[4] ਅਧੀਨ ਕਰਦਾ ਹੈ। ਸੀ ਏ ਜੀ ਦੇ ਡੀ ਪੀ ਸੀ ਐਕਟ ਦਾ ਸੈਕਸ਼ਨ 16 ਸੀ ਏ ਜੀ ਨੂੰ ਭਾਰਤ ਸਰਕਾਰ, ਹਰ ਰਾਜ ਅਤੇ ਵਿਧਾਨ ਸਭਾ ਵਾਲੇ ਹਰ ਸੰਘੀ ਖੇਤਰ ਦੀ ਸਰਕਾਰ ਦੀਆਂ ਸਾਰੀਆਂ ਧਨ ਪ੍ਰਾਪਤੀਆਂ (ਰੈਵੀਨਿਊ ਅਤੇ ਪੂੰਜੀਗਤ ਦੋਵੇਂ) ਦੀ ਲੇਖਾ ਪ੍ਰੀਖਿਆ ਕਰਨ ਦਾ ਅਤੇ ਆਪਣੇ ਆਪ ਨੂੰ ਇਹ ਸੁਨਿਸ਼ਚਿਤ ਕਰਨ ਦਾ ਅਧਿਕਾਰ ਦਿੰਦਾ ਹੈ ਕਿ ਰੈਵੀਨਿਊ ਦਾ ਨਿਰਧਾਰਨ, ਉਗਰਾਹੀ ਅਤੇ ਉਚਿਤ ਵੰਡ ਦੀ ਅਸਰਦਾਰ ਜਾਂਚ ਕਰਨ ਲਈ ਨਿਯਮ ਅਤੇ ਪ੍ਰਕਿਰਿਆਵਾਂ ਬਣਾਈਆਂ ਗਈਆਂ ਹਨ ਅਤੇ ਇਨ੍ਹਾਂ ਦੀ ਬਕਾਇਦਾ ਪਾਲਣਾ ਕੀਤੀ ਜਾਂਦੀ ਹੈ। ਵੱਖ-ਵੱਖ ਤਰ੍ਹਾਂ ਦੀ ਲੇਖਾ ਪ੍ਰੀਖਿਆ ਲਈ ਸਿਧਾਂਤ ਅਤੇ ਵਿਧੀਆਂ, ਭਾਰਤੀ ਲੇਖਾ ਪ੍ਰੀਖਿਆ ਅਤੇ ਲੇਖਾ ਵਿਭਾਗ ਦੁਆਰਾ ਜਾਰੀ ਲੇਖਾ ਪ੍ਰੀਖਿਆ ਅਤੇ ਲੇਖੇ (ਸੋਧਾਂ) ਨਿਯਮਤਾਵਾਂ, 2020 ਅਤੇ ਲੇਖਾ ਪ੍ਰੀਖਿਆ ਮਿਆਰਾਂ ਵਿੱਚ ਨਿਰਧਾਰਤ ਕੀਤੀਆਂ ਗਈਆਂ ਹਨ।

---

[3] (i) ਰਾਜ ਦੇ ਸੰਚਿਤ ਫੰਡ ਤੋਂ ਸਾਰੇ ਖਰਚੇ; (ii) ਅਚੇਤ ਫੰਡਾਂ ਅਤੇ ਲੋਕ ਲੇਖੇ ਨਾਲ ਸਬੰਧਤ ਸਾਰੇ ਵਿੱਤੀ ਲੈਣ-ਦੇਣ; ਅਤੇ (iii) ਸਾਰੇ ਵਪਾਰਕ, ਨਿਰਮਾਣ, ਲਾਭ ਅਤੇ ਹਾਨੀ ਲੇਖੇ, ਬੈਲੈਂਸ ਸ਼ੀਟਾਂ ਅਤੇ ਹੋਰ ਸਹਾਇਕ ਲੇਖਿਆਂ ਦੀ ਲੇਖਾ ਪ੍ਰੀਖਿਆ।

[4] ਕਈ ਗੈਰ-ਵਣਜੀ ਖੁਦਮੁਖਤਿਆਰ/ਅਰਧ-ਖੁਦਮੁਖਤਿਆਰ ਸੰਗਠਨ, ਜਿਨ੍ਹਾਂ ਨੂੰ ਰੁਜ਼ਗਾਰ ਜਨਰੇਟ ਕਰਨ, ਗਰੀਬੀ ਘੱਟ ਕਰਨ, ਸਾਖਰਤਾ ਦੇ ਫੈਲਾਅ, ਸਭ ਲਈ ਸਿਹਤ ਅਤੇ ਬਿਮਾਰੀਆਂ ਦੀ ਰੋਕਥਾਮ, ਵਾਤਾਵਰਣ, ਆਦਿ ਲਈ ਸਥਾਪਤ ਕੀਤਾ ਗਿਆ ਹੈ ਅਤੇ ਸਰਕਾਰ ਦੁਆਰਾ ਚੋਖਾ ਵਿੱਤ ਦਿੱਤਾ ਗਿਆ ਹੈ, ਦੀ ਸੈਕਸ਼ਨ 14 ਅਧੀਨ ਲੇਖਾ ਪ੍ਰੀਖਿਆ ਕੀਤੀ ਜਾਂਦੀ ਹੈ।

## 1.4 ਲੇਖਾ ਪ੍ਰੀਖਿਆ ਦੀ ਯੋਜਨਾਬੰਦੀ ਅਤੇ ਸੰਚਾਲਨ

ਲੇਖਾ ਪ੍ਰੀਖਿਆ ਦੀ ਪ੍ਰਕਿਰਿਆ, ਵੱਖ-ਵੱਖ ਵਿਭਾਗਾਂ, ਖੁਦਮੁਖਤਿਆਰ ਸੰਗਠਨਾਂ, ਸਕੀਮਾਂ/ਪ੍ਰੋਜੈਕਟਾਂ ਦੇ ਜੋਖਮ ਦੇ ਨਿਰਧਾਰਨ ਕਰਨ ਨਾਲ ਸ਼ੁਰੂ ਹੁੰਦੀ ਹੈ ਜਿਸ ਵਿੱਚ ਗਤੀਵਿਧੀਆਂ ਦੀ ਮਹੱਤਤਾ/ਪੇਚੀਦਗੀ, ਅੱਗੇ ਸੌਂਪੀਆਂ ਗਈਆਂ ਵਿੱਤੀ ਸ਼ਕਤੀਆਂ ਦਾ ਪੱਧਰ, ਅੰਦਰੂਨੀ ਕੰਟਰੋਲ ਅਤੇ ਸਟੇਕਹੋਲਡਰਾਂ ਦੀਆਂ ਚਿੰਤਾਵਾਂ ਅਤੇ ਪਿਛਲੀਆਂ ਲੇਖਾ ਪ੍ਰੀਖਿਆ ਲੱਭਤਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਨਿਰਧਾਰਤ ਕੀਤੇ ਗਏ ਇਸ ਜੋਖਮ ਦੇ ਆਧਾਰ ਤੇ ਲੇਖਾ ਪ੍ਰੀਖਿਆ ਦਾ ਦਾਇਰਾ ਤੈਅ ਕੀਤਾ ਜਾਂਦਾ ਹੈ ਅਤੇ ਇੱਕ ਸਲਾਨਾ ਲੇਖਾ ਪ੍ਰੀਖਿਆ ਯੋਜਨਾ ਬਣਾਈ ਜਾਂਦੀ ਹੈ।

ਲੇਖਾ ਪ੍ਰੀਖਿਆ ਮੁਕੰਮਲ ਹੋਣ ਤੋਂ ਬਾਅਦ ਲੇਖਾ ਪ੍ਰੀਖਿਆ ਲੱਭਤਾਂ ਵਾਲੀ ਇੱਕ ਨਿਰੀਖਣ ਰਿਪੋਰਟ, ਦਫਤਰ ਦੇ ਮੁਖੀ ਨੂੰ ਚਾਰ ਹਫ਼ਤਿਆਂ ਵਿੱਚ ਉੱਤਰ ਦੇਣ ਲਈ ਭੇਜੀ ਜਾਂਦੀ ਹੈ। ਜਦੋਂ ਉੱਤਰ ਪ੍ਰਾਪਤ ਹੁੰਦੇ ਹਨ ਤਾਂ ਜਾਂ ਤਾਂ ਲੇਖਾ ਪ੍ਰੀਖਿਆ ਲੱਭਤਾਂ ਦਾ ਨਿਪਟਾਰਾ ਕਰ ਦਿੱਤਾ ਜਾਂਦਾ ਹੈ ਜਾਂ ਅੱਗੇ ਪਾਲਣਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਇਨ੍ਹਾਂ ਨਿਰੀਖਣ ਰਿਪੋਰਟਾਂ ਵਿੱਚ ਧਿਆਨ ਵਿੱਚ ਲਿਆਂਦੀਆਂ ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ, ਜਿਹੜੀਆਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਧੀਨ ਪੰਜਾਬ ਦੇ ਰਾਜਪਾਲ ਨੂੰ ਪੇਸ਼ ਕੀਤੀਆਂ ਜਾਦੀਆਂ ਹਨ, ਵਿੱਚ ਸ਼ਾਮਲ ਕਰਨ ਲਈ ਕਾਰਵਾਈ ਕੀਤੀ ਜਾਂਦੀ ਹੈ।

2022-23 ਦੌਰਾਨ ਰਾਜ ਦੀਆਂ 2,259 ਇਕਾਈਆਂ (ਲਾਗੂ ਕਰਨ ਵਾਲੀਆਂ ਇਕਾਈਆਂ ਸਮੇਤ) ਦੀ ਪਾਲਣ ਲੇਖਾ ਪ੍ਰੀਖਿਆ ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ ਦੇ ਦਫਤਰ ਵੱਲੋਂ ਕੀਤੀ ਗਈ ਸੀ। 2022-23 ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਨਿਰੀਖਣ ਰਿਪੋਰਟਾਂ ਰਾਹੀਂ ਧਿਆਨ ਵਿੱਚ ਲਿਆਂਦੇ ਜਾਣ ਤੋਂ ਬਾਅਦ ₹ 24.48 ਕਰੋੜ ਦੀ ਰਾਸ਼ੀ ਦੀ ਵਸੂਲੀ ਕੀਤੀ ਗਈ ਸੀ।

## 1.5 ਲੇਖਾ ਪ੍ਰੀਖਿਆ ਵੱਲ ਸਰਕਾਰ ਦੇ ਹੁੰਗਾਰੇ ਦੀ ਘਾਟ

ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ) ਪੰਜਾਬ ਦੁਆਰਾ ਵਿੱਤੀ ਲੈਣ ਦੇਣ ਦੀ ਨਮੂਨਾ ਜਾਂਚ ਕਰਨ ਅਤੇ ਨਿਯਮਾਂ ਅਤੇ ਕਾਰਜ-ਵਿਧੀਆਂ ਵਿੱਚ ਨਿਰਧਾਰਤ ਕੀਤੇ ਗਏ ਅਨੁਸਾਰ ਮਹੱਤਵਪੂਰਨ ਲੇਖਿਆਂ ਅਤੇ ਹੋਰ ਰਿਕਾਰਡ ਦੇ ਰੱਖ-ਰਖਾਅ ਦੀ ਜਾਂਚ ਕਰਨ ਲਈ ਸਮੇਂ ਸਮੇਂ ਤੇ ਸਰਕਾਰੀ ਵਿਭਾਗਾਂ ਦਾ ਨਿਰੀਖਣ ਕੀਤਾ ਜਾਂਦਾ ਹੈ। ਇਨ੍ਹਾਂ ਨਿਰੀਖਣਾਂ ਤੋਂ ਬਾਅਦ ਨਿਰੀਖਣ ਦੌਰਾਨ ਪਤਾ ਲਗੀਆਂ ਅਜਿਹੀਆਂ ਅਨਿਯਮਤਾਵਾਂ, ਜਿਨ੍ਹਾਂ ਦਾ ਮੌਕੇ ਤੇ ਨਿਪਟਾਨ ਨਹੀਂ ਹੁੰਦਾ, ਨੂੰ ਦਰਸਾਉਂਦੀਆਂ ਨਿਰੀਖਣ ਰਿਪੋਰਟਾਂ (ਆਈ ਆਰ) ਨਿਰੀਖਣ ਕੀਤੇ ਦਫ਼ਤਰਾਂ ਦੇ ਮੁਖੀਆਂ ਨੂੰ ਅਤੇ ਉਨ੍ਹਾਂ ਤੋਂ ਵੱਡੇ ਅਧਿਕਾਰੀਆਂ ਨੂੰ ਤੁਰੰਤ ਸੋਧਮਈ ਕਾਰਵਾਈ ਕਰਨ ਲਈ ਜਾਰੀ ਕੀਤੀਆਂ ਜਾਂਦੀਆ ਹਨ।

ਆਈ ਆਰਜ਼ ਪ੍ਰਾਪਤ ਹੋਣ ਦੀ ਮਿਤੀ ਤੋਂ ਚਾਰ ਹਫਤਿਆਂ ਦੇ ਅੰਦਰ ਦਫਤਰਾਂ ਦੇ ਮੁਖੀਆਂ ਵੱਲੋਂ ਆਈ ਆਰਜ਼ ਵਿੱਚ ਸ਼ਾਮਲ ਲੇਖਾ ਪ੍ਰੀਖਿਆ ਟਿੱਪਣੀਆਂ ਦਾ ਜਾਵਬ ਦੇਣ ਦੀ ਲੋੜ ਹੁੰਦੀ ਹੈ। ਗੰਭੀਰ ਵਿੱਤੀ ਬੇਨਿਯਮੀਆਂ ਦੀ ਰਿਪੋਰਟ ਵਿਭਾਗ ਦੇ ਮੁਖੀਆਂ ਅਤੇ ਸਰਕਾਰ ਨੂੰ ਕੀਤੀ ਜਾਂਦੀ ਹੈ।

ਜੂਨ 2023 ਤੱਕ, ਮੁੱਦਰਾ ਮੁੱਲ ₹ 79,727.63 ਕਰੋੜ ਵਾਲੀਆਂ 64,482 ਟਿੱਪਣੀਆਂ ਵਾਲੀਆਂ 17,844 ਨਿਰੀਖਣ ਰਿਪੋਰਟਾਂ (ਮਾਰਚ 2023 ਤੱਕ ਜਾਰੀ ਕੀਤੀਆਂ ਗਈਆਂ) ਬਕਾਇਆ ਸਨ, ਜਿਨ੍ਹਾਂ ਵਿੱਚੋਂ ਮੁੱਦਰਾ ਮੁੱਲ ₹ 22,016.72 ਕਰੋੜ ਵਾਲੀਆਂ 33,852 ਟਿੱਪਣੀਆਂ ਵਾਲੀਆਂ 11,518 ਨਿਰੀਖਣ ਰਿਪੋਰਟਾਂ ਅਪ੍ਰੈਲ 2018 ਤੋਂ ਪਹਿਲਾਂ ਦੇ ਸਮੇਂ ਨਾਲ ਸਬੰਧਤ ਸਨ *ਭਾਵ* ਪੰਜ ਸਾਲਾਂ ਤੋਂ ਵੱਧ ਪੁਰਾਣੀਆਂ ਸਨ। ਲੇਖਾ ਪ੍ਰੀਖਿਆ ਟਿੱਪਣੀਆਂ ਦੇ ਵੱਧਦੇ ਬਕਾਏ ਵੱਲ ਲੇਖਾ ਪ੍ਰੀਖਿਆ

ਦੁਆਰਾ ਉਠਾਏ ਗਏ ਮੁੱਦਿਆਂ ਨੂੰ ਹੱਲ ਕਰਨ ਲਈ ਸਰਕਾਰ ਦੇ ਤੁਰੰਤ ਧਿਆਨ ਦੇਣ ਦੀ ਲੋੜ ਹੈ।

**ਸਾਰਣੀ 1.2: ਬਕਾਇਆ ਨਿਰੀਖਣ ਰਿਪੋਰਟਾਂ/ਟਿੱਪਣੀਆਂ**

| ਵੇਰਵੇ | ਅਪ੍ਰੈਲ 2018 ਤੋਂ ਪਹਿਲਾਂ | 2018-19 | 2019-20 | 2020-21 | 2021-22 | 2022-23 | ਜੋੜ |
|---|---|---|---|---|---|---|---|
| ਨਿਰੀਖਣ ਰਿਪੋਰਟਾਂ | 11,518 | 1,366 | 1,346 | 783 | 1,935 | 896 | **17,844** |
| ਟਿੱਪਣੀਆਂ | 33,852 | 6,597 | 7,071 | 4,541 | 5,991 | 6,430 | **64,482** |
| ਮੁੱਦਰਾ ਮੁੱਲ (₹ ਕਰੋੜ ਵਿੱਚ) | **22,016.72** | **18,223.98** | **10,327.74** | **12,629.01** | **7,980.97** | **8,549.21** | **79,727.63** |

*ਸ੍ਰੋਤ: ਦਫਤਰੀ ਰਿਕਾਰਡ*

ਲੇਖਾ ਪ੍ਰੀਖਿਆ ਦਾ ਮੰਤਵ ਇਹ ਜਾਂਚ ਕਰਨਾ ਹੈ ਕਿ ਨਿਰਧਾਰਤ ਨਿਯਮਾਂ, ਕਾਨੂੰਨਾਂ ਅਤੇ ਪ੍ਰਕਿਰਿਆਵਾਂ ਦੀ ਪਾਲਣਾ ਹੋ ਰਹੀ ਹੈ ਅਤੇ ਪਾਲਣਾ ਨਾ ਕੀਤੇ ਜਾਣ, ਵਿਵਸਥਾ ਦੀਆਂ ਕਮਜ਼ੋਰੀਆਂ ਅਤੇ ਅਸਫ਼ਲਤਾਵਾਂ ਦੇ ਮਾਮਲਿਆਂ ਨੂੰ ਉਜਾਗਰ ਕਰਨਾ ਹੈ। ਆਈ ਆਰਜ਼ ਅਤੇ ਲੇਖਾ ਪ੍ਰੀਖਿਆ ਟਿੱਪਣੀਆਂ ਦਾ ਵੱਡੀ ਸੰਖਿਆ ਵਿੱਚ ਬਕਾਇਆ, ਲੇਖਾ ਪ੍ਰੀਖਿਆ ਟਿੱਪਣੀਆਂ ਵੱਲ ਨਾਕਾਫ਼ੀ ਹੁੰਗਾਰੇ ਨੂੰ ਦਰਸਾਉਂਦਾ ਹੈ। ਇਨ੍ਹਾਂ ਲੇਖਾ ਪ੍ਰੀਖਿਆ ਟਿੱਪਣੀਆਂ ਤੇ ਕਾਰਵਾਈ ਦੀ ਘਾਟ ਜਵਾਬਦੇਹੀ ਨੂੰ ਕਮਜ਼ੋਰ ਕਰਦੀ ਹੈ ਅਤੇ ਰੈਵੀਨਿਊ ਦੇ ਨੁਕਸਾਨ ਦਾ ਜੋਖਮ ਖੜਾ ਕਰਦੀ ਹੈ। ਲੇਖਾ ਪ੍ਰੀਖਿਆ ਟਿੱਪਣੀਆਂ ਦਾ ਵਧ ਰਿਹਾ ਬਕਾਇਆ, ਲੇਖਾ ਪ੍ਰੀਖਿਆ ਦੁਆਰਾ ਉਠਾਏ ਗਏ ਮਾਮਲਿਆਂ ਨੂੰ ਹੱਲ ਕਰਨ ਵੱਲ ਧਿਆਨ ਦੇਣ ਦੀ ਮਹੱਤਤਾ ਨੂੰ ਦਰਸਾਉਂਦਾ ਹੈ। ਵਿਭਾਗੀ ਅਫਸਰ ਆਈ ਆਰਜ਼ ਵਿੱਚ ਸ਼ਾਮਲ ਟਿੱਪਣੀਆਂ ਤੇ ਨਿਰਧਾਰਤ ਸਮਾਂ-ਸੀਮਾ ਵਿੱਚ ਕਾਰਵਾਈ ਕਰਨ ਜੋ ਸਮੁੱਚੀ ਜਵਾਬਦੇਹੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਲੇਖਾ ਪ੍ਰੀਖਿਆ ਟਿੱਪਣੀਆਂ ਵੱਲ ਸਰਕਾਰ ਨੂੰ ਤੁਰੰਤ ਅਤੇ ਉਚਿਤ ਕਾਰਵਾਈ ਕਰਨੀ ਚਾਹੀਦੀ ਹੈ।

### 1.5.1 ਵਿਭਾਗੀ ਲੇਖਾ ਪ੍ਰੀਖਿਆ ਕਮੇਟੀ ਦੀਆਂ ਮੀਟਿੰਗਾਂ

ਸਰਕਾਰ ਨੇ ਨਿਰੀਖਣ ਰਿਪੋਰਟਾਂ ਵਿੱਚ ਸ਼ਾਮਲ ਲੇਖਾ ਪ੍ਰੀਖਿਆ ਟਿੱਪਣੀਆਂ ਦੇ ਨਿਪਟਾਰੇ ਦੀ ਪ੍ਰਗਤੀ ਦੀ ਨਿਗਰਾਨੀ ਅਤੇ ਪ੍ਰਗਤੀ ਨੂੰ ਤੇਜ ਕਰਨ ਲਈ ਵਿਭਾਗੀ ਲੇਖਾ ਪ੍ਰੀਖਿਆ ਕਮੇਟੀਆਂ ਦਾ ਗਠਨ ਕੀਤਾ ਹੈ।

ਇਥੋਂ ਤੱਕ ਕਿ 2022-23 ਦੌਰਾਨ 11 ਵਿਭਾਗਾਂ[5] ਅਧੀਨ 59 ਲੇਖਾ ਪ੍ਰੀਖਿਆ ਇਕਾਈਆਂ (ਏ ਯੂ) ਨਾਲ ਹੋਈਆਂ ਲੇਖਾ ਪ੍ਰੀਖਿਆ ਕਮੇਟੀ ਦੀਆਂ 31 ਮੀਟਿੰਗਾਂ ਵਿੱਚ ₹ 1.17 ਕਰੋੜ ਦੇ ਮੁੱਦਰਾ ਮੁੱਲ ਨਾਲ ਜੁੜੇ 131 ਲੇਖਾ ਪ੍ਰੀਖਿਆ ਟਿੱਪਣੀਆਂ ਦਾ ਨਿਪਟਾਰਾ ਕੀਤਾ ਗਿਆ।

ਸਰਕਾਰ ਨਿਯਮਤ ਅੰਤਰਾਲ ਤੇ ਸਾਰੇ ਵਿਭਾਗਾਂ ਨਾਲ ਲੇਖਾ ਪ੍ਰੀਖਿਆ ਕਮੇਟੀ ਦੀਆਂ ਬੈਠਕਾਂ ਕਰਵਾਏ ਜਾਣ ਨੂੰ ਯਕੀਨੀ ਬਣਾ ਸਕਦੀ ਹੈ।

---

[5] (i) ਪੇਂਡੂ ਵਿਕਾਸ ਅਤੇ ਪੰਚਾਇਤਾਂ (5 ਏ ਯੂਜ਼); (ii) ਜਲ ਸਪਲਾਈ ਅਤੇ ਸੈਨੀਟੇਸ਼ਨ (8 ਏ ਯੂਜ਼); (iii) ਗ੍ਰਹਿ ਮਾਮਲੇ ਅਤੇ ਨਿਆਂ (1 ਏ ਯੂ); (iv) ਚੋਣਾਂ (4 ਏ ਯੂਜ਼); (v) ਡੇਅਰੀ ਵਿਕਾਸ, ਮੱਛੀ ਪਾਲਣ ਅਤੇ ਪਸ਼ੂ ਪਾਲਣ (24 ਏ ਯੂਜ਼); (vi) ਕਿਰਤ (1 ਏ ਯੂ); (vii) ਰੁਜ਼ਗਾਰ ਉਤਪੱਤੀ ਅਤੇ ਸਿਖਲਾਈ (1 ਏ ਯੂ); (viii) ਉੱਚ ਸਿੱਖਿਆ (1ਏ ਯੂ); (ix) ਸਕੂਲ ਸਿੱਖਿਆ (1 ਏ ਯੂ); (x) ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ (1 ਏ ਯੂ); ਅਤੇ (xi) ਜਲ ਸਰੋਤ (12 ਏ ਯੂਜ਼)।

## 1.6 ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਨੂੰ ਵਿਭਾਗਾਂ ਦਾ ਹੁੰਗਾਰਾ

ਪਿਛਲੇ ਕੁਝ ਸਾਲਾਂ ਵਿੱਚ ਚੁਣੇ ਗਏ ਵਿਭਾਗਾਂ ਵਿੱਚ ਲੇਖਾ ਪ੍ਰੀਖਿਆ ਨੇ ਕਈ ਵੱਖ-ਵੱਖ ਪ੍ਰੋਗਰਾਮਾਂ/ਗਤੀਵਿਧੀਆਂ ਨੂੰ ਲਾਗੂ ਕਰਨ ਅਤੇ ਇਸ ਦੇ ਨਾਲ ਅੰਦਰੂਨੀ ਕੰਟਰੋਲਾਂ ਦੀ ਗੁਣਵੱਤਾ ਬਾਰੇ ਕਈ ਮਹੱਤਵਪੂਰਨ ਕਮੀਆਂ, ਜੋ ਕਿ ਪ੍ਰੋਗਰਾਮਾਂ ਦੀ ਸਫਲਤਾ ਅਤੇ ਵਿਭਾਗਾਂ ਦੇ ਕੰਮਕਾਜ ‘ਤੇ ਮਾੜਾ ਪ੍ਰਭਾਵ ਪਾ ਰਹੀਆਂ ਸਨ, ਦੀ ਰਿਪੋਰਟ ਕੀਤੀ ਹੈ। ਇਸ ਦਾ ਫ਼ੋਕਸ ਕਾਰਜਕਾਰੀ ਨੂੰ ਸੋਧਮਈ ਕਾਰਵਾਈ ਕਰਨ ਅਤੇ ਨਾਗਰਿਕਾਂ ਨੂੰ ਸੇਵਾ ਪ੍ਰਦਾਨ ਕਰਨ ਵਿੱਚ ਸੁਧਾਰ ਕਰਨ ਲਈ ਢੁਕਵੀਆਂ ਸਿਫਾਰਸ਼ਾਂ ਕਰਨ ਲਈ ਵਿਸ਼ੇਸ਼ ਪ੍ਰੋਗਰਾਮਾਂ/ਸਕੀਮਾਂ ਦੀ ਲੇਖਾ ਪ੍ਰੀਖਿਆ ਕਰਨਾ ਸੀ।

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਸ਼ਾਮਲ ਕਰਨ ਲਈ ਪ੍ਰਸਤਾਵਿਤ ਲੇਖਾ ਪ੍ਰੀਖਿਆ ਟਿੱਪਣੀਆਂ ਦੇ ਖਰੜੇ ਨੂੰ ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ) ਦੁਆਰਾ ਸਬੰਧਤ ਵਿਭਾਗਾਂ ਦੇ ਪ੍ਰਮੁੱਖ ਸਕੱਤਰ/ਸਕੱਤਰਾਂ ਨੂੰ ਲੇਖਾ ਪ੍ਰੀਖਿਆ ਲੱਭਤਾਂ ਵੱਲ ਉਨ੍ਹਾਂ ਦਾ ਧਿਆਨ ਦਿਵਾਉਂਦੇ ਹੋਏ ਅਤੇ ਛੇ ਹਫ਼ਤੇ ਵਿੱਚ ਆਪਣਾ ਉੱਤਰ ਭੇਜਣ ਦੀ ਬੇਨਤੀ ਕਰਦੇ ਹੋਏ, ਭੇਜਿਆ ਜਾਂਦਾ ਹੈ। ਵਿਭਾਗਾਂ/ਸਰਕਾਰ ਵਲੋਂ ਉੱਤਰਾਂ ਦੀ ਪ੍ਰਾਪਤੀ ਨਾ ਹੋਣ ਦੇ ਤੱਥ ਨੂੰ ਲੇਖਾ ਪ੍ਰੀਖਿਆ ਰਿਪੋਰਟ ਵਿੱਚ ਸ਼ਾਮਲ ਇਨ੍ਹਾਂ ਟਿੱਪਣੀਆਂ ਦੇ ਅਖੀਰ ਤੇ ਜ਼ਰੂਰ ਦਰਸਾਇਆ ਜਾਂਦਾ ਹੈ।

## 1.7 ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ

ਜਿਵੇਂ ਕਿ ਹੇਠਾਂ ਦੱਸਿਆ ਗਿਆ ਹੈ, ਲੇਖਾ ਪ੍ਰੀਖਿਆ ਰਿਪੋਰਟਾਂ ਦੀ ਪੈਰਵ੍ਹੀ ਕਰਨ ਲਈ ਕਾਰਵਾਈ ਨਾਕਾਫੀ ਪਾਈ ਗਈ ਹੈ:

### 1.7.1 ਐਕਸ਼ਨ ਟੇਕਨ ਨੋਟਸ ਨਾ ਭੇਜਣਾ

ਲੋਕ ਲੇਖਾ ਕਮੇਟੀ (ਪੀ ਏ ਸੀ) ਦੇ ਲਈ ਨਿਯਮਾਂ ਅਤੇ ਪ੍ਰਕਿਰਿਆਵਾਂ ਅਨੁਸਾਰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀਆਂ ਪਾਲਣ ਲੇਖਾ ਪ੍ਰੀਖਿਆ ਅਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਦਰਸਾਈਆਂ ਗਈਆਂ ਸਾਰੀਆਂ ਟਿੱਪਣੀਆਂ ਉੱਤੇ ਪ੍ਰਸ਼ਾਸਨਿਕ ਵਿਭਾਗਾਂ ਵੱਲੋਂ ਆਪਣੇ ਆਪ ਹੀ ਕਾਰਵਾਈ ਆਰੰਭ ਕਰ ਦੇਣੀ ਚਾਹੀਦੀ ਹੈ ਭਾਵੇਂ ਇਨ੍ਹਾਂ 'ਤੇ ਪੀ ਏ ਸੀ ਦੁਆਰਾ ਪੜਤਾਲ ਸ਼ੁਰੂ ਕੀਤੀ ਗਈ ਹੈ ਜਾਂ ਨਹੀਂ। ਉਨ੍ਹਾਂ ਵੱਲੋਂ ਕੀਤੀ ਗਈ ਜਾਂ ਕੀਤੀ ਜਾਣ ਵਾਲੀ ਪ੍ਰਸਤਾਵਿਤ ਸੋਧਮਈ ਕਾਰਵਾਈ ਨੂੰ ਦਰਸਾਉਂਦੇ ਵਿਸਥਾਰਤ ਨੋਟ ਵੀ, ਲੇਖਾ ਪ੍ਰੀਖਿਆ ਵੱਲੋਂ ਜਾਂਚ ਕਰਵਾਉਣ ਉਪਰੰਤ, ਲੇਖਾ ਪ੍ਰੀਖਿਆ ਰਿਪੋਰਟ ਦੇ ਰਾਜ ਵਿਧਾਨਸਭਾ ਨੂੰ ਪੇਸ਼ ਕਰਨ ਦੇ ਤਿੰਨ ਮਹੀਨਿਆਂ ਦੇ ਅੰਦਰ ਭੇਜਣੇ ਹੁੰਦੇ ਹਨ। ਇਨ੍ਹਾਂ ਉਪਬੰਧਾਂ ਦੇ ਬਾਵਜੂਦ ਇਨ੍ਹਾਂ ਰਿਪੋਰਟਾਂ ਦੀਆਂ ਲੇਖਾ ਪ੍ਰੀਖਿਆ ਟਿੱਪਣੀਆਂ ਨਾਲ ਸਬੰਧਤ ਵਿਆਖਿਆਤਮਕ ਨੋਟ ਭੇਜਣ ਵਿੱਚ ਅਸਾਧਰਣ ਦੇਰੀ ਕੀਤੀ ਜਾ ਰਹੀ ਸੀ।

31 ਮਾਰਚ 2024 ਤੱਕ ਸਮਾਜਿਕ, ਜਨਰਲ ਅਤੇ ਆਰਥਿਕ ਵਿਭਾਗਾਂ ਦੀਆਂ ਲੇਖਾ ਪ੍ਰੀਖਿਆ ਰਿਪੋਰਟਾਂ ਵਿੱਚ ਸ਼ਾਮਲ ਟਿੱਪਣੀਆਂ 'ਤੇ ਐਕਸ਼ਨ ਟੇਕਨ ਨੋਟਸ ਦੀ ਨਾ ਪ੍ਰਾਪਤੀ ਸਬੰਧੀ ਸਥਿਤੀ **ਸਾਰਣੀ** 1.3 ਵਿੱਚ ਦਿੱਤੀ ਗਈ ਹੈ।

**ਸਾਰਣੀ 1.3 : ਲੇਖਾ ਪ੍ਰੀਖਿਆ ਰਿਪੋਰਟ ਵਿੱਚ ਸ਼ਾਮਲ ਪੈਰ੍ਹਿਆਂ ਦੇ ਸਬੰਧ ਵਿੱਚ ਏ ਟੀ ਐਨਜ਼ ਪ੍ਰਾਪਤ ਨਾ ਹੋਣ ਦੀ ਸਥਿਤੀ**

| ਸੀ ਏ ਜੀ ਦੀ ਲੇਖਾ ਪ੍ਰੀਖਿਆ ਰਿਪੋਰਟ | ਮਿਆਦ | ਵਿਭਾਗ | ਰਾਜ ਵਿਧਾਨਪਾਲਿਕਾ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਕਰਨ ਦੀ ਮਿਤੀ | ਏ ਟੀ ਐਨਜ਼ ਪ੍ਰਾਪਤ ਹੋਣ ਦੀ ਬਣਦੀ ਮਿਤੀ | 31 ਮਾਰਚ 2024 ਨੂੰ ਬਕਾਇਆ ਏ ਟੀ ਐਨਜ਼ |
|---|---|---|---|---|---|
| ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਗੈਰ-ਪੀ ਐਸ ਯੂਜ਼) | 2016-17 | ਖੇਤੀਬਾੜੀ ਅਤੇ ਫਾਰਮਰਜ਼ ਵੈਲਫੇਅਰ | 22.03.2018 | 21.06.2018 | 1 |
| | | ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ | | | 1 |
| | | ਮਾਲੀਆ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਵਿਭਾਗ | | | 2 |
| | | ਰਿਹਾਇਸ਼ ਅਤੇ ਸ਼ਹਿਰੀ ਵਿਕਾਸ ਵਿਭਾਗ | | | 1 |
| | | ਸਮਾਜਿਕ ਨਿਆਂ ਅਤੇ ਘੱਟ ਗਿਣਤੀਆਂ ਦਾ ਸ਼ਸ਼ਤੀਕਰਨ | | | 1 |
| | 2017-18 | ਖੇਤੀਬਾੜੀ ਅਤੇ ਫਾਰਮਰਜ਼ ਵੈਲਫੇਅਰ | 27.02.2020 | 26.05.2020 | 1# |
| | | ਸਿਹਤ ਅਤੇ ਪਰਿਵਾਰ ਭਲਾਈ | | | 1 |
| | | ਗ੍ਰਹਿ ਮਾਮਲੇ ਅਤੇ ਨਿਆਂ | | | 2 |
| | | ਉਦਯੋਗ ਅਤੇ ਕਾਮਰਸ | | | 1# |
| | | ਸਾਇੰਸ ਅਤੇ ਤਕਨਾਲੋਜੀ | | | 1# |
| ਸਮਾਜਿਕ, ਜਨਰਲ, ਰੈਵੀਨਿਊ ਅਤੇ ਆਰਥਿਕ ਖੇਤਰ (ਗੈਰ-ਪੀ ਐਸ ਯੂਜ਼) | 2018-19 | ਸਿਹਤ ਅਤੇ ਪਰਿਵਾਰ ਭਲਾਈ | 29.06.2022 | 28.09.2022 | 1 |
| | | ਰਿਹਾਇਸ਼ ਅਤੇ ਸ਼ਹਿਰੀ ਵਿਕਾਸ ਵਿਭਾਗ | | | 1&<br>1 |
| | | ਅਮਲਾ | | | 1@ |
| | | ਗ੍ਰਹਿ ਮਾਮਲੇ ਅਤੇ ਨਿਆਂ | | | 1@ |
| | | ਲੋਕ ਨਿਰਮਾਣ (ਬੀ ਐਂਡ ਆਰ) | | | 1 |
| | | ਮਾਲੀਆ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਵਿਭਾਗ | | | 1 |
| | | ਸਕੂਲ ਸਿੱਖਿਆ | | | 1* |
| | | ਵਿੱਤ | | | 1*<br>1&<br>1 |
| ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ | 2019-20 | ਲੋਕ ਨਿਰਮਾਣ (ਬੀ ਐਂਡ ਆਰ) | 29.06.2022 | 28.09.2022 | 3 |
| | | ਸਮਾਜਿਕ ਸੁਰੱਖਿਆ ਅਤੇ ਔਰਤਾਂ ਅਤੇ ਬੱਚਿਆਂ ਦਾ ਵਿਕਾਸ ਵਿਭਾਗ | | | 1 |
| ਪਾਲਣ ਲੇਖਾ ਪ੍ਰੀਖਿਆ | 2020-21 | ਜਲ ਸਪਲਾਈ ਅਤੇ ਸੈਨੀਟੇਸ਼ਨ | 07.03.2023 | 06.06.2023 | 1 |
| | | ਖੇਤੀਬਾੜੀ ਅਤੇ ਫਾਰਮਰਜ਼ ਵੈਲਫੇਅਰ | | | 1 |
| | | ਲੋਕ ਨਿਰਮਾਣ (ਬੀ ਐਂਡ ਆਰ) | | | 1 |
| | | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ | | | 3 |
| | | ਜਲ ਸਰੋਤ | | | 1 |

| ਸੀ ਏ ਜੀ ਦੀ ਲੇਖਾ ਪ੍ਰੀਖਿਆ ਰਿਪੋਰਟ | ਮਿਆਦ | ਵਿਭਾਗ | ਰਾਜ ਵਿਧਾਨਪਾਲਿਕਾ ਵਿੱਚ ਲੇਖਾ ਪ੍ਰੀਖਿਆ ਰਿਪੋਰਟ ਪੇਸ਼ ਕਰਨ ਦੀ ਮਿਤੀ | ਏ ਟੀ ਐਨਜ਼ ਪ੍ਰਾਪਤ ਹੋਣ ਦੀ ਬਣਦੀ ਮਿਤੀ | 31 ਮਾਰਚ 2024 ਨੂੰ ਬਕਾਇਆ ਏ ਟੀ ਐਨਜ਼ |
|---|---|---|---|---|---|
| 'ਡਾਇਰੈਕਟ ਬੈਨੀਫਿਟ ਟਰਾਂਸਫਰ (ਕੈਸ਼ ਟਰਾਂਸਫਰ)' ਉੱਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ ਰਿਪੋਰਟ | 2022 ਦੀ ਰਿਪੋਰਟ ਨੰ.1 | ਸਮਾਜਿਕ ਸੁਰੱਖਿਆ ਅਤੇ ਔਰਤਾਂ ਅਤੇ ਬੱਚਿਆਂ ਦਾ ਵਿਕਾਸ ਵਿਭਾਗ | 29.06.2022 | 28.09.2022 | 28 |
| 'ਪੰਜਾਬ ਵਿੱਚ ਉਚੇਰੀ ਸਿੱਖਿਆ ਦੇ ਨਤੀਜੇ' ਉੱਤੇ ਕਾਰਗੁਜ਼ਾਰੀ ਲੇਖਾ ਪ੍ਰੀਖਿਆ | 2022 ਦੀ ਰਿਪੋਰਟ ਨੰ. 2 | ਉੱਚ ਸਿੱਖਿਆ | 29.06.2022 | 28.09.2022 | 31 |
| **ਜੋੜ** | | | | | **88** |

*ਸ੍ਰੋਤ: ਦਫਤਰੀ ਰਿਕਾਰਡ*

# ਲੇਖਾ ਪ੍ਰੀਖਿਆ ਰਿਪੋਰਟ 2017-18 ਦੀ ਇੱਕ ਟਿੱਪਣੀ ਤਿੰਨ ਵਿਭਾਗਾਂ ਨਾਲ ਸਬੰਧਤ ਹੈ।

* ਲੇਖਾ ਪ੍ਰੀਖਿਆ ਰਿਪੋਰਟ 2018-19 ਦੀ ਇੱਕ ਟਿੱਪਣੀ ਦੋ ਵਿਭਾਗਾਂ ਨਾਲ ਸਬੰਧਤ ਹੈ।

& ਲੇਖਾ ਪ੍ਰੀਖਿਆ ਰਿਪੋਰਟ 2018-19 ਦੀ ਇੱਕ ਟਿੱਪਣੀ ਦੋ ਵਿਭਾਗਾਂ ਨਾਲ ਸਬੰਧਤ ਹੈ।

@ ਲੇਖਾ ਪ੍ਰੀਖਿਆ ਰਿਪੋਰਟ 2018-19 ਦੀ ਇੱਕ ਟਿੱਪਣੀ ਦੋ ਵਿਭਾਗਾਂ ਨਾਲ ਸਬੰਧਤ ਹੈ।

# ਕਾਰਗੁਜ਼ਾਰੀ ਲੇਖਾ ਪ੍ਰੀਖਿਆ

# ਅਧਿਆਇ-II

# ਈ-ਖਰੀਦ ਦੀ ਸੂਚਨਾ ਪ੍ਰਣਾਲੀਆਂ ਦੀ ਲੇਖਾ ਪ੍ਰੀਖਿਆ

# ਅਧਿਆਇ-II

# ਕਾਰਗੁਜ਼ਾਰੀ ਲੇਖਾ ਪ੍ਰੀਖਿਆ

# ਸ਼ਾਸਨ ਸੁਧਾਰ ਅਤੇ ਲੋਕ ਸ਼ਿਕਾਇਤਾਂ ਵਿਭਾਗ

# ਈ-ਖਰੀਦ ਦੀ ਸੂਚਨਾ ਪ੍ਰਣਾਲੀਆਂ ਦੀ ਲੇਖਾ ਪ੍ਰੀਖਿਆ

## 2.1 ਪਿਛੋਕੜ

ਸਾਰੇ ਸਰਕਾਰੀ ਵਿਭਾਗਾਂ ਵਿੱਚ ਖਰੀਦ ਇੱਕ ਮਹੱਤਵਪੂਰਨ ਕਾਰਜ ਹੈ, ਜਿੱਥੇ ਦੇਸ਼ ਭਰ ਵਿੱਚ ਵਸਤੂਆਂ, ਕਾਰਜਾਂ ਅਤੇ ਸੇਵਾਵਾਂ ਨੂੰ ਕਵਰ ਕਰਨ ਵਾਲੇ ਵੱਖ-ਵੱਖ ਕਿਸਮਾਂ ਦੇ ਟੈਂਡਰਾਂ ਨੂੰ ਫਲੋਟ ਕਰਨ ਅਤੇ ਪ੍ਰੋਸੈਸ ਕਰਨ ਲਈ ਵੱਡੀ ਰਾਸ਼ੀ ਖਰਚ ਕੀਤੀ ਜਾਂਦੀ ਹੈ।

ਇਲੈਕਟ੍ਰਾਨਿਕ ਖਰੀਦ (ਈ-ਖਰੀਦ) ਖਰੀਦਦਾਰਾਂ ਦੁਆਰਾ ਵਸਤੂਆਂ, ਕੰਮਾਂ ਅਤੇ ਸੇਵਾਵਾਂ ਦੀ ਪ੍ਰਾਪਤੀ ਲਈ ਸਪਲਾਇਰਾਂ ਨਾਲ ਆਪਣੀ ਖਰੀਦ ਪ੍ਰਕਿਰਿਆ ਨੂੰ ਚਲਾਉਣ ਲਈ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਵਰਤੋਂ ਹੈ। ਰਾਸ਼ਟਰੀ ਈ-ਗਵਰਨੈਂਸ ਯੋਜਨਾ ਦੇ ਅਧੀਨ ਮਿਸ਼ਨ ਮੋਡ ਪ੍ਰੋਜੈਕਟਾਂ (ਐਮ ਐਮ ਪੀ) ਦੇ ਹਿੱਸੇ ਵਜੋਂ ਇੱਕ ਜੈਨਰਿਕ ਈ-ਖਰੀਦ ਸਾੱਫਟਵੇਅਰ ਸਮਾਧਾਨ, ਜਿਸ ਨੂੰ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ (ਜੀ ਈ ਪੀ ਐਨ ਆਈ ਸੀ) ਦੀ ਸਰਕਾਰੀ ਈ-ਖਰੀਦ ਪ੍ਰਣਾਲੀ ਕਿਹਾ ਜਾਂਦਾ ਹੈ, ਨੂੰ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ (ਐਨ ਆਈ ਸੀ) ਦੁਆਰਾ ਸਰਕਾਰੀ ਵਿਭਾਗਾਂ ਅਤੇ ਸੰਗਠਨਾਂ ਦੀਆਂ ਖਰੀਦ/ਟੈਂਡਰਿੰਗ ਲੋੜਾਂ ਨੂੰ ਪੂਰਾ ਕਰਨ ਲਈ (ਜੁਲਾਈ 2007) ਵਿਕਸਤ ਕੀਤਾ ਗਿਆ ਸੀ। ਇਸ ਪ੍ਰਣਾਲੀ ਦਾ ਉਦੇਸ਼ ਟੈਂਡਰ ਪ੍ਰਕਿਰਿਆ ਅਤੇ ਬੋਲੀਦਾਤਾਵਾਂ ਵਿਚਕਾਰ ਭੇਦਭਾਵ ਨਾ ਕਰਨ ਨਾਲ ਸਬੰਧਤ ਸਾਰੀਆਂ ਗਤੀਵਿਧੀਆਂ ਵਿੱਚ ਪਾਰਦਰਸ਼ਤਾ ਵਧਾਉਣਾ ਹੈ। ਇਹ ਟੈਂਡਰ ਦਸਤਾਵੇਜ਼ਾਂ, ਸਪਸ਼ਟੀਕਰਨਾਂ, ਸੁਰੱਖਿਅਤ ਆਨਲਾਈਨ ਬੋਲੀ ਜਮ੍ਹਾਂ ਕਰਨ ਅਤੇ 24x7 ਅਧਾਰ ਤੇ ਕਿਸੇ ਵੀ ਸਥਾਨ ਤੋਂ ਸਾਰਿਆਂ ਲਈ ਬੋਲੀ ਖੋਲ੍ਹਣ ਦੇ ਕਾਰਜਕ੍ਰਮਾਂ ਦੀ ਸਥਿਤੀ ਤੱਕ ਖੁੱਲੀ ਅਤੇ ਨਿਰਪੱਖ ਪਹੁੰਚ ਨੂੰ ਸਮਰੱਥ ਬਣਾਉਂਦਾ ਹੈ।

### *ਤਕਨਾਲੋਜੀ*

ਜੀ ਈ ਪੀ ਐਨ ਆਈ ਸੀ ਨੂੰ ਐਨ ਆਈ ਸੀ ਦੁਆਰਾ ਜਾਵਾ/ਜੇ 2 ਈ ਈ ਤਕਨਾਲੋਜੀ ਦੀ ਵਰਤੋਂ ਕਰਦਿਆਂ ਵਿਕਸਤ ਕੀਤਾ ਗਿਆ ਸੀ ਜੋ ਲਿਨਕਸ ਓਪਰੇਟਿੰਗ ਸਿਸਟਮ (ਆਰ ਐਚ ਈ ਐਲ 9.x) ਤੇ ਕੰਮ ਕਰ ਰਿਹਾ ਸੀ ਅਤੇ ਪੋਸਟਗ੍ਰੇ ਐਸ ਕਿਊ ਐਲ ਡਾਟਾਬੇਸ (ਵੱਰਸ਼ੱਨ 12.x) ਓਪਨ ਸੋਰਸ ਟੂਲ ਵਜੋਂ ਕੰਮ ਕਰ ਰਿਹਾ ਸੀ। ਪੰਜਾਬ ਈ-ਖਰੀਦ ਡਾਟਾ ਸਟੋਰ ਕਰਨ ਲਈ ਵਰਤੇ ਗਏ ਐਸੋਸੀਏਟ ਦਸਤਾਵੇਜ਼ਾਂ ਦੇ ਭੰਡਾਰਨ ਸਮੇਤ ਡਾਟਾਬੇਸ ਦਾ ਆਕਾਰ ਅਗਸਤ 2024 ਤੱਕ 12 ਟੀ ਬੀ ਸੀ। ਐਨ ਆਈ ਸੀ ਦੇ ਈ-ਖਰੀਦ ਪੋਰਟਲ ਦੀ ਮੁੱਢਲੀ ਸਾਈਟ ਸ਼ਾਸਤਰੀ ਪਾਰਕ, ਨਵੀਂ ਦਿੱਲੀ ਵਿਖੇ ਰਾਸ਼ਟਰੀ ਡਾਟਾ ਸੈਂਟਰ ਵਿਖੇ ਸਥਿਤ ਹੈ ਅਤੇ ਆਫ਼ਤ ਰਿਕਵਰੀ ਸਾਈਟ ਹੈਦਰਾਬਾਦ ਦੇ ਰਾਸ਼ਟਰੀ ਡਾਟਾ ਸੈਂਟਰ ਵਿਖੇ ਹੈ।

## 2.2 ਪੰਜਾਬ ਵਿੱਚ ਈ-ਖਰੀਦ ਪ੍ਰਣਾਲੀ ਨੂੰ ਲਾਗੂ ਕਰਨਾ

ਪੰਜਾਬ ਰਾਜ ਵਿੱਚ, ਜੀ ਈ ਪੀ ਐਨ ਆਈ ਸੀ ਨੂੰ ਸ਼ੁਰੂ ਵਿੱਚ ਲੋਕ ਨਿਰਮਾਣ ਵਿਭਾਗ (ਇਮਾਰਤਾਂ ਅਤੇ ਸੜਕਾਂ) (ਪੀ ਡਬਲਯੂ ਡੀ-ਬੀ ਐਂਡ ਆਰ) ਵਿੱਚ ਲਾਗੂ ਕੀਤਾ ਗਿਆ ਸੀ (ਜੁਲਾਈ 2010), ਜਦੋਂ ਕਿ ਹੋਰ ਵਿਭਾਗਾਂ ਨੇ 15 ਜਨਵਰੀ 2018 ਤੱਕ ਆਨਲਾਈਨ ਖਰੀਦ ਲਈ ਇੱਕ ਵੱਖਰਾ ਹੱਲ (ਟੈਂਡਰ ਵਿਜ਼ਾਰਡ[1]) ਵਰਤਿਆ ਸੀ। ਰਾਜ ਦੇ ਸਾਰੇ ਵਿਭਾਗਾਂ ਵਿੱਚ ਜੀ ਈ ਪੀ ਐਨ ਆਈ ਸੀ ਨੂੰ ਲਾਗੂ ਕਰਨ ਲਈ, ਪੰਜਾਬ ਰਾਜ ਈ-ਗਵਰਨੈਂਸ ਸੁਸਾਇਟੀ (ਪੀ ਐਸ ਈ ਜੀ ਐਸ)[2] ਨੂੰ (ਜੂਨ 2017) ਨੂੰ ਸ਼ਾਸਨ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ (ਡੀ ਜੀ ਆਰ ਪੀ ਜੀ), ਨੋਡਲ ਵਿਭਾਗ ਦੀ ਲਾਗੂ ਕਰਨ ਵਾਲੀ ਏਜੰਸੀ (ਆਈ ਏ) ਵਜੋਂ ਨਾਮਜ਼ਦ ਕੀਤਾ ਗਿਆ ਸੀ। ਆਖਰਕਾਰ, ਪੰਜਾਬ ਸਰਕਾਰ (ਜੀ ਓ ਪੀ) ਨੇ 14 ਨਵੰਬਰ 2017 ਨੂੰ ਪੋਰਟਲ ਨੂੰ ਲਾਈਵ ਕੀਤੇ ਜਾਣ ਤੋਂ ਬਾਅਦ ਜਨਵਰੀ 2018 ਤੋਂ ਇਸ ਨੂੰ ਪੂਰੀ ਤਰ੍ਹਾਂ ਬਦਲਣ ਦਾ ਫੈਸਲਾ ਕੀਤਾ (ਨਵੰਬਰ 2017)। ਇਹ ਪ੍ਰਣਾਲੀ ਰਾਜ ਦੇ ਸਾਰੇ ਵਿਭਾਗਾਂ ਵਿੱਚ ਪੀ ਐਸ ਯੂਜ਼/ਬੋਰਡਾਂ/ਕਾਰਪੋਰੇਸ਼ਨਾਂ ਸਮੇਤ 2,111 ਖਰੀਦ ਇਕਾਈਆਂ ਵਿੱਚ ਸ਼ੁਰੂ ਕੀਤੀ ਗਈ ਸੀ (ਨਵੰਬਰ 2022)।

## 2.3 ਈ-ਖਰੀਦ ਦਾ ਮਾਡਿਊਲ

ਜੀ ਈ ਪੀ ਐਨ ਆਈ ਸੀ ਵਿੱਚ, ਚਾਰ ਮੁੱਖ ਮਾਡਿਊਲ ਹੁੰਦੇ ਹਨ ਜਿਵੇਂ ਕਿ –

- ਵਿਕਰੇਤਾ ਰਜਿਸਟ੍ਰੇਸ਼ਨ
- ਈ-ਟੈਂਡਰਿੰਗ
- ਈ-ਨਿਲਾਮੀ
- ਰਿਪੋਰਟਾਂ

ਮਾਡਿਊਲਾਂ ਦੇ ਵਰਣਨ ਦੇ ਨਾਲ ਵੇਰਵੇ **ਅੰਤਿਕਾ** 2.1 ਵਿੱਚ ਦਿੱਤੇ ਗਏ ਹਨ।

## 2.4 ਈ-ਖਰੀਦ ਪ੍ਰਣਾਲੀ ਦੇ ਉਦੇਸ਼

ਖਰੀਦ ਸੰਸਥਾਵਾਂ ਅਤੇ ਬੋਲੀਆਂ ਲਗਾਉਣ ਵਾਲਿਆਂ ਲਈ ਹੇਠ ਲਿਖੇ ਲਾਭਾਂ ਦੀ ਕਲਪਨਾ ਕੀਤੀ ਗਈ ਹੈ:

**ਖਰੀਦ ਇਕਾਈਆਂ**

- ਪੂਰੀ ਪਾਰਦਰਸ਼ਤਾ
- ਮਿਆਰੀ ਖਰੀਦ ਪ੍ਰਕਿਰਿਆ

---

1 ਮੈਸਰਜ਼ ਆਈ ਟੀ ਆਈ ਲਿਮਿਟਡ ਦੁਆਰਾ ਵਿਕਸਿਤ ਅਤੇ ਸਤੰਬਰ 2010 ਵਿੱਚ ਪੰਜਾਬ ਇਨਫਰਮੇਸ਼ਨ ਐਂਡ ਕਮਿਊਨੀਕੇਸ਼ਨ ਟੈਕਨੋਲੋਜੀ ਕਾਰਪੋਰੇਸ਼ਨ ਲਿਮਿਟਡ (ਪੀ ਆਈ ਸੀ ਟੀ ਸੀ) ਦੁਆਰਾ ਲਾਗੂ ਕੀਤਾ ਗਿਆ ਸੀ।

2 ਪੰਜਾਬ ਰਾਜ ਈ-ਗਵਰਨੈਂਸ ਸੁਸਾਇਟੀ (ਪੀ ਐਸ ਈ ਜੀ ਐਸ) ਦਾ ਮੁੱਖ ਉਦੇਸ਼ ਪੰਜਾਬ ਰਾਜ ਵਿੱਚ ਲੋੜੀਂਦੇ ਪ੍ਰਸ਼ਾਸਕੀ, ਵਿੱਤੀ, ਕਾਨੂੰਨੀ ਅਤੇ ਤਕਨੀਕੀ ਢਾਂਚੇ, ਲਾਗੂ ਕਰਨ ਦੀ ਵਿਧੀ ਅਤੇ ਸਰੋਤਾਂ ਦੀ ਸਥਾਪਨਾ ਕਰਕੇ ਨਾਗਰਿਕਾਂ ਅਤੇ ਜਨਤਾ ਦੇ ਸਰਵਪੱਖੀ ਲਾਭ ਲਈ ਈ-ਗਵਰਨੈਂਸ ਪ੍ਰੋਜੈਕਟਾਂ ਨੂੰ ਲਾਗੂ ਕਰਨਾ ਹੈ।

- ਪ੍ਰਣਾਲੀ ਸਹਾਇਤਾ ਪ੍ਰਾਪਤ ਮੁਲਾਂਕਣ
- ਮੁਕੱਦਮੇਬਾਜ਼ੀ ਘਟਾਉਣਾ
- ਵਿਕਰੇਤਾ ਕਾਰਜਸ਼ੀਲਤਾ ਪੋਰਟਫੋਲੀਓ
- ਖਰੀਦ ਚੱਕਰ ਨੂੰ ਛੋਟਾ ਕਰਨਾ
- ਮਨੁੱਖੀ ਗਲਤੀ ਨੂੰ ਘਟਾਉਣਾ
- ਡਾਇਨਾਮਿਕ ਰਿਪੋਰਟਾਂ

**ਬੋਲੀਦਾਤਾ**

- ਸਰਲ ਅਤੇ ਉਪਭੋਗਤਾ ਅਨੁਕੂਲ
- ਡਰਿੱਲ ਡਾਊਨ ਟੈਂਡਰ ਵੇਰਵੇ
- ਸਵੈ-ਦਾਖਿਲਾ
- ਬੇਨਾਮ ਬੋਲੀ ਜਮ੍ਹਾਂ ਕਰਵਾਉਣਾ
- ਚੇਤਾਵਨੀਆਂ-ਐਸ ਐਮ ਐਸ, ਈ-ਮੇਲ, ਮੋਬਾਈਲ ਐਪਲੀਕੇਸ਼ਨ
- ਦੁਬਾਰਾ ਜਮ੍ਹਾਂ ਕਰਨਾ/ਵਾਪਸ ਲੈਣਾ;
- ਆਨਲਾਈਨ ਬੋਲੀ ਟਰੈਕਿੰਗ
- ਆਨਲਾਈਨ ਭੁਗਤਾਨ/ਰਿਫੰਡ

ਈ-ਖਰੀਦ ਪ੍ਰਣਾਲੀ ਦੇ ਵਰਕਫਲੋ ਨੂੰ **ਚਾਰਟ** 2.1 ਵਿੱਚ ਦਰਸਾਇਆ ਗਿਆ ਹੈ।

**ਚਾਰਟ 2.1: ਈ-ਖਰੀਦ ਪ੍ਰਣਾਲੀ ਦਾ ਵਰਕਫਲੋ ਖਾਕਾ**




*ਸ੍ਰੋਤ: ਜੀ ਈ ਪੀ ਐਨ ਆਈ ਸੀ ਪ੍ਰੋਫਾਈਲ*

## 2.5 ਲੇਖਾ ਪ੍ਰੀਖਿਆ ਦੇ ਉਦੇਸ਼

ਈ-ਖਰੀਦ ਪ੍ਰਣਾਲੀ ਦੀ ਸੂਚਨਾ ਪ੍ਰਣਾਲੀਆਂ ਦੀ ਲੇਖਾ ਪ੍ਰੀਖਿਆ ਨੂੰ ਪੂਰਾ ਕਰਨਾ ਲਈ ਲੇਖਾ ਪ੍ਰੀਖਿਆ ਉਦੇਸ਼ਾਂ ਦੁਆਰਾ ਇਹ ਮੁਲਾਂਕਣ ਕਰਨਾ ਸੀ :

- ਕੀ ਈ-ਖਰੀਦ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਗਿਆ ਸੀ ਅਤੇ ਮੁਕਾਬਲੇ, ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਉਤਸ਼ਾਹਤ ਕਰਨ ਦੇ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਕੁਸ਼ਲਤਾ ਨਾਲ ਵਰਤਿਆ ਜਾ ਰਿਹਾ ਸੀ ;
- ਕੀ ਵਪਾਰਕ ਨਿਯਮਾਂ ਨੂੰ ਪ੍ਰਣਾਲੀ ਵਿੱਚ ਉਚਿਤ ਤਰੀਕੇ ਨਾਲ ਮੈਪ ਕੀਤਾ ਗਿਆ ਸੀ ;
- ਕੀ ਪ੍ਰਣਾਲੀ ਵਿੱਚ ਡੇਟਾ ਸੰਪੂਰਨ ਸੀ, ਭਰੋਸੇਯੋਗ ਸੀ ਅਤੇ ਡੇਟਾ ਦੀ ਅਖੰਡਤਾ ਬਣਾਈ ਰੱਖੀ ਜਾਂਦੀ ਸੀ; ਅਤੇ
- ਕੀ ਪ੍ਰਣਾਲੀ ਵਿੱਚ ਉਚਿਤ ਨਿਯੰਤਰਣ ਬਣਾਏ ਗਏ ਸਨ।

## 2.6 ਲੇਖਾ ਪ੍ਰੀਖਿਆ ਦਾ ਦਾਇਰਾ ਅਤੇ ਵਿਧੀ

ਕੁੱਲ ਮਿਲਾ ਕੇ ਜੀ ਓ ਪੀ ਅਧੀਨ 45 ਵਿਭਾਗਾਂ/ਸੰਗਠਨਾਂ (2,111 ਖਰੀਦ ਇਕਾਈਆਂ) ਨੇ 2018-19 ਤੋਂ 2022-23 ਦੀ ਮਿਆਦ ਦੌਰਾਨ ਈ-ਖਰੀਦ ਪੋਰਟਲ ਰਾਹੀਂ 1,85,920 ਟੈਂਡਰ[3] ਪ੍ਰਕਾਸ਼ਿਤ ਕੀਤੇ। ਇਸ ਦਾ ਵਿਭਾਗ-ਵਾਰ ਵੇਰਵਾ (**ਅੰਤਿਕਾ** 2.2) ਵਿੱਚ ਦਿੱਤਾ ਗਿਆ ਹੈ। ਅਪ੍ਰੈਲ 2018 ਤੋਂ ਮਾਰਚ 2023 ਤੱਕ ਪੰਜ ਸਾਲਾਂ ਦੀ ਮਿਆਦ ਨੂੰ ਕਵਰ ਕਰਨ ਵਾਲੀ 'ਪੰਜਾਬ ਵਿੱਚ ਈ-ਖਰੀਦ ਦੀ ਆਈ ਐਸ ਲੇਖਾ ਪ੍ਰੀਖਿਆ' ਅਗਸਤ 2023 ਅਤੇ ਜੂਨ 2024 ਦੇ ਵਿਚਕਾਰ ਕੀਤੀ ਗਈ ਸੀ।

ਆਈ ਐਸ ਲੇਖਾ ਪ੍ਰੀਖਿਆ ਲਈ ਹੇਠ ਲਿਖੀ ਵਿਧੀ ਅਪਣਾਈ ਗਈ ਸੀ :

- ਕੰਪਿਊਟਰ ਅਸਿਸਟਡ ਲੇਖਾ ਪ੍ਰੀਖਿਆ ਤਕਨੀਕਾਂ (ਸੀ ਏ ਏ ਟੀਜ਼) ਰਾਹੀਂ 2,111 ਖਰੀਦ ਇਕਾਈਆਂ ਦੁਆਰਾ ਪ੍ਰਕਾਸ਼ਿਤ 1.86 ਲੱਖ ਟੈਂਡਰਾਂ ਦੇ ਸਬੰਧ ਵਿੱਚ ਡਾਟਾ ਡੰਪ[4] ਦੀ ਵਰਤੋਂ ਕਰਦਿਆਂ ਡਾਟਾਬੇਸ ਦਾ ਵਿਸ਼ਲੇਸ਼ਣ;
- ਅੰਕੜਿਆਂ ਦੇ ਵਿਸ਼ਲੇਸ਼ਣ ਦੇ ਨਤੀਜਿਆਂ ਦੀ ਪੁਸ਼ਟੀ ਕਰਨ ਲਈ ਛੇ ਜ਼ਿਲ੍ਹਿਆਂ[5] ਵਿੱਚ ਤੈਨਾਤ ਜੀ ਓ ਪੀ (**ਅੰਤਿਕਾ** 2.3) ਦੇ 14 ਚੁਣੇ ਹੋਏ ਵਿਭਾਗਾਂ[6] ਅਧੀਨ

---

3 ਟੈਂਡਰ ਨੂੰ ਆਨਲਾਈਨ ਪ੍ਰਕਾਸ਼ਿਤ ਕਰਨ ਲਈ ਥ੍ਰੈਸ਼ਹੋਲਡ ਮੁੱਲ ₹ ਪੰਜ ਲੱਖ ਅਤੇ ਇਸ ਤੋਂ ਵੱਧ ਰੱਖਿਆ ਗਿਆ ਸੀ।

4 ਸ਼ਾਸਨ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ (ਡੀ ਜੀ ਆਰ ਪੀ ਜੀ), ਜੀ ਓ ਪੀ।

5 (i) ਫਤਿਹਗੜ੍ਹ ਸਾਹਿਬ; (ii) ਲੁਧਿਆਣਾ; (iii) ਪਟਿਆਲਾ; (iv) ਰੂਪਨਗਰ; ਅਤੇ (v) ਚੰਡੀਗੜ੍ਹ ਦੇ ਨਾਲ ਐਸ ਏ ਐਸ ਨਗਰ।

6 **ਨਮੂਨੇ ਲੈਣਾ:** (i) ਪ੍ਰਕਾਸ਼ਿਤ ਟੈਂਡਰਾਂ ਦੀ ਸੰਖਿਆ ਦੇ ਅਧਾਰ ਤੇ ਰੈਂਡਮ ਸੈਂਪਲਿੰਗ ਵਿਧੀ ਦੀ ਵਰਤੋਂ ਕਰਦਿਆਂ 14 ਵਿਭਾਗਾਂ ਅਤੇ ਛੇ ਜ਼ਿਲ੍ਹਿਆਂ (ਚੰਡੀਗੜ੍ਹ ਸਮੇਤ) ਦੀ ਚੋਣ ਕੀਤੀ ਗਈ ਸੀ; ਅਤੇ (ii) 494 ਟੈਂਡਰ (1.51 ਲੱਖ ਟੈਂਡਰਾਂ ਵਿੱਚੋਂ) ਦੀ ਚੋਣ ਸਟ੍ਰਾਟੀਫਾਈਡ ਰੈਂਡਮ ਸੈਂਪਲਿੰਗ ਵਿਧੀ ਦੀ ਵਰਤੋਂ ਕਰਕੇ ਕੀਤੀ ਗਈ ਸੀ, ਇਸ ਤੋਂ ਇਲਾਵਾ 111 ਖਰੀਦ ਇਕਾਈਆਂ ਵਿੱਚ ਨਿਰਣਾਇਕ ਅਧਾਰ ਤੇ 72 ਸਬੰਧਤ ਟੈਂਡਰ ਸਨ।

111 ਖਰੀਦ ਇਕਾਈਆਂ ਦੁਆਰਾ ਪ੍ਰਕਾਸ਼ਿਤ 494 ਟੈਂਡਰਾਂ ਦੇ ਸਬੰਧ ਵਿੱਚ ਸਬੰਧਤ ਦਸਤਾਵੇਜ਼ਾਂ/ਰਿਕਾਰਡਾਂ ਦੀ ਜਾਂਚ;

- ਐਪਲੀਕੇਸ਼ਨ ਨਿਯੰਤਰਣ ਅਤੇ ਉਪਭੋਗਤਾ ਇੰਟਰਫੇਸ ਦਾ ਵਿਸ਼ਲੇਸ਼ਣ;
- ਸੁਰੱਖਿਆ ਨਿਯੰਤਰਣਾਂ ਦਾ ਵਿਸ਼ਲੇਸ਼ਣ; ਅਤੇ
- ਡੀ ਜੀ ਆਰ ਪੀ ਜੀ, ਜੀ ਓ ਪੀ ਅਧੀਨ ਪੀ ਐਸ ਈ ਜੀ ਐਸ (ਆਈ ਏ) ਦੁਆਰਾ ਪ੍ਰਦਾਨ ਕੀਤੇ ਜੀ ਈ ਪੀ ਐਨ ਆਈ ਸੀ ਨਾਲ ਸਬੰਧਤ ਰਿਕਾਰਡਾਂ/ਜਾਣਕਾਰੀ ਦੀ ਜਾਂਚ।

ਡਾਇਰੈਕਟਰ, ਡੀ ਜੀ ਆਰ ਪੀ ਜੀ ਅਤੇ ਚੁਣੇ ਗਏ ਵਿਭਾਗਾਂ[7] ਦੇ ਨੋਡਲ ਅਧਿਕਾਰੀਆਂ ਨਾਲ ਇੱਕ ਐਂਟਰੀ ਕਾਨਫਰੰਸ ਕੀਤੀ ਗਈ (ਅਗਸਤ 2023) ਜਿਸ ਵਿੱਚ ਲੇਖਾ ਪ੍ਰੀਖਿਆ ਉਦੇਸ਼ਾਂ, ਮਾਪਦੰਡਾਂ ਅਤੇ ਲੇਖਾ ਪ੍ਰੀਖਿਆ ਦੇ ਦਾਇਰੇ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਨੋਡਲ ਵਿਭਾਗ ਨਾਲ ਲੇਖਾ ਪ੍ਰੀਖਿਆ ਲੱਭਤਾਂ ਤੇ ਵਿਚਾਰ ਵਟਾਂਦਰੇ ਲਈ 19 ਨਵੰਬਰ 2024 ਨੂੰ ਐਗਜ਼ਿਟ ਕਾਨਫਰੰਸ ਕੀਤੀ ਗਈ ਸੀ ਅਤੇ ਜਵਾਬਾਂ ਨੂੰ ਇਸ ਰਿਪੋਰਟ ਵਿੱਚ ਸ਼ਾਮਲ ਕੀਤਾ ਗਿਆ ਹੈ।

ਜੁਲਾਈ 2010 ਤੋਂ ਦਸੰਬਰ 2016 ਦੀ ਮਿਆਦ ਨੂੰ ਕਵਰ ਕਰਨ ਵਾਲੇ ਲੋਕ ਨਿਰਮਾਣ ਵਿਭਾਗ (ਇਮਾਰਤਾਂ ਅਤੇ ਸੜਕਾਂ) ਵਿੱਚ ਈ-ਖਰੀਦ ਪ੍ਰਣਾਲੀ (ਜੀ ਈ ਪੀ ਐਨ ਆਈ ਸੀ) ਦੇ ਲਾਗੂ ਕਰਨ ਦੀ ਸੂਚਨਾ ਪ੍ਰਣਾਲੀ ਲੇਖਾ ਪ੍ਰੀਖਿਆ ਨੂੰ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਗੈਰ-ਜਨਤਕ ਖੇਤਰ ਉਪਕ੍ਰਮ) 31 ਮਾਰਚ 2017 ਨੂੰ ਸਮਾਪਤ ਹੋਏ ਸਾਲ ਲਈ ਰਿਪੋਰਟ ਵਿੱਚ ਸ਼ਾਮਲ ਕੀਤਾ ਗਿਆ ਸੀ। ਲੋਕ ਲੇਖਾ ਕਮੇਟੀ ਦੀ ਸਿਫਾਰਸ਼ਾਂ ਦੇ ਸਬੰਧ ਵਿੱਚ ਕੀਤੀ ਗਈ ਪਾਲਣਾ ਦੀ ਵੀ ਜਾਂਚ ਕੀਤੀ ਗਈ ਸੀ ਅਤੇ ਸਥਿਤੀ ਨੂੰ ਸਬੰਧਤ ਪੈਰ੍ਹਿਆਂ ਦੇ ਅਧੀਨ ਸ਼ਾਮਲ ਕੀਤਾ ਗਿਆ ਸੀ।

## 2.7 ਲੇਖਾ ਪ੍ਰੀਖਿਆ ਮਾਪਦੰਡ

ਲੇਖਾ ਪ੍ਰੀਖਿਆ ਮਾਪਦੰਡ ਹੇਠ ਲਿਖੇ ਸਰੋਤਾਂ ਤੋਂ ਲਏ ਗਏ ਸਨ:

- ਮਿਆਰੀਕਰਨ ਟੈਸਟਿੰਗ ਅਤੇ ਗੁਣਵੱਤਾ ਪ੍ਰਮਾਣੀਕਰਨ (ਐਸ ਟੀ ਕਿਊ ਸੀ) ਡਾਇਰੈਕਟੋਰੇਟ, ਸੂਚਨਾ ਤਕਨਾਲੋਜੀ ਵਿਭਾਗ, ਭਾਰਤ ਸਰਕਾਰ (ਜੀ ਓ ਆਈ) ਦੁਆਰਾ ਜਾਰੀ ਈ-ਖਰੀਦ ਦਿਸ਼ਾ ਨਿਰਦੇਸ਼;
- ਐਨ ਆਈ ਸੀ ਪ੍ਰੋਜੈਕਟ ਪ੍ਰਸਤਾਵ;
- ਈ-ਖਰੀਦ ਪ੍ਰਣਾਲੀ ਦੀਆਂ ਗੁਣਵੱਤਾ ਲੋੜਾਂ ਦੀ ਪਾਲਣਾ ਲਈ ਭਾਰਤ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼;
- ਈ-ਟੈਡਰਿੰਗ ਸੱਲੂਸ਼ਨ ਬਾਰੇ ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ ਵੀ ਸੀ), ਭਾਰਤ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼;

[7] (i) ਵਿੱਤ; (ii) ਆਬਕਾਰੀ ਅਤੇ ਕਰਬੰਦੀ; (iii) ਜਲ ਸਰੋਤ; (iv) ਜੰਗਲਾਤ ਅਤੇ ਜੰਗਲੀ ਜੀਵਾਂ ਦੀ ਸੰਭਾਲ; ਅਤੇ (v) ਲੋਕ ਨਿਰਮਾਣ (ਬੀ ਐਂਡ ਆਰ)।

- ਵਿਭਾਗੀ ਆਦੇਸ਼;
- ਪੰਜਾਬ ਪਾਰਦਰਸ਼ਤਾ ਇਨ ਪਬਲਿਕ ਪ੍ਰੋਕਿਓਰਮੈਂਟ ਐਕਟ, 2019;
- ਪੰਜਾਬ ਪਾਰਦਰਸ਼ਤਾ ਇਨ ਪਬਲਿਕ ਪ੍ਰੋਕਿਓਰਮੈਂਟ ਨਿਯਮ, 2022;
- ਪੰਜਾਬ ਦੇ ਵਿੱਤੀ ਨਿਯਮ;
- ਕੰਮਪੀਟੀਸ਼ਨ ਐਕਟ, 2002;
- ਸੂਚਨਾ ਤਕਨਾਲੋਜੀ ਐਕਟ, 2008;
- ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ (ਐਮ ਈ ਆਈ ਟੀ ਵਾਈ), ਭਾਰਤ ਸਰਕਾਰ ਦੁਆਰਾ ਜਾਰੀ ਆਫ਼ਤ ਰਿਕਵਰੀ ਸਰਵੋਤਮ ਅਭਿਆਸਾਂ; ਅਤੇ
- ਐਮ ਈ ਆਈ ਟੀ ਵਾਈ, ਭਾਰਤ ਸਰਕਾਰ ਦੇ ਸਾੱਫਟਵੇਅਰ ਵਿਕਾਸ ਅਤੇ ਰੀ-ਇੰਜੀਨੀਅਰਿੰਗ ਦਿਸ਼ਾ-ਨਿਰਦੇਸ਼ (ਵੱਰਸ਼ੱਨ 2.1)

## 2.8 ਆਭਾਰ

ਲੇਖਾ ਪ੍ਰੀਖਿਆ ਰਾਜ ਸਰਕਾਰ, ਡੀ ਜੀ ਆਰ ਪੀ ਜੀ, ਐਨ ਆਈ ਸੀ ਅਤੇ ਚੁਣੇ ਗਏ ਵਿਭਾਗਾਂ/ਫੀਲਡ ਇਕਾਈਆਂ ਦੁਆਰਾ ਆਈ ਐਸ ਲੇਖਾ ਪ੍ਰੀਖਿਆ ਕਰਨ ਵਿੱਚ ਦਿੱਤੇ ਗਏ ਸਹਿਯੋਗ ਨੂੰ ਸਵੀਕਾਰ ਕਰਦਾ ਹੈ।

## ਲੇਖਾ ਪ੍ਰੀਖਿਆ ਲੱਭਤਾਂ

## 2.9 ਪੋਰਟਲ ਲਾਗੂ ਕਰਨਾ ਅਤੇ ਵਰਤੋਂ

ਰਾਜ ਵਿੱਚ ਇੱਕ ਸਿੰਗਲ ਅਤੇ ਯੂਨੀਫਾਈਡ[8] ਈ-ਖਰੀਦ ਪੋਰਟਲ ਨੂੰ ਲਾਗੂ ਕਰਨਾ ਇੱਕ ਬਹੁਤ ਲੋੜੀਂਦਾ ਨਿਯੰਤਰਣ ਉਪਾਅ ਸੀ। ਨੋਡਲ ਵਿਭਾਗ ਨੇ ਜੀ ਈ ਪੀ ਐਨ ਆਈ ਸੀ ਪ੍ਰੋਜੈਕਟ ਨੂੰ ਲਾਗੂ ਕਰਨ ਦੀਆਂ ਵੱਖ-ਵੱਖ ਗਤੀਵਿਧੀਆਂ ਦੀ ਮਾਨੀਟਰ/ਨਿਗਰਾਨੀ ਕਰਨ ਅਤੇ ਚਲ ਰਹੇ ਕਾਰਜਾਂ/ਗਤੀਵਿਧੀਆਂ ਨੂੰ ਸਮੇਂ ਸਿਰ ਪੂਰਾ ਕਰਨ ਲਈ ਰੁਕਾਵਟਾਂ/ਸੰਚਾਲਨ ਸਬੰਧੀ ਮੁੱਦਿਆਂ ਨੂੰ ਦੂਰ ਕਰਨ ਲਈ ਇੱਕ ਪ੍ਰੋਜੈਕਟ ਮੈਨੇਜਮੈਂਟ ਯੂਨਿਟ (ਪੀ ਐਮ ਯੂ) ਦਾ ਗਠਨ ਕੀਤਾ (ਸਤੰਬਰ 2017)।

ਖਰੀਦ ਇਕਾਈਆਂ ਅਤੇ ਉਪਭੋਗਤਾ ਵਿਭਾਗਾਂ ਦੇ ਪੱਧਰ 'ਤੇ ਈ-ਖਰੀਦ ਨੂੰ ਲਾਗੂ ਕਰਨ ਅਤੇ ਵਰਤਣ ਵਿੱਚ ਕਮੀਆਂ ਨੂੰ ਇਸ ਰਿਪੋਰਟ ਦੇ ਅਗਲੇ ਪੈਰ੍ਹਿਆਂ ਵਿੱਚ ਉਜਾਗਰ ਕੀਤਾ ਗਿਆ ਹੈ।

[8] ਇਸ ਤੋਂ ਪਹਿਲਾਂ ਜੁਲਾਈ 2010 ਤੋਂ ਰਾਜ ਵਿੱਚ ਦੋ ਈ-ਖਰੀਦ ਪ੍ਰਣਾਲੀਆਂ ਲਾਗੂ ਕੀਤੀਆਂ ਜਾ ਰਹੀਆਂ ਸਨ ਜਿਵੇਂ ਕਿ ਜੀ ਈ ਪੀ ਐਨ ਆਈ ਸੀ (ਸਿਰਫ ਪੀ ਡਬਲਯੂ ਡੀ-ਬੀ ਐਂਡ ਆਰ) ਅਤੇ ਟੈਂਡਰ ਵਿਜ਼ਾਰਡ (ਹੋਰ ਵਿਭਾਗਾਂ ਵਿੱਚ)।

### 2.9.1 ਪ੍ਰੋਜੈਕਟ ਪ੍ਰਬੰਧਨ ਅਤੇ ਯੋਜਨਾਬੰਦੀ

#### 2.9.1.1 ਪ੍ਰਣਾਲੀ ਇੰਟੀਗ੍ਰੇਟਰ ਦੀ ਚੋਣ

ਪੰਜਾਬ ਵਿੱਚ ਐਨ ਆਈ ਸੀ ਈ-ਖਰੀਦ ਪ੍ਰਣਾਲੀ ਲਾਗੂ ਹੋਣ ਤੋਂ ਪਹਿਲਾਂ, ਪੀ ਡਬਲਯੂ ਡੀ (ਬੀ ਐਂਡ ਆਰ)[9] ਤੋਂ ਇਲਾਵਾ, ਹੋਰ ਵਿਭਾਗ ਜੁਲਾਈ 2010 ਤੋਂ ਖਰੀਦ ਲਈ ਇੱਕ ਵੱਖਰੀ ਪ੍ਰਣਾਲੀ (ਟੈਂਡਰ ਵਿਜ਼ਾਰਡ[10]) ਦੀ ਵਰਤੋਂ ਕਰ ਰਹੇ ਸਨ।

ਪਿਛਲੇ ਸਿਸਟਮ ਇੰਟੀਗ੍ਰੇਟਰ[11] (ਐਸ ਆਈ) ਨਾਲ ਠੇਕਾ ਜੁਲਾਈ 2015 ਵਿੱਚ ਸਥਾਪਤ ਹੋਇਆ ਸੀ, ਹਾਲਾਂਕਿ, ਸਿਸਟਮ ਉਦੋਂ ਤੱਕ ਚਾਲੂ ਰਿਹਾ ਜਦੋਂ ਤੱਕ ਨਵੇਂ ਐਸ ਆਈ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ (ਜਨਵਰੀ 2018)।

ਨੋਡਲ ਵਿਭਾਗ (ਡੀ ਜੀ ਆਰ ਪੀ ਜੀ) ਨੇ ਜੁਲਾਈ 2016 ਵਿੱਚ ਦੋ ਪ੍ਰਸਤਾਵਾਂ ਤੇ ਵਿਚਾਰ ਕੀਤਾ:

i) ਜੀ ਈ ਪੀ ਐਨ ਆਈ ਸੀ ਨੂੰ ਲਾਗੂ ਕਰਨ ਲਈ ਐਨ ਆਈ ਸੀ ਦਾ ਪ੍ਰਸਤਾਵ, ਜੋ ਪਹਿਲਾਂ ਹੀ ਪੰਜਾਬ ਰਾਜ ਵਿੱਚ ਪੀ ਡਬਲਯੂ ਡੀ (ਬੀ ਐਂਡ ਆਰ) ਦੁਆਰਾ ਵਰਤਿਆ ਜਾ ਰਿਹਾ ਸੀ; ਅਤੇ

ii) ਇੱਕ ਖੁੱਲ੍ਹੀ ਪ੍ਰਤੀਯੋਗੀ ਪ੍ਰਕਿਰਿਆ ਰਾਹੀਂ ਇੱਕ ਨਵੀਂ ਏਜੰਸੀ ਦੀ ਚੋਣ ਕਰਨ ਦਾ ਪ੍ਰਸਤਾਵ।

ਆਖਰਕਾਰ, ਖੁੱਲ੍ਹੇ ਮੁਕਾਬਲੇ ਰਾਹੀਂ ਨਵੇਂ ਐਸ ਆਈ ਦੀ ਚੋਣ ਦੀਆਂ ਸੰਭਾਵਿਤ ਕਮੀਆਂ[12] 'ਤੇ ਵਿਚਾਰ ਕਰਨ ਤੋਂ ਬਾਅਦ, ਵਿਭਾਗ ਨੇ ਰਾਜ ਦੇ ਸਾਰੇ ਵਿਭਾਗਾਂ ਵਿੱਚ ਜੀ ਈ ਪੀ ਐਨ ਆਈ ਸੀ ਨੂੰ ਲਾਗੂ ਕਰਨ ਲਈ ਐਨ ਆਈ ਸੀ ਦੇ ਪ੍ਰਸਤਾਵ ਨੂੰ ਪ੍ਰਵਾਨਗੀ ਦੇ ਦਿੱਤੀ (ਜੁਲਾਈ 2017), ਜਿਸ ਦੀ ਪ੍ਰੋਜੈਕਟ ਲਾਗਤ ₹ 5.08 ਕਰੋੜ[13] ਤਿੰਨ ਸਾਲਾਂ ਦੀ ਮਿਆਦ ਲਈ ਸੀ, ਜਿਸ ਨੂੰ ₹ 7.65 ਕਰੋੜ (ਮੈਨਪਾਵਰ[14] ਨੂੰ ਛੱਡ ਕੇ) ਦੀ ਵਾਧੂ ਲਾਗਤ ਨਾਲ ਜੁਲਾਈ 2026 ਤੱਕ ਛੇ ਸਾਲਾਂ ਦੀ ਮਿਆਦ

---

9 ਐਨ ਆਈ ਸੀ ਦੁਆਰਾ ਵਿਕਸਿਤ ਈ-ਖਰੀਦ ਪ੍ਰਣਾਲੀ ਜੁਲਾਈ 2010 ਤੋਂ ਪੀ ਡਬਲਯੂ ਡੀ (ਬੀ ਐਂਡ ਆਰ) ਵਿੱਚ ਵਰਤੀ ਜਾ ਰਹੀ ਸੀ।

10 ਮੈਸਰਜ਼ ਆਈ ਟੀ ਆਈ ਲਿਮਿਟਡ ਦੁਆਰਾ ਵਿਕਸਿਤ ਅਤੇ ਸਤੰਬਰ 2010 ਵਿੱਚ ਪੰਜਾਬ ਇਨਫਰਮੇਸ਼ਨ ਐਂਡ ਕਮਿਊਨੀਕੇਸ਼ਨ ਟੈਕਨੋਲੋਜੀ ਕਾਰਪੋਰੇਸ਼ਨ ਲਿਮਿਟਡ (ਪੀ ਆਈ ਸੀ ਟੀ ਸੀ) ਦੁਆਰਾ ਲਾਗੂ ਕੀਤਾ ਗਿਆ ਸੀ।

11 ਮੈਸਰਜ਼ ਆਈ ਟੀ ਆਈ ਲਿਮਿਟਡ।

12 (i) 8-9 ਮਹੀਨਿਆਂ ਦੀ ਸਮਾਂ ਲੈਣ ਵਾਲੀ ਪ੍ਰਕਿਰਿਆ; (ii) ਕਿਸੇ ਵੀ ਸੰਚਾਲਨ ਜੋਖਮਾਂ ਜਾਂ ਸਾੱਫਟਵੇਅਰ ਦੀਆਂ ਗੜਬੜੀਆਂ ਦਾ ਅਨੁਮਾਨ ਲਗਾਉਣਾ ਮੁਸ਼ਕਲ; (iii) ਸਾੱਫਟਵੇਅਰ ਅਤੇ ਡਾਟਾਬੇਸ ਦੀ ਹੋਸਟਿੰਗ ਦੌਰਾਨ ਸੁਰੱਖਿਆ ਪਹਿਲੂ; ਅਤੇ (iv) ਵਿਭਾਗਾਂ ਵਿੱਚ ਏਜੰਸੀਆਂ ਅਤੇ ਸਾੱਫਟਵੇਅਰ ਦੀ ਬਹੁਲਤਾ ਕਿਉਂਕਿ ਪੀ ਡਬਲਯੂ ਡੀ (ਬੀ ਐਂਡ ਆਰ) ਜੀ ਈ ਪੀ ਐਨ ਆਈ ਸੀ ਤੋਂ ਸੰਤੁਸ਼ਟ ਹੋ ਕੇ ਨਵੇਂ ਸਾੱਫਟਵੇਅਰ ਵੱਲ ਪ੍ਰਵਾਸ ਨਹੀਂ ਕਰੇਗਾ; ਆਦਿ।

13 ਬੈਕਐਂਡ ਅਤੇ ਕਾਰਜਸ਼ੀਲ ਸਹਾਇਤਾ ਦੇ ਨਾਲ ਜੀ ਈ ਪੀ ਐਨ ਆਈ ਸੀ ਸਾੱਫਟਵੇਅਰ/ਹਾਰਡਵੇਅਰ ਚਾਰਜ ਲਈ ₹ 3.40 ਕਰੋੜ; ਅਤੇ ਮੈਨਪਾਵਰ ਸਹਾਇਤਾ ਲਈ ₹ 1.68 ਕਰੋੜ।

14 ਐਨ ਆਈ ਸੀ ਐਸ ਆਈ ਵਿੱਚ ਇਸ ਮਕਸਦ ਲਈ ਪ੍ਰਚਲਿਤ ਅਸਲ ਲੋੜ ਅਤੇ ਜਾਇਜ਼ ਸੂਚੀ ਅਨੁਸਾਰ ਮੈਨਪਾਵਰ ਸਹਾਇਤਾ ਪ੍ਰਦਾਨ ਕੀਤੀ ਜਾਣੀ ਸੀ।

ਲਈ ਵਧਾ ਦਿੱਤਾ ਗਿਆ ਸੀ। ਲੇਖਾ ਪ੍ਰੀਖਿਆ ਨੇ ਦੇਖਿਆ ਕਿ 2023-24 ਤੱਕ ਐਨ ਆਈ ਸੀ ਨੂੰ ₹ 11.34 ਕਰੋੜ (ਮੈਨਪਾਵਰ ਸਹਾਇਤਾ ਦੇ ਖਰਚਿਆਂ ਸਮੇਤ) ਦਾ ਭੁਗਤਾਨ ਕੀਤਾ ਗਿਆ ਸੀ।

### 2.9.1.2 ਐਨ ਆਈ ਸੀ ਨਾਲ ਸਹਿਮਤੀ ਪੱਤਰ ਦੀ ਅਣਹੋਂਦ

ਐਮ ਈ ਆਈ ਟੀ ਵਾਈ, ਭਾਰਤ ਸਰਕਾਰ ਦੇ ਸਾੱਫਟਵੇਅਰ ਵਿਕਾਸ ਅਤੇ ਰੀ-ਇੰਜੀਨੀਅਰਿੰਗ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦੇ ਹਨ ਕਿ ਸੱਲੂਸ਼ਨ ਆਰਕੀਟੈਕਚਰ ਉਤਪਾਦ ਵਰਗੇ ਸੱਲੂਸ਼ਨਾਂ ਲਈ ਇੱਕ ਪ੍ਰਮੁੱਖ ਵਿਭਿੰਨਤਾ ਹੈ। ਇੱਕ ਚੰਗੀ ਤਰ੍ਹਾਂ ਤਿਆਰ ਕੀਤਾ ਸੱਲੂਸ਼ਨ ਇਸ ਨੂੰ ਮੁੜ ਵਰਤੋਂਯੋਗਤਾ (ਕੋਡ, ਸੰਰਚਨਾਵਾਂ, ਡਾਟਾਬੇਸ, ਸੇਵਾਵਾਂ ਆਦਿ ਵਿੱਚ), ਵਾਧੇ ਅਤੇ ਅੰਤਰ-ਕਾਰਜਸ਼ੀਲਤਾ ਲਈ ਮਜ਼ਬੂਤੀ ਦਿੰਦਾ ਹੈ। ਇਸ ਤਰ੍ਹਾਂ, ਇੱਕ ਚੰਗੀ ਤਰ੍ਹਾਂ ਸਥਾਪਤ ਸੇਵਾ ਠੇਕੇ ਨੂੰ ਚੰਗੇ ਆਰਕੀਟੈਕਚਰ ਸਿਧਾਂਤ ਵਜੋਂ ਅਪਣਾਇਆ ਜਾਣਾ ਚਾਹੀਦਾ ਹੈ ਅਤੇ ਇਸ ਅਨੁਸਾਰ ਐਪਲੀਕੇਸ਼ਨ ਮਾਲਕ (ਕੇਂਦਰ/ਰਾਜ ਵਿੱਚ ਸਰਕਾਰੀ ਵਿਭਾਗ ਜਾਂ ਕਿਸੇ ਨਿੱਜੀ ਸੰਸਥਾ) ਅਤੇ ਐਪਲੀਕੇਸ਼ਨ ਪ੍ਰਦਾਤਾ (ਸਰਕਾਰੀ ਵਿਭਾਗ ਜਾਂ ਸੁਤੰਤਰ ਇਕਾਈਆਂ ਜੋ ਈ-ਗਵ ਐਪਸਟੋਰ ਰਾਹੀਂ ਹੋਸਟ ਅਤੇ ਸੇਵਾਵਾਂ ਪ੍ਰਦਾਨ ਕਰਦੀਆਂ ਹਨ) ਵਿਚਕਾਰ ਐਪਲੀਕੇਸ਼ਨ ਜੀਵਨ-ਚੱਕਰ ਦੀ ਮਿਆਦ ਦੌਰਾਨ ਇੱਕ ਠੇਕੇ ਦਾ ਸਮਝੌਤਾ (ਉਦਾਹਰਨ ਲਈ: ਉਤਪਾਦ ਵਿਕਾਸ + ਪ੍ਰਤੀਕ੍ਰਿਤੀ + ਹੋਸਟਿੰਗ + ਸੰਚਾਲਨ ਅਤੇ ਰੱਖ-ਰਖਾਅ) ਜ਼ਰੂਰੀ ਹੈ। ਲਾਇਸੈਂਸ ਸਰੋਤ ਕੋਡ ਆਦਿ ਨਾਲ ਸਬੰਧਤ ਠੇਕੇ ਵੀ ਅਜਿਹੇ ਸਮਝੌਤਿਆਂ ਦਾ ਹਿੱਸਾ ਹੋਣਗੇ।

ਲੇਖਾ ਪ੍ਰੀਖਿਆ ਨੇ ਦੇਖਿਆ (ਨਵੰਬਰ 2022) ਕਿ ਹਾਲਾਂਕਿ ਡੀ ਜੀ ਆਰ ਪੀ ਜੀ ਨੂੰ ਪੰਜਾਬ ਰਾਜ ਵਿੱਚ ਈ-ਖਰੀਦ ਪ੍ਰਣਾਲੀ ਨੂੰ ਲਾਗੂ ਕਰਨ ਲਈ ਨੋਡਲ ਵਿਭਾਗ ਵਜੋਂ ਨਾਮਜ਼ਦ ਕੀਤਾ ਗਿਆ ਸੀ, ਪਰ ਐਨ ਆਈ ਸੀ ਦੇ ਪ੍ਰਸਤਾਵ ਨੂੰ ਸਵੀਕਾਰ ਕਰਨ (ਜੁਲਾਈ 2017) ਦੇ ਛੇ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਅਦ ਵੀ ਹਿੱਸੇਦਾਰਾਂ ਅਤੇ ਐਨ ਆਈ ਸੀ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਨੂੰ ਪਰਿਭਾਸ਼ਿਤ ਕਰਨ ਲਈ ਐਨ ਆਈ ਸੀ ਨਾਲ ਕੋਈ ਰਸਮੀ ਸਮਝੌਤਾ ਜਾਂ ਐਮ ਓ ਯੂ ਲਾਗੂ ਨਹੀਂ ਕੀਤਾ ਗਿਆ ਸੀ।

31 ਮਾਰਚ 2017 ਨੂੰ ਸਮਾਪਤ ਹੋਏ ਸਾਲ ਲਈ ਸਮਾਜਿਕ, ਆਮ ਅਤੇ ਆਰਥਿਕ ਖੇਤਰਾਂ (ਗੈਰ-ਜਨਤਕ ਖੇਤਰ ਦੇ ਅਦਾਰਿਆਂ) ਉੱਤੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ (ਪੈਰ੍ਹਾ 3.12.2.1) ਵਿੱਚ ਐਨ ਆਈ ਸੀ ਨਾਲ ਸਮਝੌਤੇ ਜਾਂ ਸਹਿਮਤੀ ਪੱਤਰ (ਐਮ ਓ ਯੂ) ਵਿੱਚ ਈ-ਖਰੀਦ ਪ੍ਰਣਾਲੀ ਲਾਗੂ ਕੀਤੇ ਜਾਣ ਬਾਰੇ ਜਾਣੂ ਕਰਵਾਉਂਦਿਆਂ ਈ-ਖਰੀਦ ਪ੍ਰਣਾਲੀ ਨੂੰ ਲਾਗੂ ਕਰਨ ਦੇ ਸਬੰਧ ਵਿੱਚ ਲੋੜੀਂਦੇ ਸਹਿਮਤੀ ਪੱਤਰ ਨੂੰ ਲਾਗੂ ਕਰਨ ਦਾ ਭਰੋਸਾ ਦਿੱਤਾ (ਅਕਤੂਬਰ 2017)। ਇਸ ਤੋਂ ਇਲਾਵਾ, ਲੋਕ ਲੇਖਾ ਕਮੇਟੀ (ਪੀ ਏ ਸੀ) ਨੇ ਪੈਰ੍ਹਾ ਤੇ ਚਰਚਾ ਕਰਦਿਆਂ ਸਿਫਾਰਸ਼ ਕੀਤੀ ਸੀ (ਦਸੰਬਰ 2022) ਕਿ ਵਿਭਾਗ ਨੂੰ ਆਈ ਟੀ ਨੀਤੀ ਦੀਆਂ ਸਾਰੀਆਂ ਵਿਵਸਥਾਵਾਂ ਨੂੰ ਲਾਗੂ ਕਰਨਾ ਚਾਹੀਦਾ ਹੈ।

ਅੱਗੇ ਇਸ ਤੋਂ ਇਲਾਵਾ, ਇਹ ਦੇਖਿਆ ਗਿਆ (ਜੁਲਾਈ 2024) ਕਿ ਐਨ ਆਈ ਸੀ ਦੁਆਰਾ ਹੇਠ ਲਿਖੀਆਂ ਗਤੀਵਿਧੀਆਂ ਦੇ ਸਬੰਧ ਵਿੱਚ ਸਮਾਂ-ਸੀਮਾ ਦੀ ਪਾਲਣਾ ਨਹੀਂ ਕੀਤੀ ਗਈ ਸੀ:

- **ਰਜਿਸਟ੍ਰੇਸ਼ਨ ਫੀਸ ਮਾਡਿਊਲ ਵਿੱਚ ਦੇਰੀ**: ਸਤੰਬਰ 2017 ਤੱਕ ਜੀ ਈ ਪੀ ਐਨ ਆਈ ਸੀ ਪੋਰਟਲ ਵਿੱਚ ਰਜਿਸਟ੍ਰੇਸ਼ਨ ਫੀਸ ਮਾਡਿਊਲ ਨੂੰ ਸ਼ਾਮਲ ਕਰਨਾ, ਸਿਰਫ ਮਾਰਚ 2020 ਵਿੱਚ ਪੂਰਾ ਹੋਇਆ ਸੀ, ਜਿਸ ਦੇ ਨਤੀਜੇ ਵਜੋਂ ਰਜਿਸਟ੍ਰੇਸ਼ਨ ਫੀਸਾਂ ਦੇ ਸਮੇਂ ਸਿਰ ਇਕੱਤਰ ਕਰਨ ਅਤੇ ਪ੍ਰਬੰਧਨ ਨੂੰ ਪ੍ਰਭਾਵਤ ਕਰਨ ਲਈ ਦੋ ਸਾਲਾਂ ਤੋਂ ਵੱਧ ਦੀ ਦੇਰੀ ਹੋਈ; ਅਤੇ

- **ਮਲਟੀਪਲ ਪੇਮੈਂਟ ਗੇਟਵੇ ਨੂੰ ਲਾਗੂ ਕਰਨਾ**: ਬੇਨਤੀ (ਫਰਵਰੀ 2022) ਦੇ ਬਾਵਜੂਦ, ਐਨ ਆਈ ਸੀ ਨੇ ਮਈ 2024 ਤੱਕ ਮਲਟੀਪਲ ਭੁਗਤਾਨ ਗੇਟਵੇ ਲਾਗੂ ਨਹੀਂ ਕੀਤੇ ਸਨ। ਵਾਰ-ਵਾਰ ਸੇਵਾ ਦੇ ਮੁੱਦਿਆਂ ਦੇ ਬਾਵਜੂਦ, ਸਿਸਟਮ ਪੂਰੀ ਤਰ੍ਹਾਂ ਐਸ ਬੀ ਆਈ ਦੇ ਭੁਗਤਾਨ ਗੇਟਵੇ ਤੇ ਨਿਰਭਰ ਕਰਦਾ ਹੈ। ਵਿਕਲਪਕ ਗੇਟਵੇ ਦੀ ਅਣਹੋਂਦ ਤਕਨੀਕੀ ਗੜਬੜੀਆਂ (ਜਿਵੇਂ ਕਿ **ਪੈਰ੍ਹਾ 2.10.3** ਵਿੱਚ ਚਰਚਾ ਕੀਤੀ ਗਈ ਹੈ) ਕਾਰਣ ਲੈਣ-ਦੇਣ ਦੀਆਂ ਅਸਫਲਤਾਵਾਂ ਦੇ ਜੋਖਮ ਨੂੰ ਵਧਾਉਂਦੀ ਹੈ, ਖਰੀਦ ਭਰੋਸੇਯੋਗਤਾ ਨਾਲ ਸਮਝੌਤਾ ਕਰਦੀ ਹੈ।

ਇਸ ਤਰ੍ਹਾਂ, ਡੀ ਜੀ ਆਰ ਪੀ ਜੀ ਅਤੇ ਐਨ ਆਈ ਸੀ ਦਰਮਿਆਨ ਰਸਮੀ ਸਮਝੌਤੇ ਦੀ ਘਾਟ, ਛੇ ਸਾਲਾਂ ਤੋਂ ਵੱਧ ਸਮੇਂ ਦੀ ਅਸਫਲਤਾ ਦੇ ਬਾਵਜੂਦ, ਜਵਾਬਦੇਹੀ ਅਤੇ ਭੂਮਿਕਾਵਾਂ ਵਿੱਚ ਸਪੱਸ਼ਟਤਾ ਦੀ ਅਣਹੋਂਦ ਦੇ ਨਤੀਜੇ ਵਜੋਂ ਪੋਰਟਲ ਨੂੰ ਸੋਧਣ ਅਤੇ ਭੁਗਤਾਨ ਗੇਟਵੇ ਦੇ ਮੁੱਦਿਆਂ ਨੂੰ ਹੱਲ ਕਰਨ ਵਿੱਚ ਐਨ ਆਈ ਸੀ ਵੱਲੋਂ ਮਹੱਤਵਪੂਰਣ ਦੇਰੀ ਵਿੱਚ ਯੋਗਦਾਨ ਪਾਇਆ ਗਿਆ ਸੀ। ਇਸ ਤੋਂ ਇਲਾਵਾ, ਅਸੰਗਤ ਕਾਰਗੁਜ਼ਾਰੀ ਦੇ ਬਾਵਜੂਦ, ਐਨ ਆਈ ਸੀ ਨੂੰ ਮਾਰਚ 2024 ਤੱਕ ₹ 11.34 ਕਰੋੜ (ਜੁਲਾਈ 2017-ਅਗਸਤ 2023) ਦਾ ਭੁਗਤਾਨ ਕੀਤਾ ਗਿਆ ਸੀ, ਬਿਨ੍ਹਾਂ ਕਿਸੇ ਸਮਾਂ-ਬੱਧ ਜਵਾਬਦੇਹੀ ਨੂੰ ਲਾਗੂ ਕੀਤੇ ਜਾਂ ਦੇਰੀ ਨਾਲ ਦਿੱਤੀਆਂ ਗਈਆਂ ਸੇਵਾਵਾਂ ਲਈ ਕੋਈ ਰਾਸ਼ੀ ਰੋਕੇ ਬਿਨਾਂ, ਜਿਵੇਂ ਕਿ ਪਿਛਲੇ ਪੈਰ੍ਹੇ ਵਿੱਚ ਚਰਚਾ ਕੀਤੀ ਗਈ ਹੈ।

ਐਨ ਆਈ ਸੀ ਦੇ ਭਰੋਸਾ ਦਿਵਾਉਣ (ਅਕਤੂਬਰ 2017) ਅਤੇ ਪੀ ਏ ਸੀ (ਦਸੰਬਰ 2022) ਦੀ ਸਿਫਾਰਸ਼ ਦੇ ਬਾਵਜੂਦ, ਨੋਡਲ ਵਿਭਾਗ ਨੇ ਸਿਸਟਮ ਇੰਟੀਗ੍ਰੇਟਰ ਨਾਲ ਅਸਮਾਨਤਾ/ਵਿਵਾਦ ਤੋਂ ਬਚਣ ਲਈ ਕਾਨੂੰਨੀ ਬੰਧਨ, ਜਵਾਬਦੇਹੀ ਅਤੇ ਭੂਮਿਕਾਵਾਂ ਵਿੱਚ ਸਪਸ਼ਟਤਾ ਨੂੰ ਯਕੀਨੀ ਬਣਾਉਣ ਲਈ ਸਹਿਮਤੀ ਪੱਤਰ ਅਜੇ ਜਾਰੀ ਨਹੀਂ ਕੀਤਾ ਸੀ (ਨਵੰਬਰ 2024)।

ਨੋਡਲ ਵਿਭਾਗ ਨੇ ਜਵਾਬ ਦਿੱਤਾ ਕਿ ਸਹਿਮਤੀ ਪੱਤਰ ਨਾਲ ਸਬੰਧਤ ਮਾਮਲਾ ਐਨ ਆਈ ਸੀ ਕੋਲ ਉਠਾਇਆ ਜਾਵੇਗਾ (ਨਵੰਬਰ 2024)।

### 2.9.1.3 ਖਰੀਦ ਨੀਤੀ ਕਾਰਜਸ਼ੀਲ ਡਾਇਰੈਕਟੋਰੇਟ ਅਤੇ ਇਨਫੋਰਸਮੈਂਟ ਦੀ ਅਣਹੋਂਦ

ਪੰਜਾਬ ਪਾਰਦਰਸ਼ਤਾ ਇਨ ਪਬਲਿਕ ਪ੍ਰੋਕਿਓਰਮੈਂਟ ਐਕਟ, 2019 (ਪੀ ਟੀ ਪੀ ਪੀ ਐਕਟ) ਦੀ ਧਾਰਾ 45(1) ਅਤੇ (3) ਅਨੁਸਾਰ ਰਾਜ ਸਰਕਾਰ ਖਰੀਦ ਨੀਤੀ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਡੀ ਪੀ ਪੀ ਈ) ਦੀ ਸਥਾਪਨਾ ਕਰੇਗੀ ਜਿਸ ਦੀ ਅਗਵਾਈ ਰਾਜ ਸਰਕਾਰ ਦੇ ਵਿਸ਼ੇਸ਼ ਸਕੱਤਰ ਦੇ ਰੈਂਕ ਤੋਂ ਘੱਟ ਨਾ ਹੋਣ ਵਾਲੇ ਅਧਿਕਾਰੀ ਦੁਆਰਾ ਕੀਤੀ ਜਾਵੇਗੀ। ਡੀ ਪੀ ਪੀ ਈ ਹੋਰ ਗੱਲਾਂ ਦੇ ਨਾਲ-ਨਾਲ ਕਾਰਜਾਂ ਦਾ ਨਿਪਟਾਰਾ ਕਰੇਗਾ ਜਿਵੇਂ ਕਿ (ੳ) ਧਾਰਾ 43 ਅਧੀਨ ਸਥਾਪਤ ਰਾਜ ਜਨਤਕ

ਖਰੀਦ ਪੋਰਟਲ[15] (ਐਸ ਪੀ ਪੀ ਪੀ) ਨੂੰ ਬਣਾਈ ਰੱਖਣਾ ਅਤੇ ਅੱਪਡੇਟ ਕਰਨਾ; (ਅ) ਸਿਖਲਾਈ ਅਤੇ ਪ੍ਰਮਾਣੀਕਰਨ ਦਾ ਪ੍ਰਬੰਧ ਕਰਨਾ; (ੲ) ਇਸ ਐਕਟ ਦੀਆਂ ਵਿਵਸਥਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਰਾਜ ਸਰਕਾਰ ਨੂੰ ਉਪਾਵਾਂ ਦੀ ਸਿਫਾਰਸ਼ ਕਰਨਾ; (ਸ) ਜਨਤਕ ਖਰੀਦ ਨਾਲ ਸਬੰਧਤ ਮਾਮਲਿਆਂ ਦੇ ਸਬੰਧ ਵਿੱਚ ਖਰੀਦ ਇਕਾਈਆਂ ਨੂੰ ਇਸ ਐਕਟ ਦੀਆਂ ਵਿਵਸਥਾਵਾਂ ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਾਰਗ ਦਰਸ਼ਨ ਪ੍ਰਦਾਨ ਕਰਨਾ; (ਹ) ਜਨਤਕ ਖਰੀਦ ਦੇ ਵੱਖ-ਵੱਖ ਤਰੀਕਿਆਂ ਦਾ ਅਧਿਐਨ ਕਰਨਾ ਅਤੇ ਮਿਆਰੀ ਬੋਲੀ ਦਸਤਾਵੇਜ਼ਾਂ, ਪੂਰਵ-ਯੋਗਤਾ ਦਸਤਾਵੇਜ਼ਾਂ ਜਾਂ ਬੋਲੀਦਾਤਾ ਰਜਿਸਟ੍ਰੇਸ਼ਨ ਦਸਤਾਵੇਜ਼ਾਂ ਨੂੰ ਤਿਆਰ ਕਰਨਾ ਅਤੇ ਸਿਫਾਰਸ਼ ਕਰਨਾ; ਅਤੇ (ਕ) ਅਜਿਹੇ ਹੋਰ ਕਾਰਜਾਂ ਨੂੰ ਨਿਭਾਉਣਾ, ਜੋ ਰਾਜ ਸਰਕਾਰ ਦੁਆਰਾ ਇਸ ਨੂੰ ਸੌਂਪੇ ਜਾ ਸਕਦੇ ਹਨ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਜੀ ਓ ਪੀ ਨੇ ਪੀ ਟੀ ਪੀ ਪੀ ਐਕਟ ਦੀਆਂ ਧਾਰਾਵਾਂ ਅਨੁਸਾਰ ਡੀ ਪੀ ਪੀ ਈ ਸਥਾਪਤ ਕਰਨ ਦਾ ਫੈਸਲਾ ਕੀਤਾ ਸੀ (ਸਤੰਬਰ 2020)। ਹਾਲਾਂਕਿ, ਐਸ ਪੀ ਪੀ ਪੀ ਜੁਲਾਈ 2023 ਤੋਂ ਕਾਰਜਸ਼ੀਲ ਸੀ, ਪਰ ਡਾਇਰੈਕਟੋਰੇਟ ਨੂੰ ਕਾਰਜਸ਼ੀਲ ਨਹੀਂ ਬਣਾਇਆ ਗਿਆ ਸੀ, ਕਿਉਂਕਿ ਵਿਭਾਗ ਅਜੇ ਵੀ ਇਸ ਨੂੰ ਕਾਰਜਸ਼ੀਲ ਬਣਾਉਣ ਲਈ ਲੋੜੀਂਦੀਆਂ ਅਸਾਮੀਆਂ ਸਿਰਜਣਾ ਕਰਨ ਦੀ ਪ੍ਰਕਿਰਿਆ ਵਿੱਚ ਸੀ (ਨਵੰਬਰ 2024)। ਇਸ ਦੀ ਅਣਹੋਂਦ ਵਿੱਚ, ਪੀ ਟੀ ਪੀ ਪੀ ਐਕਟ ਦੀਆਂ ਵਿਵਸਥਾਵਾਂ ਅਨੁਸਾਰ ਈ-ਖਰੀਦ ਪ੍ਰਣਾਲੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਅਤੇ ਵਰਤਣਾ ਯਕੀਨੀ ਨਹੀਂ ਬਣਾਇਆ ਜਾ ਸਕਿਆ, ਜਿਵੇਂ ਕਿ ਇਸ ਰਿਪੋਰਟ ਦੇ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀਆਂ ਗਈਆਂ ਵੱਖ-ਵੱਖ ਕਮੀਆਂ ਤੋਂ ਸਪੱਸ਼ਟ ਹੈ।

ਨੋਡਲ ਵਿਭਾਗ ਨੇ ਸਪੱਸ਼ਟ ਕੀਤਾ ਕਿ ਇਸ ਮਾਮਲੇ ਨੂੰ ਵਿੱਤ ਵਿਭਾਗ ਵੱਲੋਂ ਹੱਲ ਕੀਤਾ ਜਾਵੇਗਾ (ਨਵੰਬਰ 2024)।

### 2.9.2 ਈ-ਖਰੀਦ ਪੋਰਟਲ ਦੀ ਵਰਤੋਂ

ਮਾਰਚ 2023 ਤੱਕ, 45 ਵਿਭਾਗਾਂ/ਸੰਗਠਨਾਂ ਅਤੇ ਉਨ੍ਹਾਂ ਦੀਆਂ ਖਰੀਦ ਇਕਾਈਆਂ ਨੇ ਜੀ ਈ ਪੀ ਐਨ ਆਈ ਸੀ ਪੋਰਟਲ ਦੀ ਵਰਤੋਂ ਕੀਤੀ ਸੀ ਅਤੇ 2018-2023 ਦੌਰਾਨ ₹ 1,15,407 ਕਰੋੜ ਦੇ ਕੁੱਲ 1.86 ਲੱਖ ਟੈਂਡਰ ਪ੍ਰਕਾਸ਼ਿਤ ਕੀਤੇ ਗਏ ਸਨ। ਹਾਲਾਂਕਿ, ਇਹ ਦੇਖਿਆ ਗਿਆ ਕਿ ਜੀ ਈ ਪੀ ਐਨ ਆਈ ਸੀ ਵਿੱਚ ਪ੍ਰਵਾਸ ਕਰਨ ਵਾਲੀਆਂ ਖਰੀਦ ਇਕਾਈਆਂ ਵਿੱਚ ਪੋਰਟਲ ਦੀ ਵਰਤੋਂ ਅੰਸ਼ਕ ਸੀ। ਵਿਸ਼ੇਸ਼ ਹਦਾਇਤਾਂ (ਸਤੰਬਰ 2017) ਦੇ ਬਾਵਜੂਦ ਰਾਜ ਦੀਆਂ ਸਾਰੀਆਂ ਖਰੀਦ ਇਕਾਈਆਂ ਨੂੰ ਜਨਵਰੀ 2018 ਤੋਂ ਜੀ ਈ ਪੀ ਐਨ ਆਈ ਸੀ ਪੋਰਟਲ ਰਾਹੀਂ ਸਾਰੀਆਂ ਖਰੀਦਾਂ ਕਰਨ ਲਈ ਲਾਜ਼ਮੀ ਕਰਨ ਦੇ ਬਾਵਜੂਦ, ਅਪ੍ਰੈਲ 2018 ਅਤੇ ਮਾਰਚ 2023 ਦੇ

15 ਐਸ ਪੀ ਪੀ ਪੀ ਦਾ ਮੁੱਢਲਾ ਉਦੇਸ਼ ਪੀ ਟੀ ਪੀ ਪੀ ਐਕਟ ਅਧੀਨ ਕਵਰ ਕੀਤੀਆਂ ਵੱਖ-ਵੱਖ ਖਰੀਦ ਇਕਾਈਆਂ ਵਿੱਚ ਕੀਤੀ ਗਈ ਖਰੀਦ ਬਾਰੇ ਜਾਣਕਾਰੀ ਤੱਕ ਇਕੋ ਬਿੰਦੂ ਪਹੁੰਚ ਪ੍ਰਦਾਨ ਕਰਨਾ ਹੈ। ਹਰੇਕ ਖਰੀਦ ਇਕਾਈ ਸਬੰਧਤ ਜਾਣਕਾਰੀ ਨੂੰ ਇਸ ਐਕਟ ਜਾਂ ਐਸ ਪੀ ਪੀ ਪੀ ਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਅਤੇ ਦਿਸ਼ਾ ਨਿਰਦੇਸ਼ਾਂ ਅਧੀਨ ਲੋੜ ਅਨੁਸਾਰ ਪ੍ਰਕਾਸ਼ਿਤ ਕਰੇਗੀ।

ਵਿਚਕਾਰ 16 (45 ਵਿਚੋਂ) ਖਰੀਦ ਵਿਭਾਗਾਂ/ਸੰਗਠਨਾਂ[16] ਨੇ ਦੇਰੀ ਨਾਲ ਜੀ ਈ ਪੀ ਐਨ ਆਈ ਸੀ ਪੋਰਟਲ 'ਤੇ ਪਹੁੰਚ ਕੀਤੀ। ਲੇਖਾ ਪ੍ਰੀਖਿਆ ਨੇ ਜੀ ਈ ਪੀ ਐਨ ਆਈ ਸੀ ਪੋਰਟਲ ਦੀ ਵਰਤੋਂ ਵਿੱਚ ਪੱਧਰ ਅਤੇ ਪ੍ਰਭਾਵਸ਼ੀਲਤਾ ਦੀ ਸਮੀਖਿਆ ਕੀਤੀ, ਖਰੀਦ ਇਕਾਈਆਂ ਦੁਆਰਾ ਰੱਖੇ ਜਾ ਰਹੇ ਟੈਂਡਰ ਰਿਕਾਰਡਾਂ ਨਾਲ ਡੇਟਾ ਵਿਸ਼ਲੇਸ਼ਣ ਨੂੰ ਜੋੜਿਆ ਅਤੇ ਇਸ ਦੇ ਨਤੀਜਿਆਂ ਬਾਰੇ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ।

### 2.9.2.1 ਪ੍ਰਕਾਸ਼ਿਤ ਟੈਂਡਰਾਂ ਲਈ ਨਾਕਾਫੀ ਪ੍ਰਚਾਰ ਅਤੇ ਭਾਸ਼ਾ ਸਹਾਇਤਾ

ਪੀ ਟੀ ਪੀ ਪੀ ਨਿਯਮ, 2022 ਦੇ ਨਿਯਮ 21(1) ਅਤੇ (3) ਨਾਲ ਪੜ੍ਹੀ ਜਾਣ ਵਾਲੀ ਪੀ ਟੀ ਪੀ ਪੀ ਐਕਟ ਦੀ ਧਾਰਾ 28(5) ਵਿੱਚ ਕਿਹਾ ਗਿਆ ਹੈ ਕਿ ਖੁੱਲ੍ਹੀ ਪ੍ਰਤੀਯੋਗੀ ਬੋਲੀ ਖਰੀਦ ਦਾ ਡਿਫਾਲਟ ਤਰੀਕਾ ਹੋਵੇਗਾ ਜਿੱਥੇ ਇਸ਼ਤਿਹਾਰ ਰਾਹੀਂ ਟੈਂਡਰ ਮੰਗਕੇ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਵਿਆਪਕ ਮੁਕਾਬਲੇ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਇਸ ਵਿਧੀ ਅਧੀਨ ਬੋਲੀ ਦਾ ਇਸ਼ਤਿਹਾਰ ਖਰੀਦ ਇਕਾਈ ਦੁਆਰਾ ਰਾਜ ਜਨਤਕ ਖਰੀਦ ਪੋਰਟਲ (ਐਸ ਪੀ ਪੀ ਪੀ) 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ, ਵਿਭਾਗੀ ਵੈੱਬਸਾਈਟ ਉੱਤੇ ਅਤੇ ਕਿਸੇ ਅਖਬਾਰ ਵਿੱਚ ਸੰਕੇਤਕ ਪ੍ਰਕਾਸ਼ਨ ਰਾਹੀਂ, ਜਾਂ ਰਾਜ ਸਰਕਾਰ ਦੁਆਰਾ ਸਮੇਂ-ਸਮੇਂ ਤੇ ਨੋਟੀਫਾਈ ਕੀਤੇ ਕਿਸੇ ਹੋਰ ਤਰੀਕੇ ਰਾਹੀਂ। ਇਸ ਤੋਂ ਇਲਾਵਾ, ਨਿਯਮ 33(7) ਇਹ ਨਿਰਧਾਰਤ ਕਰਦਾ ਹੈ ਕਿ ਹਰੇਕ ਨਿਲਾਮੀ ਲਈ ਉਚਿਤ ਪ੍ਰਚਾਰ ਕੀਤਾ ਜਾਵੇਗਾ ਤਾਂ ਜੋ ਵੱਧ ਤੋਂ ਵੱਧ ਬੋਲੀਆਂ ਲਗਾਉਣ ਵਾਲਿਆਂ ਨੂੰ ਆਕਰਸ਼ਿਤ ਕੀਤਾ ਜਾ ਸਕੇ ਤਾਂ ਜੋ ਨਿਪਟਾਰੇ ਲਈ ਜਨਤਕ ਜਾਇਦਾਦ ਦਾ ਸਭ ਤੋਂ ਵੱਧ ਮੁੱਲ ਪ੍ਰਾਪਤ ਕੀਤਾ ਜਾ ਸਕੇ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ 14 ਨਮੂਨਾ-ਜਾਂਚ ਕੀਤੇ ਵਿਭਾਗਾਂ ਵਿਚੋਂ ਤਿੰਨ ਦੁਆਰਾ ਪ੍ਰਕਾਸ਼ਿਤ 64[17] ਚੁਣੇ ਹੋਏ ਟੈਂਡਰਾਂ ਵਿੰਚ, ਡੀ ਐਨ ਆਈ ਟੀ ਨੂੰ ਪੋਰਟਲ ਤੇ ਇੱਕੋ ਭਾਸ਼ਾ ਭਾਵ ਸਿਰਫ ਪੰਜਾਬੀ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ। ਇਨ੍ਹਾਂ 64 ਨਮੂਨਿਆਂ ਦੇ ਟੈਂਡਰਾਂ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਦੂਜੇ ਰਾਜਾਂ ਦੇ ਬੋਲੀਕਾਰਾਂ ਦੀ ਭਾਗੀਦਾਰੀ ਸਿਰਫ ਨੌਂ *ਪ੍ਰਤੀਸ਼ਤ* ਸੀ। ਘੱਟੋ-ਘੱਟ 2-3 ਵੱਖ-ਵੱਖ ਭਾਸ਼ਾਵਾਂ (ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ) ਵਿੱਚ ਟੈਂਡਰ ਪ੍ਰਕਾਸ਼ਿਤ ਕਰਨ ਨਾਲ ਟੈਂਡਰ ਨੂੰ ਵੱਡੀ ਸੰਖਿਆ ਵਿੱਚ ਸੰਭਾਵਿਤ ਬੋਲੀਦਾਤਾਵਾਂ ਤੱਕ ਪਹੁੰਚਣ ਵਿੱਚ ਸਹੂਲਤ ਮਿਲਦੀ।

---

[16] (i) ਪੰਜਾਬ ਖੇਤੀਬਾੜੀ ਯੂਨੀਵਰਸਿਟੀ (15-04-2018); (ii) ਰੁਜ਼ਗਾਰ ਉਤਪਤੀ ਅਤੇ ਸਿਖਲਾਈ ਵਿਭਾਗ (27-04-2018); (iii) ਪਰਸੋਨਲ ਵਿਭਾਗ (02-05-2018); (iv) ਸੂਚਨਾ ਅਤੇ ਲੋਕ ਸੰਪਰਕ ਵਿਭਾਗ (01-06-2018); (v) ਚੋਣ ਵਿਭਾਗ (09-08-2018); (vi) ਪਾਵਰ ਵਿਭਾਗ (07-09-2018); (vii) ਏ ਡੀ ਬੀ ਫੰਡ ਪ੍ਰਾਪਤ ਪ੍ਰੋਜੈਕਟ (25-02-2019); (viii) ਖਣਨ ਅਤੇ ਭੂ-ਵਿਗਿਆਨ ਵਿਭਾਗ (06-03-2019); (ix) ਆਮ ਪ੍ਰਸ਼ਾਸਨ ਵਿਭਾਗ (28-01-2020); (x) ਸ਼ਹਿਰੀ ਹਵਾਬਾਜ਼ੀ ਵਿਭਾਗ (11-06-2020); (xi) ਪੰਜਾਬ ਰਿਮੋਟ ਸੈਂਸਿੰਗ ਸੈਂਟਰ (03-02-2021); (xii) ਕਿਰਤ ਵਿਭਾਗ (22-02-2021); (xiii) ਪੰਜਾਬ ਕ੍ਰਿਕਟ ਐਸੋਸੀਏਸਨ (23-08-2021); (xiv) ਭਾਖੜਾ ਬਿਆਸ ਮੈਨੇਜਮੈਂਟ ਬੋਰਡ (29-09-2021); (xv) ਆਬਕਾਰੀ ਅਤੇ ਕਰਬੰਦੀ ਵਿਭਾਗ (14-02-2022); ਅਤੇ (xvi) ਐਨ ਆਈ ਸੀ ਡੀ ਸੀ ਪੰਜਾਬ ਇੰਡਸਟਰੀਅਲ ਕੋਰੀਡੋਰ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਿਟਡ (20-03-2023)।

[17] ਜੰਗਲਾਤ ਅਤੇ ਜੰਗਲੀ ਜੀਵ ਸੰਭਾਲ ਵਿਭਾਗ (40); ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ (20); ਅਤੇ ਖੇਤੀਬਾੜੀ ਵਿਭਾਗ (4)।

ਜੰਗਲਾਤ ਅਤੇ ਜੰਗਲੀ ਜੀਵ ਸੰਭਾਲ ਵਿਭਾਗ ਨੇ ਭਰੋਸਾ ਦਿੱਤਾ ਕਿ ਡੀ ਐਨ ਆਈ ਟੀ ਦੇ ਇਸ਼ਤਿਹਾਰ ਅਤੇ ਨਿਯਮ ਅਤੇ ਸ਼ਰਤਾਂ ਅਖਬਾਰਾਂ ਅਤੇ ਪੋਰਟਲ ਤੇ ਤਿੰਨ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ (ਮਈ 2024)। ਖੇਡਾਂ ਅਤੇ ਯੁਵਕ ਸੇਵਾਵਾਂ ਵਿਭਾਗ ਅਤੇ ਖੇਤੀਬਾੜੀ ਵਿਭਾਗ ਨੇ ਇਸ ਲੇਖਾ ਪ੍ਰੀਖਿਆ ਟਿੱਪਣੀ ਦਾ ਜਵਾਬ ਨਹੀਂ ਦਿੱਤਾ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਅਖਬਾਰਾਂ ਵਿੱਚ ਟੈਂਡਰ ਪ੍ਰਕਾਸ਼ਿਤ ਕਰਨ ਦਾ ਕੰਮ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਦੁਆਰਾ ਕੀਤਾ ਜਾ ਰਿਹਾ ਸੀ। ਵਿਭਾਗ ਨੇ ਅੱਗੇ ਕਿਹਾ ਕਿ ਇਸ ਸਬੰਧ ਵਿੱਚ ਉਪਭੋਗਤਾ ਵਿਭਾਗਾਂ ਨੂੰ ਲੋੜੀਂਦੀ ਸਲਾਹ ਜਾਰੀ ਕਰ ਦਿੱਤੀ ਗਈ ਸੀ।

## 2.9.2.2 ਟੈਂਡਰਿੰਗ ਪ੍ਰਕਿਰਿਆ ਵਿੱਚ ਮੈਨੂਅਲ ਦਖਲ

ਪੋਰਟਲ ਤੇ ਤਕਨੀਕੀ ਅਤੇ ਵਿੱਤੀ ਕਮੇਟੀਆਂ ਦੀ ਟੈਂਡਰ ਸਥਿਤੀ ਅਤੇ ਕਾਰਵਾਈਆਂ ਨੂੰ ਅਪਡੇਟ ਨਾ ਕਰਨ ਬਾਰੇ 31 ਮਾਰਚ 2017 ਨੂੰ ਸਮਾਪਤ ਹੋਏ ਸਾਲ ਲਈ ਸਮਾਜਿਕ, ਜਨਰਲ ਅਤੇ ਆਰਥਿਕ ਖੇਤਰਾਂ (ਗੈਰ-ਜਨਤਕ ਖੇਤਰ ਦੇ ਅਦਾਰਿਆਂ) ਉੱਤੇ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ (ਪੈਰ੍ਹਾ 3.12.4.1) ਵਿੱਚ ਜ਼ਿਕਰ ਕੀਤਾ ਗਿਆ ਸੀ। ਵਿਭਾਗ ਨੇ ਭਰੋਸਾ ਦਿੱਤਾ (ਅਕਤੂਬਰ 2018) ਕਿ ਟੈਂਡਰ ਇਨਵਾਈਟਿੰਗ ਅਥਾਰਟੀਆਂ (ਟੀ ਆਈ ਏ) ਨੂੰ ਸਿਸਟਮ ਤੇ ਅਵਾਰਡ ਆਫ ਕੰਟਰੈਕਟ (ਏ ਓ ਸੀ) ਅਪਲੋਡ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਅਤੇ ਸਿਸਟਮ ਦੁਆਰਾ ਮਿੰਟ ਤਿਆਰ ਕਰਨ ਲਈ ਮਾਮਲਾ ਐਨ ਆਈ ਸੀ ਕੋਲ ਉਠਾਇਆ ਗਿਆ ਸੀ।

ਜੀ ਈ ਪੀ ਐਨ ਆਈ ਸੀ ਵਰਕਫਲੋ ਟੈਂਡਰ ਦੇ ਵੱਖ-ਵੱਖ ਪੜਾਵਾਂ ਰਾਹੀਂ ਕ੍ਰਮਵਾਰ ਕਦਮ-ਦਰ-ਕਦਮ ਪ੍ਰਗਤੀ ਦੀ ਕਲਪਨਾ ਕਰਦਾ ਹੈ, ਜੋ ਸਫਲ ਬੋਲੀਦਾਤਾ ਨੂੰ ਏ ਓ ਸੀ ਤੇ ਸਮਾਪਤ ਹੁੰਦਾ ਹੈ। ਇਸ ਲਈ, ਆਨਲਾਈਨ ਟੈਂਡਰਿੰਗ ਪ੍ਰਕਿਰਿਆ ਰਾਹੀਂ ਏ ਓ ਸੀ ਪੜਾਅ ਪ੍ਰਾਪਤ ਕਰਨਾ ਜੀ ਈ ਪੀ ਐਨ ਆਈ ਸੀ ਪੋਰਟਲ ਦੀ ਪੂਰੀ ਅਤੇ ਪ੍ਰਭਾਵਸ਼ਾਲੀ ਵਰਤੋਂ ਨੂੰ ਯਕੀਨੀ ਬਣਾਉਂਦਾ ਹੈ। ਟੈਂਡਰਿੰਗ ਪ੍ਰਕਿਰਿਆ ਦੌਰਾਨ ਕੀਤੀਆਂ ਜਾਣ ਵਾਲੀਆਂ ਪੜਾਅ-ਵਾਰ ਗਤੀਵਿਧੀਆਂ **ਸਾਰਣੀ** 2.1 ਵਿੱਚ ਵਿਸਥਾਰ ਨਾਲ ਦਿੱਤੀ ਗਈਆਂ ਹਨ।

**ਸਾਰਣੀ 2.1: ਟੈਂਡਰਿੰਗ ਪ੍ਰਕਿਰਿਆ ਦੌਰਾਨ ਕੀਤੀਆਂ ਜਾਣ ਵਾਲੀਆਂ ਪੜਾਅ-ਵਾਰ ਗਤੀਵਿਧੀਆਂ**

| ਟੈਂਡਰ ਸਥਿਤੀ* | ਪੜਾਅ | ਕੀਤੀ ਜਾਣ ਵਾਲੀ ਗਤੀਵਿਧੀ |
|---|---|---|
| ਪ੍ਰਕਾਸ਼ਿਤ ਕੀਤਾ ਗਿਆ | ਖੋਲਿਆ ਜਾਵੇ | ਕੋਈ ਗਤੀਵਿਧੀ ਨਹੀਂ ਕੀਤੀ ਜਾਂਦੀ |
| | ਬੋਲੀ ਖੋਲ੍ਹਣਾ (ਬੋਲੀ_ਖੋਲ੍ਹੀ_ਗਈ 1) | ਬੋਲੀਆਂ ਆਨਲਾਈਨ ਖੋਲ੍ਹੀਆਂ ਜਾਂਦੀਆਂ ਹਨ, ਅਤੇ ਬੋਲੀਆਂ ਦੀ ਸੰਖਿਆ ਅਤੇ ਭੁਗਤਾਨ ਦੇ ਵੇਰਵਿਆਂ ਦੀ ਜਾਂਚ ਕੀਤੀ ਜਾਂਦੀ ਹੈ |
| | ਤਕਨੀਕੀ ਮੁਲਾਂਕਣ | ਟੈਂਡਰ ਦਸਤਾਵੇਜ਼ ਵਿੱਚ ਨਿਰਧਾਰਤ ਤਕਨੀਕੀ ਮਾਪਦੰਡਾਂ ਦੇ ਵਿਰੁੱਧ ਬੋਲੀਆਂ ਦੀ ਜਾਂਚ ਕੀਤੀ ਜਾਂਦੀ ਹੈ |
| | ਵਿੱਤੀ ਬੋਲੀ ਖੋਲ੍ਹਣਾ (ਬੋਲੀ_ਖੋਲ੍ਹੀ_ਗਈ 2) | ਤਕਨੀਕੀ ਤੌਰ ਤੇ ਯੋਗ ਬੋਲੀਦਾਤਾਵਾਂ ਦੀਆਂ ਵਿੱਤੀ ਬੋਲੀਆਂ ਖੋਲ੍ਹਣਾ |
| | ਵਿੱਤੀ ਮੁਲਾਂਕਣ | ਹਰੇਕ ਬੋਲੀਦਾਤਾ ਦੀ ਮਾਤਰਾ ਦਾ ਬਿਲ (ਬੀ ਓ ਕਿਊ) ਖੋਲ੍ਹਿਆ ਜਾਂਦਾ ਹੈ ਤੇ ਪ੍ਰਣਾਲੀ ਦੁਆਰਾ ਤਿਆਰ ਕੀਤੇ ਤੁਲਨਾਤਮਕ ਚਾਰਟ ਤੋਂ ਐਲ 1 ਬੋਲੀਦਾਤਾ ਦੀ ਪਛਾਣ ਕੀਤੀ ਜਾਂਦੀ ਹੈ, ਜਿੱਥੇ ਬੀ ਓ ਕਿਊ ਟੈਂਪਲੇਟ ਦੀ ਵਰਤੋਂ ਕੀਤੀ ਜਾਂਦੀ ਹੈ। |
| ਮਿਆਦ ਪੂਰੀ ਹੋ ਗਈ | ਠੇਕਾ ਦਿੱਤਾ ਗਿਆ | ਐਲ 1 ਬੋਲੀਦਾਤਾ ਦੀ ਪਛਾਣ ਤੋਂ ਬਾਅਦ, ਠੇਕੇ ਦਾ ਮੁੱਲ ਅਤੇ ਠੇਕੇ ਦੀ ਮਿਤੀ ਪ੍ਰਣਾਲੀ ਵਿੱਚ ਦਰਜ ਕੀਤੀ ਜਾਂਦੀ ਹੈ। |


*ਸ੍ਰੋਤ: ਜੀ ਈ ਪੀ ਐਨ ਆਈ ਸੀ ਮੈਨੂਅਲ ਅਤੇ ਬ੍ਰੋਸ਼ਰ*

** ਟੈਂਡਰ ਰੱਦ ਹੋਣ ਤੇ ਟੈਂਡਰ ਸਥਿਤੀ ਨੂੰ 'ਰੱਦ' ਵਜੋਂ ਅਪਡੇਟ ਕੀਤਾ ਜਾਂਦਾ ਹੈ; ਅਤੇ 'ਰੀਟੈਂਡਰ' ਜਦੋਂ ਪ੍ਰਣਾਲੀ ਵਿਸ਼ੇਸ਼ਤਾ ਦੀ ਵਰਤੋਂ ਕਰਕੇ ਰੀਟੈਂਡਰਿੰਗ ਲਈ ਟੈਂਡਰ ਦੀ ਚੋਣ ਕੀਤੀ ਗਈ ਹੈ।*


ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ (ਮਈ 2024) ਕਿ 2018-2023 ਦੌਰਾਨ ਪੋਰਟਲ 'ਤੇ ਪ੍ਰਕਾਸ਼ਿਤ 1.86 ਲੱਖ (41 *ਪ੍ਰਤੀਸ਼ਤ*) ਟੈਂਡਰਾਂ ਵਿਚੋਂ ਸਿਰਫ 0.76 ਲੱਖ ਨੂੰ ਏ ਓ ਸੀ ਪੜਾਅ ਤੱਕ ਪ੍ਰੋਸੈਸ ਕੀਤਾ ਗਿਆ ਸੀ, 28 *ਪ੍ਰਤੀਸ਼ਤ* ਨੂੰ ਰੱਦ ਕਰ ਦਿੱਤਾ ਗਿਆ ਸੀ, 27 *ਪ੍ਰਤੀਸ਼ਤ* ਨੂੰ ਪ੍ਰਕਾਸ਼ਿਤ ਵਜੋਂ ਦਰਸਾਇਆ ਗਿਆ ਸੀ ਅਤੇ ਚਾਰ *ਪ੍ਰਤੀਸ਼ਤ* ਨੂੰ ਮੁੜ ਰੀਟੈਂਡਰ ਕੀਤਾ ਗਿਆ ਸੀ, ਜਿਵੇਂ ਕਿ **ਚਾਰਟ** 2.2 ਵਿੱਚ ਦਰਸਾਇਆ ਗਿਆ ਹੈ।

'ਪ੍ਰਕਾਸ਼ਿਤ' ਸਥਿਤੀ ਨਾਲ 27 *ਪ੍ਰਤੀਸ਼ਤ* (1.86 ਲੱਖ ਵਿਚੋਂ 0.50 ਲੱਖ), ਟੈਂਡਰ ਜਿਨ੍ਹਾਂ ਦੀ ਬੋਲੀ ਦੀ ਮਿਆਦ ਖਤਮ ਹੋ ਗਈ ਸੀ, 23 *ਪ੍ਰਤੀਸ਼ਤ* (1.86 ਲੱਖ ਵਿਚੋਂ 0.43 ਲੱਖ) ਪੋਰਟਲ ਨੇ ਉਨ੍ਹਾਂ ਦੀ ਅਸਲ ਸਥਿਤੀ ਨੂੰ ਨਹੀਂ ਦਰਸਾਇਆ। ਇਸ ਦੀ ਬਜਾਏ, ਇਹ ਪ੍ਰੋਸੈਸਿੰਗ ਦੇ ਵੱਖ-ਵੱਖ ਪੜਾਵਾਂ ਤੇ ਪਏ ਟੈਂਡਰਾਂ ਨੂੰ ਦਿਖਾ ਰਿਹਾ ਸੀ, ਜਿਵੇਂ ਕਿ **ਚਾਰਟ** 2.3 ਵਿੱਚ ਦਰਸਾਇਆ ਗਿਆ ਹੈ।

**ਚਾਰਟ 2.2: 1 ਅਪ੍ਰੈਲ 2018 ਅਤੇ 31 ਮਾਰਚ 2023 ਵਿਚਕਾਰ ਪ੍ਰਕਾਸ਼ਿਤ ਟੈਂਡਰਾਂ ਦੀ ਸਥਿਤੀ**




**ਚਾਰਟ 2.3: ਟੈਂਡਰ ਪੜਾਅ ਜਿੱਥੇ ਟੈਂਡਰ ਸਥਿਤੀ 'ਪ੍ਰਕਾਸ਼ਿਤ ਕੀਤਾ ਗਿਆ' ਅਤੇ 31 ਮਾਰਚ 2023 ਨੂੰ ਬੋਲੀ ਦੀ ਮਿਆਦ ਪੂਰੀ ਹੋ ਗਈ**




*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

494 ਨਮੂਨਾ-ਜਾਂਚ ਕੀਤੇ ਗਏ ਟੈਂਡਰਾਂ ਦੇ ਸਬੰਧ ਵਿੱਚ ਭੌਤਿਕ ਤੌਰ ਤੇ ਰੱਖੇ ਗਏ ਰਿਕਾਰਡਾਂ ਦੀ ਜਾਂਚ ਤੋਂ ਪਤਾ ਲੱਗਿਆ ਕਿ :

- 294 ਟੈਂਡਰਾਂ ਵਿੱਚ ਠੇਕਾ ਦਿੱਤਾ ਗਿਆ ਸੀ, ਪਰ ਪੋਰਟਲ ਤੇ ਇਸ ਦੀ ਸਥਿਤੀ 'ਮਿਆਦ ਪੂਰੀ ਹੋ ਗਈ' ਵਜੋਂ ਦਰਸਾਈ ਗਈ ਸੀ। ਇਸ ਤੋਂ ਇਲਾਵਾ, ਛੇ ਟੈਂਡਰ ਸਨ ਜੋ ਆਨਲਾਈਨ ਦਿੱਤੇ ਗਏ ਸਨ। ਉਨ੍ਹਾਂ ਦੀ ਸਥਿਤੀ ਨੂੰ ਪੋਰਟਲ ਵਿੱਚ ਅਪਡੇਟ ਨਹੀਂ ਕੀਤਾ ਗਿਆ ਸੀ ਜਿਵੇਂ ਕਿ ਅਵਾਰਡ ਕੀਤਾ ਗਿਆ ਸੀ।
- 30 ਟੈਂਡਰਾਂ ਵਿੱਚ, ਟੈਂਡਰ ਪੜਾਅ ਨੂੰ ਅਪਡੇਟ ਨਹੀਂ ਕੀਤਾ ਗਿਆ ਸੀ, ਜਦੋਂ ਕਿ 55 ਟੈਂਡਰਾਂ ਵਿੱਚ ਪੋਰਟਲ ਤੇ ਦੇਰੀ (14 ਤੋਂ 2021 ਦਿਨਾਂ ਦੇ ਵਿਚਕਾਰ), ਨਾਲ ਸਥਿਤੀ ਨੂੰ ਅਪਡੇਟ ਕੀਤਾ ਗਿਆ ਸੀ, ਜਿਸ ਨਾਲ ਨਾ ਸਿਰਫ ਪੋਰਟਲ ਤੇ ਟੈਂਡਰ ਦੀ ਗਲਤ ਸਥਿਤੀ ਨੂੰ ਦਰਸਾਇਆ ਗਿਆ ਸੀ, ਬਲਕਿ **ਪੈਰ੍ਹਾ** 2.10.3.3 ਵਿੱਚ ਚਰਚਾ ਕੀਤੇ ਅਨੁਸਾਰ ₹ 54.95 ਕਰੋੜ ਦਾ ਬਕਾਇਆ ਨਿਪਟਾਰਾ ਵੀ ਹੋਇਆ ਸੀ।

ਟੈਂਡਰਾਂ ਦੀ ਸਥਿਤੀ ਲਈ ਐਮ ਆਈ ਐਸ ਰਿਪੋਰਟ ਵਿੱਚ ਇਹ ਕਮੀ ਇਸ ਲਈ ਪੈਦਾ ਹੋਈ ਸੀ ਕਿਉਂਕਿ ਟੈਂਡਰਾਂ ਨੂੰ ਏ ਓ ਸੀ ਦੇ ਪੜਾਅ ਤੱਕ ਮੈਨੂਅਲ ਪ੍ਰਕਿਰਿਆ ਕੀਤੀ ਗਈ ਸੀ, ਪੋਰਟਲ ਵਿੱਚ ਸਬੰਧਤ ਪੜਾਵਾਂ ਨੂੰ ਅਪਡੇਟ ਕੀਤੇ ਬਿਨਾਂ, ਜਿਵੇਂ ਕਿ **ਪੈਰ੍ਹਾ** 2.10.9.2(**ii**) ਵਿੱਚ ਚਰਚਾ ਕੀਤੀ ਗਈ ਹੈ।

ਹਾਲਾਂਕਿ ਖਰੀਦ ਇਕਾਈਆਂ ਨੇ ਈ-ਖਰੀਦ ਪੋਰਟਲ ਤੇ ਟੈਂਡਰ ਪ੍ਰਕਾਸ਼ਿਤ ਕੀਤੇ ਸਨ, ਪਰ ਬੋਲੀ ਮੁਲਾਂਕਣ ਗੱਲਬਾਤ ਅਤੇ ਠੇਕਾ ਦੇਣ ਲਈ ਪ੍ਰਮੁੱਖ ਕਾਰੋਬਾਰੀ ਪ੍ਰਕਿਰਿਆਵਾਂ ਪ੍ਰਣਾਲੀ ਤੋਂ ਬਾਹਰ ਮੈਨੂਅਲ ਕੀਤੀਆਂ ਜਾ ਰਹੀਆਂ ਸਨ। ਇਸ ਨਿਰੰਤਰ ਮੈਨੂਅਲ ਪ੍ਰੋਸੈਸਿੰਗ ਦੇ ਨਤੀਜੇ ਵਜੋਂ ਇਨ੍ਹਾਂ ਪ੍ਰਕਿਰਿਆਵਾਂ ਲਈ ਐਪਲੀਕੇਸ਼ਨ ਨਿਯੰਤਰਣਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਸੀ ਅਤੇ ਇਸ ਲਈ, ਬੋਲੀ ਮੁਲਾਂਕਣ ਅਤੇ ਠੇਕੇ ਨੂੰ ਦੇਣ ਦੀਆਂ ਪ੍ਰਕਿਰਿਆਵਾਂ ਵਿੱਚ ਬੇਨਿਯਮੀਆਂ ਦੀਆਂ ਉਦਾਹਰਣਾਂ ਸਨ, ਜਿਵੇਂ ਕਿ **ਪੈਰ੍ਹਾ** 2.9.3 ਵਿੱਚ ਚਰਚਾ ਕੀਤੀ ਗਈ ਹੈ।

ਨੋਡਲ ਵਿਭਾਗ ਨੇ ਜਵਾਬ ਦਿੱਤਾ (ਨਵੰਬਰ 2024) ਕਿ ਇਸ ਸਬੰਧ ਵਿੱਚ ਉਪਭੋਗਤਾ ਵਿਭਾਗਾਂ ਨੂੰ ਲੋੜੀਂਦੀ ਸਲਾਹ ਜਾਰੀ ਕਰ ਦਿੱਤੀ ਗਈ ਸੀ।

ਇਸ ਤੋਂ ਇਲਾਵਾ, ਰੱਦ ਕੀਤੇ ਗਏ 28 *ਪ੍ਰਤੀਸ਼ਤ* ਟੈਂਡਰਾਂ (1.86 ਲੱਖ ਵਿੱਚੋਂ 0.52 ਲੱਖ) ਵਿੱਚ ਅਸਮਾਨਤਾਵਾਂ ਬਾਰੇ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ।

### *(i) ਯੋਜਨਾਬੰਦੀ ਵਿੱਚ ਕਮੀਆਂ ਕਾਰਣ ਟੈਂਡਰ ਰੱਦ ਹੋਏ*


ਪੀ ਟੀ ਪੀ ਪੀ ਐਕਟ ਦੀ ਧਾਰਾ 25 ਇਹ ਨਿਰਧਾਰਤ ਕਰਦੀ ਹੈ ਕਿ ਖਰੀਦ ਇਕਾਈ ਲਿਖਤੀ ਰੂਪ ਵਿੱਚ ਦਰਜ ਕੀਤੇ ਜਾਣ ਵਾਲੇ ਕਾਰਣਾਂ ਕਰਕੇ ਉਸ ਦੁਆਰਾ ਸ਼ੁਰੂ ਕੀਤੀ ਗਈ ਖਰੀਦ ਪ੍ਰਕਿਰਿਆ ਨੂੰ ਰੱਦ ਕਰ ਸਕਦੀ ਹੈ; ਖਰੀਦ ਇਕਾਈ ਖਰੀਦ ਨੂੰ ਰੱਦ ਕਰਨ ਦਾ ਫੈਸਲਾ ਲੈਣ ਤੋਂ ਬਾਅਦ ਕੋਈ ਬੋਲੀ ਜਾਂ ਪ੍ਰਸਤਾਵ ਨਹੀਂ ਖੋਲੇਗੀ ਅਤੇ ਅਜਿਹੀਆਂ ਅਣਖੋਲ੍ਹੀਆਂ ਬੋਲੀਆਂ ਜਾਂ ਪ੍ਰਸਤਾਵਾਂ ਨੂੰ ਵਾਪਸ ਕਰੇਗੀ; ਅਤੇ ਖਰੀਦ ਇਕਾਈ ਦੇ ਖਰੀਦ ਰੱਦ ਕਰਨ ਦੇ ਫੈਸਲੇ ਅਤੇ ਅਜਿਹਾ ਕਰਨ ਦੇ ਕਾਰਣਾਂ ਬਾਰੇ ਖਰੀਦ ਪ੍ਰਕਿਰਿਆ ਵਿੱਚ ਹਿੱਸਾ ਲੈਣ ਵਾਲੇ ਸਾਰੇ ਬੋਲੀਦਾਤਾਵਾਂ ਨੂੰ ਤੁਰੰਤ ਸੂਚਿਤ ਕੀਤਾ ਜਾਵੇਗਾ। ਜੇ ਬੋਲੀਦਾਤਾ ਜਿਸ ਦੀ ਬੋਲੀ ਨੂੰ ਸਫਲ ਮੰਨਿਆ ਗਿਆ ਹੈ, ਲੋੜ ਅਨੁਸਾਰ ਕਿਸੇ ਲਿਖਤੀ ਖਰੀਦ ਠੇਕੇ ਤੇ ਦਸਤਖਤ ਕਰਨ ਵਿੱਚ ਅਸਫਲ ਰਹਿੰਦਾ ਹੈ ਜਾਂ ਠੇਕੇ ਦੀ ਕਾਰਜਸ਼ੀਲਤਾ ਲਈ ਕੋਈ ਲੋੜੀਂਦੀ ਜ਼ਮਾਨਤ ਪ੍ਰਦਾਨ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਖਰੀਦ ਇਕਾਈ ਖਰੀਦ ਪ੍ਰਕਿਰਿਆ ਨੂੰ ਰੱਦ ਕਰ ਸਕਦੀ ਹੈ।

1,85,920 ਪ੍ਰਕਾਸ਼ਿਤ ਟੈਂਡਰਾਂ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਪੰਜ ਸਾਲਾਂ (2018-2023) ਵਿੱਚ 52,046 ਟੈਂਡਰ (28 *ਪ੍ਰਤੀਸ਼ਤ*) ਰੱਦ ਕੀਤੇ ਗਏ ਸਨ, ਜਿਸ ਨਾਲ ਪੋਰਟਲ ਸਫਲਤਾ ਅਨੁਪਾਤ 59 *ਪ੍ਰਤੀਸ਼ਤ*[18] ਦਰਸਾਉਂਦਾ ਹੈ। 14 ਚੁਣੇ ਗਏ ਵਿਭਾਗਾਂ ਦੇ ਸਬੰਧ ਵਿੱਚ ਪੋਰਟਲ ਸਫਲਤਾ ਅਨੁਪਾਤ (56 *ਪ੍ਰਤੀਸ਼ਤ*) ਦਾ ਵਿਸ਼ਲੇਸ਼ਣ **ਚਾਰਟ** 2.4 ਵਿੱਚ ਦਰਸਾਇਆ ਗਿਆ ਹੈ।

---

[18] ਪੋਰਟਲ ਸਫਲਤਾ ਅਨੁਪਾਤ ਦਿੱਤੇ ਗਏ ਟੈਂਡਰਾਂ ਦੀ ਕੁੱਲ ਸੰਖਿਆ ਅਤੇ ਸਥਾਪਤ ਹੋਏ ਟੈਂਡਰਾਂ ਦੀ ਕੁੱਲ ਸੰਖਿਆ (ਟੈਂਡਰ ਅਵਾਰਡ ਕੀਤੇ + ਟੈਂਡਰ ਰੱਦ) x 100 ਦੇ ਵਿਚਕਾਰ ਅਨੁਪਾਤ ਹੈ।

**ਚਾਰਟ 2.4: ਚੁਣੇ ਗਏ ਵਿਭਾਗਾਂ ਦਾ ਪੋਰਟਲ ਸਫਲਤਾ ਅਨੁਪਾਤ**




*ਸ੍ਰੋਤ: ਜੀ ਈ ਪੀ ਐਨ ਆਈ ਸੀ ਦਾ ਡਾਟਾਬੇਸ*

ਟੈਂਡਰ ਪ੍ਰਕਿਰਿਆ ਦੇ ਵੱਖ-ਵੱਖ ਪੜਾਵਾਂ ਤੇ ਰੱਦ ਕੀਤੇ ਗਏ 114 ਚੁਣੇ ਹੋਏ ਟੈਂਡਰਾਂ ਨਾਲ ਸਬੰਧਤ ਰਿਕਾਰਡਾਂ ਦੀ ਹੋਰ ਜਾਂਚ ਤੋਂ ਹੇਠ ਲਿਖਿਆ ਸਾਹਮਣੇ ਆਇਆ:

ਕੁਝ ਮਹੱਤਵਪੂਰਨ ਮਾਮਲੇ ਜਿੱਥੇ ਟੈਂਡਰ ਗਲਤ ਯੋਜਨਾਬੰਦੀ ਅਤੇ ਅਯੋਗਤਾਵਾਂ ਕਾਰਣ ਰੱਦ ਕੀਤੇ ਗਏ ਸਨ, **ਸਾਰਣੀ** 2.2 ਵਿੱਚ ਚਰਚਾ ਕੀਤੀ ਗਈ ਹੈ।

**ਸਾਰਣੀ 2.2: ਗਲਤ ਯੋਜਨਾਬੰਦੀ ਅਤੇ ਅਯੋਗਤਾਵਾਂ ਕਾਰਣ ਟੈਂਡਰ ਰੱਦ ਹੋਏ**

| ਲੜੀ ਨੰ. | ਕੰਮ ਦਾ ਨਾਂਅ (ਇਕਾਈ) | ਪ੍ਰਕਾਸ਼ਨ ਦੀ ਮਿਤੀ | ਰੱਦ ਕਰਨ ਦੀ ਮਿਤੀ | ਰੱਦ ਹੋਣ ਦੇ ਕਾਰਣ | ਵਿਭਾਗ ਦਾ ਜਵਾਬ |
|---|---|---|---|---|---|
| 1. | ਸਟੈਂਡਰਡ ਪੁਲਿਸ ਸਟੇਸ਼ਨ ਦੀ ਇਮਾਰਤ ਦੀ ਉਸਾਰੀ (ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ – ਪੀ ਪੀ ਐਚ ਸੀ) | ਅਗਸਤ 2019 | ਮਾਰਚ 2020 | ਸਾਈਟ ਲਈ ਜ਼ਮੀਨ ਉਪਲਬਧ ਨਹੀਂ ਸੀ | ਪੀ ਪੀ ਐਚ ਸੀ ਨੇ ਕਿਹਾ (ਅਗਸਤ 2024) ਕਿ ਲੋੜੀਂਦੀ ਜ਼ਮੀਨ ਮੁਹੱਈਆ ਕਰਵਾਉਣ ਲਈ ਪੁਲਿਸ ਵਿਭਾਗ ਦੇ ਭਰੋਸੇ ਤੇ ਟੈਂਡਰ ਮੰਗੇ ਗਏ ਸਨ। ਪਰ ਜ਼ਮੀਨ ਦਾ ਪ੍ਰਬੰਧ ਨਾ ਹੋਣ ਕਾਰਣ ਟੈਂਡਰ ਰੱਦ ਕਰ ਦਿੱਤਾ ਗਿਆ। |
| 2. | ਮਸ਼ੀਨਰੀ ਅਤੇ ਉਪਕਰਣਾਂ ਦੀ ਸਪਲਾਈ ਅਤੇ ਸਥਾਪਨਾ (ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ - ਡੀ ਐਮ ਈ ਆਰ) | ਨਵੰਬਰ 2022 | ਸਤੰਬਰ 2023 | ਮਸ਼ੀਨ ਨੂੰ ਚਲਾਉਣ ਲਈ ਫੈਕਲਟੀ ਉਪਲਬਧ ਨਹੀਂ ਸੀ | ਡੀ ਐਮ ਈ ਆਰ ਨੇ ਕਿਹਾ (ਦਸੰਬਰ 2023) ਕਿ ਭਵਿੱਖ ਵਿੱਚ ਮਸ਼ੀਨਾਂ ਦੀ ਵਰਤੋਂ ਲਈ ਸਟਾਫ ਦੀ ਉਪਲੱਬਧਤਾ ਬਾਰੇ ਸੰਸਥਾਵਾਂ ਤੋਂ ਸਰਟੀਫਿਕੇਟ ਮੰਗਿਆ ਜਾਵੇਗਾ। |
| 3. | ਆਊਟਲੈਟ ਆਰ ਡੀ ਦੀ ਭੂਮੀਗਤ ਪਾਈਪਲਾਈਨ/ਇੱਟਾਂ ਦੀ ਲਾਈਨਿੰਗ ਨਾਲ ਪਾਣੀ ਦੇ ਕੋਰਸ ਦੀ ਲਾਈਨਿੰਗ ਅਤੇ ਰੀਲਾਈਨਿੰਗ (ਜਲ ਸਰੋਤ ਵਿਭਾਗ) | ਅਕਤੂਬਰ 2021 | ਮਾਰਚ 2022 | ਲੋੜੀਂਦੇ ਫੰਡਾਂ ਦੀ ਉਪਲਬਧਤਾ ਨਾ ਹੋਣਾ | ਵਿਭਾਗ ਨੇ ਕਿਹਾ (ਅਪ੍ਰੈਲ 2024) ਕਿ ਸਰਕਾਰ ਤੋਂ ਫੰਡ ਪ੍ਰਾਪਤ ਹੋਣ ਦੀ ਉਮੀਦ ਵਿੱਚ ਪ੍ਰਵਾਨਗੀ ਪ੍ਰਾਪਤ ਕੀਤੀ ਗਈ ਸੀ। ਇਸ ਤੋਂ ਬਾਅਦ ਫੰਡ ਨਾ ਹੋਣ ਕਾਰਣ ਟੈਂਡਰ ਰੱਦ ਕਰ ਦਿੱਤੇ ਗਏ ਸਨ। ਇਹ ਵੀ ਕਿਹਾ ਗਿਆ ਸੀ ਕਿ ਨਿਰਵਿਘਨ ਅਤੇ ਕੁਸ਼ਲ ਟੈਂਡਰ ਪ੍ਰਕਿਰਿਆ ਲਈ ਭਵਿੱਖ ਵਿੱਚ ਸਰਗਰਮ ਉਪਾਅ ਕੀਤੇ ਜਾਣਗੇ। |

*ਸ੍ਰੋਤ: ਵਿਭਾਗੀ ਰਿਕਾਰਡ*

ਇਸ ਤੋਂ ਇਲਾਵਾ, ਇਹ ਦੇਖਿਆ ਗਿਆ ਕਿ 14 ਨਮੂਨਾ-ਜਾਂਚ ਕੀਤੇ ਵਿਭਾਗਾਂ ਵਿੱਚੋਂ 9[19] ਨਾਲ ਸਬੰਧਤ 28 ਟੈਂਡਰ ਪੋਰਟਲ ਅਤੇ ਟੈਂਡਰ ਰਿਕਾਰਡਾਂ 'ਤੇ ਬਿਨਾਂ ਕਿਸੇ ਵਿਸ਼ੇਸ਼ ਕਾਰਾਂ[20] ਦਾ ਹਵਾਲਾ ਦਿੱਤੇ ਰੱਦ ਕਰ ਦਿੱਤੇ ਗਏ ਸਨ।

ਉਪਰੋਕਤ ਮਾਮਲਿਆਂ ਵਿੱਚ ਟੈਂਡਰ ਪ੍ਰਕਿਰਿਆ ਦੌਰਾਨ, ਬਿਆਨਾ ਰਾਸ਼ੀ (₹ 14.65 ਲੱਖ), ਟੈਂਡਰ ਫੀਸ (₹ 0.21 ਲੱਖ) ਅਤੇ ਪ੍ਰੋਸੈਸਿੰਗ ਫੀਸ (₹ 0.52 ਲੱਖ) ਦੇ ਰੂਪ ਵਿੱਚ ₹ 15.38 ਲੱਖ ਦੀ ਰਾਸ਼ੀ ਸਬੰਧਤ ਇਕਾਈ/ਵਿਭਾਗਾਂ ਕੋਲ ਰੋਕ ਦਿੱਤੀ ਗਈ। ਇਸ ਵਿੱਚੋਂ ₹ 14.65 ਲੱਖ ਦੀ ਰਾਸ਼ੀ 5-9 ਮਹੀਨਿਆਂ ਬਾਅਦ ਬੋਲੀਦਾਤਾਵਾਂ ਨੂੰ ਵਾਪਸ ਕਰ ਦਿੱਤੀ ਗਈ ਗਈ। ਟੈਂਡਰ ਅਤੇ ਪ੍ਰੋਸੈਸਿੰਗ ਫੀਸ ਬੋਲੀਦਾਤਾਵਾਂ ਨੂੰ ਵਾਪਸ ਨਹੀਂ ਕੀਤੀ ਗਈ ਸੀ, ਹਾਲਾਂਕਿ ਇਹ ਵਿਭਾਗਾਂ ਦੀ ਗਲਤੀ ਸੀ, ਕਿਉਂਕਿ ਬੋਲੀ ਰੱਦ ਕਰਨ ਤੋਂ ਪਹਿਲਾਂ ਖੋਲ੍ਹੀਆਂ ਗਈਆਂ ਸਨ। ਬੋਲੀਦਾਤਾਵਾਂ ਦੀ ਮੁੱਦਰਾ ਦੇ ਕਿਸੇ ਵੀ ਹਿੱਸੇ ਨੂੰ ਰੋਕਣ ਨਾਲ ਭਾਗੀਦਾਰੀ ਵਿੱਚ ਰੁਕਾਵਟ ਆ ਸਕਦੀ ਹੈ ਅਤੇ ਟੈਂਡਰ ਪ੍ਰਕਿਰਿਆ ਦੀ ਭਰੋਸੇਯੋਗਤਾ ਨੂੰ ਨੁਕਸਾਨ ਪਹੁੰਚ ਸਕਦਾ ਹੈ।

ਲਗਭਗ ਇੱਕ-ਚੌਥਾਈ ਪ੍ਰਕਾਸ਼ਿਤ ਟੈਂਡਰਾਂ ਨੂੰ ਰੱਦ ਕਰਨਾ ਟੈਂਡਰਾਂ ਦੇ ਪ੍ਰਕਾਸ਼ਨ ਤੋਂ ਪਹਿਲਾਂ ਯੋਜਨਾਬੰਦੀ ਅਤੇ ਖਰੀਦ ਪ੍ਰਕਿਰਿਆ ਵਿੱਚ ਉਚਿਤ ਉੱਦਮ ਵਿੱਚ ਕਮੀਆਂ ਦਾ ਸੰਕੇਤ ਦਿੰਦਾ ਹੈ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਇਸ ਸਬੰਧ ਵਿੱਚ ਉਪਭੋਗਤਾ ਵਿਭਾਗਾਂ ਨੂੰ ਲੋੜੀਂਦੀ ਸਲਾਹ ਜਾਰੀ ਕਰ ਦਿੱਤੀ ਗਈ ਸੀ।

### *(ii) ਹੋਰ ਰਾਜ ਸਰਕਾਰਾਂ ਦੇ ਮੁਕਾਬਲੇ ਪ੍ਰਕਾਸ਼ਿਤ ਟੈਂਡਰਾਂ ਨੂੰ ਅਪਡੇਟ ਕਰਨ ਦੀ ਸਥਿਤੀ*

ਜੀ ਓ ਪੀ ਅਤੇ ਹੋਰ ਰਾਜ ਸਰਕਾਰਾਂ, ਜਿਨ੍ਹਾਂ ਨੇ 2018-19 ਤੋਂ 2022-23 ਦੌਰਾਨ ਹਰੇਕ ਸਾਲ ਵਿੱਚ 10,000 ਤੋਂ ਵੱਧ ਟੈਂਡਰ ਪ੍ਰਕਾਸ਼ਿਤ ਕੀਤੇ ਸਨ, ਦੁਆਰਾ ਪੋਰਟਲ ਤੇ ਆਪਣੇ ਏ ਓ ਸੀ ਦਰਜੇ ਨੂੰ ਅਪਡੇਟ ਕਰਨ ਦੇ ਪ੍ਰਕਾਸ਼ਿਤ ਟੈਂਡਰਾਂ ਦੀ ਤੁਲਨਾ ਜੀ ਈ ਪੀ ਐਨ ਆਈ ਸੀ ਡੈਸ਼ਬੋਰਡ[21] ਵਿੱਚ ਉਪਲਬਧ ਅੰਕੜਿਆਂ ਦੀ ਵਰਤੋਂ ਕਰਕੇ ਕੀਤੀ ਗਈ ਸੀ। ਤੁਲਨਾ ਦੇ ਨਤੀਜੇ ਨੂੰ **ਚਾਰਟ** 2.5 ਵਿੱਚ ਦਰਸਾਇਆ ਗਿਆ ਹੈ।


---

19 (i) ਖੇਤੀਬਾੜੀ (1); (ii) ਆਬਕਾਰੀ ਅਤੇ ਕਰਬੰਦੀ (2); (iii) ਵਿੱਤ (1); (iv) ਜੰਗਲਾਤ ਅਤੇ ਜੰਗਲੀ ਜੀਵ ਸੰਭਾਲ (1); (v) ਗ੍ਰਹਿ ਮਾਮਲੇ ਅਤੇ ਨਿਆਂ (2); (vi) ਸਥਾਨਕ ਸਰਕਾਰ (6); (vii) ਮੈਡੀਕਲ ਸਿੱਖਿਆ ਅਤੇ ਖੋਜ (3); (viii) ਖੇਡਾਂ ਅਤੇ ਯੁਵਕ ਸੇਵਾਵਾਂ (9); ਅਤੇ (ix) ਜਲ ਸਰੋਤ (3)।

20 ਜ਼ਿਆਦਾਤਰ ਮਾਮਲਿਆਂ ਵਿੱਚ ਸੋਧ ਪੱਤਰ ਵਿੱਚ "ਪ੍ਰਸ਼ਾਸਕੀ ਕਾਰਣਾਂ" ਦਾ ਹਵਾਲਾ ਦਿੱਤਾ ਗਿਆ ਸੀ।

21 https://eprocure.gov.in/eprocdashboard/

**ਚਾਰਟ 2.5: 2018-2023 ਦੀ ਮਿਆਦ ਦੌਰਾਨ ਦਿੱਤੇ ਗਏ ਟੈਂਡਰਾਂ ਦੇ ਮੁਕਾਬਲੇ ਪ੍ਰਕਾਸ਼ਿਤ ਕੀਤੇ ਗਏ ਟੈਂਡਰਾਂ ਦੀ ਰਾਜ-ਵਾਰ ਤੁਲਨਾ**




*ਸ੍ਰੋਤ: ਜੀ ਈ ਪੀ ਐਨ ਆਈ ਸੀ ਦਾ ਡੈਸ਼ਬੋਰਡ*

**ਚਾਰਟ** 2.5 ਦਰਸਾਉਂਦਾ ਹੈ ਕਿ 12 ਰਾਜਾਂ ਵਿੱਚੋਂ, ਪੰਜਾਬ ਚੌਥੇ ਸਥਾਨ ਤੇ ਰਿਹਾ ਕਿਉਂਕਿ ਇਸ ਨੇ ਪੋਰਟਲ ਵਿੱਚ ਪ੍ਰਕਾਸ਼ਿਤ ਟੈਂਡਰਾਂ ਵਿੱਚੋਂ ਸਿਰਫ 41 *ਪ੍ਰਤੀਸ਼ਤ* ਦੇ ਸਬੰਧ ਵਿੱਚ 'ਏ ਓ ਸੀ' ਵਜੋਂ ਸਥਿਤੀ ਨੂੰ ਅਪਡੇਟ ਕੀਤਾ, ਹਾਲਾਂਕਿ ਇਸ ਨੂੰ ਲਾਗੂ ਹੋਏ ਪੰਜ ਸਾਲ ਬੀਤ ਚੁੱਕੇ ਸਨ (ਜਨਵਰੀ 2018)।

ਇਹ ਸਥਿਤੀ ਇਸ ਲਈ ਪੈਦਾ ਹੋਈ ਸੀ ਕਿਉਂਕਿ ਪੋਰਟਲ ਦੀ ਵਰਤੋਂ ਅਸਲ ਵਿੱਚ ਸਿਰਫ ਬੋਲੀ ਖੋਲ੍ਹਣ ਦੇ ਪੜਾਅ ਤੱਕ ਕੀਤੀ ਗਈ ਸੀ। ਬਾਅਦ ਦੀਆ ਸਾਰੀਆਂ ਕਾਰੋਬਾਰੀ ਪ੍ਰਕਿਰਿਆਵਾਂ-ਬੋਲੀ ਮੁਲਾਂਕਣ, ਗੱਲਬਾਤ ਅਤੇ ਠੇਕਾ ਦੇਣ ਨੂੰ ਪ੍ਰਣਾਲੀ ਤੋਂ ਬਾਹਰ ਮੈਨੂਅਲੀ ਕੀਤਾ ਗਿਆ ਸੀ।

### 2.9.2.3 ਪੋਰਟਲ ਵਿੱਚ ਟੈਂਡਰ ਸੰਖੇਪ ਰਿਪੋਰਟਾਂ ਨੂੰ ਅਪਲੋਡ ਕਰਨ ਲਈ ਐਪਲੀਕੇਸ਼ਨ ਨਿਯੰਤਰਣਾਂ ਦੀ ਘਾਟ

ਈ-ਖਰੀਦ ਪੋਰਟਲ ਟੈਂਡਰ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਬਣਾਈ ਰੱਖਣ ਅਤੇ ਭਵਿੱਖ ਦੇ ਹਵਾਲੇ ਲਈ ਟੈਂਡਰ ਦੇ ਹਰੇਕ ਪੜਾਅ ਦੇ ਲੋੜੀਂਦੇ ਵੇਰਵਿਆਂ ਨੂੰ ਕੈਪਚਰ ਕਰਨ ਵਾਲੀਆਂ ਸੰਖੇਪ ਰਿਪੋਰਟਾਂ ਅਪਲੋਡ ਕਰਨ ਦੀ ਵਿਵਸਥਾ ਕਰਦਾ ਹੈ। ਟੈਂਡਰ ਪ੍ਰਕਿਰਿਆ ਦਾ ਅਗਲਾ ਪੜਾਅ ਸਿਰਫ ਪਿਛਲੇ ਪੜਾਅ ਦੇ ਪੂਰਾ ਹੋਣ ਅਤੇ ਸਬੰਧਤ ਰਿਪੋਰਟ ਅਪਲੋਡ ਕਰਨ ਤੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਪੋਰਟਲ ਤੇ ਅਪਲੋਡ ਕੀਤੀਆਂ ਜਾਣ ਵਾਲੀਆਂ ਸੰਖੇਪ ਰਿਪੋਰਟਾਂ ਦੇ ਪੜਾਅ-ਵਾਰ ਵੇਰਵੇ **ਸਾਰਣੀ** 2.3 ਵਿੱਚ ਦਿੱਤੇ ਗਏ ਹਨ।

**ਸਾਰਣੀ 2.3: ਅਪਲੋਡ ਕੀਤੀਆਂ ਜਾਣ ਵਾਲੀਆਂ ਸੰਖੇਪ ਰਿਪੋਰਟਾਂ ਦੇ ਵੇਰਵੇ**

| ਪੜਾਅ | ਅਪਲੋਡ ਕੀਤੀ ਜਾਣ ਵਾਲੀ ਸੰਖੇਪ | ਸੰਖੇਪ ਵਿੱਚ ਵੇਰਵੇ |
|---|---|---|
| ਬੋਲੀ ਖੋਲ੍ਹਣਾ | ਬੋਲੀ ਖੋਲ੍ਹਣ ਦਾ ਸੰਖੇਪ (ਵਿਕਲਪਕ) | ਬੋਲੀਆਂ ਦੀ ਸੰਖਿਆ ਅਤੇ ਹੋਰ ਲੋੜੀਂਦੇ ਵੇਰਵੇ, ਬੋਲੀ ਖੋਲ੍ਹਣ ਦੀ ਕਾਰਵਾਈ ਦੇ ਵੇਰਵੇ, ਆਦਿ |
| ਤਕਨੀਕੀ ਮੁਲਾਂਕਣ | ਤਕਨੀਕੀ ਮੁਲਾਂਕਣ ਸੰਖੇਪ (ਲਾਜ਼ਮੀ) | ਯੋਗ ਬੋਲੀਦਾਤਾਵਾਂ ਦੀ ਸੂਚੀ ਤਕਨੀਕੀ ਮੁਲਾਂਕਣ ਵਿੱਚ ਸਵੀਕਾਰ/ਰੱਦ ਕੀਤੀਆਂ ਬੋਲੀਆਂ ਦੇ ਕਾਰਣਾਂ ਦੇ ਨਾਲ ਵਿੱਤੀ ਬੋਲੀਆਂ ਖੋਲ੍ਹਣ ਲਈ ਯੋਗ ਹੋਣਗੇ |
| ਵਿੱਤੀ ਬੋਲੀ ਖੋਲ੍ਹਣਾ | ਵਿੱਤੀ ਬੋਲੀ ਖੋਲ੍ਹਣ ਦਾ ਸੰਖੇਪ (ਵਿਕਲਪਕ) | ਵਿੱਤੀ ਬੋਲੀਆਂ ਦੀ ਕਾਰਵਾਈ ਦੇ ਵੇਰਵੇ ਨਾਲ ਸਮੁੱਚਾ ਸੰਖੇਪ |
| ਵਿੱਤੀ ਮੁਲਾਂਕਣ | ਵਿੱਤੀ ਮੁਲਾਂਕਣ ਸੰਖੇਪ (ਲਾਜ਼ਮੀ) | ਬੋਲੀਦਾਤਾਵਾਂ ਦੀ ਸਥਿਤੀ (ਐਲ 1, ਐਲ 2, ਆਦਿ) ਅੱਪਲੋਡ ਕੀਤੀ ਗਈ ਹੈ |
| ਠੇਕਾ ਦਿੱਤਾ ਗਿਆ | ਏ ਓ ਸੀ ਸੰਖੇਪ (ਲਾਜ਼ਮੀ) | ਪ੍ਰਵਾਨਗੀ ਪੱਤਰ (ਐਲ ਓ ਏ)/ਵਰਕ ਆਰਡਰ ਅਪਲੋਡ ਕੀਤਾ ਗਿਆ ਹੈ |

*ਸ੍ਰੋਤ: ਜੀ ਈ ਪੀ ਐਨ ਆਈ ਸੀ ਮੈਨੂਅਲ ਅਤੇ ਬ੍ਰੋਸ਼ਰ*

494 ਟੈਂਡਰਾਂ ਦੀ ਨਮੂਨਾ-ਜਾਂਚ ਅਤੇ ਐਮ ਆਈ ਐਸ ਰਿਪੋਰਟਾਂ ਦੀ ਜਾਂਚ ਤੋਂ ਪਤਾ ਲੱਗਿਆ ਕਿ ਟੈਂਡਰ ਪ੍ਰਕਿਰਿਆ ਦੇ ਵੱਖ-ਵੱਖ ਪੜਾਵਾਂ ਤੇ ਸੰਖੇਪ ਰਿਪੋਰਟਾਂ ਈ-ਖਰੀਦ ਤੇ ਅਪਲੋਡ ਨਹੀਂ ਕੀਤੀਆਂ ਗਈਆਂ ਸਨ, ਜਿਵੇਂ ਕਿ **ਸਾਰਣੀ** 2.4 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 2.4: ਪੋਰਟਲ ਤੇ ਸੰਖੇਪ ਰਿਪੋਰਟਾਂ ਨੂੰ ਅਪਲੋਡ ਨਾ ਕਰਨਾ**


| ਲਾਜ਼ਮੀ ਪੜਾਅ ਸੰਖੇਪ | ਇਸ ਪੜਾਅ ਨੂੰ ਪਾਸ ਕੀਤੇ ਟੈਂਡਰਾਂ ਦੀ ਕੁੱਲ ਸੰਖਿਆ | ਅਸਲ ਸੰਖੇਪ ਰਿਪੋਰਟਾਂ ਤੋਂ ਬਿਨਾਂ ਟੈਂਡਰਾਂ ਦੀ ਸੰਖਿਆ (ਕਾਲਮ 2 ਵਿੱਚੋਂ) | ਵਿਸ਼ੇਸ਼ ਕਥਨ |
|---|---|---|---|
| (1) | (2) | (3) | (4) |
| ਤਕਨੀਕੀ ਮੁਲਾਂਕਣ ਸੰਖੇਪ | 357 | 66 | ਤਕਨੀਕੀ ਮੁਲਾਂਕਣ ਸੰਖੇਪ ਰਿਪੋਰਟ ਦੀ ਬਜਾਏ, ਟੈਂਡਰ ਮੁਲਾਂਕਣ ਕਮੇਟੀ ਦੇ ਗਠਨ ਨਾਲ ਸਬੰਧਤ ਆਦੇਸ਼ ਜਾਂ ਅਸੰਗਤ/ਖਾਲੀ ਦਸਤਾਵੇਜ਼ ਪੋਰਟਲ ਤੇ ਅਪਲੋਡ ਕੀਤੇ ਗਏ ਸਨ |
| ਵਿੱਤੀ ਮੁਲਾਂਕਣ ਸੰਖੇਪ | 305 | 120 | ਕੀਮਤ ਬੋਲੀ ਮੁਲਾਂਕਣ ਸੰਖੇਪ ਰਿਪੋਰਟ ਦੀ ਬਜਾਏ, ਅਸੰਗਤ/ਖਾਲੀ ਦਸਤਾਵੇਜ਼ ਅਪਲੋਡ ਕੀਤੇ ਗਏ ਸਨ |
| ਠੇਕਾ ਦਿੱਤਾ ਗਿਆ | 294 | 51 | ਏ ਓ ਸੀ ਦੀ ਬਜਾਏ, ਅਸੰਗਤ ਦਸਤਾਵੇਜ਼ ਅਪੋਲਡ ਕੀਤੇ ਗਏ ਸਨ |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਤਕਨੀਕੀ/ਵਿੱਤੀ ਬੋਲੀ ਖੋਲ੍ਹਣ ਦੌਰਾਨ, ਸ਼ੁਰੂਆਤੀ ਸੰਖੇਪ ਅਪਲੋਡ ਕਰਨਾ ਵਿਕਲਪਕ ਹੈ। ਸ਼ੁਰੂਆਤੀ ਸੰਖੇਪ ਅਪਲੋਡ ਨਾ ਕਰਨ ਦੀ ਸੂਰਤ ਵਿੱਚ, ਟੈਂਡਰ ਪੜਾਅ ਅਪਲੋਡ ਨਹੀਂ ਹੋਇਆ ਅਤੇ ਸਾਰੀਆਂ ਬੋਲੀਆਂ ਨੂੰ ਖੋਲ੍ਹਣ/ਡਿਕ੍ਰਿਪਸ਼ਨ ਕਰਨ ਤੋਂ ਬਾਅਦ ਵੀ 'ਖੁੱਲ੍ਹਣ ਦੀ ਪ੍ਰਕਿਰਿਆ' ਦਿਖਾਉਂਦਾ ਰਿਹਾ। ਇਨ੍ਹਾਂ ਮਾਮਲਿਆਂ ਵਿੱਚ, ਬੋਲੀ ਖੋਲ੍ਹਣ ਦੇ ਪੜਾਅ (ਤਕਨੀਕੀ/ਵਿੱਤੀ) ਤਕਨੀਕੀ/ਵਿੱਤੀ ਮੁਲਾਂਕਣ ਦੇ ਪੜਾਵਾਂ ਦੇ ਪੂਰਾ ਹੋਣ ਅਤੇ ਲੋੜੀਂਦੀ ਸੰਖੇਪ ਰਿਪੋਰਟ ਅਪਲੋਡ ਕਰਨ ਤੋਂ ਬਾਅਦ ਹੀ ਅੱਪਡੇਟ/ਬੰਦ ਹੋ ਗਏ। ਵਿਸਥਾਰਤ ਵਿਸ਼ਲੇਸ਼ਣ **ਪੈਰ੍ਹਾ 2.10.9.2(ii)** ਵਿੱਚ ਦਿੱਤਾ ਗਿਆ ਹੈ।

ਇਹ ਵੀ ਦੇਖਿਆ ਗਿਆ ਕਿ ਤਕਨੀਕੀ/ਵਿੱਤੀ ਸੰਖੇਪ ਰਿਪੋਰਟਾਂ ਅਪਲੋਡ ਕਰਨ ਲਈ ਪੋਰਟਲ ਵਿੱਚ ਲਿੰਕ ਦਾ ਵੇਰਵਾ 'ਕਮੇਟੀ ਵੇਰਵੇ ਅਪਲੋਡ' ਵਜੋਂ ਪ੍ਰਦਰਸ਼ਿਤ ਕੀਤਾ ਗਿਆ ਸੀ ਜਿਵੇਂ ਕਿ **ਚਿੱਤਰ** 2.1 ਵਿੱਚ ਦਰਸਾਇਆ ਗਿਆ ਹੈ।

**ਚਿੱਤਰ 2.1: ਜੀ ਈ ਪੀ ਐਨ ਆਈ ਸੀ ਪੋਰਟਲ 'ਤੇ 'ਕਮੇਟੀ ਦੇ ਵੇਰਵੇ ਅਪਲੋਡ ਕੀਤੇ ਟੈਕਸਟ' ਵਾਲੀ ਤਸਵੀਰ**




*ਸ੍ਰੋਤ: ਜੀ ਈ ਪੀ ਐਨ ਆਈ ਸੀ ਦਾ ਉਪਭੋਗਤਾ ਮੈਨੂਅਲ*

ਐਪਲੀਕੇਸ਼ਨ ਕੰਟਰੋਲ ਵਿੱਚ ਇਹ ਕਮੀ ਕਾਰਣ ਹੀ ਉਪਭੋਗਤਾਵਾਂ ਨੇ ਤਕਨੀਕੀ/ਵਿੱਤੀ ਮੁਲਾਂਕਣ ਸੰਖੇਪ ਰਿਪੋਰਟਾਂ ਅਪਲੋਡ ਕਰਨ ਦੀ ਬਜਾਏ ਸਿਰਫ ਕਮੇਟੀ/ਹੋਰ ਅਸੰਗਤ ਦਸਤਾਵੇਜ਼ਾਂ ਦੇ ਗਠਨ ਨਾਂਲ ਸਬੰਧਤ ਆਦੇਸ਼ ਅਪਲੋਡ ਕੀਤੇ ਸਨ। ਨੋਡਲ ਵਿਭਾਗ ਨੇ ਅਰਜ਼ੀ ਦੇ ਅਗਲੇ ਵੱਰਸ਼ੱਨਾਂ ਵਿੱਚ ਅੰਤਰ ਨੂੰ ਠੀਕ ਕਰਨ ਦਾ ਭਰੋਸਾ ਦਿੱਤਾ (ਜੂਨ 2024)।


ਮੁਲਾਂਕਣ ਰਿਪੋਰਟਾ ਨੂੰ ਅਪਲੋਡ ਨਾ ਕਰਨ ਨਾਲ ਆਈ ਟੀ ਪ੍ਰਣਾਲੀ ਅਧੂਰੀ ਰਹਿ ਗਈ, ਟੈਂਡਰ ਪ੍ਰਕਿਰਿਆ ਦੀ ਪਾਰਦਰਸ਼ਤਾ ਅਤੇ ਨਿਰਪੱਖਤਾ ਨੂੰ ਨੁਕਸਾਨ ਪਹੁੰਚਿਆ ਅਤੇ ਮੈਨੂਅਲ ਰਿਕਾਰਡਾਂ 'ਤੇ ਨਿਰਭਰਤਾ ਦਾ ਪ੍ਰਚਾਰ ਹੋਇਆ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਇਸ ਸਬੰਧ ਵਿੱਚ ਉਪਭੋਗਤਾ ਵਿਭਾਗਾਂ ਨੂੰ ਲੋੜੀਂਦੀ ਸਲਾਹ ਜਾਰੀ ਕਰ ਦਿੱਤੀ ਗਈ ਸੀ।

### 2.9.2.4 'ਰੀਟੈਂਡਰ' ਕਾਰਜਸ਼ੀਲਤਾ ਦੀ ਵਰਤੋਂ ਨਾ ਕਰਨਾ

ਜੀ ਈ ਪੀ ਐਨ ਆਈ ਸੀ ਪੋਰਟਲ ਵਿੱਚ ਉਪਭੋਗਤਾ ਵਿਭਾਗਾਂ ਲਈ ਪਹਿਲਾਂ ਪ੍ਰਕਾਸ਼ਿਤ ਸਬੰਧਤ ਟੈਂਡਰਾਂ ਦੀ ਟ੍ਰੇਲ ਬਣਾਈ ਰੱਖਣ ਲਈ 'ਰੀਟੈਂਡਰ' ਕਾਰਜਸ਼ੀਲਤਾ ਹੈ, ਤਾਂ ਜੋ ਅਜਿਹੇ ਮੁੜ-ਟੈਂਡਰਾਂ ਲਈ ਲਾਗੂ ਕਾਰੋਬਾਰੀ ਨਿਯਮਾਂ ਦੀ ਪਾਲਣਾ ਕੀਤੀ ਜਾ ਸਕੇ, ਜਿਵੇਂ ਕਿ **ਚਿੱਤਰ** 2.2 ਵਿੱਚ ਦਰਸਾਇਆ ਗਿਆ ਹੈ।

**ਚਿੱਤਰ 2.2: ਜੀ ਈ ਪੀ ਐਨ ਆਈ ਸੀ ਪੋਰਟਲ ਤੇ 'ਰੀਟੈਂਡਰ' ਵਿਸ਼ੇਸ਼ਤਾ ਦਿਖਾਉਂਦੀ ਤਸਵੀਰ**




*ਸ੍ਰੋਤ: ਜੀ ਈ ਪੀ ਐਨ ਆਈ ਸੀ ਦਾ ਮੈਨੂਅਲ*

ਲੇਖਾ ਪ੍ਰੀਖਿਆ ਨੇ ਦੇਖਿਆ ਕਿ 2018-2023 ਦੌਰਾਨ 8,128 ਪ੍ਰਕਾਸ਼ਿਤ ਟੈਂਡਰਾਂ ਦੇ ਸਬੰਧ ਵਿੱਚ 'ਰੀਟੈਂਡਰ' ਕਾਰਜਸ਼ੀਲਤਾ ਦੀ ਵਰਤੋਂ ਕੀਤੀ ਗਈ ਸੀ। ਹਾਲਾਂਕਿ, ਟੈਂਡਰ ਮੰਗਣ ਵਾਲੀ ਅਥਾਰਟੀ, ਟੈਂਡਰ ਮੁੱਲ ਅਤੇ ਟੈਂਡਰ ਟਾਈਟਲ ਡਾਟਾ ਫੀਲਡ ਦੇ ਅਧਾਰ ਤੇ ਟੈਂਡਰਾਂ ਦਾ ਵਿਸ਼ਲੇਸ਼ਣ ਕਰਦੇ ਹੋਏ, ਇਹ ਦੇਖਿਆ ਗਿਆ ਕਿ ਇਸ ਮਿਆਦ ਦੌਰਾਨ ਕੁੱਲ 1,85,920 ਪ੍ਰਕਾਸ਼ਿਤ ਟੈਂਡਰਾਂ ਵਿੱਚੋਂ 22,756 ਟੈਂਡਰਾਂ ਨੂੰ ਕਈ ਵਾਰ ਦੁਬਾਰਾ ਪ੍ਰਕਾਸ਼ਿਤ ਕੀਤਾ ਗਿਆ ਸੀ, ਜਾਂ ਤਾਂ ਪਹਿਲਾਂ ਪ੍ਰਕਾਸ਼ਿਤ ਟੈਂਡਰਾਂ ਨੂੰ ਰੱਦ ਕਰਕੇ ਜਾਂ ਸਥਿਤੀ ਨੂੰ ਅਪਡੇਟ ਕੀਤੇ ਬਿਨਾਂ। ਹਾਲਾਂਕਿ, ਇਨ੍ਹਾਂ ਵਿੱਚੋਂ ਕਿਸੇ ਵੀ ਟੈਂਡਰ ਵਿੱਚ 'ਰੀਟੈਂਡਰ' ਕਾਰਜਸ਼ੀਲਤਾ ਦੀ ਵਰਤੋਂ ਨਹੀਂ ਕੀਤੀ ਗਈ ਸੀ।

2018-2023 ਦੀ ਮਿਆਦ ਲਈ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਇਹ ਪਤਾ ਲੱਗਿਆ ਹੈ ਕਿ ਅਜਿਹੇ 490 ਟੈਂਡਰਾਂ ਵਿੱਚ ਹਿੱਸਾ ਲੈਣ ਵਾਲੇ 729 ਬੋਲੀਦਾਤਾਵਾਂ ਦੀ ਪ੍ਰਕਿਰਿਆ ਫੀਸ (₹ 6.65 ਲੱਖ), ਟੈਂਡਰ ਫੀਸ (₹ 4.32 ਲੱਖ) ਅਤੇ ਬਿਆਨਾ ਜਮ੍ਹਾਂ ਰਾਸ਼ੀ (₹ 48.29 ਲੱਖ) ਦੇ ਰੂਪ ਵਿੱਚ ₹ 59.26 ਲੱਖ ਦੀ ਰਾਸ਼ੀ ਰਿਫੰਡ (ਮਾਰਚ 2023) ਲਈ ਬਕਾਇਆ ਸੀ।

ਨੋਡਲ ਵਿਭਾਗ ਨੇ 'ਰੀਟੈਂਡਰ' ਕਾਰਜਸ਼ੀਲਤਾ ਦੀ ਵਰਤੋਂ ਨੂੰ ਲਾਜ਼ਮੀ ਬਣਾਉਣ ਲਈ ਕਾਰਜਕਾਰੀ ਹਦਾਇਤਾਂ ਜਾਰੀ ਨਹੀਂ ਕੀਤੀਆਂ ਸਨ ਅਤੇ ਨਤੀਜੇ ਵਜੋਂ, ਪ੍ਰਣਾਲੀ ਪੋਰਟਲ ਤੇ ਟੈਂਡਰ ਨੂੰ ਦੁਬਾਰਾ ਪ੍ਰਕਾਸ਼ਿਤ ਕੀਤੇ ਜਾਣ ਦੀ ਸੰਖਿਆ ਨੂੰ ਸਹੀ ਢੰਗ ਨਾਲ ਟਰੈਕ ਕਰਨ ਦੀ ਸਥਿਤੀ ਵਿੱਚ ਨਹੀਂ ਸੀ। ਬਦਲੇ ਵਿੱਚ, ਇਸਦਾ ਮਤਲਬ ਇਹ ਸੀ ਕਿ ਪੀ ਟੀ ਪੀ ਪੀ ਨਿਯਮਾਂ ਵਿੱਚ ਅਜਿਹੇ ਮੁੜ-ਟੈਂਡਰਾਂ ਲਈ

ਨਿਰਧਾਰਤ ਬੋਲੀਆਂ ਜਮ੍ਹਾਂ ਕਰਨ ਲਈ ਲਾਗੂ ਸਮਾਂ ਅਤੇ ਘੱਟੋ ਘੱਟ ਤਕਨੀਕੀ ਯੋਗਤਾ ਬੋਲੀ ਸ਼ਰਤਾਂ ਨਿਰਧਾਰਤ ਕਰਨ ਲਈ ਕਾਰੋਬਾਰੀ ਨਿਯਮ ਪ੍ਰਣਾਲੀ ਦੁਆਰਾ ਲਾਗੂ ਨਹੀਂ ਕੀਤੇ ਜਾ ਸਕਦੇ, ਜਿਵੇਂ ਕਿ **ਪੈਰ੍ਹਾ** 2.10.1.1 **ਅਤੇ** 2.10.1.3 ਵਿੱਚ ਚਰਚਾ ਕੀਤੀ ਗਈ ਹੈ।


ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਇਸ ਸਬੰਧ ਵਿੱਚ ਉਪਭੋਗਤਾ ਵਿਭਾਗਾਂ ਨੂੰ ਲੋੜੀਂਦੀ ਸਲਾਹ ਜਾਰੀ ਕੀਤੀ ਗਈ ਹੈ ਅਤੇ ਉਪਭੋਗਤਾ ਵਿਭਾਗਾਂ ਨੂੰ 'ਰੀਟੈਂਡਰ' ਕਾਜਸ਼ੀਲਤਾ ਬਾਰੇ ਸਿਖਲਾਈ ਦਿੱਤੀ ਜਾਵੇਗੀ।

### 2.9.2.5 'ਟੈਂਡਰ-ਕਮ-ਨਿਲਾਮੀ' ਵਿਸ਼ੇਸ਼ਤਾ ਦੀ ਵਰਤੋਂ ਨਾ ਕਰਨਾ

ਪੀ ਟੀ ਪੀ ਪੀ ਨਿਯਮਾਂ ਦੇ ਨਿਯਮ 33(6) ਵਿੱਚ ਕਿਹਾ ਗਿਆ ਹੈ ਕਿ ਜਾਇਦਾਦਾਂ ਦਾ ਨਿਪਟਾਰਾ ਈ-ਖਰੀਦ ਪੋਰਟਲ ਜਾਂ ਰਾਜ ਸਰਕਾਰ ਦੁਆਰਾ ਅਪਣਾਏ ਗਏ ਕਿਸੇ ਹੋਰ ਖੁੱਲ੍ਹੀ ਨਿਲਾਮੀ ਢੰਗ ਰਾਹੀਂ ਈ-ਨਿਲਾਮੀ ਰਾਹੀਂ ਕੀਤਾ ਜਾਵੇਗਾ।

ਜੀ ਈ ਪੀ ਐਨ ਆਈ ਸੀ ਪੋਰਟਲ ਕੋਲ 'ਟੈਂਡਰ-ਕਮ-ਨਿਲਾਮੀ' (**ਚਿੱਤਰ** 2.3) ਲਈ ਕਾਰਜਸ਼ੀਲਤਾ ਸੀ।

**ਚਿੱਤਰ 2.3: ਠੇਕੇ ਦੇ ਫਾਰਮ ਵਿੱਚ 'ਟੈਂਡਰ-ਕਮ-ਨਿਲਾਮੀ' ਵਿਸ਼ੇਸ਼ਤਾ ਨੂੰ ਦਰਸਾਉਂਦੀ ਤਸਵੀਰ**




*ਸ੍ਰੋਤ: ਜੀ ਈ ਪੀ ਐਨ ਆਈ ਸੀ ਦਾ ਮੈਨੂਅਲ*

ਜੀ ਈ ਪੀ ਐਨ ਆਈ ਸੀ ਪੋਰਟਲ 'ਤੇ ਪ੍ਰਕਾਸ਼ਿਤ ਟੈਂਡਰਾਂ ਦੇ ਸਬੰਧ ਵਿੱਚ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਆਬਕਾਰੀ ਅਤੇ ਕਰਬੰਦੀ ਵਿਭਾਗ ਨੇ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਲਈ 691 ਟੈਂਡਰ ਪ੍ਰਕਾਸ਼ਿਤ ਕੀਤੇ ਸਨ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੰਭਾਲ ਵਿਭਾਗ ਨੇ ਅਪ੍ਰੈਲ 2018 ਤੋਂ ਮਾਰਚ 2023 ਦੀ ਮਿਆਦ ਦੌਰਾਨ ਰੁੱਖਾਂ ਦੀ ਵਿਕਰੀ ਲਈ 81 ਟੈਂਡਰ ਪ੍ਰਕਾਸ਼ਿਤ ਕੀਤੇ ਸਨ। ਹਾਲਾਂਕਿ, ਦੋਵਾਂ ਵਿਭਾਗਾਂ ਵਿੱਚੋਂ ਕਿਸੇ ਨੇ ਵੀ 'ਟੈਂਡਰ-ਕਮ-ਨਿਲਾਮੀ' ਵਿਸ਼ੇਸ਼ਤਾ ਦੀ ਵਰਤੋਂ ਨਹੀਂ ਕੀਤੀ। ਇਸ ਦੀ ਬਜਾਏ, ਉਨ੍ਹਾਂ ਨੇ ਨਿਲਾਮੀ ਦੇ ਉਦੇਸ਼ਾਂ ਲਈ ਖੁੱਲ੍ਹੇ ਟੈਂਡਰ ਪਹੁੰਚ ਦੀ

ਚੋਣ ਕੀਤੀ, ਇਸ ਦੇ ਬਾਵਜੂਦ ਕਿ ਇਹ ਕਾਰਜਸ਼ੀਲਤਾ ਉਪਲੱਬਧ ਸੀ ਅਤੇ ਪਹਿਲਾਂ 2019 ਤੋਂ ਛੇ[22] ਖਰੀਦ ਇਕਾਈਆਂ ਦੁਆਰਾ ਵਰਤੀ ਗਈ ਸੀ।

ਨੋਡਲ ਵਿਭਾਗ ਨੇ ਕਿਹਾ (ਮਈ 2024) ਕਿ 'ਟੈਂਡਰ-ਕਮ-ਨਿਲਾਮੀ' ਇੱਕ ਵਿਕਲਪਕ ਕਾਰਜਸ਼ੀਲਤਾ ਹੈ ਜਿਸ ਨੂੰ ਉਪਭੋਗਤਾ ਵਿਭਾਗਾਂ ਦੁਆਰਾ ਤਿਆਰ ਕੀਤਾ ਜਾ ਸਕਦਾ ਹੈ। ਜੰਗਲਾਤ ਅਤੇ ਜੰਗਲੀ ਜੀਵ ਸੰਭਾਲ ਵਿਭਾਗ ਨੇ ਲੇਖਾ ਪ੍ਰੀਖਿਆ ਟਿੱਪਣੀ ਨੂੰ ਸਵੀਕਾਰ ਕਰ ਲਿਆ ਅਤੇ ਕਿਹਾ (ਮਈ-2024) ਕਿ ਐਨ ਆਈ ਸੀ ਨੂੰ ਉਸ ਵਿਭਾਗ ਲਈ 'ਟੈਂਡਰ-ਕਮ-ਨਿਲਾਮੀ' ਕਾਰਜਸ਼ੀਲਤਾ ਨੂੰ ਵਿਉਂਤਬੱਧ ਕਰਨ ਲਈ ਸੰਪਰਕ ਕੀਤਾ ਗਿਆ ਸੀ। ਆਬਕਾਰੀ ਅਤੇ ਕਰਬੰਦੀ ਵਿਭਾਗ ਨੇ ਲੇਖਾ ਪ੍ਰੀਖਿਆ ਟਿੱਪਣੀ ਦਾ ਜਵਾਬ ਨਹੀਂ ਦਿੱਤਾ।

ਇਸ ਤੋਂ ਸੰਕੇਤ ਮਿਲਦਾ ਹੈ ਕਿ ਉਪਭੋਗਤਾ ਵਿਭਾਗ ਪ੍ਰਣਾਲੀ ਵਿੱਚ ਕਾਰਜਸ਼ੀਲਤਾਵਾਂ ਦੇ ਸੈੱਟ ਤੋਂ ਜਾਣੂ ਨਹੀਂ ਸਨ ਅਤੇ ਇਸ ਲਈ ਟੈਂਡਰ ਕਾਰੋਬਾਰੀ ਪ੍ਰਕਿਰਿਆਵਾਂ ਦੀ ਵਰਤੋਂ ਕਰਕੇ ਨਿਲਾਮੀ ਦੀ ਪ੍ਰਕਿਰਿਆ ਕੀਤੀ ਸੀ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਇਸ ਸਬੰਧ ਵਿੱਚ ਉਪਭੋਗਤਾ ਵਿਭਾਗਾਂ ਨੂੰ ਲੋੜੀਂਦੀ ਸਲਾਹ ਜਾਰੀ ਕਰ ਦਿੱਤੀ ਗਈ ਹੈ ਅਤੇ ਉਪਭੋਗਤਾ ਵਿਭਾਗਾਂ ਨੂੰ ਇਸ ਕਾਰਜਸ਼ੀਲਤਾ ਬਾਰੇ ਸਿਖਲਾਈ ਦਿੱਤੀ ਜਾਵੇਗੀ। ਇਹ ਵੀ ਕਿਹਾ ਗਿਆ ਕਿ ਸਾਰੇ ਉਪਭੋਗਤਾ ਵਿਭਾਗਾਂ ਲਈ ਡਿਫਾਲਟ ਤੌਰ 'ਤੇ 'ਟੈਂਡਰ-ਕਮ-ਨਿਲਾਮੀ' ਕਾਰਜਸ਼ੀਲਤਾ ਦੀ ਸੰਰਚਨਾ ਦੀ ਪੜਚੋਲ ਕੀਤੀ ਜਾਵੇਗੀ।

### 2.9.2.6 ਪੋਰਟਲ ਦੇ ਬਾਹਰ ਬੋਲੀਦਾਤਾਵਾਂ ਦੁਆਰਾ ਦਸਤਾਵੇਜ਼ਾਂ ਨੂੰ ਅਨਿਯਮਿਤ ਤਰੀਕੇ ਨਾਲ ਜਮ੍ਹਾਂ ਕਰਵਾਉਣਾ


ਪੀ ਟੀ ਪੀ ਪੀ ਦੇ ਨਿਯਮ 16 (ਅੰਤਿਕਾ 4) ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਸਬੰਧਤ ਬੋਲੀਦਾਤਾ ਇੱਕੋ ਸਮੇਂ ਆਨਲਾਈਨ ਬੋਲੀ ਖੋਲ੍ਹਣ ਵਿੱਚ ਹਿੱਸਾ ਲੈ ਸਕਦੇ ਹਨ ਅਤੇ ਸਾਰੇ ਬੋਲੀਦਾਤਾਵਾਂ ਦੀਆਂ ਨਤੀਜੇ ਵਜੋਂ ਬੋਲੀਆਂ ਦੇਖ ਸਕਦੇ ਹਨ। ਇਹ ਪ੍ਰਣਾਲੀ ਆਪਣੇ ਆਪ ਤਕਨੀਕੀ-ਵਪਾਰਕ ਬੋਲੀ ਖੋਲ੍ਹਣ ਦੇ ਮਾਮਲੇ ਵਿੱਚ ਇੱਕ ਤਕਨੀਕੀ ਪੜਤਾਲ ਰਿਪੋਰਟ ਅਤੇ ਵਪਾਰਕ ਪੜਤਾਲ ਰਿਪੋਰਟ ਤਿਆਰ ਕਰਦੀ ਹੈ ਅਤੇ ਕੀਮਤ ਬੋਲੀ ਖੋਲ੍ਹਣ ਦੇ ਮਾਮਲੇ ਵਿੱਚ ਕੀਮਤ ਤੁਲਨਾਤਮਕ ਸਟੇਟਮੈਂਟ ਤਿਆਰ ਕਰਦੀ ਹੈ ਜਿਸ ਨੂੰ ਭਾਗ ਲੈਣ ਵਾਲੇ ਬੋਲੀਦਾਤਾ ਆਨਲਾਈਨ ਵੀ ਦੇਖ ਸਕਦੇ ਹਨ। ਕੋਈ ਵੀ ਦਸਤਾਵੇਜ਼ ਜੋ ਬੋਲੀਦਾਤਾ ਦੁਆਰਾ ਸ਼ਾਮਲ ਨਹੀਂ ਕੀਤਾ ਗਿਆ ਹੈ (ਜਿਸ ਨੂੰ ਘਾਟ ਦਸਤਾਵੇਜ਼ ਕਿਹਾ ਜਾਂਦਾ ਹੈ) ਖਰੀਦ ਇਕਾਈ ਦੁਆਰਾ ਮੰਗਿਆ ਜਾ ਸਕਦਾ ਹੈ ਅਤੇ ਬੋਲੀਦਾਤਾ ਦੁਆਰਾ ਆਨਲਾਈਨ ਜਮ੍ਹਾਂ ਕੀਤਾ ਜਾ ਸਕਦਾ ਹੈ, ਬਸ਼ਰਤੇ ਕਿ ਇਹ ਟੈਂਡਰ ਪ੍ਰਕਿਰਿਆ ਨੂੰ ਵਿਗਾੜਦਾ ਨਾ ਹੋਵੇ।

ਘਾਟ ਵਾਲੇ ਦਸਤਾਵੇਜ਼ਾਂ ਦੀ ਮੰਗ ਕਰਨ ਦੀ ਕਾਰਜਕੁਸ਼ਲਤਾ ਜੀ ਈ ਪੀ ਐਨ ਆਈ ਸੀ (**ਚਿੱਤਰ 2.4**) ਵਿੱਚ ਉਪਲਬਧ ਸੀ। ਬੋਲੀ ਮੁਲਾਂਕਣਕਰਤਾ (ਵਿਭਾਗੀ ਉਪਭੋਗਤਾ) ਵਿਸ਼ੇਸ਼ ਬੋਲੀਦਾਤਾਵਾਂ ਤੋਂ ਘਾਟ ਦੇ ਦਸਤਾਵੇਜ਼ਾਂ ਦੀ ਮੰਗ ਕਰ ਸਕਦਾ ਹੈ ਅਤੇ ਸਿਰਫ ਇਹ ਬੋਲੀਦਾਤਾ ਪੋਰਟਲ ਰਾਹੀਂ ਦਸਤਾਵੇਜ਼ ਅਪਲੋਡ ਕਰ ਸਕਦੇ ਹਨ।

---

[22] (i) ਭਾਖੜਾ ਬਿਆਸ ਮੈਨੇਜਮੈਂਟ ਬੋਰਡ (256); (ii) ਆਮ ਪ੍ਰਸ਼ਾਸਨ (5); (iii) ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ (2); (iv) ਪਾਵਰ (1,143); (v) ਸਕੂਲ ਸਿੱਖਿਆ (2); ਅਤੇ (vi) ਸ਼ਾਸਨ ਸੁਧਾਰ (12)।

**ਚਿੱਤਰ 2.4: ਘਾਟ ਵਾਲੇ ਦਸਤਾਵੇਜ਼ਾਂ ਦੀ ਮੰਗ ਕਰਨ ਦੀ ਵਿਸ਼ੇਸ਼ਤਾ ਦਰਸਾਉਂਦੀ ਤਸਵੀਰ**




*ਸ੍ਰੋਤ: ਜੀ ਈ ਪੀ ਐਨ ਆਈ ਸੀ ਮੈਨੂਅਲ*

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਛੇ ਵਿਭਾਗਾਂ[23] ਨਾਲ ਸਬੰਧਤ 494 ਨਮੂਨਿਆਂ ਵਿਚੋਂ 36 ਟੈਂਡਰਾਂ ਵਿੱਚ ਜੀ ਈ ਪੀ ਐਨ ਆਈ ਸੀ ਪੋਰਟਲ ਤੋਂ ਬਾਹਰ ਬੋਲੀਦਾਤਾਵਾਂ ਦੁਆਰਾ ਈਮੇਲ ਜਾਂ ਹੋਰ ਸਾਧਨਾਂ ਰਾਹੀਂ ਉਪਰੋਕਤ ਉਪਬੰਧਾ ਦੀ ਉਲੰਘਣਾ ਕਰਦੇ ਹੋਏ ਘਾਟ ਦੇ ਦਸਤਾਵੇਜ਼ ਜਮ੍ਹਾਂ ਕਰਵਾਏ ਗਏ ਸਨ।

ਪ੍ਰਣਾਲੀ ਤੋਂ ਬਾਹਰਲੇ ਚੈਨਲਾਂ ਰਾਹੀਂ ਬੋਲੀਦਾਤਾਵਾਂ ਨਾਲ ਇਹ ਸੰਚਾਰ ਇੱਕ ਵੱਡੇ ਨਿਯੰਤਰਣ ਜੋਖਮ ਦਾ ਸੰਕੇਤ ਦਿੰਦਾ ਹੈ, ਕਿਉਂਕਿ ਇਸ ਨੇ ਬੋਲੀਦਾਤਾਵਾਂ ਨਾਲ ਚੋਣਵੇਂ ਸੰਚਾਰ ਲਈ ਟਾਲਣਯੋਗ ਗੁੰਜਾਇਸ਼ ਪੈਦਾ ਕੀਤੀ ਜਿਨ੍ਹਾਂ ਨੇ ਦਸਤਾਵੇਜ਼ਾਂ ਦਾ ਪੂਰਾ ਸੈੱਟ ਜਮ੍ਹਾਂ ਨਹੀਂ ਕੀਤਾ ਸੀ। ਪ੍ਰਣਾਲੀ ਦੇ ਅੰਦਰ ਕਾਰਜਸ਼ੀਲਤਾ ਦੀ ਵਰਤੋਂ ਨਾ ਹੋਣ ਕਾਰਣ, ਇਸ ਗੱਲ ਦਾ ਕੋਈ ਭਰੋਸਾ ਨਹੀਂ ਸੀ ਕਿ ਬੋਲੀ ਮੁਲਾਂਕਣ ਦੌਰਾਨ ਬਰਾਬਰ ਦਾ ਮੌਕਾ ਬਣਾਈ ਰੱਖਿਆ ਗਿਆ ਸੀ ਅਤੇ ਸਾਰੇ ਬੋਲੀਦਾਤਾਵਾਂ ਨੂੰ ਘਾਟ ਦੇ ਦਸਤਾਵੇਜ਼ ਜਮ੍ਹਾਂ ਕਰਨ ਲਈ ਇਕਸਾਰ ਅਤੇ ਨਿਰਪੱਖ ਮੌਕੇ ਪ੍ਰਦਾਨ ਕੀਤੇ ਗਏ ਸਨ। ਇਸ ਦੇ ਨਤੀਜੇ ਵਜੋਂ ਬੋਲੀ ਮੁਲਾਂਕਣ ਪ੍ਰਕਿਰਿਆ ਲਈ ਦਸਤਾਵੇਜ਼ ਦੇ ਟ੍ਰੇਲ ਵਿੱਚ ਪਾਰਦਰਸ਼ਤਾ ਘੱਟ ਗਈ, ਜਿਸ ਨਾਲ ਪਸੰਦੀਦਾ ਬੋਲੀਦਾਤਾਵਾਂ ਨੂੰ ਅਣਉਚਿਤ ਲਾਭ ਦੇ ਵਿਸਥਾਰ ਦਾ ਖਤਰਾ ਸੀ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਇਸ ਸਬੰਧ ਵਿੱਚ ਉਪਭੋਗਤਾ ਵਿਭਾਗਾਂ ਨੂੰ ਲੋੜੀਂਦੀ ਸਲਾਹ ਜਾਰੀ ਕਰ ਦਿੱਤੀ ਗਈ ਹੈ ਅਤੇ ਉਪਭੋਗਤਾ ਵਿਭਾਗਾਂ ਨੂੰ ਇਸ ਮਾਮਲੇ ਬਾਰੇ ਸਿਖਲਾਈ ਦਿੱਤੀ ਜਾਵੇਗੀ।

---

[23] (i) ਖੇਤੀਬਾੜੀ (4); (ii) ਵਿੱਤ (3); (iii) ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ (6); (iv) ਗ੍ਰਹਿ ਮਾਮਲੇ ਅਤੇ ਨਿਆਂ (17); (v) ਮੈਡੀਕਲ ਸਿੱਖਿਆ ਅਤੇ ਖੋਜ (1); ਅਤੇ (vi) ਲੋਕ ਨਿਰਮਾਣ (ਬੀ ਐਂਡ ਆਰ) (5)।

### 2.9.3 ਈ-ਖਰੀਦ ਲਈ ਅੰਦਰੂਨੀ ਨਿਯੰਤਰਣਾਂ ਵਿੱਚ ਕਮੀਆਂ

ਕਾਰੋਬਾਰੀ ਪ੍ਰਕਿਰਿਆਵਾਂ ਲਈ ਅੰਦਰੂਨੀ ਨਿਯੰਤਰਣਾਂ ਵਿੱਚ ਜੋਖਮ ਪ੍ਰਬੰਧਨ ਲਈ ਰਸਮੀ ਨੀਤੀਆਂ ਅਤੇ ਅਭਿਆਸਾਂ, ਅੰਦਰੂਨੀ ਪ੍ਰਕਿਰਿਆਵਾਂ ਅਤੇ ਨਿਰਦੇਸ਼ਾਂ ਦੀ ਪਾਲਣਾ; ਬਾਹਰੀ ਕਾਨੂੰਨ ਅਤੇ ਨਿਯਮ; ਨਿਯਮਤ ਅਤੇ ਐਡ-ਹਾਕ ਪ੍ਰਬੰਧਨ ਰਿਪੋਰਟਾਂ; ਪ੍ਰਗਤੀ ਜਾਂਚਾਂ; ਅਤੇ ਯੋਜਨਾਵਾਂ ਅਤੇ ਅਤੇ ਆਡਿਟ ਵਿੱਚ ਸੋਧ; ਮੁਲਾਂਕਣਾਂ ਅਤੇ ਨਿਗਰਾਨੀ ਸ਼ਾਮਲ ਹਨ। ਇਨ੍ਹਾਂ ਅੰਦਰੂਨੀ ਨਿਯੰਤਰਣਾਂ ਤੋਂ ਬਿਨਾਂ, ਸੰਸਥਾਵਾਂ ਨੂੰ ਮੌਜੂਦਾ ਕਾਨੂੰਨੀ ਢਾਂਚੇ ਦੀ ਪਾਲਣਾ ਨਾ ਹੋਣ ਦੇ ਜੋਖਮ ਦਾ ਸਾਹਮਣਾ ਕਰਨਾ ਪੈਂਦਾ ਹੈ।

ਈ-ਖਰੀਦ ਦੌਰਾਨ ਪਾਈਆਂ ਗਈਆਂ ਕਮੀਆਂ ਬਾਰੇ ਹੇਠ ਲਿਖੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ:

#### *(i) ਸਾਲਾਨਾ ਖਰੀਦ ਯੋਜਨਾ ਤਿਆਰ ਨਾ ਕਰਨਾ*

ਪੀ ਟੀ ਪੀ ਪੀ ਐਕਟ ਦੀ ਧਾਰਾ 9 ਇਹ ਨਿਰਧਾਰਤ ਕਰਦੀ ਹੈ ਕਿ ਖਰੀਦ ਇਕਾਈ ਹਰ ਵਿੱਤੀ ਸਾਲ ਤੋਂ ਪਹਿਲਾਂ/ਸ਼ੁਰੂ ਵਿੱਚ ਸਾਲਾਨਾ ਖਰੀਦ ਯੋਜਨਾ ਤਿਆਰ ਕਰੇਗੀ। ਖਰੀਦ ਇਕਾਈ ਆਪਣੀ ਸਾਲਾਨਾ ਖਰੀਦ ਯੋਜਨਾ ਨੂੰ ਤਰਕਸ਼ੀਲ ਤਰੀਕੇ ਨਾਲ ਤਿਆਰ ਕਰਦੇ ਸਮੇਂ ਐਕਟ ਦੀ ਧਾਰਾ 8(2) ਵਿੱਚ ਨਿਰਧਾਰਤ ਮਾਮਲੇ ਨੂੰ ਧਿਆਨ ਵਿੱਚ ਰੱਖੇਗੀ ਅਤੇ ਵਿਸ਼ੇਸ਼ ਤੌਰ ਤੇ ਜਿੱਥੇ ਵੀ ਸੰਭਵ ਹੋਵੇ, ਐਮਰਜੈਂਸੀ ਖਰੀਦ ਤੋਂ ਪਰਹੇਜ਼ ਕਰੇਗੀ; ਵੈਲਯੂ ਫਾਰ ਮਨੀ ਪ੍ਰਾਪਤ ਕਰਨ ਅਤੇ ਖਰੀਦ ਲਾਗਤਾਂ ਨੂੰ ਘਟਾਉਣ ਲਈ, ਜਿੱਥੇ ਵੀ ਸੰਭਵ ਹੋਵੇ, ਖਰੀਦ ਦੀ ਇਕਾਈ ਦੇ ਅੰਦਰ ਅਤੇ ਖਰੀਦ ਇਕਾਈਆਂ ਵਿਚਕਾਰ ਆਪਣੀਆਂ ਜ਼ਰੂਰਤਾਂ ਨੂੰ ਇਕੱਠਾ ਕਰਨਾ; ਖਰੀਦ ਦੀ ਵੰਡ ਤੋਂ ਪਰਹੇਜ਼ ਕਰਨਾ; ਅਤੇ ਆਪਣੇ ਖਰੀਦ ਬਜਟ ਨੂੰ ਇਸਦੇ ਖਰਚ ਪ੍ਰੋਗਰਾਮ ਨਾਲ ਏਕੀਕ੍ਰਿਤ ਕਰੇਗੀ।

ਹਾਲਾਂਕਿ, ਇਹ ਦੇਖਿਆ ਗਿਆ ਕਿ ਨਮੂਨਾ-ਜਾਂਚ ਕੀਤੀ ਗਈ ਖਰੀਦ ਇਕਾਈਆਂ ਵਿਚੋਂ ਕਿਸੇ ਨੇ ਵੀ ਐਕਟ ਦੀਆਂ ਉਪਰੋਕਤ ਧਾਰਾਵਾਂ ਦੇ ਅਨੁਸਾਰ ਸਾਲਾਨਾ ਖਰੀਦ ਯੋਜਨਾ ਤਿਆਰ ਨਹੀਂ ਕੀਤੀ ਸੀ।

#### *(ii) ਰਿਕਾਰਡਾਂ ਦਾ ਰੱਖ-ਰਖਾਅ ਨਾ ਕਰਨਾ*

ਪੀ ਟੀ ਪੀ ਪੀ ਨਿਯਮ, 2022 ਦੇ ਨਿਯਮ 3 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਪੀ ਟੀ ਪੀ ਪੀ ਐਕਟ ਦੀ ਧਾਰਾ 6 ਦੇ ਉਪਬੰਧਾਂ ਦੇ ਅਧੀਨ, ਸਾਰੀਆਂ ਖਰੀਦ ਇਕਾਈਆਂ, ਉਕਤ ਧਾਰਾ ਦੀ ਉਪ-ਧਾਰਾ (1) ਵਿੱਚ ਨਿਰਧਾਰਤ ਰਿਕਾਰਡਾਂ ਤੋਂ ਇਲਾਵਾ, ਫਾਰਮ 'ਏ'[24] ਵਿੱਚ ਨਿਰਧਾਰਤ ਰਜਿਸਟਰਾਂ ਜਾਂ ਡਾਟਾਬੇਸ ਨੂੰ ਅਧਿਕਾਰਤ ਰਿਕਾਰਡਾਂ ਵਜੋਂ ਇਲੈਕਟ੍ਰਾਨਿਕ ਅਤੇ ਭੌਤਿਕ ਰੂਪ ਵਿੱਚ ਸੁਰੱਖਿਅਤ ਰੱਖਣਗੀਆਂ।

ਇਹ ਦੇਖਿਆ ਗਿਆ ਕਿ ਨਿਰਧਾਰਤ ਰਜਿਸਟਰਾਂ ਵਿਚੋਂ ਸਿਰਫ ਟੈਂਡਰ ਰਜਿਸਟਰ ਰੱਖੇ ਗਏ ਸਨ ਅਤੇ ਉਹ ਵੀ 111 ਨਮੂਨੇ ਵਾਲੀਆਂ ਖਰੀਦ ਇਕਾਈਆਂ ਵਿੱਚੋਂ 61[25] ਦੁਆਰਾ ਕੀਤਾ ਗਿਆ ਸੀ।

---

[24] ਵਿਕਰੇਤਾ/ਠੇਕੇਦਾਰ ਰਜਿਸਟਰ; ਖਰੀਦ ਰਜਿਸਟਰ; ਖਰੀਦ ਆਰਡਰ ਗਾਰਡ ਰਜਿਸਟਰ; ਖਰੀਦ ਆਰਡਰ ਪ੍ਰਗਤੀ ਰਜਿਸਟਰ; ਸਟਾਕ ਰਜਿਸਟਰ ਅਤੇ ਸੰਪਤੀ ਰਜਿਸਟਰ।

[25] ਦਸ ਨਮੂਨਾ-ਜਾਂਚ ਕੀਤੀਆਂ ਗਈਆਂ ਇਕਾਈਆਂ ਨੇ ਲੋੜੀਂਦੀ ਜਾਣਕਾਰੀ/ਜਵਾਬ ਨਹੀਂ ਦਿੱਤਾ।

### *(iii) ਟੈਂਡਰਾਂ ਦੀ ਆਫਲਾਈਨ ਪ੍ਰਕਿਰਿਆ*

ਪੀ ਟੀ ਪੀ ਪੀ ਨਿਯਮਾਂ ਦੇ ਨਿਯਮ 16 (ਅੰਤਿਕਾ 4) ਵਿੱਚ ਇਹ ਨਿਰਧਾਰਤ ਕੀਤਾ ਗਿਆ ਹੈ ਕਿ ਬੋਲੀ ਲਗਾਉਣ ਵਾਲੇ ਆਪਣੀਆਂ ਤਕਨੀਕੀ-ਵਪਾਰਕ ਬੋਲੀਆਂ ਅਤੇ ਕੀਮਤ ਬੋਲੀਆਂ ਆਨਲਾਈਨ ਜਮ੍ਹਾਂ ਕਰਵਾਉਣਗੇ। ਬੋਲੀਦਾਤਾਵਾਂ ਨੂੰ ਯੋਗਤਾ ਲਈ ਲੋੜੀਂਦੇ ਵੱਖ-ਵੱਖ ਦਸਤਾਵੇਜ਼ਾਂ ਅਤੇ ਹੋਰ ਸਾਰੇ ਦਸਤਾਵੇਜ਼ਾਂ ਦੀਆਂ ਸਕੈਨ ਕੀਤੀਆਂ ਕਾਪੀਆਂ ਅਪਲੋਡ ਕਰਨੀਆਂ ਪੈਣਗੀਆਂ ਜਿਵੇਂ ਕਿ ਬੋਲੀ ਮੰਗਣ ਦੇ ਨੋਟਿਸ ਵਿੱਚ ਨਿਰਧਾਰਤ ਕੀਤਾ ਗਿਆ ਹੈ, ਲਿਫਾਫਾ-1 ਵਿੱਚ ਟੈਕਨੋ-ਵਪਾਰਕ ਬੋਲੀ ਅਤੇ ਲਿਫਾਫਾ-2 ਵਿੱਚ ਵਿੱਤੀ ਬੋਲੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਦੋ ਵਿਭਾਗ ਜਿਵੇਂ ਕਿ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ; ਅਤੇ ਸਮਾਜਿਕ ਸੁਰੱਖਿਆ ਅਤੇ ਮਹਿਲਾ ‘ਤੇ ਬਾਲ ਵਿਕਾਸ ਵਿਭਾਗ (ਡੀ ਐਸ ਐਸ ਡਬਲਯੂ ਸੀ ਡੀ) ਨੇ ਉਪਰੋਕਤ ਨਿਯਮਾਂ ਦੀ ਉਲੰਘਣਾ ਕਰਦਿਆਂ ₹ ਪੰਜ ਲੱਖ ਤੋਂ ਵੱਧ ਮੁੱਲ ਦੇ 494 ਨਮੂਨੇ ਵਾਲੇ ਟੈਂਡਰਾਂ ਵਿੱਚੋਂ ਦੋ ਵਿੱਚ ਆਫਲਾਈਨ ਬੋਲੀਆਂ ਦੀ ਮੰਗ ਕੀਤੀ/ਸਵੀਕਾਰ ਕੀਤੀ।

ਡੀ ਐਮ ਈ ਆਰ ਨੇ ਕਿਹਾ (ਅਕਤੂਬਰ 2023) ਕਿ ਸਿਰਫ ਆਨਲਾਈਨ ਬੋਲੀਆਂ ਤੇ ਵਿਚਾਰ ਕੀਤਾ ਗਿਆ ਸੀ ਅਤੇ ਆਫਲਾਈਨ ਬੋਲੀਆਂ ਰੱਦ ਕਰ ਦਿੱਤੀਆਂ ਗਈਆਂ ਸਨ। ਜਵਾਬ ਤਸਲੀਬੱਖਸ਼ ਨਹੀਂ ਸੀ ਕਿਉਂਕਿ ਤਿੰਨ ਆਫਲਾਈਨ ਬੋਲੀਆਂ ਵਿਚੋਂ ਇਕ ਬੋਲੀ ਸਵੀਕਾਰ ਕਰ ਲਈ ਗਈ ਸੀ (ਹਾਲਾਂਕਿ ਐਲ 1 ਵਜੋਂ ਯੋਗ ਨਹੀਂ ਸੀ ਅਤੇ ਦੋ ਬੋਲੀਆਂ ਨੂੰ ਹੋਰ ਆਧਾਰਾਂ ਤੇ ਰੱਦ ਕਰ ਦਿੱਤਾ ਗਿਆ ਸੀ ਜਿਵੇਂ ਕਿ ਇੱਕ ਈ ਐਮ ਡੀ ਜਮ੍ਹਾਂ ਨਾ ਕਰਨ ਲਈ ਅਤੇ ਦੂਜੀ ਤਕਨੀਕੀ ਆਧਾਰ ਤੇ)।

ਡੀ ਐਸ ਐਸ ਡਬਲਯੂ ਸੀ ਡੀ ਨੇ ਕਿਹਾ (ਮਈ 2024) ਕਿ ਸਮੇਂ ਦੀ ਘਾਟ ਕਾਰਣ, ਵਿਭਾਗ ਨੇ ਆਨਲਾਈਨ ਟੈਂਡਰ ਰੱਦ ਕਰ ਦਿੱਤੇ ਅਤੇ ਬਾਅਦ ਵਿੱਚ ਆਫਲਾਈਨ ਕੋਟੇਸ਼ਨ ਦੇ ਆਧਾਰ ਤੇ ਟੈਂਡਰਾਂ ਦੀ ਪ੍ਰਕਿਰਿਆ ਕੀਤੀ।

### *(iv) ਤਕਨੀਕੀ ਅਤੇ ਵਿੱਤੀ ਬੋਲੀ ਮੁਲਾਂਕਣ ਲਈ ਆਫਲਾਈਨ ਪ੍ਰਕਿਰਿਆਵਾਂ ਵਿੱਚ ਬੇਨਿਯਮੀਆਂ*

494 ਨਮੂਨੇ ਟੈਂਡਰਾਂ ਵਿਚੋਂ 122 ਵਿੱਚ ਲੇਖਾ ਪ੍ਰੀਖਿਆ ਨੇ ਡੀ ਐਨ ਆਈ ਟੀ ਦੀਆਂ ਸ਼ਰਤਾਂ ਅਤੇ ਪੀ ਟੀ ਪੀ ਪੀ ਐਕਟ ਅਤੇ ਨਿਯਮਾਂ ਦੇ ਪ੍ਰਬੰਧਾਂ ਦੇ ਅਧਾਰ ਤੇ ਤਕਨੀਕੀ ਅਤੇ ਵਿੱਤੀ ਬੋਲੀ ਮੁਲਾਂਕਣ ਲਈ ਆਫਲਾਈਨ ਪ੍ਰਕਿਰਿਆਵਾਂ ਵਿੱਚ ਬੇਨਿਯਮੀਆਂ ਵੇਖੀਆਂ। ਵੇਰਵੇ ਹੇਠਾਂ ਦਿੱਤੇ ਗਏ ਹਨ:

- 10 ਟੈਂਡਰਾਂ ਵਿੱਚ, ਤਕਨੀਕੀ ਬੋਲੀਆਂ ਨੂੰ ਰੱਦ ਕਰਨ ਦਾ ਕੋਈ ਕਾਰਣ ਨਹੀਂ ਦੱਸਿਆ ਗਿਆ ਸੀ।
- ਖੇਤੀਬਾੜੀ ਵਿਭਾਗ (ਪੰਜਾਬ ਮੰਡੀ ਬੋਰਡ, ਮੋਹਾਲੀ) ਵੱਲੋਂ ਪ੍ਰਕਾਸ਼ਿਤ ਦੋ ਟੈਂਡਰਾਂ (ਅਕਤੂਬਰ 2021 ਅਤੇ ਮਾਰਚ 2022) ਵਿੱਚ ਮੁਲਾਂਕਣ ਵਿੱਚ ਅਸਮਾਨਤਾ ਸੀ, ਕਿਉਂਕਿ ਟੈਂਡਰਿੰਗ ਦਸਤਾਵੇਜ਼ਾਂ ਵਿੱਚ ਸਮਾਨ ਦਸਤਾਵੇਜ਼ ਜਮ੍ਹਾਂ ਨਾ ਕਰਨ ਦੇ ਅਧਾਰ ਤੇ ਇੱਕ ਕੇਸ ਵਿੱਚ ਬੋਲੀ ਤਕਨੀਕੀ ਤੌਰ ਤੇ ਸਵੀਕਾਰ ਕੀਤੀ ਗਈ ਸੀ ਅਤੇ ਦੂਜੇ ਕੇਸ ਵਿੱਚ ਰੱਦ ਕਰ ਦਿੱਤੀ ਗਈ ਸੀ।

- 29 ਟੈਂਡਰਾਂ ਵਿੱਚ, ਤਕਨੀਕੀ ਬੋਲੀਆਂ ਨਾਲ ਅਪਲੋਡ ਕੀਤੇ ਦਸਤਾਵੇਜ਼ਾਂ ਵਿੱਚ ਕਮੀ ਦੇ ਬਾਵਜੂਦ ਬੋਲੀਦਾਤਾ ਤਕਨੀਕੀ ਤੌਰ ਤੇ ਯੋਗ ਸਨ (**ਅੰਤਿਕਾ** 2.4)। ਬੋਲੀਦਾਤਾਵਾਂ (ਆਨਲਾਈਨ ਅਤੇ ਆਫਲਾਈਨ ਮੋਡ) ਤੋਂ ਇਨ੍ਹਾਂ ਘੱਟ ਦਸਤਾਵੇਜ਼ਾਂ ਨੂੰ ਬਾਅਦ ਵਿੱਚ ਜਮ੍ਹਾਂ ਕਰਨ ਦੇ ਸਮਰਥਨ ਵਿੱਚ ਕੋਈ ਰਿਕਾਰਡ ਉਪਲੱਬਧ ਨਹੀਂ ਸੀ। ਇਨ੍ਹਾਂ ਵਿੱਚੋਂ, ਸਥਾਨਕ ਸਰਕਾਰਾਂ ਵਿਭਾਗ (ਨਗਰ ਕੌਂਸਲ, ਨਯਾਗਾਂਓ) ਦੁਆਰਾ ਪ੍ਰਕਾਸ਼ਿਤ ਇੱਕ ਟੈਂਡਰ (ਦਸੰਬਰ 2021) ਵਿੱਚ, ਬੋਲੀ ਤਕਨੀਕੀ ਤੌਰ ਤੇ ਸਵੀਕਾਰ ਕੀਤੀ ਗਈ ਸੀ ਅਤੇ ਟੈਂਡਰ ਦਿੱਤਾ ਗਿਆ ਸੀ, ਹਾਲਾਂਕਿ ਡੀ ਐਨ ਆਈ ਟੀ ਵਿੱਚ ਮੰਗੇ ਗਏ ਦਸਤਾਵੇਜ਼ਾਂ ਵਿੱਚੋਂ ਕੋਈ ਵੀ ਬੋਲੀਦਾਤਾ ਦੁਆਰਾ ਅਪਲੋਡ ਨਹੀਂ ਕੀਤਾ ਗਿਆ ਸੀ। ਐਮ ਸੀ ਨਯਾਗਾਂਓ ਨੇ ਬੋਲੀਦਾਤਾ ਦੁਆਰਾ ਆਫਲਾਈਨ ਮੋਡ ਵਿੱਚ ਘਾਟ ਦੇ ਦਸਤਾਵੇਜ਼ ਜਮ੍ਹਾਂ ਕਰਨ ਬਾਰੇ ਕੋਈ ਜਵਾਬ ਨਹੀਂ ਦਿੱਤਾ।

- ਖੇਤੀਬਾੜੀ ਵਿਭਾਗ ਦੁਆਰਾ ਪ੍ਰਕਾਸ਼ਿਤ ਤਿੰਨ ਟੈਂਡਰਾਂ (ਜਨਵਰੀ 2019-ਅਕਤੂਬਰ 2020) ਵਿੱਚ, ਬੋਲੀਦਾਤਾਵਾਂ ਦੁਆਰਾ ਸਬੰਧਤ ਐਨਲਿਸਟਮੈਂਟ ਦਸਤਾਵੇਜ਼[26] ਜਮ੍ਹਾਂ ਨਾ ਕਰਨ ਦੇ ਬਾਵਜੂਦ ਕੰਮ ਦਿੱਤੇ ਗਏ ਸਨ।

  ਪੰਜਾਬ ਮੰਡੀ ਬੋਰਡ, ਪਟਿਆਲਾ ਨੇ ਕਿਹਾ (ਜੂਨ 2024) ਕਿ ਬਿਲਡਿੰਗ ਵਰਕ ਦੀ ਇਨਲਿਸਟਮੈਂਟ ਵਾਲੇ ਕਿਸੇ ਵੀ ਠੇਕੇਦਾਰ ਨੇ ਟੈਂਡਰ ਪ੍ਰਕਿਰਿਆ ਵਿੱਚ ਹਿੱਸਾ ਨਹੀਂ ਲਿਆ, ਇਸ ਲਈ ਉਸ ਅਨੁਸਾਰ ਕੰਮ ਦਿੱਤਾ ਗਿਆ। ਬੋਰਡ ਦਾ ਜਵਾਬ ਤਸਲੀਬੱਖਸ਼ ਨਹੀਂ ਸੀ ਕਿਉਂਕਿ ਬੋਲੀਦਾਤਾਵਾਂ ਦੇ ਦਸਤਾਵੇਜ਼ਾਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਹੋਰ ਭਾਗ ਲੈਣ ਵਾਲੇ ਬੋਲੀਦਾਤਾਵਾਂ ਨੇ ਇਮਾਰਤ ਦੇ ਕੰਮਾਂ ਲਈ ਸੂਚੀ ਜਮ੍ਹਾਂ ਕੀਤੀ ਸੀ। ਜ਼ਿਲ੍ਹਾ ਭੂਮੀ ਸੰਭਾਲ ਅਫਸਰ, ਪਟਿਆਲਾ ਨੇ ਲੇਖਾ ਪ੍ਰੀਖਿਆ ਟਿੱਪਣੀ ਦਾ ਕੋਈ ਜਵਾਬ ਨਹੀਂ ਦਿੱਤਾ।

- ਪੀ ਟੀ ਪੀ ਪੀ ਐਕਟ/ਨਿਯਮਾਂ ਦੇ ਨਿਯਮ 16 ਦੇ ਨਾਲ ਪੜ੍ਹੀ ਗਈ ਧਾਰਾ 23 ਵਿੱਚ ਕਿਹਾ ਗਿਆ ਹੈ ਕਿ ਜਦੋਂ ਬੋਲੀਆਂ ਖੋਲ੍ਹੀਆਂ ਜਾ ਰਹੀਆਂ ਹਨ ਤਾਂ ਸਬੰਧਤ ਬੋਲੀਦਾਤਾ ਇੱਕੋ ਸਮੇਂ ਆਨਲਾਈਨ ਬੋਲੀ ਖੋਲ੍ਹਣ ਵਿੱਚ ਹਿੱਸਾ ਲੈ ਸਕਦੇ ਹਨ ਅਤੇ ਨਤੀਜੇ ਵਜੋਂ ਸਾਰੇ ਬੋਲੀਦਾਤਾਵਾਂ ਦੀਆਂ ਬੋਲੀਆਂ ਦੇਖ ਸਕਦੇ ਹਨ। ਪ੍ਰਣਾਲੀ ਆਪਣੇ ਆਪ ਤਕਨੀਕੀ/ਵਿੱਤੀ ਤੁਲਨਾਤਮਕ ਰਿਪੋਰਟਾਂ ਤਿਆਰ ਕਰਦੀ ਹੈ ਜੋ ਭਾਗ ਲੈਣ ਵਾਲੇ ਬੋਲੀਦਾਤਾਵਾਂ ਦੁਆਰਾ ਆਨਲਾਈਨ ਵੀ ਵੇਖੀਆਂ ਜਾ ਸਕਦੀਆਂ ਹਨ।

  ਕਿਰਤ ਵਿਭਾਗ ਵੱਲੋਂ ਪ੍ਰਕਾਸ਼ਿਤ ਦੋ ਟੈਂਡਰਾਂ (ਮਾਰਚ 2021 ਅਤੇ ਮਾਰਚ 2022) ਵਿੱਚ, ਇੱਕ ਬੋਲੀਦਾਤਾ ਨੇ ਪਾਸਵਰਡ-ਸੁਰੱਖਿਅਤ ਤਕਨੀਕੀ ਬੋਲੀਆਂ ਅਪਲੋਡ ਕੀਤੀਆਂ ਸਨ। ਬੋਲੀਆਂ ਤਕਨੀਕੀ ਤੌਰ ਤੇ ਸਵੀਕਾਰ ਕੀਤੀਆਂ ਗਈਆਂ ਸਨ ਅਤੇ ਉਸੇ ਬੋਲੀਦਾਤਾ ਨੂੰ ਇੱਕ ਟੈਂਡਰ (ਮਈ 2021) ਦੇ ਵਿਰੁੱਧ ਠੇਕਾ ਦਿੱਤਾ ਗਿਆ ਸੀ। ਹਾਲਾਂਕਿ, ਪਾਸਵਰਡ ਸੁਰੱਖਿਅਤ ਤਕਨੀਕੀ ਬੋਲੀਆਂ ਦੇ ਕਾਰਣ, ਦਸਤਾਵੇਜ਼ ਹੋਰ ਬੋਲੀਦਾਤਾਵਾਂ ਲਈ ਪਹੁੰਚਯੋਗ

---

[26] ਪੰਜਾਬ ਮੰਡੀ ਬੋਰਡ, ਪਟਿਆਲਾ ਬਿਲਡਿੰਗ ਵਰਕ (ਦੋ ਟੈਂਡਰ) ਦੇ ਸਬੰਧ ਵਿੱਚ ਇਨਲਿਸਟਮੈਂਟ ਦਸਤਾਵੇਜ਼ਾਂ ਲਈ; ਅਤੇ ਖੇਤੀਬਾੜੀ ਵਿਭਾਗ ਤੋਂ ਇਨਲਿਸਟਮੈਂਟ ਦਸਤਾਵੇਜ਼ (ਇੱਕ ਟੈਂਡਰ) ਲਈ ਜ਼ਿਲ੍ਹਾ ਭੂਮੀ ਸੰਭਾਲ ਅਧਿਕਾਰੀ।

ਨਹੀਂ ਸਨ, ਜਿਸ ਨਾਲ ਬੋਲੀ ਖੋਲ੍ਹਣ ਦੀ ਪ੍ਰਕਿਰਿਆ ਦੇ ਉਦੇਸ਼ ਨੂੰ ਨੁਕਸਾਨ ਪਹੁੰਚਿਆ। ਇਸ ਤੋਂ ਬਾਅਦ ਇਸ ਬੋਲੀਦਾਤਾ ਨੂੰ ਸਬੰਧਤ ਟੈਂਡਰ (ਮਾਰਚ 2021) ਦੇ ਨਾਲ ਅਪਲੋਡ ਕੀਤੇ ਗਏ ਗੈਰ-ਕਾਨੂੰਨੀ/ਜਾਅਲੀ ਈ ਪੀ ਐਫ ਓ ਸਰਟੀਫਿਕੇਟ ਜਮ੍ਹਾਂ ਕਰਨ ਕਾਰਣ ਕਾਲੀ ਸੂਚੀ ਵਿੱਚ ਪਾ ਦਿੱਤਾ ਗਿਆ ਸੀ (ਸਤੰਬਰ 2023), ਜਿਵੇਂ ਕਿ **ਪੈਰ੍ਹਾ 2.9.5(ii)** ਵਿੱਚ ਚਰਚਾ ਕੀਤੀ ਗਈ ਹੈ।

- ਜਲ ਸਰੋਤ ਵਿਭਾਗ (ਸਿੱਧਵਾਂ ਨਹਿਰ ਡਿਵੀਜ਼ਨ, ਲੁਧਿਆਣਾ) ਦੁਆਰਾ ਪ੍ਰਕਾਸ਼ਿਤ ਇੱਕ ਟੈਂਡਰ (ਅਪ੍ਰੈਲ 2020) ਵਿੱਚ, ਬੋਲੀ ਨੂੰ ਵਿੱਤੀ ਤੌਰ ਤੇ ਸਵੀਕਾਰ ਕਰ ਲਿਆ ਸੀ, ਹਾਲਾਂਕਿ ਬੋਲੀਦਾਤਾ ਦੁਆਰਾ ਈ ਐਮ ਡੀ ਜਮ੍ਹਾ ਨਹੀਂ ਕੀਤੀ ਗਈ ਸੀ।

  ਵਿਭਾਗ ਨੇ ਕਿਹਾ (ਦਸੰਬਰ 2023) ਕਿ ਕੰਮ ਤਸੱਲੀਬਖਸ਼ ਢੰਗ ਨਾਲ ਪੂਰਾ ਹੋ ਗਿਆ ਸੀ ਅਤੇ ਸਰਕਾਰੀ ਖਜ਼ਾਨੇ ਨੂੰ ਕੋਈ ਨੁਕਸਾਨ ਨਹੀਂ ਹੋਇਆ ਸੀ। ਵਿਭਾਗ ਦਾ ਜਵਾਬ ਤਸਲੀਬੱਖਸ਼ ਨਹੀਂ ਸੀ, ਕਿਉਂਕਿ ਬੋਲੀ ਲਗਾਉਣ ਵਾਲੇ ਦੁਆਰਾ ਪਹਿਲਾਂ ਈ ਐਮ ਡੀ ਜਮ੍ਹਾਂ ਕੀਤੇ ਬਿਨਾਂ ਕੰਮ ਨਹੀਂ ਦਿੱਤਾ ਜਾਣਾ ਚਾਹੀਦਾ ਸੀ।

- 91 ਟੈਂਡਰਾਂ ਵਿੱਚੋਂ, ਐਨ ਆਈ ਸੀ ਦੁਆਰਾ ਵਿਕਸਿਤ ਬਿਲ ਆਫ ਕੁਆਂਟਿਟੀ (ਬੀ ਓ ਕਿਊ) (ਆਈਟਮ ਰੇਟ/ਇਕਮੁਸ਼ਤ ਰਕਮ/*ਪ੍ਰਤੀਸ਼ਤ* ਦਰ) ਲਈ 34 ਟੈਂਡਰਾਂ ਵਿੱਚ ਪ੍ਰਣਾਲੀ ਟੈਂਪਲੇਟਾਂ ਦੀ ਵਰਤੋਂ ਨਹੀਂ ਕੀਤੀ ਗਈ ਸੀ। ਹੋਰ 57 ਟੈਂਡਰਾਂ ਵਿੱਚ, ਗਲਤ ਪ੍ਰਣਾਲੀ ਟੈਂਪਲੇਟ ਚੁਣਿਆ ਗਿਆ ਸੀ, ਜਿਸ ਦੀ ਅਣਹੋਂਦ ਵਿੱਚ ਆਟੋ-ਜਨਰੇਟਿਡ ਵਿੱਤੀ ਮੁਲਾਂਕਣ ਸੰਖੇਪ/ਤੁਲਨਾਤਮਕ ਸਟੇਟਮੈਂਟ ਤਿਆਰ ਨਹੀਂ ਕੀਤੀ ਗਈ ਅਤੇ ਵਿੱਤੀ ਮੁਲਾਂਕਣ ਆਫਲਾਈਨ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ, 27 ਟੈਂਡਰ ਜੰਗਲਾਤ ਵਿਭਾਗ ਵੱਲੋਂ ਰੁੱਖਾਂ ਦੀ ਵਿਕਰੀ ਲਈ ਪ੍ਰਕਾਸ਼ਿਤ ਕੀਤੇ ਗਏ ਸਨ, ਜਿੱਥੇ ਐਚ 1 ਟੈਂਪਲੇਟ ਦੀ ਬਜਾਏ ਐਲ 1 ਬੀ ਓ ਕਿਊ ਦੀ ਚੋਣ ਕੀਤੀ ਗਈ ਸੀ, ਜਿਸ ਨਾਲ ਐਲ 1 ਬੀ ਓ ਕਿਊ ਤੁਲਾਨਾਤਮਕ ਬਿਆਨ ਤਿਆਰ ਕੀਤਾ ਗਿਆ ਸੀ। ਇਸ ਤਰ੍ਹਾਂ, ਵਿਭਾਗ ਨੂੰ ਵਿੱਤੀ ਮੁਲਾਂਕਣ ਲਈ ਮੈਨੂਅਲ ਗਣਨਾ ਦਾ ਸਹਾਰਾ ਲੈਣਾ ਪਿਆ।

  ਵਿਭਾਗ ਨੇ ਜਵਾਬ ਦਿੱਤਾ (ਮਈ 2024) ਕਿ ਫਰਵਰੀ 2023 ਤੋਂ ਟੈਂਡਰਿੰਗ ਪ੍ਰਕਿਰਿਆ ਵਿੱਚ ਸਹੀ ਬੀ ਓ ਕਿਊ ਟੈਂਪਲੇਟ ਅਪਣਾਇਆ ਗਿਆ ਸੀ।

- ਸਕੂਲ ਸਿੱਖਿਆ ਵਿਭਾਗ ਵੱਲੋਂ ਪ੍ਰਕਾਸ਼ਿਤ (ਜੂਨ 2020) ਵਿਧਾਨਕ ਆਡੀਟਰ ਦੀ ਨਿਯੁਕਤੀ ਲਈ ਇੱਕ ਟੈਂਡਰ ਵਿੱਚ ਅੱਠ ਬੋਲੀਦਾਤਾਵਾਂ ਦੇ ਸਬੰਧ ਵਿੱਚ ਵਿੱਤੀ ਮੁਲਾਂਕਣ ਪੋਰਟਲ ਦੀ ਬਜਾਏ ਮੈਨੂਅਲੀ ਕੀਤਾ ਗਿਆ ਸੀ। ਵਿਭਾਗ ਵੱਲੋਂ ਤਿਆਰ ਕੀਤੇ ਮੈਨੂਅਲ ਤੁਲਨਾਤਮਕ ਵਿਵਰਣੀ ਅਨੁਸਾਰ ਐਲ 1 ਦੀ ਕੁੱਲ ਆਡਿਟ ਫੀਸ ₹ 4,99,006 ਸੀ ਜਦੋਂ ਕਿ ਐਲ-9 ਦੀ ਕੁੱਲ ਆਡਿਟ ਫੀਸ ₹ 15,35,47,500 ਬਣਦੀ ਹੈ। ਹਾਲਾਂਕਿ, ਅੱਗੇ ਦੀ ਗੱਲਬਾਤ ਸਿਰਫ ਚੋਣਵੇਂ ਚਾਰ ਬੋਲੀਦਾਤਾਵਾਂ ਨਾਲ ਕੀਤੀ ਗਈ ਸੀ ਅਤੇ ਠੇਕਾ ਐਲ 9 ਨੂੰ ₹ 88,500 ਲਈ ਦੇ ਦਿੱਤਾ ਗਿਆ ਸੀ।

  ਵਿਭਾਗ ਨੇ ਕਿਹਾ (ਮਾਰਚ 2024) ਕਿ ਬੋਲੀਦਾਤਾਵਾਂ ਨੂੰ ਬੀ ਓ ਕਿਊ ਟੈਂਪਲੇਟ ਦੀ ਗਲਤ ਵਿਆਖਿਆ ਕੀਤੀ ਸੀ ਅਤੇ ਇਸ ਲਈ ਕਮੇਟੀ ਨੂੰ ਵਿੱਤੀ ਬੋਲੀ ਮੁਲਾਂਕਣ ਨੂੰ ਮੈਨੂਅਲੀ

ਅੰਤਿਮ ਰੂਪ ਦੇਣਾ ਪਿਆ। ਹਾਲਾਂਕਿ, ਵਿਭਾਗ ਨੇ ਸਿਰਫ ਚੋਣਵੇਂ ਬੋਲੀਦਾਤਾਵਾਂ ਨਾਲ ਗੱਲਬਾਤ ਕਰਨ ਲਈ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ (ਅਪ੍ਰੈਲ 2024)।

- ਵਿੱਤ ਵਿਭਾਗ (ਡਾਇਰੈਕਟੋਰੇਟ ਆਫ ਪੰਜਾਬ ਸਟੇਟ ਲਾਟਰੀਆਂ) ਵੱਲੋਂ ਪ੍ਰਕਾਸ਼ਿਤ ਇੱਕ ਟੈਂਡਰ (ਜੁਲਾਈ 2019) ਵਿੱਚ ਵਿੱਤੀ ਬੋਲੀਆਂ ਜਮ੍ਹਾਂ ਕਰਨ ਲਈ ਵਰਤੇ ਗਏ ਬੀ ਓ ਕਿਊ ਟੈਂਪਲੇਟ ਨੂੰ ਵਿਭਾਗ ਨੇ ਖੁਦ ਇਸ ਦਲੀਲ ਤੇ ਤਿਆਰ ਕੀਤਾ ਸੀ ਕਿ ਐਨ ਆਈ ਸੀ ਟੈਂਪਲੇਟ ਇਨਪੁਟ ਨੂੰ ਦੋ ਡੈਸਿਮਲ ਸਥਾਨਾਂ ਤੱਕ ਸੀਮਤ ਕਰਦਾ ਹੈ ਜਦੋਂ ਕਿ ਉਨ੍ਹਾਂ ਨੂੰ ਚਾਰ ਡੈਸਿਮਲ ਸਥਾਨਾਂ ਤੱਕ ਵੈਲਯੂ ਦੀ ਲੋੜ ਹੁੰਦੀ ਹੈ। ਹਾਲਾਂਕਿ, ਇਹ ਦੇਖਿਆ ਗਿਆ ਕਿ ਇੱਕ ਬੋਲੀਦਾਤਾ ਨੇ ਵਿੱਤੀ ਬੋਲੀ ਨੂੰ ਆਪਣੇ ਡਿਜ਼ਾਈਨ ਕੀਤੇ ਬੀ ਓ ਕਿਊ ਟੈਂਪਲੇਟ ਵਿੱਚ ਦੋ ਡੈਸਿਮਲ ਸਥਾਨਾਂ ਨਾਲ ਅਪਲੋਡ ਕੀਤਾ ਸੀ, ਜਿਸ ਨੂੰ ਵਿਭਾਗ ਨੇ ਸਵੀਕਾਰ ਕਰ ਲਿਆ ਸੀ ਅਤੇ ਕੰਮ ਉਸੇ ਬੋਲੀਦਾਤਾ ਨੂੰ ਦਿੱਤਾ ਗਿਆ ਸੀ।

  ਵਿਭਾਗ ਨੇ ਕਿਹਾ (ਮਈ 2024) ਕਿ ਵਿੱਤੀ ਬੋਲੀ ਦੀ ਕੋਈ ਵੀ ਸਮੱਗਰੀ ਨਹੀਂ ਬਦਲੀ ਗਈ ਸੀ, ਇਸ ਲਈ ਬੋਲੀ ਸਵੀਕਾਰ ਕੀਤੀ ਗਈ ਸੀ। ਵਿਭਾਗ ਦਾ ਜਵਾਬ ਤਸਲੀਬੱਖਸ਼ ਨਹੀਂ ਸੀ, ਕਿਉਂਕਿ ਜੇ ਬੀ ਓ ਕਿਊ ਟੈਂਪਲੇਟ ਵਿੱਚ ਅਜਿਹੀ ਲਚਕਤਾ ਸਵੀਕਾਰਯੋਗ ਹੁੰਦੀ ਤਾਂ ਐਨ ਆਈ ਸੀ ਟੈਂਪਲੇਟ ਦੀ ਵਰਤੋਂ ਕੀਤੀ ਜਾ ਸਕਦੀ ਸੀ।

- ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੁਆਰਾ ਪ੍ਰਕਾਸ਼ਿਤ ਤਿੰਨ ਟੈਂਡਰਾਂ (ਜੂਨ 2019 - ਮਈ 2020) ਵਿੱਚ, ਇੱਕੋ ਉਤਪਾਦ ਤੇ ਵਸਤਾਂ ਅਤੇ ਸੇਵਾਵਾਂ ਕਰ (ਜੀ ਐਸ ਟੀ) ਦੀਆਂ ਵੱਖ-ਵੱਖ ਦਰਾਂ ਲਗਾਉਣ ਨਾਲ ਸਬੰਧਤ ਅੰਤਰ ਦੇਖਿਆ ਗਿਆ ਸੀ। ਬੀ ਓ ਕਿਊ ਟੈਂਪਲੇਟ ਨੂੰ ਸਹੀ ਜੀ ਐਸ ਟੀ ਦਰ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਸੀ ਤਾਂ ਜੋ ਬੋਲੀਦਾਤਾਵਾਂ ਦੁਆਰਾ ਇੱਕੋ ਆਈਟਮ ਲਈ ਵੱਖ-ਵੱਖ ਦਰਾਂ ਦਾ ਹਵਾਲਾ ਦੇਣ ਤੋਂ ਬਚਿਆ ਜਾ ਸਕੇ। ਹਾਲਾਂਕਿ, ਇਸ ਤੱਥ ਨੂੰ ਨਜ਼ਰਅੰਦਾਜ਼ ਕਰਦਿਆਂ ਤਿੰਨੋਂ ਟੈਂਡਰ ਦਿੱਤੇ ਗਏ ਸਨ। ਇਕ ਟੈਂਡਰ ਵਿੱਚ, ਕੰਮ ਉਸ ਬੋਲੀਦਾਤਾ ਨੂੰ ਦਿੱਤਾ ਗਿਆ ਸੀ ਜਿਸ ਨੇ ਵਿੱਤੀ ਬੋਲੀ ਵਿੱਚ 'ਜ਼ੀਰੋ' ਜੀ ਐਸ ਟੀ ਦਾ ਹਵਾਲਾ ਦਿੱਤਾ ਸੀ। ਜਦੋਂ ਕਿ ਦੂਜਿਆਂ ਨੇ ਹੀ ਵਸਤੂ 'ਤੇ 12 *ਪ੍ਰਤੀਸ਼ਤ* ਅਤੇ 18 *ਪ੍ਰਤੀਸ਼ਤ* ਦਾ ਹਵਾਲਾ ਦਿੱਤਾ, ਫਿਰ ਵੀ ਸਪਲਾਈ ਆਰਡਰ ਵਿੱਚ ਬਾਅਦ ਵਿੱਚ ਹਵਾਲਾ ਦਿੱਤੀ ਗਈ ਕੀਮਤ ਤੋਂ ਇਲਾਵਾ ਜੀ ਐਸ ਟੀ ਸ਼ਾਮਲ ਕੀਤਾ ਗਿਆ।

  ਜੀ ਐਸ ਟੀ ਕਾਨੂੰਨ ਆਮ ਤੌਰ ਤੇ ਕਿਸੇ ਵਿਸ਼ੇਸ਼ ਉਤਪਾਦ ਜਾਂ ਸੇਵਾ ਲਈ ਇਕੋ ਜੀ ਐਸ ਟੀ ਦਰ ਨੂੰ ਲਾਜ਼ਮੀ ਕਰਦੇ ਹਨ, ਜੋ ਕਰਾਧਾਨ ਵਿਚ ਇਕਸਾਰਤਾ ਅਤੇ ਨਿਰਪੱਖਤਾ ਨੂੰ ਯਕੀਨੀ ਬਣਾਉਂਦੇ ਹਨ। ਇੱਕੋ ਉਤਪਾਦ ਲਈ ਕਈ ਜੀ ਐਸ ਟੀ ਦਰਾਂ ਲਗਾਉਣ ਨਾਲ ਸੰਭਾਵਤ ਤੌਰ ਤੇ ਜੀ ਐਸ ਟੀ ਕਾਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਨਾ ਹੋਣ ਦਾ ਕਾਰਣ ਬਣ ਸਕਦਾ ਹੈ।

  ਵਿਭਾਗ ਨੇ ਲੇਖਾ ਪ੍ਰੀਖਿਆ ਟਿੱਪਣੀ ਨੂੰ ਸਵੀਕਾਰ ਕਰਦੇ ਹੋਏ (ਅਕਤੂਬਰ 2023) ਕਿਹਾ ਕਿ ਬੋਲੀਦਾਤਾ ਨੂੰ ਭੁਗਤਾਨ ਕੀਤੇ ਜੀ ਐਸ ਟੀ ਦੀ ਵਸੂਲੀ ਲਈ ਇੱਕ ਪੱਤਰ ਜਾਰੀ ਕੀਤਾ ਗਿਆ ਸੀ। ਇਹ ਵੀ ਕਿਹਾ ਗਿਆ ਸੀ ਕਿ ਭਵਿੱਖ ਵਿੱਚ ਇਕਸਾਰਤਾ ਲਈ ਜੀ ਐਸ ਟੀ ਦਰ ਦੀ ਜਾਂਚ ਅਤੇ ਤਸਦੀਕ ਕੀਤੀ ਜਾਵੇਗੀ।

ਬੇਨਿਯਮੀਆਂ ਦੀਆਂ ਇਹ ਉਪਰੋਕਤ ਉਦਾਹਰਣਾਂ ਮੈਨੂਅਲੀ, ਬੋਲੀ ਮੁਲਾਂਕਣ ਦੀ ਆਫਲਾਈਨ ਪ੍ਰਕਿਰਿਆ ਅਤੇ ਜੀ ਈ ਪੀ ਐਨ ਆਈ ਸੀ ਤੋਂ ਬਾਹਰ ਠੇਕਾ ਦੇਣ ਕਾਰਣ ਪੈਦਾ ਹੋਈਆਂ ਸਨ, ਜਿਸ ਨਾਲ ਐਪਲੀਕੇਸ਼ਨ ਨਿਯੰਤਰਣਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਸੀ।

### *(v) ਨਿਯੰਤਰਣ ਦੀਆਂ ਕਮੀਆਂ*

ਲੇਖਾ ਪ੍ਰੀਖਿਆ ਨੇ ਪ੍ਰਣਾਲੀ ਵਿੱਚ ਕਾਰਜਸ਼ੀਲਤਾਵਾਂ ਦੀ ਸਮੀਖਿਆ ਕੀਤੀ, ਅਤੇ ਹੇਠ ਲਿਖੀਆਂ ਗੰਭੀਰ ਨਿਯੰਤਰਣ ਕਮੀਆਂ ਨੂੰ ਦੇਖਿਆ -

i. ਪ੍ਰਣਾਲੀ ਵਿੱਚ ਇਹ ਯਕੀਨੀ ਬਣਾਉਣ ਲਈ ਐਪਲੀਕੇਸ਼ਨ ਨਿਯੰਤਰਣ ਨਹੀਂ ਸਨ ਕਿ ਬੋਲੀਦਾਤਾ ਸਿਰਫ ਟੈਂਡਰ ਲਈ ਪਹਿਲਾਂ ਤੋਂ ਪਰਿਭਾਸ਼ਿਤ ਡੇਟਾ ਫਾਰਮੈਟਾਂ ਦੇ ਅਨੁਸਾਰ ਬੋਲੀਆਂ ਜਮ੍ਹਾਂ ਕਰ ਸਕਣ। ਨਤੀਜੇ ਵਜੋਂ, ਬੋਲੀਦਾਤਾ ਸੰਭਾਵਤ ਤੌਰ ਤੇ ਟੈਂਡਰ ਵਿੱਚ ਨਿਰਧਾਰਤ ਮਾਤਰਾ/ਕਾਰਜ ਅਨੁਮਾਨਾਂ ਦੇ ਬਿਲ ਵਿੱਚ ਸੋਧਾਂ ਕਰ ਸਕਦੇ ਸਨ। ਇਹ ਵੀ ਖਤਰਾ ਸੀ ਕਿ ਸਪੱਸ਼ਟ ਪ੍ਰਮਾਣਿਕਤਾ ਨਿਯੰਤਰਣ ਵਾਲੇ ਡੇਟਾ ਫੀਲਡਾਂ ਦੀ ਅਣਹੋਂਦ ਵਿੱਚ ਬੋਲੀਦਾਤਾ ਅਪਲੋਡ ਕੀਤੇ ਦਸਤਾਵੇਜ਼ਾਂ ਵਿੱਚ ਅਸੰਗਤ ਜਾਣਕਾਰੀ ਜਮ੍ਹਾਂ ਕਰ ਸਕਦੇ ਸਨ।

ii. ਇਹ ਯਕੀਨੀ ਬਣਾਉਣ ਲਈ ਕਿ ਬੋਲੀਆਂ ਦਾ ਤਕਨੀਕੀ ਮੁਲਾਂਕਣ ਸਿਰਫ ਪ੍ਰਣਾਲੀ ਵਰਕਫਲੋ ਰਾਹੀਂ ਪੂਰਾ ਕੀਤਾ ਜਾਣਾ ਚਾਹੀਦਾ ਹੈ, ਭਾਵੇਂ ਬੋਲੀ ਮੁਲਾਂਕਣ ਕਮੇਟੀ ਆਪਣੀ ਕਾਰਵਾਈ ਆਫਲਾਈਨ ਮੋਡ ਵਿੱਚ ਕਰਦੀ ਹੈ, ਕਾਰਜਸ਼ੀਲਤਾ ਅਤੇ ਐਪਲੀਕੇਸ਼ਨ ਨਿਯੰਤਰਣ ਨੂੰ ਲਾਗੂ ਨਹੀਂ ਕੀਤਾ ਗਿਆ ਸੀ।

iii. ਇਹ ਯਕੀਨੀ ਬਣਾਉਣ ਲਈ ਕਿ ਹਰੇਕ ਤਕਨੀਕੀ ਬੋਲੀ ਦੇ ਮਾਪਦੰਡਾਂ ਲਈ ਨਿਰਧਾਰਤ ਡੇਟਾ ਫੀਲਡਾ ਦੇ ਅਧਾਰ ਤੇ, ਉਪਭੋਗਤਾ ਨੂੰ ਤਕਨੀਕੀ ਮੁਲਾਂਕਣ ਦੇ ਅੰਤ ਤੇ ਯੋਗਤਾ ਪ੍ਰਾਪਤ/ਯੋਗ ਸਥਿਤੀ ਨਿਰਧਾਰਤ ਕਰਨੀ ਪੈਂਦੀ ਹੈ, ਕਾਰਜਸ਼ੀਲਤਾ ਅਤੇ ਐਪਲੀਕੇਸ਼ਨ ਨਿਯੰਤਰਣ ਲਾਗੂ ਨਹੀਂ ਕੀਤੀ ਗਏ ਸੀ।

iv. ਇਹ ਯਕੀਨੀ ਬਣਾਉਣ ਲਈ ਕਿ ਤਕਨੀਕੀ ਬੋਲੀਆਂ ਦੇ ਮੁਲਾਂਕਣ ਦੇ ਨਤੀਜੇ ਅਤੇ ਯੋਗਤਾ ਪ੍ਰਾਪਤ/ਯੋਗ ਨਾ ਹੋਣ ਦੇ ਨਤੀਜੇ ਵਿੱਤੀ ਬੋਲੀਆਂ ਦੇ ਮੁਲਾਂਕਣ ਕਰਨ ਤੋਂ ਪਹਿਲਾਂ ਪ੍ਰਣਾਲੀ ਦੁਆਰਾ ਸਾਰੇ ਭਾਗ ਲੈਣ ਵਾਲੇ ਬੋਲੀਦਾਤਾ ਸੂਚਿਤ ਕੀਤੇ ਜਾਂਦੇ ਹਨ, ਕਾਰਜਸ਼ੀਲਤਾ ਅਤੇ ਐਪਲੀਕੇਸ਼ਨ ਨਿਯੰਤਰਣ ਲਾਗੂ ਨਹੀਂ ਕੀਤੇ ਗਏ ਸਨ।

v. ਇਹ ਯਕੀਨੀ ਬਣਾਉਣ ਲਈ ਕਿ ਬੋਲੀਆਂ ਦਾ ਵਿੱਤੀ ਮੁਲਾਂਕਣ ਸਿਰਫ ਪ੍ਰਣਾਲੀ ਵਰਕਫਲੋ ਰਾਹੀਂ ਪੂਰਾ ਕੀਤਾ ਜਾਣਾ ਚਾਹੀਦਾ ਹੈ, ਭਾਵੇਂ ਬੋਲੀ ਮੁਲਾਂਕਣ ਕਮੇਟੀ ਆਪਣੀ ਕਾਰਵਾਈ ਆਫਲਾਈਨ ਮੋਡ ਵਿੱਚ ਕਰਦੀ ਹੈ, ਕਾਰਜਸ਼ੀਲਤਾ ਅਤੇ ਐਪਲੀਕੇਸ਼ਨ ਨਿਯੰਤਰਣ ਨੂੰ ਲਾਗੂ ਨਹੀਂ ਕੀਤਾ ਗਿਆ ਸੀ।

vi. ਇਹ ਯਕੀਨੀ ਬਣਾਉਣ ਲਈ ਕਿ ਵਿੱਤੀ ਬੋਲੀ ਦੇ ਮਾਪਦੰਡਾਂ ਲਈ ਨਿਰਧਾਰਤ ਡੇਟਾ ਫੀਲਡਾਂ ਦੇ ਅਧਾਰ ਤੇ, ਪ੍ਰਣਾਲੀ ਐਲ 1, ਐਲ 2, ਐਚ 1, ਐਚ 2 ਆਦਿ ਦੀ ਗਣਨਾ ਕਰਦਾ ਹੈ, ਅਤੇ ਇਹ ਨਿਰਧਾਰਤ ਕਰਨ ਲਈ ਉਭੋਗਤਾਵਾਂ ਤੇ ਨਹੀਂ ਛੱਡਿਆ ਗਿਆ ਹੈ, ਕਾਰਜਸ਼ੀਲਤਾ ਅਤੇ ਐਪਲੀਕੇਸ਼ਨ ਨਿਯੰਤਰਣ ਲਾਗੂ ਨਹੀਂ ਕੀਤਾ ਗਿਆ ਸੀ।

vii. ਇਹ ਯਕੀਨੀ ਬਣਾਉਣ ਲਈ ਕਿ ਵਿੱਤੀ ਬੋਲੀਆਂ ਦੇ ਮੁਲਾਂਕਣ ਦੇ ਨਤੀਜੇ (ਐਲ 1, ਐਲ 2, ਆਦਿ ਵਿੱਤੀ ਬੋਲੀ ਮੁਲਾਂਕਣ ਕਮੇਟੀ ਦੁਆਰਾ ਲਏ ਗਏ ਫੈਸਲੇ ਦੇ ਨਾਲ ਪ੍ਰਣਾਲੀ ਦੁਆਰਾ ਗਣਨਾ ਕੀਤੀਆਂ) ਨੂੰ ਪ੍ਰਣਾਲੀ ਦੁਆਰਾ ਸਾਰੇ ਭਾਗੀਦਾਰ ਬੋਲੀਦਾਤਾਵਾਂ ਨੂੰ ਠੇਕੇ ਦੇਣ ਤੋਂ ਪਹਿਲਾਂ ਸੂਚਿਤ ਕੀਤੇ ਜਾਂਦੇ ਹਨ, ਕਾਰਜਸ਼ੀਲਤਾ ਅਤੇ ਐਪਲੀਕੇਸ਼ਨ ਨਿਯੰਤਰਣ ਲਾਗੂ ਨਹੀਂ ਕੀਤੇ ਗਏ ਸਨ।

viii. ਕਾਰਜਸ਼ੀਲਤਾ ਅਤੇ ਐਪਲੀਕੇਸ਼ਨ ਨਿਯੰਤਰਣ, ਇਹ ਯਕੀਨੀ ਬਣਾਉਣ ਲਈ ਕਿ ਠੇਕਾ ਸਿਰਫ ਪ੍ਰਣਾਲੀ ਵਰਕਫਲੋ ਰਾਹੀਂ ਪੂਰਾ ਕੀਤਾ ਜਾਣਾ ਹੈ, ਲਾਗੂ ਨਹੀਂ ਕੀਤੇ ਗਏ ਸਨ।

ਇਸ ਲਈ, ਮਹੱਤਵਪੂਰਨ ਵਪਾਰਕ ਪ੍ਰਕਿਰਿਆਵਾਂ ਜਿਵੇਂ ਕਿ ਟੈਂਡਰ ਮੁਲਾਂਕਣ (ਤਕਨੀਕੀ ਅਤੇ ਵਿੱਤੀ ਦੋਵੇਂ), ਵਿਕਰੇਤਾਵਾਂ ਨਾਲ ਗੱਲਬਾਤ, ਅਤੇ ਠੇਕਾ ਦੇਣਾ ਅਜੇ ਵੀ ਈ-ਖਰੀਦ ਪ੍ਰਣਾਲੀ ਦੀ ਬਜਾਏ ਮੈਨੂਅਲੀ ਕੀਤਾ ਜਾ ਰਿਹਾ ਸੀ। ਨਤੀਜੇ ਵਜੋਂ, ਇਨ੍ਹਾਂ ਪ੍ਰਮੁੱਖ ਪ੍ਰਕਿਰਿਆਵਾਂ ਲਈ ਮਨੁੱਖੀ ਇੰਟਰਫੇਸ ਨੂੰ ਖਤਮ ਕਰਨ ਦਾ ਉਦੇਸ਼ ਪ੍ਰਾਪਤ ਨਹੀਂ ਹੋਇਆ ਸੀ। ਈ-ਖਰੀਦ ਪ੍ਰਣਾਲੀ ਲਾਗੂ ਹੋਣ ਤੋਂ ਬਾਅਦ ਵੀ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਵਿਅਕਤੀਗਤ ਵਿਭਾਗੀ ਉਪਭੋਗਤਾਵਾਂ ਤੋਂ ਐਪਲੀਕੇਸ਼ਨ ਤੇ ਤਬਦੀਲ ਨਹੀਂ ਹੋਈ ਸੀ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਇਸ ਸਬੰਧ ਵਿੱਚ ਉਪਭੋਗਤਾ ਵਿਭਾਗਾਂ ਨੂੰ ਲੋੜੀਂਦੀ ਸਲਾਹ ਜਾਰੀ ਕਰ ਦਿੱਤੀ ਗਈ ਸੀ।

### 2.9.4 ਬਿਆਨਾ ਜਮ੍ਹਾਂ ਰਾਸ਼ੀ ਦੀ ਆਫਲਾਈਨ ਉਗਰਾਹੀ

ਪੀ ਟੀ ਪੀ ਪੀ ਨਿਯਮਾਂ ਦੀ ਧਾਰਾ 3 "ਬੋਲੀ ਜਮ੍ਹਾਂ ਕਰਨ ਦੇ ਅਨੁਸਾਰ", ਬੋਲੀ ਜ਼ਮਾਨਤ (ਈ ਐਮ ਡੀ) ਇਲੈਕਟ੍ਰਾਨਿਕ ਰੂਪ ਵਿੱਚ ਆਨਲਾਈਨ (ਐਨ ਈ ਐਫ ਟੀ/ਆਰ ਟੀ ਜੀ ਐਸ/ ਇੰਟਰਨੈਟ ਬੈਂਕਿੰਗ ਜਾਂ ਈ-ਖਰੀਦ ਪੋਰਟਲ ਤੇ ਉਪਲਬਧ ਕਿਸੇ ਹੋਰ ਢੰਗ ਨਾਲ) ਜਮ੍ਹਾਂ ਕੀਤੀ ਜਾਵੇਗੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਨਮੂਨਾ-ਜਾਂਚ ਕੀਤੇ ਗਏ ਚਾਰ[27] ਵਿਭਾਗਾਂ/ਖਰੀਦ ਇਕਾਈਆਂ ਨੇ ਉਪਰੋਕਤ ਨਿਯਮਾਂ ਦੀ ਉਲੰਘਣਾ ਕਰਦਿਆਂ ਡੀ ਐਨ ਆਈ ਟੀ ਸ਼ਰਤਾਂ ਵਿੱਚ ਸੋਧ ਕਰਕੇ ਆਫਲਾਈਨ ਮੋਡ [ਡਿਮਾਂਡ ਡਰਾਫਟ (ਡੀ ਡੀ), ਆਦਿ] ਰਾਹੀਂ 46 ਟੈਂਡਰਾਂ ਵਿੱਚ ਈ ਐਮ ਡੀ ਸਵੀਕਾਰ ਕੀਤੀ।

ਆਬਕਾਰੀ ਅਤੇ ਕਰਬੰਦੀ[28] ਵਿਭਾਗ ਵੱਲੋਂ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਲਈ ਪ੍ਰਕਾਸ਼ਿਤ ਛੇ ਨਮੂਨੇ ਵਾਲੇ ਟੈਂਡਰਾਂ (ਜੁਲਾਈ 2022-ਮਾਰਚ 2023) ਦੇ ਸਬੰਧ ਵਿੱਚ ਡੀ ਐਨ ਆਈ ਟੀ ਨੇ ਨਿਰਧਾਰਤ ਕੀਤਾ, "ਡੀ ਡੀ ਨੂੰ ਸਬੰਧਤ ਸਹਾਇਕ ਕਮਿਸ਼ਨਰ (ਆਬਕਾਰੀ) ਰੇਂਜ ਕੋਲ ਜਮ੍ਹਾਂ ਕਰਵਾਉਣਾ ਹੋਵੇਗਾ ਅਤੇ ਤਕਨੀਕੀ ਬੋਲੀ ਕਵਰ ਵਿੱਚ ਅਪਲੋਡ ਕਰਨ ਲਈ ਰਸੀਦ ਪ੍ਰਾਪਤ ਕਰਨੀ

---

27 (i) ਆਬਕਾਰੀ ਅਤੇ ਕਰਬੰਦੀ (35); (ii) ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ ਆਈ ਡੀ ਬੀ) (8); (iii) ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ (2); ਅਤੇ (iv) ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ (1)।

28 (i) ਵਧੀਕ ਕਮਿਸ਼ਨਰ (ਆਬਕਾਰੀ) ਲੁਧਿਆਣਾ (ਪੂਰਬੀ ਅਤੇ ਪੱਛਮੀ ਰੇਂਜ) (5); ਅਤੇ (ii) ਵਧੀਕ ਕਮਿਸ਼ਨਰ (ਆਬਕਾਰੀ), ਸੰਗਰੂਰ ਰੇਂਜ (1)।

ਹੋਵੇਗੀ"। ਹਾਲਾਂਕਿ, ਇਹ ਦੇਖਿਆ ਗਿਆ ਕਿ ਟੈਂਡਰ ਪ੍ਰਕਾਸ਼ਿਤ ਕਰਨ ਦੀਆਂ ਤਾਰੀਖਾਂ ਤੋਂ ਪਹਿਲਾਂ ਡੀ ਡੀਜ਼ (ਵਿਭਾਗ ਦੁਆਰਾ ਜਾਰੀ ਕੀਤੀਆਂ ਰਸੀਦਾਂ ਤਕਨੀਕੀ ਬੋਲੀ ਨਾਲ ਅਪਲੋਡ ਕੀਤੀਆਂ ਗਈਆਂ ਸਨ) ਦੀਆਂ ਤਾਰੀਖਾਂ ਸਨ। ਇਹ ਅੰਤਰ ਬੋਲੀਦਾਤਾਵਾਂ ਦੁਆਰਾ ਇਨ੍ਹਾਂ ਟੈਂਡਰਾਂ ਬਾਰੇ ਸਪੱਸ਼ਟ ਤੌਰ ਤੇ ਪਹਿਲਾਂ ਤੋਂ ਜਾਣਕਾਰੀ ਦਾ ਸੰਕੇਤ ਦਿੰਦਾ ਹੈ, ਜੋ ਟੈਂਡਰਾਂ ਦੇ ਪ੍ਰਕਾਸ਼ਨ ਤੋਂ ਪਹਿਲਾਂ ਇਨ੍ਹਾਂ ਬੋਲੀਦਾਤਾਵਾਂ ਨਾਲ ਤਰਜੀਹੀ ਸੰਚਾਰ ਤੇ ਸਵਾਲ ਉਠਾਉਂਦਾ ਹੈ।

ਆਬਕਾਰੀ ਅਧਿਕਾਰੀ (ਪੂਰਬੀ ਰੇਂਜ), ਲੁਧਿਆਣਾ ਨੇ ਕਿਹਾ (ਦਸੰਬਰ 2023) ਕਿ ਬੋਲੀਦਾਤਾ ਪਹਿਲਾਂ ਪ੍ਰਕਾਸ਼ਿਤ ਟੈਂਡਰਾਂ ਦੇ ਅਧਾਰ ਤੇ ਇਹ ਡੀ ਡੀਜ਼ ਬਣਾ ਸਕਦੇ ਸਨ। ਡੀ ਡੀਜ਼ ਜਮ੍ਹਾਂ ਕਰਨ ਦੇ ਸਮੇਂ ਲਾਗੂ ਉਨ੍ਹਾਂ ਦੀ ਯੋਗਤਾ ਦੇ ਕਾਰਣ ਸਵੀਕਾਰ ਕੀਤੇ ਗਏ ਸਨ। ਜਵਾਬ ਤਸਲੀਬੱਖਸ਼ ਨਹੀਂ ਸੀ, ਕਿਉਂਕਿ ਡੀ ਡੀਜ਼ ਪ੍ਰਕਾਸ਼ਨ ਦੀ ਮਿਤੀ ਤੋਂ ਪਹਿਲਾਂ ਦੀਆਂ ਤਾਰੀਖਾਂ ਵਾਲੇ ਟੈਂਡਰਾਂ ਦੇ ਜਵਾਬ ਵਿੱਚ ਜਮ੍ਹਾਂ ਕੀਤੇ ਗਏ ਸਨ ਜੋ ਉਨ੍ਹਾਂ ਬੋਲੀਦਾਤਾਵਾਂ ਨੂੰ ਤਰਜੀਹੀ ਵਿਵਹਾਰ ਦੇ ਜੋਖਮਾਂ ਦਾ ਸੰਕੇਤ ਦਰਸਾਉਂਦੇ ਸਨ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਇਸ ਸਬੰਧ ਵਿੱਚ ਉਪਭੋਗਤਾ ਵਿਭਾਗਾਂ ਨੂੰ ਲੋੜੀਂਦੀ ਸਲਾਹ ਜਾਰੀ ਕਰ ਦਿੱਤੀ ਗਈ ਸੀ।

### 2.9.5 ਬੋਲੀਦਾਤਾਵਾਂ ਨੂੰ ਬਲੈਕ ਲਿਸਟ/ਡਿਬਾਰ ਕਰਨ ਲਈ ਕਾਰਜਸ਼ੀਲਤਾ ਦੀ ਅਣਹੋਂਦ

ਪੀ ਟੀ ਪੀ ਪੀ ਐਕਟ, 2019 ਦੀ ਧਾਰਾ 26(1 ਤੋਂ 10) ਵਿੱਚ ਕਿਹਾ ਗਿਆ ਕਿ ਖਰੀਦ ਕਰਨ ਵਾਲੀ ਇਕਾਈ ਕੋਲ ਜਨਤਕ ਖਰੀਦ ਕਾਰਵਾਈਆਂ ਵਿੱਚ ਹਿੱਸਾ ਲੈਣ ਤੋਂ ਨਿਰਧਾਰਤ ਸਮੇਂ ਲਈ ਬੋਲੀਦਾਤਾ ਨੂੰ ਬਲੈਕ ਲਿਸਟ ਵਿੱਚ ਪਾਉਣ ਅਤੇ ਅਜਿਹੀਆਂ ਕਾਰਵਾਈਆਂ ਬਾਰੇ ਸਾਰੀਆਂ ਖਰੀਦ ਇਕਾਈਆਂ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰਨ ਦੀ ਸ਼ਕਤੀ ਹੋਵੇਗੀ। ਕੋਈ ਬੋਲੀਦਾਤਾ ਜਿਸ ਨੂੰ ਕਿਸੇ ਅੰਤਰਰਾਸ਼ਟਰੀ ਸੰਗਠਨ ਜਾਂ ਭਾਰਤ ਸਰਕਾਰ ਜਾਂ ਕਿਸੇ ਹੋਰ ਰਾਜ ਸਰਕਾਰ ਦੁਆਰਾ ਜਨਤਕ ਖਰੀਦ ਵਿੱਚ ਹਿੱਸਾ ਲੈਣ ਤੋਂ ਬਲੈਕ ਲਿਸਟ ਵਿੱਚ ਪਾ ਦਿੱਤਾ ਗਿਆ ਹੈ ਅਤੇ/ ਜਾਂ ਰੋਕ ਦਿੱਤਾ ਗਿਆ ਹੈ, ਉਸ ਨੂੰ ਆਪਣੇ ਆਪ ਹੀ ਰਾਜ ਵਿੱਚ ਜਨਤਕ ਖਰੀਦ ਵਿੱਚ ਹਿੱਸਾ ਲੈਣ ਤੋਂ ਉਸ ਮਿਆਦ ਲਈ ਬਲੈਕ ਲਿਸਟ ਵਿੱਚ ਪਾ ਦਿੱਤਾ ਜਾਵੇਗਾ ਜੋ ਉਸ ਅੰਤਰਰਾਸ਼ਟਰੀ ਸੰਗਠਨ ਜਾਂ ਭਾਰਤ ਸਰਕਾਰ ਜਾਂ ਕਿਸੇ ਹੋਰ ਰਾਜ ਸਰਕਾਰ ਦੁਆਰਾ ਵਰਜਿਤ ਹੈ, ਜਿਵੇਂ ਵੀ ਮਾਮਲਾ ਹੋਵੇ। ਇਸ ਤੋਂ ਇਲਾਵਾ, ਖਰੀਦ ਕਰਨ ਵਾਲੀ ਇਕਾਈ ਸਾਰੀਆਂ ਬਲੈਕ ਲਿਸਟ ਵਾਲੀਆਂ ਫਰਮਾਂ ਦਾ ਰਿਕਾਰਡ ਇਸ ਤਰੀਕੇ ਨਾਲ ਰੱਖੇਗੀ, ਜਿਵੇਂ ਕਿ ਨਿਰਧਾਰਤ ਕੀਤਾ ਜਾ ਸਕਦਾ ਹੈ। ਇਸ ਧਾਰਾ ਅਧੀਨ ਬਲੈਕ ਲਿਸਟ ਪਾਇਆ ਗਿਆ ਬੋਲੀਦਾਤਾ ਬਲੈਕ ਲਿਸਟ ਦੀ ਮਿਆਦ ਦੌਰਾਨ ਜਨਤਕ ਖਰੀਦ ਦੇ ਉਦੇਸ਼ ਲਈ ਕਿਸੇ ਨਵੀਂ ਸਪਲਾਈ, ਠੇਕੇਦਾਰੀ ਜਾਂ ਸਲਾਹਕਾਰ ਜਾਂ ਸੇਵਾਵਾਂ ਫਰਮ ਰਾਹੀਂ ਬੋਲੀ ਲਗਾਉਣ ਦੇ ਯੋਗ ਨਹੀਂ ਹੋਵੇਗਾ। ਸਾਰੀਆਂ ਖਰੀਦ ਇਕਾਈਆਂ ਇਸ ਐਕਟ ਦੇ ਅਨੁਸਾਰ ਜਨਤਕ ਖਰੀਦ ਕਾਰਵਾਈਆਂ ਵਿੱਚ ਹਿੱਸਾ ਲੈਣ ਤੋਂ ਬਲੈਕ ਲਿਸਟ ਵਿੱਚ ਪਾਏ ਗਏ ਬੋਲੀਦਾਤਾ ਤੋਂ ਖਰੀਦ, ਠੇਕਾ ਜਾਂ ਨਿਯੁਕਤੀ ਨਹੀਂ ਕਰਨਗੀਆਂ ਅਤੇ ਖਰੀਦ ਇਕਾਈ ਬੋਲੀਦਾਤਾ ਨੂੰ ਬਲੈਕ ਲਿਸਟ ਵਿੱਚ ਪਾਉਣ ਤੇ ਸਬੰਧਤ ਪੇਸ਼ੇਵਰ ਸੰਸਥਾਵਾਂ ਨੂੰ ਸੂਚਿਤ ਕਰੇਗੀ।

ਜੀ ਈ ਪੀ ਐਨ ਆਈ ਸੀ ਡਾਟਾਬੇਸ ਦੇ ਵਿਸ਼ਲੇਸ਼ਣ ਅਤੇ ਨਮੂਨਾ-ਜਾਂਚ ਕੀਤੀਆਂ ਖਰੀਦ ਇਕਾਈਆਂ ਤੋਂ ਪ੍ਰਾਪਤ ਸੰਬੰਧਿਤ ਜਾਣਕਾਰੀ ਤੋਂ ਪਤਾ ਲੱਗਿਆ ਹੈ ਕਿ ਬਲੈਕ ਲਿਸਟ/ਡਿਬਾਰ ਕੀਤੇ

ਬੋਲੀਦਾਤਾਵਾਂ ਦੇ ਵੇਰਵੇ ਪੋਰਟਲ ਤੇ ਉਪਲਬਧ/ਅਪਡੇਟ ਨਹੀਂ ਕੀਤੇ ਗਏ ਸਨ, ਜਿਵੇਂ ਕਿ ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਦੀ ਵੈੱਬਸਾਈਟ ਤੇ ਉਪਲੱਬਧ 10 ਬੋਲੀਦਾਤਾਵਾਂ (ਮਈ 2017-ਸਤੰਬਰ 2023) ਦੀ ਸੂਚੀ ਤੋਂ ਸਪੱਸ਼ਟ ਹੈ; ਇਸ ਤੋਂ ਇਲਾਵਾ, ਦੋ ਬੋਲੀਦਾਤਾਵਾਂ, ਜਲ ਸਰੋਤ ਵਿਭਾਗ (ਫਰਵਰੀ 2022) ਅਤੇ ਖੇਤੀਬਾੜੀ ਵਿਭਾਗ (ਜੂਨ 2022) ਵੱਲੋਂ ਇੱਕ-ਇੱਕ ਬੋਲੀਦਾਤਾ ਨੂੰ ਡਿਬਾਰ ਕੀਤਾ ਗਿਆ ਸੀ। ਨੋਡਲ ਵਿਭਾਗ ਨੇ ਜੀ ਈ ਪੀ ਐਨ ਆਈ ਸੀ ਪੋਰਟਲ ਨੂੰ ਹੋਰ ਰਾਜ ਸਰਕਾਰਾਂ ਦੇ ਪੋਰਟਲਾਂ ਨਾਲ ਜੋੜਨ ਬਾਰੇ ਕੋਈ ਜਵਾਬ ਨਹੀਂ ਦਿੱਤਾ ਤਾਂ ਜੋ ਅਜਿਹੇ ਬੋਲੀਦਾਤਾਵਾਂ ਨੂੰ ਪੰਜਾਬ ਰਾਜ ਵਿੱਚ ਜਨਤਕ ਖਰੀਦ ਵਿੱਚ ਹਿੱਸਾ ਲੈਣ ਤੋਂ ਬਲੈਕ ਲਿਸਟ ਵਿੱਚ ਪਾਉਣ ਦੀ ਕਾਰਜਸ਼ੀਲਤਾ (ਫਰਵਰੀ 2025) ਕੀਤੀ ਜਾ ਸਕੇ। ਬੋਲੀਦਾਤਾਵਾਂ ਨੂੰ ਬਲੈਕ ਲਿਸਟ ਵਿੱਚ ਪਾਉਣ/ਡਿਬਾਰ ਕਰਨ ਬਾਰੇ ਅੰਤਰ ਨੂੰ ਅਗਲੇ ਪੈਰ੍ਹਿਆਂ ਵਿੱਚ ਵਿਸਥਾਰ ਨਾਲ ਦੱਸਿਆ ਗਿਆ ਹੈ।

#### *(i) ਬਲੈਕ ਲਿਸਟ ਹੋਣ ਤੋਂ ਬਾਅਦ ਬੋਲੀਦਾਤਾਵਾਂ ਦੀ ਭਾਗੀਦਾਰੀ*

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਬੋਲੀਦਾਤਾਵਾਂ ਨੇ ਵਿਭਾਗ/ਵਿਭਾਗਾਂ ਦੁਆਰਾ ਉਨ੍ਹਾਂ ਨੂੰ ਬਲੈਕ ਲਿਸਟ ਕਰਨ ਬਾਰੇ ਖੁਲਾਸਾ ਨਹੀਂ ਕੀਤਾ ਸੀ, ਜਿਵੇਂ ਕਿ ਡੀ ਐਨ ਆਈ ਟੀ ਦੁਆਰਾ ਲੋੜੀਂਦਾ ਸੀ ਅਤੇ ਵਿਭਾਗਾਂ ਨੇ ਹੇਠਾਂ ਦਿੱਤੇ ਅਨੁਸਾਰ ਜਮ੍ਹਾਂ ਕੀਤੀਆਂ ਬੋਲੀਆਂ ਦੀ ਪ੍ਰਕਿਰਿਆ ਦੇ ਸਮੇਂ ਆਪਣੇ ਹੋਰ ਪੋਰਟਲਾਂ ਤੋਂ ਸਥਿਤੀ ਦੀ ਪੁਸ਼ਟੀ ਨਹੀਂ ਕੀਤੀ ਸੀ;

- ਜਲ ਸਰੋਤ ਵਿਭਾਗ (ਡੀ ਡਬਲਯੂ ਆਰ) ਨੇ ਇੱਕ ਸਾਲ ਦੀ ਮਿਆਦ ਲਈ ਜਨਤਕ ਖਰੀਦ ਵਿੱਚ ਹਿੱਸਾ ਲੈਣ ਤੋਂ ਸਿਰਫ ਇੱਕ ਪੱਤਰ ਜਾਰੀ ਕਰਕੇ (ਫਰਵਰੀ 2022) ਇੱਕ ਬੋਲੀਦਾਤਾ ਨੂੰ ਡਿਬਾਰ ਕਰ ਦਿੱਤਾ ਸੀ। ਪਰ ਜੀ ਈ ਪੀ ਐਨ ਆਈ ਸੀ ਵਿੱਚ ਅਜਿਹੀਆਂ ਕੋਈ ਤਬਦੀਲੀਆਂ ਨਹੀਂ ਕੀਤੀਆਂ। ਜੀ ਈ ਪੀ ਐਨ ਆਈ ਸੀ ਡਾਟਾਬੇਸ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਬੋਲੀਦਾਤਾ ਡੀ ਡਬਲਯੂ ਆਰ ਦੁਆਰਾ ਪ੍ਰਕਾਸ਼ਿਤ 10 ਟੈਂਡਰਾਂ (ਅਕਤੂਬਰ 2021[29]- ਮਈ 2022) ਅਤੇ ਹੋਰ ਤਿੰਨ ਵਿਭਾਗਾਂ[30] ਦੁਆਰਾ ਪ੍ਰਕਾਸ਼ਿਤ 38 ਟੈਂਡਰਾਂ (ਅਪ੍ਰੈਲ-ਦਸੰਬਰ 2022) ਵਿੱਚ ਹਿੱਸਾ ਲੈਣ ਦੇ ਯੋਗ ਸੀ, ਜਿਨ੍ਹਾਂ ਵਿੱਚੋਂ ਛੇ ਟੈਂਡਰ (ਮਈ-ਜੁਲਾਈ 2022) ਡਿਬਾਰ ਬੋਲੀਦਾਤਾ ਨੂੰ ਦਿੱਤੇ ਗਏ ਸਨ, ਜਿਸ ਵਿੱਚ ਡੀ ਡਬਲਯੂ ਆਰ ਦੁਆਰਾ ਦਿੱਤਾ ਗਿਆ ਇੱਕ ਟੈਂਡਰ (ਮਈ 2022) ਸ਼ਾਮਲ ਸੀ, ਜਿਸ ਨੇ ਖੁਦ ਬੋਲੀਦਾਤਾ ਨੂੰ ਡਿਬਾਰ ਕੀਤਾ ਸੀ।

  ਵਿਭਾਗ ਨੇ ਬੋਲੀ ਲਗਾਉਣ ਵਾਲੇ ਨੂੰ ਡਿਬਾਰ ਨਾ ਕਰਨ ਦਾ ਕਾਰਣ ਸਟਾਫ ਦੀ ਜਾਗਰੂਕਤਾ/ਸਿਖਲਾਈ ਦੀ ਘਾਟ ਨੂੰ ਦੱਸਿਆ (ਅਪ੍ਰੈਲ 2024)। ਜਵਾਬ ਨੇ ਇਹ ਸੰਕੇਤ ਦਿੱਤਾ ਕਿ ਈ-ਖਰੀਦ ਐਪਲੀਕੇਸ਼ਨ ਦੇ ਲਾਗੂ ਹੋਣ ਦੇ ਬਾਵਜੂਦ, ਪਾਲਣਾ ਦਾ ਬੋਝ ਵਿਅਕਤੀਗਤ ਉਪਭੋਗਤਾਵਾਂ ਤੋਂ ਪ੍ਰਣਾਲੀ ਤੇ ਤਬਦੀਲ ਨਹੀਂ ਹੋਇਆ ਸੀ।

---

29 ਅਕਤੂਬਰ 2021 ਵਿੱਚ ਪ੍ਰਕਾਸ਼ਿਤ ਇੱਕ ਟੈਂਡਰ ਦੇ ਸਬੰਧ ਵਿੱਚ ਬੋਲੀ ਮਾਰਚ 2022 ਵਿੱਚ ਜਮ੍ਹਾਂ ਕੀਤੀ ਗਈ ਸੀ।

30 (i) ਸਥਾਨਕ ਸਰਕਾਰ (35); (ii) ਖੇਤੀਬਾੜੀ (2); ਅਤੇ (iii) ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ (1)।

- ਖੇਤੀਬਾੜੀ ਵਿਭਾਗ ਨੇ ਇੱਕ ਬੋਲੀਦਾਤਾ ਨੂੰ ਇੱਕ ਸਾਲ ਦੀ ਮਿਆਦ ਲਈ ਜਨਤਕ ਖਰੀਦ ਵਿੱਚ ਭਾਗ ਲੈਣ ਤੋਂ ਡਿਬਾਰ ਕਰ ਦਿੱਤਾ (ਜੂਨ 2022)। ਜੀ ਈ ਪੀ ਐਨ ਆਈ ਸੀ ਡਾਟਾਬੇਸ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਬੋਲੀਦਾਤਾ ਡੀ ਡਬਲਯੂ ਆਰ ਦੁਆਰਾ ਪ੍ਰਕਾਸ਼ਿਤ 15 ਟੈਂਡਰਾਂ (ਨਵੰਬਰ 2022-ਮਾਰਚ 2023) ਵਿੱਚ ਹਿੱਸਾ ਲੈਣ ਯੋਗ[31] ਸੀ, ਜਿਸ ਵਿੱਚ ਬੋਲੀਦਾਤਾ ਨੇ ਤਕਨੀਕੀ ਮੁਲਾਂਕਣ (11 ਟੈਂਡਰ) ਅਤੇ ਵਿੱਤੀ ਮੁਲਾਂਕਣ (4 ਟੈਂਡਰ) ਪ੍ਰਕਿਰਿਆਵਾਂ ਲਈ ਯੋਗਤਾ ਪੂਰੀ ਕੀਤੀ।

ਹੋਰ ਪੋਰਟਲਾਂ ਨਾਲ ਏਕੀਕਰਣ ਦੀ ਅਣਹੋਂਦ ਕਾਰਣ, ਜਿਨ੍ਹਾਂ ਤੇ ਬਲੈਕ ਲਿਸਟ ਵਿੱਚ ਪਾਏ ਵਿਕਰੇਤਾਵਾਂ ਦੇ ਵੇਰਵੇ ਰੱਖੇ ਗਏ ਸਨ, ਅਜਿਹੇ ਬਲੈਕ ਲਿਸਟ ਵਾਲੇ ਵਿਕਰੇਤਾਵਾਂ (ਟੈਂਡਰ ਪ੍ਰਕਾਸ਼ਿਤ ਕਰਨ ਵਾਲੇ ਤੋਂ ਇਲਾਵਾ ਕਿਸੇ ਹੋਰ ਵਿਭਾਗ ਸਮੇਤ) ਨੂੰ ਜੀ ਈ ਪੀ ਐਨ ਆਈ ਸੀ 'ਤੇ ਟੈਂਡਰਾਂ ਵਿੱਚ ਹਿੱਸਾ ਲੈਣ ਤੋਂ ਰੋਕਣ ਦੀ ਕਾਰਜਕੁਸ਼ਲਤਾ ਲਾਗੂ ਨਹੀਂ ਕੀਤੀ ਗਈ ਸੀ।

### *(ii) ਬੋਲੀਦਾਤਾਵਾਂ ਨੂੰ ਬਲੈਕ ਲਿਸਟ ਵਿੱਚ ਪਾਉਣ ਵਿੱਚ ਦੇਰੀ*

ਕਿਰਤ ਵਿਭਾਗ ਨੇ ਮਾਰਚ 2021 ਵਿੱਚ ਪ੍ਰਕਾਸ਼ਿਤ ਮੈਨਪਾਵਰ ਦੀ ਸਪਲਾਈ ਲਈ ਟੈਂਡਰ (ਮਈ 2021 ਵਿੱਚ ਦਿੱਤਾ ਗਿਆ ਠੇਕਾ) ਦੇ ਨਾਲ ਅਪਲੋਡ ਕੀਤੇ ਅਯੋਗ/ਜਾਅਲੀ ਈ ਪੀ ਐਫ ਓ ਸਰਟੀਫਿਕੇਟ ਜਮ੍ਹਾਂ ਕਰਨ ਬਾਰੇ ਪ੍ਰਾਪਤ ਸ਼ਿਕਾਇਤ (ਅਪ੍ਰੈਲ 2021) ਦੇ ਅਧਾਰ ਤੇ, ਬੋਲੀਦਾਤਾ ਨੂੰ ਦੋ ਸਾਲ ਤੋਂ ਵੱਧ ਦੀ ਦੇਰੀ ਤੋਂ ਬਾਅਦ ਭਾਵ ਸਬੰਧਤ ਠੇਕੇ (31 ਮਾਰਚ 2023) ਦੀ ਮਿਆਦ ਖਤਮ ਹੋਣ ਤੋਂ ਬਾਅਦ ਤਿੰਨ ਸਾਲਾਂ ਲਈ ਬਲੈਕ ਲਿਸਟ ਕਰ ਦਿੱਤਾ (ਸਤੰਬਰ 2023)। ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਇਹ ਵੀ ਪਤਾ ਲੱਗਿਆ ਕਿ ਵਿਚਕਾਰਲੇ ਸਮੇਂ ਦੌਰਾਨ, ਬੋਲੀਦਾਤਾ ਨੇ ਅੱਠ ਵਿਭਾਗਾਂ[32] ਦੁਆਰਾ ਪ੍ਰਕਾਸ਼ਿਤ 30 ਹੋਰ ਟੈਂਡਰਾਂ ਵਿੱਚ ਹਿੱਸਾ ਲਿਆ ਸੀ, ਜਿਸ ਵਿੱਚ ਕਿਰਤ ਵਿਭਾਗ (ਦੋ ਟੈਂਡਰ) ਵੀ ਸ਼ਾਮਲ ਸੀ। ਇਨ੍ਹਾਂ ਵਿੱਚੋਂ, ਪੰਜ ਠੇਕੇ (ਸਹਿਕਾਰਿਤਾ ਵਿਭਾਗ) ਬੋਲੀਦਾਤਾ ਨੂੰ ਦਿੱਤੇ ਗਏ ਸਨ, ਜਿਸ ਨਾਲ ਠੇਕੇਦਾਰ ਦੋ ਸਾਲਾਂ ਤੋਂ ਵੱਧ ਸਮੇਂ ਤੱਕ ਹਿੱਸਾ ਲੈਂਦਾ ਰਿਹਾ। ਸਤੰਬਰ 2023 ਵਿੱਚ ਬੋਲੀਦਾਤਾਵਾਂ ਨੂੰ ਬਲੈਕ ਲਿਸਟ ਕਰਨ ਤੋਂ ਬਾਅਦ ਵੀ, ਇਸ ਦੇ ਵੇਰਵਿਆਂ ਨੂੰ ਜੀ ਈ ਪੀ ਐਨ ਆਈ ਸੀ ਪੋਰਟਲ ਵਿੱਚ ਮੈਪ ਨਹੀਂ ਕੀਤਾ ਗਿਆ ਸੀ (ਸਤੰਬਰ 2024)।

ਵਿਭਾਗ ਨੇ ਕਿਹਾ (ਸਤੰਬਰ 2024) ਕਿ ਬਲੈਕ ਲਿਸਟ ਕੀਤੇ ਗਏ ਬੋਲੀਦਾਤਾਵਾਂ ਦੇ ਵੇਰਵੇ ਭਵਿੱਖ ਵਿੱਚ ਪੋਰਟਲ ਵਿੱਚ ਮੈਪ ਕੀਤੇ ਜਾਣਗੇ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਇਸ ਸਬੰਧ ਵਿੱਚ ਉਪਭੋਗਤਾ ਵਿਭਾਗਾਂ ਨੂੰ ਲੋੜੀਂਦੀ ਸਲਾਹ ਜਾਰੀ ਕਰ ਦਿੱਤੀ ਗਈ ਅਤੇ ਉਪਭੋਗਤਾ ਵਿਭਾਗਾਂ ਨੂੰ ਇਸ ਮਾਮਲੇ ਬਾਰੇ ਸਿਖਲਾਈ ਦਿੱਤੀ ਜਾਵੇਗੀ।

---

31 ਬੋਲੀ ਲਗਾਉਣ ਵਾਲੇ ਨੂੰ ਕੋਈ ਟੈਂਡਰ ਨਹੀਂ ਦਿੱਤਾ ਗਿਆ ਸੀ।

32 (i) ਖੇਤੀਬਾੜੀ (1); (ii) ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ (1); (iii) ਸਹਿਕਾਰਿਤਾ (20); (iv) ਸਿਹਤ ਅਤੇ ਪਰਿਵਾਰ ਭਲਾਈ (2); (v) ਕਿਰਤ (2); (vi) ਮੈਡੀਕਲ ਸਿੱਖਿਆ ਅਤੇ ਖੋਜ (1); (vii) ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ (2); ਅਤੇ (viii) ਟਰਾਂਸਪੋਰਟ (1)।

### 2.9.6 ਈ-ਖਰੀਦ ਪੋਰਟਲ ਲਈ ਸਿਖਲਾਈ ਅਤੇ ਸਹਾਇਤਾ

ਈ-ਖਰੀਦ[33] ਲਈ ਲਾਗੂਕਰਨ ਦਿਸ਼ਾ-ਨਿਰਦੇਸ਼ (ਜੁਲਾਈ 2011) ਸੁਵਿਧਾ ਪ੍ਰਬੰਧਨ ਪਰਸੋਨਲ (ਐਫ ਐਮ ਪੀ) ਰਾਹੀਂ ਨਿਰਧਾਰਤ ਘੱਟੋ-ਘੱਟ ਪੱਧਰ ਤੇ ਲੋੜਾਂ ਅਨੁਸਾਰ ਪਛਾਣੇ ਗਏ ਵਿਭਾਗ ਦੇ ਉਪਭੋਗਤਾਵਾਂ ਨੂੰ ਸ਼ੁਰੂਆਤੀ ਅਤੇ ਨਿਰੰਤਰ ਸਿਖਲਾਈ ਅਤੇ ਹੈਂਡਹੋਲਡਿੰਗ ਸਹਾਇਤਾ ਪ੍ਰਦਾਨ ਕਰਨਦੀ ਵਿਵਸਥਾ ਕਰਦੇ ਹਨ। ਇਸ ਤੋਂ ਇਲਾਵਾ, ਲਾਗੂ ਕਰਨ ਵਾਲੇ ਰਾਜਾਂ ਦੁਆਰਾ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਵਿੱਚ ਵਿਭਾਗ ਦੇ ਉਪਭੋਗਤਾ ਅਤੇ ਬੋਲੀਦਾਤਾਵਾਂ ਲਈ ਵਿਆਪਕ ਸਿਖਲਾਈ ਸ਼ਾਮਲ ਹੈ ਜੋ ਐਫ ਐਮ ਪੀ ਟੀਮਾਂ ਦੁਆਰਾ ਆਯੋਜਿਤ ਕੀਤੀ ਜਾਵੇਗੀ। ਐਨ ਆਈ ਸੀ ਨੇ ਆਪਣੇ ਪ੍ਰੋਜੈਕਟ ਪ੍ਰਸਤਾਵ (ਜੁਲਾਈ 2016) ਵਿੱਚ ਅਧਿਕਾਰੀਆਂ ਅਤੇ ਬੋਲੀਆਂ ਲਗਾਉਣ ਵਾਲਿਆਂ ਦੋਵਾਂ ਲਈ ਵਿਭਾਗ-ਵਾਰ ਸਿਖਲਾਈ ਦੇਣ ਦਾ ਪ੍ਰਬੰਧ ਕੀਤਾ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ 111 ਨਮੂਨੇ ਵਾਲੀਆਂ ਖਰੀਦ ਇਕਾਈਆਂ ਵਿੱਚੋਂ, ਸਿਰਫ 32 ਖਰੀਦ ਇਕਾਈਆਂ ਦੇ ਉਪਭੋਗਤਾਵਾਂ ਨੂੰ ਸਿਖਲਾਈ ਦਿੱਤੀ ਗਈ ਸੀ ਜੋ ਇਸ ਸਮੇਂ ਪੋਰਟਲ ਦੀ ਵਰਤੋਂ ਕਰ ਰਹੇ ਸਨ। ਟੈਂਡਰ ਪ੍ਰਕਿਰਿਆਵਾਂ ਦੇ ਪੜਾਵਾਂ ਨੂੰ ਅਪਡੇਟ ਨਾ ਕਰਨ ਅਤੇ ਪੋਰਟਲ ਤੇ ਅੰਸ਼ਕ/ਅਣਉਚਿਤ ਵਰਤੋਂ ਲਈ ਨਮੂਨੇ ਵਾਲੀਆਂ ਖਰੀਦ ਇਕਾਈਆਂ ਦੁਆਰਾ ਜ਼ਿੰਮੇਵਾਰ ਠਹਿਰਾਏ ਗਏ ਕਾਰਣਾਂ ਵਿੱਚੋਂ ਇੱਕ ਨਾਕਾਫੀ ਸਿਖਲਾਈ ਅਤੇ ਜਾਗਰੂਕਤਾ ਦੀ ਘਾਟ ਸੀ, ਜਿਵੇਂ ਕਿ **ਪੈਰ੍ਹਾ** 2.9.2.3, 2.9.2.4, 2.9.2.5 ਅਤੇ 2.9.2.6 ਵਿੱਚ ਚਰਚਾ ਕੀਤੀ ਗਈ ਹੈ।

ਇਸ ਤੋਂ ਇਲਾਵਾ, ਈ-ਖਰੀਦ ਪ੍ਰਣਾਲੀ ਨੂੰ ਅਪਣਾਉਣ ਲਈ ਬੋਲੀਦਾਤਾਵਾਂ ਵਿੱਚ ਜਾਗਰੂਕਤਾ ਕਾਫੀ ਨਹੀਂ ਸੀ, ਜਿਵੇਂ ਕਿ ਇਸ ਤੱਥ ਤੋਂ ਦੇਖਿਆ ਜਾਂਦਾ ਹੈ ਕਿ ਸਾਰੇ ਮੌਜੂਦਾ ਬੋਲੀਦਾਤਾਵਾਂ (ਪਿਛਲੀ ਪ੍ਰਣਾਲੀ ਵਿੱਚ ਉਪਲੱਬਧ- 'ਟੈਂਡਰ ਵਿਜ਼ਾਰਡ') ਨੇ ਈ-ਖਰੀਦ ਪੋਰਟਲ ਤੇ ਆਪਣੇ ਆਪ ਨੂੰ ਰਜਿਸਟਰ ਨਹੀਂ ਕੀਤਾ ਸੀ। ਸਾਲ 2022 ਵਿੱਚ ਇੱਕ ਮੌਕੇ ਤੇ ਕੁਝ ਬੋਲੀਆਂ ਲਗਾਉਣ ਵਾਲਿਆਂ ਲਈ ਸਿਖਲਾਈ ਦਿੱਤੀ ਗਈ ਸੀ।

2018-2023 ਦੀ ਮਿਆਦ ਦੌਰਾਨ ਪੋਰਟਲ ਤੇ ਪ੍ਰਕਾਸ਼ਿਤ 1.86 ਲੱਖ ਟੈਂਡਰਾਂ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਸਿਰਫ 1.36 ਲੱਖ ਟੈਂਡਰਾਂ ਦੇ ਸਬੰਧ ਵਿੱਚ ਬੋਲੀਆਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿੱਚੋਂ 48 *ਪ੍ਰਤੀਸ਼ਤ* ਟੈਂਡਰਾਂ ਵਿੱਚ ਸਿਰਫ ਇੱਕ ਜਾਂ ਦੋ ਬੋਲੀਆਂ ਪ੍ਰਾਪਤ ਹੋਈਆਂ ਸਨ (ਜਿਵੇਂ ਕਿ **ਸਾਰਣੀ** 2.5 ਵਿੱਚ ਵੇਰਵਾ ਦਿੱਤਾ ਗਿਆ ਹੈ)। ਹਰੇਕ ਟੈਂਡਰ ਦੇ ਵਿਰੁੱਧ ਪ੍ਰਾਪਤ ਬੋਲੀਆਂ ਦੀ ਸੰਖਿਆ 1 ਤੋਂ 234 ਬੋਲੀਆਂ[34] ਦੇ ਵਿਚਕਾਰ ਸੀ।

---

[33] ਰਾਸ਼ਟਰੀ ਈ-ਗਵਰਨੈਂਸ ਯੋਜਨਾ ਅਧੀਨ ਮਿਸ਼ਨ ਮੋਡ ਪ੍ਰੋਜੈਕਟ ਵਜੋਂ ਰਾਜਾਂ ਵਿੱਚ ਈ-ਖਰੀਦ ਰੋਲਆਊਟ ਲਈ ਲਾਗੂ ਕਰਨ ਦੇ ਦਿਸ਼ਾ-ਨਿਰਦੇਸ਼।

[34] ਇੱਕ ਉਦਾਹਰਣ/ਟੈਂਡਰ ਵਿੱਚ, 2,277 ਬੋਲੀਆਂ ਪ੍ਰਾਪਤ ਹੋਈਆਂ ਸਨ।

**ਸਾਰਣੀ 2.5: ਹਰੇਕ ਟੈਂਡਰ ਦੇ ਵਿਰੁੱਧ ਪ੍ਰਾਪਤ ਬੋਲੀਆਂ ਦੀ ਸੰਖਿਆ ਦੇ ਵੇਰਵੇ**

| ਬੋਲੀਆਂ ਦੀ ਸੰਖਿਆ ਪ੍ਰਾਪਤ ਹੋਈ | ਟੈਂਡਰ ਦੀ ਸੰਖਿਆ | *ਪ੍ਰਤੀਸ਼ਤ* |
|---|---|---|
| ਇੱਕ ਬੋਲੀ | 31,697 | 23 |
| ਦੋ ਬੋਲੀਆਂ | 34,527 | 25 |
| ਤਿੰਨ ਬੋਲੀਆਂ | 36,810 | 27 |
| ਤਿੰਨ ਬੋਲੀਆਂ ਤੋਂ ਜ਼ਿਆਦਾ | 33,241 | 25 |
| **ਜੋੜ** | **1,36,275** | **100** |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਨੋਡਲ ਵਿਭਾਗ ਨੇ ਕਿਹਾ (ਜੂਨ 2024) ਕਿ ਪੰਜਾਬ ਵਿੱਚ ਜੀ ਈ ਪੀ ਐਨ ਆਈ ਸੀ ਦੀ ਸ਼ੁਰੂਆਤ ਦੌਰਾਨ ਸਾਰੇ ਵਿਭਾਗੀ ਉਪਭੋਗਤਾਵਾਂ ਲਈ ਵਿਆਪਕ ਸਿਖਲਾਈ ਪ੍ਰੋਗਰਾਮ ਆਯੋਜਿਤ ਕੀਤੇ ਗਏ ਸਨ। ਇਸ ਗੱਲ ਤੇ ਜ਼ੋਰ ਦਿੱਤਾ ਗਿਆ ਕਿ ਇਹ ਉਪਭੋਗਤਾ ਆਪਣੇ ਟੈਂਡਰਾਂ ਵਿੱਚ ਹਿੱਸਾ ਲੈਣ ਵਾਲੇ ਵਿਕਰੇਤਾਵਾਂ ਨੂੰ ਨਵੀ ਪ੍ਰਣਾਲੀ ਵਿੱਚ ਤਬਦੀਲ ਹੋਣ ਲਈ ਸੂਚਿਤ ਕਰਨਗੇ। ਸਹਾਇਤਾ ਅਤੇ ਸਿਖਲਾਈ ਲਈ, ਵਿਕਰੇਤਾਵਾਂ ਨੂੰ ਐਨ ਆਈ ਸੀ ਹੈਲਪਡੈਸਕ ਨਾਲ ਸੰਪਰਕ ਕਰਨ ਲਈ ਨਿਰਦੇਸ਼ ਦਿੱਤੇ ਗਏ ਸਨ।

ਨੋਡਲ ਵਿਭਾਗ ਦਾ ਜਵਾਬ ਤਸਲੀਬੱਖਸ਼ ਨਹੀਂ ਸੀ, ਕਿਉਂਕਿ ਪੰਜਾਬ ਵਿੱਚ ਜੀ ਈ ਪੀ ਐਨ ਆਈ ਸੀ ਦੀ ਸ਼ੁਰੂਆਤ ਸਮੇਂ ਬੋਲੀਦਾਤਾਵਾਂ ਲਈ ਢੁੱਕਵੀਂ ਸਿਖਲਾਈ ਨਹੀਂ ਦਿੱਤੀ ਗਈ ਸੀ ਅਤੇ ਸਾਲ 2018-2023 ਦੀ ਮਿਆਦ ਦੌਰਾਨ ਰਜਿਸਟਰਡ ਕੁੱਲ 33,256 ਬੋਲੀਦਾਤਾਵਾਂ ਵਿੱਚੋਂ ਸਾਲ 2022 ਵਿੱਚ 207 ਬੋਲੀਦਾਤਾਵਾਂ ਨੂੰ ਸਿਰਫ ਇੱਕ ਵਾਰ ਸਿਖਲਾਈ ਦਿੱਤੀ ਗਈ ਸੀ।

ਸਾਰੇ ਵਿਭਾਗਾਂ ਅਤੇ ਬੋਲੀਦਾਤਾਵਾਂ ਲਈ ਨਿਯਮਤ ਅੰਤਰਾਲਾਂ ਤੇ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ, ਅਤੇ ਵੱਖ-ਵੱਖ ਸ਼੍ਰੇਣੀਆਂ ਦੇ ਉਪਭੋਗਤਾਵਾਂ ਤੱਕ ਪਹੁੰਚ ਨੂੰ ਅਸਾਨ ਬਣਾਉਣ ਲਈ ਭੂਮਿਕਾ ਅਧਾਰਤ ਸਵੈ-ਸਿਖਲਾਈ ਮਾਡਿਊਲ ਵਿਕਸਤ ਕੀਤੇ ਜਾਣੇ ਚਾਹੀਦੇ ਹਨ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਉਪਭੋਗਤਾ ਵਿਭਾਗਾਂ ਅਤੇ ਬੋਲੀਦਾਤਾਵਾਂ ਤੋਂ ਪ੍ਰਾਪਤ ਲੋੜਾਂ ਅਨੁਸਾਰ ਸਿਖਲਾਈ ਦਿੱਤੀ ਗਈ ਸੀ। ਵਿਭਾਗ ਵਿਭਾਗੀ ਉਪਭੋਗਤਾਵਾਂ ਅਤੇ ਬੋਲੀਆਂ ਲਗਾਉਣ ਵਾਲਿਆਂ ਲਈ ਹੋਰ ਸਿਖਲਾਈ ਕਾਰਜ-ਕਾਲ ਆਯੋਜਿਤ ਕਰਨ ਲਈ ਸਹਿਮਤ ਹੋਇਆ।

## 2.10 ਪੋਰਟਲ ਪ੍ਰਭਾਵਸ਼ੀਲਤਾ

ਪੀ ਟੀ ਪੀ ਪੀ ਐਕਟ ਜਨਤਕ ਖਰੀਦ ਪ੍ਰਕਿਰਿਆਵਾਂ ਲਈ ਕਾਨੂੰਨੀ ਢਾਂਚਾ ਸਥਾਪਤ ਕਰਦਾ ਹੈ। ਇਸ ਦਾ ਉਦੇਸ਼ ਇਹ ਸੁਨਿਸ਼ਚਿਤ ਕਰਨਾ ਹੈ ਕਿ ਜਨਤਕ ਇਕਾਈਆਂ ਕੁਸ਼ਲਤਾ ਨਾਲ, ਆਰਥਿਕ ਤੌਰ ਤੇ ਅਤੇ ਅਖੰਡਤਾ ਨਾਲ ਇੱਛਤ ਨਤੀਜੇ ਪ੍ਰਦਾਨ ਕਰਣ ਇਹ ਐਕਟ ਪਾਰਦਰਸ਼ਤਾ, ਜਵਾਬਦੇਹੀ, ਬੋਲੀਦਾਤਾਵਾਂ ਨਾਲ ਨਿਰਪੱਖ ਅਤੇ ਬਰਾਬਰ ਵਿਵਹਾਰ ਤੇ ਜ਼ੋਰ ਦਿੰਦਾ ਹੈ, ਜਿਸ ਨਾਲ ਚੰਗੇ ਸ਼ਾਸਨ ਵਿੱਚ ਜਨਤਾ ਦਾ ਵਿਸ਼ਵਾਸ ਵੱਧਦਾ ਹੈ ਅਤੇ ਸਬੰਧਿਤ ਜਾਂ ਜਰੂਰੀ ਮਾਮਲਿਆਂ ਨੂੰ ਹੱਲ ਕੀਤਾ ਜਾਂਦਾ ਹੈ। ਪੀ ਟੀ ਪੀ ਪੀ ਐਕਟ ਦੀ ਧਾਰਾ 60(1) ਦੁਆਰਾ ਵਸਤੂਆਂ ਦੀ ਖਰੀਦ, ਕੰਮਾਂ ਨੂੰ ਕਰਵਾਉਣ ਅਤੇ ਸਲਾਹਕਾਰਾਂ ਦੀ ਨਿਯੁਕਤੀ ਲਈ ਪ੍ਰਦਾਨ ਕੀਤੀਆਂ ਸ਼ਕਤੀਆਂ ਅਧੀਨ ਪੀ ਟੀ ਪੀ ਪੀ ਨਿਯਮ ਤਿਆਰ ਕੀਤੇ ਗਏ ਸਨ।

ਲੇਖਾ ਪ੍ਰੀਖਿਆ ਨੇ ਪੋਰਟਲ ਵਿੱਚ ਪੀ ਟੀ ਪੀ ਪੀ ਐਕਟ ਅਤੇ ਇਸ ਨਾਲ ਜੁੜੇ ਨਿਯਮਾਂ ਦੀਆਂ ਵਿਵਸਥਾਵਾਂ ਦੀ ਮੈਪਿੰਗ ਵਿੱਚ ਕਮੀਆਂ ਵੇਖੀਆਂ, ਜਿਸ ਦੇ ਨਤੀਜੇ ਵਜੋਂ ਲਾਗੂ ਕਾਰੋਬਾਰੀ ਨਿਯਮਾਂ ਨੂੰ ਲਾਗੂ ਕਰਨ ਲਈ ਲੋੜੀਂਦੇ ਐਪਲੀਕੇਸ਼ਨ ਨਿਯੰਤਰਣਾਂ ਦੀ ਅਣਹੋਂਦ ਸੀ। 494 ਨਮੂਨੇ ਲਏ ਟੈਂਡਰਾਂ ਦੀ ਟੈਂਡਰਿੰਗ ਪ੍ਰਕਿਰਿਆ ਤੋਂ ਪੈਦਾ ਹੋਣ ਵਾਲੇ ਨਿਰੀਖਣਾਂ ਦਾ ਵੇਰਵਾ ਹੇਠ ਲਿਖੇ ਪੈਰ੍ਹਿਆਂ ਵਿੱਚ ਦਿੱਤਾ ਗਿਆ ਹੈ।

## 2.10.1 ਵਪਾਰਕ ਨਿਯਮਾਂ ਦੀ ਗੈਰ-ਮੈਪਿੰਗ

### 2.10.1.1 ਬੋਲੀ ਜਮ੍ਹਾਂ ਕਰਨ ਲਈ ਦਿੱਤਾ ਗਿਆ ਨਾਕਾਫੀ ਸਮਾਂ

ਪੀ ਟੀ ਪੀ ਪੀ ਐਕਟ ਦੀ ਧਾਰਾ 11 ਦੇ ਅਨੁਸਾਰ, ਹਰੇਕ ਖਰੀਦ ਇਕਾਈ ਨੂੰ ਖਰੀਦ ਪ੍ਰਕਿਰਿਆ ਦੇ ਵੱਖ-ਵੱਖ ਪੜਾਵਾਂ ਨੂੰ ਪੂਰਾ ਕਰਨ ਲਈ ਇੱਕ ਵਾਜਬ ਸਮਾਂ-ਸੀਮਾ ਪਹਿਲਾਂ ਤੋਂ ਨਿਰਧਾਰਤ ਕਰਨੀ ਚਾਹੀਦੀ ਹੈ। ਇਹ ਸਮਾਂ-ਸੀਮਾ ਪੂਰਵ-ਯੋਗਤਾ ਦਸਤਾਵੇਜ਼ਾਂ, ਬੋਲੀਦਾਤਾ ਰਜਿਸਟ੍ਰੇਸ਼ਨ ਦਸਤਾਵੇਜ਼ਾਂ, ਜਾਂ ਬੋਲੀ ਦਸਤਾਵੇਜ਼ਾਂ ਵਿੱਚ ਸਪੱਸ਼ਟ ਤੌਰ ਤੇ ਨਿਰਧਾਰਤ ਕੀਤੀ ਜਾਣੀ ਚਾਹੀਦੀ ਹੈ, ਜਿਵੇਂ ਕਿ ਲਾਗੂ ਹੁੰਦਾ ਹੈ।

2022 ਵਿੱਚ ਪੀ ਟੀ ਪੀ ਪੀ ਨਿਯਮ ਲਾਗੂ ਹੋਣ ਤੋਂ ਪਹਿਲਾਂ, ਜੀ ਓ ਪੀ[35] ਨੇ ਨਿਰਦੇਸ਼ (ਫਰਵਰੀ 2018) ਜਾਰੀ ਕੀਤੇ ਸਨ ਜਿਸ ਵਿੱਚ ਬੋਲੀਆਂ ਜਮ੍ਹਾਂ ਕਰਨ ਲਈ ਸਮਾਂ-ਸੀਮਾਵਾਂ ਸ਼ਾਮਲ ਸਨ ਜਿਵੇਂ ਕਿ **ਸਾਰਣੀ** 2.6 ਵਿੱਚ ਵੇਰਵੇ ਦਿੱਤੇ ਗਏ ਹਨ।

**ਸਾਰਣੀ 2.6: ਬੋਲੀਆਂ ਜਮ੍ਹਾਂ ਕਰਨ ਲਈ ਸਮਾਂ-ਸੀਮਾਵਾਂ**

| ਕੰਮਾਂ ਦਾ ਟੈਂਡਰ ਮੁੱਲ (₹ ਵਿੱਚ) | ਸਿਫਾਰਸ਼ ਕੀਤੇ ਗਏ ਦਿਨ |
|---|---|
| 5 ਲੱਖ ਅਤੇ ਇਸ ਤੋਂ ਵੱਧ 50 ਲੱਖ ਤੱਕ | 10 |
| 50 ਲੱਖ ਅਤੇ ਇਸ ਤੋਂ ਵੱਧ 2 ਕਰੋੜ ਤੱਕ | 15 |
| 2 ਕਰੋੜ ਤੋਂ ਵੱਧ | 21 |

*ਸ੍ਰੋਤ: ਮੁੱਖ ਇੰਜੀਨੀਅਰ, ਪੰਜਾਬ ਸੜਕਾਂ ਅਤੇ ਪੁਲ ਵਿਕਾਸ ਬੋਰਡ (ਪੀ ਆਰ ਬੀ ਡੀ ਬੀ) ਦੁਆਰਾ ਜਾਰੀ ਹਦਾਇਤਾਂ*

ਨਿਯਮ 7, ਪੀ ਟੀ ਪੀ ਪੀ ਨਿਯਮਾਂ ਦੀ ਅੰਤਿਕਾਵਾਂ 1 ਅਤੇ 2 ਦੇ ਨਾਲ, ਸਾਰੀਆਂ ਖਰੀਦ ਗਤੀਵਿਧੀਆਂ[36] ਅਤੇ ਪੜਾਵਾਂ ਲਈ ਸਮਾਂ-ਸੀਮਾ ਨਿਰਧਾਰਤ ਕਰਦਾ ਹੈ। ਇਹ ਖਰੀਦ ਇਕਾਈਆਂ ਨੂੰ ਬੋਲੀ ਜਮ੍ਹਾਂ ਕਰਨ ਦੀ ਮਿਆਦ ਨੂੰ ਛੱਡ ਕੇ ਖਰੀਦ ਪ੍ਰਕਿਰਿਆ ਦੇ ਕਿਸੇ ਵੀ ਪੜਾਅ ਲਈ ਸਮਾਂ-ਸੀਮਾ ਨੂੰ ਛੋਟਾ ਕਰਨ ਦੀ ਆਗਿਆ ਦਿੰਦਾ ਹੈ। ਪੀ ਟੀ ਪੀ ਪੀ ਨਿਯਮਾਂ[37] ਦੀ ਅੰਤਿਕਾ 1

---

35 ਮੁੱਖ ਮੰਤਰੀ ਪੰਜਾਬ ਦੇ ਤਕਨੀਕੀ ਸਲਾਹਕਾਰ ਦੀ ਸਲਾਹ ਤੇ ਚੀਫ ਇੰਜੀਨੀਅਰ (ਪੀ ਆਰ ਬੀ ਡੀ ਬੀ) ਦੇ ਮੀਮੋ ਨੰਬਰ 10738-48 ਮਿਤੀ 21.02.2018 ਰਾਹੀਂ।

36 ਸਲਾਹ-ਮਸ਼ਵਰਾ ਸੇਵਾਵਾਂ ਨੂੰ ਛੱਡ ਕੇ।

37 ਇਹ 7 ਜਨਵਰੀ 2022 ਤੋਂ ਲਾਗੂ ਹੋਇਆ ਹੈ।

(ਵਸਤੂਆਂ ਲਈ) ਅਤੇ ਅੰਤਿਕਾ 2 (ਕੰਮਾਂ ਅਤੇ ਗੈਰ-ਸਲਾਹ ਮਸ਼ਵਰਾ ਸੇਵਾਵਾਂ ਲਈ) ਅਨੁਸਾਰ ਸਿੰਗਲ ਪੜਾਅ (ਦੋ ਲਿਫਾਫੇ) ਲਈ ਬੋਲੀਆਂ ਜਮ੍ਹਾਂ ਕਰਨ ਲਈ ਨਿਰਧਾਰਤ ਦਿਨਾਂ ਦੀ ਸੰਖਿਆ **ਸਾਰਣੀ** 2.7 ਵਿੱਚ ਵਿਸਥਾਰ ਨਾਲ ਦਿੱਤੀ ਗਈ ਹੈ।

**ਸਾਰਣੀ 2.7: ਬੋਲੀਆਂ ਜਮ੍ਹਾਂ ਕਰਨ ਲਈ ਨਿਰਧਾਰਤ ਦਿਨ**

<table>
<tr><th colspan="2">ਓਪਨ ਪ੍ਰਤੀਯੋਗੀ ਬੋਲੀ ਵਿੱਚ ਵਸਤੂਆਂ</th><th colspan="2">ਓਪਨ ਪ੍ਰਤੀਯੋਗਤੀ ਬੋਲੀ ਵਿੱਚ ਕੰਮ ਅਤੇ ਗੈਰ-ਸਲਾਹਕਾਰ ਸੇਵਾਵਾਂ</th></tr>
<tr><th>ਟੈਂਡਰ ਮੁੱਲ (₹ ਵਿੱਚ)</th><th>ਬੋਲੀ ਜਮ੍ਹਾਂ ਕਰਵਾਉਣ ਲਈ ਸ਼ਿਫਾਰਸ ਕੀਤਾ ਗਿਆ ਸਮਾਂ ਦਿਨਾਂ ਵਿੱਚ</th><th>ਟੈਂਡਰ ਮੁੱਲ (₹ ਵਿੱਚ)</th><th>ਬੋਲੀ ਜਮ੍ਹਾਂ ਕਰਵਾਉਣ ਲਈ ਸ਼ਿਫਾਰਸ ਕੀਤਾ ਗਿਆ ਸਮਾਂ ਦਿਨਾਂ ਵਿੱਚ</th></tr>
<tr><td rowspan="2">1 ਕਰੋੜ ਤੱਕ</td><td rowspan="2">21</td><td rowspan="2">50 ਲੱਖ ਤੱਕ</td><td>10 (ਪਹਿਲੀ ਵਾਰ)</td></tr>
<tr><td>7 (ਬੋਲੀ ਦੀ ਦੂਜੀ/ ਤੀਜੀ ਵਾਰ)</td></tr>
<tr><td rowspan="2">1 ਕਰੋੜ ਅਤੇ ਵੱਧ 10 ਕਰੋੜ ਤੱਕ</td><td rowspan="2">30</td><td rowspan="2">50 ਲੱਖ ਅਤੇ ਵੱਧ 2 ਕਰੋੜ ਤੱਕ</td><td>15 (ਪਹਿਲੀ ਵਾਰ)</td></tr>
<tr><td>14 (ਬੋਲੀ ਦੀ ਦੂਜੀ/ ਤੀਜੀ ਵਾਰ)</td></tr>
<tr><td>10 ਕਰੋੜ ਅਤੇ ਵੱਧ 100 ਕਰੋੜ ਤੱਕ</td><td>30</td><td>2 ਕਰੋੜ ਅਤੇ ਵੱਧ 100 ਕਰੋੜ ਤੱਕ</td><td>21 (ਬੋਲੀ ਦੀ ਪਹਿਲੀ/ਦੂਜੀ/ ਤੀਜੀ ਵਾਰ)</td></tr>
<tr><td>100 ਕਰੋੜ ਤੋਂ ਵੱਧ</td><td>45</td><td>100 ਕਰੋੜ ਤੋਂ ਵੱਧ</td><td>45 (ਬੋਲੀ ਦੀ ਪਹਿਲੀ/ਦੂਜੀ/ ਤੀਜੀ ਵਾਰ)</td></tr>
</table>

*ਸ੍ਰੋਤ: ਪੰਜਾਬ ਪਾਰਦਰਸ਼ਤਾ ਇਨ ਪਬਲਿਕ ਪ੍ਰੋਕਿਓਰਮੈਂਟ ਨਿਯਮ, 2022 ਦੀ ਅੰਤਿਕਾ 1 ਅਤੇ ਅੰਤਿਕਾ 2*

ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਗੈਰ-ਜਨਤਕ ਖੇਤਰ ਉਪਕ੍ਰਮ) 31 ਮਾਰਚ 2017 ਨੂੰ ਸਮਾਪਤ ਹੋਏ ਸਾਲ ਲਈ ਰਿਪੋਰਟ ਵਿੱਚ ਨੋਟੀਫਿਕੇਸ਼ਨ (ਜੁਲਾਈ 1996) ਦੇ ਉਪਬੰਧਾਂ ਦਾ ਜ਼ਿਕਰ ਕੀਤਾ ਗਿਆ ਸੀ (ਪੈਰ੍ਹਾ 3.12.3.1) ਜੋ ਪ੍ਰਣਾਲੀ ਵਿੱਚ ਮੈਪ ਨਹੀਂ ਕੀਤੇ ਗਏ ਸਨ, ਜਿਸ ਨਾਲ ਠੇਕੇਦਾਰਾਂ ਨੂੰ ਬੋਲੀ ਲਗਾਉਣ ਲਈ ਨਾਕਾਫੀ ਸਮਾਂ ਦਿੱਤਾ ਗਿਆ ਸੀ। ਲੋਕ ਲੇਖਾ ਕਮੇਟੀ ਨੂੰ ਪੀ ਡਬਲਯੂ ਡੀ (ਬੀ ਐਂਡ ਆਰ) ਦੇ ਭਰੋਸੇ (ਅਕਤੂਬਰ 2018) ਦੇ ਬਾਵਜੂਦ ਕਿ ਐਨ ਆਈ ਸੀ ਅਗਲੇ ਵੱਰਸ਼ੱਨ ਵਿੱਚ ਲੋੜੀਂਦੀ ਕਾਰਜਸ਼ੀਲਤਾ ਨੂੰ ਅਪਡੇਟ ਕਰੇਗਾ, ਉਹੀ ਬੇਨਿਯਮੀਆਂ ਦੁਬਾਰਾ ਵੇਖੀਆਂ ਗਈਆਂ, ਜਿਵੇਂ ਕਿ ਅਗਲੇ ਪੈਰ੍ਹਿਆਂ ਵਿੱਚ ਵੇਰਵਾ ਦਿੱਤਾ ਗਿਆ ਹੈ।

ਜੀ ਈ ਪੀ ਐਨ ਆਈ ਸੀ ਡਾਟਾਬੇਸ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਨਾ ਤਾਂ ਜੀ ਓ ਪੀ ਦੁਆਰਾ ਨਿਰਧਾਰਤ ਸਮਾਂ-ਸੀਮਾ ਅਤੇ ਨਾ ਹੀ ਪੀ ਟੀ ਪੀ ਪੀ ਨਿਯਮਾਂ ਵਿੱਚ ਨਿਰਧਾਰਤ ਸਮਾਂ-ਸੀਮਾ ਨੂੰ ਪ੍ਰਣਾਲੀ ਵਿੱਚ ਮੈਪ ਕੀਤਾ ਗਿਆ ਸੀ, ਜਿਵੇਂ ਕਿ **ਸਾਰਣੀ** 2.8 ਵਿੱਚ ਵੇਰਵਾ ਦਿੱਤਾ ਗਿਆ ਹੈ। ਹਾਲਾਂਕਿ, 2018-2023 ਦੌਰਾਨ ਪ੍ਰਕਾਸ਼ਿਤ 1,85,920 ਟੈਂਡਰਾਂ ਵਿੱਚ ਇਜਾਜ਼ਤ ਦਿੱਤੇ ਗਏ ਦਿਨਾਂ ਦਾ ਪਤਾ ਲਗਾਉਣ ਲਈ, ਲੇਖਾ ਪ੍ਰੀਖਿਆ ਨੇ 7 ਜਨਵਰੀ 2022 ਨੂੰ ਜਾਂ ਇਸ ਤੋਂ ਪਹਿਲਾਂ ਪ੍ਰਕਾਸ਼ਿਤ ਟੈਂਡਰਾਂ ਵਿੱਚ ਪੀ ਡਬਲਯੂ ਡੀ ਦੁਆਰਾ ਬੋਲੀ ਲਈ ਨਿਰਧਾਰਤ ਦਿਨਾਂ ਅਤੇ 7 ਜਨਵਰੀ 2022 ਤੋਂ ਬਾਅਦ ਪ੍ਰਕਾਸ਼ਿਤ ਟੈਂਡਰਾਂ ਲਈ ਪੀ ਟੀ ਪੀ ਪੀ ਨਿਯਮਾਂ ਵਿੱਚ ਨਿਰਧਾਰਤ ਦਿਨਾਂ ਦਾ ਬੈਂਚਮਾਰਕ ਕੀਤਾ। ਲੇਖਾ ਪ੍ਰੀਖਿਆ ਵਿਸ਼ਲੇਸ਼ਣ ਦੇ ਨਤੀਜੇ **ਸਾਰਣੀ** 2.8 ਵਿੱਚ ਵਿਸਥਾਰ ਨਾਲ ਦਿੱਤੇ ਗਏ ਹਨ।

**ਸਾਰਣੀ 2.8: ਬੋਲੀ ਜਮ੍ਹਾਂ ਕਰਵਾਉਣ ਲਈ ਨਿਰਧਾਰਤ ਦਿਨਾਂ ਤੋਂ ਘੱਟ ਸਮਾਂ ਦੇਣ ਵਾਲੇ ਟੈਂਡਰ**

| | ਟੈਂਡਰ ਪ੍ਰਕਾਸ਼ਿਤ ਕੀਤੇ | ਨਿਰਧਾਰਤ ਦਿਨਾਂ ਤੋਂ ਘੱਟ ਦੇ ਟੈਂਡਰ | | ਕਮੀ ਦੀ ਸੀਮਾ (ਦਿਨਾਂ ਵਿੱਚ) |
|---|---|---|---|---|
| | | ਕੁੱਲ ਮਿਲਾ ਕੇ (*ਪ੍ਰਤੀਸ਼ਤ* ਵਿੱਚ) | ਨਮੂਨਾ | |
| ਪੀ ਟੀ ਪੀ ਪੀ ਨਿਯਮਾਂ ਤੋਂ ਪਹਿਲਾਂ | 1,56,415 | 48,604 (31%) | 148 | 1 ਤੋਂ 18 |
| ਪੀ ਟੀ ਪੀ ਪੀ ਨਿਯਮਾਂ ਤੋਂ ਬਾਅਦ | 29,505 | 12,162 (41%) | 89 | 1 ਤੋਂ 44 |
| **ਜੋੜ** | **1,85,920** | **60,766 (33%)** | | |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਜਿਵੇ ਕਿ ਉਪਰੋਕਤ ਸਾਰਣੀ ਤੋਂ ਸਪੱਸ਼ਟ ਹੈ, ਲਗਭਗ ਇੱਕ ਤਿਹਾਈ ਟੈਂਡਰਾਂ ਵਿੱਚ, ਬੋਲੀਆਂ ਜਮ੍ਹਾਂ ਕਰਨ ਲਈ ਪ੍ਰਵਾਨ ਕੀਤਾ ਗਿਆ ਸਮਾਂ ਜੀ ਓ ਪੀ/ਪੀ ਟੀ ਪੀ ਪੀ ਨਿਯਮਾਂ ਦੁਆਰਾ ਨਿਰਧਾਰਤ ਦਿਨਾਂ ਤੋਂ ਘੱਟ ਸੀ। ਬੋਲੀਆਂ ਜਮ੍ਹਾਂ ਕਰਨ ਲਈ ਘੱਟ ਸਮੇਂ ਦੇ ਨਾਲ ਪ੍ਰਕਾਸ਼ਿਤ ਟੈਂਡਰਾਂ ਦੀ ਪ੍ਰਤੀਸ਼ਤਤਾ ਬਾਅਦ ਦੀ ਮਿਆਦ ਵਿੱਚ 31 *ਪ੍ਰਤੀਸ਼ਤ* ਤੋਂ ਵੱਧ ਕੇ 41 *ਪ੍ਰਤੀਸ਼ਤ* ਹੋ ਗਈ ਅਤੇ ਪ੍ਰਵਾਨ ਕੀਤਾ ਗਿਆ ਸਮਾਂ 44 ਦਿਨਾਂ ਤੱਕ ਘੱਟ ਸੀ। ਹੇਠਾਂ ਕੁਝ ਉਦਾਹਰਣਾਂ ਦਾ ਜ਼ਿਕਰ ਕੀਤਾ ਗਿਆ ਹੈ:

**(i)** ਲੇਖਾ ਪ੍ਰੀਖਿਆ ਨੇ ਦੇਖਿਆ ਕਿ ਪ੍ਰਚੂਨ ਸ਼ਰਾਬ ਲਾਇਸੈਂਸਾਂ ਦੀ ਵਿਕਰੀ ਲਈ ₹ 420 ਕਰੋੜ ਦੇ ਨਮੂਨਾ-ਜਾਂਚ ਕੀਤੇ ਟੈਂਡਰਾਂ ਵਿੱਚੋਂ 12 (₹ 22.29 ਕਰੋੜ ਅਤੇ ₹ 58.20 ਕਰੋੜ ਦੇ ਵਿਚਕਾਰ ਰਿਜ਼ਰਵ ਕੀਮਤ ਮੁੱਲ ਵਾਲੇ) ਚਾਰ ਆਬਕਾਰੀ ਅਤੇ ਕਰਬੰਦੀ ਅਧਿਕਾਰੀਆਂ[38] (ਈ ਟੀ ਓਜ਼) ਦੁਆਰਾ ਪ੍ਰਕਾਸ਼ਿਤ ਕੀਤੇ ਗਏ ਸਨ। ਹਾਲਾਂਕਿ ਇਹ ਟੈਂਡਰ ਜੂਨ 2022 ਅਤੇ ਮਾਰਚ 2023 ਵਿੱਚ ਪ੍ਰਕਾਸ਼ਿਤ ਕੀਤੇ ਗਏ ਸਨ ਭਾਵ ਪੀ ਟੀ ਪੀ ਪੀ ਨਿਯਮ ਲਾਗੂ ਹੋਣ ਤੋਂ ਬਾਅਦ, ਫਿਰ ਵੀ ਬੋਲੀਆਂ ਜਮ੍ਹਾਂ ਕਰਨ ਲਈ 21 ਦਿਨਾਂ ਦੀ ਨਿਰਧਾਰਤ ਮਿਆਦ ਦੇ ਮੁਕਾਬਲੇ ਇੱਕ[39] ਦਿਨ ਤੋਂ ਵੀ ਘੱਟ ਸਮਾਂ ਦਿੱਤਾ ਗਿਆ ਸੀ।

ਈ ਟੀ ਓਜ਼ ਨੇ ਲੇਖਾ ਪ੍ਰੀਖਿਆ ਟਿੱਪਣੀ ਦਾ ਜਵਾਬ ਨਹੀਂ ਦਿੱਤਾ (ਫਰਵਰੀ 2025)।

**(ii)** ਲੇਖਾ ਪ੍ਰੀਖਿਆ ਨੇ ਦੇਖਿਆ ਕਿ ਜਲੰਧਰ ਅਤੇ ਪਟਿਆਲਾ ਦੇ ਈ ਟੀ ਓਜ਼ ਦੁਆਰਾ ਪ੍ਰਕਾਸ਼ਿਤ ਪ੍ਰਚੂਨ ਸ਼ਰਾਬ ਲਾਇਸੈਂਸਾਂ ਦੀ ਵਿਕਰੀ ਲਈ ₹ 181.93 ਕਰੋੜ (₹ 22.29 ਕਰੋੜ ਅਤੇ ₹ 56.88 ਕਰੋੜ ਦੇ ਵਿਚਕਾਰ ਰਿਜ਼ਰਵ ਕੀਮਤ ਮੁੱਲ ਵਾਲੇ) ਦੇ ਪੰਜ ਟੈਂਡਰ (ਜੂਨ 2022 ਅਤੇ ਮਾਰਚ 2023) ਪ੍ਰਕਾਸ਼ਿਤ ਕੀਤੇ ਗਏ ਸਨ, ਜਿੱਥੇ ਬੋਲੀ ਜਮ੍ਹਾਂ ਕਰਨ ਦਾ ਸਮਾਂ 15 ਮਿੰਟ ਤੋਂ ਵਧਾ ਕੇ 180 ਮਿੰਟ ਕਰਨ ਲਈ ਕਈ ਸੋਧਾਂ ਜਾਰੀ ਕੀਤੀਆਂ ਗਈਆਂ ਸਨ।

ਇਸ ਤਰ੍ਹਾਂ, ਜੀ ਓ ਪੀ ਅਤੇ ਪੀ ਟੀ ਪੀ ਪੀ ਨਿਯਮਾਂ ਦੁਆਰਾ ਜਾਰੀ ਹਦਾਇਤਾਂ ਵਿੱਚ ਨਿਰਧਾਰਤ ਸਮਾਂ-ਸੀਮਾ ਦੀ ਮੈਪਿੰਗ ਨਾ ਹੋਣ ਕਾਰਣ, ਪ੍ਰਣਾਲੀ ਟੈਂਡਰਿੰਗ ਪ੍ਰਕਿਰਿਆ, ਖਾਸ ਕਰਕੇ ਬੋਲੀ ਜਮ੍ਹਾਂ ਕਰਨ ਦੀ ਮਿਆਦ ਨੂੰ ਸੁਚਾਰੂ ਬਣਾਉਣ ਵਿੱਚ ਅਸਮਰੱਥ ਸੀ।

---

38 ਫਿਰੋਜ਼ਪੁਰ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਿਖੇ ਈ ਟੀ ਓਜ਼ ।

39 ਬੋਲੀ ਜਮ੍ਹਾਂ ਕਰਨ ਦਾ ਸਮਾਂ 45 ਮਿੰਟ ਤੋਂ 9 ਘੰਟੇ 40 ਮਿੰਟ ਦੇ ਵਿਚਕਾਰ ਸੀ।

ਨੋਡਲ ਵਿਭਾਗ ਨੇ ਤੱਥਾਂ ਨੂੰ ਸਵੀਕਾਰ ਕੀਤਾ (ਮਈ 2024) ਅਤੇ ਪੀ ਟੀ ਪੀ ਪੀ ਨਿਯਮਾਂ ਅਨੁਸਾਰ ਬੋਲੀ ਜਮ੍ਹਾਂ ਕਰਨ ਦੀ ਮਿਆਦ ਨੂੰ ਵਿਉਤਬੱਧ ਕਰਨ ਲਈ ਇਸ ਮਾਮਲੇ ਨੂੰ ਐਨ ਆਈ ਸੀ ਕੋਲ ਉਠਾਉਣ ਦਾ ਭਰੋਸਾ ਦਿੱਤਾ। ਐਗਜ਼ਿਟ ਕਾਨਫਰੰਸ ਦੌਰਾਨ (ਨਵੰਬਰ 2024) ਨੋਡਲ ਵਿਭਾਗ ਨੇ ਅੱਗੇ ਕਿਹਾ ਕਿ ਇਸ ਸਬੰਧ ਵਿੱਚ ਉਪਭੋਗਤਾ ਵਿਭਾਗਾਂ ਨੂੰ ਲੋੜੀਂਦੀ ਸਲਾਹ ਜਾਰੀ ਕਰ ਦਿੱਤੀ ਗਈ ਹੈ। ਇਹ ਵੀ ਕਿਹਾ ਗਿਆ ਸੀ ਕਿ ਪੋਰਟਲ ਵਿੱਚ ਲੋੜੀਂਦੀਆਂ ਤਬਦੀਲੀਆਂ ਨਾਲ ਸਬੰਧਤ ਮਾਮਲਾ ਜਿਸ ਵਿੱਚ ਛੋਟੀ ਮਿਆਦ ਦੇ ਟੈਂਡਰ ਦੀ ਸੂਰਤ ਵਿੱਚ ਲੋੜੀਂਦੀ ਪ੍ਰਵਾਨਗੀ ਅਪਲੋਡ ਕਰਨ ਦੀ ਵਿਵਸਥਾ ਵੀ ਸ਼ਾਮਲ ਹੈ, ਨੂੰ ਐਨ ਆਈ ਸੀ ਕੋਲ ਉਠਾਇਆ ਜਾਵੇਗਾ।

### 2.10.1.2 ਟੈਂਡਰਾਂ ਦੀ ਪ੍ਰਕਿਰਿਆ ਲਈ ਲੱਗਿਆ ਸਮਾਂ

ਟੈਂਡਰ ਪ੍ਰਕਿਰਿਆ ਸਮੇਂ ਵਿੱਚ ਕਮੀ ਵੀ ਈ-ਖਰੀਦ ਪ੍ਰਣਾਲੀ ਦੇ ਮੁੱਖ ਉਦੇਸ਼ਾਂ ਵਿੱਚੋਂ ਇੱਕ ਹੈ। ਜਿਸ ਤਾਰੀਖ ਨੂੰ ਸਬੰਧਤ ਦਸਤਾਵੇਜ਼ ਪ੍ਰਣਾਲੀ ਤੇ ਅਪਲੋਡ ਕੀਤੇ ਜਾਂਦੇ ਹਨ, ਉਸ ਨੂੰ ਈ-ਖਰੀਦ ਪ੍ਰਣਾਲੀ ਵਿੱਚ ਗਤੀਵਿਧੀ ਦੀ ਮਿਤੀ ਵਜੋਂ ਦਰਜ ਕੀਤਾ ਜਾਂਦਾ ਹੈ। ਹਾਲਾਂਕਿ, ਠੇਕੇ ਦੇ ਅੱਪਡੇਟ ਦੇ ਅਵਾਰਡ ਲਈ, ਠੇਕੇ ਦੀ ਮਿਤੀ ਲਈ ਇੱਕ ਵੱਖਰਾ ਫੀਲਡ ਵੀ ਉਪਭੋਗਤਾ ਦੁਆਰਾ ਇਨਪੁਟ ਕੀਤੇ ਜਾਣ ਦੀ ਲੋੜ ਹੈ।

**(ੳ)** 2018-2023 ਦੌਰਾਨ ਪ੍ਰਕਾਸ਼ਿਤ 1.86 ਲੱਖ ਟੈਂਡਰਾਂ ਵਿੱਚੋਂ, 0.50 ਲੱਖ ਟੈਂਡਰਾਂ (27 *ਪ੍ਰਤੀਸ਼ਤ*) ਦੀ ਪ੍ਰਕਿਰਿਆ ਦੇ ਵੇਰਵੇ ਜੀ ਈ ਪੀ ਐਨ ਆਈ ਸੀ ਪੋਰਟਲ ਤੇ ਅਪਡੇਟ ਨਹੀਂ ਕੀਤੇ ਗਏ ਸਨ। ਟੈਂਡਰ ਪ੍ਰਕਾਸ਼ਿਤ ਹੋਣ ਤੋਂ ਬਾਅਦ ਕਾਰਵਾਈ ਦਾ ਵੇਰਵਾ ਨਾ ਹੋਣ ਕਾਰਣ ਲੇਖਾ ਪ੍ਰੀਖਿਆ ਇਨ੍ਹਾਂ 0.50 ਲੱਖ ਟੈਂਡਰਾਂ ਦੀ ਪ੍ਰਕਿਰਿਆ ਵਿੱਚ ਲੱਗੇ ਅਸਲ ਸਮੇਂ ਦਾ ਵਿਸ਼ਲੇਸ਼ਣ ਨਹੀਂ ਕਰ ਸਕਿਆ। ਜੀ ਈ ਪੀ ਐਨ ਆਈ ਸੀ ਪੋਰਟਲ ਨੇ 0.52 ਲੱਖ ਟੈਂਡਰ ਰੱਦ ਕੀਤੇ ਅਤੇ 0.08 ਲੱਖ ਦੁਬਾਰਾ ਟੈਂਡਰ ਕੀਤੇ ਦਿਖਾਏ। ਬਾਕੀ 0.76 ਲੱਖ ਟੈਂਡਰਾਂ ਦੇ ਲੇਖਾ ਪ੍ਰੀਖਿਆ ਨੇ ਦੇਖਿਆ ਜਿਥੇ ਏ ਓ ਸੀ ਜਾਰੀ ਕੀਤੇ ਗਏ ਸੀ ਕਿ ਠੇਕੇ ਦੀ ਮਿਤੀ ਦੇ ਆਧਾਰ ਤੇ ਨਿਰਧਾਰਤ 0.25 ਲੱਖ ਟੈਂਡਰਾਂ (33 *ਪ੍ਰਤੀਸ਼ਤ*) ਵਿੱਚ ਏ ਓ ਸੀ ਜਾਰੀ ਕਰਨ ਦੀ ਮਿਤੀ 94 *ਪ੍ਰਤੀਸ਼ਤ* ਟੈਂਡਰਾਂ ਵਿੱਚ ਬੋਲੀ ਦੀ ਯੋਗਤਾ ਮਿਆਦ ਤੋਂ ਬਾਅਦ 18 ਮਹੀਨੇ ਤੱਕ ਸੀ, ਜਿਵੇਂ ਕਿ **ਸਾਰਣੀ** 2.9 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 2.9: ਬੋਲੀ ਦੀ ਯੋਗਤਾ ਤੋਂ ਬਾਅਦ ਟੈਂਡਰਾਂ ਦੀ ਪ੍ਰਕਿਰਿਆ ਵਿੱਚ ਮਹੀਨਿਆਂ ਦੀ ਸੰਖਿਆ**

| ਲੜੀ ਨੰ. | ਮਹੀਨਿਆਂ ਵਿੱਚ ਦੇਰੀ | ਟੈਂਡਰਾਂ ਦੀ ਸੰਖਿਆ |
|---|---|---|
| 1. | 3 ਮਹੀਨਿਆਂ ਤੱਕ | 14,593 |
| 2. | 3 ਤੋਂ 6 ਮਹੀਨੇ | 4,319 |
| 3. | 6 ਤੋਂ 9 ਮਹੀਨੇ | 2,354 |
| 4. | 9 ਤੋਂ 12 ਮਹੀਨੇ | 1,289 |
| 5. | 12 ਤੋਂ 15 ਮਹੀਨੇ | 865 |
| 6. | 15 ਤੋਂ 18 ਮਹੀਨੇ | 608 |
| 7. | 18 ਮਹੀਨੇ ਤੋਂ ਵੱਧ | 1,437 |
| **ਜੋੜ** | | **25,465** |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

25,465 ਟੈਂਡਰਾਂ ਦੀ ਬੋਲੀ ਦੀ ਯੋਗਤਾ ਤੋਂ ਇਲਾਵਾ ਏ ਓ ਸੀ ਜਾਰੀ ਕਰਨ ਵਿੱਚ ਇੱਕ ਦਿਨ ਤੋਂ ਲੈ ਕੇ 1,631 ਦਿਨਾਂ ਤੱਕ ਦੀ ਦੇਰੀ ਨੇ, ਸੁਝਾਅ ਦਿੱਤਾ ਕਿ ਜੀ ਈ ਪੀ ਐਨ ਆਈ ਸੀ ਪੋਰਟਲ ਕੋਲ ਇਹ ਯਕੀਨੀ ਬਣਾਉਣ ਲਈ ਐਪਲੀਕੇਸ਼ਨ ਕੰਟਰੋਲ ਨਹੀਂ ਸੀ ਕਿ ਏ ਓ ਸੀ ਤਾਰੀਖ ਬੋਲੀ ਦੀ ਯੋਗਤਾ ਮਿਆਦ ਦੇ ਅੰਦਰ ਸੀ। ਕਿਉਂਕਿ ਠੇਕੇ ਦਾ ਅਵਾਰਡ (ਏ ਓ ਸੀ) ਮੈਨੂਅਲੀ ਜਾਰੀ ਕੀਤਾ ਗਿਆ ਸੀ ਅਤੇ ਪੋਰਟਲ ਤੇ ਏ ਓ ਸੀ ਅਪਲੋਡ ਕਰਨ ਦੀ ਮਿਤੀ ਠੇਕੇ ਦੀ ਅਸਲ ਤਾਰੀਖ ਦੇ ਬਰਾਬਰ ਨਹੀਂ ਹੋ ਸਕਦੀ, ਪ੍ਰਣਾਲੀ ਸੀਨੀਅਰ ਅਧਿਕਾਰੀਆਂ ਦੁਆਰਾ ਟੈਂਡਰਾਂ ਦੀ ਸਥਿਤੀ ਦੀ ਪ੍ਰਭਾਵਸ਼ਾਲੀ ਨਿਗਰਾਨੀ ਦੀ ਸਹੂਲਤ ਦੇਣ ਦੀ ਸਥਿਤੀ ਵਿੱਚ ਨਹੀਂ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) (2) ਅਤੇ ਸਕੂਲ ਸਿੱਖਿਆ ਵਿਭਾਗ (1) ਦੁਆਰਾ ਪ੍ਰਕਾਸ਼ਿਤ ਤਿੰਨ ਨਮੂਨਾ-ਜਾਂਚ ਕੀਤੇ ਟੈਂਡਰਾਂ ਵਿੱਚ, ਏ ਓ ਸੀ ਨੂੰ **ਸਾਰਣੀ** 2.10 ਵਿੱਚ ਵੇਰਵੇ ਅਨੁਸਾਰ ਬੋਲੀ ਦੀ ਯੋਗਤਾ ਦੀ ਮਿਆਦ ਖਤਮ ਹੋਣ ਤੋਂ ਬਾਅਦ ਜਾਰੀ ਕੀਤਾ ਗਿਆ ਸੀ। ਦੋ ਟੈਂਡਰ ਰੱਦ ਕਰਨੇ ਪਏ ਕਿਉਂਕਿ ਬੋਲੀਦਾਤਾਵਾਂ ਨੇ ਏ ਓ ਸੀ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਬੋਲੀ ਦੀ ਯੋਗਤਾ ਮਿਆਦ ਖਤਮ ਹੋ ਗਈ ਸੀ। ਰੱਦ ਕੀਤੇ ਗਏ ਇਨ੍ਹਾਂ ਦੋ ਟੈਂਡਰਾਂ ਵਿਚੋਂ ਇੱਕ ਟੈਂਡਰ ਗਲਾਡਾ ਵੱਲੋਂ ਦੋ[40] ਵਾਰ ਦੁਬਾਰਾ ਪ੍ਰਕਾਸ਼ਿਤ ਕੀਤਾ ਗਿਆ ਸੀ ਅਤੇ ਏ ਓ ਸੀ ਡੀ ਐਨ ਆਈ ਟੀ ਦਰ ਤੋਂ ਇੱਕ *ਪ੍ਰਤੀਸ਼ਤ* ਘੱਟ ਦਰਾਂ ਤੇ ਜਾਰੀ ਕੀਤਾ ਗਿਆ ਸੀ, ਜੋ ਕਿ ਪਿਛਲੀ ਬੋਲੀਦਾਤਾ ਦੁਆਰਾ ਪੇਸ਼ ਕੀਤੀਆਂ ਗਈਆਂ ਡੀ ਐਨ ਆਈ ਟੀ ਦਰਾਂ ਤੋਂ 17.99 *ਪ੍ਰਤੀਸ਼ਤ* ਘੱਟ ਸੀ, ਜਿਸ ਨੇ ਬੋਲੀ ਦੀ ਵੈਧਤਾ ਮਿਆਦ ਖਤਮ ਹੋਣ ਕਾਰਣ ਏ ਓ ਸੀ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

**ਸਾਰਣੀ 2.10: ਬੋਲੀ ਦੀ ਯੋਗਤਾ ਦੀ ਮਿਆਦ ਖਤਮ ਹੋਣ ਤੋਂ ਬਾਅਦ ਠੇਕਾ ਦੇਣ ਦੇ ਮਾਮਲੇ**

| ਵੇਰਵੇ | ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ | ਡੀ ਜੀ, ਸਕੂਲ ਸਿੱਖਿਆ |
|---|---|---|
| ਟੈਂਡਰਾਂ ਦੀ ਸੰਖਿਆ ਜਿਸ ਵਿੱਚ ਏ ਓ ਸੀ ਬੋਲੀ ਯੋਗਤਾ ਤੋਂ ਬਾਅਦ ਜਾਰੀ ਕੀਤਾ ਗਿਆ ਸੀ | 2 | 1 |
| ਟੈਂਡਰਾਂ ਦੀ ਸੰਖਿਆ ਜਿਸ ਵਿੱਚ ਏ ਓ ਸੀ ਸਵੀਕਾਰ ਨਹੀਂ ਕੀਤਾ ਗਿਆ | 1 | 1 |
| ਬੋਲੀ ਯੋਗਤਾ | 11 ਸਤੰਬਰ 2018 | 29 ਮਾਰਚ 2022 |
| ਏ ਓ ਸੀ ਜਾਰੀ ਕੀਤਾ ਗਿਆ | 28 ਸਤੰਬਰ 2018 | 07 ਅਕਤੂਬਰ 2022 |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਨੋਡਲ ਵਿਭਾਗ ਨੇ ਕਿਹਾ (ਅਕਤੂਬਰ 2023) ਕਿ ਜੀ ਈ ਪੀ ਐਨ ਆਈ ਸੀ ਇੱਕ ਵਰਕਫਲੋ-ਅਧਾਰਤ ਸਾੱਫਟਵੇਅਰ ਸੀ। ਤਕਨੀਕੀ ਅਤੇ ਵਿੱਤੀ ਮੁਲਾਂਕਣ ਤੋਂ ਬਾਅਦ, ਉਪਭੋਗਤਾ ਵਿਭਾਗ ਏ ਓ ਸੀ ਆਫਲਾਈਨ ਜਾਰੀ ਕਰਦਾ ਹੈ ਅਤੇ ਬਾਅਦ ਵਿੱਚ ਇਸ ਨੂੰ ਅਪਲੋਡ ਕਰਦਾ ਹੈ। ਜੀ ਈ ਪੀ ਐਨ ਆਈ ਸੀ ਵਿੱਚ ਬੋਲੀ ਦੀ ਯੋਗਤਾ ਦੀ ਜਾਂਚ ਦੇ ਨਤੀਜੇ ਵਜੋਂ ਇੱਕ ਅਧੂਰਾ ਵਰਕਫਲੋ ਹੋ ਸਕਦਾ ਹੈ ਕਿਉਂਕਿ ਇਹ ਉਪਭੋਗਤਾ ਵਿਭਾਗ ਨੂੰ ਬੋਲੀ ਦੀ ਯੋਗਤਾ ਤੋਂ ਬਾਅਦ ਏ ਓ ਸੀ ਜਾਰੀ ਕਰਨ ਤੋਂ ਰੋਕ ਦੇਵੇਗਾ, ਕਿਉਂਕਿ ਬੋਲੀ ਦੀ ਯੋਗਤਾ ਮਿਆਦ ਤੋਂ ਬਾਅਦ ਠੇਕਾ ਦੇਣਾ ਉਪਭੋਗਤਾ ਵਿਭਾਗ ਦੀ ਮਰਜ਼ੀ ਹੈ। ਸਕੂਲ ਸਿੱਖਿਆ ਵਿਭਾਗ ਨੇ ਜਵਾਬ ਦਿੱਤਾ (ਮਈ 2024) ਕਿ ਇਸ ਟੈਂਡਰ ਲਈ ਬੋਲੀ ਦੀ ਯੋਗਤਾ ਵਪਾਰਕ ਬੋਲੀ ਖੋਲ੍ਹਣ ਤੋਂ ਨਿਰਧਾਰਤ ਕੀਤੀ ਗਈ ਸੀ। ਇਸ ਵਿੱਚ ਅੱਗੇ

[40] 05-04-2022 ਨੂੰ ਦੁਬਾਰਾ ਪ੍ਰਕਾਸ਼ਿਤ ਕੀਤਾ ਗਿਆ (ਕੋਈ ਬੋਲੀ ਪ੍ਰਾਪਤ ਨਹੀਂ ਹੋਈ) ਅਤੇ ਫਿਰ 18-04-2022 ਨੂੰ ਦੁਬਾਰਾ (5 ਬੋਲੀਆਂ)।

ਕਿਹਾ ਗਿਆ ਹੈ ਕਿ ਭਵਿੱਖ ਵਿੱਚ ਇਸ ਸਬੰਧ ਵਿੱਚ ਉਚਿਤ ਧਿਆਨ ਰੱਖਿਆ ਜਾਵੇਗਾ। ਟੈਂਡਰ ਰੱਦ ਨਹੀਂ ਕੀਤਾ ਗਿਆ ਸੀ ਕਿਉਂਕਿ ਏ ਓ ਸੀ ਪੜਾਅ ਤੋਂ ਬਾਅਦ ਟੈਂਡਰ ਰੱਦ ਕਰਨ ਦਾ ਕੋਈ ਵਿਕਲਪ ਉਪਲੱਬਧ ਨਹੀਂ ਸੀ।

**(ਅ)** ਪੀ ਟੀ ਪੀ ਪੀ ਨਿਯਮ (ਅੰਤਿਕਾ 2 ਅਤੇ 3) ਕੰਮਾਂ ਅਤੇ ਗੈਰ-ਸਲਾਹ ਮਸ਼ਵਰਾ/ਸਲਾਹ-ਮਸ਼ਵਰਾ ਸੇਵਾਵਾਂ ਲਈ ਖੁੱਲ੍ਹੀ ਪ੍ਰਤੀਯੋਗੀ ਬੋਲੀ ਪ੍ਰਕਿਰਿਆ ਵਿੱਚ ਖਰੀਦ ਗਤੀਵਿਧੀਆਂ ਲਈ ਸਮਾਂ-ਸੀਮਾ ਨਿਰਧਾਰਤ ਕਰਦੇ ਹਨ।

2022-2023 ਦੌਰਾਨ ਪ੍ਰਕਾਸ਼ਿਤ 29,722 ਟੈਂਡਰਾਂ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ **ਸਾਰਣੀ** 2.11 ਵਿੱਚ ਦਰਸਾਏ ਅਨੁਸਾਰ ਹਰੇਕ ਪੜਾਅ ਤੇ ਟੈਂਡਰਾਂ ਦੀ ਪ੍ਰਕਿਰਿਆ ਵਿੱਚ ਦੇਰੀ ਹੋਈ ਸੀ।

**ਸਾਰਣੀ 2.11: ਪੀ ਟੀ ਪੀ ਪੀ ਨਿਯਮਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਟੈਂਡਰਾਂ ਵਿੱਚ ਪ੍ਰਕਿਰਿਆ ਵਿੱਚ ਦੇਰੀ**

| ਟੈਂਡਰ-ਪੜਾਅ | ਟੈਡਰਾਂ ਦੀ ਸੰਖਿਆ | | |
|---|---|---|---|
| | ਇਸ ਪੜਾਅ ਤੇ ਪਹੁੰਚ ਦਾ | ਜਿਥੇ ਦੇਰੀ ਦੇਖਣ ਨੂੰ ਮਿਲੀ (*ਪ੍ਰਤੀਸ਼ਤ*) | ਇਸ ਪੜਾਅ ਤੇ ਪਹੁੰਚ ਦਾ |
| ਤਕਨੀਕੀ ਖੋਲਣਾ | 14,567 | 11,546 (79.26) | 1 ਤੋਂ 353 |
| ਤਕਨੀਕੀ ਮੁਲਾਂਕਣ | 14,851 | 4,116 (27.72) | 1 ਤੋਂ 340 |
| ਵਿੱਤੀ ਖੋਲਣਾ | 13,594 | 4,596 (33.80) | 1 ਤੋਂ 379 |
| ਵਿੱਤੀ ਮੁਲਾਂਕਣ | 10,089 | 4,949 (49.05) | 1 ਤੋਂ 377 |
| ਠੇਕੇ ਦਾ ਅਵਾਰਡ ਜਾਰੀ ਕਰਨਾ | 8,764 | 4,322 (49.43) | 1 ਤੋਂ 367 |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਜਿਵੇ ਕਿ ਉਪਰੋਕਤ ਸਾਰਣੀ ਤੋਂ ਸਪੱਸ਼ਟ ਹੈ, ਟੈਂਡਰਿੰਗ ਪ੍ਰਕਿਰਿਆ ਦੇ ਵੱਖ-ਵੱਖ ਪੜਾਵਾਂ ਤੇ ਮਹੱਤਵਪੂਰਨ ਸੰਖਿਆ ਵਿੱਚ ਟੈਂਡਰਾਂ ਦੀ ਪ੍ਰਕਿਰਿਆ ਵਿੱਚ ਦੇਰੀ ਹੋਈ ਸੀ ਅਤੇ ਦੇਰੀ ਦਾ ਸਾਹਮਣਾ ਕਰਨ ਵਾਲੇ ਟੈਂਡਰਾਂ ਦੀ ਸੰਖਿਆ 28 *ਪ੍ਰਤੀਸ਼ਤ* ਅਤੇ 79 *ਪ੍ਰਤੀਸ਼ਤ* ਦੇ ਵਿਚਕਾਰ ਸੀ। ਦਿਨਾਂ ਵਿੱਚ ਦੇਰੀ 379 ਦਿਨਾਂ ਤੱਕ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਪੀ ਟੀ ਪੀ ਪੀ ਨਿਯਮ ਹੋਂਦ ਵਿੱਚ ਆਉਣ ਦੇ ਬਾਵਜੂਦ, ਆਬਕਾਰੀ ਵਿਭਾਗ ਵੱਲੋਂ ਜੂਨ 2022 ਅਤੇ ਮਾਰਚ 2023 ਵਿੱਚ ਪ੍ਰਕਾਸ਼ਿਤ ਕੀਤੇ ਗਏ 40 ਨਮੂਨਾ-ਜਾਂਚ ਕੀਤੇ ਗਏ ਟੈਂਡਰਾਂ ਵਿੱਚੋਂ ₹ 420 ਕਰੋੜ ਦੇ ਮੁੱਲ ਦੇ 12 ਟੈਂਡਰਾਂ (30 *ਪ੍ਰਤੀਸ਼ਤ*) ਵਿੱਚ ਪੋਰਟਲ ਤੇ ਟੈਂਡਰ ਪ੍ਰਕਾਸ਼ਿਤ ਕਰਨ ਤੋਂ ਲੈ ਕੇ ਏ ਓ ਸੀਜ਼ ਜਾਰੀ ਕਰਨ ਤੱਕ ਦੀ ਸਾਰੀ ਟੈਂਡਰ ਪ੍ਰਕਿਰਿਆ ਇੱਕ ਦਿਨ ਵਿੱਚ ਪੂਰੀ ਕੀਤੀ ਗਈ ਸੀ।

ਲੇਖਾ ਪ੍ਰੀਖਿਆ ਵਿੱਚ ਹੋਰ ਦੇਖਿਆ ਗਿਆ ਕਿ ਜੀ ਈ ਪੀ ਐਨ ਆਈ ਸੀ ਕੋਲ ਏ ਓ ਸੀ ਜਾਰੀ ਕਰਨ ਦੇ ਪੜਾਅ ਨੂੰ ਛੱਡ ਕੇ ਪੜਾਅ-ਵਾਰ ਦੇਰੀ ਨੂੰ ਫਲੈਗ ਕਰਨ ਦਾ ਕੋਈ ਪ੍ਰਬੰਧ ਨਹੀਂ ਸੀ। ਇਸ ਘਾਟ ਦੀ ਪੁਸ਼ਟੀ ਇਸ ਤੱਥ ਤੋਂ ਹੁੰਦੀ ਹੈ ਕਿ ਟੈਂਡਰਿੰਗ ਪ੍ਰਕਿਰਿਆ ਲਈ ਮਹੱਤਵਪੂਰਨ ਗਤੀਵਿਧੀਆਂ

ਪ੍ਰਣਾਲੀ ਤੋਂ ਬਾਹਰ ਮੈਨੂਅਲੀ ਕੀਤੀਆਂ ਜਾ ਰਹੀਆਂ ਸਨ ਜਿਵੇਂ ਕਿ ਪੈਰ੍ਹਾ 2.9.3 ਵਿੱਚ ਚਰਚਾ ਕੀਤੀ ਗਈ ਹੈ।

ਨੋਡਲ ਵਿਭਾਗ ਨੇ ਕਿਹਾ (ਜੂਨ 2024) ਕਿ ਜੀ ਈ ਪੀ ਐਨ ਆਈ ਸੀ ਇੱਕ ਜੈਨਰਿਕ ਸਾੱਫਟਵੇਅਰ ਹੈ। ਹਾਲਾਂਕਿ ਪੀ ਟੀ ਪੀ ਪੀ ਇੱਕ ਮਿਆਰੀ ਫਰੇਮਵਰਕ ਪ੍ਰਦਾਨ ਕਰਦੇ ਹਨ, ਵਿਅਕਤੀਗਤ ਵਿਭਾਗਾਂ ਦੀਆਂ ਆਪਣੀਆਂ ਖਰੀਦ ਨੀਤੀਆਂ ਅਤੇ ਪ੍ਰਕਿਰਿਆਵਾਂ ਹੋ ਸਕਦੀਆਂ ਹਨ, ਜਿਸ ਨਾਲ ਸੰਭਾਵਿਤ ਗਲਤੀ ਹੋ ਸਕਦੀ ਹੈ। ਅੱਗੇ ਇਹ ਕਿਹਾ ਗਿਆ ਕਿ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਟੈਂਡਰ ਸੱਦਾ ਦੇਣ ਵਾਲੀਆਂ ਅਥਾਰਟੀਆਂ ਦੀ ਜ਼ਿੰਮੇਵਾਰੀ ਸੀ। ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਉਪਭੋਗਤਾ ਵਿਭਾਗਾਂ ਨੂੰ ਲੋੜੀਂਦੀ ਸਲਾਹ ਜਾਰੀ ਕੀਤੀ ਗਈ ਸੀ।

ਨੋਡਲ ਵਿਭਾਗ ਦਾ ਜਵਾਬ ਤਸਲੀਬੱਖਸ਼ ਨਹੀਂ ਸੀ, ਕਿਉਂਕਿ ਇਸ ਨੇ ਸਿਰਫ ਇਹ ਸੰਕੇਤ ਦਿੱਤਾ ਸੀ ਕਿ ਐਪਲੀਕੇਸ਼ਨ ਦੀ ਵਰਤੋਂ ਮੁੱਖ ਕਾਰੋਬਾਰੀ ਨਿਯਮਾਂ ਨੂੰ ਲਾਗੂ ਕਰਨ ਲਈ ਲੋੜੀਂਦੇ ਐਪਲੀਕੇਸ਼ਨ ਨਿਯੰਤਰਣਾਂ ਤੋਂ ਬਿਨਾਂ ਸਿਰਫ ਵਰਕਫਲੋ ਪ੍ਰੋਸੈਸਿੰਗ ਲਈ ਕੀਤੀ ਜਾ ਰਹੀ ਸੀ। ਇਸਦਾ ਮਤਲਬ ਇਹ ਸੀ ਕਿ ਜੀ ਈ ਪੀ ਐਨ ਆਈ ਸੀ ਐਪਲੀਕੇਸ਼ਨ ਦੇ ਲਾਗੂ ਹੋਣ ਤੋਂ ਬਾਅਦ ਵੀ, ਪਾਲਣਾ ਦਾ ਬੋਝ ਵਿਅਕਤੀਗਤ ਉਪਭੋਗਤਾਵਾਂ ਤੋਂ ਪ੍ਰਣਾਲੀ ਵੱਲ ਤਬਦੀਲ ਨਹੀਂ ਹੋਇਆ ਸੀ ਅਤੇ ਇਸ ਲਈ, ਲਾਗੂ ਕਰਨ ਦੇ ਪੂਰੇ ਲਾਭ ਅਜੇ ਤੱਕ ਪ੍ਰਾਪਤ ਨਹੀਂ ਹੋਏ ਸਨ।

### 2.10.1.3 ਬੋਲੀਆਂ ਦੀ ਨਾਕਾਫੀ ਸੰਖਿਆ ਦੇ ਬਾਵਜੂਦ ਟੈਂਡਰ ਖੋਲ੍ਹਣਾ

ਪੀ ਟੀ ਪੀ ਪੀ ਨਿਯਮਾਂ ਦੇ ਨਿਯਮ 21(6) ਤੋਂ (9) ਦੇ ਅਨੁਸਾਰ, ਤਕਨੀਕੀ ਮੁਲਾਂਕਣ ਵਿੱਚ ਯੋਗਤਾ ਪੂਰੀ ਕਰਨ ਵਾਲਿਆਂ ਬੋਲੀਦਾਤਾਵਾਂ ਦੀ ਸੰਖਿਆ ਘੱਟੋ ਘੱਟ ਦੋ ਹੋਣੀ ਚਾਹੀਦੀ ਹੈ। ਜੇ ਪਹਿਲੀ ਬੋਲੀ ਦੌਰਾਨ ਇਹ ਸ਼ਰਤ ਪੂਰੀ ਨਹੀਂ ਕੀਤੀ ਜਾਂਦੀ ਹੈ, ਤਾਂ ਪ੍ਰਕਿਰਿਆ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ, ਵਿੱਤੀ ਬੋਲੀਆਂ ਨਹੀਂ ਖੋਲ੍ਹੀਆਂ ਜਾਣੀਆਂ ਚਾਹੀਦੀਆਂ ਅਤੇ ਨਵੀਆਂ ਬੋਲੀਆਂ ਉਸੇ ਜਾਂ ਸੋਧੇ ਹੋਏ ਮਾਪਦੰਡਾਂ ਨਾਲ ਮੰਗੀਆਂ ਜਾ ਸਕਦੀਆਂ ਹਨ ਜੋ ਖਰੀਦਦਾਰ ਇਕਾਈ ਦੁਆਰਾ ਨਿਰਧਾਰਤ ਕੀਤੀਆਂ ਜਾ ਸਕਦੀਆਂ ਹਨ। ਇਸ ਪ੍ਰਕਿਰਿਆ ਨੂੰ ਦੁਹਰਾਇਆ ਜਾ ਸਕਦਾ ਹੈ ਤਾਂ ਜੋ ਘੱਟੋ ਘੱਟ ਦੋ ਯੋਗਤਾ ਪ੍ਰਾਪਤ ਬੋਲੀਦਾਤਾ ਹੋਣ। ਜੇ ਤੀਜੀ ਬੋਲੀ ਤੋਂ ਬਾਅਦ, ਸ਼ਰਤ ਅਜੇ ਵੀ ਪੂਰੀ ਨਹੀਂ ਹੁੰਦੀ ਹੈ, ਤਾਂ ਸਮਰੱਥ ਅਥਾਰਟੀ ਇਕੋ ਬੋਲੀ ਨਾਲ ਅੱਗੇ ਵਧਣ ਦੀ ਚੋਣ ਕਰ ਸਕਦੀ ਹੈ, ਬਸ਼ਰਤੇ ਕਿ ਇਸ ਫੈਸਲੇ ਦਾ ਕਾਰਣ ਲਿਖਤੀ ਰੂਪ ਵਿੱਚ ਦਸਤਾਵੇਜ਼ਬੱਧ ਹੋਵੇ।

ਨਮੂਨਾ-ਜਾਂਚ ਕੀਤੇ ਟੈਂਡਰਾਂ ਦੀ ਲੇਖਾ ਪ੍ਰੀਖਿਆ ਤੋਂ ਪਤਾ ਲੱਗਿਆ ਕਿ ਸੰਬੰਧਿਤ ਹਦਾਇਤਾਂ ਜੀ ਈ ਪੀ ਐਨ ਆਈ ਸੀ ਵਿੱਚ ਮੈਪ ਨਹੀਂ ਕੀਤੀਆਂ ਗਈਆਂ ਸਨ। ਇਹ ਵੀ ਦੇਖਿਆ ਗਿਆ ਕਿ ਪ੍ਰਣਾਲੀ ਵਿੱਚ ਕਿਸੇ ਵਿਸ਼ੇਸ਼ ਟੈਂਡਰ ਨੂੰ ਦੁਬਾਰਾ ਪ੍ਰਕਾਸ਼ਿਤ ਕੀਤੇ ਜਾਣ ਦੀ ਸੰਖਿਆ ਨੂੰ ਟਰੈਕ ਕਰਨ ਦੀ ਵਿਧੀ ਦੀ ਘਾਟ ਸੀ, ਅਤੇ ਇਸ ਲਈ ਘੱਟੋ ਘੱਟ ਦੋ ਯੋਗਤਾ ਪ੍ਰਾਪਤ ਬੋਲੀਦਾਤਾਵਾਂ ਦੀ ਜ਼ਰੂਰਤ ਦੀ ਪਾਲਣਾ ਨੂੰ ਸੁਵਿਧਾਜਨਕ ਬਣਾਉਣ ਦੀ ਸਥਿਤੀ ਵਿੱਚ ਨਹੀਂ ਸੀ।

ਕਿਉਂਕਿ ਪ੍ਰਣਾਲੀ ਵਿੱਚ ਦੁਬਾਰਾ ਪ੍ਰਕਾਸ਼ਿਤ ਟੈਂਡਰਾਂ ਦੀ ਪਛਾਣ ਕਰਨ ਦਾ ਪ੍ਰਬੰਧ ਨਹੀਂ ਸੀ, ਲੇਖਾ ਪ੍ਰੀਖਿਆ ਨੇ ਤਿੰਨ ਪੱਧਰਾਂ 'ਤੇ ਟੈਂਡਰ ਪ੍ਰਕਾਸ਼ਨ ਮਿਤੀ ਦੇ ਆਧਾਰ 'ਤੇ ਅਜਿਹੇ ਟੈਂਡਰਾਂ ਦੀ ਪਛਾਣ

ਕੀਤੀ ਜਿਵੇਂ ਕਿ **ਪੱਧਰ** 1: ਖਰੀਦ ਇਕਾਈ, **ਪੱਧਰ** 2: ਟੈਂਡਰ ਸਿਰਲੇਖ ਅਤੇ **ਪੱਧਰ** 3: ਟੈਂਡਰ ਮੁੱਲ। ਡਾਟਾ ਦੇ ਵਿਸ਼ਲੇਸ਼ਣ ਨੇ ਹੇਠ ਲਿਖੀਆਂ ਵਿਸੰਗਤੀਆਂ ਦਾ ਖੁਲਾਸਾ ਕੀਤਾ:

(ੳ) 45 ਵਿਭਾਗਾਂ/ਸੰਸਥਾਵਾਂ ਵਿੱਚੋਂ 23 ਖਰੀਦ ਇਕਾਈਆਂ ਨੂੰ ਪੀ ਟੀ ਪੀ ਪੀ ਨਿਯਮਾਂ ਦੇ ਲਾਗੂ ਹੋਣ ਤੋਂ ਬਾਅਦ ਪ੍ਰਕਾਸ਼ਿਤ 965 ਟੈਂਡਰਾਂ ਵਿੱਚ ਇੱਕ ਸਿੰਗਲ ਬੋਲੀ ਪ੍ਰਾਪਤ ਹੋਈ, ਜਿਵੇਂ ਕਿ **ਅੰਤਿਕਾ** 2.5 ਵਿੱਚ ਵੇਰਵਾ ਦਿੱਤਾ ਗਿਆ ਹੈ। ਘੱਟੋ ਘੱਟ ਦੋ ਯੋਗ ਬੋਲੀਦਾਤਾਵਾਂ ਦੀ ਘਾਟ ਕਾਰਣ ਇਨ੍ਹਾਂ ਟੈਂਡਰਾਂ ਨੂੰ ਦੁਬਾਰਾ ਪ੍ਰਕਾਸ਼ਿਤ ਕਰਨ ਦੀ ਬਜਾਏ, ਇਨ੍ਹਾਂ ਵਿਭਾਗਾਂ ਨੇ ਪਹਿਲੀ ਵਾਰ ਵਿੱਚ ਅਨਿਯਮਿਤ ਤੌਰ ਤੇ ਇਕੋ ਬੋਲੀ ਖੋਲ ਦਿੱਤੀ। ਲੇਖਾ ਪ੍ਰੀਖਿਆ ਵਿੱਚ ਅੱਗੇ ਦੇਖਿਆ ਗਿਆ ਕਿ 20 ਖਰੀਦ ਇਕਾਈਆਂ ਨੇ ਟੈਂਡਰ ਨੂੰ ਦੁਬਾਰਾ ਪ੍ਰਕਾਸ਼ਿਤ ਕਰਨ ਦੀ ਕੋਸ਼ਿਸ਼ ਕੀਤੇ ਬਿਨਾਂ ਇਨ੍ਹਾਂ ਵਿੱਚੋਂ 559 ਟੈਂਡਰਾਂ ਤੇ ਕਾਰਵਾਈ ਕੀਤੀ ਅਤੇ ਸਿੰਗਲ ਬੋਲੀਦਾਤਾ ਨੂੰ ਏ ਓ ਸੀ ਜਾਰੀ ਕੀਤਾ।

ਜਨਵਰੀ 2022 ਵਿੱਚ ਪੀ ਟੀ ਪੀ ਪੀ ਨਿਯਮਾਂ ਦੇ ਲਾਗੂ ਹੋਣ ਤੋਂ ਪਹਿਲਾਂ, ਵਿਭਾਗਾਂ ਨੇ ਇਸ ਸਬੰਧ ਵਿੱਚ ਜਾਰੀ ਕੀਤੀਆਂ ਆਪਣੀਆਂ ਹੀ ਹਦਾਇਤਾਂ ਦੀ ਪਾਲਣਾ ਕੀਤੀ।

(ਅ) ਇਸੇ ਤਰ੍ਹਾਂ ਤਿੰਨ ਵਿਭਾਗਾਂ[41] ਵੱਲੋਂ ਪ੍ਰਕਾਸ਼ਿਤ ਨਮੂਨਾ-ਜਾਂਚ ਕੀਤੇ ਟੈਂਡਰਾਂ ਵਿੱਚੋਂ 26 ਟੈਂਡਰਾਂ 'ਤੇ ਟੈਂਡਰ ਮੁੜ ਪ੍ਰਕਾਸ਼ਿਤ ਕਰਨ ਦੀ ਕੋਸ਼ਿਸ਼ ਕੀਤੇ ਬਿਨਾਂ ਪਹਿਲੀ ਵਾਰ ਵਿੱਚ ਸਿੰਗਲ ਬੋਲੀ ਪ੍ਰਾਪਤ ਕਰਨ ਦੇ ਬਾਵਜੂਦ ਕਾਰਵਾਈ ਕੀਤੀ ਗਈ ਅਤੇ ਇਨ੍ਹਾਂ ਸਾਰੇ ਟੈਂਡਰਾਂ ਵਿੱਚ ਏ ਓ ਸੀ ਵੀ ਜਾਰੀ ਕਰ ਦਿੱਤੀ ਗਈ।

(ੲ) ਪੀ ਟੀ ਪੀ ਪੀ ਨਿਯਮਾਂ ਦੇ 7 ਜਨਵਰੀ 2022 ਨੂੰ ਹੋਂਦ ਵਿੱਚ ਆਉਣ ਤੋਂ ਪਹਿਲਾਂ, ਸਥਾਨਕ ਸਰਕਾਰ ਵਿਭਾਗ ਵਿੱਚ ਟੈਂਡਰ ਪ੍ਰਕਿਰਿਆ 2 ਅਗਸਤ 2018 ਨੂੰ ਨੋਟੀਫਾਈ ਕੀਤੀਆਂ ਹਦਾਇਤਾਂ ਦੁਆਰਾ ਨਿਯੰਤਰਿਤ ਕੀਤੀ ਜਾ ਰਹੀ ਸੀ ਜਿਸ ਵਿੱਚ ਪਹਿਲੀ ਕੋਸ਼ਿਸ਼ ਵਿੱਚ ਵਿੱਤੀ ਬੋਲੀਆਂ ਖੋਲ੍ਹਣ ਲਈ ਘੱਟੋ ਘੱਟ ਤਿੰਨ ਯੋਗ ਤਕਨੀਕੀ ਬੋਲੀਆਂ ਪ੍ਰਾਪਤ ਕਰਨ ਦੀ ਸ਼ਰਤ ਨਿਰਧਾਰਤ ਕੀਤੀ ਗਈ ਸੀ।

2018-2023 ਦੌਰਾਨ ਸਥਾਨਕ ਸਰਕਾਰ ਵਿਭਾਗ ਨੇ 1,12,152 ਟੈਂਡਰ ਪ੍ਰਕਾਸ਼ਿਤ ਕੀਤੇ। ਇਨ੍ਹਾਂ ਟੈਂਡਰਾਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਵਿਭਾਗ ਵੱਲੋਂ 2 ਅਗਸਤ 2018 ਅਤੇ 7 ਜਨਵਰੀ 2022 ਵਿਚਕਾਰ ਤਿੰਨ ਤੋਂ ਘੱਟ ਤਕਨੀਕੀ ਬੋਲੀਆਂ ਹੋਣ ਦੇ ਬਾਵਜੂਦ 5,331 ਟੈਂਡਰਾਂ ਵਿੱਚ ਤਕਨੀਕੀ ਬੋਲੀਆਂ ਖੋਲ੍ਹੀਆਂ ਗਈਆਂ ਸਨ। ਇਨ੍ਹਾਂ ਵਿੱਚੋਂ 4,784 ਟੈਂਡਰਾਂ ਵਿੱਚ ਵਿੱਤੀ ਬੋਲੀਆਂ ਵੀ ਖੋਲ੍ਹੀਆਂ ਗਈਆਂ ਸੀ ਅਤੇ ਉਪਰੋਕਤ ਨੋਟੀਫਿਕੇਸ਼ਨ ਦੀ ਉਲੰਘਣਾ ਕਰਕੇ 3,410 ਟੈਂਡਰਾਂ ਵਿੱਚ ਏ ਓ ਸੀ ਜਾਰੀ ਕੀਤੀ ਗਈ ਸੀ।

---

[41] ਆਬਕਾਰੀ ਵਿਭਾਗ (22); ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ-ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ (3) ਅਤੇ ਸਥਾਨਕ ਸਰਕਾਰ ਵਿਭਾਗ- ਨਗਰ ਕੌਂਸਲ, ਸਰਹਿੰਦ (1)।

(ਸ) ਲੋਕ ਨਿਰਮਾਣ ਵਿਭਾਗ ਨੇ ਨਿਰਧਾਰਤ[42] ਕੀਤਾ (ਫਰਵਰੀ 2018) ਕਿ ਟੈਂਡਰਾਂ ਦੀ ਤਕਨੀਕੀ ਬੋਲੀ ਜਿੱਥੇ ਪਹਿਲੀ ਵਾਰ ਵਿੱਚ ਇਕੋ ਬੋਲੀ ਪ੍ਰਾਪਤ ਹੋਈ ਸੀ, ਨੂੰ ਨਹੀਂ ਖੋਲ੍ਹਿਆ ਜਾਵੇਗਾ। ਇੱਥੋ ਤੱਕ ਕਿ ਉਨ੍ਹਾਂ ਮਾਮਲਿਆਂ ਵਿੱਚ ਵੀ ਜਿੱਥੇ ਇੱਕ ਬੋਲੀ ਤਕਨੀਕੀ ਮੁਲਾਂਕਣ ਦੇ ਯੋਗ ਹੈ, ਵਿੱਤੀ ਬੋਲੀ ਪਹਿਲੀ ਵਾਰ ਵਿੱਚ ਨਹੀਂ ਖੋਲ੍ਹੀ ਜਾਵੇਗੀ।

ਇਸ ਤੋ ਪਹਿਲਾਂਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਗੈਰ-ਜਨਤਕ ਖੇਤਰ ਉਪਕ੍ਰਮ) 'ਤੇ 31 ਮਾਰਚ 2017 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਦੇ ਪੈਰ੍ਹਾ 3.12.3.2 ਵਿੱਚ ਪਹਿਲੀ ਵਾਰ ਵਿੱਚ ਸਿੰਗਲ ਬੋਲੀ ਦੇ ਮਾਮਲੇ ਦਾ ਜ਼ਿਕਰ ਕੀਤਾ ਗਿਆ ਸੀ। ਪੀ ਡਬਲਯੂ ਡੀ (ਬੀ ਐਂਡ ਆਰ) ਨੇ ਉਸ ਸਮੇਂ ਪੀ ਏ ਸੀ ਨੂੰ ਭਰੋਸਾ ਦਿੱਤਾ ਸੀ (ਅਕਤੂਬਰ 2018) ਕਿ ਪਹਿਲੀ ਵਾਰ ਵਿੱਚ ਸਿੰਗਲ ਬੋਲੀ ਨਾ ਖੋਲ੍ਹਣ ਬਾਰੇ ਨਿਰਦੇਸ਼ ਫਰਵਰੀ 2018 ਵਿੱਚ ਜਾਰੀ ਕੀਤੇ ਗਏ ਸਨ। ਹਾਲਾਂਕਿ, ਲੇਖਾ ਪ੍ਰੀਖਿਆ ਨੇ ਦੇਖਿਆ ਕਿ ਸਿੰਗਲ ਬੋਲੀਆਂ ਵਾਲੇ ਟੈਂਡਰ ਅਜੇ ਵੀ ਅਨਿਯਮਿਤ ਤਰੀਕੇ ਨਾਲ ਖੋਲ੍ਹੇ ਜਾ ਰਹੇ ਸਨ ਅਤੇ ਅਵਾਰਡ ਜਾਰੀ ਕਰਨ ਲਈ ਪ੍ਰਕਿਰਿਆ ਕੀਤੀ ਜਾ ਰਹੀ ਸੀ।

ਲੋਕ ਨਿਰਮਾਣ ਵਿਭਾਗ ਵੱਲੋਂ ਪ੍ਰਕਾਸ਼ਿਤ 9,516 ਟੈਂਡਰਾਂ ਨਾਲ ਸਬੰਧਿਤ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਹਾਲਾਂਕਿ ਪਹਿਲੀ ਵਾਰ 1,130 ਟੈਂਡਰ ਪ੍ਰਕਾਸ਼ਿਤ ਕੀਤੇ ਗਏ ਸਨ ਅਤੇ ਜਵਾਬ ਵਿੱਚ ਇੱਕ ਬੋਲੀ ਪ੍ਰਾਪਤ ਹੋਈ ਸੀ, ਪਰ ਵਿਭਾਗ ਨੇ ਅਨਿਯਮਿਤ ਤੌਰ 'ਤੇ ਇਕੋ ਤਕਨੀਕੀ ਅਤੇ ਵਿੱਤੀ ਬੋਲੀ ਦਾ ਮੁਲਾਂਕਣ ਕੀਤਾ ਸੀ ਅਤੇ 383 ਟੈਂਡਰਾਂ ਵਿੱਚ ਏ ਓ ਸੀ ਜਾਰੀ ਕੀਤਾ ਸੀ।

ਇਸੇ ਤਰ੍ਹਾਂ, 424 ਟੈਂਡਰਾਂ ਵਿੱਚ ਵਿੱਤੀ ਬੋਲੀ ਖੋਲ੍ਹੀ ਗਈ ਸੀ, ਹਾਲਾਂਕਿ ਇਨ੍ਹਾਂ ਟੈਂਡਰਾਂ ਵਿੱਚ ਤਕਨੀਕੀ ਮੁਲਾਂਕਣ ਲਈ ਸਿਰਫ ਇੱਕ ਬੋਲੀ ਯੋਗ ਸੀ। ਵਿਭਾਗ ਨੇ ਹਦਾਇਤਾਂ ਦੀ ਉਲੰਘਣਾ ਕਰਦਿਆਂ 397 ਬੋਲੀਦਾਤਾਵਾਂ ਨੂੰ ਏ ਓ ਸੀ ਜਾਰੀ ਕੀਤਾ।

ਨੋਡਲ ਵਿਭਾਗ ਨੇ ਸਵੀਕਾਰ ਕੀਤਾ (ਅਕਤੂਬਰ 2023) ਕਿ ਪਹਿਲੀ ਵਾਰ ਇੱਕੋ ਬੋਲੀਦਾਤਾ ਨੂੰ ਠੇਕਾ ਦੇਣ ਤੋਂ ਰੋਕਣ ਲਈ ਈ-ਖਰੀਦ ਪੋਰਟਲ ਵਿੱਚ ਕੋਈ ਐਪਲੀਕੇਸ਼ਨ ਕੰਟਰੋਲ ਲਾਗੂ ਨਹੀਂ ਕੀਤਾ ਗਿਆ ਸੀ। ਨੋਡਲ ਵਿਭਾਗ ਨੇ ਅੱਗੇ ਦੱਸਿਆ ਕਿ ਇੱਕੋ ਬੋਲੀਦਾਤਾ ਨੂੰ ਠੇਕਾ ਦੇਣ ਦਾ ਫੈਸਲਾ ਸਬੰਧਤ ਵਿਭਾਗਾਂ ਵੱਲੋਂ ਲਿਆ ਗਿਆ ਸੀ। ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਉਪਭੋਗਤਾ ਵਿਭਾਗਾਂ ਨੂੰ ਲੋੜੀਂਦੀ ਸਲਾਹ ਜਾਰੀ ਕਰ ਦਿੱਤੀ ਗਈ ਸੀ।

ਨੋਡਲ ਵਿਭਾਗ ਦਾ ਜਵਾਬ ਤਸਲੀਬੱਖਸ਼ ਨਹੀਂ ਸੀ, ਕਿਉਂਕਿ ਉਪਭੋਗਤਾ ਵਿਭਾਗਾਂ ਲਈ ਹਿਦਾਇਤਾਂ ਪਹਿਲਾਂ ਹੀ ਮੌਜੂਦ ਸਨ। ਇਸ ਅਨੁਸਾਰ, ਜੀ ਈ ਪੀ ਐਨ ਆਈ ਸੀ ਨੂੰ ਪੂਰੇ ਲਾਭ ਪ੍ਰਾਪਤ ਕਰਨ ਲਈ ਮੌਜੂਦਾ ਕਾਰੋਬਾਰੀ ਨਿਯਮਾਂ ਨਾਲ ਏਕੀਕ੍ਰਿਤ ਕਰਨ ਦੀ ਲੋੜ ਸੀ।

---

42 ਪੰਜਾਬ ਸੜਕ ਅਤੇ ਪੁਲ ਵਿਕਾਸ ਬੋਰਡ ਦੇ ਮੁੱਖ ਇੰਜੀਨੀਅਰ ਦੁਆਰਾ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਦੇ ਸਲਾਹਕਾਰ (ਤਕਨੀਕੀ) ਨਾਲ ਸਲਾਹ ਮਸ਼ਵਰਾ ਕਰਕੇ।

## 2.10.2 ਉਪਭੋਗਤਾਵਾਂ ਦੀ ਦਾਖਲਾ ਪ੍ਰਕਿਰਿਆ ਵਿੱਚ ਪ੍ਰਮਾਣਿਕਤਾ ਨਿਯੰਤਰਣਾਂ ਦੀ ਗੈਰ-ਮੈਪਿੰਗ

ਜੀ ਈ ਪੀ ਐਨ ਆਈ ਸੀ ਦੀ ਵਰਤੋਂ ਕਰਨ ਲਈ, ਵਿਭਾਗੀ ਉਪਭੋਗਤਾਵਾਂ ਅਤੇ ਬੋਲੀਦਾਤਾਵਾਂ ਦੋਵਾਂ ਨੂੰ ਆਪਣੀਆਂ ਸਬੰਧਤ ਭੂਮਿਕਾਵਾਂ ਵਿੱਚ ਜੀ ਈ ਪੀ ਐਨ ਆਈ ਸੀ ਤੇ ਆਪਣੇ ਆਪ ਨੂੰ ਰਜਿਸਟਰ ਕਰਨ ਦੀ ਲੋੜ ਸੀ। ਈ-ਖਰੀਦ ਪੋਰਟਲ ਰਾਹੀਂ ਆਨਲਾਈਨ ਰਜਿਸਟ੍ਰੇਸ਼ਨ ਦੌਰਾਨ ਬੋਲੀਦਾਤਾ ਨੂੰ ਈ-ਮੇਲ ਆਈ ਡੀ, ਮੋਬਾਇਲ ਨੰਬਰ, ਰਜਿਸਟ੍ਰੇਸ਼ਨ ਨੰਬਰ, ਪੈਨ, ਜੀ ਐਸ ਟੀ ਆਈ ਐਨ ਆਦਿ ਨਾਲ ਸਬੰਧਤ ਜਾਣਕਾਰੀ ਦੇਣੀ ਲਾਜ਼ਮੀ ਹੁੰਦੀ ਹੈ। ਆਨਲਾਈਨ ਬੋਲੀਆਂ ਜਮ੍ਹਾਂ ਕਰਨ ਦੌਰਾਨ ਬੋਲੀਦਾਤਾਵਾਂ ਲਈ ਵਿਭਾਗੀ ਉਪਭੋਗਤਾਵਾਂ ਲਈ ਬੋਲੀਆਂ ਖੋਲ੍ਹਣ, ਮੁਲਾਂਕਣ ਕਰਨ ਅਤੇ ਏ ਓ ਸੀ ਜਾਰੀ ਕਰਨ ਦੀ ਪ੍ਰਕਿਰਿਆ ਕਰਨ ਲਈ ਡਿਜੀਟਲ ਦਸਤਖਤਾਂ ਦੀ ਵਰਤੋਂ ਲਾਜ਼ਮੀ ਸੀ।

ਜੀ ਈ ਪੀ ਐਨ ਆਈ ਸੀ ਰਜਿਸਟਰਡ ਉਪਭੋਗਤਾਵਾਂ ਦੇ ਡੇਟਾ ਨੂੰ "ਜੀ ਈ ਪੀ_ ਯੂਜ਼ਰ" ਸਿਰਲੇਖ ਵਾਲੀ ਇੱਕ ਸਾਰਣੀ ਵਿੱਚ ਸਟੋਰ ਕਰਦਾ ਹੈ। "ਜੀ ਈ ਪੀ_ ਯੂਜ਼ਰ" ਦੇ ਡਾਟਾ ਦੇ ਵਿਸ਼ਲੇਸ਼ਣ ਤੋਂ ਪਤਾ ਚੱਲਦਾ ਹੈ ਕਿ 2018-2023 ਦੀ ਮਿਆਦ ਦੌਰਾਨ 37,958 ਰਜਿਸਟਰਡ ਉਪਭੋਗਤਾ, 4,702 ਵਿਭਾਗੀ ਉਪਭੋਗਤਾ ਅਤੇ 33,256 ਬੋਲੀਦਾਤਾ ਸਨ। ਲਾਜ਼ਮੀ ਖੇਤਰਾਂ ਵਿੱਚ ਵੇਖੀਆਂ ਗਈਆਂ ਵਿਸੰਗਤੀਆਂ ਦੀ ਚਰਚਾ ਹੇਠ ਲਿਖੇ ਪੈਰ੍ਹਿਆਂ ਵਿੱਚ ਕੀਤੀ ਗਈ ਹੈ।

### *(ੳ) ਤਸਦੀਕ ਦੀ ਮਿਤੀ ਉਪਭੋਗਤਾ ਸਾਰਣੀ ਵਿੱਚ ਕੈਪਚਰ ਨਹੀਂ ਕੀਤੀ ਗਈ*

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਈ-ਖਰੀਦ ਪੋਰਟਲ 'ਤੇ ਰਜਿਸਟ੍ਰੇਸ਼ਨ ਲਈ ਵਰਤੇ ਗਏ ਬੋਲੀਦਾਤਾਵਾਂ ਪ੍ਰਮਾਣ ਪੱਤਰਾਂ ਦੀ ਪੁਸ਼ਟੀ ਕਰਨ ਲਈ ਕੋਈ ਪ੍ਰਕਿਰਿਆ ਸਥਾਪਤ ਨਹੀਂ ਕੀਤੀ ਗਈ ਸੀ। ਉਪਭੋਗਤਾ ਸਾਰਣੀ 'ਜੀ ਈ ਪੀ_ਯੂਜ਼ਰ' ਜਿਸ ਵਿੱਚ ਇੱਕ ਫੀਲਡ "ਤਸਦੀਕ ਕੀਤੀ ਮਿਤੀ" ਸ਼ਾਮਲ ਹੈ, ਖਾਲੀ ਪਾਈ ਗਈ, ਜਿਸ ਦੀ ਅਣਹੋਂਦ ਵਿੱਚ ਰਜਿਸਟਰਡ ਉਪਭੋਗਤਾਵਾਂ ਦੀ ਅਸਲ ਤਸਦੀਕ ਮਿਤੀ ਦਾ ਪਤਾ ਨਹੀਂ ਲਗਾਇਆ ਜਾ ਸਕਿਆ।

ਇਸੇ ਤਰ੍ਹਾਂ, ਉਸੇ ਟੇਬਲ ਦੇ "ਦੁਆਰਾ ਤਸਦੀਕ ਕੀਤਾ ਗਿਆ" ਖੇਤਰ ਵਿੱਚ, ਐਨ ਆਈ ਸੀ ਐਡਮਿਨ[43] ਨੂੰ ਨੋਡਲ ਵਿਭਾਗ ਜਾਂ ਟੈਂਡਰ ਸੱਦਾ ਅਥਾਰਟੀ (ਟੀ ਆਈ ਏ) ਦੀ ਬਜਾਏ ਪੁਸ਼ਟੀਕਰਤਾ ਵਜੋਂ ਸੂਚੀਬੱਧ ਕੀਤਾ ਗਿਆ ਸੀ, ਜੋ ਰਜਿਸਟ੍ਰੇਸ਼ਨ ਲਈ ਬੋਲੀਦਾਤਾ ਦੁਆਰਾ ਜਮ੍ਹਾਂ ਕੀਤੇ ਦਸਤਾਵੇਜ਼ਾਂ ਦੇ ਅਧਾਰ ਤੇ ਪ੍ਰਮਾਣ ਪੱਤਰ ਦੀ ਤਸਦੀਕ ਕਰ ਸਕਦਾ ਸੀ। ਸਹੀ ਤਸਦੀਕ ਦੀ ਅਣਹੋਂਦ ਕਾਰਣ, ਹੇਠ ਲਿਖੀਆਂ ਕਮੀਆਂ ਦੀ ਪਛਾਣ ਕੀਤੀ ਗਈ ਸੀ:

### ***(i) ਰਜਿਸਟ੍ਰੇਸ਼ਨ ਲਈ ਕਈ ਉਪਭੋਗਤਾਵਾਂ ਦੁਆਰਾ ਵਰਤੇ ਜਾਂਦੇ ਆਮ ਸਾਂਝੇ ਬਿਓਰੇ***

ਲੇਖਾ ਪ੍ਰੀਖਿਆ ਦੁਆਰਾ ਸਾਰਣੀ "ਜੀ ਈ ਪੀ_ ਯੂਜ਼ਰ" ਦੇ ਡਾਟਾ ਦੇ ਵਿਸ਼ਲੇਸ਼ਣ ਨੇ ਸੰਕੇਤ ਦਿੱਤਾ ਸੀ ਕਿ ਜੀ ਈ ਪੀ ਐਨ ਆਈ ਸੀ 'ਤੇ ਰਜਿਸਟ੍ਰੇਸ਼ਨ ਲਈ ਇੱਕ ਤੋਂ ਵੱਧ ਉਪਭੋਗਤਾ ਦੁਆਰਾ

[43] 1,250 ਬੋਲੀਦਾਤਾਵਾਂ ਦੇ ਮਾਮਲੇ ਵਿੱਚ superadmin@nic.in ਅਤੇ 10,773 ਬੋਲੀਦਾਤਾਵਾਂ ਦੇ ਮਾਮਲੇ ਵਿੱਚ sysadmin@nic.in ਦੁਆਰਾ ਤਸਦੀਕ ਕੀਤੀ ਗਈ।

ਉਹੀ ਈਮੇਲ ਆਈ ਡੀ/ਮੋਬਾਇਲ ਨੰਬਰ/ਪੈਨ ਦੀ ਵਰਤੋਂ ਕੀਤੀ ਗਈ ਸੀ, ਜਿਵੇਂ ਕਿ **ਸਾਰਣੀ** 2.12 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 2.12: ਰਜਿਸਟ੍ਰੇਸ਼ਨ ਲਈ ਕਈ ਉਪਭੋਗਤਾਵਾਂ ਦੁਆਰਾ ਵਰਤੇ ਜਾਂਦੇ ਇੱਕੋ ਜਿਹੇ ਬਿਓਰੇ**

| ਵਰਤਿਆ ਬਿਓਰਾ | ਰਜਿਸਟਰ ਕੀਤੇ ਵਿਭਾਗੀ ਉਪਭੋਗਤਾ | ਵਰਤੇ ਗਏ ਪ੍ਰਮਾਣ ਬਿਓਰੇ ਦੀ ਸੰਖਿਆ | ਇੱਕੋ ਜਿਹੇ ਬਿਓਰੇ ਵਾਲੇ ਉਪਭੋਗਤਾ | | ਰਜਿਸਟਰ ਕੀਤੇ ਬੋਲੀਦਾਤਾ | ਬਿਓਰੇ ਦੀ ਸੰਖਿਆ | ਇੱਕੋ ਜਿਹੇ ਬਿਓਰੇ ਵਾਲੇ ਉਪਭੋਗਤਾ | |
|---|---|---|---|---|---|---|---|---|
| | | | ਘੱਟ ਤੋਂ ਘੱਟ | ਵੱਧ ਤੋਂ ਵੱਧ | | | ਘੱਟ ਤੋਂ ਘੱਟ | ਵੱਧ ਤੋਂ ਵੱਧ |
| ਈਮੇਲ ਆਈ ਡੀ | 1,432 | 397 | 2 | 14 | 4,411 | 1,418 | 2 | 214 |
| ਮੋਬਾਇਲ ਨੰਬਰ | 1,697 | 692 | 2 | 9 | 7,877 | 3,262 | 2 | 83 |
| ਪੈਨ | ਐਨ ਏ | ਐਨ ਏ | ਐਨ ਏ | ਐਨ ਏ | 7,994 | 3,473 | 2 | 135 |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ 214 ਬੋਲੀਦਾਤਾਵਾਂ ਨੇ ਇੱਕ ਹੀ ਈ-ਮੇਲ ਆਈਡੀ ਦੀ ਵਰਤੋਂ ਕਰਕੇ ਰਜਿਸਟਰ ਕੀਤਾ ਸੀ, 83 ਬੋਲੀਦਾਤਾਵਾਂ ਦਾ ਇੱਕੋ ਮੋਬਾਇਲ ਨੰਬਰ ਸੀ ਅਤੇ 135 ਬੋਲੀਦਾਤਾਵਾਂ ਨੇ ਇੱਕੋ ਜਿਹੇ ਪੈਨ ਨੰਬਰ ਦੀ ਵਰਤੋਂ ਕੀਤੀ ਸੀ। ਇਹ ਉਪਭੋਗਤਾਵਾਂ ਦੀ ਵਿਲੱਖਣ ਪਛਾਣ ਕਰਨ ਅਤੇ ਉਪਭੋਗਤਾਵਾਂ ਦੀ ਤਸਦੀਕ ਦੁਆਰਾ ਡੀ-ਡੁਪਲੀਕੇਸ਼ਨ ਕਰਨ ਲਈ ਐਪਲੀਕੇਸ਼ਨ ਨਿਯੰਤਰਣਾਂ ਵਿੱਚ ਇੱਕ ਵੱਡੀ ਘਾਟ ਨੂੰ ਦਰਸਾਉਂਦਾ ਹੈ। ਇਸ ਘਾਟ ਨੇ ਖਰੀਦ ਪ੍ਰਕਿਰਿਆ ਵਿੱਚ ਨਿਰਪੱਖਤਾ ਅਤੇ ਪਾਰਦਰਸ਼ਤਾ ਬਣਾਈ ਰੱਖਣ ਦੇ ਉਦੇਸ਼ ਨੂੰ ਕਮਜ਼ੋਰ ਕਰ ਦਿੱਤਾ।

ਇੱਕ ਨਿਰਪੱਖ ਅਤੇ ਪ੍ਰਤੀਯੋਗੀ ਬੋਲੀ ਦੇ ਮਾਹੌਲ ਵਿੱਚ, ਹਰੇਕ ਬੋਲੀਦਾਤਾ ਤੋਂ ਸੁਤੰਤਰ ਤੌਰ ਤੇ ਆਪਣੀਆਂ ਬੋਲੀਆਂ ਜਮ੍ਹਾਂ ਕਰਨ ਦੀ ਉਮੀਦ ਕੀਤੀ ਜਾਂਦੀ ਸੀ। ਇੱਕੋਂ ਮੋਬਾਇਲ ਨੰਬਰ/ਈ-ਮੇਲ ਆਈ ਡੀ/ਪੈਨ ਸਾਂਝਾ ਕਰਨ ਵਾਲੇ ਬੋਲੀਦਾਤਾਵਾਂ ਨਾਲ ਬੋਲੀਆਂ ਜਮ੍ਹਾਂ ਕਰਵਾਉਣਾ ਮਿਲੀਭੁਗਤ ਦੇ ਮਹੱਤਵਪੂਰਨ ਜੋਖਮ ਅਤੇ ਬੋਲੀਆਂ ਦੀ ਗੁਪਤਤਾ ਦੀ ਘਾਟ ਦਾ ਸੰਕੇਤ ਸੀ, ਜੋ ਜਨਤਕ ਖਰੀਦ ਲਈ ਖੁਲ੍ਹੇ ਬਾਜ਼ਾਰ ਮੁਕਾਬਲੇ ਰਾਹੀਂ ਕੀਮਤ ਖੋਜ ਦੇ ਉਦੇਸ਼ਾਂ ਅਤੇ ਪ੍ਰਭਾਵਸ਼ੀਲਤਾ ਨੂੰ ਬੁਰੀ ਤਰ੍ਹਾਂ ਕਮਜ਼ੋਰ ਕਰ ਸਕਦਾ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਈ-ਖਰੀਦ ਪ੍ਰਣਾਲੀ ਵਿੱਚ ਟੈਂਡਰ ਮੰਗਣ ਵਾਲੀ ਅਥਾਰਟੀ/ਵਿਭਾਗ ਦੇ ਮੁਖੀ ਨੂੰ ਬੋਲੀ ਮੁਲਾਂਕਣ ਪ੍ਰਕਿਰਿਆ ਦੌਰਾਨ ਸਿਸਟਮ ਚੇਤਾਵਨੀ/ਐਮ ਆਈ ਐਸ ਰਿਪੋਰਟਾਂ ਤਿਆਰ ਕਰਨ ਲਈ ਕੋਈ ਕਾਰਜਸ਼ੀਲਤਾ ਨਹੀਂ ਸੀ ਤਾਂ ਜੋ ਇਹ ਉਜਾਗਰ ਕੀਤਾ ਜਾ ਸਕੇ ਕਿ ਅਜਿਹੇ ਇੱਕ ਹੀ ਮੋਬਾਇਲ ਨੰਬਰ/ਈਮੇਲ ਆਈ ਡੀ/ਪੈਨ ਦੀ ਵਰਤੋਂ ਕਈ ਬੋਲੀਦਾਤਾਵਾਂ ਦੁਆਰਾ ਬੋਲੀ ਜਮ੍ਹਾਂ ਕਰਨ ਲਈ ਕੀਤੀ ਗਈ ਸੀ। ਇਹ ਇਕ ਮਹੱਤਵਪੂਰਣ ਐਪਲੀਕੇਸ਼ਨ ਨਿਯੰਤਰਣ ਸੀ, ਪਰ ਸਿਸਟਮ ਵਿੱਚ ਮੌਜੂਦ ਨਹੀਂ ਸੀ।

ਲੇਖਾ ਪ੍ਰੀਖਿਆ ਨੇ ਇਹ ਵੀ ਦੇਖਿਆ ਕਿ ਵਿਭਾਗ ਦੇ ਉਪਭੋਗਤਾਵਾਂ ਅਤੇ ਰਜਿਸਟਰਡ ਬੋਲੀਦਾਤਾਵਾਂ ਵਿਚਕਾਰ 37 ਮੋਬਾਇਲ ਨੰਬਰ ਅਤੇ 16 ਈ-ਮੇਲ ਆਈ ਡੀ ਇੱਕੋ ਜਿਹੇ ਪਾਏ ਗਏ ਸਨ।

### *(ii) ਰਜਿਸਟ੍ਰੇਸ਼ਨ ਨੰਬਰ ਵਜੋਂ ਸਟੋਰ ਕੀਤੇ ਅਯੋਗ ਅੱਖਰ*

ਰਜਿਸਟ੍ਰੇਸ਼ਨ ਲਈ, ਬੋਲੀਦਾਤਾਵਾਂ ਨੂੰ 'ਟੈਂਡਰਰ ਅਤੇ 'ਕਾਰਪੋਰੇਟ' ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਜੀ ਈ ਪੀ ਐਨ ਆਈ ਸੀ ਕੋਲ ਰਜਿਸਟ੍ਰੇਸ਼ਨ ਦੀ ਮੰਗ ਕਰਨ ਵਾਲੇ ਸਾਰੇ ਬੋਲੀਦਾਤਾਵਾਂ ਦੁਆਰਾ ਰਜਿਸਟ੍ਰੇਸ਼ਨ ਨੰਬਰ ਦਰਜ ਕਰਨ ਲਈ ਲਾਜ਼ਮੀ ਫੀਲਡ ਹੈ।


ਬੋਲੀਦਾਤਾਵਾਂ ਦੀ ਕਿਸਮ ਦੇ ਅਧਾਰ 'ਤੇ ਖਾਸ ਲੋੜਾਂ ਤੋਂ ਬਿਨਾਂ, ਸਾਰੇ ਬੋਲੀਦਾਤਾਵਾਂ ਲਈ ਰਜਿਸਟ੍ਰੇਸ਼ਨ ਨੰਬਰ ਫੀਲਡ ਲਾਜ਼ਮੀ ਕਰ ਦਿੱਤਾ ਗਿਆ ਸੀ। ਕਾਰਪੋਰੇਟ ਬੋਲੀਦਾਤਾਵਾਂ ਲਈ, ਕਾਰਪੋਰੇਟ ਪਛਾਣ ਨੰਬਰ (ਸੀ ਆਈ ਐਨ) ਦੀ ਲੋੜ ਸੀ, ਜਦੋਂ ਕਿ ਬੋਲੀਦਾਤਾਵਾਂ ਦੀਆਂ ਹੋਰ ਸ਼੍ਰੇਣੀਆਂ ਲਈ, ਉਨ੍ਹਾਂ ਦੀ ਸ਼੍ਰੇਣੀ ਨਾਲ ਸਬੰਧਿਤ ਵਿਸ਼ੇਸ਼ ਰਜਿਸਟ੍ਰੇਸ਼ਨ ਨੰਬਰ ਲਾਜ਼ਮੀ ਹੋਣਾ ਚਾਹੀਦਾ ਸੀ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਜੀ ਈ ਪੀ ਐਨ ਆਈ ਸੀ ਵਿੱਚ ਪ੍ਰਮਾਣਿਕਤਾ ਜਾਂਚਾਂ ਦੀ ਘਾਟ ਸੀ, ਜਿਸ ਨਾਲ ਉਪਭੋਗਤਾਵਾਂ ਨੂੰ ਯੋਗ ਰਜਿਸਟ੍ਰੇਸ਼ਨ ਨੰਬਰ ਦੀ ਥਾਂ 'ਤੇ ਅਯੋਗ ਅੱਖਰ ਇਨਪੁਟ ਕਰਨ ਦੀ ਆਗਿਆ ਦਿੱਤੀ ਗਈ ਸੀ ਅਤੇ ਇਨ੍ਹਾਂ ਉਪਭੋਗਤਾਵਾਂ ਨੂੰ ਅਜੇ ਵੀ ਸਿਸਟਮ ਦੁਆਰਾ ਬੋਲੀਦਾਤਾਵਾਂ ਵਜੋਂ ਰਜਿਸਟਰ ਕਰਨ ਦੀ ਆਗਿਆ ਦਿੱਤੀ ਗਈ ਸੀ।

ਸਿਸਟਮ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਾਰੇ ਬੋਲੀਦਾਤਾਵਾਂ ਦੀ ਉਚਿਤ ਪਛਾਣ ਕੀਤੀ ਜਾਵੇ ਅਤੇ ਉਨ੍ਹਾਂ ਦੇ ਵੇਰਵੇ ਰੈਗੂਲੇਟਰੀ ਲੋੜਾਂ ਦੇ ਅਨੁਕੂਲ ਹੋਣ, ਜਿਸ ਨਾਲ ਰਜਿਸਟ੍ਰੇਸ਼ਨ ਪ੍ਰਕਿਰਿਆ ਦੀ ਸ਼ੁੱਧਤਾ ਅਤੇ ਕੁਸ਼ਲਤਾ ਵਿੱਚ ਸੁਧਾਰ ਹੋਵੇ।

### *(iii) ਜੀ ਐਸ ਟੀ ਆਈ ਐਨ ਦੀ ਗੈਰ-ਪ੍ਰਮਾਣਿਕਤਾ*

ਜੀ ਐਸ ਟੀ ਆਈ ਐਨ (ਵਸਤੂ ਅਤੇ ਸੇਵਾਵਾਂ ਕਰ ਪਛਾਣ ਨੰਬਰ)[44] ਰੱਖਣ ਵਾਲੇ ਬੋਲੀਦਾਤਾਵਾਂ ਨੂੰ ਇਸ ਵਿਲੱਖਣ 15-ਅੰਕਾਂ ਦੇ ਅੱਖਰ ਅੰਕੀ ਪਛਾਣਕਰਤਾ (**ਚਿੱਤਰ** 2.5) ਨੂੰ ਉਪਭੋਗਤਾ ਪ੍ਰੋਫਾਈਲ ਭਰਨ ਦੀ ਲੋੜ ਸੀ।

**ਚਿੱਤਰ 2.5: ਜੀ ਐਸ ਟੀ ਆਈ ਐਨ ਦਾ ਨਾਮਕਰਨ**




*ਸ੍ਰੋਤ: ਸੀ ਜੀ ਐਸ ਟੀ ਨਿਯਮ, 2017*

[44] ਜੀ ਐਸ ਟੀ ਆਈ ਐਨ ਭਾਰਤ ਵਿੱਚ ਉਨ੍ਹਾਂ ਫਰਮਾਂ ਨੂੰ ਦਿੱਤਾ ਗਿਆ ਹੈ ਜੋ ਵਸਤਾਂ ਅਤੇ ਸੇਵਾਵਾਂ ਕਰ (ਜੀ ਐਸ ਟੀ) ਪ੍ਰਣਾਲੀ ਦੇ ਅਧੀਨ ਰਜਿਸਟਰਡ ਹਨ।

3,394 ਬੋਲੀਦਾਤਾਵਾਂ ਦੇ ਡੀ ਐਸ ਸੀ ਰਜਿਸਟਰਡ ਰਿਕਾਰਡ ਵਾਲੇ ਜੀ ਐਸ ਟੀ ਰਜਿਸਟਰਡ ਟੇਬਲ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਖੁਲਾਸਾ ਹੋਇਆ ਕਿ 144 ਬੋਲੀਦਾਤਾਵਾਂ ਦੇ ਚੈੱਕਸਮ[45] ਅਯੋਗ ਪਾਏ ਗਏ ਸਨ ਜਿਵੇਂ ਕਿ ਜੀ ਐਸ ਟੀ ਆਈ ਐਨ ਦੇ ਫਾਰਮੈਟ ਤੋਂ ਸਪਸ਼ਟ ਹੈ, ਅੰਕ 3 ਤੋਂ ਅੰਕ 12 ਰਜਿਸਟਰਡ ਉਪਭੋਗਤਾ ਦੇ ਪੈਨ ਨੂੰ ਦਰਸਾਉਂਦੇ ਹਨ। 94 ਬੋਲੀਦਾਤਾਵਾਂ ਦੇ ਜੀ ਐਸ ਟੀ ਆਈ ਐਨ ਦਾ ਹਿੱਸਾ ਬਣਨ ਵਾਲਾ ਪੈਨ ਜੀ ਈ ਪੀ ਐਨ ਆਈ ਸੀ ਨਾਲ ਉਪਭੋਗਤਾ ਵਜੋਂ ਰਜਿਸਟ੍ਰੇਸ਼ਨ ਦੀ ਮੰਗ ਕਰਦੇ ਸਮੇਂ ਬੋਲੀਦਾਤਾ ਦੁਆਰਾ ਭਰੇ ਗਏ ਪੈਨ ਤੋਂ ਵੱਖਰਾ ਪਾਇਆ ਗਿਆ ਸੀ।

ਨੋਡਲ ਵਿਭਾਗ ਨੇ ਜੀ ਈ ਪੀ ਐਨ ਆਈ ਸੀ ਪ੍ਰਣਾਲੀ ਦੇ ਅਗਲੇ ਵੱਰਸ਼ੱਨਾਂ ਵਿੱਚ ਪੈਨ ਅਤੇ ਜੀ ਐਸ ਟੀ ਆਈ ਐਨ ਲਈ ਪ੍ਰਮਾਣਿਕਤਾ ਨਿਯੰਤਰਣ ਲਾਗੂ ਕਰਨ ਦਾ ਭਰੋਸਾ ਦਿੱਤਾ (ਜੂਨ 2024)।

### 2.10.3 ਜੀ ਈ ਪੀ ਐਨ ਆਈ ਸੀ ਦੀ ਵਰਤੋਂ ਕਰਕੇ ਪ੍ਰਾਪਤੀਆਂ ਅਤੇ ਭੁਗਤਾਨਾਂ ਦੀ ਪ੍ਰਕਿਰਿਆ

ਪੰਜਾਬ ਵਿੱਚ ਈ-ਖਰੀਦ ਪ੍ਰਣਾਲੀ ਨੂੰ ਸਟੇਟ ਬੈਂਕ ਆਫ ਇੰਡੀਆ (ਐਸ ਬੀ ਆਈ) ਦੇ ਭੁਗਤਾਨ ਗੇਟਵੇ ਨਾਲ ਜੋੜਿਆ ਗਿਆ ਹੈ। ਐਸ ਬੀ ਆਈ ਕੋਲ ਇੱਕ ਪੂਲਿੰਗ ਖਾਤੇ ਦੀ ਵਰਤੋਂ ਜੀ ਈ ਪੀ ਐਨ ਆਈ ਸੀ ਰਾਹੀਂ ਟੈਂਡਰ ਫੀਸ, ਪ੍ਰੋਸੈਸਿੰਗ ਫੀਸ ਅਤੇ ਬਿਆਨਾ ਜਮ੍ਹਾਂ ਰਾਸ਼ੀ (ਈ ਐਮ ਡੀ) ਨਾਲ ਸਬੰਧਿਤ ਆਨਲਾਈਨ ਲੈਣ-ਦੇਣ ਨੂੰ ਸੰਭਾਲਣ ਲਈ ਕੀਤੀ ਜਾ ਰਹੀ ਹੈ। 31 ਮਾਰਚ 2023 ਤੱਕ, ਪੂਲਿੰਗ ਖਾਤੇ ਵਿੱਚ 2 ਨਵੰਬਰ 2020 ਨੂੰ ਬਣਾਈ ਗਈ ₹ 49.84 ਕਰੋੜ[46] ਦੇ ਫਿਕਸਡ ਡਿਪਾਜ਼ਿਟ ਤੋਂ ਇਲਾਵਾ ₹ 184.72 ਕਰੋੜ ਦਾ ਅੰਤਿਮ ਬਕਾਇਆ ਸੀ।


ਬੋਲੀਦਾਤਾ ਬੋਲੀ ਜਮ੍ਹਾਂ ਕਰਨ ਸਮੇਂ ਜੀ ਈ ਪੀ ਐਨ ਆਈ ਸੀ ਪੋਰਟਲ ਰਾਹੀਂ ਟੈਂਡਰ ਫੀਸ, ਪ੍ਰੋਸੈਸਿੰਗ ਫੀਸ ਅਤੇ ਈ ਐਮ ਡੀ ਆਨਲਾਈਨ ਜਮ੍ਹਾਂ ਕਰਵਾਉਂਦੇ ਹਨ। ਫੀਸ ਇਕੱਤਰ ਕਰਨ ਅਤੇ ਇਸ ਦੇ ਰਿਫੰਡ ਦੀ ਪ੍ਰਕਿਰਿਆ ਪ੍ਰਵਾਹ ਨੂੰ **ਚਿੱਤਰ** 2.6 ਵਿੱਚ ਦਰਸਾਇਆ ਗਿਆ ਹੈ।

---

45 ਜੀ ਐਸ ਟੀ ਆਈ ਐਨ ਵਿੱਚ ਚੈੱਕਸਮ ਅੰਕ 15ਵਾਂ ਅੰਕ ਹੈ, ਜੋ 1-14 ਅੰਕਾਂ ਤੇ ਲਾਗੂ ਗਣਨਾ ਦੇ ਨਤੀਜੇ ਵਜੋਂ ਤਿਆਰ ਕੀਤਾ ਜਾਂਦਾ ਹੈ।

46 ਐਫ ਡੀ ਆਰ ਦੇ ਅੰਤਿਮ ਬਕਾਇਆ ਦੀ ਉਡੀਕ ਸੀ (ਮਈ 2024)।

**ਚਿੱਤਰ 2.6: ਜੀ ਈ ਪੀ ਐਨ ਆਈ ਸੀ ਵਿੱਚ ਬੋਲੀ ਫੀਸਾਂ ਲਈ ਪ੍ਰਕਿਰਿਆ ਪ੍ਰਵਾਹ**




*ਸ੍ਰੋਤ: ਵਿਭਾਗੀ ਰਿਕਾਰਡ*

ੳ) **ਟੈਂਡਰ ਫੀਸ:** ਟੈਂਡਰ ਸੱਦਾ ਅਥਾਰਟੀ (ਟੀ ਆਈ ਏ) ਦੁਆਰਾ ਨਿਰਧਾਰਤ ਰਾਸ਼ੀ ਦੇ ਅਨੁਸਾਰ ਬੋਲੀ ਜਮ੍ਹਾਂ ਕਰਨ ਦੇ ਸਮੇਂ ਬੋਲੀਦਾਤਾਵਾਂ ਤੋਂ ਟੈਂਡਰ ਫੀਸ ਇਕੱਠੀ ਕੀਤੀ ਜਾਂਦੀ ਹੈ। ਪੋਰਟਲ 'ਤੇ ਕੋਈ ਵੀ ਪੜਾਅ ਪੂਰਾ ਹੋਣ ਤੋਂ ਪਹਿਲਾਂ ਟੈਂਡਰ ਰੱਦ ਕਰਨ ਜਾਂ ਦੁਬਾਰਾ ਟੈਂਡਰ ਕਰਨ ਦੇ ਮਾਮਲੇ ਵਿੱਚ, ਟੈਂਡਰ ਫੀਸ ਬੋਲੀਦਾਤਾ ਨੂੰ ਵਾਪਸ ਕਰ ਦਿੱਤੀ ਜਾਂਦੀ ਹੈ। ਹਾਲਾਂਕਿ, ਪਹਿਲੇ ਬੋਲੀ ਖੋਲ੍ਹਣ ਦੇ ਪੜਾਅ ਤੋਂ ਬਾਅਦ, ਇਸ ਨੂੰ ਟੀ ਆਈ ਏ ਨੂੰ ਟਰਾਂਸਫਰ ਕਰ ਦਿੱਤਾ ਜਾਂਦਾ ਹੈ।

ਅ) **ਪ੍ਰੋਸੈਸਿੰਗ ਫੀਸ:** ਪ੍ਰੋਸੈਸਿੰਗ ਫੀਸ ਨੋਡਲ ਵਿਭਾਗ[47] ਦੁਆਰਾ ਬੋਲੀ ਜਮ੍ਹਾਂ ਕਰਨ ਦੇ ਸਮੇਂ ਲਿੱਤੀ ਜਾਂਦੀ ਹੈ। ਜੇ ਪੋਰਟਲ 'ਤੇ ਕੋਈ ਪੜਾਅ ਪੂਰਾ ਹੋਣ ਤੋਂ ਪਹਿਲਾਂ ਟੈਂਡਰ ਰੱਦ ਕਰ ਦਿੱਤਾ ਜਾਂਦਾ ਹੈ ਜਾਂ ਦੁਬਾਰਾ ਟੈਂਡਰ ਕੀਤਾ ਜਾਂਦਾ ਹੈ ਤਾਂ ਪ੍ਰੋਸੈਸਿੰਗ ਫੀਸ ਬੋਲੀਦਾਤਾ ਨੂੰ ਵਾਪਸ ਕਰ ਦਿੱਤੀ ਜਾਂਦੀ ਹੈ। ਹਾਲਾਂਕਿ, ਪਹਿਲੇ ਬੋਲੀ ਖੋਲ੍ਹਣ ਦੇ ਪੜਾਅ ਤੋਂ ਬਾਅਦ ਇਸ ਨੂੰ ਪੰਜਾਬ ਰਾਜ ਈ-ਗਵਰਨੈਂਸ ਸੁਸਾਇਟੀ (ਪੀ ਐਸ ਈ ਜੀ ਐਸ) ਨੂੰ ਟਰਾਂਸਫਰ ਕਰ ਦਿੱਤਾ ਜਾਂਦਾ ਹੈ।

ੲ) **ਬਿਆਨਾਂ ਜਮ੍ਹਾਂ ਰਾਸ਼ੀ (ਈ ਐਮ ਡੀ):** ਟੀ ਆਈ ਏ ਦੁਆਰਾ ਨਿਰਧਾਰਤ ਹਰੇਕ ਬੋਲੀ ਜਮ੍ਹਾਂ ਕਰਨ ਤੇ ਬੋਲੀਦਾਤਾਵਾਂ ਤੋਂ ਬਿਆਨਾ ਰਾਸ਼ੀ ਇਕੱਠਾ ਕੀਤੀ ਜਾਂਦੀ ਹੈ। ਕਿਸੇ ਵੀ ਪੜਾਅ 'ਤੇ ਬੋਲੀ ਰੱਦ ਹੋਣ 'ਤੇ ਈ ਐਮ ਡੀ ਬੋਲੀਦਾਤਾ ਨੂੰ ਵਾਪਸ ਕਰ ਦਿੱਤੀ ਜਾਂਦੀ ਹੈ ਅਤੇ ਸਫਲ ਬੋਲੀਦਾਤਾ ਦੀ ਈ ਐਮ ਡੀ ਪੋਰਟਲ 'ਤੇ ਠੇਕੇ ਦੇ ਅਵਾਰਡ ਦੇ ਪੜਾਅ ਦੇ ਪੂਰਾ ਹੋਣ ਤੇ ਟੈਂਡਰ ਸੱਦਾ ਅਥਾਰਟੀ ਨੂੰ ਟਰਾਂਸਫਰ ਕਰ ਦਿੱਤੀ ਜਾਂਦੀ ਹੈ।

---

47 ਸ਼ਾਸਨ ਸੁਧਾਰ ਅਤੇ ਜਨਤਕ ਸ਼ਿਕਾਇਤਾਂ ਵਿਭਾਗ (ਡੀ ਜੀ ਆਰ ਪੀ ਜੀ)

### 2.10.3.1 ਜੀ ਈ ਪੀ ਐਨ ਆਈ ਸੀ ਨਾਲ ਪੂਲਿੰਗ ਖਾਤੇ ਦਾ ਏਕੀਕਰਣ

ਜੀ ਈ ਪੀ ਐਨ ਆਈ ਸੀ ਰਾਹੀਂ ਟੈਂਡਰ ਫੀਸ, ਪ੍ਰੋਸੈਸਿੰਗ ਫੀਸ ਅਤੇ ਬਿਆਨਾ ਜਮ੍ਹਾਂ ਰਾਸ਼ੀ (ਈ ਐਮ ਡੀ) ਨਾਲ ਸਬੰਧਤ ਲੈਣ-ਦੇਣ ਦਾ ਪ੍ਰਬੰਧਨ ਕਰਨ ਲਈ, ਭਾਰਤੀ ਸਟੇਟ ਬੈਂਕ (ਐਸ ਬੀ ਆਈ) ਦੇ ਪੂਲਿੰਗ ਖਾਤੇ, ਜੋ ਪਹਿਲਾਂ ਲੋਕ ਨਿਰਮਾਣ ਵਿਭਾਗ (ਪੀ ਡਬਲਯੂ ਡੀ) ਦੁਆਰਾ ਵਰਤੇ ਜਾਂਦੇ ਸਨ, ਨੂੰ ਸ਼ੁਰੂ ਵਿੱਚ ਜੀ ਈ ਪੀ ਐਨ ਆਈ ਸੀ ਨਾਲ ਮੈਪ ਕੀਤਾ ਗਿਆ ਸੀ। ਇਸ ਤੋਂ ਬਾਅਦ, ਨਵੰਬਰ 2017 ਵਿੱਚ, ਜੀ ਈ ਪੀ ਐਨ ਆਈ ਸੀ ਦੇ ਸਮੁੱਚੇ ਪੰਜਾਬ ਵਿੱਚ ਲਾਗੂ ਹੋਣ ਤੇ ਪੰਜਾਬ ਰਾਜ ਈ-ਗਵਰਨੈਂਸ ਸੁਸਾਇਟੀ (ਪੀ ਐਸ ਈ ਜੀ ਐਸ) ਦਾ ਇੱਕ ਹੋਰ ਚਾਲੂ ਖਾਤਾ ਜੋੜਿਆ ਗਿਆ ਸੀ, ਜਿਸ ਨੂੰ ਨਵੰਬਰ 2018 ਵਿੱਚ ਐਸ ਬੀ ਆਈ ਦੇ ਬੱਚਤ ਪੂਲਿੰਗ ਖਾਤੇ ਨਾਲ ਬਦਲ ਦਿੱਤਾ ਗਿਆ ਸੀ।

ਨੋਡਲ ਵਿਭਾਗ ਨੇ ਨਵੰਬਰ 2018 ਤੋਂ ਪਹਿਲਾਂ ਦੇ ਬੈਂਕ ਖਾਤਿਆਂ ਬਾਰੇ ਵੇਰਵੇ ਨਹੀਂ ਦਿੱਤੇ। ਨਤੀਜੇ ਵਜੋਂ, ਲੇਖਾ ਪ੍ਰੀਖਿਆ ਇਹ ਭਰੋਸਾ ਪ੍ਰਾਪਤ ਕਰਨ ਵਿੱਚ ਅਸਮਰੱਥ ਸੀ ਕਿ ਇਨ੍ਹਾਂ ਪੁਰਾਣੇ ਪੂਲਿੰਗ ਲੇਖਿਆਂ ਤੋਂ ਬਕਾਇਆ ਰਾਸ਼ੀਆਂ ਦਾ ਸਹੀ ਹਿਸਾਬ ਰੱਖਿਆ ਗਿਆ ਸੀ। ਹਾਲਾਂਕਿ, ਜੀ ਈ ਪੀ ਐਨ ਆਈ ਸੀ ਦੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਮੈਪ ਕੀਤੇ ਗਏ ਪੂਲਿੰਗ ਲੇਖਿਆਂ ਬਾਰੇ ਵਿਸ਼ੇਸ਼ ਜਾਣਕਾਰੀ ਮੰਗਣ ਦੇ ਬਾਵਜੂਦ, ਨੋਡਲ ਵਿਭਾਗ ਨੇ 13 ਨਵੰਬਰ 2018 ਤੋਂ ਪਹਿਲਾਂ ਜੀ ਈ ਪੀ ਐਨ ਆਈ ਸੀ ਨਾਲ ਮੈਪ ਕੀਤੇ ਲੇਖਿਆਂ ਬਾਰੇ ਜਾਣਕਾਰੀ ਦਾ ਖੁਲਾਸਾ ਨਹੀਂ ਕੀਤਾ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਪੰਜਾਬ ਰਾਜ ਈ-ਗਵਰਨੈਂਸ ਸੁਸਾਇਟੀ (ਪੀ ਐਸ ਈ ਜੀ ਐਸ) ਦੇ ਜਨਰਲ ਮੈਨੇਜਰ (ਵਿੱਤ), ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਇਸ ਮਾਮਲੇ ਦੀ ਸਮੀਖਿਆ ਕੀਤੀ ਜਾਵੇਗੀ।

### 2.10.3.2 ਜੀ ਈ ਪੀ ਐਨ ਆਈ ਸੀ ਅਤੇ ਪੂਲਿੰਗ ਲੇਖੇ ਵਿਚਕਾਰ ਮੇਲ ਨਾ ਹੋਏ ਅੰਤਰ

ਪੰਜਾਬ ਵਿੱਤੀ ਨਿਯਮ ਜਿਲਦ-1 ਦੇ ਨਿਯਮ 2.2(v) ਵਿੱਚ ਇਹ ਨਿਰਧਾਰਤ ਕੀਤਾ ਗਿਆ ਹੈ ਕਿ ਬੈਂਕ ਵਿੱਚ ਭੁਗਤਾਨ ਕੀਤੀਆਂ ਪ੍ਰਾਪਤੀਆਂ ਅਤੇ ਬੈਂਕ ਤੋਂ ਕੀਤੇ ਗਏ ਭੁਗਤਾਨ ਨੂੰ ਨਿਯਮਤ ਤੌਰ 'ਤੇ ਦਫਤਰੀ ਰਿਕਾਰਡਾਂ ਨਾਲ ਮਿਲਾਉਣ ਦੀ ਲੋੜ ਹੈ।

ਜੀ ਈ ਪੀ ਐਨ ਆਈ ਸੀ ਨੂੰ ਅਧਿਕਾਰਤ ਤੌਰ 'ਤੇ 13 ਨਵੰਬਰ 2017 ਨੂੰ ਸਮੁੱਚੇ-ਪੰਜਾਬ ਵਿੱਚ ਲਾਗੂ ਕੀਤਾ ਸੀ। ਸ਼ੁਰੂਆਤ (ਅਗਸਤ 2015) ਤੋਂ ਲੈ ਕੇ, ਜੀ ਈ ਪੀ ਐਨ ਆਈ ਸੀ ਨੇ ਈ ਐਮ ਡੀ, ਟੈਂਡਰ ਫੀਸ ਅਤੇ ਪ੍ਰੋਸੈਸਿੰਗ ਫੀਸ ਦੇ ਰੂਪ ਵਿੱਚ 31 ਮਾਰਚ 2023 ਤੱਕ ₹ 4,130 ਕਰੋੜ ਦੀਆਂ ਪ੍ਰਾਪਤੀਆਂ ਅਤੇ ₹ 3,773.73 ਕਰੋੜ ਦੇ ਭੁਗਤਾਨਾਂ ਦੀ ਪ੍ਰਕਿਰਿਆ ਕੀਤੀ। ਇਸ ਤਰ੍ਹਾਂ ਕਲੋਜ਼ਿੰਗ ਬੈਂਕ ਬੈਲੇਂਸ ₹ 356.27 ਕਰੋੜ ਹੋਣਾ ਚਾਹੀਦਾ ਸੀ ਪਰ ਸਟੇਟਮੈਂਟ[48] ਅਨੁਸਾਰ ਬੈਂਕ ਖਾਤੇ ਵਿੱਚ ₹ 184.72 ਕਰੋੜ ਦਾ ਕਲੋਜ਼ਿੰਗ ਬੈਲੇਂਸ (₹ 13.92 ਕਰੋੜ ਦੇ ਵਿਆਜ ਸਮੇਤ) ਅਤੇ ₹ 49.84 ਕਰੋੜ ਦੀ ਫਿਕਸਡ ਡਿਪਾਜ਼ਿਟ ਸੀ। ਇਸ ਤਰ੍ਹਾਂ, ਬੈਂਕ ਵਿੱਚ ₹ 135.64 ਕਰੋੜ ਐਫ ਡੀ ਸਮੇਤ ₹ 220.64 ਕਰੋੜ ਘੱਟ ਸਨ, ਜਿਵੇਂ ਕਿ **ਸਾਰਣੀ 2.13** ਵਿੱਚ ਵੇਰਵਾ ਦਿੱਤਾ ਗਿਆ ਹੈ।

[48] 13 ਨਵੰਬਰ 2017 ਤੋਂ 12 ਨਵੰਬਰ 2018 ਦੀ ਮਿਆਦ ਲਈ ਪਿਛਲੇ ਪੂਲਿੰਗ ਖਾਤੇ ਦਾ ਬੈਂਕ ਸਟੇਟਮੈਂਟ ਲੇਖਾ ਪ੍ਰੀਖਿਆ ਨੂੰ ਪ੍ਰਦਾਨ ਨਹੀਂ ਕੀਤਾ ਗਿਆ ਸੀ।

**ਸਾਰਣੀ 2.13: ਜੀ ਈ ਪੀ ਐਨ ਆਈ ਸੀ ਰਾਹੀਂ ਸ਼ੁਰੂ ਕੀਤੇ ਗਏ ਲੈਣ-ਦੇਣ ਦੀ ਬੈਂਕ ਸਟੇਟਮੈਂਟ ਨਾਲ ਤੁਲਨਾ**

*(ਰਾਸ਼ੀ ₹ ਵਿੱਚ)*

| 31 ਮਾਰਚ 2023 ਨੂੰ ਜੀ ਈ ਪੀ ਐਨ ਆਈ ਸੀ ਦੇ ਅਨੁਸਾਰ ਖਾਤੇ | | | |
|---|---|---|---|
| ਲੜੀ ਨੰ. | ਵੇਰਵੇ | ਪ੍ਰਾਪਤੀਆਂ | ਭੁਗਤਾਨ |
| 1. | ਬਿਆਨਾ ਜਮ੍ਹਾਂ ਰਾਸ਼ੀ | 39,63,71,57,201 | 36,10,68,18,293 |
| 2. | ਟੈਂਡਰ ਫੀਸ | 77,66,12,144 | 75,80,30,946 |
| 3. | ਪ੍ਰੋਸੈਸਿੰਗ ਫੀਸ | 88,62,99,676 | 87,24,89,470 |
| | **ਜੋੜ** | **41,30,00,69,021** | **37,73,73,38,709** |
| 4. | ਭੁਗਤਾਨਾਂ ਤੋਂ ਵੱਧ ਪ੍ਰਾਪਤੀਆਂ | | 3,56,27,30,312 |
| 5. | ਬੈਂਕ ਸਟੈਟਮੈਂਟ ਅਨੁਸਾਰ ਅਸਲ ਬੈਂਕ ਬਕਾਇਆ | | 1,84,72,27,610 |
| 6. | ਕਮਾਇਆ ਗਿਆ ਵਿਆਜ ਘਟਾਓ (ਜਿਵੇਂ ਕਿ ਜੀ ਈ ਪੀ ਐਨ ਆਈ ਸੀ ਵਿੱਓ ਕੈਂਪਚਰ ਨਹੀਂ ਕੀਤਾ ਗਿਆ ਸੀ) | | 13,92,39,845 |
| 7. | ਨੈੱਟ ਕਲੋਜਿੰਗ ਬੈਂਕ ਬੈਲੇਂਸ (5-6) | | 1,70,79,87,765 |
| 8. | ਐਫ ਡੀ ਦਾ ਬਕਾਇਆ ਜੋੜੋ | | 49,83,62,614 |
| **9.** | **ਕੁੱਲ ਬੈਂਕ ਬਕਾਇਆ (7+8)** | | **2,20,63,50,379** |
| | **ਮਿਲਾਨ ਕਰਨ ਯੋਗ ਅੰਤਰ (4-9)** | | **1,35,63,79,933** |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਇਸ ਲਈ ਜੀ ਈ ਪੀ ਐਨ ਆਈ ਸੀ ਵਿੱਚ ਦੱਸੀ ਗਈ ਬਕਾਇਆ ਰਾਸ਼ੀ ਅਤੇ ਬੈਂਕ ਸਟੇਟਮੈਂਟ ਵਿਚਕਾਰ ₹ 135.64 ਕਰੋੜ ਦੇ ਅੰਤਰ ਨੂੰ ਮੇਲ-ਮਿਲਾਨ ਦੀ ਲੋੜ ਹੈ।

ਬੈਂਕ ਸਟੇਟਮੈਂਟ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ 8,93,834 ਡੈਬਿਟ ਲੈਣ-ਦੇਣ ਹੋਏ, ਜਿਨ੍ਹਾਂ ਵਿਚੋਂ 8,93,810 ਲੈਣ-ਦੇਣ ਪ੍ਰਣਾਲੀ ਦੁਆਰਾ ਸ਼ੁਰੂ ਕੀਤੇ ਗਏ ਸਨ ਜਿਨ੍ਹਾਂ ਦੀ ਪਛਾਣ ਬ੍ਰਾਂਚ ਕੋਡ '99922' ਨਾਲ ਕੀਤੀ ਗਈ ਸੀ। ਬਾਕੀ ₹ 154.35 ਕਰੋੜ ਦੇ 24 ਲੈਣ-ਦੇਣ ਜੀ ਈ ਪੀ ਐਨ ਆਈ ਸੀ ਤੋਂ ਬਾਹਰ ਵੱਖ-ਵੱਖ ਬ੍ਰਾਂਚ ਕੋਡ '3246 ਐਸ ਬੀ ਆਈ, ਸੈਕਟਰ 7, ਚੰਡੀਗੜ੍ਹ' ਦੇ ਨਾਲ ਸ਼ੁਰੂ ਕੀਤੇ ਗਏ ਸਨ। ਨੋਡਲ ਵਿਭਾਗ ਨੇ ਮੈਨੂਅਲ ਲੈਣ-ਦੇਣ ਸ਼ੁਰੂ ਕਰਨ ਲਈ ਕੋਈ ਵਾਧੂ ਜਾਣਕਾਰੀ/ਤਰਕ ਪੇਸ਼ ਨਹੀਂ ਕੀਤਾ (ਅਗਸਤ 2024)। ਲੇਖਾ ਪ੍ਰੀਖਿਆ ਨੇ ਇੱਕ ਫਿਕਸਡ ਡਿਪਾਜ਼ਿਟ ਬਣਾਉਣ ਲਈ 14 ਨਵੰਬਰ 2020 ਨੂੰ ਕੀਤੇ ਗਏ ₹ 139.49 ਕਰੋੜ ਦੇ ਇੱਕ ਲੈਣ-ਦੇਣ ਦੀ ਪਛਾਣ ਕੀਤੀ। ਇਸ ਵਿਚੋਂ ₹ 89.65 ਕਰੋੜ 22 ਅਕਤੂਬਰ 2020 ਨੂੰ ਐਫ ਡੀ ਨੂੰ ਅੰਸ਼ਕ ਤੌਰ ਤੇ ਲਿਕਵੀਡੇਟ ਕਰਕੇ ਪੂਲਿੰਗ ਖਾਤੇ ਵਿੱਚ ਟ੍ਰਾਂਸਫਰ ਕੀਤੇ ਗਏ ਸਨ, ਜਿਸ ਨਾਲ ਬਚੇ ਹੋਏ ₹ 49.84 ਕਰੋੜ ਫਿਕਸਡ ਡਿਪਾਜ਼ਿਟ ਵਿੱਚ ਨਿਵੇਸ਼ ਕੀਤੇ ਗਏ ਸਨ।

ਨੋਡਲ ਵਿਭਾਗ ਨੇ ਸਵੀਕਾਰ ਕੀਤਾ (ਮਈ 2024) ਕਿ ਬੈਂਕ ਨਾਲ ਕੋਈ ਮੇਲ ਮਿਲਾਨ ਨਹੀਂ ਕੀਤਾ ਗਿਆ ਸੀ। ਹਾਲਾਂਕਿ, ਇਹ ਅੱਗੇ ਕਿਹਾ ਗਿਆ ਕਿ ਵਿੱਤੀ ਸਾਲ ਦੇ ਅੰਤ ਵਿੱਚ ਬੈਂਕ ਬੈਲੇਂਸ ਅਤੇ ਅਕਾਊਂਟਿੰਗ ਬੁੱਕ ਬੈਲੇਂਸ ਇੱਕੋ ਜਿਹਾ ਹੁੰਦਾ ਸੀ। ਨੋਡਲ ਵਿਭਾਗ ਦਾ ਜਵਾਬ ਤਸੱਲੀਬਖਸ਼ ਨਹੀਂ ਸੀ, ਕਿਉਂਕਿ ਜੀ ਈ ਪੀ ਐਨ ਆਈ ਸੀ 'ਤੇ ਕੀਤੇ ਗਏ ਲੈਣ-ਦੇਣਾਂ ਨੂੰ ਬੈਂਕ ਸਟੇਟਮੈਂਟਾਂ ਨਾਲ ਮੇਲ ਕਰਨ ਦੀ ਲੋੜ ਸੀ, ਜਿੱਥੇ ₹ 135.64 ਕਰੋੜ ਦਾ ਅੰਤਰ ਸੀ।

ਸਮੇਂ-ਸਮੇਂ ਤੇ ਮੇਲ-ਮਿਲਾਨ ਦੀ ਲੰਬੇ ਸਮੇਂ ਤੋਂ ਅਣਹੋਂਦ ਦੇ ਨਤੀਜੇ ਵਜੋਂ ਗਲਤੀ ਅਤੇ/ਜਾਂ ਜਾਣਬੁੱਝ ਕੇ ਵਿੱਤੀ ਕੁਪ੍ਰਬੰਧਨ ਨਾਲ ਜੁੜੇ ਟਾਲਣਯੋਗ ਜੋਖਮ ਪੈਦਾ ਹੋਏ ਸਨ।

ਨੋਡਲ ਵਿਭਾਗ ਨੇ ਭਰੋਸਾ ਦਿੱਤਾ (ਨਵੰਬਰ 2024) ਕਿ ਪੀ ਐਸ ਈ ਜੀ ਐਸ ਦੇ ਜਨਰਲ ਮੈਨੇਜਰ (ਵਿੱਤ) ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਇਸ ਮਾਮਲੇ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਕਿਸੇ ਤੀਜੀ ਧਿਰ ਦੇ ਲੇਖਾ ਪਰੀਖਕ ਜਾਂ ਸੀ ਏ ਫਰਮ ਦੀ ਨਿਯੁਕਤੀ ਦੀ ਖੋਜ ਕੀਤੀ ਜਾਵੇਗੀ ਤਾਂ ਜੋ ਪੂਰੀ ਤਰ੍ਹਾਂ ਮੇਲ-ਮਿਲਾਨ ਕੀਤਾ ਜਾ ਸਕੇ।

### 2.10.3.3 ਟੈਂਡਰ ਫੀਸ, ਪ੍ਰੋਸੈਸਿੰਗ ਫੀਸ ਅਤੇ ਬਿਆਨਾ ਜਮ੍ਹਾਂ ਰਾਸ਼ੀ ਦਾ ਰਿਫੰਡ

ਪੋਰਟਲ 'ਤੇ ਕੋਈ ਪੜਾਅ ਪੂਰਾ ਹੋਣ ਤੋਂ ਪਹਿਲਾਂ ਟੈਂਡਰ ਰੱਦ ਹੋਣ ਜਾਂ ਮੁੜ ਟੈਂਡਰ ਕਰਨ ਦੀ ਸੂਰਤ ਵਿੱਚ ਬੋਲੀ ਜਮ੍ਹਾਂ ਕਰਨ ਦੇ ਨਾਲ-ਨਾਲ ਬੋਲੀਦਾਤਾਵਾਂ ਦੁਆਰਾ ਜਮ੍ਹਾਂ ਕੀਤੀ ਟੈਂਡਰ ਫੀਸ ਅਤੇ ਪ੍ਰੋਸੈਸਿੰਗ ਫੀਸ ਵਾਪਸ ਕਰ ਦਿੱਤੀ ਜਾਂਦੀ ਹੈ। ਹਾਲਾਂਕਿ, ਬੋਲੀਦਾਤਾਵਾਂ ਦੁਆਰਾ ਆਪਣੀ ਬੋਲੀ ਦੇ ਨਾਲ ਜਮ੍ਹਾਂ ਕੀਤੀ ਗਈ ਈ ਐਮ ਡੀ ਅਸਫਲ ਬੋਲੀਦਾਤਾਵਾਂ ਨੂੰ ਰਿਫੰਡ ਕਰ ਦਿੱਤੀ ਜਾਂਦੀ ਹੈ (ੳ) ਕਿਸੇ ਵੀ ਪੜਾਅ 'ਤੇ ਬੋਲੀ ਰੱਦ ਹੋਣ 'ਤੇ; (ਅ) ਸਫਲ ਬੋਲੀਦਾਤਾ ਨੂੰ ਏ ਓ ਸੀ ਜਾਰੀ ਕਰਨ 'ਤੇ; ਅਤੇ (ੲ) ਇਕਰਾਰਨਾਮੇ 'ਤੇ ਦਸਤਖਤ ਕਰਨ ਤੋਂ ਬਾਅਦ ਲੋੜੀਂਦੀ ਕਾਰਜਸ਼ੀਲਤਾ ਸੁਰੱਖਿਆ ਪ੍ਰਦਾਨ ਕਰਨ 'ਤੇ।

2018-2023 ਦੌਰਾਨ ਪ੍ਰਕਾਸ਼ਿਤ 1,85,920 ਟੈਂਡਰਾਂ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ 31 ਮਾਰਚ 2023 ਤੱਕ ਟੈਂਡਰ ਦੀ ਸਥਿਤੀ **ਸਾਰਣੀ** 2.14 ਵਿੱਚ ਵੇਰਵੇ ਅਨੁਸਾਰ ਸੀ।

**ਸਾਰਣੀ 2.14: ਜੀ ਈ ਪੀ ਐਨ ਆਈ ਸੀ ਅਨੁਸਾਰ ਟੈਂਡਰਾਂ ਦੀ ਸਥਿਤੀ**

<table>
<tr><th>ਜੀ ਐਨ ਈ ਪੀ ਐਨ ਆਈ ਸੀ ਦੇ ਅਨੁਸਾਰ ਸਥਿਤੀ</th><th>ਟੈਂਡਰਾਂ ਦੀ ਸੰਖਿਆ</th><th colspan="3">ਟੈਂਡਰਾਂ ਦਾ ਪੜਾਅ</th></tr>
<tr><td>ਮਿਆਦ ਪੁੱਗ ਗਈ</td><td>75,726</td><td colspan="3">ਸਾਰੇ ਪੜਾਅ ਪੂਰੇ ਕੀਤੇ ਗਏ</td></tr>
<tr><td rowspan="9">ਪ੍ਰਕਾਸ਼ਿਤ</td><td rowspan="9">50,020</td><td colspan="3">ਪ੍ਰਕਿਰਿਆ ਅਧੀਨ ਹੈ</td></tr>
<tr><th>ਜੀ ਈ ਪੀ ਐਨ ਆਈ ਸੀ ਅਨੁਸਾਰ ਪ੍ਰਕਾਸ਼ਿਤ ਕੀਤੇ ਟੈਂਡਰਾਂ ਦੀ ਸਥਿਤੀ</th><th>ਟੈਂਡਰਾਂ ਦੀ ਸੰਖਿਆ</th><th>ਟੈਂਡਰਾਂ ਦੀ ਸਥਿਤੀ</th></tr>
<tr><td>ਖੋਲ੍ਹੀ_ਜਾਣ_ਵਾਲੀ</td><td>21,725</td><td>ਕੋਈ ਪੜਾਅ ਅਪਡੇਟ ਨਹੀਂ ਕੀਤਾ ਗਿਆ</td></tr>
<tr><td>ਬੋਲੀ_ਖੋਲੀ_1</td><td>7,328</td><td>ਤਕਨੀਕੀ ਬੋਲੀ ਖੋਲੀ ਗਈ</td></tr>
<tr><td>ਮੁਲਾਂਕਣ ਕੀਤਾ_ਤਕਨੀਕੀ</td><td>6,911</td><td>ਤਕਨੀਕੀ ਮੁਲਾਂਕਣ ਪੂਰਾ ਹੋਇਆ</td></tr>
<tr><td>ਬੋਲੀ_ਖੋਲੀ_ 2</td><td>7,658</td><td>ਵਿੱਤੀ ਬੋਲੀ ਖੋਲੀ ਗਈ</td></tr>
<tr><td>ਮੁਲਾਂਕਣ ਕੀਤਾ_ਵਿੱਤੀ</td><td>6,398</td><td>ਵਿੱਤੀ ਮੁਲਾਂਕਣ ਪੂਰਾ ਹੋਇਆ</td></tr>
<tr><td>ਕੁੱਲ ਜੋੜ</td><td>50,020</td><td></td></tr>
<tr><td colspan="3"></td></tr>
<tr><td>ਰੱਦ ਕਰ ਦਿੱਤਾ ਗਿਆ</td><td>52,046</td><td colspan="3">ਕਿਸੇ ਵੀ ਪੜਾਅ 'ਤੇ ਰੱਦ</td></tr>
<tr><td>ਦੁਬਾਰਾ ਟੈਂਡਰ</td><td>8,128</td><td colspan="3">ਦੁਬਾਰਾ ਟੈਂਡਰ ਕੀਤੇ</td></tr>
<tr><td>ਜੋੜ</td><td>1,85,920</td><td colspan="3"></td></tr>
</table>

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਪੋਰਟਲ 'ਤੇ ਟੈਂਡਰ ਪੜਾਵਾਂ ਦੀ ਪ੍ਰੋਸੈਸਿੰਗ/ਅਪਡੇਟ ਨਾ ਕਰਨ ਦੇ ਨਤੀਜੇ ਵਜੋਂ, 31 ਮਾਰਚ 2023 ਨੂੰ ਟੈਂਡਰ ਫੀਸ ਦੇ ਰਿਫੰਡ, ਪ੍ਰੋਸੈਸਿੰਗ ਫੀਸ ਅਤੇ ਬਿਆਨਾ ਜਮ੍ਹਾਂ ਰਾਸ਼ੀ ਦਾ ₹ 54.95 ਕਰੋੜ ਬਕਾਇਆ ਸੀ। ਜਿਵੇਂ ਕਿ ਅਗਲੇ ਪੈਰਾਗ੍ਰਾਫਾਂ ਵਿੱਚ ਚਰਚਾ ਕੀਤੀ ਗਈ ਹੈ:

### *(i) ਜਿਨ੍ਹਾਂ ਟੈਂਡਰਾਂ 'ਤੇ ਕਾਰਵਾਈ ਨਹੀਂ ਕੀਤੀ ਗਈ ਸੀ, ਉਨ੍ਹਾਂ ਵਿੱਚ ਟੈਂਡਰ ਫੀਸ, ਪ੍ਰੋਸੈਸਿੰਗ ਫੀਸ ਅਤੇ ਬਿਆਨਾ ਜਮ੍ਹਾਂ ਰਾਸ਼ੀ ਦੀ ਰੁਕਾਵਟ*

21,725 'ਖੋਲੇ ਜਾਣ ਵਾਲੇ' ਟੈਂਡਰਾਂ ਨਾਲ ਸਬੰਧਤ ਅੰਕੜਿਆਂ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ 31 ਮਾਰਚ 2023 ਤੱਕ 1,924 ਟੈਂਡਰਾਂ ਲਈ ਜਮ੍ਹਾਂ ਕੀਤੀਆਂ ਗਈਆਂ 3,479 ਬੋਲੀਆਂ ਆਪਣੀ ਯੋਗਤਾ ਦੀ ਮਿਆਦ ਨੂੰ ਪਾਰ ਕਰ ਚੁੱਕੀਆਂ ਸਨ ਪਰ ਨਾ ਤਾਂ ਸ਼ੁਰੂਆਤੀ ਪੜਾਅ ਲਈ ਟੈਂਡਰਾਂ ਤੇ ਕਾਰਵਾਈ ਕੀਤੀ ਗਈ ਸੀ ਅਤੇ ਨਾ ਹੀ ਟੈਂਡਰ ਫੀਸ, ਪ੍ਰੋਸੈਸਿੰਗ ਫੀਸ/ਈ ਐਮ ਡੀ ਦੇ ₹ 4.98 ਕਰੋੜ[49] ਵਾਪਸ ਕੀਤੇ ਗਏ ਸਨ। ਇਨ੍ਹਾਂ 3,479 ਬੋਲੀਆਂ ਵਿੱਚ 153 ਅਜਿਹੀਆਂ ਬੋਲੀਆਂ (₹ 31.83 ਲੱਖ ਦੀ ਰਾਸ਼ੀ) ਵੀ ਸ਼ਾਮਲ ਹਨ ਜੋ ਬੋਲੀ ਜਮ੍ਹਾਂ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਜਮ੍ਹਾਂ ਨਹੀਂ ਕੀਤੀਆਂ ਗਈਆਂ ਸਨ ਅਤੇ ਜੀ ਈ ਪੀ ਐਨ ਆਈ ਸੀ ਦੁਆਰਾ ਟੈਂਡਰ ਪ੍ਰਕਿਰਿਆ ਵਿੱਚ ਭਾਗ ਲੈਣ ਲਈ *'ਅਯੋਗ'* ਵਜੋਂ ਟੈਗ ਕੀਤੀਆਂ ਗਈਆਂ ਸਨ।

ਜੀ ਈ ਪੀ ਐਨ ਆਈ ਸੀ ਨੂੰ ਸਿਰਫ ਪਹਿਲੇ ਬੋਲੀ-ਖੋਲ੍ਹਣ ਦੇ ਪੜਾਅ ਦੇ ਪੂਰਾ ਹੋਣ ਤੋਂ ਪਹਿਲਾਂ ਰੱਦ ਕਰਨ ਜਾਂ ਮੁੜ ਟੈਂਡਰ ਕਰਨ 'ਤੇ ਹੀ ਪੂਲਿੰਗ ਖਾਤੇ ਤੋਂ ਟੈਂਡਰ ਫੀਸ ਅਤੇ ਪ੍ਰੋਸੈਸਿੰਗ ਫੀਸ ਦੇ ਰਿਫੰਡ ਨੂੰ ਸ਼ੁਰੂ ਕਰਨ ਲਈ ਕਨਫੀਗਰਡ ਕੀਤਾ ਗਿਆ ਹੈ। ਕਿਉਂਕਿ ਅਜਿਹਾ ਕੋਈ ਪੜਾਅ ਪਾਰ ਨਹੀਂ ਕੀਤਾ ਗਿਆ ਸੀ ਅਤੇ ਜੀ ਈ ਪੀ ਐਨ ਆਈ ਸੀ ਕੋਲ ਕੋਈ ਹੋਰ ਵਿਵਸਥਾ ਨਹੀਂ ਸੀ, ਇਸ ਲਈ ਇਨ੍ਹਾਂ ਮਾਮਲਿਆਂ ਵਿੱਚ ਰਿਫੰਡ ਸ਼ੁਰੂ ਨਹੀਂ ਕੀਤੇ ਗਏ ਸਨ। ਨਤੀਜੇ ਵਜੋਂ, ਬੋਲੀਦਾਤਾਵਾਂ ਦੁਆਰਾ ਜਮ੍ਹਾਂ ਕੀਤੇ ਗਏ ₹ 4.98 ਕਰੋੜ ਦਾ ਨਿਪਟਾਰਾ ਨਹੀਂ ਹੋਇਆ। ਨਿਪਟਾਰੇ ਲਈ ਬਕਾਇਆ ਰਾਸ਼ੀ ਦਾ ਸਮਾਂ-ਵਾਰ ਵਿਸ਼ਲੇਸ਼ਣ **ਸਾਰਣੀ** 2.15 ਵਿੱਚ ਦਿੱਤਾ ਗਿਆ ਹੈ।

**ਸਾਰਣੀ 2.15: ਸਮਾਂ-ਵਾਰ ਨਿਪਟਾਰੇ ਲਈ ਬਕਾਇਆ ਰਾਸ਼ੀ**

*(ਰਾਸ਼ੀ ₹ ਵਿੱਚ)*

| ਸਾਲ | ਟੈਂਡਰਾਂ ਦੀ ਸੰਖਿਆ *(ਪ੍ਰਤੀਸ਼ਤਤਾ)* | ਟੈਂਡਰ ਫੀਸ | ਪ੍ਰੋਸੈਸਿੰਗ ਫੀਸ | ਈ ਐਮ ਡੀ ਫੀਸ | ਕੁੱਲ ਜੋੜ | ਪਿਛਲੇ ਸਾਲ ਨਾਲੋਂ ਬਦਲਾਅ *(ਪ੍ਰਤੀਸ਼ਤ)* |
|---|---|---|---|---|---|---|
| 2018-19 | 547 (28) | 5,23,932 | 9,41,959 | 43,00,728 | 57,66,619 | |
| 2019-20 | 290 (15) | 2,98,425 | 4,89,442 | 27,78,160 | 35,66,027 | -38% ▼ |
| 2020-21 | 337 (18) | 2,71,561 | 7,18,956 | 37,65,112 | 47,55,629 | 33% ▲ |
| 2021-22 | 481 (25) | 5,55,591 | 12,77,325 | 1,27,02,361 | 1,45,35,277 | 206% ▲ |
| 2022-23 | 269 (14) | 8,35,116 | 8,55,673 | 1,95,01,797 | 2,11,92,586 | 46% ▲ |
| **ਕੁੱਲ ਜੋੜ।** | **1,924 (100)** | **24,84,625** | **42,83,355** | **4,30,48,158** | **4,98,16,138** | |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

49 ਟੈਂਡਰ ਫੀਸ: ₹ 24.85 ਲੱਖ; ਪ੍ਰੋਸੈਸਿੰਗ ਫੀਸ: ₹ 42.83 ਲੱਖ; ਅਤੇ ਈ ਐਮ ਡੀ: ₹ 430.48 ਲੱਖ ।

ਜਿਵੇਂਕਿ ਉਪਰੋਕਤ ਸਾਰਣੀ ਤੋਂ ਸਪੱਸ਼ਟ ਹੈ, ਦੋ ਸਾਲ ਪਹਿਲਾਂ ਭਾਵ 2018-2021 ਦੌਰਾਨ ਪ੍ਰਕਾਸ਼ਿਤ ਕੀਤੇ ਗਏ 61 *ਪ੍ਰਤੀਸ਼ਤ* ਟੈਂਡਰਾਂ ਵਿੱਚ, ਟੈਂਡਰ ਫੀਸ, ਪ੍ਰੋਸੈਸਿੰਗ ਫੀਸ, ਅਤੇ ਬਿਆਨਾ ਜਮ੍ਹਾਂ ਰਾਸ਼ੀ (ਈ ਐਮ ਡੀ) ਦੇ ਰਿਫੰਡ 31 ਮਾਰਚ 2023 ਤੱਕ ਨਿਪਟਾਰੇ ਲਈ ਬਕਾਇਆ ਸਨ।

### *(ii) ਬਿਆਨਾ ਜਮ੍ਹਾਂ ਰਾਸ਼ੀ ਦੀ ਰੁਕਾਵਟ*

ਜੀ ਈ ਪੀ ਐਨ ਆਈ ਸੀ, ਤਕਨੀਕੀ ਖੁਲਣ ਤੋਂ ਲੈ ਕੇ ਸਫਲ ਬੋਲੀਦਾਤਾ ਨੂੰ ਏ ਓ ਸੀ ਜਾਰੀ ਕਰਨ ਤੱਕ, ਕਿਸੇ ਵੀ ਪੜਾਅ 'ਤੇ ਬੋਲੀ ਰੱਦ ਹੋਣ ਤੇ ਈ ਐਮ ਡੀ ਦੀ ਵਾਪਸੀ ਸ਼ੁਰੂ ਕਰਦਾ ਹੈ।

ਜੀ ਈ ਪੀ ਐਨ ਆਈ ਸੀ ਦੇ ਡਾਟਾ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਚੱਲਦਾ ਹੈ ਕਿ 31 ਮਾਰਚ 2023 ਤੱਕ ਬੋਲੀਦਾਤਾਵਾਂ ਦੁਆਰਾ 7,618 ਟੈਂਡਰਾਂ ਦੇ ਮੁਕਾਬਲੇ ਜਮ੍ਹਾਂ ਕੀਤੀਆਂ ਗਈਆਂ 11,818 ਬੋਲੀਆਂ ਦੇ ਨਾਲ ਜਮ੍ਹਾਂ ₹ 49.97 ਕਰੋੜ ਦੀ ਈ ਐਮ ਡੀ ਅਜੇ ਵਾਪਸ ਨਹੀਂ ਕੀਤੀ ਗਈ ਸੀ। ਇਨ੍ਹਾਂ ਸਾਰੀਆਂ ਬੋਲੀਆਂ ਨੂੰ ਖੁਲ੍ਹੇ ਹੋਏ ਵਜੋਂ ਦਿਖਾਇਆ ਗਿਆ ਸੀ ਅਤੇ ਇਨ੍ਹਾਂ ਸਾਰੀਆਂ ਬੋਲੀਆਂ ਦੀ ਯੋਗਤਾ ਖਤਮ ਹੋ ਗਈ ਸੀ, ਪਰ ਏ ਓ ਸੀ ਜਾਰੀ ਹੋਣ ਤੱਕ ਨਾ ਤਾਂ ਇਨ੍ਹਾਂ ਬੋਲੀਆਂ ਨੂੰ ਰੱਦ ਕੀਤਾ ਗਿਆ ਸੀ ਨਾ ਹੀ ਕਾਰਵਾਈ ਕੀਤੀ ਗਈ ਸੀ। ਕਿਉਂਕਿ ਇਨ੍ਹਾਂ ਬੋਲੀਆਂ ਦੀ ਯੋਗਤਾ ਖਤਮ ਹੋ ਗਈ ਸੀ ਅਤੇ ਏ ਓ ਸੀ ਜਾਰੀ ਨਹੀਂ ਕੀਤੀ ਗਈ ਸੀ, ਇਸ ਲਈ ਬੋਲੀਦਾਤਾਵਾਂ ਨੂੰ ₹ 49.97 ਕਰੋੜ ਦੀ ਈ ਐਮ ਡੀ ਵਾਪਸ ਕੀਤੀ ਜਾਣੀ ਚਾਹੀਦੀ ਸੀ।

ਨਿਪਟਾਰੇ ਲਈ ਬਕਾਇਆ ਰਾਸ਼ੀ ਦਾ ਸਮਾਂ-ਵਾਰ ਵਿਸ਼ਲੇਸ਼ਣ **ਸਾਰਣੀ** 2.16 ਵਿੱਚ ਦਿੱਤਾ ਗਿਆ ਹੈ।

**ਸਾਰਣੀ 2.16: ਨਿਪਟਾਰੇ ਲਈ ਬਕਾਇਆ ਈ ਐਮ ਡੀ ਦੀ ਸਮਾਂ-ਵਾਰ ਰਾਸ਼ੀ ਨੂੰ ਦਰਸਾਉਣਾ**

*( ਰਾਸ਼ੀ ₹ ਵਿੱਚ)*

| ਵਿੱਤੀ ਸਾਲ | ਟੈਂਡਰਾਂ ਦੀ ਸੰਖਿਆ *(ਪ੍ਰਤੀਸ਼ਤ)* | ਈ ਐਮ ਡੀ (₹ ਵਿੱਚ) | ਪਿਛਲੇ ਸਾਲ ਤੋਂ ਬਦਲਾਅ *(ਪ੍ਰਤੀਸ਼ਤ)* |
|---|---|---|---|
| 2018-19 | 903 (12) | 3,54,07,287 | |
| 2019-20 | 803 (11) | 3,79,43,593 | 7% ▲ |
| 2020-21 | 1,372 (18) | 6,06,14,719 | 60% ▲ |
| 2021-22 | 3,311 (43) | 19,16,81,566 | 216% ▲ |
| 2022-23 | 1,229 (16) | 17,40,44,615 | -9% ▼ |
| **ਕੁੱਲ ਜੋੜ** | **7,618 (100)** | **49,96,91,780** | |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਜਿਵੇਂ ਕਿ ਉਪਰੋਕਤ ਸਾਰਣੀ ਤੋਂ ਸਪੱਸ਼ਟ ਹੈ, 2018-2021 ਦੌਰਾਨ ਪ੍ਰਕਾਸ਼ਿਤ 41 *ਪ੍ਰਤੀਸ਼ਤ* ਟੈਂਡਰਾਂ ਵਿੱਚ, ਬਿਆਨਾ ਜਮ੍ਹਾਂ ਰਾਸ਼ੀ (ਈ ਐਮ ਡੀ) ਦੇ ਰਿਫੰਡ 31 ਮਾਰਚ 2023 ਤੱਕ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਬਕਾਇਆ ਸਨ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2023) ਕਿ ਪ੍ਰਣਾਲੀ ਏ ਓ ਸੀ ਦੇ ਪੂਰਾ ਹੋਣ ਤੋਂ ਬਾਅਦ ਸੈਟਲਮੈਂਟ/ਰਿਫੰਡ ਸ਼ੁਰੂ ਕਰਦਾ ਹੈ। ਜਵਾਬ ਤਸੱਲੀਬਖਸ਼ ਨਹੀਂ ਸੀ, ਕਿਉਂਕਿ ਜੀ ਈ ਪੀ ਐਨ ਆਈ ਸੀ ਬੋਲੀਆਂ ਦੇ ਪਹਿਲੇ ਖੁਲਣ ਦੇ ਪੜਾਅ ਤੋਂ ਹੀ ਰਿਫੰਡ/ਨਿਪਟਾਰਾ ਸ਼ੁਰੂ ਕਰਦਾ ਹੈ। ਟੀ ਆਈ ਏਜ਼

ਨੂੰ ਪੋਰਟਲ 'ਤੇ ਟੈਂਡਰ ਦੀ ਸਥਿਤੀ ਨੂੰ ਤੁਰੰਤ ਅਪਡੇਟ ਕਰਨ ਲਈ ਹਦਾਇਤਾਂ ਜਾਰੀ ਕਰਨ ਦੇ ਸੰਬੰਧ ਵਿੱਚ ਸਵੈਚਾਲਿਤ ਨਿਪਟਾਰਾ ਰਿਫੰਡ ਸ਼ੁਰੂ ਕਰਨ ਲਈ ਨੋਡਲ ਵਿਭਾਗ ਨੇ ਸਿਰਫ ਇਹ ਕਿਹਾ ਕਿ ਇਹ ਬਿੰਦੂ ਟੀ ਆਈ ਏ ਨਾਲ ਸਬੰਧਿਤ ਹੈ। ਜਵਾਬ ਤਸੱਲੀਬਖਸ਼ ਨਹੀਂ ਸੀ ਕਿਉਂਕਿ ਇਸ ਨੇ ਸਿਰਫ ਇਹ ਉਜਾਗਰ ਕੀਤਾ ਕਿ ਕਾਰੋਬਾਰੀ ਨਿਯਮਾਂ ਨੂੰ ਲਾਗੂ ਕਰਨ ਲਈ ਪ੍ਰਮੁੱਖ ਐਪਲੀਕੇਸ਼ਨ ਨਿਯੰਤਰਣ ਲਾਗੂ ਨਹੀਂ ਕੀਤੇ ਗਏ ਸਨ ਅਤੇ ਪਾਲਣਾ ਦਾ ਬੋਝ ਇਸ ਦੇ ਲਾਗੂ ਹੋਣ ਤੋਂ ਬਾਅਦ ਵੀ ਵਿਅਕਤੀਗਤ ਉਪਭੋਗਤਾਵਾਂ ਤੋਂ ਪ੍ਰਣਾਲੀ ਵੱਲ ਤਬਦੀਲ ਨਹੀਂ ਹੋਇਆ ਸੀ। ਹਾਲਾਂਕਿ, ਨੋਡਲ ਵਿਭਾਗ ਨੇ ਅੱਗੇ ਕਿਹਾ (ਨਵੰਬਰ 2024) ਕਿ ਇਸ ਸਬੰਧ ਵਿੱਚ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ।

### 2.10.3.4 ਰਿਫੰਡਾਂ/ਨਿਪਟਾਰੇ ਦੀ ਪ੍ਰਕਿਰਿਆ ਵਿੱਚ ਕਮੀਆਂ

ਜੀ ਈ ਪੀ ਐਨ ਆਈ ਸੀ ਬੋਲੀਦਾਤਾਵਾਂ ਨੂੰ ਰਿਫੰਡ ਅਤੇ ਟੀ ਆਈ ਏ ਨਾਲ ਨਿਪਟਾਰੇ ਦਾ ਡਾਟਾ *'ਬੋਲੀ ਫੀਸ ਰਿਫੰਡ ਸੈਟਲਮੈਂਟ'* ਨਾਮਕ ਇੱਕ ਟੇਬਲ ਵਿੱਚ ਰੱਖਦਾ ਹੈ ਜਿਸ ਦਾ ਇੱਕ ਕਾਲਮ *'ਅਪਡੇਟਡਬਾਏ'* ਹੁੰਦਾ ਹੈ, ਜੋ ਖਾਲੀ ਰਹਿੰਦਾ ਹੈ ਜਦੋਂ ਜੀ ਈ ਪੀ ਐਨ ਆਈ ਸੀ ਪ੍ਰਣਾਲੀ ਐਸ ਬੀ ਆਈ ਪੂਲਿੰਗ ਖਾਤੇ ਤੋਂ ਲੈਣ-ਦੇਣ ਦਾ ਡਾਟਾ ਪ੍ਰਾਪਤ ਕਰਕੇ ਟੇਬਲ ਨੂੰ ਅਪਡੇਟ ਕਰਦਾ ਹੈ। ਹਾਲਾਂਕਿ ਮੈਨੂਅਲੀ ਦਖਲ ਅੰਦਾਜ਼ੀ ਦੇ ਮਾਮਲੇ ਵਿੱਚ, ਜੀ ਈ ਪੀ ਐਨ ਆਈ ਸੀ ਇਸ ਕਾਲਮ ਵਿੱਚ ਟੇਬਲ ਨੂੰ ਅਪਡੇਟ ਕਰਨ ਵਾਲੇ ਉਪਭੋਗਤਾ ਦੀ ਆਈ ਡੀ ਨੂੰ ਕੈਪਚਰ ਕਰਦਾ ਹੈ।

#### *(i) ਰਿਫੰਡਾਂ ਦੀ ਪ੍ਰਕਿਰਿਆ ਵਿੱਚ ਦੇਰੀ*

31 ਮਾਰਚ 2023 *'ਬੋਲੀ ਫੀਸ ਰਿਫੰਡ ਸੈਟਲਮੈਂਟ ਟੇਬਲ'* ਵਿੱਚ ਰੱਖੇ ਗਏ ਡੇਟਾ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਚੱਲਿਆ ਕਿ ਜੀ ਈ ਪੀ ਐਨ ਆਈ ਸੀ ਦੁਆਰਾ ਸ਼ੁਰੂ ਕੀਤੇ ਗਏ ਰਿਫੰਡ/ਨਿਪਟਾਰੇ ਦੇ 10,68,675 ਲੈਣ-ਦੇਣ ਵਿੱਚੋਂ 10,38,232 ਲੈਣ-ਦੇਣ 2018-2023 ਦੌਰਾਨ ਪ੍ਰਕਾਸ਼ਿਤ ਟੈਂਡਰਾਂ ਨਾਲ ਸਬੰਧਤ ਸਨ। ਇਨ੍ਹਾਂ ਵਿਚੋਂ 5,921 ਲੈਣ-ਦੇਣ ਜਾਂ ਤਾਂ ਅਸਫਲ ਰਹੇ ਜਾਂ ਖਾਲੀ ਰਹੇ ਸਨ, ਇਸ ਤਰ੍ਹਾਂ ਜਿਸ ਨਾਲ 10,32,311 ਲੈਣ-ਦੇਣ ਰਹਿ ਗਏ, ਜਿਨ੍ਹਾਂ ਵਿੱਚ ਟੈਂਡਰ ਫੀਸ, ਪ੍ਰੋਸੈਸਿੰਗ ਫੀਸ ਅਤੇ ਈ ਐਮ ਡੀ ਦਾ ਰਿਫੰਡ/ਨਿਪਟਾਰਾ ਸਫਲ ਰਿਹਾ। ਜੀ ਈ ਪੀ ਐਨ ਆਈ ਸੀ ਦੁਆਰਾ ਰਿਫੰਡ ਸ਼ੁਰੂ ਕਰਨ ਦੇ ਬਾਵਜੂਦ, ਬੋਲੀਦਾਤਾ/ਟੀ ਆਈ ਏ ਖਾਤੇ ਵਿੱਚ ਰਾਸ਼ੀ ਦੇ ਅਸਲ ਕ੍ਰੈਡਿਟ ਵਿੱਚ 1,050 ਦਿਨਾਂ ਤੱਕ ਦੀ ਦੇਰੀ ਹੋਈ। ਰਿਫੰਡ ਜਮ੍ਹਾਂ ਕਰਨ ਵਿੱਚ ਦਿਨਾਂ ਵਿੱਚ ਦੇਰੀ ਦਾ ਸਮਾਂ-ਵਾਰ ਵੇਰਵਾ **ਸਾਰਣੀ** 2.17 ਵਿੱਚ ਪ੍ਰਦਰਸ਼ਿਤ ਕੀਤਾ ਗਿਆ ਹੈ।

**ਸਾਰਣੀ 2.17: ਰਿਫੰਡ ਕ੍ਰੈਡਿਟ ਕਰਨ ਵਿੱਚ ਦੇਰੀ ਦਾ ਸਮਾਂ-ਵਾਰ ਵੇਰਵਾ**

| ਰਾਸ਼ੀ ਜਮ੍ਹਾਂ ਕਰਨ ਵਿੱਚ ਲੱਗਣ ਵਾਲੇ ਦਿਨਾਂ ਦੀ ਸੀਮਾ | ਲੈਣ ਦੇਣ ਦੀ ਸੰਖਿਆ |
|---|---|
| 7 ਦਿਨਾਂ ਤੱਕ | 10,08,742 |
| 8 ਤੋਂ 30 ਦਿਨਾਂ ਤੱਕ | 20,616 |
| 31 ਤੋਂ 180 ਦਿਨਾਂ ਤੱਕ | 1,644 |
| 181 ਤੋਂ 365 ਦਿਨਾਂ ਤੱਕ | 753 |
| 366 ਤੋਂ 730 ਦਿਨਾਂ ਤੱਕ | 480 |
| 731 ਦਿਨਾਂ ਤੋਂ ਵੱਧ | 76 |
| **ਜੋੜ** | **10,32,311** |

*ਜੀ ਈ ਪੀ ਐਨ ਆਈ ਸੀ ਡਾਟਾਬੇਸ*

ਰਿਫੰਡ ਦੇ ਨਿਪਟਾਰੇ ਵਿੱਚ ਅਸਧਾਰਨ ਦੇਰੀ ਦੇ ਕਾਰਣ ਪ੍ਰਣਾਲੀ ਲੈਪਸ ਦੀ ਉਦਾਹਰਣ ਹੇਠਾਂ ਦਿੱਤੀ ਗਈ ਹੈ:

22 ਫਰਵਰੀ 2020 ਨੂੰ ਪਨਗ੍ਰੇਨ- ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਦੇ ਵਿਭਾਗ ਦੇ ਰਾਜ ਜਨਤਕ ਖੇਤਰ ਦੇ ਅਦਾਰੇ ਨੇ, ਐਲ ਡੀ ਪੀ ਈ ਬਲੈਕ ਪੋਲੀਥੀਨ ਕਵਰਾਂ ਦੀ ਸਪਲਾਈ ਲਈ ਇੱਕ ਟੈਂਡਰ ਪ੍ਰਕਾਸ਼ਿਤ ਕੀਤਾ, ਜਿਸ ਵਿੱਚ ਬੋਲੀਦਾਤਾਵਾਂ ਨੂੰ ₹ 20 ਲੱਖ ਦੀ ਬਿਆਨਾ ਜਮ੍ਹਾਂ ਰਾਸ਼ੀ (ਈ ਐਮ ਡੀ) ਜਮ੍ਹਾਂ ਕਰਵਾਉਣ ਦੀ ਲੋੜ ਸੀ। 31 ਮਾਰਚ 2020 ਨੂੰ ਛੇ ਬੋਲੀਦਾਤਾਵਾਂ ਨੂੰ ਠੇਕਿਆਂ ਦਾ ਅਵਾਰਡ ਜਾਰੀ ਕੀਤਾ ਗਿਆ ਸੀ, ਅਤੇ ਪ੍ਰਣਾਲੀ ਨੇ ਉਸੇ ਦਿਨ ₹ 1.2 ਕਰੋੜ ਦੀ ਕੁੱਲ ਈ ਐਮ ਡੀ ਰਾਸ਼ੀ ਦਾ ਨਿਪਟਾਰਾ ਸ਼ੁਰੂ ਕੀਤਾ ਸੀ।

ਹਾਲਾਂਕਿ, ਇਹ ਲੈਣ-ਦੇਣ ਅਸਫਲ ਰਹੇ, ਅਤੇ ਜੀ ਈ ਪੀ ਐਨ ਆਈ ਸੀ ਪੋਰਟਲ ਵਿੱਚ ਇਨ੍ਹਾਂ ਅਸਫਲਤਾਵਾਂ ਦੀ ਅਪਡੇਟ ਕੀਤੀ ਸਥਿਤੀ ਬਾਰੇ ਐਮ ਆਈ ਐਸ ਰਿਪੋਰਟਾਂ ਤਿਆਰ ਕਰਨ ਲਈ ਕਾਰਜਸ਼ੀਲਤਾ ਦੀ ਘਾਟ ਸੀ, ਜਿਸ ਦੇ ਨਤੀਜੇ ਵਜੋਂ ਨੋਡਲ ਵਿਭਾਗ ਅਤੇ ਟੈਂਡਰ ਸੱਦਾ ਅਥਾਰਟੀ (ਟੀ ਆਈ ਏ) ਲਈ ਕਾਰਵਾਈ ਯੋਗ ਜਾਣਕਾਰੀ ਦੀ ਘਾਟ ਸੀ। ਇਹ ਮੁੱਦਾ ਸਭ ਤੋਂ ਪਹਿਲਾਂ ਟੀ ਆਈ ਏ ਦੇ ਧਿਆਨ ਵਿੱਚ ਆਇਆ ਜਿਸ ਨੇ ਫਿਰ 23 ਜਨਵਰੀ 2023 ਨੂੰ ਜੀ ਈ ਪੀ ਐਨ ਆਈ ਸੀ ਹੈਲਪਡੈਸਕ ਕੋਲ ਮਾਮਲਾ ਉਠਾਇਆ। ਜਵਾਬ ਵਿੱਚ ਐਸ ਬੀ ਆਈ ਨੇ 31 ਜਨਵਰੀ 2023 ਨੂੰ ਪੁਸ਼ਟੀ ਕੀਤੀ ਕਿ ਲੈਣ-ਦੇਣ ਅਸਫਲ ਰਿਹਾ ਸੀ। ਕਈ ਵਾਰ ਯਾਦ ਦਿਵਾਉਣ ਤੋਂ ਬਾਅਦ ਆਖਰਕਾਰ 15 ਫਰਵਰੀ 2023 ਨੂੰ ਨਿਪਟਾਰਾ ਪੂਰਾ ਹੋ ਗਿਆ।

ਇਹ ਮਾਮਲਾ ਲੈਣ-ਦੇਣ ਦੀਆਂ ਸਥਿਤੀਆਂ ਨੂੰ ਟਰੈਕ ਕਰਨ ਵਿੱਚ ਪ੍ਰਣਾਲੀ ਦੀਆਂ ਕਮੀਆਂ ਨੂੰ ਦਰਸਾਉਂਦਾ ਹੈ, ਕਿਉਂਕਿ ਇਸਨੇ ਤਿੰਨ ਸਾਲਾਂ ਲਈ ਕੋਈ ਅਪਡੇਟ ਪ੍ਰਦਾਨ ਨਹੀਂ ਕੀਤਾ ਜਦੋਂ ਤੱਕ ਕਿ ਮੁੱਦਿਆਂ ਨੂੰ ਟੀ ਆਈ ਏ ਦੁਆਰਾ ਮੈਨੂਅਲੀ ਦੇਖਿਆ ਅਤੇ ਹੱਲ ਕੀਤਾ ਗਿਆ ਸੀ।

ਨੋਡਲ ਵਿਭਾਗ ਨੇ ਜਵਾਬ ਦਿੱਤਾ (ਸਤੰਬਰ 2024) ਕਿ ਸਿਰਫ ਰਿਫੰਡ/ਨਿਪਟਾਰਾ ਪ੍ਰਕਿਰਿਆ ਲਈ ਕੋਈ ਵਿਸ਼ੇਸ਼ ਅਧਿਸੂਚਨਾ ਜਾਰੀ ਨਹੀਂ ਕੀਤੀ ਗਈ ਸੀ। ਰਿਫੰਡ ਨੂੰ ਸੰਬੰਧਿਤ ਟੈਂਡਰ ਈਵੈਂਟ ਦੇ ਨਾਲ ਜੋੜ ਕੇ ਪ੍ਰੋਸੈਸ ਕੀਤਾ ਗਿਆ ਸੀ, ਅਤੇ ਬੋਲੀਦਾਤਾ ਨੂੰ ਉਸ ਅਨੁਸਾਰ ਸੂਚਿਤ ਕੀਤਾ ਗਿਆ ਸੀ।

ਜਵਾਬ ਸੰਤੋਸ਼ਜਨਕ ਨਹੀਂ ਸੀ ਕਿਉਂਕਿ ਲੈਣ-ਦੇਣਾਂ ਦੀ ਸਥਿਤੀ ਦੀ ਨਿਗਰਾਨੀ ਕਰਨ ਲਈ ਨਿਯੰਤਰਣਾਂ ਵਜੋਂ ਰਿਫੰਡਾਂ/ਨਿਪਟਾਰਿਆਂ ਲਈ ਐਮ ਆਈ ਐਸ ਰਿਪੋਰਟ ਅਤੇ ਅਧਿਸੂਚਨਾ ਪ੍ਰਣਾਲੀ ਨੂੰ ਲਾਗੂ ਕਰਨਾ ਜ਼ਰੂਰੀ ਸੀ।

### *(ii) ਰਿਫੰਡ/ਨਿਪਟਾਰਾ ਸਥਿਤੀ ਨੂੰ ਸਵੈਚਾਲਿਤ ਅੱਪਡੇਟ ਕਰਨਾ*

31 ਮਾਰਚ 2023 ਤੱਕ *'ਬੋਲੀ ਫੀਸ ਰਿਫੰਡ ਸੈਟਲਮੈਂਟ ਟੇਬਲ'* ਵਿੱਚ ਰੱਖੇ ਗਏ ਡਾਟਾ ਦੀ ਲੇਖਾ ਪ੍ਰੀਖਿਆ ਤੋਂ ਪਤਾ ਲੱਗਿਆ ਕਿ ਜੀ ਈ ਪੀ ਐਨ ਆਈ ਸੀ ਦੁਆਰਾ ਸ਼ੁਰੂ ਕੀਤੇ ਗਏ ਰਿਫੰਡਾਂ/ਨਿਪਟਾਰਿਆਂ ਦੇ 10,68,675 ਲੈਣ-ਦੇਣਾਂ ਵਿੱਚੋਂ 1,28,550 ਲੈਣ-ਦੇਣ (12 *ਪ੍ਰਤੀਸ਼ਤ*) ਐਪਲੀਕੇਸ਼ਨ ਐਡਮਿਨ ਉਪਭੋਗਤਾ ਆਈ ਡੀ ਦੁਆਰਾ ਅਪਡੇਟ ਕੀਤੇ ਗਏ ਸਨ, ਜੋ ਟੇਬਲ ਨੂੰ ਆਟੋ ਅੱਪਡੇਟ ਕਰਨ ਵਿੱਚ ਜੀ ਈ ਪੀ ਐਨ ਆਈ ਸੀ ਵਿੱਚ ਕਮੀਆਂ ਦਾ ਸੰਕੇਤ ਦਿੰਦੇ ਸਨ। ਮੈਨੂਅਲੀ

ਦਖਲਅੰਦਾਜੀ 'ਤੇ ਨਿਰੰਤਰ ਨਿਰਭਰਤਾ ਦੇ ਨਤੀਜੇ ਵਜੋਂ ਗਲਤੀਆਂ ਅਤੇ ਹੋਰ ਦੇਰੀ ਦੇ ਟਾਲਣਯੋਗ ਜੋਖਮ ਪੈਦਾ ਹੋਏ।

ਲੇਖਾ ਪ੍ਰੀਖਿਆ ਵਿੱਚ ਅੱਗੇ ਦੇਖਿਆ ਗਿਆ ਕਿ ਟੈਂਡਰ ਫੀਸ, ਪ੍ਰੋਸੈਸਿੰਗ ਫੀਸ ਅਤੇ ਈ ਐਮ ਡੀ ਫੀਸ ਦੀ ਰਾਸ਼ੀ ਦੇ ਨਿਪਟਾਰੇ ਅਤੇ ਰਿਫੰਡ ਲਈ ਬਕਾਇਆ ਨੂੰ ਮੇਲ-ਮਿਲਾਨ ਲਈ ਐਮ ਆਈ ਐਸ ਰਿਪੋਰਟਾਂ ਨੂੰ ਜੀ ਈ ਪੀ ਐਨ ਆਈ ਸੀ ਵਿੱਚ ਲਾਗੂ ਨਹੀਂ ਕੀਤਾ ਗਿਆ ਸੀ।

ਨੋਡਲ ਵਿਭਾਗ ਨੇ ਦੁਹਰਾਇਆ (ਮਈ 2024) ਕਿ ਬੈਂਕ ਤੋਂ ਪ੍ਰਾਪਤ ਰਿਫੰਡ ਅਤੇ ਸੈਟਲਮੈਂਟ ਸਟੇਟਸ ਦਿਨ ਦੇ ਅੰਤ ਦੀਆਂ ਨਿਰਧਾਰਤ ਗਤੀਵਿਧੀਆਂ ਸਨ। ਨਿਰਧਾਰਤ ਸਮੇਂ 'ਤੇ ਡਾਟਾ ਦੀ ਇਤਫਾਕੀਆ ਬੇਮਿਸਾਲ ਅਸਫਲਤਾ ਜਾਂ ਉਪਲੱਬਧਤਾ ਨਾ ਹੋਣ ਦੀ ਸੂਰਤ ਵਿੱਚ, ਐਪਲੀਕੇਸ਼ਨ ਪ੍ਰਸ਼ਾਸਕ[50] ਨੇ ਬੈਂਕ ਦੁਆਰਾ ਪ੍ਰਦਾਨ ਕੀਤੀ ਸੇਵਾ ਦੀ ਵਰਤੋਂ ਕਰਦਿਆਂ ਮੈਨੂਅਲੀ ਡਾਟਾ ਲਿਆ। ਵਿਭਾਗ ਨੇ ਭਰੋਸਾ ਦਿੱਤਾ (ਨਵੰਬਰ 2024) ਕਿ ਇਹ ਮਾਮਲਾ ਐਨ ਆਈ ਸੀ ਕੋਲ ਉਠਾਇਆ ਜਾਵੇਗਾ।

ਵਿਭਾਗ ਦਾ ਜਵਾਬ ਤਸੱਲੀਬਖਸ਼ ਨਹੀਂ ਸੀ ਕਿਉਂਕਿ ਅਜਿਹੀਆਂ ਇਤਫਾਕੀਆ ਅਸਫਲਤਾਵਾਂ ਜਾਂ ਡਾਟਾ ਅਣਉਪਲੱਬਧਤਾ, ਜਿਸ ਕਾਰਣ ਵੱਡੀ ਸੰਖਿਆ ਵਿੱਚ ਲੈਣ-ਦੇਣ ਅਸਫਲ ਹੋਏ (12 *ਪ੍ਰਤੀਸ਼ਤ*), ਜਿਸ ਲਈ ਬਾਹਰੀ ਦਖਲਅੰਦਾਜ਼ੀ ਦੀ ਲੋੜ ਸੀ, ਨੂੰ ਬੈਂਕ ਅਤੇ/ਜਾਂ ਐਨ ਆਈ ਸੀ ਨਾਲ ਡਾਟਾ ਡਿਲੀਵਰੀ ਸੇਵਾ ਵਿੱਚ ਸੰਭਾਵੀ ਸੁਧਾਰਾਂ ਨੂੰ ਲਾਗੂ ਕਰਨ ਜਾਂ ਵਿਕਲਪਿਕ ਸੇਵਾਵਾਂ ਦੀ ਪੜਚੋਲ ਕਰਨ ਲਈ ਹੱਲ ਨਹੀਂ ਕੀਤਾ ਗਿਆ ਸੀ ਜੋ ਵਧੇਰੇ ਇਕਸਾਰ ਸਮਾਂ ਪ੍ਰਦਾਨ ਕਰ ਸਕਦੀਆਂ ਹਨ, ਜਿਸ ਨਾਲ ਮੈਨੂਅਲੀ ਦਖਲਅੰਦਾਜ਼ੀ ਤੇ ਬਾਰੰਬਾਰਤਾ ਅਤੇ ਨਿਰਭਰਤਾ ਘਟਦੀ ਹੈ।

### 2.10.3.5 ਅਸਫਲ/ਐਨ ਯੂ ਐਲ ਐਲ ਲੈਣ-ਦੇਣ ਲਈ ਟਰੈਕਿੰਗ ਵਿਧੀ ਦੀ ਅਣਹੋਂਦ

*'ਬੋਲੀ ਫੀਸ ਰਿਫੰਡ ਸੈਟਲਮੈਂਟ'* ਸਾਰਣੀ ਹਰੇਕ ਲੈਣ-ਦੇਣ ਦੀ ਸਫਲਤਾ ਜਾਂ ਅਸਫਲਤਾ ਨੂੰ ਸਟੋਰ ਕਰਦਾ ਹੈ, ਜੋ ਟੀ ਆਈ ਏ ਜਾਂ ਪੀ ਐਸ ਈ ਜੀ ਐਸ (ਸੈਟਲਮੈਂਟ) ਨੂੰ ਤਬਦੀਲ ਕੀਤੀ ਗਈ ਰਾਸ਼ੀ ਅਤੇ ਬੋਲੀਦਾਤਾਵਾਂ ਨੂੰ ਜਾਰੀ ਕੀਤੇ ਗਏ ਰਿਫੰਡਾਂ ਨੂੰ ਦਰਸਾਉਂਦੀ ਹੈ। ਵੇਖੇ ਗਏ ਸੰਬੰਧਿਤ ਮੁੱਦਿਆਂ ਬਾਰੇ ਹੇਠਾਂ ਚਰਚਾ ਕੀਤੀ ਗਈ ਹੈ।

#### *(i) "ਅਸਫਲਤਾ" ਵਜੋਂ ਰੈਮਿਟ ਦੀ ਸਥਿਤੀ ਵਾਲੇ ਰਿਕਾਰਡ*

ਅੰਕੜਿਆਂ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ 709 ਟੈਂਡਰਾਂ ਵਿੱਚ ₹ 4.13 ਕਰੋੜ ਦੇ 1,766 ਰਿਫੰਡਾਂ/ਨਿਪਟਾਰਿਆਂ ਵਿੱਚ *'ਫੇਲੀਅਰ'* ਵਜੋਂ *'ਰੈਮਿਟਸਟੇਟਸ'* ਸੀ, ਜਿਸ ਨੂੰ ਪ੍ਰਣਾਲੀ ਦੁਆਰਾ ਤਿਆਰ ਕੀਤੇ ਗਏ ਅੱਠ ਵੱਖ-ਵੱਖ ਤਰੁੱਟੀ ਸੰਦੇਸ਼ਾਂ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਸੀ ਜਿਵੇਂ ਕਿ **ਸਾਰਣੀ** 2.18 ਵਿੱਚ ਸੰਖੇਪ ਵਿੱਚ ਦੱਸਿਆ ਗਿਆ ਹੈ।

---

50 ਭੂਮਿਕਾ ਐਨ ਆਈ ਸੀ ਨੂੰ ਸੌਂਪੀ ਗਈ ਹੈ ਅਤੇ ਇਨ੍ਹਾਂ ਲੈਣ-ਦੇਣ ਨੂੰ ਐਨ ਆਈ ਸੀ ਦੀਆਂ ਪੰਜ ਉਪਭੋਗਤਾ ਆਈ ਡੀਜ਼ ਦੁਆਰਾ ਅਪਡੇਟ ਕੀਤਾ ਗਿਆ ਸੀ।

**ਸਾਰਣੀ 2.18: ਵੱਖ-ਵੱਖ ਤਰੁੱਟੀ ਸੰਦੇਸ਼ਾਂ ਦੇ ਅਧੀਨ ਸ਼੍ਰੇਣੀਬੱਧ ਕੀਤੇ ਅਸਫਲ ਲੈਣ-ਦੇਣ**

***(ਰਾਸ਼ੀ ₹ ਵਿੱਚ)***

| ਲੜੀ ਨੰ. | ਤਰੁੱਟੀ ਸੰਦੇਸ਼ | ਲੈਣ-ਦੇਣ | ਕੁੱਲ ਦੀ ਪ੍ਰਤੀਸ਼ਤਤਾ | ਰਾਸ਼ੀ | ਕੁੱਲ ਦੀ ਪ੍ਰਤੀਸ਼ਤਤਾ |
|---|---|---|---|---|---|
| 1. | ਖਾਤਾ ਹੈਲਡ ਕੀਤਾ ਗਿਆ, ਕਿਰਪਾ ਕਰਕੇ ਆਪਣੀ ਸ਼ਾਖਾ ਨਾਲ ਸੰਪਰਕ ਕਰੋ। | 725 | 41 | 10,71,602 | 3 |
| 2. | ਅਯੋਗ ਪ੍ਰਾਪਤਕਰਤਾ ਆਈ ਐਫ ਐਸ ਸੀ ਕੋਡ | 584 | 33 | 4,38,100 | 1 |
| 3. | ਖਾਤਾ ਬੰਦ ਕੀਤਾ ਗਿਆ। ਕਿਰਪਾ ਕਰਕੇ ਆਪਣੀ ਸ਼ਾਖਾ ਨਾਲ ਸੰਪਰਕ ਕਰੋ। | 260 | 15 | 2,44,08,140 | 59 |
| 4. | ਕਲੀਅਰ ਬੈਲੇਂਸ ਫੰਡ ਉਪਲਬਧ ਨਹੀਂ ਹਨ। | 104 | 6 | 70,82,120 | 17 |
| 5. | ਨਾਕਾਫੀ ਫੰਡ। | 69 | 4 | 65,40,045 | 16 |
| 6. | ਅਸਫਲਤਾ। ਮਾਫ ਕਰਨਾ ਤੁਹਾਡੀ ਬੇਨਤੀ 'ਤੇ ਕਾਰਵਾਈ ਕਰਨ ਵਿੱਚ ਅਸਮਰੱਥ। | 13 | 1 | 16,60,485 | 4 |
| 7. | ਅਜਿਹਾ ਕੋਈ ਖਾਤਾ ਨਹੀਂ ਹੈ। | 10 | 1 | 42,670 | 0 |
| 8. | ਰਿਕਾਰਡ ਨਹੀਂ ਮਿਲਿਆ। | 1 | 0 | 70,000 | 0 |
| **ਜੋੜ** | | **1,766** | **100** | **4,13,13,162** | **100** |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਜਿਵੇਂ ਕਿ **ਸਾਰਣੀ** 2.18 ਤੋਂ ਦੇਖਿਆ ਜਾ ਸਕਦਾ ਹੈ,

- 260 ਰਿਫੰਡਾਂ/ਟ੍ਰਾਂਸਫਰਾਂ ਵਿੱਚ ਸ਼ਾਮਲ ਰਾਸ਼ੀ ਦਾ 59 *ਪ੍ਰਤੀਸ਼ਤ* ਇਸ ਕਾਰਣ ਅਸਫਲ ਹੋ ਗਿਆ ਕਿਉਂਕਿ ਰਿਫੰਡ ਸ਼ੁਰੂ ਹੋਣ ਤੱਕ ਪ੍ਰਾਪਤਕਰਤਾ ਦੇ ਖਾਤੇ ਬੰਦ ਹੋ ਗਏ ਸਨ।
- ਅਸਫਲ ਰਾਸ਼ੀ ਦਾ 33 *ਪ੍ਰਤੀਸ਼ਤ* ਨਾਲ ਜੁੜੇ ਦਸ *ਪ੍ਰਤੀਸ਼ਤ* ਲੈਣ-ਦੇਣ (173[51]) ਪੂਲਿੰਗ ਖਾਤੇ ਵਿੱਚ ਨਾਕਾਫੀ ਫੰਡਾਂ ਦੇ ਕਾਰਣ ਸੀ। ਲੇਖਾ ਪ੍ਰੀਖਿਆ ਨੇ ਦੇਖਿਆ ਕਿ 14 ਸਤੰਬਰ 2020 ਨੂੰ ਪੂਲਿੰਗ ਖਾਤੇ ਤੋਂ ₹ 139.49 ਕਰੋੜ ਦੀ ਇੱਕ ਫਿਕਸਡ ਡਿਪਾਜ਼ਿਟ ਬਣਾਈ ਗਈ ਸੀ ਅਤੇ ₹ 10.01 ਕਰੋੜ ਦਾ ਬਕਾਇਆ ਬਚਿਆ ਸੀ। ਇਹ ਬਕਾਇਆ 20 ਅਕਤੂਬਰ 2020 ਨੂੰ ਘੱਟ ਕੇ ₹ 287/- ਰਹਿ ਗਿਆ, ਜਦੋਂ ₹ 1.36 ਕਰੋੜ ਦੇ ਇਹ ਸਾਰੇ 173 ਲੈਣ-ਦੇਣ ਅਸਫਲ ਰਹੇ।

ਲੇਖਾ ਪ੍ਰੀਖਿਆ ਵਿੱਚ ਅੱਗੇ ਨੋਟ ਕੀਤਾ ਕਿ ਜੀ ਈ ਪੀ ਐਨ ਆਈ ਸੀ ਵਿੱਚ ਅਸਫਲ ਲੈਣ-ਦੇਣ ਦੇ ਮਾਮਲੇ ਵਿੱਚ ਨਿਗਰਾਨੀ ਅਤੇ ਅਨੁਸਰਣ ਲਈ ਐਮ ਆਈ ਐਸ ਰਿਪੋਰਟਾਂ/ਟਰੈਕਿੰਗ ਵਿਧੀ ਦੀ ਕਾਰਜਕੁਸ਼ਲਤਾ ਦੀ ਘਾਟ ਸੀ। ਨਤੀਜੇ ਵਜੋਂ, ਲੇਖਾ ਪ੍ਰੀਖਿਆ ਇਹ ਭਰੋਸਾ ਪ੍ਰਾਪਤ ਕਰਨ ਵਿੱਚ ਅਸਮਰੱਥ ਸੀ ਕਿ ਇਹ ਅਸਫਲ ਲੈਣ-ਦੇਣ ਅਸਲ ਵਿੱਚ ਬਾਅਦ ਵਿੱਚ ਸਫਲਤਾਪੂਰਵਕ ਪੂਰੇ ਹੋ ਗਏ ਸਨ। ਜੀ ਈ ਪੀ ਐਨ ਆਈ ਸੀ ਪੂਲਿੰਗ ਖਾਤੇ ਵਿੱਚ ਘੱਟ ਬਕਾਇਆ ਰੱਖਣ ਦੇ ਕਾਰਣਾਂ ਬਾਰੇ ਕੋਈ ਜਵਾਬ ਨਹੀਂ ਦਿੱਤਾ ਗਿਆ ਸੀ (ਫਰਵਰੀ 2025)।

ਪੂਲਿੰਗ ਖਾਤੋਂ ਤੋਂ ਫਿਕਸਡ ਡਿਪਾਜ਼ਿਟ ਬਣਾਉਣ ਤੋਂ ਪਹਿਲਾਂ, ਨੋਡਲ ਵਿਭਾਗ ਨੂੰ ਪੂਲਿੰਗ ਖਾਤੇ ਤੋਂ ਸੁਚਾਰੂ ਸੰਚਾਲਨ ਦੀ ਸਹੂਲਤ ਦੇ ਮੁੱਖਲੇ ਕਾਰਜ ਨੂੰ ਪੂਰਾ ਕਰਨ ਲਈ ਕਾਫ਼ੀ ਫੰਡ ਯਕੀਨੀ ਬਣਾਉਣੇ ਚਾਹੀਦੇ ਸਨ।

---

[51] ਲੜੀ ਨੰ. 4 ਅਤੇ 5 (104+69) 'ਤੇ ਦੋਵੇਂ ਸੰਦੇਸ਼ ਨਾਕਾਫੀ ਫੰਡਾਂ ਨਾਲ ਸਬੰਧਤ ਹਨ।

### *(ii) "ਐਨ ਯੂ ਐਲ ਐਲ" ਵਜੋਂ ਰੈਮਿਟ ਦੀ ਸਥਿਤੀ ਵਾਲੇ ਰਿਕਾਰਡ*

ਇਸੇ ਤਰ੍ਹਾਂ ਸਾਲ 2018-2023 ਦੀ ਮਿਆਦ ਲਈ *'ਬੋਲੀ ਫੀਸ ਰਿਫੰਡ ਸੈਟਲਮੈਂਟ'* ਸਾਰਣੀ ਦੇ ਹੋਰ ਵਿਸ਼ਲੇਸ਼ਣ ਤੋਂ ਖੁਲਾਸਾ ਹੋਇਆ ਕਿ 1,920 ਟੈਂਡਰਾਂ ਨਾਲ ਸਬੰਧਤ ₹ 61.76 ਕਰੋੜ ਦੇ 4,155 ਲੈਣ-ਦੇਣ ਦੇ ਸਬੰਧ ਵਿੱਚ, *'ਰੈਮਿਟਸਟੇਟਸ'* ਕਾਲਮ ਨੇ ਹਰੇਕ ਲੈਣ-ਦੇਣ ਦੀ ਸਫਲਤਾ ਜਾਂ ਅਸਫਲਤਾ ਨੂੰ ਦਰਸਾਉਣ ਦੀ ਬਜਾਏ **ਸਾਰਣੀ** 2.19 ਵਿੱਚ ਦੱਸੇ ਅਨੁਸਾਰ ਐਨ ਯੂ ਐਲ ਐਲ ਨੂੰ ਦਰਸਾਇਆ ਹੈ।

**ਸਾਰਣੀ 2.19: *'ਰੈਮਿਟਸਟੇਟਸ'* ਕਾਲਮ ਵਿੱਚ ਐਨ ਯੂ ਐਲ ਐਲ ਵਾਲੇ ਲੈਣ-ਦੇਣ**

*(ਰਾਸ਼ੀ ₹ ਵਿੱਚ)*

| ਫੀਸ ਦੀ ਕਿਸਮ | ਸੈਟਲਮੈਂਟ/ਰਿਫੰਡ | ਰਿਕਾਰਡਾਂ ਦੀ ਸੰਖਿਆ/ਲੈਣ-ਦੇਣ | ਰਾਸ਼ੀ |
|---|---|---|---|
| ਈ ਐਮ ਡੀ ਫੀਸ | ਸੈਟਲਮੈਂਟ | 30 | 10,79,060 |
| ਈ ਐਮ ਡੀ ਫੀਸ | ਰਿਫੰਡ | 2,306 | 61,20,59,784 |
| ਟੈਂਡਰ ਫੀਸ | ਸੈਟਲਮੈਂਟ | 366 | 8,20,040 |
| ਟੈਂਡਰ ਫੀਸ | ਰਿਫੰਡ | 574 | 13,47,162 |
| ਪ੍ਰੋਸੈਸਿੰਗ ਫੀਸ | ਸੈਟਲਮੈਂਟ | 169 | 4,24,318 |
| ਪ੍ਰੋਸੈਸਿੰਗ ਫੀਸ | ਰਿਫੰਡ | 710 | 18,74,887 |
| **ਜੋੜ** | | **4,155** | **61,76,05,251** |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਜਿਵੇਂ ਕਿ **ਸਾਰਣੀ** 2.19 ਵਿੱਚ ਦਰਸਾਇਆ ਗਿਆ ਹੈ, ₹ 61.20 ਕਰੋੜ, ਜੋ ਕਿ ਈ ਐਮ ਡੀ ਨਾਲ ਸਬੰਧਤ ਐਨ ਯੂ ਐਲ ਐਲ ਸਥਿਤੀ ਲੈਣ-ਦੇਣ ਵਿੱਚ ਸ਼ਾਮਲ ਰਾਸ਼ੀ ਦਾ 99 *ਪ੍ਰਤੀਸ਼ਤ* ਬਣਦਾ ਹੈ, ਬੋਲੀਦਾਤਾਵਾਂ ਨੂੰ ਰਿਫੰਡ ਲਈ ਬਕਾਇਆ ਸੀ। ਇਸ ਤੋਂ ਇਲਾਵਾ, ਸਿਸਟਮ ਇਨ੍ਹਾਂ ਐਨ ਯੂ ਐਲ ਐਲ ਲੈਣ-ਦੇਣ ਲਈ ਅੰਤਿਮ ਰੈਮਿਟ ਸਥਿਤੀ ਨੂੰ ਕਾਇਮ ਨਹੀਂ ਰੱਖਦਾ ਸੀ। ਨਤੀਜੇ ਵਜੋਂ, ਲੇਖਾ ਪ੍ਰੀਖਿਆ ਇਹ ਭਰੋਸਾ ਪ੍ਰਾਪਤ ਕਰਨ ਵਿੱਚ ਅਸਮਰੱਥ ਸੀ ਕਿ ਇਹ ਲੈਣ-ਦੇਣ ਅਸਲ ਵਿੱਚ ਬਾਅਦ ਵਿੱਚ ਪੂਰੇ ਹੋ ਗਏ ਸਨ। ਕਿਉਂਕਿ ਪੂਲਿੰਗ ਖਾਤੇ ਦੇ ਮਾਲਕ ਨੂੰ ਜੀ ਈ ਪੀ ਐਨ ਆਈ ਸੀ ਨਾਲ ਜੋੜਿਆ ਗਿਆ ਸੀ, ਇਸ ਲਈ ਇਹ ਯਕੀਨੀ ਬਣਾਉਣਾ ਨੋਡਲ ਵਿਭਾਗ ਦੀ ਜ਼ਿੰਮੇਵਾਰੀ ਸੀ ਕਿ ਰਿਫੰਡ ਸਹੀ ਢੰਗ ਨਾਲ ਪ੍ਰੋਸੈਸ ਕੀਤੇ ਜਾਣ ਅਤੇ ਆਖਰੀ ਉਪਭੋਗਤਾਵਾਂ ਨੂੰ ਭੇਜੇ ਜਾਣ।

ਨੋਡਲ ਵਿਭਾਗ ਨੇ ਭਰੋਸਾ ਦਿੱਤਾ (ਨਵੰਬਰ 2024) ਕਿ ਇਹ ਮਾਮਲਾ ਐਨ ਆਈ ਸੀ ਅਤੇ ਐਸ ਬੀ ਆਈ ਕੋਲ ਉਠਾਇਆ ਜਾਵੇਗਾ। ਨੋਡਲ ਵਿਭਾਗ ਨੇ ਅੱਗੇ ਦੱਸਿਆ ਕਿ ਫੰਡਾਂ ਦੇ ਘੱਟ ਬਕਾਏ ਕਰਕੇ ਅਸਫਲ ਰਹਿਣ ਕਾਰਣ 173 ਲੈਣ-ਦੇਣ (₹ 1.35 ਕਰੋੜ ਦੀ ਰਾਸ਼ੀ) ਨਾਲ ਸਬੰਧਤ ਰਿਫੰਡਾਂ ਦਾ ਨਿਪਟਾਰਾ ਕੀਤਾ ਗਿਆ ਹੈ। ਹਾਲਾਂਕਿ, ਇਨ੍ਹਾਂ 173 ਲੈਣ-ਦੇਣ ਦੇ ਸਫਲ ਨਿਪਟਾਰੇ ਬਾਰੇ ਦਸਤਾਵੇਜ਼ੀ ਸਬੂਤ ਲੇਖਾ ਪ੍ਰੀਖਿਆ ਨੂੰ ਪੇਸ਼ ਨਹੀਂ ਕੀਤੇ ਗਏ ਸਨ (ਫਰਵਰੀ 2025)।

### 2.10.3.6 ਟੈਂਡਰ ਫੀਸਾਂ ਲਈ ਪੋਸਟ-ਬੋਲੀ ਸੋਧ-ਪੱਤਰ ਲਈ ਕਾਰਜਸ਼ੀਲਤਾ ਦੀ ਅਣਹੋਂਦ

ਟੈਂਡਰ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਅਤੇ ਨਿਰਪੱਖਤਾ ਬਣਾਈ ਰੱਖਣ ਲਈ, ਸਾਰੇ ਬੋਲੀਦਾਤਾਵਾਂ ਨੂੰ ਇੱਕ ਸੋਧ ਪੱਤਰ ਰਾਹੀਂ ਪੇਸ਼ ਕੀਤੀਆਂ ਗਈਆਂ ਕਿਸੇ ਵੀ ਸੋਧੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਬਰਾਬਰ ਮੌਕੇ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ।

ਜੀ ਈ ਪੀ ਐਨ ਆਈ ਸੀ ਦੇ ਡਾਟਾ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਸੰਕੇਤ ਦਿੱਤਾ ਕਿ ਟੈਂਡਰ ਫੀਸ ਅਤੇ ਬਿਆਨਾ ਜਮ੍ਹਾਂ ਰਾਸ਼ੀ (ਈ ਐਮ ਡੀ) ਨੂੰ ਸੋਧ ਪੱਤਰ ਦੇ ਪ੍ਰਕਾਸ਼ਨ ਰਾਹੀਂ ਸੋਧਣ ਲਈ ਕਾਰਜਸ਼ੀਲਤਾ ਦੀ ਅਣਹੋਂਦ ਹੈ, ਕਿਉਂਕਿ ਮੂਲ ਰੂਪ ਦੇ ਵਿੱਚ ਪ੍ਰਕਾਸ਼ਿਤ ਫੀਸਾਂ/ਈ ਐਮ ਡੀ ਦੇ ਅਧਾਰ ਤੇ ਕੁਝ ਬੋਲੀਆਂ ਪਹਿਲਾਂ ਹੀ ਪ੍ਰਾਪਤ ਹੋ ਚੁੱਕੀਆਂ ਸਨ। ਉਹ ਟੈਂਡਰ ਜਿੱਥੇ ਬੋਲੀਆਂ ਦਾ ਮੁਲਾਂਕਣ ਬੋਲੀ ਤੋਂ ਬਾਅਦ ਸੋਧ ਪੱਤਰ ਰਾਹੀਂ ਪੇਸ਼ ਕੀਤੀਆਂ ਸੋਧਾਂ ਕਾਰਣ ਵੱਖ-ਵੱਖ ਫੀਸਾਂ/ਈ ਐਮ ਡੀ ਨਾਲ ਕੀਤਾ ਗਿਆ ਸੀ, **ਸਾਰਣੀ** 2.20 ਵਿੱਚ ਗਿਣੇ ਗਏ ਹਨ।

**ਸਾਰਣੀ 2.20: ਟੈਂਡਰਾਂ ਵਿੱਚ ਫੀਸ ਸੋਧ ਦੇ ਪ੍ਰਭਾਵ ਨੂੰ ਦਰਸਾਉਂਦੇ ਵੇਰਵੇ**

| ਲੜੀ ਨੰ. | ਟੈਂਡਰਾਂ ਦੀ ਸੰਖਿਆ | ਪ੍ਰਾਪਤ ਹੋਈ ਬੋਲੀਆਂ ਦੀ ਸੰਖਿਆ | | | ਤਬਦੀਲੀਆਂ ਕੀਤੀਆਂ | ਜਿਸ ਪੜਾਅ ਤੱਕ ਟੈਂਡਰਾਂ ਦੀ ਪ੍ਰਕਿਰਿਆ ਕੀਤੀ ਗਈ ਸੀ | | | |
|---|---|---|---|---|---|---|---|---|---|
| | | ਕੁੱਲ | ਸੋਧ ਤੋਂ ਪਹਿਲਾਂ | ਸੋਧ ਤੋਂ ਬਾਅਦ | | ਟੀ ਬੀ ਓ | ਟੀ ਓ | ਟੀ ਈ | ਏ ਓ ਸੀ |
| 1. | 3 | 5 | 3 | 2 | ਵਧਾਈ ਗਈ ਫੀਸ | 1 | - | 2 | - |
| 2. | 6 | 18 | 12 | 6 | ਘਟਾਈ ਗਈ ਫੀਸ | 1 | - | - | 5 |
| 3. | 3 | 15 | 4 | 11 | ਈ ਐਮ ਡੀ ਦੀ ਲੋੜ | 1 | - | 1 | 1 |
| 4. | 8 | 47 | 13 | 34 | ਘਟਾਈ ਗਈ ਈ ਐਮ ਡੀ | 1 | 1 | - | 6 |
| | **20** | **85** | **32** | **53** | | **4** | **1** | **3** | **12** |

*ਟੀ ਬੀ ਓ- ਖੋਲ੍ਹਣਾ ਹੈ; ਟੀ ਓ- ਤਕਨੀਕੀ ਬੋਲੀ ਖੋਲ੍ਹੀ ਗਈ; ਟੀ ਈ: ਤਕਨੀਕੀ ਤੌਰ ਤੇ ਮੁਲਾਂਕਣ ਅਤੇ ਏ ਓ ਸੀ - ਠੇਕੇ ਦਾ ਅਵਾਰਡ ਜਾਰੀ ਕੀਤਾ ਗਿਆ*

ਜਿਵੇਂ ਕਿ **ਸਾਰਣੀ** 2.20 ਤੋਂ ਸਪੱਸ਼ਟ ਹੈ, 20 ਟੈਂਡਰਾਂ ਵਿੱਚ, ਸੋਧ ਪੱਤਰ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ 32 ਬੋਲੀਆਂ ਪ੍ਰਾਪਤ ਹੋਈਆਂ ਸਨ ਅਤੇ ਸੋਧ ਪੱਤਰ ਪ੍ਰਕਾਸ਼ਿਤ ਹੋਣ ਤੋਂ ਬਾਅਦ 53 ਬੋਲੀਆਂ ਪ੍ਰਾਪਤ ਹੋਈਆਂ ਸਨ। ਇਨ੍ਹਾਂ ਵਿੱਚੋਂ, ਸਿਰਫ ਚਾਰ ਟੈਂਡਰ ਨਹੀਂ ਖੋਲ੍ਹੇ ਗਏ ਸਨ। ਹਾਲਾਂਕਿ, ਬਾਕੀ 16 ਟੈਂਡਰਾਂ ਵਿੱਚੋਂ, ਜਿਨ੍ਹਾਂ ਤੇ ਕਾਰਵਾਈ ਕੀਤੀ ਗਈ ਸੀ, 12 ਟੈਂਡਰਾਂ ਵਿੱਚ ਏ ਓ ਸੀ ਜਾਰੀ ਕੀਤੇ ਗਏ ਸਨ।

ਜੀ ਈ ਪੀ ਐਨ ਆਈ ਸੀ ਕੋਲ ਸੋਧ ਪੱਤਰ ਦੇ ਪ੍ਰਕਾਸ਼ਨ ਤੋਂ ਬਾਅਦ ਬੋਲੀ ਲਗਾਉਣ ਵਾਲਿਆਂ ਨੂੰ ਵਧੀ ਹੋਈ ਫੀਸ ਜਮ੍ਹਾਂ ਕਰਨ ਦੇ ਯੋਗ ਬਣਾਉਣ ਦੀ ਕਾਰਜਸ਼ੀਲਤਾ ਨਹੀਂ ਸੀ ਅਤੇ ਸੋਧ ਪੱਤਰ ਰਾਹੀਂ ਕਟੌਤੀ ਦੀ ਸੂਰਤ ਵਿੱਚ ਫੀਸਾਂ ਦੀ ਵਾਪਸੀ ਲਈ ਕਾਰਜਸ਼ੀਲਤਾ ਵੀ ਨਹੀਂ ਸੀ।

ਨੋਡਲ ਵਿਭਾਗ ਨੇ ਬੋਲੀ ਤੋਂ ਬਾਅਦ ਸੋਧ ਪੱਤਰ ਦੇ ਪ੍ਰਕਾਸ਼ਨ ਕਾਰਣ ਪੈਦਾ ਹੋਈ ਅਸੰਗਤੀ ਨੂੰ ਸਵੀਕਾਰ ਕੀਤਾ (ਅਕਤੂਬਰ 2023) ਅਤੇ ਸੂਚਿਤ ਕੀਤਾ ਕਿ ਵਰਤਮਾਨ ਵਿੱਚ ਪ੍ਰਣਾਲੀ ਟੀ ਆਈ ਏ ਨੂੰ ਸੋਧ ਪੱਤਰ ਪ੍ਰਕਾਸ਼ਿਤ ਕਰਨ ਦੀ ਮੰਜ਼ੂਰੀ ਨਹੀਂ ਦਿੰਦੀ ਭਾਵੇਂ ਇੱਕ ਬੋਲੀਦਾਤਾ ਪਹਿਲਾਂ ਹੀ ਅਸਲ ਪ੍ਰਕਾਸ਼ਿਤ ਫੀਸ ਦੀ ਰਾਸ਼ੀ ਦਾ ਭੁਗਤਾਨ ਕਰ ਚੁੱਕਾ ਹੋਵੇ।

ਹਾਲਾਂਕਿ, ਨੋਡਲ ਵਿਭਾਗ ਨੇ ਭਰੋਸਾ ਦਿੱਤਾ (ਨਵੰਬਰ 2024) ਕਿ ਇਹ ਮਾਮਲਾ ਐਨ ਆਈ ਸੀ ਕੋਲ ਉਠਾਇਆ ਜਾਵੇਗਾ ਤਾਂ ਜੋ ਬੋਲੀ ਲਗਾਉਣ ਵਾਲਿਆਂ ਨੂੰ ਵਧੀ ਹੋਈ ਫੀਸ ਜਮ੍ਹਾਂ ਕਰਨ ਦੇ ਯੋਗ ਬਣਾਉਣ ਅਤੇ ਬੋਲੀ ਤੋਂ ਬਾਅਦ ਬੋਲੀ ਦੀ ਸੋਧ ਦੀ ਪ੍ਰਕਿਰਤੀ ਦੇ ਅਧਾਰ ਤੇ ਰਿਫੰਡ ਦੀ ਪ੍ਰਕਿਰਿਆ ਨੂੰ ਸਮਰੱਥ ਬਣਾਉਣ ਲਈ ਕਾਰਜਸ਼ੀਲਤਾ ਨੂੰ ਲਾਗੂ ਕੀਤਾ ਜਾ ਸਕੇ।

### 2.10.4 ਈ ਐਮ ਡੀ ਛੋਟ ਨੂੰ ਤੈਅ ਕਰਨ ਲਈ ਕਾਰਜਸ਼ੀਲਤਾ ਦੀ ਘਾਟ

ਕਈ ਆਈਟਮਾਂ ਵਾਲੇ ਟੈਂਡਰਾਂ ਵਿੱਚ, ਬੋਲੀਦਾਤਾ ਸਿਰਫ ਵਿਸ਼ੇਸ਼ ਚੀਜਾਂ ਲਈ ਹਵਾਲਾ ਦੇਣ ਦੀ ਚੋਣ ਕਰ ਸਕਦੇ ਹਨ, ਅਤੇ ਬਿਆਨਾ ਜਮ੍ਹਾਂ ਰਾਸ਼ੀ (ਈ ਐਮ ਡੀ) ਸਿਰਫ ਉਨ੍ਹਾਂ ਚੀਜ਼ਾਂ ਲਈ ਜਮ੍ਹਾਂ ਕਰਨ ਦੀ ਲੋੜ ਹੁੰਦੀ ਹੈ ਜਿਨ੍ਹਾਂ 'ਤੇ ਉਹ ਬੋਲੀ ਲਗਾਉਂਦੇ ਹਨ। ਇਸ ਤੋਂ ਇਲਾਵਾ, ਸਹਿਕਾਰਤਾ ਵਿਭਾਗ ਨੇ ਨਵੰਬਰ 2019 ਵਿੱਚ ਕਿਰਤ ਅਤੇ ਨਿਰਮਾਣ (ਐਲ ਐਂਡ ਸੀ) ਸੁਸਾਇਟੀਆਂ ਲਈ ਈ ਐਮ ਡੀ[52] ਤੋਂ ਛੋਟ ਨੂੰ ਸੂਚਿਤ ਕੀਤਾ ਸੀ।

ਕਮੀਆਂ ਦੀਆਂ ਕੁਝ ਉਦਾਹਰਣਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ:

**(i)** ਟੈਂਡਰਾਂ ਦੀ ਜਾਂਚ ਤੋਂ ਪਤਾ ਲੱਗਿਆ ਕਿ ਜੰਗਲਾਤ ਅਤੇ ਜੰਗਲੀ ਜੀਵ ਸੰਭਾਲ ਵਿਭਾਗ ਦੁਆਰਾ 27 ਟੈਂਡਰ ਪ੍ਰਕਾਸ਼ਿਤ ਕੀਤੇ ਗਏ ਸਨ, ਜਿਨ੍ਹਾਂ ਵਿੱਚ ਕਈ ਤਰ੍ਹਾਂ ਦੇ ਰੁੱਖ ਵਿਕਰੀ ਲਈ ਰੱਖੇ ਗਏ ਸਨ। ਈ ਐਮ ਡੀ ਦੀ ਰਾਸ਼ੀ ਹਰੇਕ ਲਾਟ ਲਈ ਵੱਖਰੇ ਤੌਰ ਤੇ ਨਿਰਧਾਰਤ ਕੀਤੀ ਗਈ ਸੀ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ ਜਿਨ੍ਹਾਂ ਟੈਂਡਰਾਂ ਵਿੱਚ ਟੀ ਆਈ ਏ ਨੇ ਛੋਟ ਦੀ ਆਗਿਆ ਦਿੱਤੀ ਸੀ, ਜੀ ਈ ਪੀ ਐਨ ਆਈ ਸੀ ਕੋਲ ਛੋਟ ਦੀ ਹੱਦ ਸੀਮਤ ਕਰਨ ਅਤੇ ਛੋਟ ਲਈ ਯੋਗ ਸ਼੍ਰੇਣੀਆਂ ਜਾਂ ਵਿਅਕਤੀਗਤ ਬੋਲੀਦਾਤਾਵਾਂ ਦੀ ਪਛਾਣ ਕਰਨ ਦੀ ਕਾਰਜਸ਼ੀਲਤਾ ਦੀ ਘਾਟ ਸੀ। ਨਤੀਜੇ ਵਜੋਂ ਬੋਲੀਦਾਤਾ ਬਿਆਨਾ ਜਮ੍ਹਾਂ ਰਾਸ਼ੀ (ਈ ਐਮ ਡੀ) ਦੀ ਗਣਨਾ ਸਿਸਟਮ ਦੁਆਰਾ ਰਾਸ਼ੀ ਦੀ ਆਟੋ-ਗਣਨਾ ਦੇ ਬਜਾਏ ਆਪਣੇ ਮੁਲਾਂਕਣਾਂ ਦੇ ਅਧਾਰ ਤੇ ਕਰ ਰਹੇ ਸਨ। ਲੇਖਾ ਪ੍ਰੀਖਿਆ ਵਿੱਚ ਇਹ ਵੀ ਦੇਖਿਆ ਗਿਆ ਕਿ ਇੱਕ ਬੋਲੀਦਾਤਾ ਨੇ ₹ 13,36,207 ਦੀ ਈ ਐਮ ਡੀ ਦੀ ਲੋੜ ਵਾਲੇ ਚਾਰ ਲਾਟਜ਼ ਲਈ ਬੋਲੀ ਜਮ੍ਹਾਂ ਕੀਤੀ ਸੀ, ਪਰ ਜੀ ਈ ਪੀ ਐਨ ਆਈ ਸੀ ਨੇ ਸਿਰਫ ₹ 4,13,000 ਦੀ ਈ ਐਮ ਡੀ ਨਾਲ ਬੋਲੀ ਜਮ੍ਹਾਂ ਕਰਨ ਦੀ ਇਜਾਜ਼ਤ ਦਿੱਤੀ ਸੀ। ਇਸ ਤਰ੍ਹਾਂ, ਟੀ ਆਈ ਏ ਨੂੰ ਸਿਰਫ ਇੱਕ ਲਾਟ ਵਾਲੇ ਰੁੱਖਾਂ ਲਈ ਮੁਕਾਬਲਾ ਕਰਨ ਲਈ ਬੋਲੀ ਲਗਾਉਣ ਵਾਲੇ ਨੂੰ ਮੈਨੂਅਲੀ ਸੀਮਤ ਕਰਨਾ ਪਿਆ, ਜਿਸ ਲਈ ₹ 4,12,265 ਦੀ ਈ ਐਮ ਡੀ ਦੀ ਲੋੜ ਸੀ।

ਜੰਗਲਾਤ ਅਤੇ ਜੰਗਲੀ ਜੀਵ ਸੰਭਾਲ ਵਿਭਾਗ ਨੇ ਤੱਥਾਂ ਨੂੰ ਸਵੀਕਾਰ ਕੀਤਾ ਅਤੇ ਕਿਹਾ ਕਿ ਹਰੇਕ ਲਾਟ ਲਈ ਬੋਲੀਆਂ ਜਮ੍ਹਾਂ ਕਰਨ ਨੂੰ ਪਹਿਲਾਂ ਬੋਲੀਦਾਤਾਵਾਂ ਦੁਆਰਾ ਜਮ੍ਹਾਂ ਕੀਤੀ ਗਈ ਈ ਐਮ ਡੀ ਦੀ ਮੈਨੂਅਲ ਤਸਦੀਕ ਕਰਨ ਅਤੇ ਭਵਿੱਖ ਦੇ ਟੈਂਡਰਾਂ ਲਈ ਇਸ ਕਾਰਜਸ਼ੀਲਤਾ ਨੂੰ ਲਾਗੂ ਕਰਨ ਦਾ ਭਰੋਸਾ ਦੇਣ ਤੋਂ ਬਾਅਦ ਹੀ ਸਵੀਕਾਰ ਕੀਤਾ ਗਿਆ ਸੀ, ਜਿਸ ਵਿੱਚ ਸਿਸਟਮ ਕੰਪਿਊਟਿਡ ਫਾਰਮੈਟਾਂ ਅਤੇ ਰਾਸ਼ੀ ਦੇ ਅਨੁਸਾਰ ਈ ਐਮ ਡੀ ਜਮ੍ਹਾਂ ਕਰਨ ਨੂੰ ਲਾਗੂ ਕਰਨ ਲਈ ਐਪਲੀਕੇਸ਼ਨ ਨਿਯੰਤਰਣ ਸ਼ਾਮਲ ਸਨ।

---

52 ₹ 6.50 ਲੱਖ ਤੱਕ ਦੇ ਮੁੱਲ ਵਾਲੇ ਟੈਂਡਰ ਲਈ 100 *ਪ੍ਰਤੀਸ਼ਤ* ਛੋਟ; ₹ 6.50 ਲੱਖ ਤੋਂ ਵੱਧ ਅਤੇ ₹ 13.00 ਲੱਖ ਤੱਕ ਮੁੱਲ ਵਾਲੇ ਟੈਂਡਰ ਲਈ 75 *ਪ੍ਰਤੀਸ਼ਤ* ਛੋਟ; ਅਤੇ ₹ 13.00 ਲੱਖ ਤੋਂ ਵੱਧ ਵਾਲੇ ਟੈਂਡਰ ਲਈ 50 *ਪ੍ਰਤੀਸ਼ਤ* ਛੋਟ।

**(ii)** ਜਲ ਸਰੋਤ ਵਿਭਾਗ[53] ਵੱਲੋਂ ਪ੍ਰਕਾਸ਼ਿਤ ਇੱਕ ਹੋਰ ਟੈਂਡਰ ਵਿੱਚ ਕਿਰਤ ਅਤੇ ਉਸਾਰੀ ਸਹਿਕਾਰੀ (ਐਲ ਐਂਡ ਸੀ) ਸੁਸਾਇਟੀਆਂ ਵੀ ਬੋਲੀਦਾਤਾਵਾਂ ਵਜੋਂ ਭਾਗ ਲੈਣ ਦੇ ਯੋਗ ਸਨ। ਟੀ ਆਈ ਏ ਨੇ ਐਲ ਐਂਡ ਸੀ ਸੁਸਾਇਟੀਆਂ ਵਾਲੇ ਬੋਲੀਦਾਤਾਵਾਂ ਲਈ ਈ ਐਮ ਡੀ ਦੇ 75 *ਪ੍ਰਤੀਸ਼ਤ* ਛੋਟ ਦੀ ਇਜਾਜ਼ਤ ਦਿੱਤੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਐਪਲੀਕੇਸ਼ਨ ਨੇ ਈ ਐਮ ਡੀ ਦੀ 100 *ਪ੍ਰਤੀਸ਼ਤ* ਛੋਟ ਦੇ ਨਾਲ ਇੱਕ ਐਲ ਐਂਡ ਸੀ ਸੁਸਾਇਟੀ ਤੋਂ ਬੋਲੀ ਸਵੀਕਾਰ ਕਰ ਲਈ ਸੀ। ਇਹ ਅਨਿਯਮਿਤਤਾ ਇਸ ਲਈ ਹੋਈ ਸੀ ਕਿਉਂਕਿ ਐਲ ਐਂਡ ਸੀ ਸੁਸਾਇਟੀਆਂ ਵਾਲੇ ਬੋਲੀਦਾਤਾਵਾਂ ਦੇ ਮਾਮਲੇ ਵਿੱਚ 75 *ਪ੍ਰਤੀਸ਼ਤ* ਈ ਐਮ ਡੀ ਜਮ੍ਹਾਂ ਕਰਨ ਦੀ ਛੋਟ ਨੂੰ ਲਾਗੂ ਕਰਨ ਲਈ ਕੋਈ ਐਪਲੀਕੇਸ਼ਨ ਨਿਯੰਤਰਣ ਨਹੀਂ ਸਨ। ਇਸ ਐਪਲੀਕੇਸ਼ਨ ਨਿਯੰਤਰਣ ਦੀ ਅਣਹੋਂਦ ਦਾ ਇਸ ਟੈਂਡਰ ਪ੍ਰਕਿਰਿਆ ਤੇ ਮਾੜਾ ਪ੍ਰਭਾਵ ਪਿਆ, ਕਿਉਂਕਿ ਜੇ ਸਿਸਟਮ ਨੇ 100 *ਪ੍ਰਤੀਸ਼ਤ* ਛੋਟ ਦੇ ਨਾਲ ਇਸ ਅਯੋਗ ਬੋਲੀ ਨੂੰ ਜਮ੍ਹਾਂ ਕਰਨ ਨੂੰ ਸਵੀਕਾਰ ਨਹੀਂ ਕੀਤਾ ਹੁੰਦਾ, ਤਾਂ ਟੈਂਡਰ ਦੁਬਾਰਾ ਟੈਂਡਰ/ਰੱਦ ਕਰਨ ਦੀ ਲੋੜ ਹੁੰਦੀ ਕਿਉਂਕਿ ਇਸ ਦੇ ਨਤੀਜੇ ਵਜੋਂ ਪ੍ਰਕਾਸ਼ਿਤ ਟੈਂਡਰ ਦੇ ਜਵਾਬ ਵਿੱਚ ਇਕੋ ਯੋਗ ਬੋਲੀ ਹੋਣੀ ਸੀ।

ਜਲ ਸਰੋਤ ਵਿਭਾਗ ਨੇ ਜਵਾਬ ਦਿੱਤਾ (ਦਸੰਬਰ 2023) ਕਿ ਕੰਮ ਤਸੱਲੀਬਖਸ਼ ਢੰਗ ਨਾਲ ਪੂਰਾ ਹੋ ਗਿਆ ਅਤੇ ਸਰਕਾਰੀ ਖਜ਼ਾਨੇ ਨੂੰ ਕੋਈ ਨੁਕਸਾਨ ਨਹੀਂ ਹੋਇਆ। ਜਵਾਬ ਤਸੱਲੀਬਖਸ਼ ਨਹੀਂ ਸੀ, ਕਿਉਂਕਿ ਇਸ ਨੇ ਸਿਸਟਮ ਵਿੱਚ ਲਾਗੂ ਕਾਰੋਬਾਰੀ ਨਿਯਮਾਂ ਨੂੰ ਲਾਗੂ ਕਰਨ ਲਈ ਐਪਲੀਕੇਸ਼ਨ ਨਿਯੰਤਰਣਾਂ ਦੀ ਕਮੀ ਹੋਣ ਦੇ ਤੱਥ ਨੂੰ ਹੱਲ ਨਹੀਂ ਕੀਤਾ।

ਨੋਡਲ ਵਿਭਾਗ ਸਹਿਮਤ ਹੋਇਆ (ਨਵੰਬਰ 2024) ਅਤੇ ਭਰੋਸਾ ਦਿੱਤਾ ਕਿ ਪੋਰਟਲ ਵਿੱਚ ਨਿਯਮਾਂ ਅਨੁਸਾਰ ਛੋਟਾਂ ਨੂੰ ਸੂਚੀਬੱਧ ਕਰਨ ਦਾ ਮਾਮਲਾ ਐਨ ਆਈ ਸੀ ਕੋਲ ਉਠਾਇਆ ਜਾਵੇਗਾ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਈ ਐਮ ਡੀ ਦੀ ਛੋਟ ਦੀ ਇਸ ਕਮੀ ਦੇ ਨਤੀਜੇ ਵਜੋਂ ਪੀ ਟੀ ਪੀ ਪੀ ਨਿਯਮਾਂ ਦੀ ਉਲੰਘਣਾ ਹੋਈ, ਜਿਵੇਂ ਕਿ **ਪੈਰ੍ਹਾ** 2.9.4 ਵਿੱਚ ਚਰਚਾ ਕੀਤੀ ਗਈ ਹੈ।

### 2.10.5 ਸਿੰਗਲ ਸੋਰਸ ਖਰੀਦ ਅਤੇ ਮਲਕੀਅਤ ਵਸਤੂ ਸਰਟੀਫਿਕੇਟ

ਪੰਜਾਬ ਟਰਾਂਸਪੈਰੇਂਸੀ ਇਨ ਪਬਲਿਕ ਪ੍ਰੋਕਿਓਰਮੈਂਟ ਐਕਟ, 2019 ਦੀ ਧਾਰਾ 30(1) ਵਿੱਚ ਇਹ ਨਿਰਧਾਰਤ ਕੀਤਾ ਗਿਆ ਹੈ ਕਿ ਖਰੀਦ ਕਰਨ ਵਾਲੀ ਇਕਾਈ ਦੋ ਸ਼ਰਤਾਂ ਅਧੀਨ ਸਿੰਗਲ-ਸੋਰਸ ਖਰੀਦ ਦੀ ਚੋਣ ਕਰ ਸਕਦੀ ਹੈ; (ੳ) ਜਦੋਂ ਵਿਸ਼ਾ ਵਸਤੂ ਸਿਰਫ ਖਾਸ ਬੋਲੀਦਾਤਾ ਤੋਂ ਉਪਲਬਧ ਹੋਵੇ ਜਿਸ ਕੋਲ ਵਿਸ਼ੇਸ਼ ਅਧਿਕਾਰ ਹਨ, ਕੋਈ ਵਾਜਬ ਵਿਕਲਪ ਨਹੀਂ ਛੱਡਦਾ, ਜਾਂ (ਅ) ਅਚਾਨਕ ਅਨਿਕਿਆਸੀ ਘਟਨਾਵਾਂ ਦੀਆਂ ਸਥਿਤੀਆਂ ਵਿੱਚ ਜੋ ਜ਼ਰੂਰੀ ਲੋੜ ਪੈਦਾ ਕਰਦੀਆਂ ਹਨ, ਖਰੀਦ ਦੇ ਹੋਰ ਤਰੀਕਿਆਂ ਨੂੰ ਅਵਿਵਹਾਰਕ ਬਣਾਉਂਦੀਆਂ ਹਨ।

ਪੰਜਾਬ ਟਰਾਂਸਪੈਰੇਂਸੀ ਇਨ ਪਬਲਿਕ ਪ੍ਰੋਕਿਓਰਮੈਂਟ ਰੂਲਜ਼ 2022 ਦੇ ਨਿਯਮ 23(2) ਅਨੁਸਾਰ ਖਰੀਦ ਇਕਾਈ ਨੂੰ ਮੂਲ ਉਪਕਰਣ ਨਿਰਮਾਤਾ (ਓ ਈ ਐਮ) ਜਾਂ ਮਲਕੀਅਤ ਅਧਿਕਾਰ ਵਾਲੇ ਨਿਰਮਾਤਾ ਤੋਂ


---

[53] ਸਿੱਧਵਾਂ ਨਹਿਰ ਡਵੀਜ਼ਨ, ਲੁਧਿਆਣਾ ।

ਮਲਕੀਅਤ ਵਸਤੂ ਸਰਟੀਫਿਕੇਟ (ਪੀ ਏ ਸੀ) ਪ੍ਰਾਪਤ ਕਰਨਾ ਹੋਵੇਗਾ, ਜਿਸ ਨੂੰ ਅਜਿਹਾ ਸਰਟੀਫਿਕੇਟ ਜਾਰੀ ਕਰਨ ਦੀ ਸ਼ਕਤੀ ਰੱਖਣ ਵਾਲੀ ਅਥਾਰਟੀ ਦੁਆਰਾ ਸਹੀ ਢੰਗ ਨਾਲ ਪ੍ਰਵਾਨਗੀ ਦਿੱਤੀ ਗਈ ਹੋਵੇ।

ਜੀ ਈ ਪੀ ਐਨ ਆਈ ਸੀ ਡਾਟਾਬੇਸ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ 2018-2023 ਦੌਰਾਨ ਪ੍ਰਕਾਸ਼ਿਤ 1,85,920 ਟੈਂਡਰਾਂ ਵਿੱਚੋਂ, 150 ਟੈਂਡਰਾਂ ਵਿੱਚ ਜਿੱਥੇ ਟੀ ਆਈ ਏ ਨੇ ਸਿੰਗਲ ਸੋਰਸ ਖਰੀਦ ਨੂੰ ਪ੍ਰਭਾਵਤ ਕਰਨ ਲਈ ਟੈਂਡਰ ਕਿਸਮ ਨੂੰ "ਸਿੰਗਲ" ਵਜੋਂ ਚੁਣਿਆ ਸੀ, ਜੀ ਈ ਪੀ ਐਨ ਆਈ ਸੀ ਨੇ ਕਈ ਬੋਲੀਆਂ ਜਮ੍ਹਾਂ ਕਰਨ ਦੀ ਇਜਾਜ਼ਤ ਦਿੱਤੀ ਸੀ, ਜੋ ਕਿ ਦੋ ਤੋਂ 45 ਬੋਲੀਆਂ ਤੱਕ ਸੀ। ਇਹ ਪ੍ਰਣਾਲੀ ਤਾਂ ਓ ਈ ਐਮ ਜਾਂ ਨਿਰਮਾਤਾ ਤੋਂ ਪ੍ਰਾਪਤ ਕੀਤੇ ਗਏ ਮਲਕੀਅਤ ਵਸਤੂ ਸਰਟੀਫਿਕੇਟ (ਪੀ ਏ ਸੀ) ਨੂੰ ਅਪਲੋਡ ਕਰਨ ਦੀ ਆਗਿਆ ਦੇਣ ਲਈ ਪੀ ਟੀ ਪੀ ਪੀ ਨਿਯਮਾਂ ਦੀ ਵੀ ਪਾਲਣਾ ਨਹੀਂ ਕਰ ਰਿਹਾ ਸੀ।

**ਚਿੱਤਰ 2.7: ਟੈਂਡਰ ਦੀ ਕਿਸਮ ਲਈ ਵਿਕਲਪ ਦਿਖਾਉਂਦੇ ਹੋਏ**




*ਸ੍ਰੋਤ: ਜੀ ਈ ਪੀ ਐਨ ਆਈ ਸੀ ਮੈਨੂਅਲ*

ਨੋਡਲ ਵਿਭਾਗ ਨੇ ਉਪਰੋਕਤ ਤੱਥਾਂ ਨੂੰ ਸਵੀਕਾਰ ਕੀਤਾ ਅਤੇ ਕਿਹਾ (ਅਕਤੂਬਰ 2023) ਕਿ ਸਿੰਗਲ ਟੈਂਡਰ ਨੂੰ ਮਾਰਚ 2022 ਤੋਂ ਪਹਿਲਾਂ ਪ੍ਰਣਾਲੀ ਵਿੱਚ ਸੀਮਤ ਟੈਂਡਰ ਕਿਸਮ ਵਜੋਂ ਤਿਆਰ ਨਹੀਂ ਕੀਤਾ ਗਿਆ ਸੀ ਅਤੇ ਇਸ ਲਈ ਇਹ ਉਸ ਸਮੇਂ ਤੱਕ ਇੱਕ ਖੁੱਲ੍ਹੇ ਟੈਂਡਰ ਵਜੋਂ ਕੰਮ ਕਰ ਰਿਹਾ ਸੀ। ਨੋਡਲ ਵਿਭਾਗ ਨੇ ਇਹ ਵੀ ਕਿਹਾ ਕਿ ਪੀ ਏ ਸੀ ਨੂੰ ਅਪਲੋਡ ਕਰਨ ਦੀ ਕਾਰਜਕੁਸ਼ਲਤਾ ਪ੍ਰਣਾਲੀ ਵਿੱਚ ਉਪਲਬਧ ਹੈ ਪਰ ਪੀ ਏ ਸੀ ਲਈ ਫਾਰਮੈਟ ਵੱਖ-ਵੱਖ ਉਤਪਾਦਾਂ ਜਾਂ ਸ਼੍ਰੇਣੀਆਂ ਲਈ ਮੈਪ ਨਹੀਂ ਕੀਤੇ ਗਏ ਹਨ ਅਤੇ ਅਜਿਹੀ ਮੈਪਿੰਗ ਕਰਨ ਦਾ ਭਰੋਸਾ ਦਿੱਤਾ।

ਜਵਾਬ ਤਸੱਲੀਬਖਸ਼ ਨਹੀਂ ਸੀ ਕਿਉਂਕਿ ਅਪ੍ਰੈਲ 2022 ਤੋਂ ਬਾਅਦ ਵੀ ਪ੍ਰਕਾਸ਼ਿਤ 'ਸਿੰਗਲ' ਕਿਸਮ ਦੇ ਪੰਜ ਟੈਂਡਰਾਂ ਵਿੱਚ ਕਈ ਬੋਲੀਆਂ ਜਮ੍ਹਾਂ ਕੀਤੀਆਂ ਗਈਆਂ ਸਨ। ਇਸ ਤੋਂ ਇਲਾਵਾ, ਪ੍ਰਣਾਲੀ ਵਿੱਚ ਪੀ ਏ ਸੀ ਦੀ ਅਪਲੋਡਿੰਗ ਨੂੰ ਲਾਜ਼ਮੀ ਬਣਾਉਣ ਲਈ ਐਪਲੀਕੇਸ਼ਨ ਕੰਟਰੋਲ ਦੀ ਘਾਟ ਸੀ

ਜਦੋਂ ਟੀ ਆਈ ਏ ਦੁਆਰਾ ਪੀ ਏ ਸੀ ਦੇ ਫਾਰਮ ਦੀ ਪਰਵਾਹ ਕੀਤੇ ਬਿਨਾਂ 'ਸਿੰਗਲ' ਟੈਂਡਰ ਦੀ ਚੋਣ ਕੀਤੀ ਜਾਂਦੀ ਸੀ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਸਿੰਗਲ ਟੈਂਡਰਾਂ ਲਈ ਪੀ ਏ ਸੀ ਨੂੰ ਲਾਜ਼ਮੀ ਤੌਰ ਤੇ ਅਪਲੋਡ ਕਰਨ ਲਈ ਐਪਲੀਕੇਸ਼ਨ ਕੰਟਰੋਲ ਸ਼ੁਰੂ ਕਰਨ ਦੀ ਸੰਭਾਵਨਾ ਐਨ ਆਈ ਸੀ ਕੋਲ ਉਠਾਈ ਜਾਵੇਗੀ।

## 2.10.6 ਬਿਲ ਆਫ ਕਵਾਨਟਿਟੀ ਨਾਲ ਸਬੰਧਿਤ ਵਿਸੰਗਤੀਆਂ

ਜੀ ਈ ਪੀ ਐਨ ਆਈ ਸੀ ਟੈਂਡਰਾਂ ਦੀ ਕ੍ਰਮਵਾਰ ਪ੍ਰਕਿਰਿਆ ਦੀ ਰੂਪ ਰੇਖਾ ਤਿਆਰ ਕਰਦਾ ਹੈ, ਜਿਸ ਵਿੱਚ ਛੇ ਪੜਾਅ ਸ਼ਾਮਲ ਹਨ: i) ਟੈਂਡਰ ਖੋਲ੍ਹਣਾ, ii) ਤਕਨੀਕੀ ਬੋਲੀ ਖੋਲ੍ਹਣਾ, iii) ਤਕਨੀਕੀ ਮੁਲਾਂਕਣ, iv) ਵਿੱਤੀ ਬੋਲੀ ਖੋਲ੍ਹਣਾ, v) ਵਿੱਤੀ ਮੁਲਾਕਣ, ਅਤੇ vi) ਠੇਕੇ ਦਾ ਅਵਾਰਡ (ਏ ਓ ਸੀ)। ਹਰੇਕ ਪੜਾਅ ਆਪਸ ਵਿੱਚ ਜੁੜਿਆ ਹੋਇਆ ਹੈ, ਜਿਸਦਾ ਮਤਲਬ ਹੈ ਕਿ ਸਾਰੀਆਂ ਪ੍ਰਕਿਰਿਆਵਾਂ ਨੂੰ ਬਿਨਾਂ ਕਿਸੇ ਪੜਾਅ ਨੂੰ ਛੱਡੇ ਕ੍ਰਮ ਵਿੱਚ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਪਲੇਟਫਾਰਮ ਟੈਂਡਰ ਦਸਤਾਵੇਜ਼ਾਂ ਅਤੇ ਬਿਲ ਆਫ ਕਵਾਨਟਿਟੀਜ਼ (ਬੀ ਓ ਕਿਊ) ਟੈਂਪਲੇਟ ਦੇ ਪ੍ਰਕਾਸ਼ਨ ਦੀ ਇਜਾਜ਼ਤ ਦਿੰਦਾ ਹੈ। ਬੋਲੀਦਾਤਾਵਾਂ ਨੂੰ ਲੋੜੀਂਦੇ ਦਸਤਾਵੇਜ਼ ਅਪਲੋਡ ਕਰਨ ਅਤੇ ਨਿਰਧਾਰਤ ਬੀ ਓ ਕਿਊ ਟੈਂਪਲੇਟ ਦੀ ਵਰਤੋਂ ਕਰਕੇ ਆਪਣੀਆਂ ਦਰਾਂ ਜਮ੍ਹਾਂ ਕਰਨ ਦੀ ਲੋੜ ਸੀ। ਜੀ ਈ ਪੀ ਐਨ ਆਈ ਸੀ ਨੂੰ ਬੋਲੀਆਂ ਜਮ੍ਹਾਂ ਕਰਨ ਦੌਰਾਨ ਐਪਲੀਕੇਸ਼ਨ ਨਿਯੰਤਰਣਾਂ ਨੂੰ ਲਾਗੂ ਕਰਨ ਦੁਆਰਾ ਕਾਰੋਬਾਰੀ ਨਿਯਮਾਂ ਨੂੰ ਲਾਗੂ ਕਰਨ ਦੀ ਲੋੜ ਸੀ। ਵਿੱਤੀ ਮੁਲਾਂਕਣ ਦੌਰਾਨ, ਹਰੇਕ ਬੋਲੀਦਾਤਾ ਲਈ ਬੀ ਓ ਕਿਊ ਦੀ ਸਮੀਖਿਆ ਕੀਤੀ ਜਾਣੀ ਸੀ, ਤਾਂ ਜੋ ਆਮ ਬੀ ਓ ਕਿਊ ਫਾਰਮੈਟਾਂ ਦੀ ਵਰਤੋਂ ਕਰਦਿਆਂ ਪ੍ਰਣਾਲੀ ਦੁਆਰਾ ਤਿਆਰ ਕੀਤੇ ਤੁਲਾਨਤਮਕ ਚਾਰਟ ਰਾਹੀਂ ਸਭ ਤੋਂ ਘੱਟ ਬੋਲੀ ਲਗਾਉਣ ਵਾਲੇ (ਐਲ 1) ਦੀ ਪਛਾਣ ਕੀਤੀ ਜਾ ਸਕੇ।

2018-2023 ਦੀ ਮਿਆਦ ਦੇ ਡਾਟੇ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ:

**(ੳ)** ਜੀ ਈ ਪੀ ਐਨ ਆਈ ਸੀ ਨੇ 53 ਟੈਂਡਰਾਂ ਦੇ ਮੁਕਾਬਲੇ 64 ਬੋਲੀਆਂ ਨੂੰ ਸਫਲਤਾਪੂਰਵਕ ਜਮ੍ਹਾਂ ਕਰਨ ਦੀ ਮੰਜ਼ੂਰੀ ਦਿੱਤੀ ਸੀ ਜਿਸ ਵਿੱਚ 13 ਟੈਂਡਰਾਂ ਵਿੱਚ 21 ਬੋਲੀਦਾਤਾਵਾਂ ਦੇ ਬੀ ਓ ਕਿਊ ਨੂੰ ਡਿਕ੍ਰਿਪਟ ਨਹੀਂ ਕੀਤਾ ਜਾ ਸਕਿਆ ਸੀ ਅਤੇ 40 ਟੈਂਡਰਾਂ ਦੇ 43 ਬੋਲੀਦਾਤਾਵਾਂ ਵਿੱਚ ਬੀ ਓ ਕਿਊ ਫਾਰਮੈਟਾਂ ਵਿੱਚ ਬੇਮੇਲੀਆਂ ਸਨ।

ਬੋਲੀਆਂ ਦੀ ਗੈਰ-ਡਿਕ੍ਰਿਪਸ਼ਨ ਦੇ ਬਾਵਜੂਦ, ਅਜਿਹੀਆਂ 21 ਗੈਰ-ਡਿਕ੍ਰਿਪਟਡ ਬੋਲੀਆਂ ਵਾਲੇ 13 ਟੈਂਡਰਾਂ ਤੇ ਅਨਿਯਮਿਤ ਪ੍ਰਕਿਰਿਆ ਕੀਤੀ ਗਈ ਸੀ, ਜਿਵੇਂ ਕਿ **ਸਾਰਣੀ** 2.21 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 2.21: ਬੋਲੀਆਂ ਦੇ ਡਿਕ੍ਰਿਪਸ਼ਨ ਤੋਂ ਬਿਨਾਂ ਟੈਂਡਰਾਂ ਦੀ ਪ੍ਰਕਿਰਿਆ ਦੀਆਂ ਉਦਾਹਾਰਣਾਂ**

| ਲੜੀ ਨੰ. | ਵਰਕ ਆਈਟਮ ਆਈ ਡੀ | ਮਨਜ਼ੂਰ ਹੋਇਆ- ਏ ਓ ਸੀ[54] | ਮਨਜ਼ੂਰ ਹੋਇਆ -ਵਿੱਤ | ਮਨਜ਼ੂਰ ਹੋਇਆ - ਤਕਨੀਕੀ | ਰੱਦ ਕੀਤਾ - ਏ ਓ ਸੀ | ਰੱਦ ਕੀਤਾ - ਵਿੱਤ | ਜੋੜ |
|---|---|---|---|---|---|---|---|
| 1. | 48203 | - | - | - | - | 4 | 4 |
| 2. | 54886 | 1 | - | - | - | - | 1 |
| 3. | 55054 | - | 4 | - | - | - | 4 |
| 4. | 57061 | 1 | - | - | - | - | 1 |
| 5. | 73048 | 1 | - | - | 1 | - | 2 |
| 6. | 73226 | - | 1 | - | - | - | 1 |
| 7. | 73768 | 1 | - | - | 1 | - | 2 |
| 8. | 74535 | 1 | - | - | - | - | 1 |
| 9. | 74541 | - | 1 | - | - | - | 1 |
| 10. | 74548 | - | 1 | - | - | - | 1 |
| 11. | 74577 | - | 1 | - | - | - | 1 |
| 12. | 88578 | 1 | - | - | - | - | 1 |
| 13. | 187356 | - | - | 1 | - | - | 1 |
| **ਜੋੜ** | | **6** | **8** | **1** | **2** | **4** | **21** |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਗੈਰ-ਡਿਕ੍ਰਿਪਟਿਡ ਵਿੱਤੀ ਬੋਲੀਆਂ ਵਾਲੇ ਟੈਂਡਰਾਂ ਦੀ ਪ੍ਰਕਿਰਿਆ ਸਿਰਫ ਜੀ ਈ ਪੀ ਐਨ ਆਈ ਸੀ ਤੋਂ ਬਾਹਰ ਇਨ੍ਹਾਂ ਵਿੱਤੀ ਬੋਲੀਆਂ ਨੂੰ ਸਵੀਕਾਰ ਕਰਨ/ਬਦਲਣ ਦੁਆਰਾ ਹੀ ਸੰਭਵ ਸੀ, ਅਤੇ ਇਹ ਵਿੱਤੀ ਬੋਲੀ ਖੋਲ੍ਹਣ ਦੇ ਪੜਾਅ ਦੌਰਾਨ ਬੋਲੀਆਂ ਦੇ ਗੈਰ-ਡਿਕ੍ਰਿਪਸ਼ਨ ਦਾ ਪਤਾ ਲਗਾਉਣ ਤੋਂ ਬਾਅਦ ਹੀ ਹੋਇਆ। ਹੋਰ ਬੋਲੀਦਾਤਾਵਾਂ ਦੀਆਂ ਪ੍ਰਤੀਯੋਗੀ ਬੋਲੀਆਂ ਦਾ ਖੁਲਾਸਾ ਕਰਨ ਤੋਂ ਬਾਅਦ ਜਿਨ੍ਹਾਂ ਦੀਆਂ ਬੋਲੀਆਂ ਨੂੰ ਡਿਕ੍ਰਿਪਟ ਕੀਤਾ ਜਾ ਸਕਦਾ ਸੀ, ਉਨ੍ਹਾਂ ਨੂੰ ਬਦਲਣ ਲਈ ਬੋਲੀਆਂ ਨੂੰ ਸਵੀਕਾਰ ਕਰਨ ਨਾਲ ਟੈਂਡਰ ਪ੍ਰਕਿਰਿਆ ਵਿੱਚ ਗੁਪਤਤਾ ਅਤੇ ਨਿਰਪੱਖਤਾ ਬਣਾਈ ਰੱਖ-ਰਖਾਅ ਨਾਲ ਸਬੰਧਤ ਟਾਲਣਯੋਗ ਜੋਖਮ ਪੈਦਾ ਹੋਏ।

ਨੋਡਲ ਵਿਭਾਗ ਨੇ ਐਨ ਆਈ ਸੀ ਨਾਲ ਸਲਾਹ-ਮਸ਼ਵਰਾ ਕਰਕੇ (ਅਕਤੂਬਰ 2023) ਕਿਹਾ ਕਿ ਮੈਨੂਅਲ ਪ੍ਰਣਾਲੀ ਵਿੱਚ ਵੀ ਜੇ ਕੋਈ ਬੋਲੀਦਾਤਾ ਨੁਕਸਦਾਰ ਬੋਲੀ ਜਮ੍ਹਾਂ ਕਰਦਾ ਹੈ, ਤਾਂ ਬੋਲੀ ਪ੍ਰਕਿਰਿਆ ਨਹੀਂ ਰੋਕੀ ਜਾਂਦੀ। ਜਵਾਬ ਤਸਲੀਬੱਖਸ਼ ਨਹੀਂ ਸੀ, ਕਿਉਂਕਿ ਐਨਕ੍ਰਿਪਸ਼ਨ ਵਿੱਚ ਸਮੱਸਿਆਵਾਂ ਜਾਂ ਬੀ ਓ ਕਿਊ ਫਾਰਮੈਟਾਂ ਵਿੱਚ ਬੇਮੇਲੀਆਂ ਵਾਲੀਆਂ ਇਨ੍ਹਾਂ ਬੋਲੀਆਂ ਨੂੰ ਪ੍ਰਣਾਲੀ ਦੁਆਰਾ ਜਮ੍ਹਾਂ ਕਰਨ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ ਸੀ।

**(ਅ)** ਲੇਖਾ ਪ੍ਰੀਖਿਆ ਨੇ ਅੱਗੇ ਦੇਖਿਆ ਕਿ ਜੀ ਈ ਪੀ ਐਨ ਆਈ ਸੀ ਵਿੱਤੀ ਬੋਲੀਆਂ (ਮੈਕਰੋ-ਇਨਐਬਲਡ ਫਾਈਲਾਂ) ਲਈ ਮਾਈਕ੍ਰੋਸਾਫਟ ਐਕਸਲ (ਐਕਸਲ 97-2003) ਦੇ ਪੁਰਾਣੇ ਵੱਰਸ਼ੱਨ ਦੀ ਵਰਤੋਂ ਕਰ ਰਿਹਾ ਸੀ ਜੋ ਸੰਭਾਵਿਤ ਸੁਰੱਖਿਅਤ ਜੋਖਮ ਪੈਦਾ ਕਰਦਾ ਹੈ ਕਿਉਂਕਿ ਬੋਲੀਦਾਤਾ ਫਾਈਲ ਨੂੰ ਐਪਲੀਕੇਸ਼ਨ ਸਿਸਟਮ ਵਿੱਚ ਅਪਲੋਡ ਕਰਨ ਤੋਂ ਪਹਿਲਾਂ ਆਪਣੇ ਵਾਤਾਵਰਣ ਵਿੱਚ ਆਫਲਾਈਨ ਪ੍ਰਕਿਰਿਆ ਕਰਦਾ ਹੈ। ਇਸ ਦੇ ਨਤੀਜੇ ਵਜੋਂ ਮਾਲਵੇਅਰ ਹਮਲਿਆਂ ਦਾ ਖਤਰਾ ਅਤੇ ਬੋਲੀ ਪ੍ਰਕਿਰਿਆ ਦੌਰਾਨ ਡੇਟਾ ਦੀ ਗੁਪਤਤਾ ਅਤੇ ਅਖੰਡਤਾ ਦੇ ਨੁਕਸਾਨ ਨਾਲ ਜੁੜੇ ਜੋਖਮ

[54] ਮਨਜ਼ੂਰ ਹੋਇਆ ਏ ਓ ਸੀ-ਟੈਂਡਰ ਦਿੱਤਾ ਗਿਆ, ਸਵਿਕਾਰਿਆ ਵਿਤ-ਵਿੱਤੀ ਬੋਲੀ ਖੋਲੀ ਗਈ, ਮਨਜ਼ੂਰ ਹੋਈ-ਤਕਨੀਕੀ-ਤਕਨੀਕੀ ਬੋਲੀ ਖੋਲੀ ਗਈ, ਰੱਦ ਕੀਤੀ ਗਈ ਏ ਓ ਸੀ-ਏ ਓ ਸੀ ਪੜਾਅ 'ਤੇ ਵਿੱਤੀ ਬੋਲੀ ਰੱਦ ਕੀਤੀ ਗਈ, ਰੱਦ ਵਿੱਤੀ-ਵਿੱਤੀ ਸੁਰੂਆਤੀ ਪੜਾਅ ਤੇ ਵਿੱਤੀ ਬੋਲੀ ਰੱਦ ਕੀਤੀ ਗਈ।

ਪੈਦਾ ਹੋਏ ਕਿਉਂਕਿ ਇਹ ਐਮ ਐਸ ਐਕਸਲ ਦਸਤਾਵੇਜ਼ ਨਵੀਤਮ ਸੁਰੱਖਿਆ ਪੈਚਾਂ ਦੁਆਰਾ ਕਵਰ ਨਹੀਂ ਕੀਤੇ ਜਾ ਸਕਦੇ।

ਮਾਈਕ੍ਰੋਸਾਫਟ ਐਕਸਲ ਦੇ ਪੁਰਾਣੇ ਵੱਰਸ਼ੱਨ ਦੀ ਵਰਤੋਂ ਦੇ ਸਬੰਧ ਵਿੱਚ, ਨੋਡਲ ਵਿਭਾਗ ਨੇ ਜੀ ਈ ਪੀ ਐਨ ਆਈ ਸੀ ਦੇ ਭਵਿੱਖ ਦੇ ਵੱਰਸ਼ੱਨਾਂ ਵਿੱਚ ਨਵੀਨਤਮ ਵੱਰਸ਼ੱਨ ਦੀ ਵਰਤੋਂ ਕਰਨ ਦੀ ਸੰਭਾਵਨਾਂ ਤਲਾਸ਼ਣ ਦਾ ਭਰੋਸਾ ਦਿੱਤਾ।

**(ੲ)** ਜੀ ਈ ਪੀ ਐਨ ਆਈ ਸੀ ਨੂੰ ਟੈਂਡਰ ਦੀਆਂ ਲੋੜਾਂ ਅਨੁਸਾਰ ਚੋਣ ਕਰਨ ਅਤੇ ਸੋਧਣ ਲਈ ਟੀ ਆਈ ਏ ਲਈ ਪ੍ਰਮਾਣਿਕਤਾ ਜਾਂਚਾਂ ਦੇ ਨਾਲ ਸੱਤ ਵੱਖ-ਵੱਖ ਬੀ ਓ ਕਿਊ ਟੈਂਪਲੇਟਾਂ[55] ਪ੍ਰਦਾਨ ਕਰਨ ਦੀ ਲੋੜ ਸੀ। ਬੋਲੀਦਾਤਾਵਾਂ ਤੋਂ ਉਮੀਦ ਕੀਤੀ ਜਾਂਦੀ ਸੀ ਕਿ ਉਹ ਇਨ੍ਹਾਂ ਟੈਪਲੇਟਾਂ ਨੂੰ ਟੈਂਡਰ ਦਸਤਾਵੇਜ਼ਾਂ ਦੇ ਨਾਲ ਡਾਊਨਲੋਡ ਕਰਨ, ਆਪਣੀ ਬੋਲੀ ਦੀਆਂ ਕੀਮਤਾਂ ਭਰ ਕੇ ਉਨ੍ਹਾਂ ਨੂੰ ਜਮ੍ਹਾਂ ਕਰਾਉਣਾ।

ਹਾਲਾਂਕਿ, ਲੇਖਾ ਪ੍ਰੀਖਿਆ ਨੇ ਦੇਖਿਆ ਕਿ 53 ਟੈਂਡਰਾਂ ਵਿੱਚ 64 ਬੋਲੀਆਂ ਅਯੋਗ ਪਾਈਆਂ ਗਈਆਂ ਸਨ, ਜੋ ਦਰਸਾਉਂਦੀਆਂ ਸਨ ਕਿ ਲਾਗੂ ਕੀਤੇ ਗਏ ਪ੍ਰਮਾਣਿਕਤਾ ਚੈੱਕ ਜਾਂ ਨਿਯੰਤਰਣ, ਬੋਲੀਦਾਤਾਵਾਂ ਦੁਆਰਾ ਅਯੋਗ ਬੋਲੀਆਂ ਜਮ੍ਹਾਂ ਕਰਨ ਨੂੰ ਰੋਕਣ ਲਈ ਕਾਫ਼ੀ ਨਹੀਂ ਸਨ, ਜਿਸ ਦੇ ਨਤੀਜੇ ਵਜੋਂ ਟੈਂਡਰ ਪ੍ਰਕਿਰਿਆ ਵਿੱਚ ਵਿਘਨ ਪੈ ਸਕਦਾ ਸੀ।

ਨੋਡਲ ਵਿਭਾਗ ਨੇ ਦੁਹਰਾਇਆ (ਅਕਤੂਬਰ 2023) ਕਿ ਉਪਭੋਗਤਾ ਦੀ ਸੁਵਿਧਾ ਲਈ ਆਫਲਾਈਨ ਬੀ ਓ ਕਿਊ ਵੱਰਸ਼ੱਨ ਪ੍ਰਦਾਨ ਕੀਤਾ ਗਿਆ ਸੀ ਅਤੇ ਅੱਗੇ ਕਿਹਾ ਕਿ ਇਨ੍ਹਾਂ ਟੈਂਪਲੇਟਾਂ ਵਿੱਚ ਲੋੜੀਂਦੀ ਜਾਂਚ ਅਤੇ ਪ੍ਰਮਾਣਿਕਤਾ ਹੈ ਅਤੇ ਬੀ ਓ ਕਿਊ ਸੁਰੱਖਿਅਤ ਸੀ। ਜਵਾਬ ਤਸਲੀਬੱਖਸ਼ ਨਹੀਂ ਸੀ, ਕਿਉਂਕਿ ਬੋਲੀਆਂ ਦੇ ਡਿਕ੍ਰਿਪਸ਼ਨ ਵਿੱਚ ਅਸਫਲਤਾ ਅਤੇ ਬੀ ਓ ਕਿਊ ਫਾਰਮੈਟਾਂ ਵਿੱਚ ਬੇਮੇਲੀਆਂ ਦੀਆਂ ਉਦਾਹਰਣਾਂ ਸਨ, ਦੋਵਾਂ ਨੇ ਸੰਕੇਤ ਦਿੱਤਾ ਕਿ ਬੋਲੀਦਾਤਾ ਖੁਦ ਟੈਂਪਲੇਟਾਂ ਨੂੰ ਸੋਧ ਸਕਦੇ ਸਨ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਵਿੱਤੀ ਬੋਲੀਆਂ ਜਮ੍ਹਾਂ ਕਰਨ ਲਈ ਵੈੱਬ ਅਧਾਰਤ ਫਾਰਮ ਪੇਸ਼ ਕਰਨ ਦਾ ਮਾਮਲਾ ਐਨ ਆਈ ਸੀ ਕੋਲ ਉਠਾਇਆ ਜਾਵੇਗਾ।

### 2.10.7 ਵਿੱਤੀ ਮੁਲਾਂਕਣ ਮੁੱਲ ਨੂੰ ਕੈਪਚਰ ਕਰਨ ਵਿੱਚ ਬੇਨਿਯਮੀਆਂ

ਪੀ ਆਰ ਬੀ ਡੀ ਬੀ ਦੁਆਰਾ ਜਾਰੀ ਹਦਾਇਤਾਂ (ਫਰਵਰੀ 2018) ਅਨੁਸਾਰ; (i) ਵਿੱਤੀ ਬੋਲੀਆਂ ਖੋਲ੍ਹੀਆਂ ਜਾਣੀਆਂ ਚਾਹੀਦੀਆਂ ਹਨ, ਅਤੇ ਟੈਂਡਰ ਸੰਖੇਪ ਰਿਪੋਰਟ ਬੋਲੀਦਾਤਾਵਾਂ ਦੁਆਰਾ ਪੇਸ਼ ਕੀਤੀਆਂ ਬੋਲੀਆਂ ਤੋਂ ਪ੍ਰਾਪਤ ਵਿੱਤੀ ਹਵਾਲੇ ਨਾਲ ਸਿਸਟਮ ਦੁਆਰਾ ਤਿਆਰ ਕੀਤੀ ਜਾਣੀ ਚਾਹੀਦੀ ਹੈ; (ii) ਕੋਈ ਮੈਨੂਅਲ ਐਂਟਰੀ ਨਹੀਂ ਕੀਤੀ ਜਾਣੀ ਚਾਹੀਦੀ; ਅਤੇ (iii) ਵਿੱਤੀ ਬੋਲੀਆਂ ਬਾਰੇ ਟੈਂਡਰ ਪ੍ਰੋਸੈਸਿੰਗ ਕਮੇਟੀ (ਟੀ ਪੀ ਸੀ) ਦੀਆਂ ਸਿਫਾਰਸ਼ਾਂ ਤਰੁੰਤ ਈ-ਖਰੀਦ ਪੋਰਟਲ ਤੇ ਅਪਲੋਡ ਕੀਤੀਆਂ

55 (i) ਵੀ3_ਬੀ ਓ ਕਿਊ_ਪ੍ਰਸੈਂਟੇਜ਼_ਟੈਂਮਪਲੇਟ.xls; (ii) ਵੀ3_ਬੀ ਓ ਕਿਊ_ਆਈਟਮ ਵਾਈਜ਼_ਟੈਂਮਪਲੇਟ.xls; (iii) ਵੀ3_ਬੀ ਓ ਕਿਊ_ਆਈਟਮ ਵਾਈਜ਼_ਓਪਨਫੋਰ_ਐਚ ਐਲ.xls; (iv) ਵੀ3_ਬੀ ਓ ਕਿਊ_ਆਈਟਮ ਰੇਟ_ਟੈਂਪਲੇਟ.xls; (v) ਵੀ3_ਬੀ ਓ ਕਿਊ_ਆਈਟਮ ਵਾਈਜ਼_ਟੈਂਮਪਲੇਟ_ਫਾਰਮਬੇਸਡ.xls; (vi) ਵੀ3_ਬੀ ਓ ਕਿਓ_ਮਲਟੀਕਰੰਸੀ_ਟੈਂਪਲੇਟ.xls; ਅਤੇ (vii) ਵੀ3_ਬੀ ਓ ਕਿਓ_ਮਿਕਸਡ_ਟੈਂਪਲੇਟ.xls ।

ਜਾਣੀਆਂ ਚਾਹੀਦੀਆਂ ਹਨ। ਦੇਰੀ, ਜੇ ਕੋਈ ਹੈ, ਨੂੰ ਟੀ ਆਈ ਏ ਦੁਆਰਾ ਕਾਰਵਾਈ ਦੇ ਵੇਰਵਿਆਂ ਨੂੰ (ਈ-ਖਰੀਦ ਪੋਰਟਲ ਤੇ ਅਪਲੋਡ ਕੀਤੇ ਜਾਣ ਲਈ) ਸਹੀ ਢੰਗ ਨਾਲ ਦਰਜ ਕੀਤਾ ਜਾਵੇਗਾ।

ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਗੈਰ-ਜਨਤਕ ਖੇਤਰ ਉਪਕ੍ਰਮ) 'ਤੇ 31 ਮਾਰਚ 2017 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਮਾਤਰਾ ਦਾ ਬਿਲ ਅਤੇ ਟੈਂਡਰ ਸਾਰ ਰਿਪੋਰਟ ਦੀਆਂ ਲਾਗਤਾਂ ਵਿੱਚ ਅਣ-ਅਨੁਰੂਪਤਾਵਾਂ ਨੂੰ ਪੈਰ੍ਹਾ 3.12.4.2 ਵਜੋਂ ਦਰਸਾਇਆ ਗਿਆ ਸੀ। ਲੋਕ ਨਿਰਮਾਣ ਵਿਭਾਗ ਨੇ ਪੀ ਏ ਸੀ ਨੂੰ ਸੂਚਿਤ ਕੀਤਾ (ਦਸੰਬਰ 2022) ਕਿ ਐਨ ਆਈ ਸੀ ਨੂੰ ਟੈਂਡਰ ਸੰਖੇਪ ਰਿਪੋਰਟ ਫਾਰਮੈਟ ਨੂੰ ਅਪਡੇਟ ਕਰਨ ਅਤੇ ਨਵੀਆਂ ਵਿਸ਼ੇਸ਼ਤਾਵਾਂ ਸ਼ਾਮਲ ਕਰਨ ਦੀ ਬੇਨਤੀ ਕੀਤੀ ਗਈ ਸੀ। ਹਾਲਾਂਕਿ ਲੇਖਾ ਪ੍ਰੀਖਿਆ ਨੇ ਦੇਖਿਆ ਕਿ ਲੋੜੀਂਦੀ ਪਾਲਣਾ ਅਜੇ ਵੀ ਪ੍ਰਾਪਤ ਨਹੀਂ ਕੀਤੀ ਗਈ ਸੀ।

ਜੀ ਈ ਪੀ ਐਨ ਆਈ ਸੀ ਡਾਟਾਬੇਸ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਜਿੱਥੇ ਮਿਆਰੀ ਬੀ ਓ ਕਿਊ ਟੈਂਪਲੇਟਾਂ ਦੀ ਵਰਤੋਂ ਕੀਤੀ ਗਈ ਸੀ, ਪ੍ਰਣਾਲੀ ਦੁਆਰਾ ਤਿਆਰ ਕੀਤੇ ਬੀ ਓ ਕਿਊ ਤੁਲਨਾਤਮਕ ਚਾਰਟ ਤਿਆਰ ਕਰਨ ਤੋਂ ਬਾਅਦ, ਬੋਲੀਆਂ ਦੇ ਏਕੀਕ੍ਰਿਤ ਮੁੱਲ ਨੂੰ ਦਰਸਾਉਣ ਵਾਲਾ ਇੱਕ ਸੰਖੇਪ ਟੀ ਆਈ ਏ ਦੁਆਰਾ ਮੈਨੂਅਲ ਜੀ ਈ ਪੀ ਐਨ ਆਈ ਸੀ ਵਿੱਚ ਭਰਿਆ ਜਾ ਰਿਹਾ ਸੀ ਅਤੇ *"ਵਿੱਤੀ ਮੁਲਾਂਕਣ ਬੋਲੀ ਸੂਚੀ"* ਦੇ ਅਧੀਨ ਟੈਂਡਰ ਸੰਖੇਪ ਸ਼ੀਟ ਵਿੱਚ ਦਰਸਾਇਆ ਗਿਆ ਸੀ। ਲੇਖਾ ਪ੍ਰੀਖਿਆ ਨੇ ਦੇਖਿਆ ਕਿ:

- ਏਕੀਕ੍ਰਿਤ ਬੋਲੀ ਮੁੱਲ ਜੋ ਆਦਰਸ਼ ਤੌਰ ਤੇ ਪ੍ਰਣਾਲੀ ਦੁਆਰਾ ਤਿਆਰ ਕਰਨ ਦੀ ਲੋੜ ਸੀ, ਨੂੰ ਟੀ ਆਈ ਏ ਦੁਆਰਾ ਮੈਨੂਅਲ ਭਰਨ ਦੀ ਮਨਜ਼ੂਰੀ ਦਿੱਤੀ ਗਈ ਸੀ। ਸਹੀ ਸਿਸਟਮ ਗਣਨਾ ਨੂੰ ਯਕੀਨੀ ਬਣਾਉਣ ਲਈ ਐਪਲੀਕੇਸ਼ਨ ਨਿਯੰਤਰਣ ਦੀ ਘਾਟ ਵਜੋਂ 1,85,920 ਟੈਂਡਰਾਂ ਵਿੱਚੋਂ 4,631 ਵਿੱਚ ਵਿਸੰਗਤੀਆਂ ਸਨ, ਜਿਸ ਵਿੱਚ ਏਕੀਕ੍ਰਿਤ ਬੋਲੀ ਮੁੱਲ ਟੀ ਆਈ ਏ ਦੁਆਰਾ ਨਹੀਂ ਭਰੇ ਗਏ ਸਨ ਅਤੇ ਇਸ ਲਈ ਜੀ ਈ ਪੀ ਐਨ ਆਈ ਸੀ ਤੇ *"ਵਿੱਤੀ ਮੁਲਾਂਕਣ ਬੋਲੀ ਸੂਚੀ"* ਵਿੱਚ ਖਾਲੀ ਪਾਈ ਗਈ ਸੀ। ਏਕੀਕ੍ਰਿਤ ਬੋਲੀ ਮੁੱਲ ਦੀ ਆਟੋ-ਗਣਨਾ ਕਰਨ ਜਾਂ ਟੀ ਆਈ ਏ ਦੁਆਰਾ ਲਾਜ਼ਮੀ ਡਾਟਾ ਐਂਟਰੀ ਨੂੰ ਲਾਗੂ ਕਰਨ ਲਈ ਐਪਲੀਕੇਸ਼ਨ ਨਿਯੰਤਰਣ ਲਾਗੂ ਨਹੀਂ ਕੀਤੇ ਗਏ ਸਨ।

- 41,839 ਟੈਂਡਰਾਂ ਵਿੱਚ 1,08,675 ਬੋਲੀਆਂ ਦੇ ਮਾਮਲੇ ਚ ਭਰੀਆਂ ਗਈਆਂ ਬੋਲੀਆਂ ਦਾ ਇਕਸਾਰ ਬੋਲੀ ਮੁੱਲ ਬੋਲੀਦਾਤਾਵਾਂ ਵੱਲੋਂ ਦਰਸਾਏ ਅਸਲ ਬੋਲੀ ਮੁੱਲ ਨਾਲ ਮੇਲ ਨਹੀਂ ਖਾਂਦਾ।

- 5,242 ਟੈਂਡਰਾਂ[56] ਵਿੱਚ, ਬੀ ਓ ਕਿਊ ਤੁਲਨਾਤਮਕ ਚਾਰਟ ਖੁਦ ਪ੍ਰਣਾਲੀ ਦੁਆਰਾ ਤਿਆਰ ਨਹੀਂ ਕੀਤਾ ਗਿਆ ਸੀ, ਕਿਉਂਕਿ ਇਨ੍ਹਾਂ ਮਾਮਲਿਆਂ ਵਿੱਚ ਵਰਤਿਆਂ ਗਿਆ ਬੀ ਓ ਕਿਊ ਟੈਂਪਲੇਟ ਜੀ ਈ ਪੀ ਐਨ ਆਈ ਸੀ ਵਿੱਚ ਉਪਲਬਧ ਸੱਤ ਮਿਆਰੀ ਟੈਂਪਲੇਟਾਂ ਵਿੱਚੋਂ ਨਹੀਂ ਸੀ। ਪ੍ਰਣਾਲੀ ਨੇ ਟੀ ਆਈ ਏਜ਼ ਨੂੰ "ਅਤਿਰਿਕਤ ਦਸਤਾਵੇਜ਼ਾਂ" ਦੀ ਚੋਣ ਕਰਕੇ

[56] 642 ਦਾ ਵਿੱਤੀ ਮੁਲਾਂਕਣ ਕੀਤਾ ਗਿਆ ਅਤੇ 4,628 ਦਾ ਏ ਓ ਸੀ ਪੜਾਅ 'ਤੇ।

ਸਵੈ-ਡਿਜ਼ਾਈਨ ਕੀਤੇ ਬੀ ਓ ਕਿਊ ਅਪਲੋਡ ਕਰਨ ਦੀ ਮਨਜ਼ੂਰੀ ਦਿੱਤੀ। ਇਸ ਕਾਰਜਸ਼ੀਲਤਾ ਦੇ ਨਤੀਜੇ ਵਜੋਂ ਟੀ ਆਈ ਏ ਨੇ ਬੀ ਓ ਕਿਊ ਡਿਜ਼ਾਈਨ ਕੀਤੇ ਸਨ, ਜਿਨ੍ਹਾਂ ਦੀ ਤੁਲਨਾ ਸਿਸਟਮ ਦੁਆਰਾ ਨਹੀਂ ਕੀਤੀ ਜਾ ਸਕਦੀ ਸੀ, ਅਤੇ ਇਸ ਲਈ ਟੀ ਆਈ ਏ ਨੇ ਅਜਿਹੇ ਟੈਂਡਰਾਂ ਦੀ ਪ੍ਰਕਿਰਿਆ ਲਈ ਮੈਨੂਅਲ ਤੁਲਨਾਤਮਕ ਚਾਰਟ ਤਿਆਰ ਕੀਤੇ ਸਨ।

ਨੋਡਲ ਵਿਭਾਗ ਨੇ ਜਵਾਬ ਦਿੱਤਾ (ਫਰਵਰੀ 2024) ਕਿ ਸਿਸਟਮ ਵਿੱਚ ਮੁਲਾਂਕਣਕਰਤਾ ਤੋਂ ਹਰੇਕ ਬੋਲੀਦਾਤਾ ਦੁਆਰਾ ਅਸਲ ਹਵਾਲਾ ਮੁੱਲ ਦਰਜ ਕਰਨ ਦੇ ਯੋਗ ਬਣਾਉਣ ਲਈ ਕਾਰਜਸ਼ੀਲਤਾ ਹੈ। ਜਵਾਬ ਤਸੱਲੀਬਖਸ਼ ਨਹੀਂ ਸੀ, ਕਿਉਂਕਿ ਸਿਸਟਮ ਨੂੰ ਮੁਲਾਂਕਣਕਰਤਾਵਾਂ ਨੂੰ ਡਾਟਾ ਐਂਟਰੀ ਕਰਨ ਦੀ ਮਨਜ਼ੂਰੀ ਦੇਣ ਦੀ ਬਜਾਏ ਬੋਲੀਦਾਤਾਵਾਂ ਦੁਆਰਾ ਦਾਖਲ ਕੀਤੇ ਮੁੱਲਾਂ ਦੇ ਅਧਾਰ ਤੇ ਬੋਲੀ ਮੁਲਾਂਕਣ ਦੇ ਸਮੇਂ ਏਕੀਕ੍ਰਿਤ ਬੋਲੀ ਮੁੱਲ ਦੀ ਆਟੋ ਪੋਪੁਲੇਟਿਡ/ਆਟੋ ਕੰਪਿਊਟਡ ਕਰਨੀ ਚਾਹੀਦੀ ਸੀ। ਐਪਲੀਕੇਸ਼ਨ ਨਿਯੰਤਰਣ ਦੀ ਇਸ ਘਾਟ ਦੇ ਨਤੀਜੇ ਵਜੋਂ ਚੁਣੇ ਗਏ ਬੋਲੀਕਾਰਾਂ ਨੂੰ ਅਣਉਚਿਤ ਲਾਭ ਦੇਣ ਲਈ ਗਲਤੀਆਂ/ਜਾਣਬੁੱਝ ਕੇ ਪਾਲਣਾ ਨਾ ਕਰਨ ਦਾ ਬਚਣਯੋਗ ਜੋਖਮ ਪੈਦਾ ਹੋ ਗਿਆ ਸੀ। ਲੇਖਾ ਪ੍ਰੀਖਿਆ ਵਿੱਚ ਪਾਇਆ ਗਿਆ ਕਿ 2018-2023 ਦੌਰਾਨ 1,08,675 ਬੋਲੀਆਂ ਵਿੱਚ ਬੋਲੀਦਾਤਾਵਾਂ ਅਤੇ ਮੁਲਾਂਕਣਕਰਤਾਵਾਂ ਵੱਲੋਂ ਦਰਜ ਕੀਤੀਆਂ ਗਈਆਂ ਬੋਲੀਆਂ ਦੇ ਮੁੱਲਾਂ ਵਿੱਚ ਬੇਮੇਲੀਆਂ ਪਾਈਆਂ ਗਈਆਂ।

ਐਨ ਆਈ ਸੀ ਨੇ ਦੁਹਰਾਇਆ (ਮਈ 2024) ਕਿ ਜੀ ਈ ਪੀ ਐਨ ਆਈ ਸੀ ਸਿਸਟਮ ਦੇ ਪੂਰਵ-ਪਰਿਭਾਸ਼ਿਤ ਬੀ ਓ ਕਿਊ ਟੈਂਪਲੇਟਾਂ ਤੋਂ ਹੀ ਬੀ ਓ ਕਿਊ ਤੁਲਨਾਤਮਕ ਚਾਰਟ ਤਿਆਰ ਕਰ ਸਕਦਾ ਹੈ।

ਉਪਭੋਗਤਾ-ਪਰਿਭਾਸ਼ਿਤ ਟੈਂਪਲੇਟਾਂ ਦੇ ਮਾਮਲੇ ਵਿੱਚ ਤੁਲਨਾਤਮਕ ਚਾਰਟ ਤਿਆਰ ਕਰਨ ਲਈ ਐਪਲੀਕੇਸ਼ਨ ਨਿਯੰਤਰਣਾਂ ਦੀ ਅਣਹੋਂਦ ਇੱਕ ਵੱਡੀ ਨਿਯੰਤਰਣ ਘਾਟ ਸੀ, ਕਿਉਂਕਿ ਇਸ ਲਈ ਮੈਨੂਅਲ ਦਖਲ ਅੰਦਾਜ਼ੀ ਦੀ ਲੋੜ ਪਈ ਅਤੇ ਗਲਤੀਆਂ/ਜਾਣਬੁੱਝ ਕੇ ਗੈਰ-ਪਾਲਣਾ ਦੀ ਗੁੰਜਾਇਸ਼ ਪੈਦਾ ਕੀਤੀ ਗਈ ਸੀ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਵਿੱਤੀ ਬੋਲੀਆਂ ਲਈ ਵੈੱਬ-ਅਧਾਰਤ ਟੈਂਪਲੇਟ/ਫਾਰਮ ਪੇਸ਼ ਕਰਨ ਦਾ ਮਾਮਲਾ ਐਨ ਆਈ ਸੀ ਕੋਲ ਉਠਾਇਆ ਜਾਵੇਗਾ।

### 2.10.8 ਜੀ ਈ ਪੀ ਐਨ ਆਈ ਸੀ ਦੇ ਉਪਭੋਗਤਾਵਾਂ ਲਈ ਐਕਸੈਸ ਪ੍ਰਬੰਧਨ ਵਿੱਚ ਕਮੀਆਂ

ਨੈਸ਼ਨਲ ਇਨਫਾਰਮੈਟਿਕਸ ਸੈਂਟਰ (ਐਨ ਆਈ ਸੀ) ਦੀ ਪਾਸਵਰਡ ਨੀਤੀ ਦੇ ਕਲਾਜ਼ 3.1.1.2 ਦੇ ਅਨੁਸਾਰ, "ਸਾਰੇ ਉਪਭੋਗਤਾ-ਪੱਧਰ ਦੇ ਪਾਸਵਰਡ (ਉਦਾਹਰਣ ਲਈ, ਈਮੇਲ, ਵੈੱਬ, ਡੈਸਕਟਾਪ, ਕੰਪਿਊਟਰ, ਆਦਿ) ਸਮੇਂ-ਸਮੇਂ ਤੇ (ਘੱਟੋ ਘੱਟ ਹਰ ਤਿੰਨ ਮਹੀਨਿਆਂ ਵਿੱਚ ਇੱਕ ਵਾਰ) ਬਦਲੇ ਜਾਣਗੇ।" ਜੀ ਈ ਪੀ ਐਨ ਆਈ ਸੀ, ਵਿੱਚ ਰਜਿਸਟਰ ਕਰਨ ਤੋਂ ਬਾਅਦ, ਉਪਭੋਗਤਾ ਯੂਜ਼ਰ ਆਈ ਡੀ, ਪਾਸਵਰਡ ਅਤੇ ਡਿਜੀਟਲ ਦਸਤਖਤ ਸਰਟੀਫਿਕੇਟ (ਡੀ ਐਸ ਸੀ) ਦੀ ਵਰਤੋਂ ਕਰਕੇ ਲੌਗਇਨ ਕਰ ਸਕਦੇ ਹਨ। ਪਾਸਵਰਡ ਡਾਟਾਬੇਸ ਵਿੱਚ ਐਨਕ੍ਰਿਪਟ ਕੀਤੇ ਜਾਂਦੇ ਹਨ।

ਜੀ ਈ ਪੀ ਐਨ ਆਈ ਸੀ ਡੇਟਾ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ:

ਪਾਸਵਰਡ ਨਾ ਬਦਲਣ ਦੇ ਬਾਵਜੂਦ, ਹਰ ਤਿੰਨ ਮਹੀਨਿਆਂ ਤੋਂ ਬਾਅਦ ਜੀ ਈ ਪੀ ਐਨ ਆਈ ਸੀ ਉਪਭੋਗਤਾਵਾਂ ਨੂੰ ਪੋਰਟਲ ਨੂੰ ਸਫਲਤਾਪੂਰਵਕ ਐਕਸੈਸ ਕਰਨ ਦੀ ਆਗਿਆ ਦੇ ਰਿਹਾ ਸੀ। ਉਪਰੋਕਤ ਪਾਸਵਰਡ ਨੀਤੀ ਅਨੁਸਾਰ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਆਪਣੇ ਪਾਸਵਰਡ ਨੂੰ ਅਪਡੇਟ ਨਾ ਕਰਨ ਵਾਲੇ ਉਪਭੋਗਤਾਵਾਂ ਦੇ ਵੇਰਵੇ **ਸਾਰਣੀ** 2.22 ਵਿੱਚ ਦਿਖਾਏ ਗਏ ਹਨ।

**ਸਾਰਣੀ 2.22: ਨਿਰਧਾਰਤ ਦਿਨਾਂ ਤੋਂ ਬਾਅਦ ਬਿਨਾਂ ਕਿਸੇ ਪਾਸਵਰਡ ਬਦਲੇ ਪੋਰਟਲ ਨੂੰ ਸਫਲਤਾਪੂਰਵਕ ਐਕਸੈਸ ਕਰਨ ਵਾਲੇ ਉਪਭੋਗਤਾਵਾਂ ਦੀ ਸੰਖਿਆ**

| ਲੜੀ ਨੰ. | ਉਪਭੋਗਤਾ ਦੀ ਕਿਸਮ | 90 ਦਿਨਾਂ ਤੋਂ ਵੱਧ ਇੱਕੋ ਪਾਸਵਰਡ ਵਾਲੇ ਉਪਭੋਗਤਾ |
|---|---|---|
| 1. | ਕੁੱਲ ਉਪਭੋਗਤਾ | 1,557 |
| 2. | ਸਰਕਾਰੀ ਉਪਭੋਗਤਾ | 367 |
| 3. | ਕਾਰਪੋਰੇਟ/ਟੈਂਡਰਰ | 1,190 |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਨੋਡਲ ਵਿਭਾਗ ਨੇ ਪਾਸਵਰਡ ਪ੍ਰਬੰਧਨ ਨੀਤੀ ਨੂੰ ਲਾਗੂ ਕਰਨ ਵਿੱਚ ਕੋਤਾਹੀ ਨੂੰ ਸਵੀਕਾਰ ਕਰਦਿਆਂ (ਸਤੰਬਰ 2024) ਸੂਚਿਤ ਕੀਤਾ ਕਿ ਇਸ ਨੂੰ ਹੁਣ ਲਾਗੂ ਕੀਤਾ ਜਾਵੇਗਾ।

- ਲੇਖਾ ਪ੍ਰੀਖਿਆ ਨੇ ਦੇਖਿਆ ਕਿ 367 ਸਰਕਾਰੀ ਉਪਭੋਗਤਾਵਾਂ ਨੂੰ ਜੀ ਈ ਪੀ ਐਨ ਆਈ ਸੀ ਵਿੱਚ ਪ੍ਰਬੰਧਨ ਸੂਚਨਾ ਪ੍ਰਣਾਲੀ ਰਿਪੋਰਟਾਂ ਤੱਕ ਐਕਸੈਸ ਦਿਤਾ ਗਿਆ ਸੀ। ਇਸ ਐਕਸੈਸ ਦੇ ਆਧਾਰ ਤੇ, ਇਹ ਉਪਭੋਗਤਾ ਟੈਂਡਰ ਮੁਲਾਂਕਣ ਕਮੇਟੀ (ਟੀ ਈ ਸੀ) ਦੇ ਨਾਲ-ਨਾਲ ਆਪਣੀ ਸਬੰਧਤ ਇਕਾਈ ਦੁਆਰਾ ਪ੍ਰਕਾਸ਼ਿਤ ਕਿਸੇ ਵੀ ਟੈਂਡਰ ਦੀਆਂ ਖੁੱਲ੍ਹੀਆਂ ਬੋਲੀਆਂ ਨੂੰ ਦੇਖ ਸਕਦੇ ਹਨ। ਅਜਿਹੀ ਅਨਿਯਮਿਤ ਪਹੁੰਚ ਦੇ ਨਤੀਜੇ ਵਜੋਂ ਟੈਂਡਰਿੰਗ ਪ੍ਰਕਿਰਿਆ ਦੌਰਾਨ ਗੁਪਤਤਾ, ਪਾਰਦਰਸ਼ਤਾ ਅਤੇ ਜਵਾਬਦੇਹੀ ਬਣਾਈ ਰੱਖਣ ਲਈ ਤਿਆਰ ਕੀਤੇ ਗਏ ਕਾਰੋਬਾਰੀ ਨਿਯਮਾਂ ਦੀ ਉਲੰਘਣਾ ਹੋਈ।
- ਜੀ ਈ ਪੀ ਐਨ ਆਈ ਸੀ ਨੇ ਗੈਰ-ਡੀ ਐਸ ਸੀ ਉਪਭੋਗਤਾਵਾਂ ਨੂੰ ਐਮ ਆਈ ਐਸ ਰਿਪੋਰਟਾਂ ਤੱਕ ਪਹੁੰਚ ਦੀ ਮਨਜ਼ੂਰੀ ਵੀ ਦਿੱਤੀ। ਨੋਡਲ ਵਿਭਾਗ ਨੇ ਕਿਹਾ (ਸਤੰਬਰ 2024) ਕਿ ਜ਼ਿਆਦਾਤਰ ਉੱਚ ਅਧਿਕਾਰੀ ਗੈਰ-ਡੀ ਐਸ ਸੀ ਉਪਭੋਗਤਾ ਸਨ ਅਤੇ ਓ ਟੀ ਪੀ ਨੂੰ ਉਹਨਾਂ ਤੱਕ ਪਹੁੰਚ ਦੀ ਆਗਿਆ ਦੇਣ ਲਈ ਪ੍ਰਮਾਣਿਕਤਾ ਦੇ ਦੂਜੇ ਪੱਧਰ ਵਜੋਂ ਵਰਤਿਆ ਜਾ ਰਿਹਾ ਸੀ। ਹਾਲਾਂਕਿ ਇਹ ਦਾਅਵਾ ਸਹੀ ਨਹੀਂ ਸੀ, ਕਿਉਂਕਿ 18 ਗੈਰ-ਡੀ ਐਸ ਸੀ ਉਪਭੋਗਤਾ ਨਾ ਤਾਂ ਅਧਿਕਾਰ ਵਾਲੇ ਅਹੁਦਿਆਂ[57] ਤੇ ਸਨ ਅਤੇ ਨਾ ਹੀ ਜੀ ਈ ਪੀ ਐਨ ਆਈ ਸੀ ਨੂੰ ਐਮ ਆਈ ਐਸ ਰਿਪੋਰਟਾਂ ਤੱਕ ਪਹੁੰਚ ਕਰਨ ਲਈ ਕਿਸੇ ਓ ਟੀ ਪੀ ਦੀ ਲੋੜ ਸੀ।

---

[57] ਇਹ ਗੈਰ-ਡੀ ਐਸ ਸੀ ਉਪਭੋਗਤਾ ਸੀਨੀਅਰ ਸਹਾਇਕ, ਡਰਾਫਟਸਮੈਨ, ਲੇਖਾਕਾਰ, ਕਲਰਕ ਅਤੇ ਜੂਨੀਅਰ ਇੰਜੀਨੀਅਰ ਸਨ।

ਪੀ ਟੀ ਪੀ ਪੀ ਐਕਟ, 2019 ਦੇ ਉਪਬੰਧਾਂ ਅਨੁਸਾਰ ਇਹ ਖਾਮੀਆਂ ਬੋਲੀਆਂ ਦੀ ਗੁਪਤਤਾ ਬਣਾਈ ਰੱਖਣ ਅਤੇ ਟੈਂਡਰ ਪ੍ਰਕਿਰਿਆ ਅਧਿਕਾਰਾਂ ਦੀ ਰਸਮੀ ਵੰਡ ਦੀ ਪਾਲਣਾ ਲਈ ਮਹੱਤਵਪੂਰਨ ਚੁਣੌਤੀ ਪੈਦਾ ਕਰਦੀਆਂ ਹਨ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਪ੍ਰਮਾਣਿਕਤਾ ਦੇ ਘੱਟ ਮਹੱਤਵ ਵਾਲੇ ਪੱਧਰ ਵਜੋਂ ਐਮ ਆਈ ਐਸ ਰਿਪੋਰਟਾਂ ਤੱਕ ਪਹੁੰਚ ਕਰਨ ਲਈ ਓ ਟੀ ਪੀ ਪ੍ਰਮਾਣਿਕਤਾ ਸ਼ੁਰੂ ਕੀਤੀ ਗਈ ਸੀ। ਅੱਗੇ ਇਹ ਵੀ ਕਿਹਾ ਗਿਆ ਕਿ ਸਿਰਫ ਮੁਲਾਂਕਣ ਕਮੇਟੀ ਦੇ ਮੈਬਰਾਂ ਤੱਕ ਬੋਲੀਆਂ ਦੀ ਐਕਸੈਸ ਨੂੰ ਸੀਮਤ ਕਰਨ ਬਾਰੇ ਮਾਮਲਾ ਐਨ ਆਈ ਸੀ ਕੋਲ ਉਠਾਇਆ ਜਾਵੇਗਾ।

## 2.10.9 ਪ੍ਰਣਾਲੀ ਵਿੱਚ ਨਾਕਾਫੀ ਐਪਲੀਕੇਸ਼ਨ ਨਿਯੰਤਰਣ

ਡੇਟਾ ਅਖੰਡਤਾ ਨੂੰ ਯਕੀਨੀ ਬਣਾਉਣ ਲਈ, ਪ੍ਰਣਾਲੀ ਵਿੱਚ ਢੁਕਵੇਂ ਐਪਲੀਕੇਸ਼ਨ ਨਿਯੰਤਰਣ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ, ਜਿਵੇਂ ਕਿ ਇਨਪੁਟ ਕੰਟਰੋਲ, ਪ੍ਰੋਸੈਸਿੰਗ ਕੰਟਰੋਲ, ਆਊਟਪੁੱਟ ਕੰਟਰੋਲ, ਆਦਿ। ਲੇਖਾ ਪ੍ਰੀਖਿਆ ਨੇ ਜਾਂਚ ਕੀਤੀ ਕਿ ਐਪਲੀਕੇਸ਼ਨ ਸਾੱਫਟਵੇਅਰ ਕੋਲ ਡੇਟਾ ਦੀ ਪੁਸ਼ਟੀ ਕਰਨ ਅਤੇ ਡਾਟਾਬੇਸ ਵਿੱਚ ਗਲਤੀਆਂ ਨੂੰ ਰੋਕਣ ਲਈ ਲੋੜੀਦੇ ਨਿਯੰਤਰਣ ਸਨ।

### 2.10.9.1 ਇਨਪੁੱਟ ਨਿਯੰਤਰਣ

**(ੳ) 'ਬਿਆਨਾ ਜਮ੍ਹਾਂ ਰਾਸ਼ੀ' ਦਾ ਮੁੱਲ 'ਜ਼ੀਰੋ' ਦਰਜ ਕੀਤਾ ਗਿਆ**

ਟੈਂਡਰ ਦੇ ਨਾਲ ਬਿਆਨਾ ਜਮ੍ਹਾਂ ਰਾਸ਼ੀ (ਈ ਐਮ ਡੀਜ਼) ਦੀ ਲੋੜ ਹੁੰਦੀ ਹੈ ਤਾਂ ਜੋ ਉਨ੍ਹਾਂ ਦੀਆਂ ਬੋਲੀਆਂ ਬਾਰੇ ਬੋਲੀਦਾਤਾਵਾਂ ਦੀ ਗੰਭੀਰਤਾ ਨੂੰ ਯਕੀਨੀ ਬਣਾਇਆ ਜਾ ਸਕੇ ਅਤੇ ਜੇ ਜੇਤੂ ਬੋਲੀਦਾਤਾ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਖਰੀਦਦਾਰ ਨੂੰ ਹੋਣ ਵਾਲੇ ਕਿਸੇ ਵੀ ਸੰਭਾਵਿਤ ਨੁਕਸਾਨ ਨੂੰ ਕਵਰ ਕੀਤਾ ਜਾ ਸਕੇ। ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ ਵੀ ਸੀ)[58] ਨੇ ਕਰੋੜਾਂ ਰੁਪਏ ਦੇ ਉੱਚ ਦਰ ਵਾਲੇ ਟੈਂਡਰਾਂ ਵਿੱਚ ਸੰਗਠਨ ਦੇ ਹਿੱਤਾਂ ਦੀ ਰੱਖਿਆ ਲਈ ਈ ਐਮ ਡੀ ਦੀ ਲੋੜੀਂਦੀ ਰਾਸ਼ੀ ਰੱਖਣ 'ਤੇ ਵੀ ਜ਼ੋਰ ਦਿੱਤਾ ਸੀ।

ਹਾਲਾਂਕਿ, ਜੀ ਈ ਪੀ ਐਨ ਆਈ ਸੀ ਕੋਲ ਇਹ ਯਕੀਨੀ ਬਣਾਉਣ ਦਾ ਕੋਈ ਪ੍ਰਬੰਧ ਨਹੀਂ ਸੀ ਕਿ ਈ ਐਮ ਡੀ ਨੂੰ 'ਜ਼ੀਰੋ' ਵਜੋਂ ਸਵੀਕਾਰ ਨਾ ਕੀਤਾ ਜਾਵੇ। 2018-2023 ਦੌਰਾਨ ਪ੍ਰਕਾਸ਼ਿਤ 2,705 ਟੈਂਡਰਾਂ ਵਿੱਚ 'ਜ਼ੀਰੋ' ਵਜੋਂ ਈ ਐਮ ਡੀ ਮੁੱਲ ਸਵੀਕਾਰ ਕੀਤਾ ਗਿਆ ਸੀ ਜਿਵੇਂ ਕਿ **ਸਾਰਣੀ** 2.23 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.23: 'ਜ਼ੀਰੋ' ਈ ਐਮ ਡੀ ਮੁੱਲ ਵਾਲੇ ਸਵੀਕਾਰ ਕੀਤੇ ਟੈਂਡਰਾਂ ਦੀ ਸੰਖਿਆ**

| ਟੈਂਡਰ ਮੁੱਲ (₹ ਵਿੱਚ) | ਟੈਂਡਰਾਂ ਦੀ ਸੰਖਿਆ | | | |
|---|---|---|---|---|
| | ਵਸਤਾਂ | ਸੇਵਾਵਾਂ | ਵਰਕਸ | ਕੁੱਲ |
| ਇੱਕ ਕਰੋੜ ਤੱਕ | 723 | 371 | 1,571 | 2,665 |
| ਇੱਕ ਤੋਂ 50 ਕਰੋੜ | 13 | 9 | 15 | 37 |
| 50 ਕਰੋੜ ਅਤੇ ਵੱਧ | - | 1 | 2 | 3 |


*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

58 ਠੇਕੇ ਦੇਣ ਵਿੱਚ ਆਮ ਬੇਨਿਯਮੀਆਂ ਬਾਰੇ ਦਫਤਰੀ ਮੈਮੋਰੰਡਮ-8/2/04

## (ਅ) 'ਜ਼ੀਰੋ' ਮੁੱਲ ਵਾਲੇ ਟੈਂਡਰ

**(i)** ਟੈਂਡਰ ਦੇ ਅਨੁਮਾਨਿਤ ਮੁੱਲ ਨੂੰ ਕੈਪਚਰ ਕਰਨ ਲਈ ਜੀ ਈ ਪੀ ਐਨ ਆਈ ਸੀ ਕੋਲ ਲਾਜ਼ਮੀ ਟੈਬ ਹੈ। ਹਾਲਾਂਕਿ, ਜੀ ਈ ਪੀ ਐਨ ਆਈ ਸੀ ਜਨਤਕ ਡੋਮੇਨ ਵਿੱਚ ਟੀ ਆਈ ਏ ਨੂੰ ਟੈਂਡਰ ਮੁੱਲ ਪ੍ਰਦਰਸ਼ਿਤ ਕਰਨ ਦਾ ਵਿਕਲਪ ਪ੍ਰਦਾਨ ਕਰਦਾ ਹੈ ਜਿਵੇਂ ਕਿ **ਚਿੱਤਰ 2.8** ਵਿੱਚ ਦਿਖਾਇਆ ਗਿਆ ਹੈ। ਜਦੋਂ ਟੀ ਆਈ ਏ ਨਹੀਂ ਦੀ ਚੋਣ ਕਰਦਾ ਹੈ, ਤਾਂ ਟੈਂਡਰ ਦਾ ਮੁੱਲ ਜਨਤਕ ਡੋਮੇਨ ਵਿੱਚ ਦਿਖਾਈ ਨਹੀਂ ਦੇਵੇਗਾ, ਪਰ ਇਹ ਜੀ ਈ ਪੀ ਐਨ ਆਈ ਸੀ ਡਾਟਾਬੇਸ ਵਿੱਚ ਸਟੋਰ ਰਹਿੰਦਾ ਹੈ, ਇਨ੍ਹਾਂ ਮੁੱਲਾਂ ਦੀ ਵਰਤੋਂ ਈ-ਖਰੀਦ ਡੈਸ਼ਬੋਰਡ ਤੇ ਪ੍ਰਕਾਸ਼ਿਤ ਟੈਂਡਰਾਂ ਦੀ ਸਾਲ-ਵਾਰ ਸੰਖਿਆ ਅਤੇ ਟੈਂਡਰਾਂ ਦੇ ਕੁੱਲ ਮੁੱਲ ਨੂੰ ਪ੍ਰਦਰਸ਼ਿਤ ਕਰਨ ਲਈ ਕੀਤੀ ਜਾਂਦੀ ਹੈ।

**ਚਿੱਤਰ 2.8: ਜਨਤਕ ਡੋਮੇਨ ਵਿੱਚ ਟੈਂਡਰ ਮੁੱਲ ਪ੍ਰਦਰਸ਼ਿਤ ਕਰਨ ਲਈ ਪੋਰਟਲ ਵਿੱਚ ਵਿਵਸਥਾ**




*ਸ੍ਰੋਤ: ਈ-ਖਰੀਦ ਪੋਰਟਲ ਉਪਭੋਗਤਾ ਮੈਨੂਅਲ*

ਜੀ ਈ ਪੀ ਐਨ ਆਈ ਸੀ ਦੇ ਡਾਟਾ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ 2018-2023 ਦੌਰਾਨ ਟੈਂਡਰ ਮੁੱਲ "ਜ਼ੀਰੋ" ਵਜੋਂ 10,960 ਟੈਂਡਰ ਪ੍ਰਕਾਸ਼ਿਤ ਕੀਤੇ ਗਏ ਸਨ। ਇਸ ਦੇ ਨਤੀਜੇ ਵਜੋਂ ਨਾ ਸਿਰਫ ਈ-ਖਰੀਦ ਡੈਸ਼ਬੋਰਡ ਤੇ ਜੀ ਈ ਪੀ ਐਨ ਆਈ ਸੀ ਰਾਹੀਂ ਪ੍ਰਕਾਸ਼ਿਤ ਟੈਂਡਰਾਂ ਦੇ ਕੁੱਲ ਮੁੱਲ ਦਾ ਗਲਤ ਵਰਣਨ ਹੁੰਦਾ ਸੀ, ਬਲਕਿ ਹੇਠ ਲਿਖੀਆਂ ਵਿਸੰਗਤੀਆਂ ਵੀ ਪੈਦਾ ਹੋਈਆਂ:

1. ਬੋਲੀਦਾਤਾਵਾਂ ਨੂੰ 'ਜ਼ੀਰੋ' ਮੁੱਲ ਵਾਲੇ ਟੈਂਡਰ ਲਈ ਪ੍ਰੋਸੈਸਿੰਗ ਫੀਸ ਵਜੋਂ ₹ 2,360 ਦਾ ਭੁਗਤਾਨ ਕਰਨਾ ਪੈਂਦਾ ਸੀ, ਜਦੋਂ ਕਿ ਇੱਕ ਰੁਪਏ ਤੋਂ ₹ 5 ਲੱਖ ਦੇ ਟੈਂਡਰਾਂ ਲਈ ਇਹ ₹ 590 ਸੀ।

2. ਬੋਲੀ ਜਮ੍ਹਾਂ ਕਰਨ ਲਈ ਮਨਜ਼ੂਰ ਸਮਾਂ ਵੀ ਟੈਂਡਰ ਦੇ ਮੁੱਲ ਨਾਲ ਨਿਰਧਾਰਤ ਕੀਤਾ ਜਾਂਦਾ ਹੈ। 2,942 ਟੈਂਡਰਾਂ ਵਿੱਚ ਠੇਕੇ ਦੇ ਮੁੱਲ (ਜਿਵੇਂ ਕਿ ਟੈਂਡਰ ਮੁੱਲ 'ਜ਼ੀਰੋ' ਸੀ) ਦੇ ਅਧਾਰ ਮਨਜ਼ੂਰਸ਼ੁਦਾ ਤੋਂ ਵੱਧ ਬੋਲੀਆਂ ਜਮ੍ਹਾਂ ਕਰਨ ਲਈ ਨਾਕਾਫੀ ਸਮਾਂ ਦਿੱਤਾ ਗਿਆ ਸੀ। ਜਿਵੇਂ ਕਿ **ਸਾਰਣੀ** 2.24 ਵਿੱਚ ਦਰਸਾਇਆ ਗਿਆ ਹੈ:

**ਸਾਰਣੀ 2.24: ਬੋਲੀ ਜਮ੍ਹਾਂ ਕਰਨ ਲਈ ਨਾਕਾਫੀ ਸਮਾਂ ਵਾਲੇ ਟੈਂਡਰ**

| ਵੇਰਵੇ | ਬੋਲੀ ਜਮ੍ਹਾਂ ਕਰਨ ਲਈ ਘੱਟ ਸਮਾਂ ਦਿੱਤੇ ਗਏ ਟੈਂਡਰਾਂ ਦੀ ਸੰਖਿਆ | | |
|---|---|---|---|
| | **ਵਸਤਾਂ** | **ਸੇਵਾਵਾਂ** | **ਵਰਕਸ** |
| ਪੀ ਟੀ ਪੀ ਪੀ ਨਿਯਮ, 2022 ਤੋਂ ਪਹਿਲਾਂ | 721 | 767 | 667 |
| ਪੀ ਟੀ ਪੀ ਪੀ ਨਿਯਮ, 2022 ਤੋਂ ਬਾਅਦ | 554 | 168 | 65 |
| **ਜੋੜ** | **1,275** | **935** | **732** |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਨੋਡਲ ਵਿਭਾਗ ਨੇ (ਨਵੰਬਰ 2024) ਕਿਹਾ ਕਿ ਇਨ੍ਹਾਂ ਐਪਲੀਕੇਸ਼ਨ ਨਿਯੰਤਰਣਾਂ ਨੂੰ ਲਾਗੂ ਕਰਨ ਦਾ ਮਾਮਲਾ ਐਨ ਆਈ ਸੀ ਕੋਲ ਉਠਾਇਆ ਜਾਵੇਗਾ।

### 2.10.9.2 ਪ੍ਰਕਿਰਿਆ/ਪ੍ਰਮਾਣੀਕਰਨ ਨਿਯੰਤਰਣ


#### (i) ਟੈਂਡਰ ਦੇ ਉਸ ਹੀ ਪੈਕੇਟ ਲਈ ਡਿਕ੍ਰਿਪਸ਼ਨ ਤਾਰੀਖਾਂ ਵਿੱਚ ਅੰਤਰ

ਪੀ ਟੀ ਪੀ ਪੀ ਐਕਟ/ਨਿਯਮਾਂ ਦੇ ਨਿਯਮ 16 (ਅੰਤਿਕਾ-4) ਦੇ ਨਾਲ ਪੜ੍ਹੀ ਗਈ ਧਾਰਾ 23 ਵਿੱਚ ਕਿਹਾ ਗਿਆ ਹੈ ਕਿ ਜਦੋਂ ਬੋਲੀਆਂ ਖੋਲ੍ਹੀਆਂ ਜਾ ਰਹੀਆਂ ਹਨ, ਤਾਂ ਸਬੰਧਤ ਬੋਲੀਦਾਤਾ ਇੱਕੋ ਸਮੇਂ ਆਨਲਾਈਨ ਬੋਲੀ ਖੋਲ੍ਹਣ ਵਿੱਚ ਹਿੱਸਾ ਲੈ ਸਕਦੇ ਹਨ ਅਤੇ ਸਾਰੇ ਬੋਲੀਦਾਤਾਵਾਂ ਦੀਆਂ ਨਤੀਜੇ ਵਜੋਂ ਬੋਲੀਆਂ ਦੇਖ ਸਕਦੇ ਹਨ। ਸਿਸਟਮ ਆਪਣੇ ਆਪ ਤਕਨੀਕੀ/ਵਿੱਤੀ ਤੁਲਨਾਤਮਕ ਰਿਪੋਰਟਾਂ ਤਿਆਰ ਕਰਦਾ ਹੈ ਜੋ ਭਾਗ ਲੈਣ ਵਾਲੇ ਬੋਲੀਦਾਤਾਵਾਂ ਦੁਆਰਾ ਆਨਲਾਈਨ ਵੀ ਵੇਖੀਆਂ ਜਾ ਸਕਦੀਆਂ ਹਨ।

ਅੱਗੇ ਦੀ ਪ੍ਰਕਿਰਿਆ ਲਈ, ਬੋਲੀ-ਖੋਲ੍ਹਣ ਵਾਲਿਆਂ ਨੂੰ ਟੈਂਡਰ ਵਿੱਚ ਪਹਿਲਾਂ ਤੋਂ ਨਿਰਧਾਰਤ ਮਿਤੀ ਅਤੇ ਸਮੇਂ ਤੇ ਬੋਲੀਆਂ ਡਾਊਨਲੋਡ ਕਰਨ ਦੀ ਲੋੜ ਹੁੰਦੀ ਹੈ। ਮੁਲਾਂਕਣ ਤੋਂ ਬਾਅਦ, ਸ਼ਾਰਟਲਿਸਟ ਕੀਤੀਆਂ ਫਰਮਾਂ ਨੂੰ ਸਿਸਟਮ ਦੁਆਰਾ ਤਿਆਰ ਕੀਤੀਆਂ ਈ-ਮੇਲ ਅਤੇ ਐਸ ਐਮ ਐਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

ਤਕਨੀਕੀ ਅਤੇ ਵਿੱਤੀ ਬੋਲੀਆਂ ਖੋਲ੍ਹਣ ਲਈ ਵਿਭਾਗੀ ਉਪਭੋਗਤਾ (ਬੋਲੀ-ਓਪਨਰ) ਨੂੰ ਯੋਗ ਪਾਸਵਰਡ ਅਤੇ ਡਿਜੀਟਲ ਦਸਤਖਤ ਸਰਟੀਫਿਕੇਟ (ਡੀ ਐਸ ਸੀ) ਦੇ ਨਾਲ ਲੌਗਇਨ ਆਈ ਡੀ ਵਜੋਂ ਇੱਕ ਯੋਗ ਈ-ਮੇਲ ਆਈ ਡੀ ਦੀ ਲੋੜ ਹੁੰਦੀ ਹੈ। ਖੋਲ੍ਹੇ ਜਾਣ ਵਾਲੇ ਟੈਂਡਰ ਦੀ ਚੋਣ ਟੈਂਡਰ ਆਈ ਡੀ ਦਰਜ ਕਰਕੇ ਕੀਤੀ ਜਾਂਦੀ ਹੈ। 'ਡੀਕ੍ਰਿਪਟ' ਬਟਨ 'ਤੇ ਕਲਿੱਕ ਕਰਨ 'ਤੇ ਪੈਕੇਟ ਦਾ ਨਾਂਅ, ਬੋਲੀ ਆਈ ਡੀ ਇੱਕ ਸੂਚੀ ਵਜੋਂ ਪ੍ਰਦਰਸ਼ਿਤ ਕੀਤੀ ਜਾਂਦੀ ਹੈ। 'ਪ੍ਰੋਸੀਡ' ਬਟਨ 'ਤੇ ਕਲਿੱਕ ਕਰਨ ਤੋਂ ਬਾਅਦ ਸੂਚੀ ਵਿੱਚ ਡਿਕ੍ਰਿਪਸ਼ਨ ਸਥਿਤੀ ਦੇ ਨਾਲ 'ਡਿਕ੍ਰਿਪਸ਼ਨ ਸਫਲਤਾਪੂਰਵਕ ਪੂਰਾ ਹੋਇਆ' ਇੱਕ ਸੰਦੇਸ਼ ਪ੍ਰਦਰਸ਼ਿਤ ਹੁੰਦਾ ਹੈ। ਡਿਕ੍ਰਿਪਸ਼ਨ ਪ੍ਰਕਿਰਿਆ ਦੇ ਸਨੈਪਸ਼ਾਟ **ਚਿੱਤਰ** 2.9 ਵਿੱਚ ਦਰਸਾਏ ਗਏ ਹਨ।

**ਚਿੱਤਰ 2.9: ਡੀਕ੍ਰਿਪਸ਼ਨ ਪ੍ਰਕਿਰਿਆ ਦੇ ਪੋਰਟਲ ਵੈੱਬਪੇਜ**




*ਸ੍ਰੋਤ: ਜੀ ਈ ਪੀ ਐਨ ਆਈ ਸੀ ਮੈਨੂਅਲਜ਼*

ਜੀ ਈ ਪੀ ਐਨ ਆਈ ਸੀ ਦੇ ਡਾਟਾ ਦੀ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ 2,365 ਟੈਂਡਰਾਂ ਵਿੱਚ, ਇੱਕੋ ਟੈਂਡਰ (ਪੈਕੇਟ ਆਈ ਡੀ), ਲਈ ਜਮ੍ਹਾਂ ਕਰਵਾਈਆਂ ਗਈਆਂ ਵੱਖ-ਵੱਖ ਬੋਲੀਆਂ ਨੂੰ ਵੱਖ-ਵੱਖ ਤਾਰੀਖਾਂ ਤੇ ਡੀਕ੍ਰਿਪਟ ਕੀਤਾ ਗਿਆ ਸੀ। ਦੋ ਟੈਂਡਰਾਂ ਲਈ ਡੀਕ੍ਰਿਪਟ ਕੀਤੀਆਂ ਬੋਲੀਆਂ ਨੂੰ **ਸਾਰਣੀ** 2.25 ਅਤੇ **ਸਾਰਣੀ** 2.26 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.25: ਇੱਕੋ ਟੈਂਡਰ ਲਈ ਡੀਕ੍ਰਿਪਸ਼ਨ ਦੀਆਂ ਵੱਖ-ਵੱਖ ਮਿਤੀਆਂ ਦਿਖਾਉਂਦੇ ਹੋਏ**

| ਵਰਕ ਆਈਟਮ ਆਈ ਡੀ | ਬੋਲੀ ਆਈ ਡੀ | ਪੈਕੇਟ ਆਈ ਡੀ | ਡੀਕ੍ਰਿਪਟ ਕਰਨ ਦੀ ਮਿਤੀ | ਡੀਕ੍ਰਿਪਟ ਕਰਨ ਦਾ ਸਮਾਂ | ਦੁਆਰਾ ਡੀਕ੍ਰਿਪਟ ਕੀਤਾ ਗਿਆ |
|---|---|---|---|---|---|
| 195076 | 437308 | 179891 | 25-11-2022 | 13:46:27 | 40451 |
| 195076 | 437181 | 179891 | 30-11-2022 | 19:02:25 | 40451 |
| 195076 | 437253 | 179891 | 05-12-2022 | 10:36:31 | 40451 |
| 195076 | 437270 | 179891 | 07-12-2022 | 11:29:02 | 40638 |
| 195076 | 437368 | 179891 | 07-12-2022 | 11:29:20 | 40638 |
| 195076 | 437375 | 179891 | 07-12-2022 | 11:29:34 | 40638 |
| 195076 | 437181 | 179890 | 07-12-2022 | 22:17:29 | 40638 |
| 195076 | 437253 | 179890 | 07-12-2022 | 22:19:37 | 40638 |
| 195076 | 437308 | 179890 | 07-12-2022 | 22:22:56 | 40638 |
| 195076 | 437368 | 179890 | 07-12-2022 | 22:24:13 | 40638 |
| 195076 | 437375 | 179890 | 07-12-2022 | 22:25:00 | 40638 |
| 195076 | 437270 | 179890 | 07-12-2022 | 22:26:10 | 40638 |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

**ਸਾਰਣੀ 2.26: ਇੱਕੋ ਟੈਂਡਰ ਲਈ ਡੀਕ੍ਰਿਪਸ਼ਨ ਦੀਆਂ ਵੱਖ-ਵੱਖ ਮਿਤੀਆਂ ਦਿਖਾਉਂਦੇ ਹੋਏ**

| ਵਰਕ ਆਈਟਮ ਆਈ ਡੀ | ਬੋਲੀ ਆਈ ਡੀ | ਪੈਕੇਟ ਆਈ ਡੀ | ਡੀਕ੍ਰਿਪਟ ਕਰਨ ਦੀ ਮਿਤੀ | ਡੀਕ੍ਰਿਪਟ ਕਰਨ ਦਾ ਸਮਾਂ | ਦੁਆਰਾ ਡੀਕ੍ਰਿਪਟ ਕੀਤਾ ਗਿਆ |
|---|---|---|---|---|---|
| 50792 | 113655 | 59333 | 12-06-2019 | 11:12:53 | 13382 |
| 50792 | 114134 | 59333 | 15-08-2019 | 09:02:22 | 13383 |
| 50792 | 114119 | 59333 | 01-01-2021 | 14:42:13 | 13383 |
| 50792 | 114175 | 59333 | 27-04-2021 | 20:51:44 | 13383 |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਉਪਰੋਕਤ ਸਾਰਣੀ ਨੇ ਦਰਸਾਇਆ ਕਿ ਦਰਜ ਕੀਤੀ ਬੋਲੀ ਨੂੰ ਦਿੱਤੀ ਗਈ ਮਿਤੀ ਅਤੇ ਸਮੇਂ ਤੇ ਸਾਰੀਆਂ ਬੋਲੀਆਂ ਨੂੰ ਇਕੱਠੇ ਖੋਲ੍ਹਣ ਦੀ ਬਜਾਇ, ਇੱਕ ਤੋਂ 685 ਦਿਨਾਂ ਦੇ ਫਰਕ ਨਾਲ ਖੋਲ੍ਹਿਆ ਗਿਆ। ਹਾਲਾਂਕਿ ਪੈਕੇਟ ਆਈ ਡੀ 179890 (ਵਿੱਤੀ ਬੋਲੀ) ਟੈਂਡਰ ਦਸਤਾਵੇਜ ਵਿੱਚ ਦੱਸੀ ਗਈ ਮਿਤੀ ਤੇ ਖੋਲੀ ਗਈ ਸੀ, ਪਰ ਇਸਨੂੰ 12.00 ਘੰਟੇ ਦੇ ਨਿਰਧਾਰਤ ਸਮੇਂ ਦੀ ਬਜਾਏ 22:17 ਘੰਟੇ ਤੇ ਖੋਲਿਆ ਗਿਆ ਸੀ। ਨਿਰਧਾਰਤ ਸਮੇਂ ਦੀ ਪਾਲਣਾ ਨਾ ਕਰਨ ਨਾਲ ਬੋਲੀਦਾਤਾਵਾਂ ਨੂੰ ਬੋਲੀ ਖੋਲਣ ਦੀ ਪ੍ਰਕਿਰਿਆ ਦੇਖਣ ਦਾ ਮੌਕਾ ਨਹੀਂ ਮਿਲਿਆ। ਲੇਖਾ ਪ੍ਰੀਖਿਆ ਨੇ ਇਹ ਵੀ ਨੋਟ ਕੀਤਾ ਕਿ, ਜੀ ਈ ਪੀ ਐਨ ਆਈ ਸੀ ਦੇ ਕੋਲ ਆਪਣੀ ਬੋਲੀ ਦੀ ਡੀਕ੍ਰਿਪਸ਼ਨ ਦੇ ਸਮੇਂ ਬੋਲੀਦਾਤਾਵਾਂ ਨੂੰ ਅਲਰਟ ਕਰਨ ਦੀ ਕਾਰਜਸ਼ੀਲਤਾ ਨਹੀਂ ਸੀ।

ਨੋਡਲ ਵਿਭਾਗ ਨੇ ਕਿਹਾ (ਸਤੰਬਰ 2024) ਕਿ ਭਵਿੱਖ ਦੇ ਵਰਜਨਾਂ ਵਿੱਚ ਬੋਲੀ ਡੀਕ੍ਰਿਪਸ਼ਨ ਅਲਰਟ ਨੂੰ ਬੋਲੀਦਾਤਾਵਾਂ ਲਈ ਯਕੀਨੀ ਬਣਾਇਆ ਜਾਵੇਗਾ ਅਤੇ ਕਿਹਾ (ਫਰਵਰੀ 2024) ਕਿ ਇੱਕੋ ਹੀ ਦਿਨ ਟੈਂਡਰ ਡੀਕ੍ਰਿਪਸ਼ਨ ਨੂੰ ਸੀਮਿਤ ਕਰਨਾ ਕਾਰਜਸ਼ੀਲਤਾ ਦੀ ਮੁਸ਼ਕਲ ਪੈਦਾ ਕਰਦਾ ਹੈ ਕਿਉਂਕਿ ਬਹੁਤ ਸਾਰੀਆਂ ਬੋਲੀਆਂ ਹੋ ਸਕਦੀਆਂ ਹਨ- 100 ਮਿਸਾਲ ਵਜੋਂ। ਇਸ ਦਾ ਨਤੀਜਾ ਇਹ ਹੈ ਕਿ ਬੋਲੀਆਂ ਨੂੰ ਵੱਖ-ਵੱਖ ਮਿਤੀਆਂ 'ਤੇ ਡੀਕ੍ਰਿਪਟ ਕਰਨ ਦੀ ਲੋੜ ਪੈ ਸਕਦੀ ਹੈ, ਜਿਸ ਨਾਲ ਬੋਲੀ ਖੋਲਣ ਦੀ ਪ੍ਰਕਿਰਿਆ ਇੱਕ ਤੋਂ ਵੱਧ ਦਿਨਾਂ ਤੱਕ ਵਧ ਸਕਦੀ ਹੈ। ਇਸ ਲਈ, ਇੱਕੋ ਹੀ ਦਿਨ ਖੋਲਣ ਅਤੇ ਡੀਕ੍ਰਿਪਟ ਕਰਨ ਦੀ ਜਾਂਚ ਲਾਗੂ ਨਹੀਂ ਕੀਤੀ ਗਈ ਸੀ। ਜਵਾਬ ਤਸੱਲੀਬਖਸ਼ ਨਹੀਂ ਸੀ, ਕਿਉਕਿ ਪੀ ਟੀ ਪੀ ਪੀ ਨਿਯਮਾਂ ਦੇ ਅਨੁਸਾਰ, ਸਾਰੇ ਭਾਗ ਲੈਣ ਵਾਲੇ ਟੈਂਡਰਾਂ ਨੂੰ ਟੀ ਆਈ ਏ ਦੁਆਰਾ ਐਨ ਆਈ ਟੀ ਵਿੱਚ ਦਰਸਾਏ ਸਮੇਂ ਅਤੇ ਥਾਂ ਤੇ ਖੋਲਣਾ ਚਾਹੀਦਾ ਹੈ ਤਾਂ ਜੋ ਬੋਲੀਦਾਤਾ ਜਾਂ ਉਨ੍ਹਾਂ ਦੇ ਅਧਿਕਾਰਤ ਨੁਮਾਇੰਦੇ ਖੋਲਣ ਦੀ ਪ੍ਰਕਿਰਿਆ ਨੂੰ ਵੇਖ ਸਕਣ। ਉਪਭੋਗਤਾ ਨੂੰ ਵੱਖ-ਵੱਖ ਮਿਤੀਆਂ 'ਤੇ ਬੋਲੀ ਦਸਤਾਵੇਜ਼ਾਂ ਨੂੰ ਡੀਕ੍ਰਿਪਟ ਕਰਨ ਦੀ ਮੰਨਜ਼ੂਰੀ ਦੇਣਾ ਅਨਿਯਮਿਤ ਸੀ ਅਤੇ ਟੈਂਡਰ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਅਤੇ ਨਿਰਪੱਖਤਾ ਦੇ ਨਾਲ ਸਬੰਧਤ ਬਚਣਯੋਗ ਖਤਰੇ ਪੈਦਾ ਕਰਦਾ ਸੀ।


ਨੋਡਲ ਵਿਭਾਗ ਨੇ ਦੱਸਿਆ (ਨਵਬੰਰ 2024) ਕਿ ਬੋਲੀਆਂ ਦੇ ਡੀਕ੍ਰਿਪਸ਼ਨ ਲਈ ਇੱਕ ਬੈਚ ਪ੍ਰਕਿਰਿਆ ਨੂੰ ਲਾਗੂ ਕਰਨ ਦੇ ਕੰਮ ਨੂੰ ਐਨ ਆਈ ਸੀ ਦੇ ਕੋਲ ਉਠਾਇਆ ਜਾਵੇਗਾ।

### (ii) ਪ੍ਰਣਾਲੀ ਦੁਆਰਾ ਟੈਂਡਰ ਦੀ ਸਥਿਤੀ ਨੂੰ ਅਪਡੇਟ ਨਹੀਂ ਕੀਤਾ ਗਿਆ

ਈ-ਖਰੀਦ ਡੇਟਾਬੇਸ ਵਿੱਚ ਟੈਂਡਰ ਵੇਰਵਿਆਂ ਨਾਲ ਸਬੰਧਤ ਸਾਰਣੀ ਵਿੱਚ *'ਪੈਕਟਸਨਮ'* ਲੇਬਲ ਵਾਲਾ ਇੱਕ ਕਾਲਮ ਹੈ, ਜੋ ਟੈਡਰਾਂ ਦੇ ਇੱਕ, ਦੋ, ਤਿੰਨ, ਜਾਂ ਚਾਰ ਕਵਰ ਟੈਂਡਰਾਂ ਨੂੰ ਦਰਸਾਉਣ ਲਈ

'1' ਤੋਂ '4' ਤੱਕ ਦੇ ਮੁੱਲ ਦਰਜ ਕਰਦਾ ਹੈ, ਜੋ ਕਿ ਟੈਂਡਰਿੰਗ ਲਈ ਅਪਣਾਏ ਗਏ ਲਿਫਾਫਾ ਪ੍ਰਣਾਲੀ ਦੀ ਸੰਖਿਆ ਨੂੰ ਦਰਸਾਉਂਦਾ ਹੈ (**ਚਿੱਤਰ** 2.10)। ਡਿਕ੍ਰਿਪਸ਼ਨ ਦੀ ਮਿਤੀ, ਕੰਮ ਦੇ ਵੇਰਵੇ, ਟੈਂਡਰ ਦੀ ਸਥਿਤੀ ਅਤੇ ਟੈਂਡਰ ਪੜਾਅ ਦੋ ਵੱਖਰੇ ਡੇਟਾਬੇਸ ਸਾਰਣੀਆਂ ਵਿੱਚ ਦਰਜ ਕੀਤੇ ਗਏ ਸਨ।

**ਚਿੱਤਰ 2.10: ਬੋਲੀ ਲਈ ਉਪਲੱਬਧ ਕਵਰਾਂ ਦੀ ਸੰਖਿਆ ਵਿਖਾਉਂਦਾ ਹੈ**





*ਸ੍ਰੋਤ: ਜੀ ਈ ਪੀ ਐਨ ਆਈ ਸੀ ਮੈਨੂਅਲ*

ਸਬੰਧਤ ਸਾਰਣੀ ਦਾ ਵਿਸ਼ਲੇਸ਼ਣ ਕਰਨ ਤੇ ਹੇਠ ਲਿਖਿਆ ਵੇਖਿਆ ਗਿਆ:

(ੳ) **ਸਾਰਣੀ** 2.27 ਵਿੱਚ ਦਰਸਾਏ ਗਏ 2,740 ਟੈਂਡਰਾਂ ਵਿੱਚ, ਹਾਲਾਂਕਿ, ਬੋਲੀਆਂ ਡੀਕ੍ਰਿਪਟ ਹੋ ਚੁਕੀਆਂ ਸਨ, ਟੈਂਡਰ ਦੀ ਸਥਿਤੀ ਡਾਟਾਬੇਸ ਸਾਰਣੀ ਵਿੱਚ 'ਖੋਲ੍ਹਣਾਂ ਬਾਕੀ' ਵਜੋਂ ਸਟੋਰ ਕੀਤੀ ਗਈ ਸੀ। ਬੋਲੀਆਂ ਨੂੰ ਵੱਖ-ਵੱਖ ਮਿਤੀਆਂ ਤੇ ਖੋਲ੍ਹਣ ਦੇ ਬਾਵਜੂਦ, ਜੀ ਈ ਪੀ ਐਨ ਆਈ ਸੀ ਦਾ ਫਰੰਟ ਐਂਡ ਭਾਗ ਲੈਣ ਵਾਲੇ ਬੋਲੀਦਾਤਾਵਾਂ ਲਈ ਗਲਤ ਸਥਿਤੀ 'ਖੋਲ੍ਹਣਾਂ ਪ੍ਰਗਤੀ ਵਿੱਚ' ਵਜੋਂ ਦਰਸਾਉਂਦਾ ਰਿਹਾ, ਜੋ ਕਿ **ਚਿੱਤਰ** 2.11, 2.12 **ਅਤੇ** 2.13 ਵਿੱਚ ਦਰਸਾਇਆ ਗਿਆ ਹੈ।

**ਚਿੱਤਰ 2.11 ਟੈਂਡਰ ਸਥਿਤੀ ਪੰਨਾ**






*ਸ੍ਰੋਤ: ਈ-ਖਰੀਦ ਮੈਨੂਅਲ*

**ਸਾਰਣੀ 2.27 ਟੈਂਡਰ ਦੀ ਸਥਿਤੀ 'ਖੋਲ੍ਹਣਾਂ ਬਾਕੀ' ਦੇ ਤੌਰ ਤੇ ਦਿਖਾਈ ਗਈ ਜਦੋਂ ਕਿ ਬੋਲੀਆਂ ਡੀਕ੍ਰਿਪਟ ਹੋ ਚੁੱਕੀਆਂ ਸਨ**

| ਪੈਕਟਾਂ/ਕਵਰਾਂ ਦੀ ਸੰਖਿਆ | ਡੀਕ੍ਰਿਪਟ ਕੀਤੇ ਗਏ ਪੈਕਟਾਂ ਦੀ ਸੰਖਿਆ | ਟੈਂਡਰਾਂ ਦੀ ਸੰਖਿਆ |
|---|---|---|
| 1 | 1 | 899 |
| 2 | 1 | 1,566 |
| 3 | 1 | 54 |
| 3 | 2 | 218 |
| 4 | 2 | 1 |
| 4 | 3 | 2 |
| **ਜੋੜ** | | **2,740** |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

**(ਅ)** ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਵੱਲੋਂ ਉਪਕਰਣਾਂ ਦੀ ਖਰੀਦ ਲਈ ਇੱਕ ਟੈਂਡਰ ਜਾਰੀ ਕੀਤਾ (ਦਸੰਬਰ 2021) ਗਿਆ ਸੀ। ਐਮ ਆਈ ਐਸ ਰਿਪੋਰਟ ਅਤੇ ਈ-ਖਰੀਦ ਪੋਰਟਲ ਦੇ ਅਨੁਸਾਰ, ਟੈਂਡਰ ਦਾ ਤਕਨੀਕੀ ਮੁਲਾਂਕਣ ਕੀਤਾ ਗਿਆ ਸੀ। ਪਰ ਡਾਟਾ ਦੇ ਵਿਸ਼ਲੇਸ਼ਣ ਨੇ ਦਰਸਾਇਆ ਕਿ ਬੋਲੀਦਾਤਾਵਾਂ ਦੀਆਂ ਵਿੱਤੀ ਬੋਲੀਆਂ ਨੂੰ ਵੀ 14 ਫਰਵਰੀ 2022 ਨੂੰ ਡੀਕ੍ਰਿਪਟ ਕੀਤਾ ਗਿਆ ਸੀ। ਟੈਂਡਰ ਫਾਇਲਾਂ ਦੀ ਹੋਰ ਜਾਂਚ ਕਰਦਿਆਂ ਪਤਾ ਲੱਗਾ ਕਿ ਵਿੱਤੀ ਮੁਲਾਂਕਣ ਦੀ ਪ੍ਰਕਿਰਿਆ ਟੈਂਡਰ ਦੀ ਸਥਿਤੀ ਨੂੰ ਪੋਰਟਲ ਤੇ ਅਪਡੇਟ ਕੀਤੇ ਬਿਨਾਂ, ਟੈਂਡਰ ਦੇ ਬੀ ਓ ਕਿਊ ਤੁਲਨਾ ਚਾਰਟ ਨੂੰ ਡਾਊਨਲੋਡ ਕਰਕੇ ਸ਼ੁਰੂ ਕੀਤੀ ਗਈ ਸੀ ਜਿਵੇਂ ਕਿ **ਚਿੱਤਰ 2.12 ਅਤੇ 2.13** ਵਿੱਚ ਦਰਸਾਇਆ ਗਿਆ ਹੈ।

| ਚਿੱਤਰ 2.12: ਤਕਨੀਕੀ ਬੋਲੀ ਖੋਲ੍ਹਣ ਦਾ ਪੰਨਾ | ਚਿੱਤਰ 2.13: ਵਿੱਤੀ ਬੋਲੀ ਖੋਲ੍ਹਣ ਦਾ ਪੰਨਾ |
|---|---|
| **ਤਕਨੀਕੀ ਬੋਲੀ ਖੋਲਣ ਦਾ ਪੰਨਾ** | **ਵਿੱਤੀ ਬੋਲੀ ਖੋਲਣ ਦਾ ਪੰਨਾ** |
|  |  |
| *ਸ੍ਰੋਤ: ਜੀ ਈ ਪੀ ਐਨ ਆਈ ਸੀ ਮੈਨੂਅਲ* | *ਸ੍ਰੋਤ: ਜੀ ਈ ਪੀ ਐਨ ਆਈ ਸੀ ਡੈਮੋ* |
| ਉਪਰ ਦਿੱਤੀ ਤਕਨੀਕੀ ਬੋਲੀ ਖੋਲ੍ਹਣ ਵਾਲੇ ਪੰਨੇ ਤੋਂ "ਬੋਲੀ ਦਸਤਾਵੇਜ ਜਿਪ" ਲਈ ਡਾਊਨਲੋਡ ਕਰਨ ਲਈ ਲਿੰਕ ਉਪਲੱਬਧ ਸੀ ਪਰ ਬੋਲੀ ਨੂੰ ਡਾਊਨਲੋਡ ਕਰਨ ਦੇ ਬਾਅਦ ਵੀ ਫਰੰਟ ਐਂਡ ਤੇ ਅਪਡੇਟ ਨਹੀਂ ਕੀਤਾ ਗਿਆ ਸਗੋਂ "ਖੋਲਣਾ ਪ੍ਰਗਤੀ ਵਿੱਚ" ਦੇ ਤੌਰ 'ਤੇ ਦਰਸਾਇਆ ਗਿਆ ਸੀ। | ਉਪਰ ਦਿੱਤੀ ਵਿੱਤੀ ਬੋਲੀ ਖੋਲ੍ਹਣ ਵਾਲੇ ਪੰਨੇ ਤੇ "ਬੀ ਓ ਕਿਊ ਚਾਰਟ ਵੇਖੋ" ਨੂੰ ਡਾਊਨਲੋਡ ਕਰਨ ਲਈ ਲਿੰਕ ਉਪਲੱਬਧ ਸੀ ਪਰ ਤੁਲਨਾਤਮਕ ਚਾਰਟ ਨੂੰ ਡਾਊਨਲੋਡ ਕਰਨ ਦੇ ਬਾਅਦ ਵੀ, ਫਰੰਟ ਐਂਡ ਤੇ ਅਪਡੇਟ ਨਹੀਂ ਕੀਤਾ ਗਿਆ, ਅਤੇ ਇਸ ਦੀ ਬਜਾਇ "ਖੋਲ੍ਹਣਾ ਪ੍ਰਗਤੀ ਵਿੱਚ" ਦੇ ਤੌਰ 'ਤੇ ਦਰਸਾਇਆ ਗਿਆ ਸੀ। |

**(ੲ)** ਸਥਾਨਕ ਸਰਕਾਰ[59] ਵਿਭਾਗ ਦੁਆਰਾ ਪਾਣੀ ਦੀ ਸਪਲਾਈ ਅਤੇ ਸੀਵਰੇਜ ਲਾਈਨ ਦੇ ਰੱਖ-ਰਖਾਅ ਲਈ ਸਲਾਨਾ ਦਰ 'ਤੇ ਠੇਕੇ ਲਈ ਇੱਕ ਟੈਂਡਰ ਜਾਰੀ ਕੀਤਾ ਗਿਆ (ਅਗਸਤ 2018)। ਟੈਂਡਰ ਰਿਕਾਰਡਾਂ ਦੀ ਸਮੀਖਿਆ ਦੌਰਾਨ ਇਹ ਦੇਖਿਆ ਗਿਆ ਕਿ ਟੈਂਡਰ ਵੇਰਵਿਆਂ ਅਤੇ ਸ਼ੁਧੀਕਰਨ ਦੇ ਵੇਰਵਿਆਂ ਦੇ ਇਲਾਵਾ ਈ-ਖਰੀਦ ਪੋਰਟਲ ਅਤੇ ਐਮ ਆਈ ਐਸ 'ਤੇ ਕੋਈ ਹੋਰ ਜਾਣਕਾਰੀ ਉਪਲੱਬਧ ਨਹੀਂ ਸੀ ਅਤੇ ਟੈਂਡਰ ਪੜਾਅ 'ਖੋਲਣਾ ਬਾਕੀ/ਖੋਲਣਾ ਪ੍ਰਗਤੀ ਵਿੱਚ' ਦਰਸਾਈ ਗਈ ਸੀ। ਹਾਲਾਂਕਿ, ਰਿਕਾਰਡ ਫਾਈਲ ਵਿੱਚ ਪ੍ਰਿੰਟ ਆਊਟ ਤੋਂ ਇਹ ਪਤਾ ਲੱਗਿਆ ਕਿ ਟੈਂਡਰ ਸਤੰਬਰ 2018 ਵਿੱਚ ਦਿੱਤਾ ਗਿਆ ਸੀ। ਲੇਖਾ ਪ੍ਰੀਖਿਆ ਦੌਰਾਨ ਇਸ਼ਾਰਾ ਕਰਨ ਤੋਂ ਬਾਅਦ ਸਾਰੇ ਪੜਾਵਾਂ ਨੂੰ ਅਪਡੇਟ ਕੀਤਾ ਗਿਆ (ਨਵੰਬਰ 2023) ਸੀ।

ਐਨ ਆਈ ਸੀ ਨੇ ਜਵਾਬ ਦਿੱਤਾ (ਫਰਵਰੀ 2024) ਕਿ ਤਕਨੀਕੀ/ਵਿੱਤੀ ਖੋਲ੍ਹਣ ਸਥਿਤੀ ਦੇ ਦੌਰਾਨ, ਬੋਲੀਆਂ ਨੂੰ ਡੀਕ੍ਰਿਪਟ ਕੀਤਾ ਜਾਂਦਾ ਹੈ ਅਤੇ ਵਿਭਾਗੀ ਉਪਭੋਗਤਾ ਦੁਆਰਾ ਸਵੀਕਾਰ ਕਰਨ/ ਸਵੀਕਾਰ ਨਹੀਂ ਕਰਨ ਦੀ ਲੋੜ ਹੰਦੀ ਸੀ। ਇਸ ਕਦਮ ਤੋਂ ਬਾਅਦ ਸੰਖੇਪ ਨੂੰ ਅਪਲੋਡ ਕੀਤਾ ਜਾਣਾ ਸੀ ਅਤੇ ਫਿਰ ਇਹ ਪੜਾਅ ਅਪਡੇਟ ਕੀਤਾ ਜਾਵੇਗਾ। ਡੀਕ੍ਰਿਪਟ ਕਰਨ ਦੇ ਦੌਰਾਨ ਟੈਂਡਰ ਦੀ ਸਥਿਤੀ "ਖੋਲ੍ਹਣਾ ਪ੍ਰਗਤੀ ਵਿੱਚ" ਸੀ।

ਜਵਾਬ ਤਸੱਲੀਬਖਸ਼ ਨਹੀਂ ਸੀ ਕਿਉਂਕਿ ਉਪਰ ਦਿੱਤੀਆਂ ਵਿਸੰਗਤੀਆਂ ਟੈਂਡਰਾਂ ਦੀ ਸਮੀਖਿਆ ਅਤੇ ਏ ਓ ਸੀ ਪੜਾਵਾਂ ਦੇ ਸਮੇਂ ਪ੍ਰਣਾਲੀ ਤੋਂ ਬਾਹਰ ਮੈਨੂਅਲ ਪ੍ਰਕਿਰਿਆ ਦੇ ਕਾਰਣ ਵਾਪਰੀਆਂ ਸਨ।

59 ਨਗਰ ਨਿਗਮ, ਲੁਧਿਆਣਾ।

ਫਲਸਰੂਪ, ਪ੍ਰਣਾਲੀ ਟੈਂਡਰਾਂ ਦੀ ਅਸਲ ਸਮਾਂ ਦੀ ਸਥਿਤੀ ਦੀ ਨਿਗਰਾਨੀ ਨਹੀਂ ਕਰ ਸਕੀ ਅਤੇ ਇਸ ਦੇ ਕਾਰਣ, ਐਮ ਆਈ ਐਸ ਰਿਪੋਰਟਾਂ ਅਧੂਰੀ ਅਤੇ ਨਾ-ਭਰੋਸੇਯੋਗ ਰਹਿ ਗਈਆਂ।

### 2.10.10 ਪ੍ਰਣਾਲੀ ਦੁਆਰਾ ਬਣਾਏ ਗਏ ਕਤਾਰ ਆਈ ਡੀ ਨੰਬਰਾਂ ਵਿੱਚ ਅੰਤਰ

ਡਾਟਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਿਤ ਕਰਨ ਲਈ, ਜੀ ਈ ਪੀ ਐਨ ਆਈ ਸੀ ਨੂੰ ਹਰ ਵਾਰੀ ਨਵੇਂ ਰਿਕਾਰਡ ਜੋੜਨ ਵੇਲੇ ਇੱਕ ਵਿਲੱਖਣ ਲੜੀਬਧ ਨੰਬਰ ਨੂੰ ਪ੍ਰਾਈਮਰੀ ਕੁੰਜੀ ਫੀਲਡ ਦੇ ਤੌਰ ਤੇ ਆਪਣੇ ਆਪ ਨਿਰਧਾਰਤ ਕਰਨ ਲਈ ਡਿਜ਼ਾਇਨ ਕੀਤਾ ਗਿਆ ਸੀ।

ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਗੈਰ-ਜਨਤਕ ਖੇਤਰ ਉਪਕ੍ਰਮ) 'ਤੇ 31 ਮਾਰਚ 2017 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਪੈਰਾਗ੍ਰਾਫ 3.12.4.5 ਰਾਹੀਂ ਪ੍ਰਣਾਲੀ ਦੁਆਰਾ ਤਿਆਰ ਕੀਤੇ ਅੰਕਾਂ ਵਿੱਚ ਅੰਤਰ ਦੇ ਮੁੱਦੇ ਵੱਲ ਇਸ਼ਾਰਾ ਕੀਤਾ ਗਿਆ ਸੀ। ਪੀ ਏ ਸੀ ਨੇ ਇਸ ਮਸਲੇ ਨੂੰ ਸੁਲਝਾਉਣ ਲਈ ਵਿਭਾਗ ਦੁਆਰਾ ਕੀਤੇ ਗਈ ਕਾਰਵਾਈ 'ਤੇ ਆਪਣੀ ਅਸੰਤੁਸ਼ਟੀ (ਦਸੰਬਰ 2022) ਦਾ ਪ੍ਰਗਟਾਵਾ ਕੀਤਾ। ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਫਿਰ ਵੀ ਇਨ੍ਹਾਂ ਆਟੋ-ਜਨਰੇਟਿਡ ਕ੍ਰਮਵਾਰ ਅੰਕਾਂ ਵਿੱਚ ਕਈ ਅੰਤਰ ਵਿਖਾਏ, ਜੋ ਕਿ ਕਈ ਮਹੱਤਵਪੂਰਨ ਸਾਰਣੀਆਂ ਵਿੱਚ ਮੁੱਖ ਖੇਤਰਾਂ ਵਜੋਂ ਵਰਤੀ ਜਾਂਦੇ ਸਨ, ਜਿਵੇਂ ਕਿ **ਸਾਰਣੀ** 2.28 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.28: ਆਟੋ-ਜਨਰੇਟ ਕੀਤੇ ਗਏ ਲੜੀਬੱਧ ਨੰਬਰਾਂ ਵਿੱਚ ਅੰਤਰ ਦਰਸਾਉਂਦੇ ਹੋਏ**

| ਲੜੀ ਨੰ. | ਸਾਰਣੀ ਦਾ ਨਾਂਅ | ਸਾਰਣੀ ਦਾ ਵੇਰਵਾ | ਕਤਾਰ ਸੰਖਿਆ | ਗੁਆਚੀਆਂ ਚੀਜ਼ਾਂ ਦੀ ਸੰਖਿਆ | ਅੰਤਰ ਦੀ ਸੰਖਿਆ |
|---|---|---|---|---|---|
| 1. | ਜੀ ਈ ਪੀ_ਟੈਂਡਰ_ਬੇਸਿਕ_ਡਿਟੇਲਜ਼ | ਟੈਂਡਰ ਦੇ ਬੁਨਿਆਦੀ ਵਿਵਰਣਾਂ ਦੇ ਬਣਤਰ ਅਤੇ ਰੱਖ-ਰਖਾਅ ਦੀ ਸਹੂਲਤ ਦਿੰਦਾ ਹੈ ਜਿਵੇਂ ਕਿ ਟੈਂਡਰ ਰਿਫਰੈਂਸ ਨੰਬਰ, ਟੈਂਡਰ ਕਿਸਮ, ਦੁਬਾਰਾ ਜਮ੍ਹਾ ਕਰਨ ਦੀ ਮੰਜ਼ੂਰੀ *ਆਦਿ* | 100,081 | 509 | 271 |
| 2. | ਜੀ ਈ ਪੀ _ ਟੈਂਡਰ _ਵਰਕ_ ਆਇਟਮਜ਼ | ਕਾਰਜ ਆਈਟਮ ਵਿਸਥਾਰਾਂ ਦੀ ਬਣਤਰ ਅਤੇ ਰੱਖ-ਰਖਾਅ ਜਿਵੇਂ ਕਿ ਟੈਂਡਰ ਸਿਰਲੇਖ , ਕਾਰਜ ਵੇਰਵਾ, ਟੈਂਡਰ ਕੀਮਤ *ਆਦਿ* ਦੀ ਬਣਤਰ ਅਤੇ ਰੱਖ-ਰਖਾਵ ਦੀ ਸਹੂਲਤ ਦਿੰਦਾ ਹੈ | 203,246 | 4,393 | 3,469 |
| 3. | ਜੀ ਈ ਪੀ _ਬਿਡਜ਼ | ਜਮਾਂ ਕੀਤੇ ਬੋਲੀ ਵੇਰਵਿਆਂ ਦੀ ਬਣਤਰ ਅਤੇ ਸੰਭਾਲ ਕਰਨ ਦੀ ਸਹੂਲਤ ਦਿੰਦਾ ਹੈ ਜਿਵੇਂ ਕਿ ਬੋਲੀ ਆਈ ਡੀ, ਬੋਲੀ ਸਥਾਨ ਮਿਤੀ ਸਮੇਂ ਆਈ ਪੀ ਪਤਾ, *ਆਦਿ* | 465,273 | 238 | 28 |
| 4. | ਜੀ ਈ ਪੀ _ਯੂਜ਼ਰ | ਉਪਭੋਗਤਾ ਡਾਟਾ ਜਿਵੇਂ ਕਿ ਲੌਗਿਨ ਆਈ ਡੀ, ਪਾਸਵਰਡ, ਉਪਭੋਗਤਾ ਕਿਸਮ, ਡੀ ਐਸ ਸੀ ਸਥਿਤੀ *ਆਦਿ* ਦੀ ਬਣਤਰ ਅਤੇ ਰਖ-ਰਖਾਅ ਦੀ ਸਹੂਲਤ ਦਿੰਦਾ ਹੈ | 50,575 | 173 | 15 |
| 5. | ਜੀ ਈ ਪੀ _ਔਰਗਚੇਨ_ਮਾਸਟਰ | ਸੰਗਠਨ ਦੀ ਚੇਨ ਦੇ ਮਾਸਟਰ ਟੈਂਪਲੇਟ ਦੇ ਬਣਤਰ ਅਤੇ ਰੱਖ-ਰਖਾਵ ਦੀ ਸਹੂਲਤ ਦਿੰਦਾ ਹੈ | 2,121 | 217 | 51 |
| 6. | ਜੀ ਈ ਪੀ _ਬਿਟ_ਬੈਂਕ_ ਟਰਾਂਨ_ਡਿਟੇਲਜ਼ | ਆਨਲਾਈਨ ਬੋਲੀ ਫੀਸ ਭੁਗਤਾਨ ਟਰਾਂਜੇਕਸ਼ਨ ਵੇਰਵਿਆਂ ਦੀ ਬਣਤਰ ਅਤੇ ਰੱਖ-ਰਖਾਅ ਦੀ ਸਹੂਲਤ ਹੈ | 407,832 | 227 | 18 |

| ਲੜੀ ਨੰ. | ਸਾਰਣੀ ਦਾ ਨਾਂਅ | ਸਾਰਣੀ ਦਾ ਵੇਰਵਾ | ਕਤਾਰ ਸੰਖਿਆ | ਗੁਆਚੀਆਂ ਚੀਜ਼ਾਂ ਦੀ ਸੰਖਿਆ | ਅੰਤਰ ਦੀ ਸੰਖਿਆ |
|---|---|---|---|---|---|
| 7. | ਜੀ ਈ ਪੀ _ਕੀ_ਸਟੋਰਜ਼ | ਇਨਕ੍ਰਿਪਟਡ ਬੋਲੀ ਓਪਨਰ ਕੁੰਜੀ *ਆਦਿ* ਬਣਤਰ ਅਤੇ ਰੱਖ-ਰਖਾਅ ਦੀ ਸਹੂਲਤ ਦਿੰਦਾ ਹੈ | 3,388,785 | 44,660 | 10000 |
| 8. | ਜੀ ਈ ਪੀ _ਬਿਡ_ਡਿਸਕਰੀਪਟਡ | ਬੋਲੀ ਪੈਕਟਾਂ ਤੇ ਖਿਲਾਫ ਡੀਕ੍ਰਿਪਟ ਕੀਤੀ ਗਈ ਕੁੰਜੀ ਸਥਿਤੀ ਦੀ ਬਣਤਰ ਅਤੇ ਰੱਖ-ਰਖਾਅ ਕਰਨ ਦੀ ਸਹੂਲਤ ਦਿੰਦਾ ਹੈ | 683112 | 6,091 | 2,838 |
| 9. | ਜੀ ਈ ਪੀ_ਯੂਜ਼ਰ_ਸਰਟੀਫਿਕੇਟਜ਼ | ਡੀ ਐਸ ਸੀ ਜਾਣਕਾਰੀ ਦੀ ਬਣਤਰ ਅਤੇ ਰੱਖ-ਰਖਾਅ ਦੀ ਸਹੂਲਤ ਦਿੰਦਾ ਹੈ | 69946 | 659 | 210 |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਐਨ ਆਈ ਸੀ ਨੇ ਜਵਾਬ ਦਿੱਤਾ (ਮਈ 2024) ਕਿ ਜੀ ਈ ਪੀ ਐਨ ਆਈ ਸੀ ਮੁੱਖ ਕੁੰਜੀ ਲਈ ਜਨਰੇਟਰ ਦੇ ਤੌਰ ਤੇ ਇੱਕ ਡਾਟਾਬੇਸ ਸੀਕਵੈਂਸ ਦੀ ਵਰਤੋਂ ਕਰਦਾ ਹੈ ਅਤੇ ਕੁੰਜੀ ਸੀਕਵੈਂਸ ਵੱਧਦਾ ਹੈ ਜਦੋਂ ਕਿ ਕੋਈ ਲੈਣ-ਦੇਣ ਫੇਲ ਜਾਂ ਰੋਲਬੈਕ ਹੁੰਦਾ ਹੈ। ਜਵਾਬ ਤਸਲੀਬੱਖਸ਼ ਨਹੀਂ ਸੀ, ਕਿਉਂਕਿ ਪ੍ਰਣਾਲੀ ਦੁਆਰਾ ਗੁੰਮ ਹੋਏ ਨੰਬਰਾਂ ਦੇ ਨਾਲ ਟਾਈਮ ਸਟੈਂਪਾਂ ਅਤੇ ਲੈਣ-ਦੇਣ ਦੀਆਂ ਅਸਫਲ ਘਟਨਾਵਾਂ ਦੇ ਵੇਰਵੇ ਬਾਰੇ ਕੋਈ ਲੌਗ ਨਹੀਂ ਰੱਖੀਆ ਗਿਆ ਸੀ।

ਇਹ ਪਛਾਣ ਦੀ ਘਾਟ ਡਾਟਾ ਪ੍ਰਬੰਧਨ ਪ੍ਰਕਿਰਿਆ ਦੀ ਇਕਸਾਰਤਾ ਨੂੰ ਖਤਰੇ ਵਿੱਚ ਪਾਉਂਦੀ ਹੈ ਅਤੇ ਗੁਮ ਹੋਏ ਰਿਕਾਰਡਾਂ ਨਾਲ ਸਬੰਧਤ ਮੁੱਦਿਆਂ ਦੀ ਪਛਾਣ ਕਰਨ ਅਤੇ ਹੱਲ ਕਰਨ ਦੇ ਯਤਨ ਨੂੰ ਗੁੰਝਲਦਾਰ ਬਣਾਉਂਦੀ ਹੈ।

ਨੋਡਲ ਵਿਭਾਗ ਨੇ ਦੱਸਿਆ (ਨਵੰਬਰ 2024) ਕਿ ਇਸ ਮਾਮਲੇ ਨੂੰ ਐਨ ਆਈ ਸੀ ਨਾਲ ਉਠਾਇਆ ਜਾਵੇਗਾ।

### 2.10.11 ਡਿਜੀਟਲ ਦਸਤਖਤ ਸਰਟੀਫਿਕੇਟ ਦੀ ਵਰਤੋਂ ਵਿੱਚ ਵੇਖੀਆਂ ਗਈਆਂ ਵਿਸੰਗਤੀਆਂ

ਜੀ ਈ ਪੀ ਐਨ ਆਈ ਸੀ ਵਿੱਚ ਬੋਲੀਦਾਤਾਵਾਂ ਲਈ ਆਨਲਾਈਨ ਬੋਲੀ ਜਮ੍ਹਾਂ ਕਰਨ ਅਤੇ ਵਿਭਾਗੀ ਉਪਭੋਗਤਾਵਾਂ ਲਈ ਬੋਲੀ ਦੀ ਪ੍ਰਕਿਰਿਆ ਕਰਨ ਲਈ, ਜਿਸ ਵਿੱਚ ਏ ਓ ਸੀ ਖੋਲ੍ਹਣਾ, ਮੁਲਾਂਕਣ ਅਤੇ ਜਾਰੀ ਕਰਨਾ ਸ਼ਾਮਲ ਹੈ, ਦਸਤਖਤ ਸਰਟੀਫਿਕੇਟ (ਡੀ ਐਸ ਸੀ) ਲਾਜ਼ਮੀ ਹੈ। ਜੀ ਈ ਪੀ ਐਨ ਆਈ ਸੀ ਵਿੱਚ ਉਪਭੋਗਤਾ ਲੌਗਿਨ ਆਈ ਡੀ ਨਾਲ ਮੈਪ ਕੀਤੀ ਗਈ ਡੀ ਐਸ ਸੀ ਨੂੰ ਇਸਦੇ ਸੰਚਾਲਨ ਲਈ ਪਾਸਵਰਡ ਦੀ ਲੋੜ ਹੁੰਦੀ ਹੈ। ਇੱਕ ਉਪਭੋਗਤਾ ਨੂੰ ਜੀ ਈ ਪੀ ਐਨ ਆਈ ਸੀ ਵਿੱਚ ਰਜਿਸਟਰ ਕਰਨ ਲਈ ਇੱਕ ਈ-ਮੇਲ ਆਈ ਡੀ ਦੀ ਲੋੜ ਹੁੰਦੀ ਹੈ, ਜੋ ਉਨ੍ਹਾਂ ਦੀ ਲੌਗਿਨ ਆਈ ਡੀ ਵਜੋਂ ਕੰਮ ਕਰਦੀ ਹੈ। ਇੱਕ ਵਾਰ ਜਦੋਂ ਇੱਕ ਡੀ ਐਸ ਸੀ ਨੂੰ ਇੱਕ ਉਪਭੋਗਤਾ ਲੌਗਿਨ ਆਈ ਡੀ ਨਾਲ ਮੈਪ ਕੀਤਾ ਜਾਂਦਾ ਹੈ, ਤਾਂ ਇਸਨੂੰ ਕਿਸੇ ਖਾਤੇ ਵਿੱਚ ਮੁੜ ਅਸਾਈਨ ਨਹੀਂ ਕੀਤਾ ਜਾ ਸਕਦਾ ਅਤੇ ਇਸਨੂ ਸਿਰਫ ਅਕਿਰਿਆਸ਼ੀਲ ਕੀਤਾ ਜਾ ਸਕਦਾ ਹੈ।

ਡਿਜਿਟਲ ਹਸਤਾਖਰ ਸਰਟੀਫਿਕੇਟ ਦੇ ਉਪਯੋਗ ਨਾਲ ਸੰਬੰਧਿਤ ਵਿਸੰਗਤੀਆਂ ਦਾ ਜ਼ਿਕਰਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਗੈਰ-ਜਨਤਕ ਖੇਤਰ ਉਪਕ੍ਰਮ) 'ਤੇ 31 ਮਾਰਚ 2017 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਦੇ ਪੈਰ੍ਹਾ 3.12.2.3

"ਡਿਊਟੀਆਂ ਅਤੇ ਯੂਜ਼ਰ ਪਹੁੰਚ ਦਾ ਵੱਖਰੇਵਾਂ" ਦਿੱਤਾ ਗਿਆ ਸੀ। ਹਾਲਾਂਕਿ ਪੀ ਏ ਸੀ ਨੇ ਸੁਝਾਅ ਦਿੱਤਾ ਸੀ (ਦਸੰਬਰ 2022) ਕਿ ਆਈ ਟੀ ਨੀਤੀ ਦੇ ਸਾਰੇ ਉਪਬੰਧਾਂ ਨੂੰ ਵਿਭਾਗ ਦੁਆਰਾ ਲਾਗੂ ਕੀਤਾ ਜਾਣਾ ਚਾਹੀਦਾ ਹੈ, 2018-2023 ਨਾਲ ਸਬੰਧਤ ਜੀ ਈ ਪੀ ਐਨ ਆਈ ਸੀ ਦੇ ਡਾਟਾ ਦੀ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ:

- ਪ੍ਰਣਾਲੀ ਡੀ ਐੱਸ ਸੀ ਧਾਰਕ ਦੇ ਨਾਂਅ ਨੂੰ ਉਪਭੋਗਤਾ ਦੁਆਰਾ ਜੀ ਈ ਪੀ ਐਨ ਆਈ ਸੀ ਵਿੱਚ ਦਰਜ ਕੀਤੇ ਨਾਂਅ ਦੇ ਵਿਰੁਧ ਪ੍ਰਮਾਣਿਤ ਨਹੀਂ ਕਰਦਾ ਸੀ। ਇੱਕ ਮਹੱਤਵਪੂਰਣ ਪ੍ਰਮਾਣਿਤ ਚੈੱਕ ਦੀ ਇਸ ਅਣਹੋਂਦ ਕਾਰਣ ਡੀ ਐੱਸ ਸੀ ਤੇ ਜੀ ਈ ਪੀ ਐਨ ਆਈ ਸੀ ਵਿੱਚ ਦਰਜ ਉਪਭੋਗਤਾ ਦੇ ਨਾਂਅ ਵਿਚਕਾਰ 212 ਅਸਮਾਨਤਾਵਾਂ ਹੋਈਆਂ। ਨਮੂਨਾ-ਜਾਂਚ ਕੀਤੇ ਗਏ ਟੈਂਡਰਾਂ[60] ਵਿੱਚੋਂ, ਇੱਕ ਵਿੱਚ ਇੱਕ ਉਸ ਕਰਮਚਾਰੀ ਨੂੰ ਡੀ ਐਸ ਸੀ ਜਾਰੀ ਕੀਤਾ ਗਿਆ, ਜਿਸ ਨੂੰ ਉਸ ਦਫਤਰ ਵਿੱਚ ਕਦੇ ਵੀ ਤੈਨਾਤ ਨਹੀਂ ਕੀਤਾ ਗਿਆ, ਅਤੇ ਉਸਨੂੰ 60 ਟੈਂਡਰਾਂ ਵਿੱਚ ਬੋਲੀ ਖੋਲ੍ਹਣ ਵਾਲੇ ਵਜੋਂ ਵਰਤੀਆਂ ਗਿਆ ਸੀ।

- ਵੱਖ-ਵੱਖ ਨਾਂਅ ਵਾਲੇ ਸੱਤ ਡੀ ਐੱਸ ਸੀ ਇੱਕ ਹੀ ਉਪਭੋਗਤਾ ਆਈ ਡੀ ਨਾਲ ਜੁੜੇ ਹੋਏ ਸਨ।

- ਜੀ ਈ ਪੀ ਐਨ ਆਈ ਸੀ ਕੋਲ ਡੀ ਐਸ ਸੀ ਉਪਭੋਗਤਾਵਾਂ ਨੂੰ ਉਪਭੋਗਤਾ ਪ੍ਰੋਫਾਇਲ ਵਿੱਚ ਨਾਂਅ ਅੱਪਡੇਟ ਕਰਨ ਤੋਂ ਰੋਕਣ ਲਈ ਕੋਈ ਚੈਕ ਨਹੀਂ ਸੀ, ਜਿਸ ਨਾਲ ਜੀ ਈ ਪੀ ਐਨ ਆਈ ਸੀ ਪੋਰਟਲ ਵਿੱਚ ਇਤਿਹਾਸਕ ਡਾਟਾ ਵੀ ਬਦਲ ਗਿਆ, ਕਿਉਂਕਿ ਪਿਛਲੇ ਉਪਭੋਗਤਾਵਾਂ ਨਾਂਅ ਨਾਲ ਜੁੜੇ ਹੋਏ ਸਾਰੇ ਪੁਰਾਣੇ ਟੈਂਡਰਾਂ ਨੂੰ ਅਪਡੇਟ ਕੀਤੇ ਗਏ ਉਪਭੋਗਤਾ ਨਾਂਅ ਨਾਲ ਬਦਲ ਦਿੱਤਾ ਗਿਆ ਸੀ।

ਨੋਡਲ ਵਿਭਾਗ ਨੇ ਦੱਸਿਆ (ਮਈ 2024) ਕਿ ਡੀ ਐਸ ਸੀ ਵਿੱਚ ਨਾਂਅ ਦੀ ਪ੍ਰਮਾਣਿਤ ਉਪਭੋਗਤਾ ਦੇ ਨਾਂਅ ਨਾਲ ਜੀ ਈ ਪੀ ਐਨ ਆਈ ਸੀ ਵਿੱਚ ਪੁਸ਼ਟੀ ਕਰਨ ਨਾਲ ਕੁੱਝ ਪ੍ਰੈਟੀਕਲ ਮੁਸ਼ਕਲਾਂ ਪੈਦਾ ਹੋਣਗੀਆਂ, ਕਿਉਂਕਿ ਉਪਭੋਗਤਾ ਰਜਿਸਟ੍ਰੇਸ਼ਨ ਦੌਰਾਨ ਆਪਣੇ ਨਾਂਅ ਹੱਥ ਨਾਲ ਦਰਜ ਕਰਦੇ ਹਨ, ਜੋ ਕਿ ਡੀ ਐਸ ਸੀ ਵਿੱਚ ਨਾਂਅ ਨਾਲ ਮੇਲ ਨਹੀਂ ਖਾਂਦੇ। ਇਸ ਤੋਂ ਇਲਾਵਾ, ਇਹ ਵੀ ਕਿਹਾ ਗਿਆ ਕਿ ਜੀ ਈ ਪੀ ਐਨ ਆਈ ਸੀ ਅਤੇ ਡੀ ਐਸ ਸੀ ਲਈ ਨਾਮਾਂਕਣ ਪ੍ਰਕਿਰਿਆਵਾਂ ਆਪਸ ਵਿੱਚ ਜੁੜੀਆਂ ਨਹੀਂ ਸਨ, ਅਤੇ ਉਪਭੋਗਤਾ ਵੱਖ-ਵੱਖ ਆਈ ਡੀ ਸਬੂਤ ਪੇਸ਼ ਕਰ ਸਕਦਾ ਸੀ।

ਜਵਾਬ ਤਸੱਲੀਬਖਸ਼ ਨਹੀਂ ਸੀ ਕਿਉਂਕਿ ਡਿਜਿਟਲ ਹਸਤਾਖਰ ਸਰਟੀਫਿਕੇਟ (ਡੀ ਐਸ ਸੀ) ਦੀ ਵਾਸਤਵਿਕਤਾ ਅਤੇ ਨੋਨ-ਰੇਪੀਡਿਸ਼ਨ ਫੀਚਰਾਂ ਨਾਲ ਸਮਝੌਤਾ ਕੀਤਾ ਜਾ ਰਿਹਾ ਸੀ, ਜਦੋਂ ਇਸ ਦੇ ਇਸਤੇਮਾਲ ਨੂੰ ਸਿਰਫ ਅਧਿਕਾਰਿਤ ਧਾਰਕ ਤੱਕ ਸੀਮਿਤ ਕਰਨ ਲਈ ਕੋਈ ਕੰਟਰੋਲ ਨਹੀਂ ਸੀ। ਇਸੇ ਤਰ੍ਹਾਂ, ਜੀ ਈ ਪੀ ਐਨ ਆਈ ਸੀ ਦੀ ਉਪਭੋਗਤਾ ਨਾਂਅ ਬਦਲਣ ਦੀ ਮੰਜ਼ੂਰੀ ਨਾ ਦੇਣ ਦੀ ਅਸਮਰੱਥਾ ਨੇ ਇਤਿਹਾਸਕ ਡਾਟਾ ਦੇ ਸੰਪਾਦਨ ਦੇ ਬਚਣਯੋਗ ਖਤਰੇ ਪੈਦਾ ਕਰ ਦਿੱਤੇ। ਭਾਵੇਂ ਉਪਭੋਗਤਾ ਦਾ

60 ਸਥਾਨਕ ਸਰਕਾਰ ਵਿਭਾਗ (ਨਗਰ ਕੌਂਸਲ, ਕੁਰਾਲੀ) ਦੁਆਰਾ ਪ੍ਰਕਾਸ਼ਿਤ ।

ਨਾਂਅ ਬਦਲਣਾ ਜ਼ਰੂਰੀ ਸੀ, ਜਵਾਬਦੇਹੀ ਨੂੰ ਯਕੀਨੀ ਬਣਾਉਣ ਦੇ ਉਦੇਸ਼ ਲਈ ਇਹ ਜ਼ਰੂਰੀ ਸੀ ਕਿ ਇਤਿਹਾਸਕ ਡਾਟਾ ਬਦਲਿਆ ਨਾ ਜਾਵੇ ।

ਨੋਡਲ ਵਿਭਾਗ ਨੇ ਦੱਸਿਆ (ਨਵੰਬਰ 2024), ਕਿ ਡੀ ਐਸ ਸੀ ਦੀ ਪੁਸ਼ਟੀ ਅਤੇ ਪ੍ਰੋਫਾਈਲ ਨਾਂਅ ਦੇ ਅੱਪਡੇਟ ਕਰਨ ਦਾ ਮਾਮਲਾ (ਐਨ ਆਈ ਸੀ) ਕੋਲ ਉਠਾਇਆ ਜਾਵੇਗਾ।

### 2.10.12 ਕਰਤੱਵਾਂ ਦੀ ਵੱਖਰੇਵਾਂ

ਇੱਕ ਆਈ ਟੀ ਪ੍ਰਣਾਲੀ ਵਿੱਚ ਕਰਤੱਵਾਂ ਦਾ ਵੱਖਰੇਵਾਂ ਅਤੇ ਸਹੀ ਉਪਭੋਗਤਾ ਪਹੁੰਚ ਬਹੁਤ ਜ਼ਰੂਰੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਲੇਣ-ਦੇਣ ਸਹੀ ਢੰਗ ਨਾਲ ਅਧਿਕ੍ਰਿਤ ਹਨ, ਦਰਜ ਕੀਤੇ ਗਏ ਹਨ ਅਤੇ ਸੰਪਤੀ ਦੀ ਸੁਰੱਖਿਆ ਹੋ ਰਹੀ ਹੈ। ਕਰਤੱਵਾਂ ਦਾ ਵੱਖਰੇਵਾਂ ਉਸ ਸਮੇਂ ਵਾਪਰਦਾ ਹੈ ਜਦੋਂ ਇੱਕ ਵਿਅਕਤੀ ਦੂਜੇ ਦੀਆਂ ਹੋ ਰਹਿ ਗਤਿਵਿਧੀਆਂ ਦਾ ਨਿਰੀਖਣ ਕਰਦਾ ਹੈ। ਇਸਦਾ ਇਸਤੇਮਾਲ ਇੱਕ ਵਿਅਕਤੀ ਨੂੰ ਬਿਨਾਂ ਕਿਸੇ ਦੂਜੇ ਵਿਅਕਤੀ ਦੀ ਭਾਗੀਦਾਰੀ ਦੇ ਕਿਸੇ ਗਤੀਵਿਧੀ ਨੂੰ ਸ਼ੁਰੂ ਤੋਂ ਅਖੀਰ ਤੱਕ ਕਰਨ ਤੋਂ ਰੋਕਣ ਲਈ ਵੀ ਕੀਤਾ ਜਾਂਦਾ ਹੈ।

ਜੀ ਈ ਪੀ ਐਨ ਆਈ ਸੀ ਦੇ ਹਰੇਕ ਉਪਭੋਗਤਾ ਸੰਗਠਨ ਦਾ ਇੱਕ ਨੋਡਲ ਅਧਿਕਾਰੀ/ਉਪ-ਨੋਡਲ ਅਧਿਕਾਰੀ ਹੁੰਦਾ ਹੈ ਜੋ ਜੀ ਈ ਪੀ ਐਨ ਆਈ ਸੀ ਦਾ ਇਸਤੇਮਾਲ ਕਰਕੇ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਖਰੀਦਾਰੀਆਂ ਦੀਆਂ ਗਤੀਵਿਧੀਆਂ ਲਈ ਉਪਭੋਗਤਾ ਸੰਗਠਨ ਦੇ ਅੰਦਰ ਉਪਭੋਗਤਾ ਨੂੰ ਭੂਮਿਕਾਵਾਂ ਸੌਂਪਣ ਲਈ ਅਧਿਕਰਿਤ ਹੁੰਦਾ ਹੈ। ਜੀ ਈ ਪੀ ਐਨ ਆਈ ਸੀ ਪ੍ਰਣਾਲੀ ਵਿੱਚ ਪਰਿਭਾਸ਼ਿਤ ਭੂਮਿਕਾਵਾਂ ਦਾ ਵੇਰਵਾ **ਸਾਰਣੀ** 2.29 ਵਿੱਚ ਦਿੱਤਾ ਗਿਆ ਹੈ।

**ਸਾਰਣੀ 2.29: ਜੀ ਈ ਪੀ ਐਨ ਆਈ ਸੀ ਪ੍ਰਣਾਲੀ ਵਿੱਚ ਪਰਿਭਾਸ਼ਿਤ ਭੂਮਿਕਾਵਾਂ**

| ਭੂਮਿਕਾ | ਵਿਵਰਣ |
|---|---|
| ਖਰੀਦ ਅਧਿਕਾਰੀ ਪ੍ਰਬੰਧਕ (ਟੈਂਡਰ ਬਣਾਉਣ ਵਾਲਾ) | ਟੈਂਡਰ ਪੁੱਛਗਿੱਛ/ਸੁਧਾਰ ਦੀਆਂ ਜਾਣਕਾਰੀ ਨੂੰ ਭਰਨ ਅਤੇ ਅੱਪਲੋਡ ਕਰਨ ਦੀ ਜ਼ਿੰਮੇਵਾਰੀ |
| ਖਰੀਦ ਅਧਿਕਾਰੀ ਪ੍ਰਕਾਸ਼ਕ | ਟੈਂਡਰ ਦੇ ਨਿਰਮਾਤਾ ਦੁਆਰਾ ਟੈਂਡਰ ਪੁੱਛਗਿੱਛ/ਸੁਧਾਰਾਂ ਨੂੰ ਪ੍ਰਕਾਸ਼ਿਤ ਕਰਨ ਲਈ ਜ਼ਿੰਮੇਵਾਰ |
| ਖਰੀਦ ਅਧਿਕਾਰੀ ਖੋਲ੍ਹਣ ਵਾਲਾ | ਟੈਂਡਰ ਦੇ ਦਸਤਾਵੇਜ਼ ਦੇ ਜਵਾਬ ਵਿੱਚ ਬੋਲੀਦਾਤਾਵਾਂ ਤੋਂ ਪ੍ਰਾਪਤ ਬੋਲੀਆਂ ਨੂੰ ਡੀਕ੍ਰਿਪਟ ਕਰਨ ਅਤੇ ਡਾਊਨਲੋਡ ਕਰਨ ਲਈ ਅਧਿਕਾਰਿਤ |
| ਖਰੀਦ ਅਧਿਕਾਰੀ ਮੁਲਾਂਕਣ ਕਰਤਾ | ਬੋਲੀ ਮੁਲਾਂਕਣ/ਕਾਂਟ੍ਰੈਕਟਰ ਦੇ ਅਵਾਰਡ ਦੇ ਵੱਖ-ਵੱਖ ਪੜਾਅ ਦੇ ਨਤੀਜੇ ਅਪਲੋਡ ਕਰਨ ਲਈ ਅਧਿਕਾਰਤ |
| ਟੇਂਡਰ ਸਵੀਕਾਰਤਾ ਅਧਿਕਾਰੀ | ਟੈਂਡਰਾਂ ਦੀ ਸਵੀਕਾਰਤਾ/ਇਨਕਾਰ ਤੇ ਆਖਰੀ ਫੈਸਲਾ ਕਰਦਾ ਹੈ ਜੋ ਮੁਲਾਂਕਣ ਦੇ ਨਤੀਜਿਆਂ ਅਤੇ ਸੰਗਠਨਾਤਮਕ ਨੀਤੀਆਂ ਦੇ ਆਧਾਰ ਤੇ ਹੁੰਦਾ ਹੈ |

*ਸ੍ਰੋਤ: ਨੋਡਲ ਵਿਭਾਗ ਤੋਂ ਜਾਣਕਾਰੀ*

ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਗੈਰ-ਜਨਤਕ ਖੇਤਰ ਉਪਕ੍ਰਮ) 'ਤੇ 31 ਮਾਰਚ 2017 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਇੱਕ ਪੈਰ੍ਹਾ 3.12.2.3 ਸਿਰਲੇਖ "ਡਿਊਟੀਆਂ ਅਤੇ ਯੂਜ਼ਰ ਪਹੁੰਚ ਦਾ ਵੱਖਰੇਵਾਂ" ਸ਼ਾਮਲ ਕੀਤਾ ਗਿਆ ਸੀ। ਹਾਲਾਂਕਿ, ਪੀ ਏ ਸੀ ਨੇ ਸਿਫਾਰਸ਼ ਕੀਤੀ ਸੀ (ਦਸੰਬਰ 2022) ਕਿ ਆਈ ਟੀ ਨੀਤੀ ਦੇ ਸਾਰੇ

ਉਪਬੰਧਾਂ ਨੂੰ ਵਿਭਾਗ ਵੱਲੋਂ ਲਾਗੂ ਕੀਤਾ ਜਾਣਾ ਚਾਹੀਦਾ ਹੈ, ਜੀ ਪੀ ਐਨ ਆਈ ਸੀ ਉਪਭੋਗਤਾ ਸਾਰਣੀਆਂ[61] ਦੇ 31 ਮਾਰਚ 2023 ਤੱਕ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਦਰਸਾਇਆ ਕਿ:

ੳ) ਕੁੱਲ 3,142 ਉਪਭੋਗਤਾਵਾਂ ਨੂੰ ਚਾਰ ਵਿੱਲਖਣ ਭੂਮਿਕਾਵਾਂ ਸੌਂਪੀ ਗਈਆਂ ਸਨ, ਜਿਵੇਂ ਕਿ ਖਰੀਦ ਅਧਿਕਾਰੀ ਪ੍ਰਬੰਧਕ, ਖਰੀਦ ਅਧਿਕਾਰੀ ਖੋਲ੍ਹਣ ਵਾਲਾ, ਖਰੀਦ ਅਧਿਕਾਰੀ ਮੁਲਾਂਕਣਕਰਤਾ ਅਤੇ ਖਰੀਦ ਅਧਿਕਾਰੀ ਪ੍ਰਕਾਸ਼ਕ, ਜਿਸ ਵਿੱਚ ਹਰੇਕ ਭੂਮਿਕਾ 43 ਵਿਭਾਗਾਂ ਵਿੱਚ ਇੱਕੋ ਉਪਭੋਗਤਾ ਨੂੰ ਦਿੱਤੀ ਗਈ ਸੀ (**ਅੰਤਿਕਾ** 2.6)। ਇਨ੍ਹਾਂ ਵਿੱਚੋਂ 1,987 ਉਪਭੋਗਤਾਵਾਂ ਨੇ 42 ਵਿਭਾਗਾਂ ਵਿੱਚ ਬੋਲੀ ਬਣਾਉਣ ਵਾਲੇ, ਬੋਲੀ ਪ੍ਰਕਾਸ਼ਕ, ਤਕਨੀਕੀ ਬੋਲੀ ਖੋਲ੍ਹਣ ਵਾਲੇ ਅਤੇ ਵਿੱਤੀ ਬੋਲੀਆਂ ਖੋਲ੍ਹਣ ਵਾਲੀਆਂ ਸਭ ਭੂਮਿਕਾਵਾਂ 39,461 ਟੈਂਡਰਾਂ ਵਿੱਚ ਅਦਾ ਕੀਤੀਆਂ ਸਨ (**ਅੰਤਿਕਾ** 2.7)।

ਅ) ਜੀ ਈ ਪੀ ਐਨ ਆਈ ਸੀ ਮਾਸਟਰ ਸਾਰਣੀ "ਜੀ ਈ ਪੀ_ਯੂਜ਼ਰ_ਰੋਲ_ਮੈਪ" ਦੇ ਸਮਾਂ/ਮਿਤੀ ਸਟੈਂਪ ਕਾਲਮ ਵਿੱਚ ਭੂਮਿਕਾ ਬਣਾਉਣ/ਹਟਾਉਣ ਦੀ ਮਿਤੀ ਨੂੰ ਕੈਪਚਰ ਨਹੀਂ ਕਰ ਰਿਹਾ ਸੀ।

ੲ) ਟੈਂਡਰ ਪ੍ਰਕਿਰਿਆ ਵਿੱਚ ਮਹੱਤਵਪੂਰਣ ਭੂਮਿਕਾਵਾਂ 2,989 ਅਧਿਕਾਰੀਆਂ ਨੂੰ ਸੌਂਪੀ ਗਈਆਂ ਸਨ, ਜਿਨ੍ਹਾਂ ਦੇ ਪਦ ਕਲਰਕ, ਕੈਸ਼ੀਅਰ, ਸਟੋਰਕੀਪਰ, ਸਟੈਨੋ, ਕੰਪਿਊਟਰ ਓਪਰੇਟਰ, ਲੇਖਾਕਾਰ, ਜੂਨੀਅਰ ਸਹਾਇਕ, ਸਹਾਇਕ ਅਤੇ ਸੀਨੀਅਰ ਸਹਾਇਕ ਵਰਗੇ ਸਨ, ਜੋ ਸੰਗਠਨਾਂ ਵਿੱਚ ਅਧਿਕਾਰਾਂ ਦੇ ਰਸਮੀ ਸੌਂਪਣਾ ਨਾਲ ਪ੍ਰਣਾਲੀ ਵਿੱਚ ਪਹੁੰਚ ਦੇ ਅਧਿਕਾਰਾਂ ਦੀ ਪਾਲਣਾ ਨਾ ਕਰਨ ਨੂੰ ਦਰਸਾਉਂਦਾ ਹੈ। ਇਨ੍ਹਾਂ ਵਿੱਚੋਂ, 386 ਨੂੰ ਟੈਂਡਰ ਸਵੀਕਾਰ ਕਰਨ ਵਾਲੇ ਅਧਿਕਾਰੀ ਦੀ ਭੂਮਿਕਾ ਵੀ ਸੌਂਪੀ ਗਈ (**ਅੰਤਿਕਾ** 2.8) ਅਤੇ 1,503 ਉਪਭੋਗਤਾਂ ਨੇ ਏ ਓ ਸੀ (ਠੇਕੇ ਦਾ ਅਵਾਰਡ) ਦਾ ਪ੍ਰਕਾਸ਼ਨ ਕੀਤਾ।

ਸ) ਇਨ੍ਹਾਂ ਅਧਿਕਾਰੀਆਂ ਵਿਚੋਂ, 471 ਨੇ ਟੈਂਡਰ ਰੱਦ ਕਰਨ ਦੇ ਹੁਕਮ ਵੀ ਪ੍ਰਕਾਸ਼ਿਤ ਕੀਤੇ, ਜਿਸਦਾ ਅਰਥ ਹੈ ਕਿ ਅਜਿਹੇ ਮਹੱਤਵਪੂਰਨ ਸ਼ੁਧੀਕਰਨ ਦੇ ਪ੍ਰਕਾਸ਼ਨ ਲਈ ਅਧਿਕਾਰਾਂ ਦਾ ਗਲਤ ਵਟਾਂਦਰਾ ਹੋਇਆ ਹੈ।

ਹ) ਜੀ ਈ ਪੀ ਐਨ ਆਈ ਸੀ ਡੇਟਾਬੇਸ ਦਾ "ਡੇਜ਼ਿਗਨੇਸ਼ਨ" ਖੇਤਰ ਵਿੱਚ ਨਾ ਤਾਂ ਕਿਸੇ ਪਹਿਲਾਂ ਤੋਂ ਪਰਿਭਾਸਿਤ ਅੱਖਰਾਂ ਦੀ ਸੂਚੀ ਸੀ ਅਤੇ ਨਾ ਹੀ ਇਸ ਵਿੱਚ ਮਾਸਟਰ ਡੇਟਾ ਵਜੋਂ ਯੋਗ ਅਤੇ ਅਧਿਕਾਰਤ ਪਦਵੀਆਂ ਸਟੋਰ ਕੀਤੀਆਂ ਗਈਆਂ ਸਨ। ਇਸ ਕਮੀ ਕਾਰਣ ਉਪਭੋਗਤਾਵਾਂ ਵਲੋਂ ਮਨਮਾਨੇ ਅੱਖਰਾਂ ਦੀ ਡੇਟਾ ਐਂਟਰੀ ਕੀਤੀ ਗਈ ਸੀ।

ਇੱਕ ਵਿਅਕਤੀਗਤ ਉਪਭੋਗਤਾ ਨੂੰ ਬਹੁਤ ਸਾਰੀਆਂ ਭੂਮਿਕਾਵਾਂ ਸੌਂਪਣ ਨਾਲ ਪ੍ਰਭਾਵੀ ਪੁਨਰ-ਜਾਂਚ ਵਿਧੀਆਂ ਦੀ ਕਮੀ ਹੋ ਗਈ। ਜਦੋਂ ਨਿਰਮਾਤਾ ਅਤੇ ਪ੍ਰਕਾਸ਼ਕ ਦੀ ਭੂਮਿਕਾ ਇੱਕੋ ਹੀ ਉਪਭੋਗਤਾ ਨੂੰ ਦਿੱਤੀ ਗਈ, ਤਾਂ ਸਕੂਲ ਸਿੱਖਿਆ ਵਿਭਾਗ ਦੁਆਰਾ ਪ੍ਰਕਾਸ਼ਿਤ ਇੱਕ ਟੈਂਡਰ ਨੂੰ ਦੋ ਵਾਰੀ ਉਸੇ ਕਾਰਣ ਕਰਕੇ ਰੱਦ ਕਰਨਾ ਪਿਆ ਕਿਉਂਕਿ ਬੀ ਓ ਕਿਊ ਦਸਤਾਵੇਜ਼ ਨੂੰ ਇੱਕ ਗੈਰ-ਸੰਪਾਦਨਯੋਗ ਫਾਰਮੈਟ ਵਿੱਚ ਅਪਲੋਡ ਕੀਤਾ ਗਿਆ ਸੀ।

ਨੋਡਲ ਵਿਭਾਗ ਨੇ ਉਪਭੋਗਤਾ ਵਿਭਾਗਾਂ ਦੇ ਨਾਮਜ਼ਦ ਨੋਡਲ ਅਧਿਕਾਰੀਆਂ ਨੂੰ ਅਧਿਕਾਰਾਂ ਦੇ ਰਸਮੀ ਸੌਂਪਣ ਦੀ ਪਾਲਣਾ ਵਿੱਚ ਕਮੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਅੱਗੇ ਕਿਹਾ (ਅਗਸਤ 2023)

[61] ਡਾਟਾਬੇਸ ਵਿੱਚ ਉਪਭੋਗਤਾ ਦੀਆਂ ਵੱਖ-ਵੱਖ ਗਤੀਵਿਧੀਆਂ ਨੂੰ ਕੈਪਚਰ ਕਰਨ ਵਾਲੀਆਂ ਸੰਬੰਧਤ ਸਾਰਣੀਆਂ।


ਕਿ ਇਹ ਨੋਡਲ ਅਧਿਕਾਰੀਆਂ ਦੀ ਮੁੱਢਲੀ ਜ਼ਿੰਮੇਵਾਰੀ ਸੀ ਕਿ ਉਹ ਇਹ ਸੁਨਿਸ਼ਚਿਤ ਕਰਨ ਕਿ ਉਨ੍ਹਾਂ ਦੁਆਰਾ ਬਣਾਏ ਗਏ ਸਾਰੇ ਉਪਭੋਗਤਾ ਆਈ ਡੀ ਨੂੰ ਉਚਿਤ ਭੂਮਿਕਾਵਾਂ ਸੌਂਪੀਆਂ ਗਈਆਂ ਸਨ। ਭੂਮਿਕਾਵਾਂ ਦਾ ਇਹ ਸੌਂਪਣਾ ਜੀ ਈ ਪੀ ਐਨ ਆਈ ਪੀ ਪੋਰਟਲ ਦੇ ਸੁਚਾਰੂ ਕੰਮਕਾਜ ਅਤੇ ਕੁਸ਼ਲ ਸੰਚਾਲਨ ਨੂੰ ਬਣਾਈ ਰੱਖਣ ਲਈ ਮਹੱਤਵਪੂਰਣ ਸੀ। ਸਕੂਲ ਸਿੱਖਿਆ ਵਿਭਾਗ ਨੇ ਸਵੀਕਾਰ ਕੀਤਾ (ਮਈ 2024) ਕਿ ਟੈਂਡਰ ਇੱਕ ਸਿੰਗਲ ਆਈ ਡੀ ਤੋਂ ਬਣਾਇਆ ਅਤੇ ਪ੍ਰਕਾਸ਼ਿਤ ਕੀਤਾ ਗਿਆ ਸੀ ਅਤੇ ਇਸ ਵਿੱਚ ਜਾਣਕਾਰੀ/ਸਿਖਲਾਈ ਦੀ ਘਾਟ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਭਵਿੱਖ ਵਿੱਚ ਇਸ ਨੂੰ ਧਿਆਨ ਵਿੱਚ ਰੱਖਣ ਦਾ ਭਰੋਸਾ ਦਿੱਤਾ।

ਜਵਾਬ ਤਸਲੀਬੱਖਸ਼ ਨਹੀਂ ਸੀ ਕਿਉਂਕਿ ਇਸ ਨੇ ਸਿਰਫ ਇਹ ਦਰਸਾਇਆ ਸੀ ਕਿ ਵਪਾਰਕ ਨਿਯਮਾਂ ਨੂੰ ਲਾਗੂ ਕਰਨ ਲਈ ਢੁਕਵੇਂ ਐਪਲੀਕੇਸ਼ਨ ਨਿਯੰਤਰਣ ਨੂੰ ਲਾਗੂ ਕਰਕੇ ਵਪਾਰਕ ਨਿਯਮਾਂ ਨੂੰ ਜੀ ਈ ਪੀ ਐਨ ਆਈ ਸੀ ਵਿੱਚ ਮੈਪ ਨਹੀਂ ਕੀਤਾ ਗਿਆ ਸੀ। ਪ੍ਰਣਾਲੀ ਵਿੱਚ ਕਰਤੱਵਾਂ ਦੀ ਸਪੱਸ਼ਟ ਤੌਰ ਤੇ ਦਸਤਾਵੇਜ਼ ਕੀਤੀ ਵੰਡ ਦੀ ਅਣਹੋਂਦ ਵਿੱਚ, ਜਵਾਬਦੇਹੀ ਨੂੰ ਲਾਗੂ ਕਰਨਾ, ਜ਼ਿੰਮੇਵਾਰੀਆਂ ਦੀ ਪਹਿਚਾਨ ਕਰਨਾ ਅਤੇ ਇਹ ਸੁਨਿਸ਼ਚਿਤ ਕਰਨਾ ਚੁਣੌਤੀਪੂਰਨ ਹੋ ਜਾਂਦਾ ਸੀ ਕਿ ਮਹੱਤਵਪੂਰਨ ਨਿਯੰਤਰਣ (ਜਿਵੇਂ ਕਿ ਪ੍ਰਵਾਨਗੀ ਪ੍ਰਕਿਰਿਆਵਾਂ, ਡੇਟਾ ਪਹੁੰਚ ਅਤੇ ਲੈਣ-ਦੇਣ ਦੀ ਪ੍ਰਕਿਰਿਆ) ਉਦੇਸ਼ ਅਨੁਸਾਰ ਕੰਮ ਕਰ ਰਹੇ ਹਨ।

### 2.10.13 ਬੋਲੀ ਖੋਲ੍ਹਣ ਵਾਲਿਆਂ ਦੀ ਚੋਣ

ਸੀ ਪੀ ਪੀ ਪੋਰਟਲ (ਜੂਨ 2019) ਦੇ ਅਧੀਨ ਈ-ਖਰੀਦ ਲਈ ਆਮ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਟੈਂਡਰ ਖੋਲ੍ਹਣ ਦੀ ਪ੍ਰਕਿਰਿਆ ਦੌਰਾਨ ਮੁੱਦਿਆਂ ਨੂੰ ਰੋਕਣ ਲਈ ਹਰੇਕ ਟੈਂਡਰ ਲਈ ਘੱਟੋ-ਘੱਟ ਚਾਰ ਬੋਲੀ ਖੋਲ੍ਹਣ ਵਾਲਿਆਂ ਨੂੰ ਕਨਫਿਗਰ ਕੀਤਾ ਜਾਣਾ ਚਾਹੀਦਾ ਹੈ। ਐਨ ਆਈ ਸੀ ਨੇ 'ਚਾਰ ਵਿੱਚੋਂ ਦੋ' ਵਿਕਲਪ ਦੀ ਵਰਤੋਂ ਕਰਨ ਦੀ ਸਿਫਾਰਸ਼ ਕੀਤੀ ਹੈ, ਜਿਸ ਨਾਲ ਚਾਰ ਕਨਫਿਗਰ ਕੀਤੇ ਅਧਿਕਾਰੀਆਂ ਵਿੱਚੋਂ ਕਿਸੇ ਵੀ ਦੋ ਨੂੰ ਬੋਲੀ ਖੋਲ੍ਹਣ ਦੀ ਮੰਜ਼ੂਰੀ ਦਿੱਤੀ ਜਾ ਸਕੇ। ਜੀ ਈ ਪੀ ਐਨ ਆਈ ਸੀ ਬੋਲੀ ਖੋਲ੍ਹਣ ਵਾਲਿਆਂ ਦੀ ਸੰਖਿਆ ਦੀ ਚੋਣ ਕਰਨ ਲਈ ਚਾਰ ਵਿਕਲਪ ਪੇਸ਼ ਕਰਦਾ ਹੈ: 'ਟੂ ਆੱਫ ਟੂ', 'ਟੂ ਆੱਫ ਥ੍ਰੀ', 'ਥ੍ਰੀ ਆੱਫ ਥ੍ਰੀ', ਅਤੇ 'ਟੂ ਆੱਫ ਫੋਰ' ਜਿਵੇਂ ਕਿ **ਚਿੱਤਰ** 2.14 ਵਿੱਚ ਪ੍ਰਦਰਸ਼ਿਤ ਕੀਤਾ ਗਿਆ ਹੈ।

**ਚਿੱਤਰ 2.14: ਬੋਲੀ ਖੋਲ੍ਹਣ ਵਾਲਿਆਂ ਦੀ ਸੰਖਿਆ ਚੁਣਨ ਲਈ ਵਿਕਲਪ ਦਰਸਾਉਂਦਾ**




*ਸ੍ਰੋਤ: ਈ-ਖਰੀਦਦਾਰੀ ਦਾ ਡੇਮੋ*

ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਗੈਰ-ਜਨਤਕ ਖੇਤਰ ਉਪਕ੍ਰਮ) 'ਤੇ 31 ਮਾਰਚ 2017 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਜ਼ਿਕਰ ਕੀਤਾ ਗਿਆ ਸੀ {ਪੈਰ੍ਹਾ 3.12.2.3 (ਬੁਲੇਟ 3)} ਜਿਥੇ ਦਰਸਾਇਆ ਗਿਆ ਸੀ ਕਿ ਸਪਸ਼ਟ ਹੁਕਮਾਂ ਦੇ ਬਾਵਜੂਦ, ਵਿਭਾਗ 'ਟੂ ਆੱਫ ਟੂ' ਬੋਲੀ ਚੁਣ ਰਿਹਾ ਸੀ। ਹਾਲਾਂਕਿ ਪੀ ਏ ਸੀ ਨੇ ਸਿਫਾਰਿਸ਼ ਕੀਤੀ ਸੀ (ਦਸੰਬਰ 2022) ਕਿ ਆਈ ਟੀ ਨੀਤੀ ਦੇ ਸਾਰੇ ਉਪਬੰਧਾਂ ਨੂੰ ਵਿਭਾਗ ਦੁਆਰਾ ਲਾਗੂ ਕੀਤਾ ਜਾਣਾ ਚਾਹੀਦਾ ਹੈ, ਪਰ ਲੇਖਾ ਪ੍ਰੀਖਿਆ ਦੇ ਜੀ ਈ ਪੀ ਐਨ ਆਈ ਸੀ ਡੇਟਾ ਵਿਸ਼ਲੇਸ਼ਣ ਨੇ ਪਤਾ ਵਿਖਾਇਆ ਕਿ ਸਾਫ ਨਿਰਦੇਸ਼ਾਂ ਦੇ ਬਾਵਜੂਦ, 45 ਵਿਭਾਗਾਂ ਵਿੱਚੋਂ 34 ਵਿੱਚ 91,828 ਟੈਂਡਰ[62] ਹੁਣੇ ਵੀ *'ਟੂ ਆੱਫ ਟੂ'* ਵਿਕਲਪ ਚੁਣ ਕੇ ਪ੍ਰਕਾਸ਼ਿਤ ਕੀਤੇ ਗਏ ਸਨ। ਨਮੂਨਾਂ-ਜਾਂਚ ਟੈਂਡਰਾਂ ਵਿੱਚ ਪਤਾ ਲੱਗਿਆ ਕਿ ਸਮਾਜਕ ਸੁਰੱਖਿਆ ਅਤੇ ਮਹਿਲਾ 'ਤੇ ਬਾਲ ਵਿਕਾਸ ਵਿਭਾਗ ਦੁਆਰਾ ਪ੍ਰਕਾਸ਼ਿਤ ਇੱਕ ਟੈਂਡਰ ਨੂੰ ਰੱਦ ਕਰਨਾ ਪਿਆ ਕਿਉਂਕਿ ਦੋ ਬੋਲੀਆਂ ਖੋਲ੍ਹਣ ਵਾਲਿਆਂ ਵਿੱਚੋਂ ਇੱਕ ਟੈਂਡਰ ਖੋਲ੍ਹਣ ਤੋਂ ਪਹਿਲਾਂ ਹੀ ਸੁਪਰਐਨੁਏਟ ਹੋ ਗਿਆ ਸੀ। 91,828 ਟੈਂਡਰਾਂ ਵਿੱਚੋਂ 5,658 ਟੈਂਡਰ ਲੋਕ ਨਿਰਮਾਣ ਵਿਭਾਗ ਦੁਆਰਾ *'ਟੂ ਆੱਫ ਟੂ'* ਵਿਕਲਪ ਚੁਣ ਕੇ ਪ੍ਰਕਾਸ਼ਿਤ ਕੀਤੇ ਗਏ, ਜਦੋਂ ਕਿ ਪੀ ਆਰ ਬੀ ਡੀ ਬੀ ਨੇ ਵਿਸ਼ੇਸ਼ ਰੂਪ ਨਾਲ ਹਦਾਇਤ ਦਿੱਤੀ ਸੀ (ਫਰਵਰੀ 2018) ਕਿ ਟੂ ਆੱਫ ਥ੍ਰੀ/ਫੋਰ ਵਿਕਲਪ ਚੁਣਿਆ ਜਾਵੇ ਤਾ ਜੋ ਦੇਰੀਆਂ ਤੋਂ ਬਚਿਆ ਜਾ ਸਕੇ।

ਨੋਡਲ ਵਿਭਾਗ ਨੇ ਕਿਹਾ (ਮਾਰਚ 2024) ਕਿ ਟੀ ਆਈ ਏਜ਼ ਨੂੰ *'ਟੂ ਆਫ ਫੋਰ'* ਵਿਕਲਪ ਚੁਣਨ ਲਈ ਟ੍ਰੇਨਿੰਗ ਦੌਰਾਨ ਦਬਾਅ ਪਾਇਆ ਜਾ ਰਿਹਾ ਸੀ ਅਤੇ ਇਹ ਵੀ ਕਿਹਾ ਕਿ ਜੁਲਾਈ 2021 ਤੋਂ *'ਟੂ ਆੱਫ ਟੂ'* ਵਿਕਲਪ ਜੀ ਈ ਪੀ ਐਨ ਆਈ ਸੀ ਦੇ ਵਿਕਲਪਾਂ ਵਿੱਚ ਉਪਲਬਧ ਨਹੀਂ ਸੀ। ਜਵਾਬ ਸਹੀ ਨਹੀਂ ਸੀ, ਕਿਉਂਕਿ ਲੇਖਾ ਪ੍ਰੀਖਿਆ ਨੇ ਪਤਾ ਲਗਾਇਆ ਕਿ ਜੂਨ 2022 ਵਿੱਚ ਜਾਰੀ ਕੀਤੇ ਗਏ ਟੈਂਡਰ[63] ਲਈ *'ਟੂ ਆੱਫ ਟੂ'* ਚੋਣ ਹਾਲੇ ਵੀ ਚੁਣੀ ਗਈ ਸੀ। ਸਹੀ ਵਰਜਨ ਕੰਟਰੋਲ ਦੀ ਗੈਰਹਾਜ਼ਰੀ ਜਾਂ ਆਟੋਮੇਟਿਡ ਵਰਜਨਿੰਗ ਪ੍ਰਣਾਲੀ ਦੀ ਕਮੀ ਕਾਰਣ ਇਹ ਸਮੱਸਿਆ ਪੈਦਾ ਹੋ ਸਕਦੀ ਸੀ ਕਿ ਨਵੇਂ ਪ੍ਰਣਾਲੀ ਅਪਡੇਟ ਪੁਰਾਣੇ ਟੈਂਡਰ ਦਸਤਾਵੇਜਾਂ ਨਾਲ ਠੀਕ ਢੰਗ ਨਾਲ ਏਕੀਕ੍ਰਿਤ ਨਹੀਂ ਕੀਤੇ ਗਏ ਸਨ।

## 2.11 ਡਾਟਾ ਇਕਸਾਰਤਾ ਅਤੇ ਪ੍ਰਣਾਲੀ ਨਿਯੰਤਰਣ

ਈ-ਖਰੀਦ ਪੋਰਟਲ ਟੈਂਡਰ ਆਮੰਤਰਣ ਅਧਿਕਾਰੀਆਂ (ਟੀ ਆਈ ਏ) ਨੂੰ ਟੈਂਡਰ ਦਸਤਾਵੇਜ਼ ਅਤੇ ਬਿਲ ਆਫ ਕਵਾਂਟਿਟੀ (ਬੀ ਓ ਕਿਊ) ਟੈਂਪਲੇਟ ਜਾਰੀ ਕਰਨ ਵਿੱਚ ਸਹਾਇਤਾ ਕਰਦਾ ਹੈ। ਬੋਲੀਦਾਤਾਵਾਂ ਨੂੰ ਤਕਨੀਕੀ ਦਸਤਾਵੇਜ਼ ਅਪਲੋਡ ਕਰਨ ਅਤੇ ਟੀ ਆਈ ਏ ਦੁਆਰਾ ਨਿਰਧਾਰਤ ਕੀਤੇ ਗਏ ਬੀ ਓ ਕਿਊ ਟੈਂਪਲੇਟ ਦੀ ਵਰਤੋਂ ਕਰਦੇ ਹੋਏ ਵਿੱਤੀ ਬੋਲੀ ਜਮ੍ਹਾਂ ਕਰਨ ਦੀ ਜਰੂਰਤ ਹੁੰਦੀ ਹੈ। ਟੈਂਡਰ ਮੁਲਾਂਕਣ ਪ੍ਰਕਿਰਿਆ ਵਿੱਚ ਹੱਥੀਂ ਦਸਤਾਵੇਜ਼ਾਂ ਦੀ ਪੁਸ਼ਟੀ ਅਤੇ ਪ੍ਰਣਾਲੀ ਦੁਆਰਾ ਬਣਾਈ ਗਈ/ਹੱਥ ਨਾਲ ਕੀਮਤਾਂ ਦੀ ਤੁਲਨਾ ਸ਼ਾਮਲ ਹੈ।

---

[62] ਇਨ੍ਹਾਂ ਵਿੱਚੋਂ 5,658 ਟੈਂਡਰ ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਦੁਆਰਾ ਪ੍ਰਕਾਸ਼ਿਤ ਕੀਤੇ ਗਏ ਸਨ।

[63] ਟੈਂਡਰ 6 ਜੁਲਾਈ 2021 ਨੂੰ ਬਣਾਇਆ ਗਿਆ ਅਤੇ 28 ਜੂਨ 2022 ਨੂੰ ਜਾਰੀ ਕੀਤਾ ਗਿਆ।

ਪੰਜਾਬ ਜਨਤਕ ਖਰੀਦਦਾਰੀ ਵਿੱਚ ਪਾਰਦਸਸ਼ਤਾ ਐਕਟ, 2019 ਦੇ ਅਨੁਸਾਰ, 'ਬੋਲੀ' ਇੱਕ ਫਾਰਮਲ ਪੇਸ਼ਕਸ਼ ਹੈ ਜੋ 'ਬੋਲੀਦਾਤਾ' ਵੱਲੋਂ ਕੀਤੀ ਜਾਂਦੀ ਹੈ, ਜੋ ਕਿ ਖਰੀਦਦਾਰੀ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਵਾਲਾ ਕੋਈ ਵੀ ਵਿਅਕਤੀ ਜਾਂ ਸੰਸਥਾ ਹੋ ਸਕਦਾ ਹੈ। ਇਸ ਐਕਟ ਨੇ ਸਹਿਯੋਗ, ਬਿਡ ਰੀਜ਼ਿੰਗ ਅਤੇ ਵਿਰੋਧੀ-ਮੁਕਾਬਲੇ ਦੇ ਵਿਵਹਾਰ ਤੋਂ ਬਚਾਉਣ ਲਈ ਸ਼ੁੱਧਤਾ ਦਾ ਕੋਡ ਦਿੱਤਾ ਹੈ, ਜੋ ਪਾਰਦਰਸ਼ਤਾ ਅਤੇ ਨਿਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਕੰਪੀਟੀਸ਼ਨ ਐਕਟ 2002 ਦੇ ਧਾਰਾ 3(3) ਦੇ ਅਨੁਸਾਰ, 'ਬਿਡ ਰੀਜ਼ਿੰਗ' ਉਨ੍ਹਾਂ ਬੋਲੀਦਾਤਾਵਾਂ ਦਰਮਿਆਨ ਦੇ ਸਮਝੌਤਿਆਂ ਨੂੰ ਦਰਸਾਉਂਦਾ ਹੈ, ਜੋ ਇਕਸਾਰ ਜਾਂ ਸਮਾਨ ਉਤਪਾਦਨ/ਵਪਾਰ ਵਿੱਚ ਸ਼ਾਮਲ ਹਨ ਅਤੇ ਜੋ ਮੁਕਾਬਲੇ ਨੂੰ ਘਟਾਉਂਦੇ ਹਨ, ਜਦਕਿ ਧਾਰਾ 2(ਸੀ) ਦੇ ਅਨੁਸਾਰ 'ਕਾਰਟਲ' ਉਹ ਸਮੂਹ ਹਨ ਜੋ ਆਪਸੀ ਸਮਝੌਤੇ ਦੁਆਰਾ ਕੀਮਤਾਂ ਜਾਂ ਉਤਪਾਦਨ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰਦੇ ਹਨ।

2018-2023 ਦੀ ਮਿਆਦ ਦੌਰਾਨ ਪ੍ਰਕਾਸ਼ਿਤ 1.86 ਲੱਖ ਟੈਂਡਰਾਂ ਦੇ ਮੁਕਾਬਲੇ, 1.36 ਲੱਖ ਟੈਂਡਰਾਂ ਵਿੱਚ ਬੋਲੀਆਂ ਨੂੰ ਈ-ਖਰੀਦ ਪੋਰਟਲ ਦੁਆਰਾ ਯੋਗ ਪਾਇਆ ਗਿਆ। ਇਹਨਾਂ 1.36 ਲੱਖ ਟੈਂਡਰਾਂ ਵਿੱਚੋਂ 0.66 ਲੱਖ (48 *ਪ੍ਰਤੀਸ਼ਤ*) ਟੈਂਡਰਾਂ ਵਿੱਚ ਸਿਰਫ ਇਕ ਜਾਂ ਦੋ ਬੋਲੀਆਂ ਪ੍ਰਾਪਤ ਹੋਈਆਂ ਜੋ ਸੀਮਤ ਬੋਲੀਦਾਤਾਵਾਂ ਦੀ ਭਾਗੀਦਾਰੀ ਨੂੰ ਦਰਸਾਉਂਦਾ ਹੈ। ਸੀਮਿਤ ਬੋਲੀਦਾਤਾਵਾਂ ਨਾਲ ਸਬੰਧਤ ਲੇਖਾ ਪ੍ਰੀਖਿਆ ਖੋਜਾਂ ਦੀ ਚਰਚਾ ਇਸ ਰਿਪੋਰਟ ਦੇ **ਪੈਰ੍ਹਾ 2.9.6** ਵਿੱਚ ਕੀਤੀ ਗਈ ਹੈ। ਜੀ ਈ ਪੀ ਐਨ ਆਈ ਸੀ ਡਾਟੇ ਦਾ ਵਿਸ਼ਲੇਸ਼ਣ ਕਰਨ ਦੇ ਨਾਲ-ਨਾਲ ਲੇਖਾ ਪ੍ਰੀਖਿਆ ਨੇ ਚੰਡੀਗੜ੍ਹ ਸਮੇਤ ਛੇ ਜ਼ਿਲ੍ਹਿਆਂ ਵਿੱਚ ਚੋਣ ਕੀਤੇ 14 ਵਿਭਾਗਾਂ ਵਿੱਚ 494 ਟੈਂਡਰਾਂ ਦੀ ਵੀ ਜਾਂਚ ਕੀਤੀ।

### 2.11.1 ਇੱਕ ਹੀ ਟੈਂਡਰ ਲਈ ਮੁਕਾਬਲਾ ਕਰਨ ਵਾਲੇ ਇੱਕੋ ਜਿਹੇ ਕ੍ਰਿਡੈਨਸ਼ਲਜ਼ ਵਾਲੇ ਬੋਲੀਦਾਤਾਵਾਂ ਨੂੰ ਰੋਕਣ ਲਈ ਨਿਯੰਤਰਣਾਂ ਦੀ ਅਣਹੋਂਦ

ਪੰਜਾਬ ਜਨਤਕ ਖਰੀਦਦਾਰੀ ਵਿੱਚ ਪਾਰਦਸਸ਼ਤਾ ਐਕਟ, 2019 ਦੀ ਧਾਰਾ 7 ਖਰੀਦਦਾਰੀ ਏਜੰਸੀਆਂ ਅਤੇ ਬੋਲੀਦਾਤਾਵਾਂ ਲਈ ਇੱਕ ਇਕਸਾਰਤਾ ਦਾ ਕੋਡ ਸਥਾਪਤ ਕਰਦੀ ਹੈ, ਜੋ ਮਿਲੀਭੁਗਤ, ਬੋਲੀ ਵਿੱਚ ਧਾਂਧਲੀ ਅਤੇ ਮੁਕਾਬਲਾ-ਵਿਰੋਧੀ ਵਿਵਹਾਰ ਨੂੰ ਰੋਕਦੀ ਹੈ ਤਾਂ ਜੋ ਖਰੀਦ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਅਤੇ ਨਿਰਪੱਖਤਾ ਨੂੰ ਯਕੀਨੀ ਬਣਾਇਆ ਜਾ ਸਕੇ।

ਪੀ ਟੀ ਪੀ ਪੀ ਨਿਯਮ, 2022 ਦੇ ਨਿਯਮ 21(6) ਵਿੱਚ ਕਿਹਾ ਗਿਆ ਹੈ ਕਿ ਕੰਮ ਅਤੇ ਸੇਵਾਵਾਂ ਦੀ ਖਰੀਦ ਵਿੱਚ, ਘੱਟੋ-ਘੱਟ ਦੋ ਬੋਲੀਦਾਤਾ ਜੋ ਤਕਨੀਕੀ ਮੁਲਾਂਕਣ ਵਿੱਚ ਯੋਗ ਹਨ, ਉਹ ਰਿਸ਼ਤੇਦਾਰ ਨਹੀਂ ਹੋਣੇ ਚਾਹੀਦੇ, ਨਿਯੰਤਰਣ ਵਾਲੀ ਹਿੱਤ ਨਹੀਂ ਹੋਣੀ ਚਾਹੀਦੀ ਜਾਂ ਸਾਂਝੀ ਵਿੱਤੀ ਹਿਤ ਨਹੀਂ ਹੋਣੀ ਚਾਹੀਦੀ।

ਪੀ ਟੀ ਪੀ ਪੀ ਨਿਯਮਾਂ ਦੇ ਸ਼ਡਿਊਲ 1, ਭਾਗ ਏ ਦੇ ਕਲਾਜ਼ 4(10) ਵਿੱਚ ਰੁੱਚੀ ਦੇ ਟਕਰਾਵਾਂ ਦੇ ਸੰਦਰਭ ਵਿੱਚ "ਬੋਲੀਦਾਤਾਵਾਂ ਲਈ ਹਿਦਾਇਤਾਂ" ਦੀ ਰੂਪ ਰੇਖਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਇੱਕ ਬੋਲੀਦਾਤਾ ਨੂੰ ਹਿਤਾਂ ਦੇ ਟਕਰਾਉ ਵਿੱਚ ਮੰਨਿਆ ਜਾ ਸਕਦਾ ਹੈ ਜੇ:

ੳ. ਉਹਨਾਂ ਦੇ ਨਿਯੰਤਰਕ ਸਾਥੀ ਸਾਂਝੇ ਹਨ; ਜਾਂ

ਅ. ਉਹ ਕਿਸੇ ਵੀ ਤੋਂ ਕਿਸੇ ਵੀ ਸਿੱਧੀ ਜਾਂ ਅਸਿੱਧੀ ਸਹਾਇਤਾ/ਵਿੱਤੀ ਹਿੱਸੇਦਾਰੀ ਨੂੰ ਪ੍ਰਾਪਤ ਕਰਦੇ ਹਨ ਜਾਂ ਪ੍ਰਾਪਤ ਕਰ ਚੁੱਕੇ ਹਨ; ਜਾਂ

ੲ. ਉਨ੍ਹਾਂ ਦਾ ਇਸ ਬੋਲੀ ਲਈ ਇੱਕੋ ਹੀ ਕਾਨੂੰਨੀ ਨੁਮਾਇੰਦਕ/ਏਜੰਟ ਹੈ; ਜਾਂ

ਸ. ਉਹ ਇੱਕ ਦੂਜੇ ਨਾਲ, ਸਿੱਧੇ ਜਾਂ ਸਾਂਝੀ ਤੀਜੇ ਪਾਰਟੀਆਂ ਰਾਹੀਂ ਸਬੰਧ ਰੱਖਦੇ ਹਨ, ਜੋ ਉਨ੍ਹਾਂ ਨੂੰ ਕਿਸੇ ਹੋਰ ਬੋਲੀਦਾਤਾ ਦੀ ਬੋਲੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਜਾਂ ਪ੍ਰਭਾਵ ਕਰਨ ਦੀ ਸਥਿਤੀ 'ਚ ਲਿਆਉਂਦੀ ਹੈ; ਜਾਂ

ਹ. ਬੋਲੀਦਾਤਾ ਬੋਲੀ ਦੀ ਪ੍ਰਕਿਰਿਆ ਵਿੱਚ ਇਕ ਤੋਂ ਵੱਧ ਬੋਲੀ ਵਿੱਚ ਭਾਗ ਲੈਂਦਾ ਹੈ।

ਕ. ਬੋਲੀਦਾਤਾ ਜਾਂ ਇਸ ਦੇ ਕੋਈ ਵੀ ਸਹਿਯੋਗੀ ਉਸ ਕਾਂਟਰੇਕਟ ਦੀ ਡਿਜ਼ਾਈਨ ਜਾਂ ਤਕਨੀਕੀ ਵਿਸ਼ੇਸ਼ਣਾਂ ਦੀ ਤਿਆਰੀ ਵਿੱਚ ਸਲਾਹਕਾਰ ਦੇ ਤੌਰ ਤੇ ਸ਼ਾਮਲ ਹੋਏ ਹਨ ਜੋ ਕਿ ਬੋਲੀ ਦਾ ਵਿਸ਼ਾ ਹੈ।

ਖ. ਜੇ ਕਿਸੇ ਹੋਲਡਿੰਗ ਕੰਪਨੀ ਵਿੱਚ ਇੱਕ ਤੋਂ ਵੱਧ ਸੁਤੰਤਰ ਮੈਨੂੰਫੈਕਚਰਿੰਗ ਯੂਨਿਟ ਜਾਂ ਇੱਕ ਤੋਂ ਵੱਧ ਯੂਨਿਟਾਂ ਜਿਨ੍ਹਾਂ ਦੇ ਕਾਰੋਬਾਰ ਦੇ ਮਾਲਕਾਂ/ਸੰਭਾਲਨ ਵਿੱਚ ਸਾਂਝੀ ਮਲਕੀਅਤ ਹੈ, ਤਾਂ ਸਿਰਫ ਇੱਕ ਯੂਨਿਟ ਹੀ ਕੋਟ ਕਰੇਗਾ। ਸਮਾਨ ਸੰਬੰਧ ਵਾਲੀਆਂ ਸਿਸਟਰ ਕੰਪਨੀਆਂ ਤੇ ਵੀ ਇਹ ਹੀ ਸੀਮਾਵਾਂ ਲਾਗੂ ਹੋਣਗੀਆਂ। ਬੋਲੀਦਾਤਾਵਾਂ ਨੂੰ ਪ੍ਰੋਐਕਟਿਵ ਤੌਰ ਤੇ ਇਨ੍ਹਾਂ ਸਿਸਟਰ/ਸਾਂਝਾ ਕਾਰੋਬਾਰ/ਪ੍ਰਬੰਧਨ ਇਕਾਈਆਂ ਦੀ ਘੋਸ਼ਣਾ ਕਰਨੀ ਚਾਹੀਦੀ ਹੈ ਜੋ ਇੱਕੋ/ਸਮਾਨ ਕਾਰੋਬਾਰ ਦੀ ਲਾਈਨ ਵਿੱਚ ਹਨ।

ਇਸ ਤੋਂ ਇਲਾਵਾ, ਪੰਜਾਬ ਸਰਕਾਰ ਦੇ ਲੋਕ ਨਿਰਮਾਣ ਵਿਭਾਗ ਦੇ ਸਟੈਂਡਰਡ ਬਿਡਿੰਗ ਡਾਕੂਮੈਂਟ ਦੀ ਕਲਾਜ਼ 5.1 ਮੁਤਾਬਕ, ਹਰੇਕ ਬੋਲੀਦਾਤਾ ਇੱਕ ਪ੍ਰੋਜੈਕਟ ਲਈ ਸਿਰਫ ਇੱਕ ਹੀ ਬੋਲੀ ਜਮ੍ਹਾਂ ਕਰ ਸਕਦਾ ਹੈ, ਅਤੇ ਕਈ ਬੋਲੀਆਂ ਪੇਸ਼ ਕਰਨ ਨਾਲ ਉਸ ਬੋਲੀਦਾਤਾ ਦੇ ਸਾਰੇ ਪ੍ਰਸਤਾਵ ਅਯੋਗ ਹੋ ਜਾਣਗੇ।

ਲੇਖਾ ਪ੍ਰੀਖਿਆ ਨੇ ਚਾਰ ਮਾਪਦੰਡਾਂ ਦੀ ਵਰਤੋਂ ਕਰਕੇ ਜੀ ਈ ਪੀ ਐਨ ਆਈ ਸੀ ਡਾਟੇ ਦਾ ਵਿਸ਼ਲੇਸ਼ਣ ਕੀਤਾ ਜਿਵੇਂ ਕਿ: (i) ਡੁਪਲੀਕੇਟ ਆਈ ਪੀ, (ii) ਡੁਪਲੀਕੇਟ ਈ-ਮੇਲ, (iii) ਡੁਪਲੀਕੇਟ ਪੈਨ ਅਤੇ (iv) ਪੋਰਟਲ ਤੇ ਰਜਿਸਟਰਡ ਬੋਲੀਦਾਤਾਵਾਂ ਵਿੱਚੋਂ ਡੁਪਲੀਕੇਟ ਮੋਬਾਇਲ ਨੰਬਰ ਇਹ ਨਿਰਧਾਰਤ ਕਰਨ ਲਈ ਕਿ ਕੀ ਇਕੋ ਜਿਹੇ ਪੈਨ, ਈ-ਮੇਲ, ਜਾਂ ਮੋਬਾਈਲ ਨੰਬਰ ਵਾਲੇ ਵੱਖ-ਵੱਖ ਬੋਲੀਦਾਤਾਵਾਂ ਨੇ ਇੱਕੋ ਟੈਂਡਰ ਲਈ ਬੋਲੀ ਜਮ੍ਹਾਂ ਕਾਰਵਾਈ ਸੀ। ਇਸਦੇ ਇਲਾਵਾ, 494 ਚੁਣੇ ਗਏ ਟੈਂਡਰਾਂ ਨਾਲ ਸੰਬੰਧਤ ਰਿਕਾਰਡਾਂ ਦੀ ਵੀ ਉਪਰੋਕਤ ਮਾਪਦੰਡਾਂ ਤੇ ਨਮੂਨਾ-ਜਾਂਚ ਕੀਤੀ ਗਈ। ਨਤੀਜੇ ਵਜੋਂ, ਲੇਖਾ ਪ੍ਰੀਖਿਆ ਨੇ ਕੁੱਝ ਬੋਲੀਦਾਤਾਵਾਂ ਦੇ ਵੱਖ-ਵੱਖ ਜੋੜਿਆਂ ਦਾ ਪਤਾ ਲਗਾਇਆ ਜਿਨ੍ਹਾਂ ਦੇ ਇੱਕੋ ਪੈਨ, ਮੋਬਾਈਲ ਨੰਬਰ, ਜਾਂ ਈਮੇਲ ਆਈ ਡੀ ਸਾਂਝੇ ਸਨ ਜੋ ਇੱਕੋ ਹੀ ਟੈਂਡਰ ਵਿੱਚ ਕਈ ਵਾਰ ਮੁਕਾਬਲਿਆਂ ਵਿੱਚ ਭਾਗ ਲੈ ਚੁੱਕੇ ਸਨ, ਜਿਸ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ। ਇਸ ਨੇ ਇਹ ਦਰਸਾਇਆ ਕਿ ਪ੍ਰਣਾਲੀ ਵਿੱਚ ਬੋਲੀਦਾਤਾਵਾਂ ਨੂੰ ਇੱਕੋ ਹੀ ਕ੍ਰਿਡੈਨਸ਼ਲਜ਼ ਦੀ ਵਰਤੋਂ ਕਰਕੇ ਰਜਿਸਟਰ ਕਰਨ ਤੋਂ ਰੋਕਣ ਲਈ ਅੰਦਰੂਨੀ ਕੰਟਰੋਲ ਦੀ ਕਮੀ ਸੀ।

ਜੀ ਈ ਪੀ ਐਨ ਆਈ ਸੀ ਡਾਟਾ ਦੀ ਸਮੀਖਿਆ ਅਤੇ 494 ਟੈਂਡਰਾਂ ਨਾਲ ਜੁੜੇ ਰਿਕਾਰਡਾਂ ਦੇ ਪੜਤਾਲ ਨੇ ਪੰਜ ਸਮਭਾਵੀ ਤੌਰ ਤੇ ਗਲਤ ਬਿਡਿੰਗ ਪ੍ਰਥਾਵਾਂ ਦੇ ਰੁਝਾਨਾਂ ਦੀ ਪਛਾਣ ਕੀਤੀ। ਇਹ ਮਿਸਾਲਾਂ ਵਿੱਚ ਉਹ ਸਥਿਤੀਆਂ ਸ਼ਾਮਲ ਸਨ ਜਿੱਥੇ ਬੋਲੀਦਾਤਾ ਇੱਕੋ ਟੈਂਡਰ ਵਿੱਚ ਪ੍ਰਤੀਯੋਗੀ ਦੇ ਤੌਰ ਤੇ ਸ਼ਾਮਲ ਹੋਏ; i) ਸਾਂਝੀ ਕ੍ਰਿਡੈਨਸ਼ਲਜ਼ ਪ੍ਰਯੋਗ ਕਰਨਾ; ii) ਸਿੱਧੇ ਰਿਸ਼ਤੇ ਹੋਣਾ; iii) ਸਾਂਝੇ ਵਪਾਰਕ

ਸਾਥੀ ਹੋਣਾ; iv) ਦੋ ਵੱਖਰੇ ਉਪਭੋਗਤਾ ਆਈ ਡੀ ਹੇਠਾਂ ਰਜਿਸਟਰ ਕਰਨਾ; v) ਖਰੀਦਦਾਰ ਦੇ ਕੰਪਿਊਟਰ ਤੋਂ ਬੋਲੀਆਂ ਸੌਂਪਣਾ; ਅਤੇ vi) ਇੱਕੋ ਆਈ ਪੀ ਪਤੇ ਤੋਂ ਕਈ ਬੋਲੀਆਂ ਸੌਂਪਣਾ, ਜਿਸ ਬਾਰੇ ਅਗਲੇ ਪੈਰ੍ਹਿਆਂ ਵਿੱਚ ਵਿਸਥਾਰ ਨਾਲ ਗੱਲ ਕੀਤੀ ਗਈ ਹੈ।

ਜੀ ਈ ਪੀ ਐਨ ਆਈ ਸੀ ਡਾਟਾ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਦੱਸਿਆ ਕਿ 8,222 ਬੋਲੀਦਾਤਾਵਾਂ ਦੇ ਜੋੜੇ ਪਛਾਣੇ ਗਏ ਸਨ ਜਿਨ੍ਹਾਂ ਦੀਆਂ ਸਾਂਝੇ ਕ੍ਰਿਡੈਨਸ਼ਲਜ਼ ਸਨ ਜਿਵੇਂ ਕਿ ਪੈਨ ਮੋਬਾਇਲ ਨੰਬਰ ਜਾਂ ਈ ਮੇਲ ਆਈ ਡੀ ਇਹ ਬੋਲੀਦਾਤਾ 2018-2023 ਦੌਰਾਨ 9,320 ਟੈਂਡਰਾਂ ਵਿੱਚ ਭਾਗ ਲੈ ਚੁੱਕੇ ਸਨ ਜੋ ਕਿ **ਸਾਰਣੀ** 2.30 ਵਿੱਚ ਸੰਖੇਪ ਵਿੱਚ ਦਿੱਤਾ ਗਿਆ ਹੈ।

**ਸਾਰਣੀ 2.30: ਇੱਕੋ ਟੈਂਡਰ ਵਿੱਚ ਮੁਕਾਬਲਾ ਕਰਨ ਵਾਲੇ ਬੋਲੀਦਾਤਾਵਾਂ ਦੇ ਜੋੜਾਂ ਦਾ ਸੰਖੇਪ**

| ਮਾਪਦੰਡ | ਬੋਲੀਦਾਤਾਵਾਂ ਦੇ ਜੋੜਿਆਂ ਦੀ ਸੰਖਿਆ | ਭਾਗ ਲੈਣ ਵਾਲੇ ਟੈਂਡਰਾਂ ਦੀ ਸੰਖਿਆ |
|---|---|---|
| ਪੈਨ | 255 | 224 |
| ਮੋਬਾਇਲ ਨੰਬਰ | 2,155 | 4,452 |
| ਵਿਕਲਪਿਕ ਈ-ਮੇਲ | 5,812 | 4,644 |
| **ਜੋੜ** | **8,222** | **9,320** |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

### 2.11.1.1 ਇੱਕੋ ਪੈਨ ਵਾਲੇ ਬੋਲੀਦਾਤਾਵਾਂ ਦੀ ਇੱਕੋ ਟੈਂਡਰ ਵਿੱਚ ਭਾਗੀਦਾਰੀ

ਜਿਵੇਂ ਕਿ **ਸਾਰਣੀ** 2.30 ਤੋਂ ਸਪਸ਼ਟ ਹੈ, 255 ਬੋਲੀਦਾਤਾਵਾਂ ਦੇ ਜੋੜਿਆਂ ਨੇ ਵਿਭਾਗਾਂ ਵਿੱਚ 224 ਟੈਂਡਰਾਂ ਵਿੱਚ ਇੱਕ ਦੂਜੇ ਦੇ ਮੁਕਾਬਲੇ ਵਿੱਚ ਭਾਗ ਲਿਆ। ਇਹ 255 ਬੋਲੀਦਾਤਾਵਾਂ ਦੀ ਜੋੜੀਆਂ ਵਿੱਚੋਂ, 14 ਨਮੂਨਾਂ-ਜਾਂਚ ਕੀਤੇ ਵਿਭਾਗਾਂ ਵਿੱਚੋਂ ਛੇ ਵਿੱਚ 19 ਜੋੜੀਆਂ ਪਾਈਆਂ ਗਈਆਂ। ਬੋਲੀਦਾਤਾਵਾਂ ਦੁਆਰਾ ਦਿੱਤੇ ਗਏ ਦਸਤਾਵੇਜ਼ਾਂ ਵਿੱਚ ਪੈਨ ਦੀ ਡੁਪਲੀਕੇਸੀ ਦੀ ਪੁਸ਼ਟੀ ਕਰਨ ਦੌਰਾਨ, 11 ਜੋੜਿਆਂ ਵਿੱਚ ਬੋਲੀਦਾਤਾਵਾਂ ਦੇ ਵਿਚਕਾਰ ਸੰਬੰਧ ਨੂੰ ਸਥਾਪਤ ਨਹੀਂ ਕੀਤਾ ਜਾ ਸਕਿਆ। ਹਾਲਾਂਕਿ, ਬਾਕੀ ਦੇ ਅੱਠ ਜੋੜਿਆਂ ਦੇ ਬੋਲੀਦਾਤਵਾਂ ਵਿੱਚ ਇੱਕ ਸਪੱਸ਼ਟ ਸਬੰਧ ਸੀ ਅਤੇ ਦੋਨਾਂ ਨੂੰ ਇੱਕੋ ਹੀ ਟੈਂਡਰ ਵਿੱਚ ਪ੍ਰਤੀਯੋਗੀਆਂ ਵਜੋਂ ਭਾਗ ਲੈਂਦੇ ਹੋਏ ਪਾਇਆ ਗਿਆ, ਜਿਸਦਾ ਵਿਸਥਾਰ ਹੇਠਾਂ **ਸਾਰਣੀ** 2.31 ਵਿੱਚ ਦਿੱਤਾ ਗਿਆ ਹੈ।

**ਸਾਰਣੀ 2.31: ਇੱਕੋ ਟੈਂਡਰ ਵਿੱਚ ਹਿੱਸਾ ਲੈਣ ਵਾਲੇ ਬੋਲੀਦਾਤਾਵਾਂ ਦੇ ਜੋੜੇ ਦਾ ਵੇਰਵਾ**

| ਲੜੀ ਨੰ. | ਉਪਭੋਗਤਾ ਆਈ ਡੀ | ਪੈਨ | ਕਾਰਜ ਆਈਟਮ | ਚਿੰਨ੍ਹਿਤ ਕੀਤਾ ਗਿਆ | ਪਹਿਚਾਣ ਦੇ ਮਾਪਦੰਡ |
|---|---|---|---|---|---|
| 1. | 29798 | AACxxxx99B | 199155 | ਇੱਕੋ ਵਿਅਕਤੀ | ਇਕ ਦੇ ਅਧਾਰ ਅਤੇ ਦੂਜੇ ਦੀ ਅੰਡਰਟੇਕਿੰਗ ਦੇ ਅਨੁਸਾਰ, ਦੋਵੇਂ ਫਰਮ ਇੱਕੋ ਨਾਂ ਅਤੇ ਪਿਤਾ ਦੇ ਨਾਂ ਤੇ ਰਜਿਸਟਰ ਕੀਤੇ ਗਏ ਸਨ। |
| | 47688 | AACxxxx99B | | | |
| 2. | 4623 | AAJxxxx15A | 17724 | ਭਰਾ | ਪੈਨ ਅਤੇ ਲੇਬਰ ਰਜਿਸਟ੍ਰੇਸ਼ਨ ਸਰਟੀਫਿਕੇਟ ਦੇ ਅਨੁਸਾਰ, ਦੋਹਾਂ ਉਪਭੋਗਤਾਵਾਂ ਦੇ ਪਿਤਾ ਦਾ ਨਾਂ ਇੱਕ ਜਿਹਾ ਸੀ। |
| | 4646 | AAJxxxx15A | | | |
| 3. | 17494 | AANxxxx48C | 81639 | ਇੱਕੋ ਵਿਅਕਤੀ | ਜੀ ਐਸ ਟੀ ਆਈ ਐਨ ਦੇ ਅਨੁਸਾਰ, ਦੋਹਾਂ ਫਰਮਾਂ ਨੂੰ ਇੱਕੋ ਹੀ ਵਿਅਕਤੀ ਨੇ ਰਜਿਸਟਰ ਕੀਤਾ ਸੀ। |
| | 24812 | AANxxxx48C | | | |
| 4. | 5910 | ACZxxxx78G | 18411 | ਇੱਕੋ ਵਿਅਕਤੀ | ਦੋਹਾਂ ਬੋਲੀਦਾਤਾਵਾਂ ਵੱਲੋਂ ਇੱਕੋ ਹੀ ਪੈਨ ਦਿੱਤਾ ਗਿਆ ਸੀ। |
| | 10389 | ACZxxxx78G | | | |

| ਲੜੀ ਨੰ. | ਉਪਭੋਗਤਾ ਆਈ ਡੀ | ਪੈਨ | ਕਾਰਜ ਆਈਟਮ | ਚਿੰਨ੍ਹਿਤ ਕੀਤਾ ਗਿਆ | ਪਹਿਚਾਣ ਦੇ ਮਾਪਦੰਡ |
|---|---|---|---|---|---|
| 5. | 26754 | AGAxxxx86F | 85246 | ਇੱਕੋ ਵਿਅਕਤੀ | ਦੋਹਾਂ ਬੋਲੀਦਾਤਾਵਾਂ ਵੱਲੋਂ ਇੱਕੋ ਆਧਾਰ ਪੇਸ਼ ਕੀਤਾ ਗਿਆ ਸੀ। |
| | 26903 | AGAxxxx86F | | | |
| 6. | 6551 | AJIxxxx95N | 86932 | ਇੱਕੋ ਵਿਅਕਤੀ | ਪੈਨ ਅਤੇ ਆਧਾਰ ਦੇ ਅਨੁਸਾਰ, ਦੋਹਾਂ ਫਰਮਾਂ ਨੂੰ ਇੱਕੋ ਹੀ ਵਿਅਕਤੀ ਦੁਆਰਾ ਰਜਿਸਟਰ ਕੀਤਾ ਗਿਆ ਸੀ। |
| | 18678 | AJIxxxx95N | | | |
| 7. | 39358 | BDFxxxx47M | 137021 | ਪਿਤਾ ਅਤੇ ਪੁੱਤਰ | ਪੈਨ ਅਤੇ ਆਧਾਰ ਦੇ ਅਨੁਸਾਰ, ਇੱਕ ਫਰਮ ਪਿਤਾ ਦੁਆਰਾ ਦਰਜ ਕੀਤੀ ਗਈ ਸੀ ਅਤੇ ਦੂਜੀ ਉਸਦੇ ਪੁੱਤਰ ਦੁਆਰਾ। |
| | 39365 | BDFxxxx47M | | | |
| 8. | 18821 | CQMxxxx94M | 150605 | ਇੱਕੋ ਵਿਅਕਤੀ | ਜੀ ਐਸ ਟੀ ਆਈ ਐਨ ਅਤੇ ਪੈਨ ਦੇ ਅਨੁਸਾਰ, ਦੋਹਾਂ ਕੰਪਨੀਆਂ ਨੂੰ ਇੱਕ ਹੀ ਵਿਅਕਤੀ ਦੁਆਰਾ ਰਜਿਸਟਰ ਕੀਤਾ ਗਿਆ ਸੀ। |
| | 41045 | CQMxxxx94M | | | |

*ਸ੍ਰੋਤ: ਜੀ ਈ ਪੀ ਐਨ ਆਈ ਸੀ ਐਮ ਆਈ ਐਸ*

ੳ) ਇਹ ਅੱਠ ਜੋੜਿਆਂ ਨੇ ਚਾਰ ਜਾਂਚ ਕੀਤੇ ਗਏ ਵਿਭਾਗਾਂ[64] ਵਿੱਚ 61 ਟੈਂਡਰਾਂ (122 ਬੋਲੀਆਂ) ਵਿੱਚ ਪ੍ਰਤੀਯੋਗੀਆਂ ਦੇ ਤੌਰ ਤੇ ਭਾਗ ਲਿਆ। ਹੋਰ ਵਿਸ਼ਲੇਸ਼ਣ ਨੇ ਦਰਸਾਇਆ ਕਿ 121 ਬੋਲੀਆਂ ਤਕਨੀਕੀ ਮੁਲਾਂਕਣ ਚ ਯੋਗ ਹੋਈਆਂ ਅਤੇ 33 ਬੋਲੀਆਂ ਅਵਾਰਡ ਨੂੰ ਪ੍ਰਾਪਤ ਕਰਨ ਵਿੱਚ ਵੀ ਸਫਲ ਰਹੀਆਂ।

ਅ) ਲੇਖਾ ਪ੍ਰੀਖਿਆ ਨੇ ਅੱਗੇ ਦੱਸਿਆ ਕਿ ਇਨ੍ਹਾਂ ਅੱਠ ਜੋੜਿਆਂ ਵਿੱਚੋਂ ਇੱਕ (ਐਸ ਐਨ 8), ਜਿਨ੍ਹੇ ਕਿ ਆਪਣੇ ਭਾਈ ਦੇ ਨਾਲ ਇੱਕ ਹੋਰ ਬੋਲੀਦਾਤਾ ਦੇ ਰੂਪ ਵਿੱਚ, ਸਥਾਨਕ ਸਰਕਾਰ ਦੁਆਰਾ ਪ੍ਰਕਾਸ਼ਿਤ 51 ਟੈਂਡਰਾਂ ਵਿੱਚ ਮੁਕਾਬਲਾ ਕੀਤਾ। ਇਸ ਤਿਕੜੀ ਨੇ 50 ਟੈਂਡਰਾਂ ਵਿੱਚੋਂ ਕਿਸੇ ਇੱਕ ਨੂੰ ਕਰਾਰ ਦਾ ਅਵਾਰਡ ਜਿੱਤਣ ਵਿੱਚ ਸਫਲ ਰਹੇ, ਜਿਸ ਵਿੱਚੋਂ 29 ਜੋੜੇ ਦੇ ਬੋਲੀਦਾਤਾਵਾਂ ਨੂੰ ਅਤੇ 21 ਤੀਜੇ ਬੋਲੀਦਾਤਾ ਨੂੰ ਦਿੱਤੇ।

ੲ) ਲੇਖਾ ਪ੍ਰੀਖਿਆ ਨੇ ਦੇਖਿਆ ਕਿ ਪੰਜਾਬ ਰਾਜ ਜੰਗਲਾਤ ਵਿਕਾਸ ਕਾਰਪੋਰੇਸ਼ਨ (ਪੀ ਐਸ ਐਫ ਡੀ ਸੀ) ਵੱਲੋਂ ਦਰੱਖਤਾਂ ਦੇ ਲਾਟਾਂ ਦੀ ਵਿਕਰੀ ਲਈ (ਜਨਵਰੀ 2020) ਵਿੱਚ ਇੱਕ ਆਇਟਮ-ਵਾਰ ਟੈਂਡਰ[65] ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਟੈਂਡਰ ਲਈ ਅੱਠ ਬੋਲੀਆਂ ਆਈਆਂ। ਇਨ੍ਹਾਂ ਵਿੱਚੋਂ, ਇੱਕ ਹੀ ਬੋਲੀਦਾਤਾ ਨੇ ਦੋ ਵੱਖਰੇ ਉਪਭੋਗਤਾ ਆਈ ਡੀ ਦੇ ਨਾਲ ਦੋ ਬੋਲੀਆਂ ਸਬਮਿਟ ਕੀਤੀਆਂ ਪਰ ਇਹਨਾਂ ਦਾ ਇੱਕ ਹੀ ਪੈਨ ਸੀ। ਦੋਹਾਂ ਬੋਲੀਆਂ ਦੇ ਖਿਲਾਫ, ਹਰ ਇੱਕ ਦਰਖਤ-ਲਾਟ ਲਈ ਅਵਾਰਡ ਦਾ ਕਾਨਟ੍ਰੈਕਟ (ਏ ਓ ਸੀ) ਜਾਰੀ (ਜਨਵਰੀ 2020) ਕੀਤਾ ਗਿਆ ਸੀ।

ਪੀ ਐਸ ਐਫ ਡੀ ਸੀ ਨੇ ਬੋਲੀਦਾਤਾਵਾਂ ਦੀ ਰਜਿਸਟ੍ਰੇਸ਼ਨ ‘ਤੇ ਕਿਸੇ ਵੀ ਕਿਸਮ ਦੇ ਨਿਯੰਤਰਣ ਤੋਂ ਇਨਕਾਰ ਕੀਤਾ (ਮਈ 2024)। ਹਾਲਾਂਕਿ, ਇਸ ਵਿਸੰਗਤੀ ਨੂੰ ਮੰਨਦੇ ਹੋਏ ਉਹਨਾਂ ਨੇ ਐਨ ਆਈ ਸੀ ਨਾਲ ਇਸ ਦੇ ਮੁੱਦੇ ਤੇ ਚਰਚਾ ਕਰਨ ਦਾ ਯਕੀਨ ਦਿਵਾਇਆ।

---

64 ਸਥਾਨਕ ਸਰਕਾਰ, ਜੰਗਲਾਤ ਅਤੇ ਜੰਗਲੀ ਜੀਵ ਸੰਭਾਲ, ਖੇਤੀਬਾੜੀ ਅਤੇ ਪਾਣੀ ਦੇ ਸਰੋਤ।

65 ਹਰੇ, ਡੀ ਡੀ ਅਤੇ ਸੀ ਐਮ ਦਰੱਖਤਾਂ ਦੀ ਵਿਕਰੀ ਲਈ ਟੈਂਡਰ।

### 2.11.1.2 ਇੱਕੋ ਮੋਬਾਈਲ ਨੰਬਰ, ਵਿਕਲਪਿਕ ਈ-ਮੇਲ ਆਈ ਡੀ ਅਤੇ ਆਈ ਪੀ ਐਡਰਸ ਰੱਖਣ ਵਾਲੇ ਬੋਲੀਦਾਤਾਵਾਂ ਦੀ ਭਾਗੀਦਾਰੀ

ਦੋ ਬੋਲੀਦਾਤਾ (ਆਈ ਡੀ: 7137 ਅਤੇ ਆਈ ਡੀ: 14674) ਇਕੋ ਹੀ ਮੋਬਾਈਲ ਨੰਬਰ ਅਤੇ ਈ-ਮੇਲ ਆਈ ਡੀ ਨਾਲ ਰਜਿਸਟਰ ਕੀਤੇ ਗਏ ਸਨ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਇਹ ਦੋਵੇਂ ਬੋਲੀਦਾਤਾ ਪੰਜਾਬ ਰਾਜ ਜੰਗਲ ਵਿਕਾਸ ਕਾਰਪੋਰੇਸ਼ਨ (ਪੀ ਐਸ ਐਫ ਡੀ ਸੀ) ਦੁਆਰਾ ਪ੍ਰਕਾਸ਼ਿਤ ਛੇ ਟੈਂਡਰਾਂ ਵਿੱਚ ਪ੍ਰਤੀਯੋਗੀ ਵਜੋਂ ਭਾਗ ਲੈ ਰਹੇ ਸਨ। ਇਨ੍ਹਾ ਛੇ ਟੈਂਡਰਾਂ ਵਿੱਚੋਂ ਪੰਜ ਟੈਂਡਰਾਂ ਵਿੱਚ, 10 ਬੋਲੀਆਂ (ਹਰ ਇੱਕ ਟੈਂਡਰ ਵਿੱਚ ਹਰ ਇੱਕ ਬੋਲੀਦਾਤਾ ਵੱਲੋਂ ਇੱਕ) ਇੱਕੋ ਹੀ ਆਈ ਪੀ ਐਡਰੈਸ ਤੋਂ ਇੱਕੋ ਦਿਨ ਵਿੱਚ ਭੇਜੀਆਂ ਗਈਆਂ ਸਨ। ਇਹਨਾਂ ਸਾਰਿਆਂ ਪੰਜ ਟੈਂਡਰਾਂ ਵਿੱਚ ਇਨ੍ਹਾਂ ਦੋ ਬੋਲੀਦਾਤਾਵਾਂ ਵਿੱਚੋਂ ਇੱਕ ਨੇ ਏ ਓ ਸੀ ਪ੍ਰਾਪਤ ਕੀਤਾ।

ਪੀ ਐਸ ਐਫ ਡੀ ਸੀ (ਮਈ 2024) ਨੇ ਜੀ ਈ ਪੀ ਐਨ ਆਈ ਸੀ ਤੇ ਬੋਲੀਦਾਤਾਵਾਂ ਦੀ ਰਜਿਸਟ੍ਰੇਸ਼ਨ ਤੇ ਕਿਸੇ ਵੀ ਨਿਯੰਤਰਣ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਲਾੱਟ ਉਨ੍ਹਾਂ ਬੋਲੀਦਾਤਾਵਾਂ ਨੂੰ ਦੇ ਦਿੱਤੇ ਗਏ ਜੋ ਸਭ ਤੋਂ ਉੱਚੀ ਬੋਲੀ ਪੇਸ਼ ਕਰਦੇ ਸਨ। ਇਸ ਵਿਸੰਗਤੀ ਨੂੰ ਮੰਨਦੇ ਹੋਏ, ਇਸਨੇ ਐਨ ਆਈ ਸੀ ਨਾਲ ਇਸ ਮਾਮਲੇ ਨੂੰ ਉਠਾਉਣ ਦਾ ਭਰੋਸਾ ਦਿੱਤਾ।

### 2.11.1.3 ਪਰਿਵਾਰੀ/ਸਿੱਧੇ ਸਬੰਧਾਂ ਵਾਲਿਆਂ ਬੋਲੀਦਾਤਾਵਾਂ ਦੀ ਭਾਗੀਦਾਰੀ

494 ਟੈਂਡਰਾਂ ਵਿੱਚੋਂ, 18 ਟੈਂਡਰਾਂ[66] ਵਿੱਚ ਪਰਿਵਾਰਕ ਰਿਸ਼ਤੇ ਵਾਲੇ ਬੋਲੀਦਾਤਾਵਾਂ ਨੇ ਇੱਕੋ ਟੈਂਡਰ ਵਿੱਚ ਮੁਕਾਬਲਾ ਕੀਤਾ। ਲੇਖਾ ਪ੍ਰੀਖਿਆ ਨੇ 2018-2023 ਵਿੱਚ ਪ੍ਰਕਾਸ਼ਿਤ ਸਾਰੇ ਟੈਂਡਰਾਂ ਵਿੱਚ ਇਨ੍ਹਾਂ ਬੋਲੀਦਾਤਾਵਾਂ ਦੀ ਭਾਗੀਦਾਰੀ ਦੀ ਵੀ ਜਾਂਚ ਕੀਤੀ। ਨਤੀਜੇ ਹੇਠ ਲਿਖੇ ਤੌਰ ਤੇ ਦਰਸਾਏ ਗਏ ਹਨ:

- ਦੋ ਬੋਲੀਦਾਤਾ ਪਤੀ ਅਤੇ ਪਤਨੀ ਦੇ ਤੌਰ ਤੇ ਸੰਬੰਧਿਤ ਪਾਏ ਗਏ ਅਤੇ ਦੋਹਾਂ ਨੇ ਪੀ ਐਸ ਐਫ ਡੀ ਸੀ ਵੱਲੋਂ ਪ੍ਰਕਾਸ਼ਿਤ 15 ਟੈਂਡਰਾਂ ਵਿੱਚ ਪ੍ਰਤੀਯੋਗੀ ਵਜੋਂ ਭਾਗ ਲਿਆ। ਇਨ੍ਹਾਂ ਵਿੱਚੋਂ ਕਿਸੇ ਇੱਕ ਨੂੰ 12 ਟੈਂਡਰਾਂ ਵਿੱਚ ਕੰਟ੍ਰੈਕਟ ਦਿੱਤੇ ਗਏ। ਬੋਲੀਦਾਤਾਵਾਂ ਨੇ ਇੱਕੋ ਹੀ ਮੋਬਾਇਲ ਨੰਬਰ ਨਾਲ ਰਜਿਸਟਰ ਕੀਤਾ ਸੀ ਅਤੇ ਇੱਕੋ ਹੀ ਆਈ ਪੀ ਐਡਰੈਸ ਤੋਂ 12 ਟੈਂਡਰਾਂ ਲਈ ਬੋਲੀਆਂ ਪੇਸ਼ ਕੀਤੀਆਂ ਸਨ।
- ਦੋ ਸੰਬੰਧਤ ਬੋਲੀਦਾਤਾ, ਜੋ ਪਤੀ ਅਤੇ ਪਤਨੀ ਸਨ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਦੁਆਰਾ ਪ੍ਰਕਾਸ਼ਿਤ 121 ਟੈਂਡਰਾਂ ਵਿੱਚ ਭਾਗ ਲਿਆ। ਇਹਨਾਂ ਟੈਂਡਰਾਂ ਵਿੱਚੋਂ 47 ਵਿੱਚ ਕਿਸੇ ਇੱਕ ਬੋਲੀਦਾਤਾ ਨੂੰ ਅਵਾਰਡ ਦਿੱਤੇ ਗਏ। ਨੌਂ ਟੈਂਡਰਾਂ ਵਿੱਚ ਸਿਰਫ ਇਹ ਜੋੜਾ ਇੱਕ ਦੂਜੇ ਦੇ ਮਕਾਬਲੇ ਲਈ ਭਾਗੀਦਾਰ ਬਣਿਆ ਕਿਉਂਕਿ ਇਨ੍ਹਾਂ ਟੈਂਡਰਾਂ ਵਿੱਚ ਸਿਰਫ ਦੋ ਬੋਲੀਆਂ ਪ੍ਰਾਪਤ ਹੋਈਆਂ ਸਨ। ਇਨ੍ਹਾਂ ਨੌਂ ਟੈਂਡਰਾਂ ਵਿੱਚੋਂ, ਛੇ ਟੈਂਡਰਾਂ ਵਿੱਚੋ ਕਿਸੇ ਇੱਕ ਨੂੰ ਜ਼ਾਰੀ ਕੀਤੇ ਗਏ। ਬਾਕੀ ਦੇ ਤਿੰਨ ਟੈਡਰਾਂ ਨੂੰ ਬੋਲੀ ਖੋਲ੍ਹੇ ਬਿਨਾਂ ਹੀ ਰੱਦ ਕਰ ਦਿੱਤਾ ਗਿਆ।

[66] ਪੰਜਾਬ ਰਾਜ ਜੰਗਲਾਤ ਵਿਕਾਸ ਕਾਰਪੋਰੇਸ਼ਨ ਵਿੱਚ ਛੇ ਅਤੇ ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ ਵਿੱਚ 12

### 2.11.1.4 ਸਾਂਝੇ ਭਾਗੀਦਾਰੀ ਵਾਲੀਆਂ ਕੰਪਨੀਆਂ ਦੁਆਰਾ ਇੱਕੋ ਟੈਂਡਰ ਵਿੱਚ ਭਾਗੀਦਾਰੀ

ਇੱਕ ਵਿਅਕਤੀ ਅਤੇ ਇੱਕ ਜੋੜੀਦਾਰ ਦੀ ਫਰਮ ਜਿਸ ਵਿੱਚ ਇਹ ਵਿਅਕਤੀ ਇੱਕ ਜੋੜੀਦਾਰ ਹੈ, ਜੀ ਈ ਪੀ ਐਨ ਆਈ ਸੀ ਤੇ ਇਕ ਹੀ ਮੋਬਾਈਲ ਨੰਬਰ ਦੀ ਵਰਤੋਂ ਕਰਕੇ ਦੋ ਵੱਖ-ਵੱਖ ਵਿਅਕਤੀ ਉਪਭੋਗਤਾਵਾਂ ਦੇ ਤੌਰ ਤੇ ਰਜਿਸਟਰ ਕੀਤੇ ਗਏ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਦੋਨੋ ਬੋਲੀਦਾਤਾਵਾਂ ਨੇ ਸਥਾਨਕ ਸਰਕਾਰ ਦੇ ਵਿਭਾਗ (ਐਮ ਸੀ ਪਟਿਆਲਾ) ਵੱਲੋਂ ਪ੍ਰਕਾਸ਼ਿਤ 30 ਟੈਂਡਰਾਂ ਵਿੱਚ ਪ੍ਰਤੀਯੋਗੀਆਂ ਵਜੋਂ ਭਾਗ ਲਿਆ, ਅਤੇ ਇੱਕ ਠੇਕਾ ਉਸ ਬੋਲੀਦਾਤਾ ਨੂੰ ਦਿੱਤਾ ਗਿਆ ਜੋ ਚਾਰ ਟੈਂਡਰਾਂ ਵਿੱਚ ਇਕੱਲੇ ਵਜੋਂ ਭਾਗ ਲੈ ਰਿਹਾ ਸੀ।

### 2.11.1.5 ਆਈ ਪੀ ਐਡਰੈਸ ਦੇ ਅਧਾਰ ਤੇ ਮਿਲੀਭੁਗਤ ਦਾ ਸ਼ੱਕ

ਇੱਕ ਆਈ ਪੀ ਐਡਰੈਸ (ਇੰਟਰਨੈਟ ਪ੍ਰੋਟੋਕਾਲ ਐਡਰੈਸ) ਇੱਕ ਵਿਲੱਖਣ ਪਹਿਚਾਣ ਹੈ ਜੋ ਹਰ ਡਿਵਾਈਸ ਨੂੰ ਸੌਂਪਿਆ ਜਾਂਦਾ ਹੈ ਜੋ ਉਨ੍ਹਾਂ ਨੈਟਵਰਕਾਂ ਨਾਲ ਜੁੜਿਆ ਹੋਇਆ ਹੈ ਜੋ ਸੰਚਾਰ ਲਈ ਇੰਟਰਨੈਟ ਪ੍ਰੋਟੋਕਾਲ ਦਾ ਉਪਯੋਗ ਕਰਦੇ ਹਨ। ਇੰਟਰਨੈਟ ਤੇ ਹਰੇਕ ਯੰਤਰ ਦਾ ਇੱਕ ਵਿਲੱਖਣ ਆਈ ਪੀ ਪਤਾ ਹੁੰਦਾ ਹੈ, ਜਿਸਨੂੰ ਸਥਿਰ ਜਾਂ ਗਤੀਸ਼ੀਲ ਵਿੱਚ ਵੰਡਿਆ ਜਾ ਸਕਦਾ ਹੈ। ਇੱਕ ਸਥਿਰ ਆਈ ਪੀ ਪਤਾ ਇੰਟਰਨੈਟ ਸਰਵਿਸ ਪ੍ਰਦਾਤਾ (ਆਈ ਐਸ ਪੀ) ਦੁਆਰਾ ਕਿਸੇ ਸਬਸਕ੍ਰਾਈਬਰ ਦੇ ਵਿਲੱਖਣ ਉਪਯੋਗ ਲਈ ਸਥਾਈ ਤੌਰ ਤੇ ਦਿੱਤਾ ਜਾਂਦਾ ਹੈ, ਜਦਕਿ ਇੱਕ ਗਤੀਸ਼ੀਲ ਆਈ ਪੀ ਪਤਾ ਕਿਸੇ ਨੈਟਵਰਕ ਦੁਆਰਾ ਅਸਥਾਈ ਤੌਰ 'ਤੇ ਦਿੱਤਾ ਜਾਂਦਾ ਹੈ ਅਤੇ ਸਮੇਂ ਦੇ ਨਾਲ ਬਦਲ ਸਕਦਾ ਹੈ।

ਜੀ ਈ ਪੀ ਐਨ ਆਈ ਸੀ ਉਸ ਕੰਪਿਊਟਰ ਦੇ ਆਈ ਪੀ ਐਡਰੈਸ ਨੂੰ ਦਰਜ ਕਰਦਾ ਹੈ ਜੋ ਬੋਲੀ ਨੂੰ ਜਮ੍ਹਾਂ ਕਰਨ ਵਿੱਚ ਵਰਤੀ ਜਾਂਦੀ ਹੈ। ਜਦੋਂ ਇੱਕੋ ਟੈਂਡਰ ਲਈ ਕਈ ਬੋਲੀਆਂ ਇੱਕੋ ਆਈ ਪੀ ਐਡਰੈਸ ਤੋਂ ਆਉਂਦੀਆਂ ਹਨ, ਤਾਂ ਇਹ ਦਰਸਾਉਂਦਾ ਹੈ ਕਿ ਉਹ ਜਮ੍ਹਾ ਕਰਨ ਲਈ ਇੱਕੋ ਕੰਪਿਊਟਰ ਦੀ ਵਰਤੋਂ ਕੀਤੀ ਗਈ ਹੈ, ਜੋ ਬੋਲੀਦਾਤਾਵਾਂ ਵਿੱਚ ਸੰਭਾਵਿਤ ਮਿਲੀਭੁਗਤ ਦਾ ਸੰਕੇਤ ਦੇ ਸਕਦੀ ਹੈ। ਜੇਕਰ ਬੋਲੀ ਉਹਨਾਂ ਆਈ ਪੀ ਐਡਰੈਸ ਤੋਂ ਕਰਜ ਕੀਤੀਆਂ ਜਾਣ, ਜੋ ਖਰੀਦਣ ਵਾਲੀ ਸੰਸਥਾ ਨਾਲ ਜੁੜੇ ਹੋਏ ਹਨ, ਤਾਂ ਸਾਜ਼ਿਸ਼ ਦਾ ਖਤਰਾ ਮਹੱਤਵਪੂਰਨ ਹੈ। ਅਗਲੇ ਪੈਰ੍ਹਾਗਰਾਫ ਇਹ ਮੁੱਦੇ ਵਿਸਥਾਰ ਵਿੱਚ ਦੱਸਣਗੇ।

#### *(i) ਖਰੀਦਦਾਰ ਦੇ ਕੰਪਿਊਟਰ ਪ੍ਰਣਾਲੀ ਦਾ ਇਸਤੇਮਾਲ ਕਰਦੇ ਬੋਲੀ ਲਗਾਉਣਾ*

ਰਾਜ ਸਰਕਾਰ ਨੇ ਪੰਜਾਬ ਸਟੇਟ ਵਾਈਡ ਏਰੀਆ ਨੈਟਵਰਕ (ਪੀ ਏ ਡਬਲਯੂ ਏ ਐਨ) ਦੀ ਸਥਾਪਨਾ ਕਿਤੀ ਹੈ, ਜੋ ਇੱਕ ਅੰਦਰੂਨੀ ਸਰਕਾਰੀ ਸੰਚਾਰ ਨੈਟਵਰਕ ਦੇ ਤੌਰ 'ਤੇ ਕੰਮ ਕਰੇਗੀ। ਉਪਯੋਗਕਰਤਾ ਆਪਣੇ ਦਫਤਰਾਂ ਵਿੱਚ ਇੰਟਰਨੈਟ ਅਤੇ ਇੰਟਰਨੈਟ ਕਨੈਕਟੀਵਿਟੀ ਲਈ ਇਸ ਨੈਟਵਰਕ ਨੂੰ ਵਰਤ ਸਕਦੇ ਹਨ, ਜੇਕਰ ਉਨ੍ਹਾਂ ਦੇ ਸਥਾਨਾਂ ਤੇ ਪੀ ਏ ਡਬਲਯੂ ਏ ਐਨ ਕੁਨੈਕਟੀਵਿਟੀ ਉਪਲਬਧ ਹੈ।

**(ੳ)** ਜੰਗਲਾਤ ਅਤੇ ਜੀਵ ਸੰਭਾਲ ਵਿਭਾਗ (ਵਿਭਾਗ) ਕੋਲ ਇੱਕ ਲੀਜ਼ 'ਤੇ ਲਿਆ ਇੰਟਰਨੈਟ ਸੰਪਰਕ ਸੀ ਜੋ ਕਿ ਇੱਕ ਇੰਟਰਨੈਟ ਸੇਵਾ ਪ੍ਰਦਾਤਾ (ਆਈ ਐਸ ਪੀ) ਤੋਂ ਸਟੇਟਿਕ ਆਈ ਪੀ ਐਡਰੈਸ '117.239.5.128 ਤੋਂ 117.239.5.143' ਦੇ ਵਿਚਕਾਰ ਸੀ। ਡੇਟਾ ਵਿਸ਼ਲੇਸ਼ਣ ਨੇ ਦਰਸਾਇਆ ਕਿ ਜੰਗਲਾਤ ਅਤੇ ਜੰਗਲੀ ਜੀਵ ਸੰਭਾਲ ਵਿਭਾਗ ਦੁਆਰਾ ਜਾਰੀ ਕੀਤੇ ਚਾਰ ਟੈਂਡਰਾਂ ਵਿੱਚੋਂ ਦੋ

ਬੋਲੀਦਾਤਾਵਾਂ ਦੁਆਰਾ ਚਾਰ ਬੋਲੀਆਂ ਆਈ ਪੀ ਐਡਰੈਸ '117.239.5.129' ਤੋਂ ਜਮ੍ਹਾਂ ਕੀਤੀਆਂ ਗਈਆਂ, ਜੋ ਵਿਭਾਗ ਨੂੰ ਸੌਂਪੇ ਗਏ ਆਈ ਪੀ ਐਡਰੈਸ ਦੇ ਰੇਂਜ ਵਿੱਚ ਆਉਂਦੀ ਹੈ। ਚਾਰ ਬੋਲੀਆਂ ਵਿੱਚੋਂ ਇੱਕ ਏ ਓ ਸੀ ਲਈ ਮੰਜ਼ੂਰ ਕੀਤੀ ਗਈ ਸੀ। ਇਹਨਾਂ ਬੋਲੀਆਂ ਦੇ ਵਿਵਰਣ **ਸਾਰਣੀ** 2.32 ਵਿੱਚ ਦਰਸਾਏ ਗਏ ਹਨ।

**ਸਾਰਣੀ 2.32: ਵਿਭਾਗ ਦੇ ਆਈ ਪੀ ਐਡਰੈਸ ਦੀ ਵਰਤੋਂ ਕਰਕੇ ਚੜ੍ਹਾਏ ਗਏ ਬੋਲੀਆਂ ਦੇ ਵੇਰਵੇ**

| ਲੜੀ ਨੰ. | ਕਾਰਜ ਆਈਟਮ ਆਈ ਡੀ | ਟੈਂਡਰ ਆਈ ਡੀ | ਬੋਲੀ ਦੀ ਆਈ ਡੀ | ਬੋਲੀ ਦੀ ਮਿਤੀ ਸਮਾਂ | ਆਈ ਪੀ ਐਡਰੈਸ | ਬੋਲੀ ਦੀ ਸਥਿਤੀ |
|---|---|---|---|---|---|---|
| 1. | 31220 | 15308 | 75536 | 05-11-2018 17:12:16 | 117.239.5.129 | ਰੱਦ ਕੀਤੀ ਫੀਸ/ ਪ੍ਰੀਕੁਆਲ/ ਤਕਨੀਕੀ |
| 2. | 177929 | 43493 | 402794 | 16-03-2022 15:53:25 | 117.239.5.129 | ਮੰਜ਼ੂਰ ਕੀਤਾ ਏ ਓ ਸੀ |
| 3. | 181807 | 43493 | 409134 | 27-04-2022 12:55:53 | 117.239.5.129 | ਰੱਦ ਕੀਤਾ ਗਿਆ ਵਿੱਤ |
| 4. | 183212 | 43493 | 414108 | 23-05-2022 12:17:35 | 117.239.5.129 | ਰੱਦ ਕੀਤਾ ਗਿਆ ਵਿੱਤ |

*ਸ੍ਰੋਤ: ਈ-ਖਰੀਦ ਪੋਰਟਲ ਡਾਟਾ*

ਲੇਖਾ ਪ੍ਰੀਖਿਆ ਨੇ ਹੋਰ ਦੇਖਿਆ ਕਿ ਜੀ ਈ ਪੀ ਐਨ ਆਈ ਸੀ ਨਾਲ ਰਜਿਸਟਰ ਕੀਤੇ ਗਏ ਵਿਭਾਗ ਦੇ ਸਰਕਾਰੀ ਉਪਭੋਗਤਾਂ ਨੇ ਵੀ ਉਸੇ ਆਈ ਪੀ ਐਡਰੈਸ 'ਤੇ ਉਹੀ ਤਾਰੀਖਾਂ 'ਤੇ ਲਾਗਇਨ ਕੀਤਾ, ਜਿਸ ਨਾਲ ਇਹ ਸੱਚ ਪੱਕਾ ਹੋਇਆ ਕਿ ਹਾਲਾਂਕਿ ਇਹ ਆਈ ਪੀ ਐਡਰੈਸ ਸਿਰਫ ਵਿਭਾਗ ਦਾ ਸੀ, ਫਿਰ ਵੀ ਇਸ ਨੂੰ ਬੋਲੀਦਾਤਾ ਦੁਆਰਾ ਬੋਲੀ ਪੇਸ਼ ਕਰਨ ਲਈ ਵਰਤਿਆ ਗਿਆ।

ਜੰਗਲਾਤ ਅਤੇ ਜੰਗਲੀ ਜੀਵ ਸੰਭਾਲ ਵਿਭਾਗ ਨੇ ਯਕੀਨ ਦਿਵਾਇਆ (ਮਈ 2024) ਕਿ ਜੇਕਰ ਨੈਟਵਰਕ ਲੌਗ ਸਟੋਰ ਹੋਣਗੇ, ਤਾਂ ਇਨ੍ਹਾਂ ਮਿਤੀਆਂ ਤੇ ਵਰਤੋਂਕਾਰ ਅਤੇ ਉਨ੍ਹਾਂ ਮਸ਼ੀਨਾਂ ਦੀ ਪਛਾਣ ਕਰਨ ਲਈ ਮੁਲਾਂਕਣ ਕੀਤਾ ਜਾਵੇਗਾ ਅਤੇ ਲੇਖਾ ਪ੍ਰੀਖਿਆ ਨੂੰ ਇਸ ਮੁਤਾਬਕ ਜਾਣੂ ਕਰਾ ਦਿੱਤਾ ਜਾਵੇਗਾ।

**(ਅ)** ਲੇਖਾ ਪ੍ਰੀਖਿਆ ਨੇ ਦੇਖਿਆ ਕਿ ਪੀ ਏ ਡਬਲਯੂ ਏ ਐਨ ਨੇ 11 ਜਨਤਕ ਆਈ ਪੀ ਐਡਰੈਸ ਦਾ ਇਸਤੇਮਾਲ ਕੀਤਾ, ਜੋ ਕਿ ਵਿਸ਼ੇਸ਼ ਜਰੂਰਤਾਂ ਦੇ ਅਧਾਰ 'ਤੇ ਵੱਖ-ਵੱਖ ਸਬਨੈਟਵਰਕਾਂ ਵਿੱਚ ਵੰਡੇ ਗਏ। ਜੀ ਈ ਪੀ ਐਨ ਆਈ ਸੀ ਡੇਟਾ ਦਾ ਵਿਸ਼ਲੇਸ਼ਣ ਦੱਸਦਾ ਹੈ ਕਿ ਪੀ ਏ ਡਬਲਯੂ ਏ ਐਨ, ਆਈ ਪੀ ਐਡਰੈਸ ਦੀ ਵਰਤੋਂ ਕਰਦੇ ਹੋਏ 22 ਟੈਂਡਰ ਸੱਦਾ ਦੇਣ ਵਾਲੇ ਅਧਿਕਾਰੀਆਂ (ਟੀ ਆਈ ਏ) ਦੁਆਰਾ ਪ੍ਰਕਾਸ਼ਿਤ ਟੈਂਡਰਾਂ ਲਈ 152 ਬੋਲੀਆਂ ਜਮ੍ਹਾਂ ਕੀਤੀਆਂ ਗਈਆਂ।

ਖਰੀਦਦਾਰ ਇਕਾਈ ਦੇ ਕੰਪਿਊਟਰ ਪ੍ਰਣਾਲੀਆਂ ਤੋਂ ਬੋਲੀਆਂ ਦੀ ਪੇਸ਼ਕਸ਼ ਇਹ ਦਰਸਾਉਂਦੀ ਹੈ ਕਿ ਟੀ ਆਈ ਏਜ਼ ਅਤੇ ਬੋਲੀਦਾਤਾਵਾਂ ਵਿੱਚ ਮਿਲੀਭੁਗਤ ਹੋਣ ਦੀ ਸੰਭਾਵਨਾ ਦਾ ਸੁਝਾਅ ਦਿੰਦਾ ਹੈ ਅਤੇ ਗੋਪਨੀਯਤਾ ਅਤੇ ਗੁਪਤਤਾ ਸੰਬੰਧੀ ਚਿੰਤਾਵਾਂ ਪੈਦਾ ਕਰਦਾ ਹੈ, ਜਿਸ ਨਾਲ ਸੰਭਾਵੀ ਤੌਰ ਤੇ ਅਨੁਚਿਤ ਮੁਕਾਬਲਾ ਹੁੰਦਾ ਹੈ।

ਨੋਡਲ ਵਿਭਾਗ ਨੇ (ਜੂਨ 2024) ਸਰਕਾਰੀ ਵਰਤੋਂਕਾਰਾਂ ਦੇ ਕੰਪਿਊਟਰ ਪ੍ਰਣਾਲੀਆਂ ਦੀ ਵਰਤੋਂ ਕਰਕੇ ਬੋਲੀਆਂ ਦੀ ਸਬਮਿਸ਼ਨ ਤੇ ਕੋਈ ਨਿਯੰਤਰਣ ਨਾ ਹੋਣ ਨੂੰ ਮੰਨਿਆ।

ਵਿਭਾਗ ਦੇ ਆਪਣੇ ਆਈ ਪੀ ਐਡਰੈਸ ਤੋਂ ਬੋਲੀ ਜਮ੍ਹਾਂ ਕਰਵਾਉਣ ਦਾ ਮਤਲਬ ਹੈ ਕਿ ਵਿਭਾਗ ਦੇ ਕਰਮਚਾਰੀ ਅਤੇ ਬੋਲੀਦਾਤਾਵਾਂ ਵਿਚਕਾਰ ਮਿਲੀਭੁਗਤ ਹੋਣ ਦੀ ਸੰਭਾਵਨਾ ਹੈ ਅਤੇ ਇਸ ਨਾਲ ਇਹ ਯਕੀਨੀ ਨਹੀਂ ਰੱਖਿਆ ਜਾ ਸਕਦਾ ਕਿ ਸਾਰੀਆਂ ਜਮ੍ਹਾਂ ਕੀਤੀਆਂ ਬੋਲੀਆਂ ਦੀ ਗੁਪਤਤਾ ਸੱਚਮੁੱਚ ਸੁਰੱਖਿਅਤ ਰਹੀ ਹੈ। ਜਦੋਂ ਕਿ ਬੋਲੀ ਦੇ ਸਬਮਿਟ ਕਰਨ ਲਈ ਐਪਲੀਕੇਸ਼ਨ ਫਰੰਟ ਐਂਡ ਵਿਭਾਗੀ ਪਰਿਸਰ ਦੇ ਵਿੱਚ ਖੋਲ੍ਹਿਆ ਜਾਵੇਗਾ, ਜਿਸ ਦੇ ਕਾਰਣ ਬੋਲੀ ਦੀ ਗੋਪਨੀਯਤਾ ਨੂੰ ਬਰਕਰਾਰ ਰੱਖਣ ਦਾ ਵੱਡਾ ਖਤਰਾ ਹੈ ਅਤੇ ਇੱਕ ਬੋਲੀਦਾਤਾ ਦੇ ਬੋਲੀ ਵੇਰਵੇ ਦੀ ਜਾਣਕਾਰੀ ਸੰਭਾਵਤ ਤੌਰ ਤੇ ਇੱਕ ਪ੍ਰਤੀਯੋਗੀ ਬੋਲੀਦਾਤਾ ਨੂੰ ਮਿਲ ਸਕਦੀ ਹੈ, ਜਿਸ ਨਾਲ ਗਲਤ ਫ਼ਾਇਦਾ ਵੱਧ ਜਾਂਦਾ ਹੈ ਅਤੇ ਈ-ਖਰੀਦ ਪ੍ਰਕਿਰਿਆ ਨੂੰ ਖਰਾਬ ਕਰ ਦਿੰਦਾ ਹੈ।

***(ii) ਇੱਕ ਹੀ ਟੈਂਡਰ ਲਈ ਬੋਲੀਆਂ ਇੱਕੋ ਹੀ ਆਈ ਪੀ ਐਡਰੈਸ ਤੋਂ ਪ੍ਰਾਪਤ ਹੋਈਆਂ***

ਜੀ ਈ ਪੀ ਐਨ ਆਈ ਸੀ ਡਾਟਾ ਦੀ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਇਹ ਪੱਤਾ ਲੱਗਿਆ ਕਿ 1.36 ਲੱਖ ਟੈਂਡਰਾਂ ਵਿੱਚੋਂ, ਜਿਨਾਂ ਦੇ ਵਿਰੁੱਧ ਯੋਗ ਬੋਲੀਆਂ ਪ੍ਰਾਪਤ ਹੋਈਆਂ ਸਨ, ₹ 0.41 ਲੱਖ ਟੈਂਡਰਾਂ (30 *ਪ੍ਰਤੀਸ਼ਤ*) ਵਿੱਚ ਇੱਕੋ ਟੈਂਡਰ ਲਈ ਦੋ ਤੋਂ 74 ਬੋਲੀਆਂ ਇਕੋ ਆਈ ਪੀ ਪਤੇ ਤੋਂ ਜਮ੍ਹਾਂ ਕਰਵਾਈਆਂ ਸੀ।

ਨਮੂਨਾ-ਜਾਂਚ ਕੀਤੇ ਗਏ ਟੈਂਡਰਾਂ, ਵਿੱਚੋਂ 138 ਟੈਂਡਰਾਂ ਵਿੱਚ ਦੋ ਜਾਂ ਵੱਧ ਬੋਲੀਆਂ ਇਕੋ ਸਮਾਨ ਆਈ ਪੀ ਐਡਰੈਸ ਤੋਂ ਪੇਸ਼ ਕੀਤੀਆਂ ਗਈਆਂ ਸਨ, ਜੋ ਇੱਕੋ ਹੀ ਟੈਂਡਰ ਲਈ ਮੁਕਾਬਲਾ ਕਰਨ ਵਾਲੇ ਬੋਲੀਦਾਤਾਵਾਂ ਦੁਆਰਾ ਦਿੱਤੀਆਂ ਗਈਆਂ ਹਨ, ਜਿਸ ਨੂੰ **ਅੰਤਿਕਾ** 2.9 ਵਿੱਚ ਵਿਸਥਾਰ ਨਾਲ ਦਰਸਾਇਆ ਗਿਆ ਹੈ। ਪੰਜਾਬ ਰਾਜ ਜੰਗਲਾਤ ਵਿਕਾਸ ਕਾਰਪੋਰੇਸ਼ਨ (ਪੀ ਐਸ ਐਫ ਡੀ ਸੀ) ਦੁਆਰਾ ਪ੍ਰਕਾਸ਼ਿਤ ਇੱਕ ਟੈਂਡਰ ਵਿੱਚ ਸੱਤ ਬੋਲੀਆਂ ਇਕੋਂ ਹੀ ਆਈ ਪੀ ਐਡਰੈਸ ਦੀ ਵਰਤੋਂ ਕਰਦਿਆਂ ਦਾਖਲ ਕੀਤੀਆਂ ਗਈਆਂ, ਜਿਸ ਨਾਲ ਬੋਲੀਦਾਤਾਵਾਂ ਵਿੱਚ ਮਿਲੀਭੁਗਤ ਦੀ ਸੰਭਾਵਨਾ ਦਰਸਾਈ ਗਈ, ਜਿਸ ਦਾ ਵੇਰਵਾ **ਸਾਰਣੀ** 2.33 ਵਿੱਚ ਦਿੱਤਾ ਗਿਆ ਹੈ।

**ਸਾਰਣੀ 2.33: ਇੱਕੋ ਹੀ ਆਈ ਪੀ ਐਡਰੈਸ ਤੋਂ ਇੱਕ ਟੈਂਡਰ ਲਈ ਪ੍ਰਾਪਤ ਹੋਈਆਂ ਬੋਲੀਆਂ ਦਾ ਵੇਰਵਾ**

| ਕਾਰਜ ਆਈਟਮ ਆਈ ਡੀ | ਬੋਲੀ ਦੀ ਆਈ ਡੀ | ਬੋਲੀ ਦੀ ਮਿਤੀ | ਬੋਲੀ ਦਾ ਸਮਾਂ | ਆਈ ਪੀ ਐਡਰੈਸ | ਬੋਲੀ ਦੀ ਸਥਿਤੀ |
|---|---|---|---|---|---|
| 183212 | 414032 | 22-05-2022 | 20:13:28 | 103.223.10.209 | ਮੰਜ਼ੂਰ ਕੀਤਾ ਏ ਓ ਸੀ |
| 183212 | 414033 | 22-05-2022 | 20:46:06 | 103.223.10.209 | ਮੰਜ਼ੂਰ ਕੀਤਾ ਏ ਓ ਸੀ |
| 183212 | 414034 | 22-05-2022 | 20:58:03 | 103.223.10.209 | ਰੱਦ ਕੀਤਾ ਗਿਆ ਵਿੱਤ |
| 183212 | 414174 | 23-05-2022 | 15:06:57 | 103.223.10.209 | ਮੰਜ਼ੂਰ ਕੀਤਾ ਏ ਓ ਸੀ |
| 183212 | 414028 | 23-05-2022 | 16:05:31 | 103.223.10.209 | ਮੰਜ਼ੂਰ ਕੀਤਾ ਏ ਓ ਸੀ |
| 183212 | 414210 | 23-05-2022 | 16:25:15 | 103.223.10.209 | ਮੰਜ਼ੂਰ ਕੀਤਾ ਏ ਓ ਸੀ |
| 183212 | 414089 | 23-05-2022 | 16:30:31 | 103.223.10.209 | ਮੰਜ਼ੂਰ ਕੀਤਾ ਏ ਓ ਸੀ |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਪੀ ਐਸ ਐਫ ਡੀ ਸੀ ਸਹਿਮਤ ਹੋਇਆ (ਮਈ 2024) ਕਿ ਬੋਲੀਆਂ ਨਾਲ ਕੈਪਚਰ ਕੀਤੇ ਗਏ ਆਈ ਪੀ ਐਡਰੈਸਾਂ ਨੂੰ ਹੁਣ ਤੱਕ ਵਿਚਾਰਿਆ ਨਹੀਂ ਗਿਆ ਸੀ। ਹਾਲਾਂਕਿ, ਇਸ ਮਾਮਲੇ ਨੂੰ ਐਨ ਆਈ ਸੀ ਨਾਲ ਚਰਚਾ ਕਰਨ ਅਤੇ ਇੱਕੋ ਆਈ ਪੀ ਐਡਰੈਸ ਤੋਂ ਇੱਕੋਂ ਟੈਂਡਰ ਲਈ ਦੂਜੀ ਬੋਲੀ ਨੂੰ ਸੀਮਤ ਕਰਨ ਲਈ ਯਕੀਨ ਦਿੱਤਾ ਗਿਆ ਸੀ ਅਤੇ ਭਵਿੱਖ ਦੇ ਟੈਂਡਰ ਵਿੱਚ ਆਈ ਪੀ ਐਡਰੈਸ ਦੇ ਵਿਚਾਰ ਕਰਨ ਦਾ ਵਾਅਦਾ ਕੀਤਾ ਸੀ।

ਇੱਕ ਨਿਰਪੱਖ ਅਤੇ ਪ੍ਰਤੀਯੋਗੀ ਬੋਲੀ ਦੇ ਵਾਤਾਵਰਨ ਵਿੱਚ, ਸਾਰੇ ਬੋਲੀਦਾਤਾਵਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੀ ਬੋਲੀ ਨੂੰ ਸੁਤੰਤਰਤਾਪੂਰਕ ਪੇਸ਼ ਕਰੇਗਾ। ਇੱਕੋ ਆਈ ਪੀ ਐਡਰੈਸ ਸਾਂਝਾ ਕਰਨ ਵਾਲੇ ਬੋਲੀਦਾਤਾਵਾਂ ਵੱਲੋਂ ਬੋਲੀ ਦਾ ਪੇਸ਼ ਕੀਤਾ ਜਾਣਾ ਮਿਲੀਭੁਗਤ ਹੋਣ ਦਾ ਮਹੱਤਵਪੂਰਣ ਖਤਰਾ ਅਤੇ ਬੋਲੀ ਦੀ ਗੁਪਤਤਾ ਦੀ ਕਮੀ ਦੇ ਸੰਕੇਤਕ ਹੈ, ਜੋ ਜਨਤਕ ਖਰੀਦ ਲਈ ਖੁੱਲੀ ਬਜ਼ਾਰ ਮੁਕਾਬਲੇ ਦੁਆਰਾ ਕੀਮਤ ਦੇ ਖੋਜ ਦੇ ਉਦੇਸ਼ਾਂ ਅਤੇ ਪ੍ਰਭਾਵਸੀਲਤਾ ਨੂੰ ਗੰਭੀਰ ਰੂਪ ਵਿੱਚ ਪ੍ਰਭਾਵਿਤ ਕਰ ਸਕਦਾ ਹੈ।

### 2.11.1.6 ਕਾਰਟੇਲ ਬਿਡਿੰਗ ਰਿਪੋਰਟ ਦੀ ਵਰਤੋਂ ਨਾ ਕਰਨਾ

ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਗੈਰ-ਜਨਤਕ ਖੇਤਰ ਉਪਕ੍ਰਮ) ‘ਤੇ 31 ਮਾਰਚ 2017 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਦੇ ਪੈਰ੍ਹਾ 3.12.4.4 ਵਿੱਚ ਸਾਂਝੇ ਈ-ਮੇਲ ਆਈ ਡੀ ਅਤੇ ਮੋਬਾਈਲ ਨੰਬਰਾਂ ਦੀ ਵਰਤੋਂ ਕਰਨ ਵਾਲੇ ਬੋਲੀਦਾਤਾਵਾਂ ਦੇ ਮੁੱਦੇ ਨੂੰ ਉਜਾਗਰ ਕਰਨ ਦੇ ਬਾਵਜੂਦ, ਅਤੇ ਅਕਤੂਬਰ 2018 ਵਿੱਚ ਪੀ ਡਬਲਯੂ ਡੀ ਵੱਲੋਂ ਲੋਕ ਲੇਖਾ ਕਮੇਟੀ ਨੂੰ ਐਨ ਆਈ ਸੀ ਦੁਆਰਾ ਸਾਂਝੇ ਕ੍ਰੀਡੈਨਸ਼ੀਅਲਜ਼ ਵਾਲੇ ਉਪਭੋਗਤਾਵਾਂ ਨੂੰ ਇੱਕੋ ਟੈਂਡਰ ਤੇ ਬੋਲੀ ਲਗਾਉਣ ਤੋਂ ਰੋਕਣ ਲਈਸਖਤ ਪ੍ਰਮਾਣਿਕਤਾ ਜਾਂਚਾਂ ਨੂੰ ਲਾਗੂ ਕਰਨ ਬਾਰੇ ਭਰੋਸਾ ਦੇਣ ਦੇ ਬਾਵਜੂਦ; ਜੀ ਈ ਪੀ ਐਨ ਆਈ ਸੀ ਨੇ ਅਜਿਹੇ ਬੋਲੀਦਾਤਾਵਾਂ ਨੂੰ ਇੱਕੋ ਟੈਂਡਰ ਲਈ ਮੁਕਾਬਲਾ ਕਰਨ ਦੀ ਇਜਾਜ਼ਤ ਦੇਣਾ ਜਾਰੀ ਰੱਖਿਆ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ ਹਾਲਾਂਕਿ, ਜੀ ਈ ਪੀ ਐਨ ਆਈ ਸੀ ਵਿੱਚ ਆਪਣੇ ਪ੍ਰਬੰਧਕੀ ਸੂਚਨਾ ਪ੍ਰਣਾਲੀ (ਐਮ ਆਈ ਐਸ) ਵਿੱਚ 'ਕਾਰਟਲ ਬਿਡਿੰਗ ਰਿਪੋਰਟ' ਹੈ, ਜੋ ਡੁਪਲੀਕੇਟ ਆਈ ਪੀ ਐਡਰੈਸ, ਵਿਕਲਪਿਕ ਈ-ਮੇਲਾਂ ਅਤੇ ਪੈਨ/ਟੈਨ ਨੰਬਰਾਂ ਵਰਗੇ ਮਿਆਰਾਂ ਆਧਾਰ 'ਤੇ ਸ਼ੱਕੀ ਕਾਰਟਲ ਬੋਲੀਦਾਤਾਵਾਂ ਦੀ ਸੂਚੀ ਤਿਆਰ ਕਰਦੀ ਹੈ, ਪਰ ਨਮੂਨਾ ਜਾਂਚ ਕੀਤੀ ਗਈ ਕਿਸੇ ਵੀ ਟੀ ਆਈ ਏ ਨੂੰ ਐਮ ਆਈ ਐਸ ਵਿੱਚ ਪਹੁੰਚ ਨਹੀਂ ਦਿੱਤੀ ਗਈ।

ਨੋਡਲ ਵਿਭਾਗ ਨੇ ਕਿਹਾ (ਮਈ 2024) ਕਿ ਕਾਰਟੇਲ ਬਿਡਿੰਗ ਰਿਪੋਰਟ ਤੱਕ ਪਹੁੰਚ ਜੀ ਈ ਪੀ ਐਨ ਆਈ ਸੀ ਪੋਰਟਲ ਵਿੱਚ ਯੋਗ ਬਣਾਈ ਗਈ ਸੀ। ਨੋਡਲ ਵਿਭਾਗ ਨੇ ਅੱਗੇ ਸਪਸ਼ਟ ਕੀਤਾ (ਜੂਨ 2024) ਕਿ ਇਹ ਟੀ ਆਈ ਏ ਦੀ ਜ਼ਿੰਮੇਵਾਰੀ ਸੀ ਕਿ ਉਹ ਮਿਲੀਭੁਗਤ ਵਰਤਾਰਿਆਂ ਦੇ ਖਿਲਾਫ਼ ਕਦਮ ਉਠਾਏ ਅਤੇ ਇਹ ਵੀ ਦੱਸਿਆ ਕਿ ਜਰੂਰਤ ਪੈਣ 'ਤੇ ਟੀ ਆਈ ਏ ਨੂੰ ਐਸੇ ਬੋਲੀਦਾਤਾਵਾਂ ਨੂੰ ਬੈਨ ਕਰਨ ਦਾ ਅਧਿਕਾਰ ਸੀ। ਵਿਭਾਗ ਨੇ ਅੱਗੇ ਕਿਹਾ (ਨਵੰਬਰ 2024) ਕਿ

ਉਪਭੋਗਤਾ ਵਿਭਾਗਾਂ ਦੇ ਲਈ ਲਾਜ਼ਮੀ ਸਲਾਹ-ਮਸਵਰਾ ਜਾਰੀ ਕੀਤਾ ਜਾਵੇਗਾ ਅਤੇ ਇਸ ਮਾਮਲੇ ਨੂੰ ਐਨ ਆਈ ਸੀ ਦੇ ਨਾਲ ਉਠਾਇਆ ਜਾਵੇਗਾ।

ਜਵਾਬ ਤਸੱਲੀਬਖਸ਼ ਨਹੀਂ ਸੀ ਕਿਉਂਕਿ ਕਾਰਟੇਲ ਬਿਡਿੰਗ ਰਿਪੋਰਟ ਤੱਕ ਪਹੁੰਚ ਸਿਰਫ ਮਈ 2024 ਵਿੱਚ ਟੀ ਆਈ ਏਜ਼ ਨੂੰ ਦਿੱਤੀ ਗਈ ਸੀ, ਜੋ ਕਿ ਜੀ ਈ ਪੀ ਐਨ ਆਈ ਸੀ ਦੇ ਕਈ ਸਾਲਾਂ ਦੇ ਲਾਗੂ ਹੋਣ ਦੇ ਬਾਅਦ ਸੀ, ਅਤੇ ਇਸਦੇ ਪ੍ਰਭਾਵਸ਼ਾਲੀ ਉਪਯੋਗ ਲਈ ਸਿਖਲਾਈ ਵੀ ਨਾਕਾਫ਼ੀ ਸੀ ਜਿਵੇਂ ਕਿ **ਪੈਰ੍ਹਾ** 2.9.6 ਵਿੱਚ ਚਰਚਾ ਕੀਤੀ ਗਈ ਹੈ।

### 2.11.2 ਟੈਂਡਰਿੰਗ ਰਿਕਾਰਡ ਨੂੰ ਟ੍ਰੇਸ ਕਰਨ ਵਿੱਚ ਕਮੀਆਂ


ਪੀ ਟੀ ਪੀ ਪੀ ਐਕਟ 2019 ਦੀ ਧਾਰਾ 6 ਦੇ ਅਨੁਸਾਰ ਖਰੀਦਦਾਰੀ ਕਰ ਰਹੀ ਇਕਾਈਆਂ ਨੂੰ ਆਪਣੇ ਖਰੀਦਦਾਰੀ ਦੇ ਕਾਰਜਾਂ ਦੇ ਰਿਕਾਰਡ ਰੱਖਣੇ ਦੀ ਲੋੜ ਹੈ, ਜਿਸ ਵਿੱਚ ਭਾਗੀਦਾਰ ਬੋਲੀਦਾਤਾਵਾਂ ਦੇ ਵੇਰਵੇ ਸ਼ਾਮਲ ਹਨ। ਇਸਦੇ ਅਤਿਰਿਕਤ, ਧਾਰਾ 6(2) ਇਹ ਨਿਰਧਾਰਤ ਕਰਦੀ ਹੈ ਕਿ ਖਰੀਦਦਾਰੀ ਨਾਲ ਸੰਬੰਧਤ ਸਾਰੇ ਦਸਤਾਵੇਜ਼, ਸੂਚਨਾਵਾਂ, ਫੈਸਲੇ ਅਤੇ ਹੋਰ ਜਾਣਕਾਰੀ, ਜਿਸ ਵਿੱਚ ਧਾਰਾ 49 ਦੇ ਅਧੀਨ ਅਪੀਲ ਵੀ ਸ਼ਾਮਲ ਹਨ, ਨੂੰ ਇਸ ਤਰ੍ਹਾਂ ਦਰਜ ਕੀਤਾ ਜਾਣਾ ਚਾਹੀਦਾ ਹੈ ਕਿ ਉਹ ਭਵਿੱਖ ਦੇ ਲਈ ਸਪਸ਼ਟ ਅਤੇ ਆਸਾਨੀ ਨਾਲ ਪਹੁੰਚਣਯੋਗ ਹੋਵੇ।

#### 2.11.2.1 ਬੋਲੀ ਦਸਤਾਵੇਜ਼ਾਂ ਦੀ ਮੁੜ ਪ੍ਰਾਪਤੀ

ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਇਹ ਖੁਲਾਸਾ ਕੀਤਾ ਕਿ ਜਦੋਂ ਕਿ ਜੀ ਈ ਪੀ ਐਨ ਆਈ ਸੀ 15 ਨਮੂਨਾ-ਜਾਂਚ ਟੈਂਡਰਾਂ ਵਿੱਚ ਬੋਲੀਦਾਤਾਵਾਂ ਦੁਆਰਾ ਦਿੱਤੇ ਗਏ ਦਸਤਾਵੇਜ਼ਾਂ ਨੂੰ 'ਟੈਂਡਰ ਡਿਸਕਰਸਿਵ ਰਿਪੋਰਟ' ਰਾਹੀਂ ਐਮ ਆਈ ਐਸ ਵਿੱਚ ਮੁੜ ਪ੍ਰਾਪਤ ਕਰਨ ਵਿੱਚ ਸਮਰੱਥ ਸੀ, ਪਰ ਅਨੇਕ ਕੋਸ਼ਿਸ਼ਾਂ ਅਤੇ ਵੱਖਰੇ ਬ੍ਰਾਉਜ਼ਰਾਂ ਦੇ ਇਸਤੇਮਾਲ ਦੇ ਬਾਵਜੂਦ, ਦਸਤਾਵੇਜ਼ਾਂ ਨੂੰ ਡਾਊਨਲੋਡ ਕਰਨ ਵਿੱਚ ਤਕਨੀਕੀ ਗਲਤੀਆਂ ਕਾਰਣ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਨੋਡਲ ਵਿਭਾਗ ਨੇ ਜਵਾਬ ਦਿੱਤਾ (ਮਈ 2024) ਕਿ ਜੀ ਈ ਪੀ ਐਨ ਆਈ ਸੀ ਐਪਲੀਕੇਸ਼ਨ ਵਿੱਚ ਸਮੱਸਿਆ ਨੂੰ ਸੁਧਾਰਿਆ ਗਿਆ ਸੀ। ਹਾਲਾਂਕਿ, ਲੇਖਾ ਪ੍ਰੀਖਿਆ ਨੇ **ਚਿੱਤਰ** 2.15 ਵਿੱਚ ਦਰਸਾਏ ਗਏ 15 ਟੈਂਡਰਾਂ ਦੇ ਇਲਾਵਾ ਹੋਰ ਟੈਂਡਰਾਂ ਦੇ ਬੋਲੀ ਦਸਤਾਵੇਜ਼ਾਂ ਨੂੰ ਡਾਊਨਲੋਡ ਕਰਨ ਦੀ ਕੋਸ਼ਿਸ਼ ਕਰਦਿਆਂ ਇਹ ਗਲਤੀ ਨੋਟਿਸ ਕੀਤੀ (ਸਤੰਬਰ 2024)।

**ਚਿੱਤਰ 2.15: ਐਮ ਆਈ ਐਸ ਵਿੱਚ ਟੈਂਡਰ ਡਿਸਕਰਸਿਵ ਰਿਪੋਰਟ ਤੋਂ ਬੋਲੀਦਾਤਾ ਦਸਤਾਵੇਜ਼ ਡਾਊਨਲੋਡ ਕਰਨ ਵੇਲੇ ਗਲਤੀ ਦਿਖਾਉਂਦਾ ਚਿੱਤਰ**




*ਸ੍ਰੋਤ: ਜੀ ਈ ਪੀ ਐਨ ਆਈ ਸੀ ਐਮ ਆਈ ਐਸ*

ਇਸ ਤਰ੍ਹਾਂ, ਸੁਧਾਰ ਦੇ ਬਾਵਜੂਦ, ਨਮੂਨਾ-ਜਾਂਚ ਕੀਤੇ ਟੈਂਡਰਾਂ ਤੋਂ ਇਲਾਵਾ ਹੋਰਾਂ ਵਿੱਚ ਵੀ ਇਹ ਗਲਤੀ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਨੋਡਲ ਵਿਭਾਗ ਸਹਿਮਤ ਹੋਇਆ (ਨਵੰਬਰ 2024) ਕਿ ਇਸ ਮਾਮਲੇ 'ਤੇ ਐਨ ਆਈ ਸੀ ਤੋਂ ਸਪਸ਼ਟੀਕਰਨ ਲਿਆ ਜਾਵੇਗਾ।

### 2.11.2.2 ਟੈਂਡਰ ਰੱਦ ਕਰਨ ਦਾ ਪਤਾ ਲਗਾਉਣਾ

ਜੀ ਈ ਪੀ ਐਨ ਆਈ ਸੀ ਵਿੱਚ, ਟੈਂਡਰ ਰੱਦ ਕਰਨ ਦੇ ਸ਼ੁੱਧੀਕਰਨ ਦੀ ਵਰਤੋਂ ਟੈਂਡਰ ਨੂੰ ਪਿਛਲੇ ਪੜਾਅ ਤੇ ਲਿਜਾਣ ਲਈ ਕੀਤੀ ਜਾਂਦੀ ਸੀ, ਏ ਓ ਸੀ ਜਾਰੀ ਕਰਨ ਤੋਂ ਬਾਅਦ ਵੀ, ਟੈਂਡਰਾਂ ਨੂੰ ਪਿਛਲੇ ਪੜਾਵਾਂ ਤੇ ਰੱਦ ਕੀਤਾ ਜਾ ਸਕਦਾ ਸੀ।

#### *(i) ਜੀ ਈ ਪੀ ਐਨ ਆਈ ਸੀ ਦੀ ਟੈਂਡਰ ਰੱਦ ਕਰਨ ਦੀ ਵਿਸ਼ੇਸ਼ਤਾ ਦੀ ਵਾਰ-ਵਾਰ ਵਰਤੋਂ*

ਜੀ ਈ ਪੀ ਐਨ ਆਈ ਸੀ ਡਾਟਾ ਦੀ ਲੇਖਾ ਪ੍ਰੀਖਿਆ ਤੋਂ ਪਤਾ ਲੱਗਿਆ ਕਿ ਟੈਂਡਰਾਂ ਨੂੰ ਰੱਦ ਕਰਨਾ ਕਦੇ-ਕਮਾਈ ਨਹੀਂ ਹੁੰਦਾ ਸੀ ਕਿਉਂਕਿ 649 ਟੈਂਡਰਾਂ ਨੂੰ ਰੱਦ ਕਰਨ ਲਈ 680 ਸ਼ੁੱਧੀਕਰਨ ਜਾਰੀ ਕੀਤੇ ਗਏ ਪਾਏ ਗਏ ਸਨ। 31 ਮਾਰਚ 2023 ਤੱਕ ਇਹਨਾਂ ਟੈਂਡਰਾਂ ਦੇ ਪੜਾਵਾਂ ਨੂੰ **ਸਾਰਣੀ 2.34** ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.34: ਰੱਦ ਕੀਤੇ ਟੈਂਡਰਾਂ ਦੇ ਵੇਰਵੇ**

| 31 ਮਾਰਚ 2023 ਤੱਕ ਟੈਂਡਰ ਸਥਿਤੀ | ਟੈਂਡਰ ਪੜਾਅ | ਟੈਂਡਰਾਂ ਦੀ ਸੰਖਿਆ |
|---|---|---|
| ਪ੍ਰਕਾਸ਼ਿਤ | ਬੋਲੀ_ਖੋਲ੍ਹੀ_2 | 28 |
| | ਮੁਲਾਂਕਣ _ਵਿੱਤੀ | 62 |
| | ਮੁਲਾਂਕਣ _ ਤਕਨੀਕੀ | 64 |
| | ਖੋਲ੍ਹੀ_ਜਾਣ_ਵਾਲੀ | 5 |
| ਮਿਆਦ ਸਮਾਪਤ | ਏ ਓ ਸੀ | 368 |
| ਰੱਦ ਕੀਤੀ ਗਈ | ਬੋਲੀ_ਖੋਲ੍ਹੀ_1 | 18 |
| | ਬੋਲੀ_ਖੋਲ੍ਹੀ_2 | 11 |
| | ਮੁਲਾਂਕਣ _ਵਿੱਤੀ | 11 |
| | ਮੁਲਾਂਕਣ _ ਤਕਨੀਕੀ | 19 |
| | ਖੋਲ੍ਹੀ_ਜਾਣ_ਵਾਲੀ | 53 |
| ਮੁੜ-ਟੈਂਡਰ | ਬੋਲੀ_ਖੋਲ੍ਹੀ_1 | 2 |
| | ਬੋਲੀ_ਖੋਲ੍ਹੀ_2 | 3 |
| | ਮੁਲਾਂਕਣ _ ਤਕਨੀਕੀ | 1 |
| | ਖੋਲ੍ਹੀ_ਜਾਣ_ਵਾਲੀ | 4 |
| **ਜੋੜ** | | **649** |

*ਸ੍ਰੋਤ: ਜੀ ਈ ਪੀ ਐੱਨ ਆਈ ਸੀ ਡਾਟਾਬੇਸ*

ਲੇਖਾ ਪ੍ਰੀਖਿਆ ਨੇ ਇਹ ਵੀ ਦੇਖਿਆ ਕਿ ਟੈਂਡਰ ਪ੍ਰੋਸੈਸਿੰਗ ਅਤੇ ਉਨ੍ਹਾਂ ਖਾਸ ਪੜਾਵਾਂ ਨਾਲ ਸਬੰਧਤ ਮਹੱਤਵਪੂਰਨ ਟਰੈਕਿੰਗ ਵੇਰਵੇ ਜਿਨ੍ਹਾਂ ਤੋਂ ਇਹ ਟੈਂਡਰ ਰੱਦ ਕੀਤੇ ਗਏ ਸਨ, ਪੋਰਟਲ ਅਤੇ ਡੇਟਾਬੇਸ ਦੋਵਾਂ ਤੋਂ ਗਾਇਬ ਸਨ।

### *(ii) ਢੁੱਕਵੇਂ ਤਰਕ ਤੋਂ ਬਿਨਾਂ ਟੈਂਡਰਾਂ ਨੂੰ ਰੱਦ ਕਰਨਾ*

ਜੀ ਈ ਪੀ ਐੱਨ ਆਈ ਸੀ ਵਿੱਚ 'ਜੀ ਈ ਪੀ _ਟੈਂਡਰ_ਰੀਜ਼ਨ' ਨਾਮਕ ਇੱਕ ਇਨਬਿਲਟ ਟੇਬਲ ਸ਼ਾਮਲ ਸੀ ਜਿਸ ਵਿੱਚ ਉਪਭੋਗਤਾਵਾਂ ਲਈ ਟੈਂਡਰਾਂ ਨੂੰ ਰੱਦ ਕਰਨ ਲਈ ਢੁਕਵੇਂ ਕਾਰਣਾਂ ਵਜੋਂ ਚੁਣਨ ਲਈ ਪਹਿਲਾਂ ਤੋਂ ਪਰਿਭਾਸ਼ਿਤ ਵਿਵਰਣੀਆਂ ਸਨ।

ਪਿਛਲੇ ਪੜਾਵਾਂ ਵਿੱਚ ਰੱਦ ਕੀਤੇ ਗਏ 649 ਟੈਂਡਰਾਂ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਤਿੰਨ ਟੈਂਡਰ ਤਿੰਨ ਵਾਰ ਰੱਦ ਕੀਤੇ ਗਏ ਸਨ ਅਤੇ 25 ਟੈਡਰਾਂ ਨੂੰ ਦੋ ਵਾਰ ਰੱਦ ਕੀਤਾ ਗਿਆ ਸੀ (**ਸਾਰਣੀ** 2.35)। ਹਾਲਾਂਕਿ, ਕਿਸੇ ਵੀ ਮਾਮਲੇ ਵਿੱਚ ਰੱਦ ਕਰਨ ਦੇ ਕਾਰਣ ਪ੍ਰਦਾਨ ਨਹੀਂ ਕੀਤੇ ਗਏ ਸਨ, ਕਿਉਂਕਿ ਜੀ ਈ ਪੀ ਐੱਨ ਆਈ ਸੀ ਕਾਰਣਾਂ ਨੂੰ ਸ਼ਾਮਲ ਕਰਨ ਦਾ ਅਧਿਕਾਰ ਨਹੀਂ ਦਿੰਦਾ ਸੀ, ਭਾਵੇਂ ਪਹਿਲਾਂ ਤੋਂ ਪਰਿਭਾਸ਼ਿਤ ਵਿਵਰਣੀਆਂ ਵਿੱਚੋਂ ਚੁਣ ਕੇ ਜਾਂ ਹੋਰ ਤਰੀਕੇ ਨਾਲ। ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਟੈਂਡਰਾਂ ਨੂੰ ਢੁੱਕਵੇਂ ਤਰਕ ਤੋਂ ਬਿਨਾਂ ਪਹਿਲਾਂ ਦੇ ਪੜਾਵਾਂ ਵਿੱਚ ਵਾਪਸ ਕੀਤਾ ਜਾ ਰਿਹਾ ਸੀ।

**ਸਾਰਣੀ 2.35: ਟੈਂਡਰਾਂ ਦਾ ਵੇਰਵਾ ਜੋ ਕਈ ਵਾਰ ਰੱਦ ਕੀਤੇ ਗਏ ਸਨ**

| ਕਾਰਜ ਆਈਟਮ ਆਈ ਡੀ | ਰੱਦ ਕੀਤੇ ਜਾਣ ਦਾ ਵੇਰਵਾ | ਕਾਰਣ |
|---|---|---|
| 19981 | ਵਿੱਤੀ ਓਪਨਿੰਗ 3 ਘੰਟਿਆਂ ਦੇ ਅੰਦਰ ਤਿੰਨ ਵਾਰ ਰੱਦ ਕੀਤੀ ਗਈ | ਪਹਿਲਾਂ ਤੋਂ ਪਰਿਭਾਸ਼ਿਤ ਸਾਰਣੀ ਵਿੱਚੋਂ ਕਾਰਣ ਚੁਣਨ ਦੀ ਬਜਾਏ, "ਪ੍ਰਸ਼ਾਸਕੀ ਕਾਰਣ" ਦੱਸਣ ਵਾਲਾ ਇੱਕ ਦਸਤਾਵੇਜ਼ ਤਿੰਨ ਵਾਰ ਅਪਲੋਡ ਕੀਤਾ ਗਿਆ। |
| 100519 | 5 ਦਿਨਾਂ ਦੇ ਅੰਦਰ ਵਿੱਤੀ ਓਪਨਿੰਗ, ਫਿਰ ਤਕਨੀਕੀ ਓਪਨਿੰਗ ਅਤੇ ਫਿਰ ਦੁਬਾਰਾ ਤਕਨੀਕੀ ਓਪਨਿੰਗ ਰੱਦ ਕੀਤੀ ਗਈ | ਰੱਦ ਕਰਨ ਲਈ ਕੋਈ ਤਰਕ ਅਪਲੋਡ ਨਹੀਂ ਕੀਤਾ ਗਿਆ। |
| 54256 | 3 ਦਿਨਾਂ ਦੇ ਅੰਦਰ ਤਕਨੀਕੀ ਓਪਨਿੰਗ, ਫਿਰ ਵਿੱਤੀ ਓਪਨਿੰਗ, ਅਤੇ ਫਿਰ ਦੁਬਾਰਾ ਤਕਨੀਕੀ ਓਪਨਿੰਗ ਰੱਦ ਕੀਤੀ ਗਈ | ਪਹਿਲੀ ਵਾਰ ਰੱਦ ਕਰਨ ਲਈ ਕੁੱਝ ਵੀ ਜ਼ਿਕਰ ਨਹੀਂ ਕੀਤਾ ਗਿਆ ਸੀ। ਹਾਲਾਂਕਿ, ਦੂਜੀ ਅਤੇ ਤੀਜੀ ਰੱਦ ਕਰਨ ਲਈ, ਪਹਿਲਾਂ ਤੋਂ ਪਰਿਭਾਸ਼ਿਤ ਸਾਰਣੀ ਵਿੱਚੋਂ ਕਾਰਣ ਚੁਣਨ ਦੀ ਬਜਾਏ, 'ਗਲਤਫਹਿਮੀ ਕਾਰਣ' ਦੋ ਵਾਰ ਅਪਲੋਡ ਕੀਤੇ ਗਏ ਸਨ। |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ ਅਤੇ ਐਮ ਆਈ ਐਸ ਰਿਪੋਰਟਾਂ*

ਇਸੇ ਤਰ੍ਹਾਂ, ਨਮੂਨਾ-ਜਾਂਚ ਕੀਤੇ ਟੈਂਡਰਾਂ ਵਿੱਚੋਂ, ਸੱਤ ਟੈਂਡਰਾਂ ਨੂੰ ਸਿਰਫ ਤਕਨੀਕੀ ਮੁਲਾਂਕਣ ਦੌਰਾਨ ਕਮੇਟੀ ਦੁਆਰਾ ਕੀਤੀਆਂ ਗਈਆਂ ਗਲਤੀਆਂ ਨੂੰ ਸੁਧਾਰਨ ਲਈ ਰੱਦ ਕੀਤਾ ਗਿਆ ਸੀ ਜਿਵੇਂ ਕਿ **ਸਾਰਣੀ 2.36** ਵਿੱਚ ਦੱਸਿਆ ਗਿਆ ਹੈ।

**ਸਾਰਣੀ 2.36: ਗਲਤੀਆਂ ਨੂੰ ਸੁਧਾਰਨ ਲਈ ਰੱਦ ਕੀਤੇ ਗਏ ਟੈਂਡਰਾਂ ਦਾ ਵੇਰਵਾ**

| ਕਾਰਜ ਆਈਟਮ ਆਈ ਡੀ | ਟੀ ਆਈ ਏ | ਰੱਦ ਕਰਨ ਲਈ ਵੇਰਵਾ ਦਿੱਤਾ ਗਿਆ | ਰੱਦ ਕਰਨ ਦੇ ਕਾਰਣ |
|---|---|---|---|
| 26064 | ਡਾਇਰੈਕਟਰ ਜਨਰਲ ਸਕੂਲ ਸਿੱਖਿਆ | ਟੈਂਡਰ ਰੱਦ ਕਰਨਾ | ਤਕਨੀਕੀ ਤੌਰ ਤੇ ਰੱਦ ਕੀਤੀਆਂ ਗਈਆਂ ਦੋ ਬੋਲੀਆਂ ਪ੍ਰਤੀਨਿਧਤਾਂ ਤੇ ਸਵੀਕਾਰ ਕਰ ਲਈਆਂ ਗਈਆਂ। |
| 60325 | ਡਾਇਰੈਕਟਰ ਜਨਰਲ ਸਕੂਲ ਸਿੱਖਿਆ | ਟੈਂਡਰ ਰੱਦ ਕਰਨਾ | ਤਕਨੀਕੀ ਤੌਰ ਤੇ ਰੱਦ ਕੀਤੀਆਂ ਗਈਆਂ ਦੋ ਬੋਲੀਆਂ ਪ੍ਰਤੀਨਿਧਤਾਂ ਤੇ ਸਵੀਕਾਰ ਕਰ ਲਈਆਂ ਗਈਆਂ। |
| 90230 | ਖੋਜ ਅਤੇ ਮੈਡੀਕਲ ਸਿੱਖਿਆ ਡਾਇਰੈਕਟੋਰੇਟ | ਤਕਨੀਕੀ ਰੱਦ | ਇੱਕ ਵਸਤੂ ਲਈ ਚਾਰ ਬੋਲੀਆਂ ਤਕਨੀਕੀ ਤੌਰ ਤੇ ਸਵੀਕਾਰ ਕਰ ਲਈਆਂ ਗਈਆਂ ਸਨ, ਪਰ ਦੂਜੇ ਬੋਲੀਦਾਤਾਵਾਂ ਦੁਆਰਾ ਪ੍ਰਤੀਨਿਧਤਾ ਦੇ ਕਾਰਣ ਉਹ ਵਸਤੂ ਪ੍ਰਾਪਤ ਨਹੀਂ ਕੀਤੀ ਗਈ। |
| 116947 | ਖੋਜ ਅਤੇ ਮੈਡੀਕਲ ਸਿੱਖਿਆ ਡਾਇਰੈਕਟੋਰੇਟ | ਟੈਂਡਰ ਦੀ ਤਕਨੀਕੀ ਰੱਦ | ਪ੍ਰਤੀਨਿਧਤਾ ਤੋਂ ਬਾਅਦ ਤਕਨੀਕੀ ਮੁਲਾਂਕਣ ਬਦਲ ਗਿਆ। |
| 142202 | ਖੋਜ ਅਤੇ ਮੈਡੀਕਲ ਸਿੱਖਿਆ ਡਾਇਰੈਕਟੋਰੇਟ | ਟੈਂਡਰ ਰੱਦ ਕਰਨਾ | ਪ੍ਰਤੀਨਿਧਤਾ ਤੋਂ ਬਾਅਦ ਤਕਨੀਕੀ ਮੁਲਾਂਕਣ ਬਦਲ ਗਿਆ। |
| 119029 | ਇਲੈਕਟ੍ਰੀਕਲ ਡਿਵੀਜ਼ਨ ਨੰਬਰ 1(ਪੀ ਡਬਲਯੂ ਡੀ) ਪਟਿਆਲਾ | ਤਕਨੀਕੀ ਗਲਤੀ ਕਾਰਣ ਟੈਂਡਰ ਰੱਦ ਕੀਤਾ ਜਾਂਦਾ ਹੈ। | ਤਕਨੀਕੀ ਗਲਤੀ ਦੇ ਆਧਾਰ ਤੇ ਰੱਦ ਕਰ ਦਿੱਤਾ ਗਿਆ, ਜਿਸਦੀ ਵਿਆਖਿਆ ਨਹੀਂ ਕੀਤੀ ਗਈ। |

| ਕਾਰਜ ਆਈਟਮ ਆਈ ਡੀ | ਟੀ ਆਈ ਏ | ਰੱਦ ਕਰਨ ਲਈ ਵੇਰਵਾ ਦਿੱਤਾ ਗਿਆ | ਰੱਦ ਕਰਨ ਦੇ ਕਾਰਣ |
|---|---|---|---|
| 182073 | ਪ੍ਰੋਵੀਜ਼ਨਲ ਡਿਵੀਜ਼ਨ ਨੰ. 2 (ਪੀ ਡਬਲਯੂ ਡੀ) ਪਟਿਆਲਾ | ਤਕਨੀਕੀ ਮੁਲਾਂਕਣ ਵਿੱਚ ਗਲਤੀ ਦੇ ਕਾਰਨ ਟੈਂਡਰ ਨੂੰ ਸੁਧਾਰ ਲਈ ਰੱਦ ਕੀਤਾ ਜਾਂਦਾ ਹੈ। | ਦੋ ਬੋਲੀਆਂ ਤਕਨੀਕੀ ਤੌਰ 'ਤੇ ਸਵੀਕਾਰ ਕਰ ਲਈਆਂ ਗਈਆਂ। ਟੈਂਡਰ ਰੱਦ ਕਰ ਦਿੱਤਾ ਗਿਆ ਕਿਉਂਕਿ ਇੱਕ ਬੋਲੀ ਸਮਰੱਥਾ ਦੇ ਮਾਪਦੰਡਾਂ ਅਨੁਸਾਰ ਨਹੀਂ ਸੀ। ਬਾਅਦ ਵਿੱਚ ਟੈਂਡਰ ਰੱਦ ਕਰ ਦਿੱਤਾ ਗਿਆ। |

*ਸ੍ਰੋਤ: ਐਮ ਆਈ ਐਸ ਰਿਪੋਰਟਾਂ ਅਤੇ ਵਿਭਾਗੀ ਰਿਕਾਰਡ*

### *(iii) ਰੱਦ ਹੋਣ ਕਾਰਣ ਟੈਂਡਰ ਫੀਸ ਅਤੇ ਪ੍ਰੋਸੈਸਿੰਗ ਫੀਸ ਵਾਪਸ ਨਹੀਂ ਕੀਤੀ ਗਈ*

ਤਕਨੀਕੀ ਬੋਲੀਆਂ ਖੋਲ੍ਹਣ 'ਤੇ' ਜੀ ਈ ਪੀ ਐਨ ਆਈ ਸੀ ਆਪਣੇ ਆਪ ਹੀ ਟੈਂਡਰ ਫੀਸ ਟੀ ਆਈ ਏ ਨੂੰ ਅਤੇ ਪੰਜਾਬ ਰਾਜ ਈ-ਗਵਰਨੈਂਸ ਸੋਸਾਇਟੀ (ਪੀ ਐਸ ਈ ਜੀ ਐਸ) ਨੂੰ ਪ੍ਰੋਸੈਸਿੰਗ ਫੀਸ ਭੇਜਣ ਦਾ ਕੰਮ ਸ਼ੁਰੂ ਕਰ ਦਿੰਦਾ ਹੈ। ਬੋਲੀ ਖੋਲ੍ਹੇ ਬਿਨਾਂ ਟੈਂਡਰ ਰੱਦ ਕਰਨ ਦੀ ਸਥਿਤੀ ਵਿੱਚ, ਟੈਂਡਰ ਫੀਸ ਅਤੇ ਪ੍ਰੋਸੈਸਿੰਗ ਫੀਸ ਬੋਲੀਦਾਤਾਵਾਂ ਨੂੰ ਵਾਪਸ ਕਰ ਦਿੱਤੀ ਜਾਂਦੀ ਹੈ, ਜਿਨ੍ਹਾਂ ਨੇ ਆਪਣੀਆਂ ਬੋਲੀ ਜਮ੍ਹਾਂ ਕਰਵਾਉਣ ਦੇ ਨਾਲ ਇਸਨੂੰ ਜਮ੍ਹਾਂ ਕਰਵਾਇਆ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ 56 ਟੈਂਡਰਾਂ ਵਿੱਚ 'ਤਕਨੀਕੀ ਬੋਲੀ ਖੋਲ੍ਹਣ' ਪੜਾਅ ਨੂੰ ਪ੍ਰਾਪਤ ਕਰਨ ਤੋਂ ਬਾਅਦ ਬੋਲੀਦਾਤਾਵਾਂ ਦੁਆਰਾ ਉਨ੍ਹਾਂ ਦੀਆਂ ਬੋਲੀਆਂ ਦੇ ਨਾਲ ਜਮ੍ਹਾਂ ਕੀਤੀ ਗਈ ਟੈਂਡਰ ਫੀਸ ਅਤੇ ਪ੍ਰੋਸੈਸਿੰਗ ਫੀਸ ਕ੍ਰਮਵਾਰ ਟੀ ਆਈ ਏ ਅਤੇ ਪੀ ਐਸ ਈ ਜੀ ਐਸ ਨੂੰ ਭੇਜ ਦਿੱਤੀ ਗਈ ਸੀ। ਫੀਸ ਭੇਜਣ ਤੋਂ ਬਾਅਦ, ਇਹਨ੍ਹਾਂ ਟੈਂਡਰਾਂ ਨੂੰ "ਖੋਲੀ_ਜਾਣ_ਵਾਲੀ" ਪੜਾਅ ਤੇ ਰੱਦ ਕਰ ਦਿੱਤਾ ਗਿਆ ਸੀ ਅਤੇ ਬਾਅਦ ਵਿੱਚ ਇਹਨ੍ਹਾਂ ਟੈਂਡਰਾਂ ਨੂੰ ਜਾਂ ਤਾਂ ਰੱਦ ਦਿੱਤਾ ਗਿਆ ਸੀ ਜਾਂ ਦੁਬਾਰਾ ਟੈਂਡਰ ਕੀਤਾ ਗਿਆ ਸੀ। ਇਹਨਾਂ ਮਾਮਲਿਆਂ ਵਿੱਚ, ਕਿਉਂਕਿ ਟੈਂਡਰ ਫੀਸ ਅਤੇ ਪ੍ਰੋਸੈਸਿੰਗ ਫੀਸ ਪਹਿਲਾਂ ਟੀ ਆਈ ਏ ਅਤੇ ਪੀ ਐਸ ਈ ਜੀ ਐਸ ਨੂੰ ਭੇਜ ਦਿੱਤੀ ਗਈ ਸੀ, ਜੀ ਈ ਪੀ ਐਨ ਆਈ ਸੀ ਬੋਲੀਕਾਰਾਂ ਨੂੰ ਰਿਫੰਡ ਦੀ ਪ੍ਰਕਿਰਿਆ ਨਹੀਂ ਕਰ ਸਕਿਆ। ਇਸ ਤਰ੍ਹਾਂ ਟੈਂਡਰਾਂ ਨੂੰ ਰੱਦ ਕਰਨ ਦੇ ਨਤੀਜੇ ਵਜੋਂ ਬੋਲੀ ਫੀਸਾਂ ਦੀ ਵਾਪਸੀ ਅਤੇ ਨਿਪਟਾਰੇ ਵਿੱਚ ਅਸੰਗਤੀਆਂ ਪੈਦਾ ਹੋਈਆਂ।

ਡਾਟਾ ਵਿਸ਼ਲੇਸ਼ਣ ਤੋਂ ਇਹ ਵੀ ਪਤਾ ਲੱਗਾ ਕਿ 71 ਬੋਲੀਆਂ (39 ਰੱਦ ਕੀਤੇ ਟੈਂਡਰਾਂ ਨਾਲ ਸਬੰਧਤ) ਸਫਲ ਰਹੀਆਂ (ਸਵੀਕਾਰ ਕੀਤਾ ਗਿਆ-ਏ ਓ ਸੀ ਪੜਾਅ) ਪਰ ਟੀ ਆਈ ਏ ਨੂੰ ਭੇਜਣ ਦੀ ਬਜਾਏ ₹ 0.84 ਕਰੋੜ ਦੀ ਈ ਐਮ ਡੀ ਫੀਸ ਇਹਨਾਂ ਬੋਲੀਦਾਤਾਵਾਂ ਨੂੰ ਵਾਪਸ ਕਰ ਦਿੱਤੀ ਗਈ। ਇਹ ਵਿਸੰਗਤੀ ਇਸ ਲਈ ਪੈਦਾ ਹੋਈ ਕਿਉਂਕਿ ਇਨ੍ਹਾਂ ਬੋਲੀਆਂ ਨੂੰ ਸ਼ੁਰੂ ਵਿੱਚ ਰੱਦ ਕੀਤਾ ਜਾ ਸਕਦਾ ਸੀ ਪਰ ਬਾਅਦ ਵਿੱਚ ਟੈਂਡਰ ਰੱਦ ਕਰਨ ਤੋਂ ਬਾਅਦ ਸਵੀਕਾਰ ਕੀਤਾ ਗਿਆ।

ਇਹ ਅਸੰਗਤਤੀਆਂ ਇਸ ਜੋਖਮ ਨੂੰ ਉਜਾਗਰ ਕਰਦੀਆਂ ਹਨ ਕਿ ਟੈਂਡਰ ਰੱਦ ਕਰਨ ਲਈ ਜੀ ਈ ਪੀ ਐਨ ਆਈ ਸੀ ਵਿੱਚ ਵਿਸ਼ੇਸ਼ਤਾ ਨੂੰ ਢੁਕਵੇਂ ਤਰਕ ਅਤੇ ਨਤੀਜਿਆਂ ਤੇ ਵਿਚਾਰ ਕੀਤੇ ਬਿਨਾਂ ਅਕਸਰ ਅਤੇ ਅਚਾਨਕ ਵਰਤਿਆ ਜਾ ਰਿਹਾ ਸੀ। ਇਸ ਪਹੁੰਚ ਦੇ ਨਤੀਜੇ ਵਜੋਂ ਅਜਿਹੇ ਮੌਕੇ ਆਏ ਜਿੱਥੇ ਟੈਂਡਰ ਅਤੇ ਪ੍ਰੋਸੈਸਿੰਗ ਫੀਸ ਬੋਲੀਦਾਤਾਵਾਂ ਨੂੰ ਵਾਪਸ ਨਹੀਂ ਕੀਤੀ ਗਈ, ਅਤੇ ਈ ਐਮ ਡੀ ਨੂੰ ਟੀ ਆਈ ਏ ਦੇ ਖਾਤੇ ਵਿੱਚ ਭੇਜਣ ਦੀ ਬਜਾਏ ਗਲਤ ਢੰਗ ਨਾਲ ਵਾਪਸ ਕਰ ਦਿੱਤਾ ਗਿਆ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ, ਇਸ ਸਬੰਧ ਵਿੱਚ ਉਪਭੋਗਤਾ ਵਿਭਾਗਾਂ ਨੂੰ ਜ਼ਰੂਰੀ ਸਲਾਹ ਜਾਰੀ ਕੀਤੀ ਗਈ ਹੈ।

### 2.11.3 ਅਹੁਦੇ ਨੂੰ ਖਤਮ ਕਰਨ ਦੇ ਬਾਵਜੂਦ ਪਦ-ਅਨੁਕ੍ਰਮਣ ਨੂੰ ਅੱਪਡੇਟ ਨਾ ਕਰਨਾ

ਸਥਾਨਕ ਸਰਕਾਰ ਵਿਭਾਗ ਨੇ ਛੇ ਜ਼ਿਲ੍ਹਿਆਂ[67] ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਲਈ ਖੇਤਰੀ ਡਿਪਟੀ ਡਾਇਰੈਕਟਰ (ਆਰ ਡੀ ਡੀ) ਦਾ ਅਹੁਦਾ ਖਤਮ ਕਰ ਦਿੱਤਾ (ਮਈ 2021)। ਇਸੇ ਤਰ੍ਹਾਂ ਛੇ ਜ਼ਿਲ੍ਹਿਆਂ[68] ਨੂੰ ਛੱਡ ਕੇ ਸਾਰੇ ਜ਼ਿਲ੍ਹਿਆਂ ਵਿੱਚ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) (ਏ ਡੀ ਸੀ) ਦਾ ਅਹੁਦਾ ਖਤਮ ਕਰ ਦਿੱਤਾ ਗਿਆ ਸੀ (ਸਤੰਬਰ 2022)।

ਜੀ ਈ ਪੀ ਐਨ ਆਈ ਸੀ ਡਾਟਾਬੇਸ ਦੇ ਲੇਖਿਆ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਮਾਰਚ 2023 ਤੱਕ ਇਨ੍ਹਾਂ ਖਤਮ ਕੀਤੀਆਂ ਅਸਾਮੀਆਂ (ਆਰ ਡੀ ਡੀ: 642 ਅਤੇ ਏ ਡੀ ਸੀ: 17) ਨਾਲ ਜੁੜੇ 659 ਰਜਿਸਟਰਡ ਉਪਭੋਗਤਾ ਜੀ ਈ ਪੀ ਐਨ ਆਈ ਸੀ ਵਿੱਚ ਟੀ ਆਈ ਏ ਵਜੋਂ ਐਕਟਿਵ ਰਹੇ। ਇਨ੍ਹਾਂ ਹੀ ਨਹੀਂ ਇਨ੍ਹਾਂ ਉਪਭੋਗਤਾਵਾਂ ਨੇ **ਸਾਰਣੀ** 2.37 ਵਿੱਚ ਦਰਸਾਏ ਗਏ ਇਨ੍ਹਾਂ ਖਤਮ ਕੀਤੀਆਂ ਅਸਾਮੀਆਂ ਦੇ ਉਪਭੋਗਤਾ ਆਈ ਡੀ ਦੀ ਵਰਤੋਂ ਕਰਕੇ 12,338 ਟੈਂਡਰ ਵੀ ਬਣਾਏ ਜਾਂ ਪ੍ਰਕਾਸ਼ਿਤ ਕੀਤੇ। ਇਸ ਸਥਿਤੀ ਲਈ ਸਿਖਲਾਈ ਦੀ ਘਾਟ ਜਾਂ ਵਿਭਾਗੀ ਉਪਭੋਗਤਾਵਾਂ ਨੂੰ ਪ੍ਰਦਾਨ ਕੀਤੀਆਂ ਨਾਕਾਫੀ ਸਿਖਲਾਈ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਸੀ।

**ਸਾਰਣੀ 2.37: ਰੱਦ ਕੀਤੀਆਂ ਅਸਾਮੀਆਂ ਦੇ ਆਈ ਡੀ ਦੀ ਵਰਤੋਂ ਕਰਕੇ ਪ੍ਰਕਾਸ਼ਿਤ ਟੈਂਡਰ ਦਾ ਵੇਰਵਾ**

| ਖਤਮ ਕੀਤੀ ਗਈ ਪੋਸਟ ਦਾ ਨਾਂਅ | ਪ੍ਰਕਾਸ਼ਿਤ ਟੈਂਡਰਾਂ ਦੀ ਸੰਖਿਆ |
|---|---|
| ਖੇਤਰੀ ਡਿਪਟੀ ਡਾਇਰੈਕਟਰ - ਅੰਮ੍ਰਿਤਸਰ | 1,856 |
| ਖੇਤਰੀ ਡਿਪਟੀ ਡਾਇਰੈਕਟਰ - ਬਠਿੰਡਾ | 538 |
| ਖੇਤਰੀ ਡਿਪਟੀ ਡਾਇਰੈਕਟਰ - ਫਿਰੋਜ਼ਪੁਰ | 1,182 |
| ਖੇਤਰੀ ਡਿਪਟੀ ਡਾਇਰੈਕਟਰ - ਜਲੰਧਰ | 1,560 |
| ਖੇਤਰੀ ਡਿਪਟੀ ਡਾਇਰੈਕਟਰ - ਲੁਧਿਆਣਾ | 3,255 |
| ਖੇਤਰੀ ਡਿਪਟੀ ਡਾਇਰੈਕਟਰ - ਪਟਿਆਲਾ | 3,947 |
| **ਕੁੱਲ ਜੋੜ** | **12,338** |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

ਨੋਡਲ ਵਿਭਾਗ ਨੇ ਕਿਹਾ (ਸਤੰਬਰ 2023) ਕਿ ਉਪਭੋਗਤਾ ਆਈ ਡੀ ਨੂੰ ਬਲਾਕ ਜਾਂ ਅਨਬਲੌਕ ਕਰਨ ਦਾ ਅਧਿਕਾਰ ਹਰੇਕ ਵਿਭਾਗ ਦੇ ਨੋਡਲ ਅਫਸਰ ਕੋਲ ਸੀ। ਇਸ ਸਥਿਤੀ ਤੋਂ ਬਚਿਆ ਜਾ ਸਕਦਾ ਸੀ ਜੇਕਰ ਵਿਭਾਗੀ ਉਪਭੋਗਤਾਵਾਂ ਨੂੰ ਲੋੜੀਂਦੀ ਸਿਖਲਾਈ ਪ੍ਰਦਾਨ ਕੀਤੀ ਜਾਂਦੀ। ਸਥਾਨਕ ਸਰਕਾਰ ਵਿਭਾਗ ਦੇ ਨਮੂਨਾਂ-ਜਾਂਚ ਕੀਤੇ ਗਏ 17 ਟੀ ਆਈ ਏਜ਼ ਵਿਚੋਂ 11 ਟੀ ਆਈ ਏਜ਼ ਨੇ ਰਿਪੋਰਟ ਦਿੱਤੀ ਕਿ ਉਨ੍ਹਾਂ ਨੂੰ ਕੋਈ ਸਿਖਲਾਈ ਨਹੀਂ ਦਿੱਤੀ ਗਈ ਸੀ।

[67] (i) ਅੰਮ੍ਰਿਤਸਰ; (ii) ਬਠਿੰਡਾ; (iii) ਫਿਰੋਜਪੁਰ; (iv) ਜਲੰਧਰ; (v) ਲੁਧਿਆਣਾ; ਅਤੇ (vi) ਪਟਿਆਲਾ।

[68] (i) ਅੰਮ੍ਰਿਤਸਰ; (ii) ਬਠਿੰਡਾ; (iii) ਜਲੰਧਰ; (iv) ਲੁਧਿਆਣਾ; (v) ਪਟਿਆਲਾ; ਅਤੇ (vi) ਐਸ ਏ ਐਸ ਨਗਰ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਇਸ ਸਬੰਧ ਵਿੱਚ ਜ਼ਰੂਰੀ ਸਲਾਹ ਜਾਰੀ ਕੀਤੀ ਜਾਵੇਗੀ।

### 2.11.4 ਮਿਆਰੀਕਰਨ ਟੈਸਟਿੰਗ ਅਤੇ ਗੁਣਵੱਤਾ ਪ੍ਰਮਾਣੀਕਰਨ

ਮਿਆਰੀਕਰਨ ਟੈਸਟਿੰਗ ਅਤੇ ਗੁਣਵੱਤਾ ਪ੍ਰਮਾਣੀਕਰਨ (ਐਸ ਟੀ ਕਿਉ ਸੀ)[69] ਇਲੈਕਟ੍ਰਾਨਿਕਸ ਅਤੇ ਸੂਚਨਾਂ ਤਕਨਾਲੋਜੀ ਵਿੱਚ ਗੁਣਵੱਤਾ ਭਰੋਸਾ ਸੇਵਾਵਾਂ ਪ੍ਰਦਾਨ ਕਰਦਾ ਹੈ, ਜੋ ਕਿ ਵੈਬਸਾਈਟ ਸੁਰੱਖਿਆ, ਪਹੁੰਚਯੋਗਤਾ, ਸੇਵਾ ਵਚਨਬੱਧਤਾ, ਅਤੇ ਭਾਰਤ ਸਰਕਾਰ ਦੀਆਂ ਵੈੱਬਸਾਈਟਾਂ ਲਈ ਦਿਸ਼ਾ-ਨਿਰਦੇਸ਼ਾਂ (ਜੀ ਆਈ ਜੀ ਡਬਲਯੂ-2018) ਦੀ ਪਾਲਣਾ ਨੂੰ ਵਧਾਉਣ 'ਤੇ ਕੇਂਦ੍ਰਿਤ ਹੈ। ਐਸ ਟੀ ਕਿਉ ਸੀ ਪ੍ਰਮਾਣੀਕਰਨ ਤਿੰਨ ਸਾਲਾਂ ਲਈ ਯੋਗ ਹੈ, ਜੋ ਪਹਿਲੇ ਅਤੇ ਦੂਜੇ ਸਾਲਾਂ ਦੇ ਅੰਤ ਵਿੱਚ ਕੀਤੇ ਗਏ ਤਸੱਲੀਬਖਸ਼ ਨਿਗਰਾਨੀ ਲੇਖਾ ਪ੍ਰੀਖਿਆ ਤੇ ਨਿਰਭਰ ਕਰਦਾ ਹੈ। ਇਹ ਨਿਗਰਾਨੀ ਲੇਖਾ ਪ੍ਰੀਖਿਆ ਈ-ਖਰੀਦ ਪ੍ਰਣਾਲੀ (ਈ ਪੀ ਐਸ), ਐਪਲੀਕੇਸ਼ਨ ਅਤੇ ਨੈੱਟਵਰਕ ਸੁਰੱਖਿਆ, ਕਲਾਇੰਟ ਫੀਡਬੈਕ, ਅਤੇ ਆਈ ਐਸ ਓ 27001 ਸਰਟੀਫਿਕੇਟ ਦੀ ਸਥਿਤੀ ਦਾ ਮੁਲਾਂਕਣ ਕਰਦੇ ਹਨ। ਈ-ਖਰੀਦ ਵਿੱਚ ਗੁਣਵੱਤਾ ਜ਼ਰੂਰਤਾਂ ਦੀ ਪਾਲਣਾ ਲਈ ਦਿਸ਼ਾ ਨਿਰਦੇਸ਼ ਈ-ਖਰੀਦ ਐਪਲੀਕੇਸ਼ਨਾਂ ਅਤੇ ਪ੍ਰਣਾਲੀਆਂ ਦੀ ਗੁਣਵੱਤਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤਿਆਰ ਕੀਤੇ ਗਏ ਹਨ। ਇਹਨਾਂ ਦਿਸ਼ਾ-ਨਿਰਦੇਸ਼ਾਂ ਦਾ ਉਦੇਸ਼ ਇਹ ਯਕੀਨੀ ਬਣਾ ਕੇ ਹਿੱਸੇਦਾਰਾਂ ਵਿੱਚ ਵਿਸ਼ਵਾਸ਼ ਪੈਦਾ ਕਰਨਾ ਹੈ ਕਿ ਪ੍ਰਣਾਲੀ ਸੁਰੱਖਿਅਤ, ਪਾਰਦਰਸ਼ੀ, ਲੇਖਾ ਪ੍ਰੀਖਿਆ ਯੋਗ ਹੈ, ਅਤੇ ਈ-ਖਰੀਦ ਹੱਲ ਪ੍ਰਦਾਤਵਾਂ ਅਤੇ ਐਪਲੀਕੇਸ਼ਨ ਡਿਵੈਲਪਰਾਂ ਲਈ ਸਰਕਾਰੀ ਖਰੀਦ ਪ੍ਰਕਿਰਿਆਵਾਂ ਦੀ ਪਾਲਣਾ ਕਰਦਾ ਹੈ।

ਜੀ ਈ ਪੀ ਐਨ ਆਈ ਸੀ ਐਪਲੀਕੇਸ਼ਨ ਨੂੰ ਦਸੰਬਰ 2020 ਵਿੱਚ ਵੱਰਸ਼ੱਨ 1.09.08 ਲਈ ਦਸੰਬਰ 2023 ਵਿੱਚ ਖਤਮ ਹੋਏ ਤਿੰਨ ਸਾਲਾਂ ਲਈ ਐਸ ਟੀ ਕਿਉ ਸੀ ਜਾਰੀ ਕੀਤਾ ਗਿਆ ਸੀ, ਇਸ ਸ਼ਰਤ ਦੇ ਨਾਲ ਕਿ ਕਿਸੇ ਵੀ ਵੱਡੇ ਬਦਲਾਅ ਲਈ ਮੁੜ ਪ੍ਰਮਾਣੀਕਰਨ ਦੀ ਲੋੜ ਹੋਵੇਗੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਐਸ ਟੀ ਕਿਉ ਸੀ ਵੈਧਤਾ ਨੂੰ ਬਣਾਈ ਰੱਖਣ ਲਈ ਪਹਿਲੇ ਸਾਲ ਦੇ ਅੰਤ ਵਿੱਚ ਪੂਰਵ-ਨਿਰਧਾਰਤ ਨਿਗਰਾਨੀ ਲੇਖਾ ਪ੍ਰੀਖਿਆ ਮੁਲਾਂਕਣ, ਐਨ ਆਈ ਸੀ ਦੁਆਰਾ ਨਹੀਂ ਕੀਤਾ ਗਿਆ ਸੀ। ਨਤੀਜੇ ਵਜੋਂ ਜੀ ਈ ਪੀ ਐਨ ਆਈ ਸੀ, ਪੋਰਟਲ ਦਸੰਬਰ 2021 ਤੋਂ ਬਿਨਾਂ ਕਿਸੇ ਵੈਧ ਸਰਟੀਫਿਕੇਟ ਤੋਂ ਬਿਨਾਂ ਕੰਮ ਕਰ ਰਿਹਾ ਸੀ। ਇਸ ਤੋਂ ਇਲਾਵਾ, ਹਾਲਾਂਕਿ ਕਿ ਜੀ ਈ ਪੀ ਐਨ ਆਈ ਸੀ ਨੇ ਜਨਵਰੀ 2024 ਵਿੱਚ ਜਾਰੀ ਕੀਤੇ ਗਏ ਵੱਰਸ਼ੱਨ 1.09.08 ਤੋਂ ਮੌਜੂਦਾ ਵੱਰਸ਼ੱਨ 1.09.20 ਤੱਕ 12 ਸੋਧਾਂ ਕੀਤੀਆਂ ਸਨ, ਐਸ ਟੀ ਕਿਉ ਸੀ ਨੂੰ ਦੁਬਾਰਾ ਪ੍ਰਮਾਣਿਤ ਨਹੀਂ ਕੀਤਾ ਗਿਆ ਸੀ।

[69] ਐਸ ਟੀ ਕਿਉ ਸੀ ਡਾਇਰੈਕਟੋਰੇਟ, ਜੋ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ (ਐਮ ਈ ਆਈ ਟੀ ਵਾਈ), ਭਾਰਤ ਸਰਕਾਰ ਦਾ ਇੱਕ ਹਿੱਸਾ ਹੈ।

ਐਨ ਆਈ ਸੀ ਨੇ $1^{ਲੇ}$ ਅਤੇ $2^{ਜੇ}$ ਸਾਲ ਦੇ ਅੰਤ ਵਿੱਚ 'ਨਿਗਰਾਨੀ ਮੁਲਾਂਕਣ', ਐਸ ਟੀ ਕਿਊ ਸੀ ਲਈ 'ਪ੍ਰਮਾਣ ਪੱਤਰ ਦੀ ਨਿਰੰਤਰਤਾ' ਦੇ ਵਿਵਰਣੀ ਜਾਰੀ ਕਰਨ ਅਤੇ ਡਾਟਾ ਸਟੋਰੇਜ ਸੁਰੱਖਿਆ ਲੇਖਾ ਪ੍ਰੀਖਿਆ ਸੰਬੰਧੀ ਵਿਸ਼ੇ ਤੇ (ਫਰਵਰੀ 2024) ਕੋਈ ਜਵਾਬ ਨਹੀਂ ਦਿੱਤਾ।

ਨੋਡਲ ਵਿਭਾਗ ਨੇ (ਨਵੰਬਰ 2024) ਦੱਸਿਆ ਕਿ ਐਸ ਟੀ ਕਿਊ ਸੀ ਕੀਤਾ ਗਿਆ ਸੀ ਅਤੇ ਪੋਰਟਲ 'ਤੇ ਇੱਕ ਸਰਟੀਫਿਕੇਟ ਉਪਲਬਧ ਸੀ। ਹਾਲਾਂਕਿ, 'ਨਿਗਰਾਨੀ ਮੁਲਾਂਕਣ' ਸੰਬੰਧੀ ਮਾਮਲਾ ਐਨ ਆਈ ਸੀ ਕੋਲ ਉਠਾਇਆ ਜਾਵੇਗਾ। ਜਵਾਬ ਤਸੱਲੀਬੱਖਸ਼ ਨਹੀਂ ਸੀ ਕਿਉਂਕਿ ਯੋਗਤਾ ਬਣਾਈ ਰੱਖਣ ਲਈ ਲੋੜੀਂਦੇ ਐਸ ਟੀ ਕਿਊ ਸੀ ਦੇ ਪਹਿਲੇ ਸਾਲ ਦੇ ਅੰਤ ਵਿੱਚ ਪੂਰਵ-ਨਿਰਧਾਰਤ ਨਿਗਰਾਨੀ ਲੇਖਾ ਪ੍ਰੀਖਿਆ ਮੁਲਾਂਕਣ ਨਹੀਂ ਕੀਤਾ ਗਿਆ ਸੀ।

### 2.11.5 ਕਾਰੋਬਾਰੀ ਨਿਰੰਤਰਤਾ, ਪ੍ਰਣਾਲੀ ਭਰੋਸੇਯੋਗਤਾ ਅਤੇ ਬਦਲਾਅ ਪ੍ਰਬੰਧਨ

ਕਾਰੋਬਾਰੀ ਨਿਰੰਤਰਤਾ ਯੋਜਨਾਬੰਦੀ (ਬੀ ਸੀ ਪੀ) ਅਤੇ ਆਫ਼ਤ ਰਿਕਵਰੀ ਯੋਜਨਾਵਾਂ (ਡੀ ਆਰ ਪੀ) ਦੀ ਪ੍ਰਭਾਵਸ਼ੀਲਤਾ ਅਤੇ ਮਾਲਕ ਅਤੇ ਸੇਵਾ ਪ੍ਰਦਾਤਾ ਵਿਚਕਾਰ ਸਪੱਸ਼ਟ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਨਿਰਧਾਰਤ ਕਰਨਾ ਇੱਕ ਮਜ਼ਬੂਤ ਬੀ ਸੀ ਪੀ ਲਈ ਜ਼ਰੂਰੀ ਹਨ। ਸਿਰਫ ਆਊਟਸੋਰਸ ਕੀਤੀਆਂ ਸੇਵਾਵਾਂ 'ਤੇ ਨਿਰਭਰ ਹੋਣ ਨਾਲ ਵਪਾਰਕ ਗਿਆਨ ਦਾ ਸੰਭਾਵੀ ਨੁਕਸਾਨ ਜਾਂ ਸੇਵਾ ਪ੍ਰਦਾਤਾ ਤੋਂ ਨਾਕਾਫੀ ਕਾਰਗੁਜ਼ਾਰੀ ਕਰਕੇ ਡੇਟਾ ਸੁਰੱਖਿਆ, ਡੇਟਾ ਨੁਕਸਾਨ, ਅਣਅਧਿਕਾਰਤ ਪਹੁੰਚ ਅਤੇ ਨਿਰੰਤਤਰਤਾ ਚੁਣੌਤੀਆਂ ਨਾਲ ਜੁੜੇ ਜੋਖਮ ਪੈਦਾ ਹੋ ਸਕਦੇ ਹਨ।

ਲੇਖਾ ਪ੍ਰੀਖਿਆ ਨੇ ਪਹਿਲਾਂ ਹੀ ਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਗੈਰ-ਜਨਤਕ ਖੇਤਰ ਉਪਕ੍ਰਮ) 'ਤੇ 31 ਮਾਰਚ 2017 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਵਪਾਰਕ ਨਿਰੰਤਰਤਾ ਯੋਜਨਾ, ਆਫ਼ਤ ਰਿਕਵਰੀ ਯੋਜਨਾ ਅਤੇ ਆਈ ਟੀ ਸੁਰੱਖਿਆ ਸਬੰਧੀ ਮੁੱਦਿਆਂ ਵੱਲ ਪੈਰ੍ਹਾ 3.12.2.2 ਦੁਆਰਾ ਧਿਆਨ ਦਿਵਾਇਆ ਸੀ। ਪੀ ਏ ਸੀ ਨੇ ਸਿਫਾਰਸ਼ ਕੀਤੀ ਸੀ (ਦਸੰਬਰ 2022) ਕਿ ਐਨ ਆਈ ਸੀ ਤੋਂ ਇਲਾਵਾ ਲੋਕ ਨਿਰਮਾਣ ਵਿਭਾਗ (ਬੀ ਅਤੇ ਆਰ) ਨੂੰ ਕਾਰੋਬਾਰ ਨਿਰੰਤਰਤਾ ਯੋਜਨਾ, ਆਫ਼ਤ ਰਿਕਵਰੀ ਯੋਜਨਾ, ਅਤੇ ਆਈ ਟੀ ਸੁਰੱਖਿਆ ਨੀਤੀ ਦੀ ਵੀ ਨਿਗਰਾਨੀ ਕਰਨੀ ਚਾਹੀਦੀ ਹੈ। ਪਰ ਲੇਖਾ ਪ੍ਰੀਖਿਆ ਵਿੱਚ ਪਾਇਆ ਗਿਆ ਕਿ ਪੀ ਏ ਸੀ ਦੀ ਸਿਫਾਰਸ਼ ਦੇ ਬਾਵਜੂਦ, ਵਿਭਾਗ ਕੋਲ ਅਜੇ ਵੀ ਕੋਈ ਬੀ ਸੀ ਪੀ/ ਡੀ ਆਰ ਪੀ ਅਤੇ ਤਬਦੀਲੀ ਪ੍ਰਬੰਧਨ ਨੀਤੀ ਨਹੀਂ ਸੀ ਜਿਵੇਂ ਕਿ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ।

#### 2.11.5.1 ਕਾਰੋਬਾਰ ਨਿਰੰਤਰਤਾ ਯੋਜਨਾ ਅਤੇ ਆਫ਼ਤ ਰਿਕਵਰੀ ਯੋਜਨਾ ਨੂੰ ਲਾਗੂ ਨਾ ਕਰਨਾ

ਕਾਰੋਬਾਰ ਨਿਰੰਤਰਤਾ ਯੋਜਨਾ (ਬੀ ਸੀ ਪੀ) ਅਤੇ ਆਫ਼ਤ ਰਿਕਵਰੀ ਯੋਜਨਾ (ਡੀ ਆਰ ਪੀ) ਇਹ ਸੁਨਿਸ਼ਚਿਤ ਕਰਦੇ ਹਨ ਕਿ ਕੋਈ ਸੰਗਠਨ ਕੁਦਰਤੀ ਆਫ਼ਤਾਂ ਵਰਗੀਆਂ ਰੁਕਾਵਟਾਂ ਤੋਂ ਬਾਅਦ ਆਪਣੀਆਂ ਪ੍ਰਕਿਰਿਆਵਾਂ ਨੂੰ ਮੁੜ ਪ੍ਰਾਪਤ ਕਰ ਸਕਦਾ ਹੈ। ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲਾ (ਐਮ ਈ ਆਈ ਟੀ ਵਾਈ) ਕਾਰੋਬਾਰੀ ਤਰਜੀਹਾਂ ਦੇ ਅਨੁਸਾਰ ਨਿਯਮਿਤ ਮੁਲਾਂਕਣ ਅਤੇ

ਨਕਲ ਕੀਤੇ ਸਰੋਤਾਂ ਦੀ ਸਮੀਖਿਆ ਸਮੇਤ ਸਰਵੋਤਮ ਅਭਿਆਸਾਂ ਦੀ ਰੂਪ ਰੇਖਾ ਤਿਆਰ ਕਰਦਾ ਹੈ। ਪੀ ਟੀ ਪੀ ਪੀ ਐਕਟ, 2019 ਦੀ ਧਾਰਾ 6(1) ਤੋਂ (3) ਦੇ ਅਨੁਸਾਰ, ਸੰਸਥਾਵਾਂ ਨੂੰ ਲੇਖਾ ਪ੍ਰੀਖਿਆ/ ਆਰ ਟੀ ਆਈ ਉਦੇਸ਼ਾਂ ਲਈ ਖਰੀਦ ਪ੍ਰਕਿਰਿਆ ਦੀ ਮਿਆਦ ਖਤਮ ਹੋਣ ਤੋਂ ਬਾਅਦ ਇੱਕ ਨਿਰਧਾਰਤ ਸਮੇਂ ਲਈ ਖਰੀਦ ਰਿਕਾਰਡ ਰੱਖਣਾ ਜ਼ਰੂਰੀ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਐਨ ਆਈ ਸੀ ਦਾ ਆਪਣਾ ਬੀ ਸੀ ਪੀ ਅਤੇ ਡੀ ਆਰ ਪੀ ਸੀ। ਹਾਲਾਂਕਿ, ਨੋਡਲ ਵਿਭਾਗ ਆਪਣੇ ਬੀ ਸੀ ਪੀ ਅਤੇ ਡੀ ਆਰ ਪੀ ਦੀ ਅਣਹੋਂਦ ਵਿੱਚ ਪੂਰੀ ਤਰ੍ਹਾਂ ਐਨ ਆਈ ਸੀ ਤੇ ਨਿਰਭਰ ਸੀ। ਇਸ ਨੇ ਨਾ ਤਾਂ ਹਾਰਡਵੇਅਰ, ਸਾਫਟਵੇਅਰ, ਕਰਮਚਾਰੀਆਂ ਆਦਿ ਵਰਗੀਆਂ ਆਪਣੀਆਂ ਪ੍ਰਮੁੱਖ ਸੰਪਤੀਆਂ ਦੀ ਪਛਾਣ ਕੀਤੀ ਸੀ ਅਤੇ ਨਾ ਹੀ ਇਸ ਕੋਲ ਵਿਰਾਸਤੀ ਡੇਟਾ ਨੂੰ ਬਰਕਾਰ ਰੱਖਣ ਲਈ ਕੋਈ ਆਰਕਾਈਵਲ ਨੀਤੀ ਸੀ। ਇਸ ਤਰ੍ਹਾਂ, ਇਸ ਵਿੱਚ ਇੱਕ ਵਿਆਪਕ ਕਾਰੋਬਾਰੀ ਨਿਰੰਤਰਤਾ ਅਤੇ ਆਫ਼ਤ ਰਿਕਵਰੀ ਯੋਜਨਾ ਦੀ ਘਾਟ ਸੀ।

ਨੋਡਲ ਵਿਭਾਗ ਨੇ ਕਿਹਾ (ਫਰਵਰੀ 2024) ਕਿ ਐਨ ਆਈ ਸੀ ਦੇ ਨੀਤੀ ਦਸਤਾਵੇਜ਼ ਲੇਖਾ ਪ੍ਰੀਖਿਆ ਜਾਂਚ ਲਈ ਰਾਜ ਕੋਆਰਡੀਨੇਟਰ ਐਨ ਆਈ ਸੀ ਕੋਲ ਉਪਲਬਧ ਕਰਵਾਏ ਜਾਣਗੇ। ਹਾਲਾਂਕਿ, ਨਾ ਤਾਂ ਨੋਡਲ ਵਿਭਾਗ ਕੋਲ ਐਨ ਆਈ ਸੀ ਦੇ ਬੀ ਸੀ ਪੀ ਦਾ ਕਬਜ਼ਾ ਸੀ ਅਤੇ ਨਾ ਹੀ ਇਹ ਸਮੀਖਿਆ ਲਈ ਲੇਖਾ ਪ੍ਰੀਖਿਆ ਨੂੰ ਪ੍ਰਦਾਨ ਕੀਤਾ ਗਿਆ ਸੀ (ਸਤੰਬਰ 2024)। ਨੋਡਲ ਵਿਭਾਗ ਵੱਲੋਂ ਐਨ ਆਈ ਸੀ ਨੇ ਕਿਹਾ (ਜੂਨ 2024) ਕਿ ਐਨ ਆਈ ਸੀ ਇੱਕ ਸਮਰਪਿਤ ਕਲਾਉਡ ਤੇ ਸਾਰੀਆਂ ਰਾਜ ਸਰਕਾਰਾਂ ਲਈ ਈ-ਖਰੀਦ ਲਈ ਪ੍ਰਬੰਧਿਤ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ ਅਤੇ ਅੱਗੇ ਕਿਹਾ ਕਿ ਹਾਰਡਵੇਅਰ ਬਦਲਣ ਦਾ ਕੰਮ ਪੂਲਿੰਗ ਫੰਡਾਂ ਰਾਹੀਂ ਕੀਤਾ ਜਾ ਰਿਹਾ ਹੈ। ਜਵਾਬ ਤਸਲੀਬੱਖਸ਼ ਨਹੀਂ ਸੀ ਕਿਉਂਕਿ ਨੋਡਲ ਵਿਭਾਗ ਨੇ ਬਿਜ਼ਨਸ ਨਿਰੰਤਰਤਾ ਪਲਾਨ (ਬੀ ਸੀ ਪੀ) ਅਤੇ ਆਫ਼ਤ ਰਿਕਵਰੀ ਪਲਾਨ (ਡੀ ਆਰ ਪੀ) ਨੂੰ ਏਕੀਕ੍ਰਿਤ ਕਰਨ ਲਈ ਐਨ ਆਈ ਸੀ ਨਾਲ ਕੋਈ ਸੇਵਾ ਪੱਧਰ ਸਮਝੌਤਾ (ਐਸ ਐਲ ਏ) ਲਾਗੂ ਨਹੀਂ ਕੀਤਾ ਸੀ। ਇਸ ਤੋਂ ਇਲਾਵਾ, ਨੋਡਲ ਵਿਭਾਗ ਨੇ ਅਜਿਹੀਆਂ ਸਥਿਤੀਆਂ ਨਾਲ ਨਜਿੱਠਣ ਲਈ ਆਪਣੀਆਂ ਐਮਰਜੈਂਸੀ ਯੋਜਨਾਵਾਂ ਨਹੀਂ ਬਣਾਈਆਂ ਜਿੱਥੇ ਸੇਵਾ ਪ੍ਰਦਾਤਾ ਦੇ ਬੀ ਸੀ ਪੀ/ਡੀ ਆਰ ਪੀ ਉਪਾਅ ਨਾਕਾਫੀ ਹੋ ਸਕਦੇ ਸਨ।

### 2.11.5.2 ਕਾਰੋਬਾਰ ਦੀ ਨਿਰੰਤਰਤਾ ਲਈ ਸੇਵਾ ਪੱਧਰ ਦੇ ਸਮਝੌਤਿਆਂ ਨੂੰ ਲਾਗੂ ਨਾ ਕਰਨਾ

ਮੁੱਖ ਸੇਵਾ ਪੱਧਰ ਦੇ ਸਮਝੌਤੇ (ਐਸ ਐਲ ਏ) i) ਰਿਕਵਰੀ ਪੁਆਇੰਟ ਉਦੇਸ਼ (ਆਰ ਪੀ ਓ)-ਰਿਕਵਰੀ ਪੁਆਇੰਟਾਂ ਵਿਚਕਾਰ ਵੱਧ ਤੋਂ ਵੱਧ ਸਵੀਕਾਰਯੋਗ ਸਮਾਂ; ਅਤੇ ii) ਰਿਕਵਰੀ ਸਮਾਂ ਉਦੇਸ਼ (ਆਰ ਟੀ ਓ) ਤਬਾਹੀ ਤੋਂ ਬਾਅਦ ਕਿਸੇ ਕਾਰੋਬਾਰੀ ਪ੍ਰਕਿਰਿਆ ਵਿੱਚ ਵਿਘਨ ਪੈਣ ਦੀ ਵੱਧ ਤੋਂ ਵੱਧ ਸਮਾਂ ਬਾਰੇ ਜਾਣਕਾਰੀ ਰੱਖਦੇ ਹਨ। ਸੇਵਾ ਪੱਧਰ ਦੇ ਇਕਰਾਰਨਾਮਿਆਂ ਨੂੰ ਡਿਜ਼ਾਈਨ ਕਰਦੇ ਸਮੇਂ ਨਿਰਧਾਰਤ ਡਾਊਨਟਾਈਮ ਅਤੇ ਰੱਖ-ਰਖਾਅ ਨੂੰ ਆਮ ਤੌਰ ਤੇ ਧਿਆਨ ਵਿੱਚ ਰੱਖਿਆ ਜਾਂਦਾ ਹੈ ਜੋ ਕਿਸੇ ਵੀ ਆਫ਼ਤ ਜਾਂ ਅਸਫਲਤਾਵਾਂ ਦੇ ਮਾਮਲੇ ਵਿੱਚ ਡਾਟਾ ਦੇ ਨੁਕਸਾਨ ਤੋਂ ਬਚਣ ਲਈ ਸੇਵਾ ਪ੍ਰਦਾਤਾਵਾਂ ਦੀ ਸਮਰੱਥਾ ਨੂੰ ਵੀ ਕਵਰ ਕਰਦੇ ਹਨ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਐਸ ਐਲ ਏ ਦੀ ਅਣਹੋਂਦ ਵਿੱਚ, ਸੇਵਾ ਪ੍ਰਦਾਤਾ ਦੀ ਸਹਿਮਤ ਹੋਏ ਡਾਊਨਟਾਈਮ ਦੇ ਅੰਦਰ ਸੇਵਾਵਾਂ ਦੀ ਬਹਾਲੀ ਲਈ ਕੋਈ ਵਚਨਬੱਧਤਾ ਨਹੀਂ ਸੀ। ਨੋਡਲ ਵਿਭਾਗ ਡਾਊਨਟਾਈਮ, ਆਰ ਪੀ ਓ ਅਤੇ ਆਰ ਟੀ ਓ ਦੀ ਨਿਗਰਾਨੀ ਕਰਨ ਲਈ ਐਸ ਐਲ ਏ ਤੋਂ ਸੁਤੰਤਰ ਕੋਈ ਸਾਧਨ ਵੀ ਪ੍ਰਦਾਨ ਨਹੀਂ ਕਰ ਸਕਿਆ।

ਨੋਡਲ ਵਿਭਾਗ ਨੇ ਕਿਹਾ (ਮਈ 2024) ਕਿ ਡਾਊਨਟਾਈਮ ਦੇ ਵੇਰਵੇ "ਐਮ ਆਈ ਐਸ ਘੰਟਾ-ਵਾਰ ਰਿਪੋਰਟ" ਵਿੱਚ ਉਪਲਬਧ ਸਨ। ਹਾਲਾਂਕਿ, ਇਹ ਜਵਾਬ ਇਸ ਮੁੱਦੇ ਨੂੰ ਢੁਕਵੇਂ ਤਰੀਕੇ ਨਾਲ ਹੱਲ ਨਹੀਂ ਕਰਦਾ ਸੀ, ਕਿਉਂਕਿ ਐਸ ਐਲ ਏ ਦੀ ਅਣਹੋਂਦ ਦਾ ਮਤਲਬ ਹੈ ਕਿ ਸੇਵਾ ਪ੍ਰਦਾਤਾ (ਐਨ ਆਈ ਸੀ) ਇੱਕ ਨਿਰਧਾਰਤ ਸਮਾਂ-ਸੀਮਾਂ ਦੇ ਅੰਦਰ ਸੇਵਾਵਾਂ ਨੂੰ ਬਹਾਲ ਕਰਨ ਲਈ ਪਾਬੰਦ ਨਹੀਂ ਸੀ। ਨਤੀਜੇ ਵਜੋਂ, ਜਵਾਬਦੇਹੀ ਦੀ ਇਹ ਘਾਟ ਲੰਮੇ ਸਮੇਂ ਤੱਕ ਰੁਕਾਵਟਾਂ ਦਾ ਕਾਰਣ ਬਣ ਸਕਦੀ ਸੀ ਅਤੇ ਕਾਰੋਬਾਰ ਦੀ ਨਿਰੰਤਰਤਾ ਨੂੰ ਨਕਾਰਾਤਮਕ ਤੌਰ ਤੇ ਪ੍ਰਭਾਵ ਕਰ ਸਕਦੀ ਸੀ।

### 2.11.5.3 ਬੇਅਸਰ ਪ੍ਰਣਾਲੀ ਖਰਾਬੀ ਪ੍ਰਕਿਰਿਆ

ਐਨ ਆਈ ਸੀ ਦੁਆਰਾ ਤਿਆਰ ਕੀਤੀ ਗਈ (ਅਗਸਤ 2012) 'ਪ੍ਰਣਾਲੀ ਖਰਾਬੀ ਪ੍ਰਕਿਰਿਆ' ਦਾਅਵਾ ਕਰਦੀ ਸੀ ਕਿ ਈ-ਖਰੀਦ ਸੱਲੂਸ਼ਨ ਪ੍ਰਣਾਲੀ ਦੀਆਂ ਖਰਾਬੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਭਾਲਣ ਲਈ ਤਿਆਰ ਕੀਤਾ ਗਿਆ ਸੀ। ਹਾਲਾਂਕਿ, ਅਸਫਲਤਾਵਾਂ ਵੱਖ-ਵੱਖ ਮੁੱਦਿਆਂ ਦੇ ਕਾਰਣ ਹੋ ਸਕਦੀਆਂ ਹਨ, ਜਿਸ ਵਿੱਚ ਇੰਟਰਨੈਟ ਦੀ ਅਸਫਲਤਾ ਅਤੇ ਕੁਦਰਤੀ ਆਫ਼ਤਾਂ ਸ਼ਾਮਲ ਹਨ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ ਖਰਾਬ ਪ੍ਰਣਾਲੀ ਦੇ ਕਾਰਣ, ਐਨ ਆਈ ਸੀ ਨੂੰ ਆਪਣੇ ਆਪ ਭਾਵ ਟੀ ਆਈ ਏ ਦੀ ਬੇਨਤੀ ਤੋਂ ਬਿਨਾਂ 2,896 ਟੈਂਡਰਾਂ ਵਿੱਚ ਬੋਲੀ ਜਮ੍ਹਾਂ ਕਰਨ ਦੀ ਮਿਤੀ ਵਧਾਉਣੀ ਪਈ। ਐਨ ਆਈ ਸੀ ਦੇ ਵੱਲੋਂ ਇਨ੍ਹਾਂ ਜ਼ਬਰਦਸਤੀ ਮਿਤੀਆਂ ਦੇ ਵਾਧੇ ਦੇ ਨਤੀਜੇ ਵਜੋਂ ਦੋ ਟੈਂਡਰ ਬੋਲੀਆਂ ਖੋਲ੍ਹਣ ਦਾ ਸਮਾਂ ਉਹਨਾਂ ਦੇ ਜਮ੍ਹਾਂ ਕਰਨ ਦੇ ਬੰਦ ਹੋਣ ਵਾਲੇ ਸਮੇਂ ਤੋਂ ਪਹਿਲਾਂ ਸੀ ਜਿਵੇਂ ਕਿ **ਸਾਰਣੀ** 2.38 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 2.38: ਟੈਂਡਰ ਜਿੱਥੇ ਬੋਲੀ ਖੋਲਣ ਦਾ ਸਮਾਂ ਬੋਲੀ ਜਮ੍ਹਾਂ ਕਰਨ ਤੋਂ ਪਹਿਲਾ ਸੀ**

| ਲੜੀ ਨੰ. | ਕਾਰਜ ਆਈਟਮ ਆਈ ਡੀ | ਬੋਲੀ ਜਮ੍ਹਾਂ ਕਰਨ ਦੀ ਸਮਾਪਤੀ ਮਿਤੀ ਅਤੇ ਸਮਾਂ | ਬੋਲੀ ਖੋਲ੍ਹਣ ਦੀ ਮਿਤੀ ਅਤੇ ਸਮਾਂ |
|---|---|---|---|
| 1. | 58957 | 2019-06-27 17:00:00 | 2019-06-27 11:00:00 |
| 2. | 70551 | 2019-11-22 17:00:00 | 2019-11-22 11:00:00 |

*ਸ੍ਰੋਤ: ਜੀ ਟੀ ਪੀ ਐਨ ਆਈ ਡਾਟਾਬੇਸ*

ਨੋਡਲ ਵਿਭਾਗ ਨੇ ਕਿਹਾ (ਅਕਤੂਬਰ 2023) ਕਿ ਪ੍ਰਣਾਲੀ ਦੀ ਖਰਾਬੀ ਪ੍ਰਕਿਰਿਆ ਯੋਜਨਾਬੱਧ ਅਤੇ ਗੈਰ ਯੋਜਨਾਬੱਧ ਗਤੀਵਿਧੀਆਂ (ਨੈੱਟਵਰਕ ਆਊਟੇਜ) ਦੇ ਕਈ ਕਾਰਣਾਂ ਕਰਕੇ ਕੀਤੀ ਜਾਂਦੀ ਸੀ। ਇਸ ਦੀ ਵਰਤੋਂ ਯੋਜਨਾਬੱਧ ਗਤੀਵਿਧੀਆਂ ਜਿਵੇਂ ਕਿ ਸਰਵਰ ਅਪਗ੍ਰੇਡੇਸ਼ਨ, ਸੁਰੱਖਿਆ ਪੈਚ ਅਪਡੇਟ, ਸਰਵਰ ਜਾਂ ਡਾਟਾਬੇਸ ਮਾਈਗ੍ਰੇਸ਼ਨ ਆਦਿ ਲਈ ਵੀ ਕੀਤੀ ਗਈ ਸੀ। ਜਦੋਂ ਅਜਿਹੀਆਂ ਘਟਨਾਵਾਂ ਦੀ ਯੋਜਨਾ ਬਣਾਈ ਜਾਂਦੀ ਹੈ, ਤਾਂ ਘੋਸ਼ਣਾਵਾਂ ਪਹਿਲਾਂ ਹੀ ਜਾਰੀ ਕੀਤੀਆਂ ਜਾਂਦੀਆਂ ਹਨ ਅਤੇ

ਉਪਭੋਗਤਾਵਾਂ ਨੂੰ ਸੂਚਿਤ ਕੀਤੀਆਂ ਜਾਂਦੀਆਂ ਹਨ। ਹਾਲਾਂਕਿ, ਵਿਭਾਗ ਨੇ ਭਵਿੱਖ ਵਿੱਚ ਬਿਹਤਰ ਕਾਰੋਬਾਰੀ ਨਿਰੰਤਰਤਾ ਪ੍ਰਕਿਰਿਆ ਲਈ ਪ੍ਰਣਾਲੀ ਦੀ ਖਰਾਬੀ ਪ੍ਰਕਿਰਿਆ ਨੂੰ ਲਾਗੂ ਕਰਨ ਦਾ ਭਰੋਸਾ ਦਿੱਤਾ।

### 2.11.5.4 ਤਬਦੀਲੀ ਪ੍ਰਬੰਧਨ ਨੀਤੀ ਦੀ ਅਣਹੋਂਦ

ਆਈ ਟੀ ਸੰਗਠਨਾਂ ਵਿੱਚ, ਸਾੱਫਟਵੇਅਰ, ਹਾਰਡਵੇਅਰ ਅਤੇ ਸਬੰਧਤ ਦਸਤਾਵੇਜ਼ ਸੰਪਤੀਆਂ ਵਿੱਚ ਤਬਦੀਲੀਆਂ ਦੇ ਪ੍ਰਬੰਧਨ ਅਤੇ ਨਿਯੰਤਰਣ ਲਈ ਤਬਦੀਲੀ ਪ੍ਰਬੰਧਨ ਪ੍ਰਕਿਰਿਆ ਜ਼ਰੂਰੀ ਹੈ। ਇਹ ਯਕੀਨੀ ਬਣਾਉਣ ਲਈ ਤਬਦੀਲੀ ਨਿਯੰਤਰਣ ਜ਼ਰੂਰੀ ਹਨ ਕਿ ਪ੍ਰਣਾਲੀ ਕੌਨਫਿਗਰੇਸ਼ਨਾਂ ਵਿੱਚ ਸਾਰੀਆਂ ਸੋਧਾਂ ਅਧਿਕਾਰਤ, ਜਾਂਚੀਆਂ ਗਈਆਂ, ਦਸਤਾਵੇਜ਼ਬੱਧ ਅਤੇ ਨਿਗਰਾਨੀ ਕੀਤੀਆਂ ਜਾਂਦੀਆਂ ਹਨ। ਇਹ ਪਹੁੰਚ ਪ੍ਰਣਾਲੀ ਦੀ ਸਥਿਰਤਾ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੀ ਹੈ ਅਤੇ ਇਰਾਦੇ ਅਨੁਸਾਰ ਚੱਲ ਰਹੇ ਕਾਰੋਬਾਰੀ ਕਾਰਜਾਂ ਦਾ ਸਮਰਥਨ ਕਰਦੀ ਹੈ, ਜਦੋਂ ਕਿ ਕੀਤੀਆਂ ਗਈਆਂ ਤਬਦੀਲੀਆਂ ਦਾ ਇੱਕ ਵਿਆਪਕ ਟ੍ਰੇਲ/ਰਿਕਾਰਡ ਵੀ ਪ੍ਰਦਾਨ ਕਰਦੀ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਨੋਡਲ ਵਿਭਾਗ ਕੋਲ ਦਸੰਬਰ 2020 ਤੋਂ 12 ਵੱਰਸ਼ੱਨ ਜਾਰੀ ਕੀਤੇ ਜਾਣ ਦੇ ਬਾਵਜੂਦ ਜੀ ਈ ਪੀ ਐਨ ਆਈ ਸੀ ਵਿੱਚ ਤਬਦੀਲੀਆਂ ਦਾ ਦਸਤਾਵੇਜ਼ੀ ਰਿਕਾਰਡ ਰੱਖਣ ਲਈ ਤਬਦੀਲੀ ਪ੍ਰਬੰਧਨ ਨੀਤੀ ਦੀ ਘਾਟ ਸੀ। ਇਨ੍ਹਾਂ ਤਬਦੀਲੀਆਂ ਨੂੰ ਅਧਿਕਾਰਤ ਕਰਨ ਅਤੇ ਲਾਗੂ ਕਰਨ ਲਈ ਕੋਈ ਸਪੱਸ਼ਟ ਅਥਾਰਟੀ ਵੀ ਨਿਰਧਾਰਤ ਨਹੀਂ ਕੀਤੀ ਗਈ ਸੀ।

ਨੋਡਲ ਵਿਭਾਗ ਨੇ ਕਿਹਾ (ਮਈ 2024) ਕਿ ਜੀ ਈ ਪੀ ਐਨ ਆਈ ਸੀ ਇੱਕ ਜੈਨਰਿਕ ਸਾੱਫਟਵੇਅਰ ਸੀ। ਵੱਖ-ਵੱਖ ਹਿੱਤਧਾਰਕਾਂ ਦੁਆਰਾ ਬੇਨਤੀ ਕੀਤੀਆਂ ਲੋੜਾਂ ਅਤੇ ਸੁਧਾਰ ਨਿਯਮਾਂ ਅਤੇ ਅਧਿਨਿਯਮਾਂ ਦੀ ਪਾਲਣਾ ਲਈ ਵਿਚਾਰੇ ਜਾਂਦੇ ਹਨ, ਤਕਨੀਕੀ ਵਿਵਹਾਰਕਤਾ ਲਈ ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਅਤੇ ਬਾਅਦ ਵਿੱਚ ਭਵਿੱਖ ਦੇ ਵੱਰਸ਼ੱਨਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਜਵਾਬ ਤਸੱਲੀਬਖਸ਼ ਨਹੀਂ ਸੀ ਕਿਉਂਕਿ ਇੱਕ ਰਸਮੀ ਤਬਦੀਲੀ ਪ੍ਰਬੰਧਨ ਨੀਤੀ ਹੋਣੀ ਚਾਹੀਦੀ ਹੈ ਜੋ ਐਪਲੀਕੇਸ਼ਨ ਵਿੱਚ ਕੀਤੀਆਂ ਗਈਆਂ ਸਾਰੀਆਂ ਤਬਦੀਲੀਆਂ ਨੂੰ ਨਿਯੰਤਰਿਤ ਕਰਦੀ ਹੈ। ਨੀਤੀ ਨੂੰ ਤਬਦੀਲੀਆਂ ਦੀ ਬੇਨਤੀ ਕਰਨ, ਮੁਲਾਂਕਣ ਕਰਨ, ਪ੍ਰਵਾਨਗੀ ਦੇਣ, ਜਾਂਚ ਕਰਨ ਅਤੇ ਤੈਨਾਤ ਕਰਨ ਲਈ ਪ੍ਰਕਿਰਿਆਵਾਂ ਦੀ ਰੂਪ ਰੇਖਾ ਤਿਆਰ ਕਰਨੀ ਚਾਹੀਦੀ ਹੈ, ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਾਰੀਆਂ ਸੋਧਾਂ ਨੂੰ ਧਿਆਨ ਨਾਲ ਨਿਯੰਤਰਿਤ ਕੀਤਾ ਜਾਂਦਾ ਹੈ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਸਬੰਧਤ ਨੀਤੀਆਂ ਐਨ ਆਈ ਸੀ ਤੋਂ ਲਈਆਂ ਜਾਣਗੀਆਂ।

### 2.11.6 ਟੈਂਡਰਾਂ ਦਸਤਾਵੇਜ਼ਾਂ ਵਿੱਚ ਡਿਜੀਟਲ ਟਾਈਮ ਸਟੈਂਪ ਦੀ ਉਪਲੱਬਧਤਾ ਨਾ ਹੋਣਾ

ਐਸ ਟੀ ਕਿਊ ਸੀ ਦਿਸ਼ਾ-ਨਿਰਦੇਸ਼ਾਂ ਵਿੱਚ ਕਿਹਾ ਗਿਆ ਹੈ ਕਿ ਸੀ ਵੀ ਸੀ ਇਹ ਆਦੇਸ਼ ਦਿੰਦਾ ਹੈ ਕਿ ਈ-ਟੈਂਡਰਿੰਗ/ਈ-ਖਰੀਦ ਵੈਬਸਾਈਟਾਂ ਤੇ ਪੋਸਟ ਕੀਤੇ ਟੈਂਡਰ ਦਸਤਾਵੇਜ਼ਾਂ ਤੇ ਟੈਂਡਰਿੰਗ ਸੰਸਥਾ ਦੇ ਕਿਸੇ ਅਧਿਕਾਰੀ ਦੁਆਰਾ ਡਿਜੀਟਲ ਦਸਤਖਤ ਕੀਤੇ ਜਾਣੇ ਚਾਹੀਦੇ ਹਨ। ਪੰਜਾਬ ਸਰਕਾਰ ਨੇ ਹੁਕਮ

ਦਿੱਤਾ ਸੀ (ਫਰਵਰੀ 2018) ਕਿ ਈ-ਖਰੀਦ ਪੋਰਟਲ ਤੋਂ ਡਾਊਨਲੋਡ ਕੀਤੇ ਦਸਤਾਵੇਜ਼ਾਂ ਵਿੱਚ ਮਿਤੀ-ਸਮੇਂ ਦੀ ਸਟੈਂਪਿੰਗ ਅਤੇ ਆਈ ਪੀ ਵੇਰਵੇ ਸ਼ਾਮਲ ਹੋਣੇ ਚਾਹੀਦੇ ਹਨ ਤਾਂ ਜੋ ਡਾਊਨਲੋਡ ਕੀਤੇ ਦਸਤਾਵੇਜ਼ਾਂ ਵਿੱਚ ਅਣਅਧਿਕਾਰਤ ਤਬਦੀਲੀਆਂ ਨੂੰ ਸੀਮਤ ਕੀਤਾ ਜਾ ਸਕੇ। ਪੀ ਟੀ ਪੀ ਪੀ ਨਿਯਮ, 2022 ਨੇ ਖਰੀਦ ਇਕਾਈਆਂ ਨੂੰ ਇਲੈਕਟ੍ਰਾਨਿਕ ਅਤੇ ਭੌਤਿਕ ਦੋਵਾਂ ਰੂਪਾਂ ਵਿੱਚ ਰਿਕਾਰਡ ਰੱਖਣ ਅਤੇ ਸੁਰੱਖਿਤ ਰੱਖਣ ਦੇ ਨਿਰਦੇਸ਼ ਦਿੱਤੇ ਸਨ।

ਵਿਭਾਗ ਅਤੇ ਬੋਲੀਦਾਤਾਵਾਂ ਵੱਲੋਂ ਅਪਲੋਡ ਕੀਤੇ ਗਏ ਕਿਸੇ ਵੀ ਸੋਧ-ਪੱਤਰ/ਜੋੜ ਅਤੇ ਹੋਰ ਦਸਤਾਵੇਜ਼ਾਂ ਤੇ ਡਿਜੀਟਲ ਦਸਤਖਤ ਸਟੈਂਪ ਰਿਕਾਰਡ ਨਾ ਕਰਨ ਦੇ ਮੁੱਦੇ ਨੂੰਸਮਾਜਿਕ, ਜਨਰਲ ਅਤੇ ਆਰਥਿਕ ਖੇਤਰ (ਗੈਰ-ਜਨਤਕ ਖੇਤਰ ਉਪਕ੍ਰਮ) 'ਤੇ 31 ਮਾਰਚ 2017 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਵਿੱਚ ਪੈਰ੍ਹਾ 3.12.4.5 ਰਾਹੀਂ ਦਰਸਾਇਆ ਗਿਆ ਸੀ। ਪੀ ਏ ਸੀ ਨੇ ਵਿਭਾਗ ਦੇ ਜਵਾਬਾਂ ਤੇ ਆਪਣੀ ਅਸੰਤੁਸ਼ਟੀ (ਦਸੰਬਰ 2022) ਵੀ ਜ਼ਾਹਰ ਕੀਤੀ ਸੀ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਨਮੂਨਾ-ਜਾਂਚ ਕੀਤੇ ਟੈਂਡਰਾਂ ਵਿੱਚ ਨਾ ਤਾਂ ਜੀ ਈ ਪੀ ਐਨ ਆਈ ਸੀ ਦੀ ਐਮ ਆਈ ਐਸ ਡਿਸਕਰਸਿਵ ਰਿਪੋਰਟ ਤੋਂ ਡਾਊਨਲੋਡ ਕੀਤੇ ਗਏ ਬੋਲੀਦਾਤਾ ਦਸਤਾਵੇਜ਼ਾਂ ਅਤੇ ਨਾ ਹੀ ਡੀ ਐਨ ਆਈ ਟੀ ਅਤੇ ਬੀ ਓ ਕਿਊ ਟੈਂਪਲੇਟਾਂ ਵਿੱਚ ਕੋਈ ਏਮਬੈਡਡ ਡਿਜੀਟਲ ਦਸਤਖਤ ਸ਼ਾਮਲ ਸਨ, ਜਿਸ ਨਾਲ ਟੈਂਡਰ ਦਸਤਾਵੇਜ਼ਾਂ ਦੀ ਪਵਿੱਤਰਤਾ ਨੂੰ ਕਮਜ਼ੋਰ ਕੀਤਾ ਗਿਆ ਜਿਵੇਂ ਕਿ **ਸਾਰਣੀ** 2.39 ਵਿੱਚ ਦਿਖਾਇਆ ਗਿਆ ਹੈ।

**ਸਾਰਣੀ 2.39: ਡੀ ਐਨ ਆਈ ਟੀ ਅਤੇ ਬੀ ਓ ਕਿਊ ਤੇ ਡਿਜੀਟਲ ਦਸਖਤ ਕੀਤੇ ਬਿਨਾਂ ਟੈਂਡਰ**

| ਲੜੀ ਨੰ. | ਟੈਂਡਰ ਰੈਫਰੈਂਸ ਸੰਖਿਆ | ਕਾਰਜ ਆਇਟਮ ਆਈ ਡੀ |
|---|---|---|
| 1. | 2018_ਡੀ ਐਸ ਈ_14093_1 | 16438 |
| 2. | 2019_ਡੀ ਐਮ ਈ ਆਰ_33887_1 | 59486 |
| 3. | 2020_ਡੀ ਐਲ ਜੀ_50098_19 | 96683 |
| 4. | 2021_ਡੀ ਐਚ ਏ_64373_1 | 129313 |
| 5. | 2022_ਡੀ ਓ ਏ_83528_1 | 179780 |

*ਸ੍ਰੋਤ: ਈ ਖਰੀਦ ਪੋਰਟਲ*

ਡਿਜੀਟਲ ਦਸਤਖਤਾਂ ਦੀ ਅਣਹੋਂਦ ਦਾ ਮਤਲਬ ਹੈ ਕਿ ਡਾਊਨਲੋਡ ਕੀਤੇ ਦਸਤਾਵੇਜ਼ਾਂ ਵਿੱਚ ਕਾਨੂੰਨੀ ਮਾਨਤਾ ਦੀ ਘਾਟ ਹੈ। ਇਸ ਤਰ੍ਹਾਂ ਡਿਜੀਟਲ ਦਸਤਖਤਾ ਨੂੰ ਏਮਬੈਡ ਕਰਕੇ ਸਾਰੇ ਬੋਲੀ ਸੰਬੰਧੀ ਦਸਤਾਵੇਜ਼ਾਂ ਦੀ ਇਕਸਾਰਤਾ ਬਾਰੇ ਭਰੋਸਾ ਦੇਣਾ ਮਹੱਤਵਪੂਰਨ ਸੀ, ਖਾਸਕਰ ਜਦੋਂ ਪ੍ਰਣਾਲੀ ਤੋਂ ਬਾਹਰ ਟੈਂਡਰ ਦਾ ਮੈਨੂਅਲ ਮੁਲਾਂਕਣ ਕਰਨ ਦੀ ਤਰਜੀਹ ਸੀ।

ਨੋਡਲ ਵਿਭਾਗ ਨੇ ਕਿਹਾ (ਅਕਤੂਬਰ 2023) ਕਿ ਪੀ ਡੀ ਐਫ ਫਾਰਮੈਟ ਵਿੱਚ ਅਪਲੋਡ ਕੀਤੇ ਗਏ ਐਨ ਆਈ ਟੀ ਦਸਤਾਵੇਜ਼ਾਂ ਵਿੱਚ ਇਨਲਾਈਨ ਦਸਤਖਤ (ਏਮਬੈਡਡ ਦਸਤਖਤ) ਹੁੰਦੇ ਸਨ, ਜਦੋਂ ਕਿ ਬੋਲੀਦਾਤਾਵਾਂ ਦੁਆਰਾ ਜਮ੍ਹਾਂ ਕੀਤੇ ਦਸਤਾਵੇਜ਼ਾਂ ਵਿੱਚ ਵੱਖਰੇ ਦਸਤਖਤ ਹੁੰਦੇ ਸਨ। ਇਹ ਜਵਾਬ

ਤਸੱਲੀਬਖਸ਼ ਨਹੀਂ ਸੀ, ਕਿਉਂਕਿ ਜੀ ਈ ਪੀ ਐਨ ਆਈ ਸੀ ਤੋਂ ਡਾਊਨਲੋਡ ਕੀਤੇ ਦਸਤਾਵੇਜ਼ਾਂ ਵਿੱਚ ਤਾਰੀਖ ਸਮੇਂ ਦੀ ਸਟੈਂਪਿੰਗ ਅਤੇ ਆਈ ਪੀ ਵੇਰਵੇ ਸ਼ਾਮਲ ਕਰਨਾ ਲਾਜ਼ਮੀ ਸੀ।

ਵਿਭਾਗ ਨੇ ਕਿਹਾ (ਨਵੰਬਰ 2024) ਕਿ ਇਹ ਮਾਮਲਾ ਐਨ ਆਈ ਸੀ ਕੋਲ ਉਠਾਇਆ ਗਿਆ ਹੈ।

### 2.11.7 'ਦਸਤਾਵੇਜ਼ ਵਿਕਰੀ ਸਮਾਪਤ ਹੋਣ ਦੀ ਮਿਤੀ' ਤੋਂ ਬਾਅਦ ਡੀ ਐਨ ਆਈ ਟੀ ਵੇਖਣ ਦੀ ਅਨਿਯਮਿਤ ਮਨਾਹੀ

ਪੀ ਟੀ ਪੀ ਪੀ ਐਕਟ, 2019 ਦੀ ਧਾਰਾ 43(2) ਖਰੀਦ ਇਕਾਈਆਂ ਨੂੰ ਸੋਧਾਂ ਸਮੇਤ ਜਨਤਕ ਤੌਰ ਤੇ ਪਹੁੰਚਯੋਗ ਖਰੀਦ ਪੋਰਟਲ ਤੇ ਖਰੀਦ ਨਾਲ ਸਬੰਧਤ ਜਾਣਕਾਰੀ ਪ੍ਰਕਾਸ਼ਿਤ ਕਰਨ ਦਾ ਅਧਿਕਾਰ ਦਿੰਦੀ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਟੈਂਡਰ ਦਸਤਾਵੇਜ਼ (ਡੀ ਐਨ ਆਈ ਟੀ), ਟੈਂਡਰ ਦੇ ਦਾਇਰੇ ਅਤੇ ਵੇਰਵਿਆਂ ਦੀ ਰੂਪ ਰੇਖਾ ਦਿੰਦੇ ਹੋਏ, ਜੀ ਈ ਪੀ ਐਨ ਆਈ ਸੀ 'ਤੇ ਸਿਰਫ ਸੀਮਤ ਮਿਆਦ ਲਈ ਜਨਤਕ ਦੇਖਣ ਅਤੇ ਡਾਊਨਲੋਡ ਕਰਨ ਲਈ ਉਪਲਬਧ ਸਨ-'ਦਸਤਾਵੇਜ਼ ਡਾਊਨਲੋਡ/ਵਿਕਰੀ ਸ਼ੁਰੂ ਹੋਣ ਦੀ ਮਿਤੀ' ਤੋਂ ਲੈ ਕੇ 'ਦਸਤਾਵੇਜ਼ ਡਾਊਨਲੋਡ/ਵਿਕਰੀ ਸਮਾਪਤੀ ਮਿਤੀ' ਤੱਕ। ਜਦੋਂ ਕਿ, ਟੈਂਡਰ ਸੰਖੇਪ ਰਿਪੋਰਟਾਂ ਜਿਸ ਵਿੱਚ ਟੈਂਡਰ ਓਪਨਿੰਗ, ਮੁਲਾਂਕਣ ਸੰਖੇਪ, ਬੀ ਓ ਕਿਉ ਤੁਲਨਾਤਮਕ ਚਾਰਟ ਅਤੇ ਏ ਓ ਸੀ ਸਮੇਤ ਵੱਖ-ਵੱਖ ਪੜਾਵਾਂ ਦੇ ਵੇਰਵੇ ਸ਼ਾਮਲ ਹਨ, ਕਿਸੇ ਵੀ ਸਮੇਂ ਵੇਖਣ ਲਈ ਉਪਲਬਧ ਸਨ। 'ਦਸਤਾਵੇਜ਼ ਡਾਊਨਲੋਡ/ਵਿਕਰੀ ਸਮਾਪਤੀ ਮਿਤੀ' ਤੋਂ ਬਾਅਦ ਡੀ ਐਨ ਆਈ ਟੀ ਨੂੰ ਵੇਖਣ ਵਿੱਚ ਇਸ ਸੀਮਾ ਨੇ ਪੋਰਟਲ ਦੇ ਪਾਰਦਰਸ਼ਤਾ ਦੇ ਉਦੇਸ਼ ਨੂੰ ਕਮਜ਼ੋਰ ਕਰ ਦਿੱਤਾ।

ਨੋਡਲ ਵਿਭਾਗ ਨੇ ਕਿਹਾ (ਅਕਤੂਬਰ 2023) ਕਿ ਸਾਰੇ ਰਾਜ ਨਿਰਧਾਰਤ ਸਮਾਂ ਸੀਮਾ ਤੱਕ ਦਸਤਾਵੇਜ਼ਾਂ ਦੀ ਪਹੁੰਚ ਨੂੰ ਸੀਮਤ ਕਰਨ ਵਾਲੀ ਨੀਤੀ ਦੀ ਪਾਲਣਾ ਕਰਦੇ ਸਨ, ਜਿਸ ਵਿੱਚ ਬਾਅਦ ਵਿੱਚ ਪਹੁੰਚ ਲਈ ਉਪਭੋਗਤਾਵਾਂ ਨੂੰ ਲੌਗ ਇਨ ਕਰਨ ਅਤੇ ਮਨਪਸੰਦ ਵਜੋਂ ਟੈਂਡਰ ਨਿਰਧਾਰਤ ਕਰਨ ਦੀ ਲੋੜ ਹੁੰਦੀ ਹੈ। ਇਹ ਜਵਾਬ ਤਸੱਲੀਬਖਸ਼ ਨਹੀਂ ਸੀ, ਕਿਉਂਕਿ ਸਾਰੇ ਟੈਂਡਰ ਦਸਤਾਵੇਜ਼ਾਂ ਨੂੰ ਸਟੋਰ ਕਰਨ ਲਈ ਇੱਕ ਆਨਲਾਈਨ ਰੀਪੋਜ਼ਿਟਰੀ ਦੀ ਸਪੱਸ਼ਟ ਜ਼ਰੂਰਤ ਸੀ-ਪਿਛਲੇ ਅਤੇ ਵਰਤਮਾਨ ਦੋਵੇਂ ਤਾਂ ਜੋ ਇਹ ਯਕੀਨੀ ਬਣਾਉਣ ਲਈ ਕਿ ਉਹ ਕਿਸੇ ਵੀ ਸਮੇਂ ਜਨਤਾ ਲਈ ਪਹੁੰਚਯੋਗ ਸਨ। ਹਾਲਾਂਕਿ, ਵਿਭਾਗ ਨੇ ਭਰੋਸਾ ਦਿੱਤਾ (ਨਵੰਬਰ 2024) ਕਿ ਇਹ ਮਾਮਲਾ ਐਨ ਆਈ ਸੀ ਕੋਲ ਉਠਾਇਆ ਗਿਆ ਹੈ।

### 2.11.8 ਅੰਦਰੂਨੀ ਲੇਖਾ ਪ੍ਰੀਖਿਆ ਮਾਡਿਊਲ ਦੀ ਅਣਹੋਂਦ

ਇੱਕ ਨੈਤਿਕ ਅਤੇ ਪ੍ਰਭਾਵਸ਼ਾਲੀ ਸ਼ਾਸਨ ਰਾਹੀਂ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੀਆਂ ਸੰਸਥਾਵਾਂ ਦੀਆਂ ਸ਼ਾਸਨ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨ ਲਈ ਇੱਕ ਪ੍ਰਭਾਵਸ਼ਾਲੀ ਅੰਦਰੂਨੀ ਲੇਖਾ ਪ੍ਰੀਖਿਆ ਕਾਰਵਾਹੀ ਮਹੱਤਵਪੂਰਨ ਹੈ। ਇਸੇ ਤਰ੍ਹਾਂ, ਈ-ਖਰੀਦ ਪ੍ਰਣਾਲੀ ਦੇ ਅੰਦਰ ਪਾਰਦਰਸ਼ਤਾ, ਜਵਾਬਦੇਹੀ ਅਤੇ ਨਿਯੰਤਰਣ ਨੂੰ ਯਕੀਨੀ ਬਣਾਉਣ ਲਈ ਇੱਕ ਅੰਦਰੂਨੀ ਲੇਖਾ ਪ੍ਰੀਖਿਆ ਮਾਡਿਊਲ ਮਹੱਤਵਪੂਰਨ ਹੈ। ਇਹ ਸੰਸਥਾਵਾਂ ਨੂੰ ਰੈਗੂਲੇਟਰੀ ਲੋੜਾਂ ਨੂੰ ਪੂਰਾ ਕਰਨ, ਜੋਖਮਾਂ ਦਾ ਪ੍ਰਬੰਧਨ ਕਰਨ, ਪ੍ਰਕਿਰਿਆਵਾਂ ਵਿੱਚ ਸੁਧਾਰ ਕਰਨ, ਬੇਨਿਯਮੀਆਂ ਦਾ ਪਤਾ ਲਗਾਉਣ, ਸੇਵਾ

ਪ੍ਰਦਾਤਾ ਦੀ ਕਾਰਜਸ਼ੀਲਤਾ ਦਾ ਮੁਲਾਂਕਣ ਕਰਨ, ਡਾਟਾ ਇਕਸਾਰਤਾ ਨੂੰ ਯਕੀਨੀ ਬਣਾਉਣ ਅਤੇ ਨਿਰੰਤਰ ਨਿਗਰਾਨੀ ਦੀ ਸਹੂਲਤ ਦੇਣ ਵਿੱਚ ਸਹਾਇਤਾ ਕਰਦਾ ਹੈ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ ਜੀ ਈ ਪੀ ਐਨ ਆਈ ਸੀ ਪੋਰਟਲ ਵਿੱਚ ਕੋਈ ਅੰਦਰੂਨੀ ਲੇਖਾ ਪ੍ਰੀਖਿਆ ਮਾਡਿਊਲ ਨਹੀਂ ਸੀ। ਨੋਡਲ ਵਿਭਾਗ ਨੇ ਅਜਿਹੇ ਮਾਡਿਊਲ ਨੂੰ ਲਾਗੂ ਕਰਨ ਦੇ ਪ੍ਰਸਤਾਵ ਤੇ ਵਿਚਾਰ ਕਰਨ ਦਾ ਭਰੋਸਾ ਦਿੱਤਾ (ਮਈ 2024) ਅਤੇ ਕਿਹਾ (ਨਵੰਬਰ 2024) ਕਿ ਇਹ ਮਾਮਲਾ ਐਨ ਆਈ ਸੀ ਕੋਲ ਉਠਾਇਆ ਜਾਵੇਗਾ।

### 2.11.9 ਹੈਲਪਡੈਸਕ ਪ੍ਰਬੰਧਨ

ਹੈਲਪਡੈਸਕ ਪ੍ਰਦਾਨ ਕਰਨਾ ਈ-ਸਮਾਧਾਨਾਂ ਲਈ ਸਰਵੋਤਮ ਅਭਿਆਸਾਂ ਦਾ ਇੱਕ ਮਹੱਤਵਪਰਣ ਹਿੱਸਾ ਹੈ। ਮਹੱਤਵਪੂਰਨ ਮੁੱਦਿਆਂ ਦੀ ਪਛਾਣ ਕਰਨ ਲਈ ਸਮਾਧਾਨ ਬੇਨਤੀਆਂ ਦੀ ਤੁਲਨਾ ਵਿੱਚ ਪ੍ਰਬੰਧਨ ਦੁਆਰਾ ਹੈਲਪਡੈਸਕ ਦੀਆਂ ਰਿਪੋਰਟਾਂ ਦੀ ਸਮੀਖਿਆ ਕੀਤੀ ਜਾਂਦੀ ਹੈ, ਜੋ ਪ੍ਰਬੰਧਨ ਨੂੰ ਸੂਚਿਤ ਖਰੀਦ ਫੈਸਲੇ ਲੈਣ ਅਤੇ ਸਮੇਂ-ਸਮੇਂ ਤੇ ਮੁਲਾਂਕਣ ਕਰਨ ਦੀ ਸਹੂਲਤ ਦਿੰਦੀ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਐਨ ਆਈ ਸੀ ਪ੍ਰੋਜੈਕਟ ਪ੍ਰਸਤਾਵ (ਜੁਲਾਈ 2016) ਦੇ ਅਨੁਸਾਰ, ਇਕ ਹੈਲਪਡੈਸਕ ਸਥਾਪਤ ਕੀਤਾ ਗਿਆ ਸੀ, ਅਤੇ ਉਨ੍ਹਾਂ ਦੇ ਸੰਬੰਧਿਤ ਸੰਪਰਕ ਅਨੁਸਾਰ ਨੰਬਰ ਅਤੇ ਈ-ਮੇਲ ਅਡਰੈਸ ਜੀ ਪੀ ਐਨ ਆਈ ਸੀ ਦੇ ਹੋਮਪੇਜ ਤੇ ਪ੍ਰਦਰਸ਼ਿਤ ਕੀਤੇ ਗਏ ਸਨ। ਹਾਲਾਂਕਿ, ਹੈਲਪਡੈਸਕ ਨੇ ਨਾ ਤਾਂ ਸ਼ਿਕਾਇਤਾਂ ਦਾ ਰਿਕਾਰਡ ਰੱਖਿਆ ਅਤੇ ਨਾ ਹੀ ਇੱਕ ਢਾਂਚਾਗਤ ਸ਼ਿਕਾਇਤ ਨਿਗਰਾਨੀ ਜਾਂ ਟਿਕਟ ਪ੍ਰਬੰਧਨ ਪ੍ਰਣਾਲੀ ਸਥਾਪਤ ਕੀਤੀ, ਜਿਸ ਨੇ ਆਵਰਤੀ ਜਾਂ ਮਹੱਤਵਪੂਰਨ ਮੁੱਦਿਆਂ ਨੂੰ ਟਰੈਕ ਕਰਨ, ਵਿਸ਼ਲੇਸ਼ਣ ਕਰਨ ਅਤੇ ਹੱਲ ਕਰਨ ਦੀ ਯੋਗਤਾ ਨੂੰ ਸੀਮਤ ਕਰ ਦਿੱਤਾ ਸੀ ਜਿਸ ਨਾਲ ਸਮੇਂ ਸਿਰ ਫੈਸਲਾ ਲੈਣ ਅਤੇ ਸੰਭਾਵੀ ਪ੍ਰਣਾਲੀ ਸੁਧਾਰਾਂ ਨੂੰ ਪ੍ਰਭਾਵਿਤ ਕੀਤਾ ਗਿਆ।

ਰਾਜ ਵਿੱਚ ਏਕੀਕ੍ਰਿਤ ਵਿੱਤੀ ਪ੍ਰਬੰਧਨ ਪ੍ਰਣਾਲੀ (ਆਈ ਐਫ ਐਮ ਐਸ) ਲਈ ਵਰਤੀ ਜਾਂਦੀ ਟਿਕਟ ਪ੍ਰਬੰਧਨ ਪ੍ਰਣਾਲੀ[70] ਨੂੰ ਲਾਗੂ ਕਰਨਾ, ਹੱਲ ਲਈ ਹੱਲ ਪ੍ਰਦਾਤਾ ਨੂੰ ਬੇਨਤੀਆਂ ਨਿਰਧਾਰਤ ਕਰਕੇ ਅਤੇ ਨੋਡਲ ਵਿਭਾਗ ਨੂੰ ਨਿਗਰਾਨੀ ਕਰਨ ਦੀ ਮੰਨਜ਼ੂਰੀ ਦੇ ਕੇ ਇਸ ਅੰਤਰ ਨੂੰ ਦੂਰ ਕਰ ਸਕਦਾ ਹੈ। ਇਹ ਨੋਡਲ ਵਿਭਾਗ ਨੂੰ ਭਵਿੱਖ ਦੇ ਪ੍ਰਣਾਲੀ ਸੁਧਾਰਾ ਲਈ ਜੋਖਮਾਂ ਦਾ ਮੁਲਾਂਕਣ ਕਰਨ ਵਿੱਚ ਸਹਾਇਤਾ ਕਰੇਗਾ।

ਨੋਡਲ ਵਿਭਾਗ ਨੇ ਕਿਹਾ (ਨਵੰਬਰ 2024) ਕਿ ਟਿਕਟ ਪ੍ਰਬੰਧਨ ਪ੍ਰਣਾਲੀ ਸ਼ੁਰੂ ਕਰਨ ਲਈ ਇਹ ਮਾਮਲਾ ਐਨ ਆਈ ਸੀ ਕੋਲ ਉਠਾਇਆ ਜਾਵੇਗਾ।

---

70 ਆਈ ਐਫ ਐਮ ਐਸ ਵਿੱਚ ਟਿਕਟ ਪ੍ਰਬੰਧਨ ਪ੍ਰਣਾਲੀ (ਟੀ ਐਮ ਐਸ) ਡੀ ਡੀ ਓਜ਼, ਡੀ ਟੀ ਓਜ਼, ਐਚ ਓ ਡੀਜ਼, ਖਜ਼ਾਨਾ ਅਤੇ ਲੇਖਾ, ਬਜਟ ਸ਼ਾਖਾ ਅਤੇ ਐਨ ਆਈ ਸੀ ਟੀਮ ਦਰਮਿਆਨ ਗੱਲਬਾਤ ਲਈ ਇੱਕ ਏਕੀਕ੍ਰਿਤ ਪਲੇਟਫਾਰਮ ਵਜੋਂ ਕੰਮ ਕਰਦੀ ਹੈ। ਉਪਭੋਗਤਾ ਈ-ਬਜਟ, ਈ-ਖਜ਼ਾਨਾ ਅਤੇ ਈ-ਰਸੀਦ ਸਮੇਤ ਸਾਰੇ ਮਾਡਿਊਲਾਂ ਨੂੰ ਕਵਰ ਕਰਨ ਵਾਲੀਆਂ 31 ਵੱਖ-ਵੱਖ ਕਿਸਮਾਂ ਦੀਆਂ ਟਿਕਟਾਂ/ਮੁੱਦਿਆਂ ਰਾਹੀਂ ਆਪਣੀਆਂ ਚਿੰਤਾਵਾਂ ਜਮ੍ਹਾਂ ਕਰ ਸਕਦੇ ਹਨ।

## 2.12 ਸਿੱਟਾ

ਲੇਖਾ ਪ੍ਰੀਖਿਆ ਵਿੱਚ ਪੰਜਾਬ ਵਿੱਚ ਈ-ਖਰੀਦ ਪ੍ਰਣਾਲੀ ਨੂੰ ਲਾਗੂ ਕਰਨ ਵਿੱਚ ਕਈ ਮੁੱਦੇ ਸਾਹਮਣੇ ਆਏ। ਜੀ ਈ ਪੀ ਐਨ ਆਈ ਸੀ ਦੇ ਵਿਕਾਸ ਅਤੇ ਰੱਖ-ਰਖਾਅ ਲਈ ਐਨ ਆਈ ਸੀ ਨਾਲ ਸੇਵਾ-ਪੱਧਰੀ ਸਮਝੌਤੇ ਦੀ ਘਾਟ ਦੇ ਨਤੀਜੇ ਵਜੋਂ ਅਸਪਸ਼ਟ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਪੈਦਾ ਹੋਈਆਂ, ਜਿਸ ਨਾਲ ਪੋਰਟਲ ਨੂੰ ਸੋਧਣ ਅਤੇ ਭੁਗਤਾਨ ਗੇਟਵੇ ਦੇ ਮੁੱਦਿਆਂ ਨੂੰ ਹੱਲ ਕਰਨ ਵਿੱਚ ਦੇਰੀ ਹੋਈ। ਖਰੀਦ ਨੀਤੀ ਅਤੇ ਇਨਫੋਰਮੇਸ਼ਨ ਡਾਇਰੈਕਟੋਰੇਟ (ਡੀ ਪੀ ਪੀ ਈ) ਨੂੰ ਪੀ ਟੀ ਪੀ ਪੀ ਐਕਟ ਦੁਆਰਾ ਲੋੜ ਅਨੁਸਾਰ ਕਾਰਜਸ਼ੀਲ ਨਹੀਂ ਬਣਾਇਆ ਗਿਆ ਸੀ, ਜਿਸ ਨਾਲ ਜੀ ਈ ਪੀ ਐਨ ਆਈ ਸੀ ਪ੍ਰਣਾਲੀ ਦੀ ਪ੍ਰਭਾਵਸ਼ਾਲੀ ਵਰਤੋਂ ਵਿੱਚ ਰੁਕਾਵਟ ਆਈ ਸੀ।

ਟੈਂਡਰ ਮੁਲਾਂਕਣ (ਤਕਨੀਕੀ ਅਤੇ ਵਿੱਤੀ ਦੋਵੇਂ), ਵਿਕਰੇਤਾ ਗੱਲਬਾਤ, ਅਤੇ ਠੇਕੇ ਦੇਣ ਵਰਗੇ ਖੇਤਰਾਂ ਵਿੱਚ ਪ੍ਰਣਾਲੀ ਡਿਜ਼ਾਈਨ ਦੇ ਮੁੱਦੇ ਵੀ ਸਨ, ਜੋ ਅਜੇ ਵੀ ਮੈਨੂਅਲ ਕੀਤੇ ਜਾਂਦੇ ਸਨ, ਜੋ ਕਿ ਪ੍ਰਕਿਰਿਆ ਵਿੱਚ ਮਨੁੱਖੀ ਦਖਲਅੰਦਾਜ਼ੀ ਨੂੰ ਘਟਾਉਣ ਦੇ ਉਦੇਸ਼ ਨੂੰ ਵਿਗਾੜਦੇ ਸਨ। ਇਸ ਤੋਂ ਇਲਾਵਾ, ਕਾਲੀ ਸੂਚੀ ਵਿੱਚ ਸ਼ਾਮਲ ਵਿਕਰੇਤਾਵਾਂ ਦੇ ਰਿਕਾਰਡ ਰੱਖਣ ਵਾਲੇ ਹੋਰ ਪੋਰਟਲਾਂ ਨਾਲ ਏਕੀਕਰਣ ਦੀ ਘਾਟ ਕਾਰਣ ਜੀ ਈ ਪੀ ਐਨ ਆਈ ਸੀ ਨੇ ਅਜਿਹੇ ਵਿਕਰੇਤਾਵਾਂ (ਟੈਂਡਰ ਜਾਰੀ ਕਰਨ ਵਾਲੇ ਹੋਰ ਵਿਭਾਗਾਂ ਦੁਆਰਾ ਕਾਲੀ ਸੂਚੀ ਵਿੱਚ ਪਾਏ ਗਏ ਲੋਕਾਂ ਸਮੇਤ) ਨੂੰ ਟੈਂਡਰਾਂ ਵਿੱਚ ਭਾਗ ਲੈਣ ਤੋਂ ਰੋਕਣ ਲਈ ਕਾਰਜਸ਼ੀਲਤਾ ਨੂੰ ਲਾਗੂ ਨਹੀਂ ਕੀਤਾ ਸੀ।

ਵਿਭਾਗੀ ਉਪਭੋਗਤਾਵਾਂ ਅਤੇ ਬੋਲੀਦਾਤਾਵਾਂ ਨੂੰ ਈ-ਖਰੀਦ ਪ੍ਰਣਾਲੀ ਬਾਰੇ ਉਚਿਤ ਸਿਖਲਾਈ ਨਹੀਂ ਦਿੱਤੀ ਗਈ ਸੀ ਜਾਂ ਜਾਗਰੂਕ ਨਹੀਂ ਕੀਤਾ ਗਿਆ ਸੀ। ਪ੍ਰਮੁੱਖ ਕਾਰੋਬਾਰੀ ਨਿਯਮ, ਜਿਵੇਂ ਕਿ ਬੋਲੀ ਜਮ੍ਹਾਂ ਕਰਨ ਲਈ ਘੱਟੋ-ਘੱਟ ਮਿਆਦ, ਸਿੰਗਲ ਬੋਲੀਦਾਤਾਵਾਂ ਨੂੰ ਠੇਕੇ ਦੇ ਅਵਾਰਡਾਂ ਨੂੰ ਰੋਕਣ ਲਈ ਨਿਯੰਤਰਣ, ਖਰੀਦ ਸਮਾਂ ਸੀਮਾ ਦੀ ਨਿਗਰਾਨੀ, ਈ ਐਮ ਡੀ ਛੋਟਾਂ, ਆਦਿ ਨੂੰ ਪ੍ਰਣਾਲੀ ਵਿੱਚ ਪੂਰੀ ਤਰ੍ਹਾਂ ਸ਼ਾਮਲ ਨਹੀਂ ਕੀਤਾ ਗਿਆ ਸੀ। ਉਪਭੋਗਤਾ ਦਾਖਲੇ ਦੌਰਾਨ ਕੋਈ ਪ੍ਰਮਾਣਿਕਤਾ ਨਿਯੰਤਰਣ ਵੀ ਨਹੀਂ ਸਨ।

ਸਮੇਂ-ਸਮੇਂ ਤੇ ਮੇਲ ਮਿਲਾਪ ਨਾ ਹੋਣ ਕਾਰਣ ਜੀ ਈ ਪੀ ਐਨ ਆਈ ਸੀ ਲੈਣ-ਦੇਣ ਅਤੇ ਪੂਲਿੰਗ ਬੈਂਕ ਖਾਤੇ ਵਿਚਾਲੇ ₹ 135.64 ਕਰੋੜ ਦਾ ਅੰਤਰ ਹੋ ਗਿਆ, ਜਿਸ ਨਾਲ ਵਿੱਤੀ ਜੋਖਮ ਪੈਦਾ ਹੋ ਗਏ। ਪੂਲਿੰਗ ਖਾਤੇ ਤੋਂ ਫਿਕਸਡ ਡਿਪਾਜ਼ਿਟ ਬਣਾਉਣ ਤੋਂ ਪਹਿਲਾਂ ਫੰਡਾਂ ਦੀ ਲੋੜੀਂਦੀ ਤਰਲਤਾ ਯਕੀਨੀ ਨਾ ਬਣਾਉਣ ਕਾਰਣ ₹ 1.36 ਕਰੋੜ ਦੇ 173 ਲੈਣ-ਦੇਣ ਲਈ ਰਿਫੰਡ ਪ੍ਰਭਾਵਿਤ ਹੋਏ। 31 ਮਾਰਚ 2023 ਤੱਕ, 2018-2023 ਦੌਰਾਨ ਪ੍ਰਕਾਸ਼ਿਤ ਟੈਂਡਰਾਂ ਲਈ ₹ 54.95 ਕਰੋੜ ਦੀ ਬਿਆਨਾ ਜਮ੍ਹਾਂ ਰਾਸ਼ੀ, ਟੈਂਡਰ ਫੀਸ ਅਤੇ ਪ੍ਰੋਸੈਸਿੰਗ ਫੀਸ ਦਾ ਨਿਪਟਾਰਾ ਨਹੀਂ ਕੀਤਾ ਗਿਆ ਸੀ, ਜਿਨ੍ਹਾਂ ਵਿੱਚੋਂ 61 *ਪ੍ਰਤੀਸ਼ਤ* ਟੈਂਡਰ ਦੋ ਸਾਲ ਤੋਂ ਵੱਧ ਸਮਾਂ ਪਹਿਲਾਂ ਪ੍ਰਕਾਸ਼ਿਤ ਕੀਤੇ ਗਏ ਸਨ। ਜੀ ਈ ਪੀ ਐਨ ਆਈ ਸੀ ਵਿੱਚ ਅਸਫਲ ਲੈਣ-ਦੇਣ ਦੀ ਨਿਗਰਾਨੀ ਕਰਨ ਅਤੇ ਪੈਰਵਾਈ ਕਰਨ ਲਈ ਇੱਕ ਟਰੈਕਿੰਗ ਪ੍ਰਣਾਲੀ ਦੀ ਘਾਟ ਸੀ।

ਲੇਖਾ ਪ੍ਰੀਖਿਆ ਨੇ ਕਈ ਹੋਰ ਪ੍ਰਣਾਲੀ ਡਿਜ਼ਾਈਨ ਗੰਭੀਰ ਕਮੀਆਂ ਨੂੰ ਦੇਖਿਆ, ਜਿਸ ਵਿੱਚ ਬੋਲੀ ਡਿਕ੍ਰਿਪਸ਼ਨ ਅਸਫਲਤਾਵਾਂ ਅਤੇ ਬੀ ਓ ਕਿਊ ਫਾਰਮੈਟਾਂ ਵਿੱਚ ਬੇਮੇਲੀਆਂ ਦੇ ਮੁੱਦੇ ਸ਼ਾਮਲ ਹਨ, ਜੋ ਦਰਸਾਉਂਦੇ ਹਨ ਕਿ ਬੋਲੀਦਾਤਾ ਟੈਂਪਲੇਟਾਂ ਨੂੰ ਸੋਧ ਸਕਦੇ ਸਨ। ਪ੍ਰਬੰਧਨ ਸੂਚਨਾ ਪ੍ਰਣਾਲੀ

(ਐਮ ਆਈ ਐਸ) ਰਿਪੋਰਟਾਂ ਤੱਕ ਅਨਿਯਮਿਤ ਪਹੁੰਚ, ਵਿਲੱਖਣ ਪੈਨ, ਈ-ਮੇਲ ਆਈ ਡੀ ਅਤੇ ਮੋਬਾਈਲ ਨੰਬਰਾਂ ਨੂੰ ਯਕੀਨੀ ਬਣਾਏ ਬਿਨਾਂ ਕਈ ਉਪਭੋਗਤਾ ਪਛਾਣਾਂ ਬਣਾਉਣ ਅਤੇ ਵਿਭਾਗੀ ਉਪਭੋਗਤਾਵਾਂ ਲਈ ਵੱਖ-ਵੱਖ ਮਿਤੀਆਂ ਤੇ ਬੋਲੀ ਦਸਤਾਵੇਜ਼ਾਂ ਨੂੰ ਡਿਕ੍ਰਿਪਟ ਕਰਨ ਦੀ ਯੋਗਤਾ ਬਾਰੇ ਵੀ ਚਿੰਤਾਵਾਂ ਸਨ। ਇਸ ਤੋਂ ਇਲਾਵਾ, ਪ੍ਰਣਾਲੀ ਨੇ ਉਪਭੋਗਤਾ-ਪਰਿਭਾਸ਼ਿਤ ਟੈਂਪਲੇਟਾਂ ਦੀ ਮੰਨਜ਼ੂਰੀ ਦਿੱਤੀ, ਜਿਸ ਨੇ ਬੀ ਓ ਕਿਊ ਤੁਲਨਾਤਮਕ ਚਾਰਟਾਂ ਦੀ ਆਟੋਮੈਟਿਕ ਆਬਾਦੀ ਨੂੰ ਰੋਕਿਆ, ਜਿਸ ਨਾਲ ਮੈਨੂਅਲ ਦਖਲਅੰਦਾਜ਼ੀ ਤੋਂ ਬੇਲੋੜੇ ਜੋਖਮ ਪੈਦਾ ਹੋਏ।

ਇਸ ਤੋਂ ਇਲਾਵਾ, ਉਪਰੋਕਤ ਕਮੀਆਂ ਡਾਟੇ ਦੀ ਗੁਪਤਤਾ ਅਤੇ ਈ ਖਰੀਦ ਪ੍ਰਣਾਲੀ ਦੀ ਇਕਸਾਰਤਾ ਬਾਰੇ ਗੰਭੀਰ ਚਿੰਤਾਵਾਂ ਪੈਦਾ ਕਰਦੀਆਂ ਹਨ। ਡਿਜੀਟਲ ਦਸਤਖਤ ਸਰਟੀਫਿਕੇਟ (ਡੀ ਐਸ ਸੀ) ਦੀ ਮੈਪਿੰਗ ਵਿੱਚ ਪ੍ਰਮਾਣਿਕਤਾ ਦੀ ਘਾਟ, ਸਾਰੇ ਦਸਤਾਵੇਜ਼ਾਂ ਵਿੱਚ ਡਿਜੀਟਲ ਦਸਤਖਤ ਦੀ ਉਪਲੱਬਧਤਾ ਨਾ ਹੋਣਾ, ਟੈਂਡਰ ਰੱਦ ਕਰਨ ਦੋਰਾਨ ਰਿਕਾਰਡਾਂ ਨੂੰ ਮਿਟਾਉਣਾ ਆਦਿ ਨੇ ਪ੍ਰਣਾਲੀ ਦੀ ਸੁਰੱਖਿਆ, ਇਕਸਾਰਤਾ ਅਤੇ ਭਰੋਸੇਯੋਗਤਾ ਨੂੰ ਪ੍ਰਭਾਵਿਤ ਕੀਤਾ। ਅਸਫਲ ਲੈਣ-ਦੇਣ ਲਈ ਲੌਗਾਂ ਦੀ ਘਾਟ, ਜੋ ਮਹੱਤਪਵੂਰਣ ਟੇਬਲਾਂ ਵਿੱਚ ਪ੍ਰਾਇਮਰੀ ਕੁੰਜੀਆਂ ਵਜੋਂ ਕੰਮ ਕਰਦੀ ਹੈ, ਇੱਕ ਨਿਯੰਤਰਣ ਦੀ ਘਾਟ ਸੀ ਜਿਸਦੇ ਨਤੀਜੇ ਵਜੋਂ ਪ੍ਰਣਾਲੀ ਦੇ ਉਪਭੋਗਤਾਵਾਂ ਲਈ ਜਵਾਬਦੇਹੀ ਦੀ ਟ੍ਰੇਲ ਦੀ ਅਣਹੋਂਦ ਸੀ। ਡੀ ਐਸ ਸੀ ਦੀਆਂ ਗੈਰ-ਰੱਦ ਕਰਨ ਵਾਲੀਆਂ ਵਿਸ਼ੇਸ਼ਤਾਵਾਂ ਨਾਲ ਸਮਝੌਤਾ ਕੀਤਾ ਗਿਆ ਸੀ ਕਿਉਂਕਿ ਨਿਯੰਤਰਣਾਂ ਦੀ ਘਾਟ ਕਾਰਣ ਇਸਦੀ ਵਰਤੋਂ ਨੂੰ ਵਿਸ਼ੇਸ਼ ਤੌਰ ਤੇ ਅਧਿਕਾਰਤ ਧਾਰਕ ਤੱਕ ਸੀਮਤ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਉਪਭੋਗਤਾ ਪ੍ਰੋਫਾਈਲਾਂ ਵਿੱਚ ਉਪਭੋਗਤਾ ਨਾਂਅ ਵਿੱਚ ਤਬਦੀਲੀਆਂ ਨੂੰ ਰੋਕਣ ਵਿੱਚ ਪ੍ਰਣਾਲੀ ਦੀ ਅਸਮਰੱਥਾ ਨੇ ਇਤਿਹਾਸਕ ਡੇਟਾ ਵਿੱਚ ਸੋਧਾਂ ਦੇ ਬੇਲੋੜੇ ਜੋਖਮ ਪੈਦਾ ਕੀਤੇ।

ਨੋਡਲ ਵਿਭਾਗ ਕੋਲ ਆਪਣੀ ਕਾਰੋਬਾਰੀ ਨਿਰੰਤਰਤਾ ਯੋਜਨਾ (ਬੀ ਸੀ ਪੀ) ਅਤੇ ਆਫ਼ਤ ਰਿਕਵਰੀ ਯੋਜਨਾ (ਡੀ ਆਰ ਪੀ) ਨਹੀਂ ਸੀ ਅਤੇ ਉਹ ਪੂਰੀ ਤਰ੍ਹਾਂ ਐਨ ਆਈ ਸੀ ਤੇ ਨਿਰਭਰ ਸੀ। ਇਸ ਨੇ ਨਾ ਤਾਂ ਹਾਰਡਵੇਅਰ, ਸਾੱਫਟਵੇਅਰ, ਕਰਮਚਾਰੀਆਂ ਆਦਿ ਵਰਗੀਆਂ ਆਪਣੀਆਂ ਪ੍ਰਮੁੱਖ ਸੰਪਤੀਆਂ ਦੀ ਪਛਾਣ ਕੀਤੀ ਸੀ ਅਤੇ ਨਾ ਹੀ ਦਸਤਾਵੇਜ਼ ਤਿਆਰ ਕੀਤੇ ਸਨ ਅਤੇ ਨਾ ਹੀ ਵਿਰਾਸਤੀ ਡਾਟਾ ਨੂੰ ਬਰਕਾਰ ਰੱਖਣ ਲਈ ਕੋਈ ਆਰਕਾਈਵਲ ਨੀਤੀ ਸੀ। ਇਸ ਤੋਂ ਇਲਾਵ, ਅੰਦਰੂਨੀ ਲੇਖਾ ਪ੍ਰੀਖਿਆ ਮਾਡਿਊਲ ਅਤੇ ਸ਼ਿਕਾਇਤ ਨਿਗਰਾਨੀ ਪ੍ਰਣਾਲੀ ਦੀ ਅਣਹੋਂਦ ਨੇ ਪ੍ਰਭਾਵਸ਼ਾਲੀ ਪ੍ਰਬੰਧਨ ਫੈਸਿਲਆਂ ਅਤੇ ਸੁਧਾਰਾਂ ਵਿੱਚ ਰੁਕਾਵਟ ਪਾਈ ਸੀ।

## 2.13 ਸਿਫਾਰਸ਼ਾਂ

ਲੇਖਾ ਪ੍ਰੀਖਿਆ ਟਿੱਪਣੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਰਾਜ ਸਰਕਾਰ ਇਹ ਯਕੀਨੀ ਬਣਾ ਸਕਦੀ ਹੈ ਕਿ:

*(i)* *ਐਨ ਆਈ ਸੀ ਨਾਲ ਇੱਕ ਸਹਿਮਤੀ ਪੱਤਰ (ਐਮ ਓ ਯੂ) ਅਤੇ ਸੇਵਾ ਪੱਧਰ ਸਮਝੌਤਾ (ਐਸ ਐਲ ਏ) ਸਥਾਪਤ ਕੀਤਾ ਗਿਆ ਹੈ ਜੋ ਸਾਰੇ ਹਿੱਤਧਾਰਕਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ, ਪੜਾਅ-ਵਾਰ ਸਮਾਂ-ਸੀਮਾਂ (ਜੇ ਜ਼ਰੂਰੀ ਹੋਵੇ ਤਾਂ ਵਿਸਥਾਰ ਲਈ ਪ੍ਰਬੰਧਾਂ ਦੇ ਨਾਲ), ਪ੍ਰੋਜੈਕਟ ਲਾਗਤ ਅਤੇ ਹੋਰ ਜ਼ਰੂਰੀ ਧਾਰਾਵਾਂ ਨੂੰ ਸਪੱਸ਼ਟ ਤੌਰ ਤੇ ਪਰਿਭਾਸ਼ਿਤ ਕਰਦਾ ਹੈ ਤਾਂ ਜੋ ਈ-ਖਰੀਦ ਪ੍ਰਣਾਲੀ ਦੇ ਨਿਰਵਿਘਨ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ;*

*(ii)* *ਡੀ ਪੀ ਪੀ ਈ ਨੂੰ ਕਾਰਜਸ਼ੀਲ ਬਣਾਇਆ ਗਿਆ ਹੈ ਅਤੇ ਪਾਲਣਾ ਅਤੇ ਸੰਚਾਲਨ ਕੁਸ਼ਲਤਾ ਨੂੰ ਯਕੀਨੀ ਬਣਾਉਣ ਲਈ ਜੀ ਈ ਪੀ ਐਨ ਆਈ ਸੀ ਦੇ ਲਾਗੂ ਕਰਨ ਅਤੇ ਵਰਤੋਂ ਦੀ ਸਰਗਰਮੀ ਨਾਲ ਨਿਗਰਾਨੀ ਕੀਤੀ ਜਾਂਦੀ ਹੈ;*

*(iii)* *ਟੈਂਡਰ ਪੜਾਵਾਂ ਨੂੰ ਹਰੇਕ ਪੜਾਅ ਦੇ ਪੂਰਾ ਹੋਣ ਤੋਂ ਬਾਅਦ ਪੋਰਟਲ ਤੇ ਆਪਣੇ ਆਪ ਅਪਡੇਟ ਕੀਤੇ ਜਾਂਦੇ ਹਨ, ਇਸ ਤੋਂ ਇਲਾਵਾ ਬੋਲੀਦਾਤਾ ਯੋਗਤਾ ਮਾਪਦੰਡਾਂ ਨੂੰ ਲਾਗੂ ਕਰਨ ਲਈ ਪ੍ਰਣਾਲੀ ਦੇ ਅੰਦਰ ਮਜ਼ਬੂਤ ਐਪਲੀਕੇਸ਼ਨ ਨਿਯੰਤਰਣ ਲਾਗੂ ਕੀਤੇ ਜਾਂਦੇ ਹਨ, ਇਹ ਯਕੀਨੀ ਬਣਾਉਣਾ ਕਿ ਟੈਂਡਰ ਮੁਲਾਂਕਣ, ਗੱਲਬਾਤ ਅਤੇ ਠੇਕੇ ਦੇ ਅਵਾਰਡ ਵਰਗੀਆਂ ਪ੍ਰਮੁੱਖ ਕਾਰੋਬਾਰੀ ਪ੍ਰਕਿਰਿਆਵਾਂ ਪੂਰੀ ਤਰ੍ਹਾਂ ਸਵੈਚਾਲਿਤ ਹਨ, ਜਿਸ ਨਾਲ ਮੈਨੂਅਲ ਦਖਲ ਅੰਦਾਜ਼ੀ ਦੀ ਜ਼ਰੂਰਤ ਘੱਟ ਜਾਂਦੀ ਹੈ;*

*(iv)* *ਬਲੈਕਲਿਸਟ ਵਾਲੇ ਬੋਲੀਦਾਤਾਵਾਂ ਲਈ ਐਸ ਓ ਪੀ ਵਿਕਸਤ ਕੀਤੀ ਗਈ ਹੈ, ਅਤੇ ਬਲੈਕਲਿਸਟ ਕੀਤੇ ਗਏ ਵਿਕਰੇਤਾਵਾਂ ਦੇ ਅੱਪਡੇਟ ਕੀਤੇ ਰਿਕਾਰਡਾਂ ਨੂੰ ਬਣਾਈ ਰੱਖਣ ਅਤੇ ਸਾਂਝਾ ਕਰਨ ਲਈ ਹੋਰ ਪ੍ਰਣਾਲੀਆਂ/ਸੰਬੰਧਿਤ ਪੋਰਟਲਾਂ ਨਾਲ ਏਕੀਕ੍ਰਿਤ ਕੀਤਾ ਗਿਆ ਹੈ;*

*(v)* *ਵੱਖ ਵੱਖ ਹਿੱਤਧਾਰਕਾਂ ਨੂੰ ਪੋਰਟਲ ਦੀ ਪੂਰੀ ਤਰ੍ਹਾਂ ਵਰਤੋਂ ਕਰਨ ਲਈ ਉਚਿਤ ਸਿਖਲਾਈ ਦਿੱਤੀ ਜਾ ਸਕੇ। ਜਿਸ ਨਾਲ ਈ-ਖਰੀਦ ਪ੍ਰਣਾਲੀ ਦੀ ਸਰਵੋਤਮ ਵਰਤੋਂ ਨੂੰ ਯਕੀਨੀ ਬਣਾਇਆ ਜਾ ਸਕੇ;*

*(vi)* *ਜੀ ਈ ਪੀ ਐਨ ਆਈ ਸੀ ਦੇ ਅੰਦਰ ਨਿਰਧਾਰਤ ਸਮਾਂ ਸੀਮਾਵਾਂ ਦੀ ਮੈਪਿੰਗ ਕਰਕੇ, ਹਰੇਕ ਪੜਾਅ 'ਤੇ ਦੇਰੀ ਨੂੰ ਦਰਸਾ ਕੇ ਸਿੰਗਲ ਬੋਲੀਦਾਤਾ ਠੇਕੇ ਦੇ ਅਵਾਰਡਾਂ ਨੂੰ ਰੋਕ ਕੇ ਅਤੇ ਇਹ ਯਕੀਨੀ ਬਣਾਉਣਾ ਕੇ ਕਿ ਕੰਟਰੈਕਟ ਬੋਲੀ ਦੀ ਯੋਗਤਾ ਮਿਆਦ ਦੇ ਅੰਦਰ ਦਿੱਤੇ ਜਾਂਦੇ ਹਨ;*

*(vii)* *ਜੀ ਈ ਪੀ ਐਨ ਆਈ ਸੀ ਅਤੇ ਬੈਂਕਿੰਗ ਲੈਣ-ਦੇਣ ਵਿਚਕਾਰ ਨਿਯਮਤ ਮੇਲ-ਮਿਲਾਪ ਲਈ ਇੱਕ ਪ੍ਰਣਾਲੀ ਸਥਾਪਤ ਕੀਤੀ ਜਾਵੇ, ਜੋ ਅਸਫਲ ਰਿਫੰਡ ਲੈਣ-ਦੇਣ ਤੋਂ ਬਚਣ ਲਈ ਉਚਿਤ ਪਾਰਦਰਸ਼ਤਾ ਨੂੰ ਯਕੀਨੀ ਬਣਾਏ;*

*(viii)* *ਆਈਟਮ-ਵਿਸ਼ੇਸ਼ ਈ ਐਮ ਡੀ ਨੂੰ ਕੈਪਚਰ ਕਰਨ ਲਈ ਲੋੜੀਂਦੇ ਨਿਯੰਤਰਣ ਲਾਗੂ ਕੀਤੇ ਜਾਣ ਅਤੇ ਦਿੱਤੀਆਂ ਗਈਆਂ ਛੋਟਾਂ, ਜੇ ਕੋਈ ਹਨ, ਨੂੰ ਸਹੀ ਢੰਗ ਨਾਲ ਰਿਕਾਰਡ ਕੀਤਾ ਜਾਵੇ, ਇਸ ਤੋਂ ਇਲਾਵਾ ਬਕਾਇਆ ਫੀਸਾਂ ਦੇ ਨਿਪਟਾਰੇ ਨੂੰ ਤਰਜੀਹ ਦਿੱਤੀ ਜਾਵੇ ਅਤੇ ਅਸਫਲ ਲੈਣ-ਦੇਣ ਨੂੰ ਟਰੈਕ ਕਰਨ ਲਈ ਨਿਯੰਤਰਣ ਲਾਗੂ ਕੀਤੇ ਜਾਣ;*

*(ix)* *ਡਿਕ੍ਰਿਪਸ਼ਨ ਗਲਤੀਆਂ ਦੇ ਮਾਮਲੇ ਵਿੱਚ, ਖਰੀਦ ਇਕਾਈ ਨਿਰਪੱਖਤਾ, ਮੁਕਾਬਲੇਬਾਜ਼ੀ ਅਤੇ ਰੈਗੂਲੇਟਰੀ ਪਾਲਣਾ ਤੇ ਪ੍ਰਭਾਵ ਦਾ ਮੁਲਾਂਕਣ ਕਰੇ;*

*(x)* *ਰਜਿਸਟ੍ਰੇਸ਼ਨ ਡਾਟਾ ਵਿੱਚ ਡੁਪਲੀਕੇਟਾਂ ਜਾਂ ਬੇਨਿਯਮੀਆਂ ਦੀ ਪਛਾਣ ਕਰਨ ਲਈ ਉਪਭੋਗਤਾ ਖਾਤਿਆਂ ਦੀ ਨਿਯਮਤ ਲੇਖਾ ਪ੍ਰੀਖਿਆ ਕੀਤੀ ਜਾਵੇ ਅਤੇ ਬੋਲੀਦਾਤਾਵਾਂ ਨੂੰ ਕਈ ਵਾਰ ਰਜਿਸਟਰ ਕਰਨ ਤੋਂ ਰੋਕਣ ਲਈ ਉਪਾਅ ਲਾਗੂ ਕੀਤੇ ਜਾਣ;*

*(xi) ਜੀ ਈ ਪੀ ਐਨ ਆਈ ਸੀ ਪਲੇਟਫਾਰਮ ਦੇ ਅੰਦਰ ਮਿਆਰੀ ਅਤੇ ਲਚਕਦਾਰ ਟੈਂਪਲੇਟ ਪੇਸ਼ ਕੀਤੇ ਜਾਣ ਤਾਂ ਜੋ ਮੁਲਾਂਕਣ ਪ੍ਰਕਿਰਿਆ ਨੂੰ ਸੁਚਾਰੂ ਬਣਾਇਆ ਜਾ ਸਕੇ, ਇਸ ਤੋਂ ਇਲਾਵਾ ਮੈਨੂਅਲ ਦਖਲਅੰਦਾਜ਼ੀ ਨੂੰ ਘਟਾਇਆ ਜਾ ਸਕੇ ਅਤੇ ਬੀ ਓ ਕਿਊ ਤੁਲਨਾਤਮਕ ਵਿਸ਼ਲੇਸ਼ਣ ਦੀ ਸ਼ੁੱਧਤਾ ਨੂੰ ਬਿਹਤਰ ਬਣਾਇਆ ਜਾ ਸਕੇ;*

*(xii) ਬੋਲੀ ਦੀ ਜਾਣਕਾਰੀ ਤੱਕ ਪਹੁੰਚ ਸੀਮਤ ਹੈ, ਇਹ ਸੁਨਿਸ਼ਚਿਤ ਕਰਦੇ ਹੋਏ ਕਿ ਵਿਭਾਗੀ ਉਪਭੋਗਤਾ ਟੈਂਡਰ ਮੁਲਾਂਕਣ ਕਮੇਟੀ ਦੇ ਨਾਲ ਹੀ ਖੁੱਲ੍ਹੀਆਂ ਬੋਲੀਆਂ ਨੂੰ ਨਹੀਂ ਦੇਖ ਸਕਦੇ ਜਿਸ ਨਾਲ ਮੁਲਾਂਕਣ ਪ੍ਰਕਿਰਿਆ ਦੀ ਇਕਸਾਰਤਾ ਨੂੰ ਸੁਰੱਖਿਅਤ ਰੱਖਿਆ ਜਾ ਸਕੇ;*

*(xiii) ਪ੍ਰਣਾਲੀ ਵਿੱਚ ਬੋਲੀਆਂ ਅਤੇ ਟੈਂਡਰ ਰੱਦ ਕਰਨ ਤੋਂ ਪਹਿਲਾਂ ਦੀਆਂ ਸਥਿਤੀਆਂ ਅਤੇ ਪੜਾਵਾਂ ਦਾ ਪਤਾ ਲਗਾਉਣ ਲਈ ਲੋੜੀਂਦੀ ਕਾਰਜਸ਼ੀਲਤਾ ਉਪਲਬਧ ਹੋਵੇ। ਪ੍ਰਮਾਣਿਕਤਾ ਨੂੰ ਯਕੀਨੀ ਬਣਾਉਣ ਲਈ ਸਾਰੇ ਟੈਂਡਰ ਦਸਤਾਵੇਜ਼ਾਂ ਵਿੱਚ ਡਿਜੀਟਲ ਦਸਤਖਤਾ ਨੂੰ ਏਕੀਕ੍ਰਿਤ ਕਰਨ ਤੋਂ ਇਲਾਵਾ, ਟੈਂਡਰ ਰੱਦ ਕਰਨ ਲਈ ਉਚਿਤ ਤਰਕ ਅਤੇ ਅਥਾਰਟੀ ਦੀ ਲੋੜ ਹੋਣੀ ਚਾਹੀਦੀ ਹੈ;*

*(xiv) ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਹਰੇਕ ਦਾਖਲੇ ਲਈ ਵਿਆਪਕ ਲੇਖਾ ਪ੍ਰੀਖਿਆ ਲੌਗ ਨੂੰ ਕ੍ਰਮਵਾਰ ਨੰਬਰ ਫੀਲਡ ਵਿੱਚ ਬਣਾਈ ਰੱਖਿਆ ਜਾਂ ਅੱਪਡੇਟ ਕੀਤਾ ਜਾਵੇ, ਜਿਸ ਵਿੱਚ ਟਾਈਮ ਸਟੈਂਪ ਅਤੇ ਉਪਭੌਗਤਾ ਵੇਰਵੇ ਸ਼ਾਮਲ ਹਨ;*

*(xv) ਉਪਭੋਗਤਾ ਪ੍ਰੋਫਾਈਲ ਨਾਂਅ ਦੇ ਵਿਰੁੱਧ ਡੀ ਐਸ ਸੀ ਧਾਰਕ ਦੇ ਨਾਂਅ ਨੂੰ ਪ੍ਰਮਾਣਿਤ ਕਰਨ ਲਈ ਲੋੜੀਂਦੇ ਨਿਯੰਤਰਣ ਪੇਸ਼ ਕੀਤੇ ਜਾਣ;*

*(xvi) ਇਤਿਹਾਸਕ ਡਾਟਾ ਵਿੱਚ ਸੋਧ ਨੂੰ ਰੋਕਣ ਲਈ ਪ੍ਰੋਫਾਈਲ ਨਾਂਅ ਅੱਪਡੇਟ ਨੂੰ ਸੀਮਤ ਕੀਤਾ ਜਾਵੇ; ਅਤੇ ਇੱਕੋ ਖਰੀਦ ਇਕਾਈ ਦੇ ਅੰਦਰ ਕਈ ਉਪਭੋਗਤਾਵਾਂ ਨੂੰ ਇੱਕੋ ਭੂਮਿਕਾਂ ਸੌਂਪਣ ਤੋਂ ਰੋਕਿਆ ਜਾਵੇ;*

*(xvii) ਵਿਆਪਕ ਕਾਰੋਬਾਰ ਨਿਰੰਤਰਤਾ ਅਤੇ ਆਫ਼ਤ ਰਿਕਵਰੀ ਯੋਜਨਾਵਾਂ ਸਥਾਪਤ ਕੀਤੀਆਂ ਗਈਆਂ ਹਨ ਜਿਸ ਵਿੱਚ ਤਕਨਾਲੋਜੀ, ਬੁਨਿਆਦੀ ਢਾਂਚੇ, ਕਰਮਚਾਰੀਆਂ ਅਤੇ ਕਾਰੋਬਾਰੀ ਪ੍ਰਕਿਰਿਆਵਾਂ ਵਿੱਚ ਤਬਦੀਲੀਆਂ ਨੂੰ ਦਰਸਾਉਣ ਲਈ ਨਿਯਮਤ ਸਮੀਖਿਆ ਅਤੇ ਅਪਡੇਟਾਂ ਦੀ ਪ੍ਰਕਿਰਿਆ ਕੀਤੀ ਜਾਵੇ; ਅਤੇ*

*(xviii) ਸੇਵਾ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਅਤੇ ਨਿਰੰਤਰ ਪ੍ਰਣਾਲੀ ਸੁਧਾਰਾਂ ਨੂੰ ਸਮਰੱਥ ਕਰਨ ਲਈ ਸ਼ਿਕਾਇਤ ਨਿਗਰਾਨੀ ਪ੍ਰਣਾਲੀ ਦੇ ਨਾਲ ਇੱਕ ਅੰਦਰੂਨੀ ਲੇਖਾ ਪ੍ਰੀਖਿਆ ਮਾਡਿਊਲ ਪੇਸ਼ ਕੀਤਾ ਜਾਵੇ।*

ਇਹ ਮਾਮਲਾ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ (ਜੂਨ 2024), ਉਨ੍ਹਾਂ ਦੇ ਜਵਾਬ ਦੀ ਉਡੀਕ ਸੀ (ਜਨਵਰੀ 2025)।

# ਅਧਿਆਇ-III

# ਪੰਜਾਬ ਵਿੱਚ ਸਕੂਲੀ ਸਿੱਖਿਆ ਦੀ ਗੁਣਵੱਤਾ

# ਅਧਿਆਇ-III

# ਕਾਰਗੁਜ਼ਾਰੀ ਲੇਖਾ ਪ੍ਰੀਖਿਆ

# ਸਕੂਲ ਸਿੱਖਿਆ ਵਿਭਾਗ

# ਪੰਜਾਬ ਵਿੱਚ ਸਕੂਲੀ ਸਿੱਖਿਆ ਦੀ ਗੁਣਵੱਤਾ

## 3.1 ਜਾਣ-ਪਛਾਣ

ਸਿੱਖਿਆ ਸਮਾਜਿਕ ਆਰਥਿਕ ਅਤੇ ਰਾਜਨੀਤਿਕ ਤਬਦੀਲੀ ਨੂੰ ਉਤਸ਼ਾਹਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ, ਇੱਕ ਬਰਾਬਰੀ ਵਾਲੇ ਸਮਾਜ ਦੇ ਨਿਰਮਾਣ ਲਈ ਇੱਕ ਮਹੱਤਵਪੂਰਣ ਸਾਧਨ ਵਜੋਂ ਕੰਮ ਕਰਦੀ ਹੈ। 1976 ਤੋਂ ਪਹਿਲਾਂ, ਸਿੱਖਿਆ ਪੂਰੀ ਤਰ੍ਹਾਂ ਰਾਜਾਂ ਦੀ ਜ਼ਿੰਮੇਵਾਰੀ ਸੀ। 1976 ਦੀ ਸੰਵਿਧਾਨਕ ਸੋਧ ਨੇ ਇਸ ਨੂੰ ਸਮਕਾਲੀ ਸੂਚੀ ਵਿੱਚ ਸ਼ਾਮਲ ਕੀਤਾ, ਜਿਸ ਨਾਲ ਕੇਂਦਰ ਅਤੇ ਰਾਜ ਸਰਕਾਰਾਂ ਦੋਵਾਂ ਨੂੰ ਸਿੱਖਿਆ ਬਾਰੇ ਕਾਨੂੰਨ ਬਣਾਉਣ ਅਤੇ ਨੀਤੀਆਂ ਬਣਾਉਣ ਦੀ ਮਨਜ਼ੂਰੀ ਦਿੱਤੀ ਗਈ। ਇਸ ਵਚਨਬੱਧਤਾ ਨੂੰ 1986 ਵਿੱਚ ਪੇਸ਼ ਕੀਤੀ ਗਈ ਅਤੇ 1992 ਅਤੇ 2020 ਵਿੱਚ ਸੋਧੀ ਗਈ ਰਾਸ਼ਟਰੀ ਸਿੱਖਿਆ ਨੀਤੀ ਦੁਆਰਾ ਹੋਰ ਮਜ਼ਬੂਤ ਕੀਤਾ ਗਿਆ, ਜਿਸ ਨੇ ਇੱਕ ਪ੍ਰਗਤੀਸ਼ੀਲ ਅਤੇ ਸਮਾਵੇਸ਼ੀ ਸਿੱਖਿਆ ਪ੍ਰਣਾਲੀ ਬਣਾਉਣ ਅਤੇ ਐਲੀਮੈਂਟਰੀ ਸਿੱਖਿਆ (ਯੂ ਈ ਈ)[1] ਦੇ ਸਰਵਵਿਆਪੀਕਰਨ ਨੂੰ ਯਕੀਨੀ ਬਣਾਉਣ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ।

ਭਾਰਤ ਦੀ ਜਨਗਣਨਾ, 2011 ਅਨੁਸਾਰ, ਪੰਜਾਬ ਵਿੱਚ ਸਾਖਰਤਾ ਦਰ 75.80 *ਪ੍ਰਤੀਸ਼ਤ* ਸੀ ਜੋ ਰਾਸ਼ਟਰੀ ਔਸਤ 72.09 *ਪ੍ਰਤੀਸ਼ਤ* ਨੂੰ ਪਾਰ ਕਰ ਗਈ ਸੀ। ਮਰਦਾਂ ਦੀ ਸਾਖਰਤਾ ਦਰ 80.04 *ਪ੍ਰਤੀਸ਼ਤ* ਰਹੀ ਜੋ ਰਾਸ਼ਟਰੀ ਔਸਤ 80.80 *ਪ੍ਰਤੀਸ਼ਤ* ਤੋਂ ਥੋੜ੍ਹੀ ਘੱਟ ਸੀ, ਜਦੋਂ ਕਿ ਪੰਜਾਬ ਵਿੱਚ ਔਰਤਾਂ ਦੀ ਸਾਖਰਤਾ ਦਰ 70.70 *ਪ੍ਰਤੀਸ਼ਤ* ਸੀ ਜੋ ਰਾਸ਼ਟਰੀ ਔਸਤ 64.60 *ਪ੍ਰਤੀਸ਼ਤ* ਤੋਂ ਵੱਧ ਸੀ।

ਬੱਚਿਆਂ ਨੂੰ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ (ਆਰ ਟੀ ਈ) ਐਕਟ, 2009, 1 ਅਪ੍ਰੈਲ 2010 ਤੋਂ ਲਾਗੂ ਹੋਇਆ ਸੀ। ਆਰ ਟੀ ਈ ਐਕਟ ਵਿੱਚ 6-14 ਸਾਲ ਦੀ ਉਮਰ ਦੇ ਸਾਰੇ ਬੱਚਿਆਂ ਨੂੰ ਮੁੱਢਲੀ ਸਿੱਖਿਆ ਪੂਰੀ ਹੋਣ ਤੱਕ ਆਂਢ-ਗੁਆਂਢ ਦੇ ਸਕੂਲ ਵਿੱਚ ਮੁਫਤ ਅਤੇ ਲਾਜ਼ਮੀ ਸਿੱਖਿਆ ਦੀ ਵਿਵਸਥਾ ਹੈ। ਮੁਫਤ ਸਿੱਖਿਆ ਦਾ ਮਤਲਬ ਹੈ ਕਿ ਕੋਈ ਵੀ ਬੱਚਾ ਕਿਸੇ ਵੀ ਕਿਸਮ ਦੀ ਫੀਸ ਜਾਂ ਚਾਰਜਿਜ਼ ਜਾਂ ਖਰਚਿਆਂ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ ਜੋ ਉਸਨੂੰ ਮੁੱਢਲੀ ਸਿੱਖਿਆ ਪ੍ਰਾਪਤ ਕਰਨ ਅਤੇ ਪੂਰਾ ਕਰਨ ਤੋਂ ਰੋਕ ਸਕਦਾ ਹੈ। ਲਾਜ਼ਮੀ ਸਿੱਖਿਆ ਵਿੱਚ ਸਰਕਾਰ ਅਤੇ ਸਥਾਨਕ ਅਥਾਰਟੀਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਛੇ ਤੋਂ ਚੌਦਾਂ ਸਾਲ ਦੀ ਉਮਰ ਦੇ ਹਰੇਕ ਬੱਚੇ ਦੇ ਦਾਖਲਾ, ਹਾਜ਼ਰੀ ਅਤੇ ਮੁੱਢਲੀ ਸਿੱਖਿਆ ਪੂਰੀ ਕਰਨ ਦੀ ਵਿਵਸਥਾ ਕਰਨ ਅਤੇ ਯਕੀਨੀ ਬਣਾਉਣ। ਪੰਜਾਬ ਵਿੱਚ ਆਰ ਟੀ ਈ ਐਕਟ ਅਕਤੂਬਰ 2011 ਤੋਂ ਲਾਗੂ ਹੈ।

---

[1] ਮੁੱਢਲੀ ਸਿੱਖਿਆ ਵਿੱਚ (i) ਸਰਵਵਿਆਪੀ ਦਾਖਲਾ ਅਤੇ 14 ਸਾਲ ਦੀ ਉਮਰ ਤੱਕ ਦੇ ਬੱਚਿਆਂ ਦੇ ਸਰਵਵਿਆਪੀ ਟਿਕੇ ਰਹਿਣ; ਅਤੇ (ii) ਸਿੱਖਿਆ ਦੀ ਗੁਣਵੱਤਾ ਵਿੱਚ ਮਹੱਤਵਪੂਰਨ ਸੁਧਾਰ ਉੱਤੇ ਜ਼ੋਰ ਦਿੱਤਾ ਗਿਆ ਹੈ।


ਭਾਰਤ ਸਰਕਾਰ ਨੇ ਸਮਗਰ ਸਿੱਖਿਆ ਦੀ ਸ਼ੁਰੂਆਤ (ਮਾਰਚ 2018) ਕੀਤੀ, ਜੋ ਅਪ੍ਰੈਲ 2018 ਤੋਂ ਮਾਰਚ 2020 ਤੱਕ ਦੀ ਮਿਆਦ ਲਈ ਪ੍ਰੀ ਸਕੂਲ ਤੋਂ ਬਾਰਵੀਂ ਜਮਾਤ ਤੱਕ ਫੈਲਿਆ ਇੱਕ ਏਕੀਕ੍ਰਿਤ ਅਤੇ ਵਿਆਪਕ ਫਲੈਗਸ਼ਿਪ ਪ੍ਰੋਗਰਾਮ ਹੈ ਜਿਸ ਵਿੱਚ ਤਿੰਨ[2] ਵੱਖ-ਵੱਖ ਯੋਜਨਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਸਮਗਰ ਸਿੱਖਿਆ ਦਾ ਉਦੇਸ਼ ਸਾਰੇ ਬੱਚਿਆਂ ਲਈ ਗੁਣਵੱਤਾ ਸਿੱਖਿਆ ਤੱਕ ਪਹੁੰਚ ਨੂੰ ਯਕੀਨੀ ਬਣਾਉਣਾ, ਇੱਕ ਸਮਾਵੇਸ਼ੀ ਅਤੇ ਬਰਾਬਰੀ ਵਾਲੇ ਕਲਾਸਰੂਮ ਵਾਤਾਵਰਣ ਨੂੰ ਉਤਸ਼ਾਹਤ ਕਰਨਾ ਸੀ ਜੋ ਵੱਖ-ਵੱਖ ਪਿਛੋਕੜਾਂ, ਬਹੁਭਾਸ਼ਾਈ ਲੋੜਾਂ ਅਤੇ ਵੱਖ-ਵੱਖ ਅਕਾਦਮਿਕ ਯੋਗਤਾਵਾਂ ਨੂੰ ਸੰਬੋਧਿਤ ਕਰਦਾ ਹੈ।

## 3.2 ਸੰਗਠਨਾਤਮਕ ਢਾਂਚਾ

ਸਕੂਲ ਸਿੱਖਿਆ ਵਿਭਾਗ ਦੀ ਅਗਵਾਈ ਪ੍ਰਸ਼ਾਸਕੀ ਸਕੱਤਰ ਕਰਦੇ ਹਨ ਅਤੇ ਆਰ ਟੀ ਈ ਐਕਟ/ ਨਿਯਮਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਰਾਜ ਪੱਧਰ ਤੇ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਰਾਜ ਪ੍ਰੋਜੈਕਟ ਡਾਇਰੈਕਟਰ ਨੂੰ ਸੌਂਪੀ ਗਈ ਸੀ। ਜਦੋਂਕਿ ਜ਼ਿਲ੍ਹਾਂ ਪੱਧਰ ਤੇ ਆਰ ਟੀ ਈ ਐਕਟ/ਨਿਯਮ ਜ਼ਿਲ੍ਹਾ ਪ੍ਰੋਜੈਕਟ ਅਫਸਰ (ਡੀ ਪੀ ਓ) ਵਜੋਂ ਨਾਮਜ਼ਦ ਜ਼ਿਲ੍ਹਾ ਸਿੱਖਿਆ ਅਧਿਕਾਰੀ (ਡੀ ਈ ਓ) ਦੁਆਰਾ, ਬਲਾਕ ਪੱਧਰ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਬੀ ਪੀ ਈ ਓ) ਦੁਆਰਾ ਅਤੇ ਸਕੂਲ ਪੱਧਰ ਤੇ ਸਕੂਲ ਮੈਨੇਜਮੈਂਟ ਕਮੇਟੀ (ਐਸ ਐਮ ਸੀ) ਦੁਆਰਾ ਲਾਗੂ ਕੀਤੇ ਜਾ ਰਹੇ ਹਨ। ਐਸ ਐਮ ਸੀ ਸਕੂਲ ਦੇ ਕੰਮਕਾਜ, ਗ੍ਰਾਂਟਾਂ ਦੀ ਵਰਤੋਂ ਅਤੇ ਸਕੂਲ ਵਿਕਾਸ ਯੋਜਨਾ (ਐਸ ਡੀ ਪੀ) ਤਿਆਰ ਕਰਨ ਦੀ ਨਿਗਰਾਨੀ ਵੀ ਕਰਦੀ ਹੈ।

ਵਿਭਾਗ ਦਾ ਸੰਗਠਨਾਤਮਕ ਢਾਂਚਾ ਚਾਰਟ 3.1 ਵਿੱਚ ਦਿੱਤਾ ਗਿਆ ਹੈ।

**ਚਾਰਟ 3.1: ਸਕੂਲ ਸਿੱਖਿਆ ਵਿਭਾਗ, ਪੰਜਾਬ ਦਾ ਸੰਗਠਨਾਤਮਕ ਢਾਚਾ**




*ਸ੍ਰੋਤ: ਸਮਗਰ ਸਿੱਖਿਆ, ਪੰਜਾਬ ਦੀ ਸਾਲਾਨਾ ਰਿਪੋਰਟ (2021-22)*

---

2 ਸਰਵ ਸਿੱਖਿਆ ਅਭਿਆਨ (2000-01 ਤੋਂ), ਰਾਸ਼ਟਰੀ ਮਾਧਿਅਮਿਕ ਸਿੱਖਿਆ ਅਭਿਆਨ (2009-10 ਤੋਂ) ਅਤੇ ਕੇਂਦਰੀ ਪ੍ਰਾਯੋਜਿਤ ਅਧਿਆਪਕ ਸਿੱਖਿਆ ਯੋਜਨਾ (1987) ਭਾਰਤ ਸਰਕਾਰ ਦੁਆਰਾ ਸ਼ੁਰੂ ਕੀਤੇ ਗਏ ਤਿੰਨ ਪ੍ਰਮੁੱਖ ਸਕੂਲ ਸਿੱਖਿਆ ਵਿਕਾਸ ਪ੍ਰੋਗਰਾਮ ਸਨ ਅਤੇ ਰਾਜ ਸਰਕਾਰ ਦੀ ਭਾਈਵਾਲੀ ਨਾਲ ਲਾਗੂ ਕੀਤੇ ਗਏ ਸਨ।

## 3.3 ਸਕੂਲਾਂ ਦੀ ਸ਼੍ਰੇਣੀ-ਵਾਰ ਗਿਣਤੀ, ਦਾਖਲਾ ਅਤੇ ਅਧਿਆਪਕਾਂ ਦੀ ਉਪਲਬਧਤਾ

ਸਕੂਲ ਸਿੱਖਿਆ ਪਲੱਸ[3] 'ਤੇ ਯੂਨੀਫਾਈਡ ਜ਼ਿਲ੍ਹਾ ਸੂਚਨਾ (ਯੂ ਡੀ ਆਈ ਐਸ ਈ +) ਦੇ ਅੰਕੜਿਆਂ ਦੇ ਅਧਾਰ 'ਤੇ ਅਕਾਦਮਿਕ ਸਾਲ 2022-23 ਦੌਰਾਨ ਰਾਜ ਵਿੱਚ ਸ਼੍ਰੇਣੀ-ਵਾਰ ਸਕੂਲਾਂ ਦੀ ਸੰਖਿਆ, ਵਿਦਿਆਰਥੀਆਂ ਦਾ ਦਾਖਲਾ ਅਤੇ ਉਪਲਬਧ ਅਧਿਆਪਕਾਂ ਦੀ ਸੰਖਿਆ, **ਸਾਰਣੀ 3.1** ਵਿੱਚ ਪ੍ਰਦਰਸ਼ਿਤ ਕੀਤੀ ਗਈ ਹੈ।

**ਸਾਰਣੀ 3.1: ਅਕਾਦਮਿਕ ਸਾਲ 2022-23 ਦੌਰਾਨ ਸ਼੍ਰੇਣੀ-ਵਾਰ ਸਕੂਲਾਂ ਦੀ ਸੰਖਿਆ, ਵਿਦਿਆਰਥੀਆਂ ਦਾ ਦਾਖਲਾ ਅਤੇ ਉਪਲਬਧ ਅਧਿਆਪਕਾਂ ਦੀ ਸੰਖਿਆ**

| ਪ੍ਰਬੰਧਨ ਢਾਂਚਾ | | ਸਰਕਾਰੀ ਸਕੂਲ | *ਪ੍ਰਤੀਸ਼ਤ ਵਿੱਚ* | ਸਰਕਾਰੀ ਸਹਾਇਤਾ ਪ੍ਰਾਪਤ | *ਪ੍ਰਤੀਸ਼ਤ ਵਿੱਚ* | ਹੋਰ ਸਕੂਲ[4] | *ਪ੍ਰਤੀਸ਼ਤ ਵਿੱਚ* |
|---|---|---|---|---|---|---|---|
| ਸਕੂਲਾਂ ਦੀ ਸੰਖਿਆ | ਪ੍ਰਾਇਮਰੀ (5ਵੀਂ ਤੱਕ) | 12,817 | 67.07 | 48 | 11.35 | 650 | 8.06 |
| | ਮਿਡਲ (8ਵੀਂ ਤੱਕ) | 2,535 | 13.26 | 36 | 8.51 | 2,060 | 25.56 |
| | ਹਾਈ (10ਵੀਂ ਤੱਕ) | 1,698 | 8.89 | 73 | 17.26 | 2,324 | 28.84 |
| | ਸੀਨੀਅਰ ਸੈਕੰਡਰੀ (12ਵੀਂ ਤੱਕ) | 2,060 | 10.78 | 266 | 62.88 | 3,025 | 37.54 |
| | **ਜੋੜ (ੳ)** | **19,110** | **100** | **423** | **100.00** | **8,059** | **100.00** |
| ਦਾਖਲਾ | ਪ੍ਰਾਇਮਰੀ (5ਵੀਂ ਤੱਕ) | 13,48,046 | 48.22 | 6,691 | 3.73 | 70,566 | 2.40 |
| | ਮਿਡਲ (8ਵੀਂ ਤੱਕ) | 1,38,181 | 4.94 | 5,269 | 2.93 | 2,82,553 | 9.61 |
| | ਹਾਈ (10ਵੀਂ ਤੱਕ) | 3,00,279 | 10.74 | 16,960 | 9.44 | 6,75,366 | 22.97 |
| | ਸੀਨੀਅਰ ਸੈਕੰਡਰੀ (12ਵੀਂ ਤੱਕ) | 10,09,149 | 36.10 | 1,50,696 | 83.90 | 19,11,467 | 65.02 |
| | **ਜੋੜ (ਅ)** | **27,95,655** | **100.00** | **1,79,616** | **100.00** | **29,39,952** | **100.00** |
| ਅਧਿਆਪਕਾਂ ਦੀ ਸੰਖਿਆ | ਪ੍ਰਾਇਮਰੀ (5ਵੀਂ ਤੱਕ) | 49,115 | 40.99 | 164 | 3.59 | 4,118 | 2.96 |
| | ਮਿਡਲ (8ਵੀਂ ਤੱਕ) | 8,903 | 7.42 | 157 | 3.44 | 17,368 | 12.46 |
| | ਹਾਈ (10ਵੀਂ ਤੱਕ) | 17,087 | 14.26 | 427 | 9.35 | 32,702 | 23.48 |
| | ਸੀਨੀਅਰ ਸੈਕੰਡਰੀ (12ਵੀਂ ਤੱਕ) | 44,728 | 37.33 | 3,818 | 83.62 | 85,113 | 61.10 |
| | **ਜੋੜ (ੲ)** | **1,19,833** | **100.00** | **4,566** | **100.00** | **1,39,301** | **100.00** |

*ਸ੍ਰੋਤ: ਯੂ ਡੀ ਆਈ ਐਸ ਈ + ਡਾਟਾ*

[3] ਯੂ ਡੀ ਆਈ ਐਸ ਈ + ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ, ਸਿੱਖਿਆ ਮੰਤਰਾਲੇ ਦੁਆਰਾ ਪ੍ਰੀ-ਪ੍ਰਾਇਮਰੀ ਤੋਂ ਬਾਰਵੀਂ ਜਮਾਤ ਤੱਕ ਰਸਮੀ ਸਿੱਖਿਆ ਪ੍ਰਦਾਨ ਕਰਨ ਵਾਲੇ ਸਾਰੇ ਮਾਨਤਾ ਪ੍ਰਾਪਤ ਸਕੂਲਾਂ ਤੋਂ ਸਕੂਲ ਨਾਲ ਸਬੰਧਤ ਕਾਰਕਾਂ ਅਤੇ ਇਸਦੇ ਸਰੋਤਾਂ ਬਾਰੇ ਸਕੂਲ ਵੇਰਵੇ ਇਕੱਤਰ ਕਰਨ ਲਈ ਸ਼ੁਰੂ ਕੀਤੀ ਗਈ ਸਭ ਤੋਂ ਵੱਡੀ ਪ੍ਰਬੰਧਨ ਸੂਚਨਾ ਪ੍ਰਣਾਲੀਆਂ ਵਿੱਚੋਂ ਇੱਕ ਹੈ।

[4] ਹੋਰ ਸਕੂਲ: ਪ੍ਰਾਈਵੇਟ ਬਿਨ੍ਹਾਂ ਸਹਾਇਤਾ ਪ੍ਰਾਪਤ (ਮਾਨਤਾ ਪ੍ਰਾਪਤ), ਸਥਾਨਕ ਸੰਸਥਾ, ਹੋਰ ਸਰਕਾਰੀ ਪ੍ਰਬੰਧਿਤ ਸਕੂਲ, ਅੰਸ਼ਕ ਤੌਰ ਤੇ ਸਰਕਾਰੀ ਮਾਨਤਾ ਪ੍ਰਾਪਤ ਸਕੂਲ, ਸਮਾਜ ਭਲਾਈ ਵਿਭਾਗ ਦੇ ਸਕੂਲ, ਕੇਂਦਰੀ ਵਿਦਿਆਲਿਆ, ਜਵਾਹਰ ਨਵੋਦਿਆ ਵਿਦਿਆਲਿਆ, ਸੈਨਿਕ ਸਕੂਲ ਅਤੇ ਮਦਰਸਾ (ਮਾਨਤਾ ਪ੍ਰਾਪਤ)।

## 3.4 ਲੇਖਾ ਪ੍ਰੀਖਿਆ ਉਦੇਸ਼

ਕਾਰਗੁਜ਼ਾਰੀ ਲੇਖਾ ਪ੍ਰੀਖਿਆ ਮੁਲਾਂਕਣ ਕਰਨ ਲਈ ਕੀਤੀ ਗਈ ਸੀ:

- ਕੀ ਆਰ ਟੀ ਈ ਐਕਟ ਦੇ ਅਨੁਸਾਰ ਸਾਰੇ ਬੱਚਿਆਂ ਲਈ ਸਕੂਲੀ ਸਿੱਖਿਆ ਦੀ ਸਰਵਵਿਆਪੀ ਪਹੁੰਚ ਉਪਲਬਧ ਸੀ; ਅਤੇ
- ਕੀ ਸਿੱਖਿਆ ਦੀ ਗੁਣਵੱਤਾ ਨੂੰ ਸਿੱਖਣ ਦੇ ਸਾਰੇ ਪੱਧਰਾਂ ਤੇ ਯਕੀਨੀ ਬਣਾਇਆ ਗਿਆ ਸੀ।

## 3.5 ਲੇਖਾ ਪ੍ਰੀਖਿਆ ਦਾਇਰਾ ਅਤੇ ਵਿਧੀ

ਕਾਰਗੁਜ਼ਾਰੀ ਲੇਖਾ ਪ੍ਰੀਖਿਆ 2018-19 ਤੋਂ 2022-23 ਤੱਕ ਦੀ ਮਿਆਦ ਨੂੰ ਕਵਰ ਕਰਦੇ, ਪੰਜਾਬ ਵਿੱਚ ਸਕੂਲੀ ਸਿੱਖਿਆ ਦੀ ਪ੍ਰਭਾਵਸ਼ੀਲਤਾ ਅਤੇ ਆਰ ਟੀ ਈ ਐਕਟ, 2009 ਨੂੰ ਲਾਗੂ ਕਰਨ ਦਾ ਮੁਲਾਂਕਣ ਕੀਤਾ ਗਿਆ। ਲੇਖਾ ਪ੍ਰੀਖਿਆ ਵਿੱਚ ਆਰ ਟੀ ਈ ਐਕਟ ਅਧੀਨ ਵਿਦਿਆਰਥੀਆਂ ਨੂੰ ਗੁਣਵੱਤਾ ਸਿੱਖਿਆ, ਵਿਦਿਆਰਥੀ ਅਧਿਆਪਕ ਅਨੁਪਾਤ, ਮਨੁੱਖੀ ਸ੍ਰੋਤ *ਆਦਿ* ਵਰਗੇ ਪ੍ਰਮੁੱਖ ਖੇਤਰਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ।

ਇਨ੍ਹਾਂ ਪਹਿਲੂਆਂ ਨੂੰ ਕਵਰ ਕਰਨ ਲਈ ਲੇਖਾ ਪ੍ਰੀਖਿਆ ਦੌਰਾਨ ਡਾਇਰੈਕਟਰ ਜਨਰਲ ਆਫ ਸਕੂਲ ਐਜੂਕੇਸ਼ਨ (ਡੀ ਜੀ ਐਸ ਈ), ਸਟੇਟ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (ਐਸ ਸੀ ਈ ਆਰ ਟੀ), ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ) ਅਤੇ ਪੰਜਾਬ ਸਿੱਖਿਆ ਵਿਕਾਸ ਬੋਰਡ (ਪੀ ਈ ਡੀ ਬੀ), ਆਦਰਸ਼ ਸਕੂਲਾਂ ਅਤੇ ਮੈਰੀਟੋਰੀਅਸ ਸਕੂਲਾਂ ਸਮੇਤ ਵੱਖ-ਵੱਖ ਸੰਸਥਾਵਾਂ ਦੇ ਰਿਕਾਰਡਾਂ ਦੀ ਜਾਂਚ ਕੀਤੀ ਗਈ ।

### *(ੳ) ਜ਼ਿਲ੍ਹਿਆਂ, ਬਲਾਕਾਂ ਅਤੇ ਸਕੂਲਾਂ ਦੀ ਚੋਣ*

23 ਵਿੱਚੋਂ ਛੇ[5] ਜ਼ਿਲ੍ਹਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀ ਦੇ ਕੁੱਲ ਦਾਖਲੇ ਦੇ ਅਧਾਰ 'ਤੇ ਇੱਕ ਪੱਧਰੀ ਰੈਂਡਮ ਸੈਂਪਲਿੰਗ ਵਿਧੀ ਦੀ ਵਰਤੋਂ ਕਰਕੇ ਚੁਣਿਆ ਗਿਆ ਸੀ। ਇਸ ਤੋਂ ਇਲਾਵਾ, ਵੱਖ-ਵੱਖ ਪੱਧਰਾਂ[6] ਤੇ 18 ਬੀ ਪੀ ਈ ਓਜ਼ (ਹਰੇਕ ਜ਼ਿਲ੍ਹੇ ਤੋਂ ਤਿੰਨ) ਅਤੇ ਕੁੱਲ 120 ਸਕੂਲਾਂ (ਹਰੇਕ ਜ਼ਿਲ੍ਹੇ ਦੇ 17 ਸਰਕਾਰੀ ਸਕੂਲ ਅਤੇ 3 ਸਰਕਾਰੀ ਸਹਾਇਤਾ ਪ੍ਰਾਪਤ ਸਕੂਲ) ਨੂੰ ਚੁਣੇ ਗਏ ਬੀ ਪੀ ਈ ਓਜ਼ ਅਧੀਨ ਲੇਖਾ ਪ੍ਰੀਖਿਆ ਲਈ ਚੁਣਿਆ ਗਿਆ ਸੀ।

---

5 (i) ਅੰਮ੍ਰਿਤਸਰ; (ii) ਬਰਨਾਲਾ; (iii) ਫਿਰੋਜ਼ਪੁਰ; (iv) ਜਲੰਧਰ; (v) ਸ਼੍ਰੀ ਮੁਕਤਸਰ ਸਾਹਿਬ; ਅਤੇ (vi) ਪਟਿਆਲਾ।

6 ਸੀਨੀਅਰ ਸੈਕੰਡਰੀ, ਹਾਈ, ਮਿਡਲ ਅਤੇ ਪ੍ਰਾਇਮਰੀ, ਤਰਜੀਹੀ ਤੌਰ ਤੇ ਪ੍ਰੀ-ਪ੍ਰਾਇਮਰੀ ਦੇ ਨਾਲ।

### *(ਅ) ਮਹੀਨਿਆਂ ਦੀ ਚੋਣ*

ਲੇਖਾ ਪ੍ਰੀਖਿਆ ਦੀ ਮਿਆਦ ਦੇ ਹਰ ਇੱਕ ਸਾਲ ਵਿੱਚੋਂ ਪੰਜ ਮਹੀਨੇ (ਜਿਵੇਂ ਕਿ ਹੇਠਾਂ ਵੇਰਵਾ ਦਿੱਤਾ ਗਿਆ ਹੈ), ਵੱਖ-ਵੱਖ ਸਕੀਮਾਂ ਤਹਿਤ ਪ੍ਰਾਪਤ ਅਤੇ ਵਰਤੇ ਗਏ ਗ੍ਰਾਂਟਾਂ ਦੀ ਪੜਤਾਲ ਕਰਨ ਲਈ ਨਿਰਣਾਇਕ ਅਧਾਰ ਤੇ ਚੁਣੇ ਗਏ ਸੀ।

| ਸਾਲ | 2018-19 | 2019-20 | 2020-21 | 2021-22 | 2022-23 |
|---|---|---|---|---|---|
| ਮਹੀਨਾ (ਤਿਮਾਹੀ) | ਫਰਵਰੀ 2019 (ਚੌਥੀ ਤਿਮਾਹੀ) | ਮਈ 2019 (ਪਹਿਲੀ ਤਿਮਾਹੀ) | ਅਗਸਤ 2020 (ਦੂਜੀ ਤਿਮਾਹੀ) | ਨਵੰਬਰ 2021 (ਤੀਜੀ ਤਿਮਾਹੀ) | ਫਰਵਰੀ 2023 (ਚੌਥੀ ਤਿਮਾਹੀ) |

### *(ੲ) ਲਾਭਪਾਤਰੀ ਸਰਵੇਖਣ*

ਕੀਮਤੀ ਸੂਝ ਇਕੱਤਰ ਕਰਨ ਲਈ, ਇੱਕ ਨਿਰਣਾਇਕ ਨਮੂਨਾ ਵਿਧੀ ਦੀ ਵਰਤੋਂ ਕਰਦਿਆਂ ਇੱਕ ਲਾਭਪਾਤਰੀ ਸਰਵੇਖਣ ਕੀਤਾ ਗਿਆ ਸੀ। ਸਰਵੇਖਣ ਵਿੱਚ ਪ੍ਰਾਇਮਰੀ/ਮਿਡਲ ਸਕੂਲਾਂ ਦੇ 10 ਵਿਦਿਆਰਥੀ ਅਤੇ ਹਾਈ/ਸੀਨੀਅਰ ਸੈਕੰਡਰੀ/ਆਦਰਸ਼/ਮੈਰੀਟੋਰੀਅਸ ਸਕੂਲਾਂ ਦੇ 20 ਵਿਦਿਆਰਥੀ ਸ਼ਾਮਲ ਸਨ। ਇਸ ਪਹੁੰਚ ਨੇ ਪ੍ਰੋਗਰਾਮ ਦੀ ਪ੍ਰਭਾਵਸ਼ੀਲਤਾ ਦਾ ਵਿਆਪਕ ਮੁਲਾਂਕਣ ਯਕੀਨੀ ਬਣਾਇਆ।

ਲੇਖਾ ਪ੍ਰੀਖਿਆ ਨੇ ਇੱਕ ਸਰਵੇਖਣ ਪ੍ਰਸ਼ਨਾਵਲੀ ਰਾਹੀਂ ਅਧਿਆਪਕਾਂ (ਉਪਲਬਧਤਾ ਦੇ ਅਧਾਰ ਤੇ ਪ੍ਰਤੀ ਸਕੂਲ 10 ਤੱਕ) ਅਤੇ ਐਸ ਐਮ ਸੀ ਦੇ ਮੈਂਬਰਾਂ ਦੇ ਦ੍ਰਿਸ਼ਟੀਕੋਣਾਂ ਨੂੰ ਵੀ ਸ਼ਾਮਲ ਕੀਤਾ। ਉਨ੍ਹਾਂ ਦੇ ਇਨਪੁਟ ਨੇ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਪ੍ਰੋਗਰਾਮ ਦੇ ਯੋਗਦਾਨ ਬਾਰੇ ਕੀਮਤੀ ਸੂਝ ਪ੍ਰਦਾਨ ਕੀਤੀ, ਜਿਸ ਨਾਲ ਇਸ ਦੇ ਪ੍ਰਭਾਵ ਦਾ ਚੰਗੀ ਤਰ੍ਹਾਂ ਮੁਲਾਂਕਣ ਕੀਤਾ ਗਿਆ।

ਸਕੂਲ ਸਿੱਖਿਆ ਵਿਭਾਗ ਦੇ ਸਕੱਤਰ ਨਾਲ ਇੱਕ ਐਂਟਰੀ ਕਾਨਫਰੰਸ (ਸਤੰਬਰ 2023) ਆਯੋਜਿਤ ਕੀਤੀ ਗਈ ਸੀ ਜਿਸ ਵਿੱਚ ਲੇਖਾ ਪ੍ਰੀਖਿਆ ਉਦੇਸ਼ਾਂ, ਮਾਪਦੰਡਾਂ, ਦਾਇਰੇ ਅਤੇ ਵਿਧੀ ਬਾਰੇ ਚਰਚਾ ਕੀਤੀ ਗਈ ਸੀ। ਲੇਖਾ ਪ੍ਰੀਖਿਆ ਪੂਰੀ ਹੋਣ ਤੇ, ਲੇਖਾ ਪ੍ਰੀਖਿਆ ਦੇ ਨਤੀਜਿਆਂ ਤੇ ਚਰਚਾ ਕਰਨ ਲਈ ਸਕੂਲ ਸਿੱਖਿਆ ਵਿਭਾਗ ਦੇ ਸਕੱਤਰ ਨਾਲ ਇੱਕ ਐਗਜ਼ਿਟ ਕਾਨਫਰੰਸ (ਦਸੰਬਰ 2024) ਕੀਤੀ ਗਈ ਸੀ। ਐਗਜ਼ਿਟ ਕਾਨਫਰੰਸ ਦੌਰਾਨ ਅਤੇ ਬਾਅਦ ਵਿੱਚ ਜਨਵਰੀ 2025 ਵਿੱਚ ਪ੍ਰਾਪਤ ਰਾਜ ਸਰਕਾਰ/ਵਿਭਾਗ ਦੇ ਜਵਾਬਾਂ ਨੂੰ ਰਿਪੋਰਟ ਵਿੱਚ ਢੁਕਵੇਂ ਢੰਗ ਨਾਲ ਸ਼ਾਮਲ ਕੀਤਾ ਗਿਆ ਹੈ।

## 3.6 ਲੇਖਾ ਪ੍ਰੀਖਿਆ ਮਾਪਦੰਡ

ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦੇ ਨਤੀਜਿਆਂ ਨੂੰ ਹੇਠ ਲਿਖੇ ਸ੍ਰੋਤਾਂ ਤੋਂ ਪ੍ਰਾਪਤ ਮਾਪਦੰਡਾਂ ਦੇ ਵਿਰੁੱਧ ਬੈਂਚਮਾਰਕ ਕੀਤਾ ਗਿਆ ਸੀ:

- ਬੱਚਿਆਂ ਦਾ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ, 2009 ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮ ;
- ਭਾਰਤ ਸਰਕਾਰ ਵੱਲੋਂ ਸਮਗਰ ਸਿੱਖਿਆ ਨੂੰ ਲਾਗੂ ਕਰਨ ਲਈ ਜਾਰੀ ਢਾਂਚਾ;
- ਸਾਲਾਨਾ ਕਾਰਜ ਯੋਜਨਾ ਅਤੇ ਬਜਟ (ਏ ਡਬਲਯੂ ਪੀ ਐਂਡ ਬੀ);
- ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੁਆਰਾ ਜਾਰੀ ਨਿਰਦੇਸ਼, ਆਦੇਸ਼ ਅਤੇ ਨੀਤੀ ਦਿਸ਼ਾ-ਨਿਰਦੇਸ਼।

## ਲੇਖਾ ਪ੍ਰੀਖਿਆ ਲੱਭਤਾਂ

## 3.7 ਗੁਣਵੱਤਾ ਸਿੱਖਿਆ

ਗੁਣਵੱਤਾ ਸਿੱਖਿਆ ਇੱਕ ਵਿਆਪਕ ਸ਼ਬਦ ਹੈ ਜਿਸ ਵਿੱਚ ਸਿਖਿਆਰਥੀ, ਅਧਿਆਪਕ, ਅਧਿਆਪਨ ਸਿੱਖਣ ਦੀ ਪ੍ਰਕਿਰਿਆ, ਸਿੱਖਣ ਦਾ ਵਾਤਾਵਰਣ, ਪਾਠਕ੍ਰਮ, ਪੈਡਾਗੌਗੀ, ਸਿੱਖਣ ਦੇ ਨਤੀਜੇ, ਮੁਲਾਂਕਣ ਆਦਿ ਸ਼ਾਮਲ ਹਨ।

ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦੌਰਾਨ ਵੇਖੀਆਂ ਗਈਆ ਗੁਣਵੱਤਾ ਸਿੱਖਿਆ ਵਿੱਚ ਵੱਖ-ਵੱਖ ਅਸੰਗਤਤਾਵਾਂ ਬਾਰੇ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ।

### 3.7.1 ਯੋਜਨਾਬੰਦੀ

ਯੋਜਨਾਬੰਦੀ ਨੂੰ ਇੱਕ ਨਿਰੰਤਰ ਪ੍ਰਕਿਰਿਆ ਕਿਹਾ ਜਾ ਸਕਦਾ ਹੈ ਜੋ ਕਿਸੇ ਸੰਗਠਨ ਨੂੰ ਕਿਸੇ ਖਾਸ ਟੀਚੇ ਜਾਂ ਉਦੇਸ਼ ਨੂੰ ਸਭ ਤੋਂ ਸੌਖਾ ਅਤੇ ਸਭ ਤੋਂ ਵਧੀਆ ਸੰਭਵ ਤਰੀਕੇ ਨਾਲ ਪਹੁੰਚਾਉਣ ਵਿੱਚ ਸਹਾਇਤਾ ਕਰਦੀ ਹੈ। ਯੋਜਨਾਵਾਂ ਸਥਿਰ ਨਹੀਂ ਹੁੰਦੀਆਂ। ਉਹ ਪਿਛਲੇ ਸਾਲਾਂ ਦੀ ਪ੍ਰਗਤੀ ਨੂੰ ਵੇਖਦੇ ਹਨ ਅਤੇ ਮੌਜੂਦਾ ਸਥਿਤੀ ਅਨੁਸਾਰ ਆਪਣੇ ਆਪ ਨੂੰ ਬਦਲਣ ਲਈ ਅਨੁਕੂਲ ਹੁੰਦੇ ਹਨ। ਇਸ ਲਈ, ਯੋਜਨਾਬੰਦੀ ਸ੍ਰੋਤਾਂ ਦੇ ਅੰਦਰ ਬਿਹਤਰ ਨਤੀਜੇ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਦੀ ਹੈ, ਸਮਗਰ ਸਿੱਖਿਆ ਲਾਗੂ ਕਰਨ ਲਈ ਫਰੇਮਵਰਕ ਦੇ ਅਨੁਸਾਰ, ਸਕੂਲ ਪੱਧਰ ਤੇ ਮਾਈਕਰੋ ਪਲਾਨਿੰਗ ਪ੍ਰਕਿਰਿਆ ਰਾਹੀਂ ਬੁਨਿਆਦੀ ਯੋਜਨਾ ਤਿਆਰ ਕੀਤੀ ਜਾਂਦੀ ਹੈ ਜਿੱਥੇ ਸਕੂਲ ਪ੍ਰਬੰਧਨ ਕਮੇਟੀਆਂ (ਐਸ ਐਮ ਸੀ)/ਸਕੂਲ ਪ੍ਰਬੰਧਨ ਅਤੇ ਵਿਕਾਸ ਕਮੇਟੀਆਂ (ਐਸ ਐਮ ਡੀ ਸੀ) ਪੰਚਾਇਤੀ ਰਾਜ ਸੰਸਥਾਵਾਂ ਦੇ ਮੈਂਬਰ ਅਤੇ ਹੋਰ ਹਿੱਸੇਦਾਰ ਸ਼ਾਮਲ ਹੁੰਦੇ ਹਨ।

ਕਾਰਗੁਜ਼ਾਰੀ ਲੇਖਾ ਪ੍ਰੀਖਿਆ ਦੌਰਾਨ ਸਕੂਲੀ ਸਿੱਖਿਆ ਵਿੱਚ ਯੋਜਨਾਬੰਦੀ ਪ੍ਰਕਿਰਿਆ ਵਿੱਚ ਵੇਖੀਆਂ ਗਈਆਂ ਅਸੰਗਤੀਆਂ ਬਾਰੇ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ।

#### 3.7.1.1 ਸਕੂਲ ਵਿਕਾਸ ਯੋਜਨਾ ਦੀ ਤਿਆਰੀ ਨਾ ਕਰਨਾ

ਆਰ ਟੀ ਈ ਐਕਟ ਦੀ ਧਾਰਾ 22(1) ਅਤੇ ਸਮਗਰ ਸਿੱਖਿਆ ਨੂੰ ਲਾਗੂ ਕਰਨ ਲਈ ਫਰੇਮਵਰਕ ਦੇ ਪੈਰਾ 10.7.10 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਹਰੇਕ ਐਸ ਐਮ ਸੀ ਇੱਕ ਸਕੂਲ ਵਿਕਾਸ ਯੋਜਨਾ (ਐਸ ਡੀ ਪੀ) ਤਿਆਰ ਕਰੇਗੀ। ਇਸ ਤੋਂ ਇਲਾਵਾ, ਪੰਜਾਬ ਆਰ ਟੀ ਈ ਨਿਯਮ, 2011 ਵਿੱਚ ਕਿਹਾ ਗਿਆ ਹੈ ਕਿ ਐਸ ਐਮ ਸੀਜ਼ ਵਿੱਤੀ ਸਾਲ ਦੀ ਸਮਾਪਤੀ ਤੋਂ ਘੱਟੋ ਘੱਟ ਤਿੰਨ ਮਹੀਨੇ ਪਹਿਲਾਂ ਸਕੂਲ ਵਿਕਾਸ ਯੋਜਨਾ (ਐਸ ਡੀ ਪੀ) ਤਿਆਰ ਕਰਨਗੀਆਂ। ਐਸ ਡੀ ਪੀ ਵਿੱਚ ਇੱਕ 'ਦੋ ਸਾਲਾ ਯੋਜਨਾ' ਸ਼ਾਮਲ ਹੋਵੇਗੀ ਜਿਸ ਵਿੱਚ ਦੋ ਸਾਲਾਨਾ ਉਪ-ਯੋਜਨਾਵਾਂ ਸ਼ਾਮਲ ਹੋਣਗੀਆਂ। ਵਿਕੇਂਦਰੀਕ੍ਰਿਤ ਯੋਜਨਾਬੰਦੀ ਪ੍ਰਕਿਰਿਆ **ਚਾਰਟ** 3.2 ਵਿੱਚ ਦਿੱਤੀ ਗਈ ਹੈ।

ਚਾਰਟ 3.2: ਵਿਕੇਂਦਰੀਕ੍ਰਿਤ ਯੋਜਨਾਬੰਦੀ ਪ੍ਰਕਿਰਿਆ




*ਸ੍ਰੋਤ: ਲਾਗੂ ਕਰਨ ਲਈ ਸਮਗਰ ਸਿੱਖਿਆ ਫਰੇਮਵਰਕ*

ਨਮੂਨਾ-ਜਾਂਚ ਕੀਤੇ ਗਏ ਛੇ ਜ਼ਿਲ੍ਹਿਆਂ ਦੇ ਚੁਣੇ ਗਏ ਸਕੂਲਾਂ ਦੇ ਰਿਕਾਰਡਾਂ ਦੀ ਨਮੂਨਾ-ਜਾਂਚ ਦੌਰਾਨ, ਇਹ ਦੇਖਿਆ ਗਿਆ (ਨਵੰਬਰ 2023-ਮਈ 2024) ਕਿ ਕਿਸੇ ਵੀ ਸਰਕਾਰੀ ਸਕੂਲ ਨੇ ਉਪਰੋਕਤ ਦਿਸ਼ਾ-ਨਿਰਦੇਸ਼ਾਂ/ਉਪਬੰਧਾਂ ਅਨੁਸਾਰ 2018-19 ਤੋਂ 2022-23 ਦੌਰਾਨ ਸਕੂਲ ਵਿਕਾਸ ਯੋਜਨਾਵਾਂ ਤਿਆਰ ਨਹੀਂ ਕੀਤੀਆਂ। ਇਸ ਦੀ ਬਜਾਏ, ਜ਼ਿਲ੍ਹਾ ਅਤੇ ਰਾਜ ਪੱਧਰੀ ਅਥਾਰਟੀਆਂ ਭਾਰਤ ਸਰਕਾਰ ਦੇ ਯੂ ਡੀ ਆਈ ਐਸ ਈ + ਪੋਰਟਲ ਤੇ ਸਬੰਧਤ ਸਕੂਲਾਂ ਦੁਆਰਾ ਅਪਲੋਡ ਕੀਤੇ ਗਏ ਕੰਪੋਨੈਂਟ-ਵਾਇਜ਼ ਡਾਟਾ/ਲੋੜਾਂ ਦੇ ਅਧਾਰ 'ਤੇ ਸਾਲਾਨਾ ਕਾਰਜ ਯੋਜਨਾ ਅਤੇ ਬਜਟ (ਏ ਡਬਲਯੂ ਪੀ ਅਤੇ ਬੀ) ਨੂੰ ਤਿਆਰ ਅਤੇ ਇਕਸਾਰ/ਅੰਤਿਮ ਰੂਪ ਦੇ ਰਹੀਆਂ ਸਨ, ਜਿਸ ਨੇ, ਬਦਲੇ ਵਿੱਚ, ਸਕੂਲਾਂ ਦੀ ਤਰਜੀਹੀ ਲੋੜ ਨੂੰ ਪ੍ਰਭਾਵਿਤ ਕੀਤਾ ਹੋਵੇਗਾ।

ਐਗਜ਼ਿਟ ਕਾਨਫਰੰਸ ਵਿੱਚ, ਵਿਭਾਗ ਨੇ ਕਿਹਾ (ਦਸੰਬਰ 2024) ਕਿ ਇਹ ਮਾਮਲਾ ਅਗਲੀ ਪ੍ਰੋਜੈਕਟ ਪ੍ਰਵਾਨਗੀ ਬੋਰਡ (ਪੀ ਏ ਬੀ) ਦੀ ਮੀਟਿੰਗ ਵਿੱਚ ਉਠਾਇਆ ਜਾਵੇਗਾ ਤਾਂ ਜੋ ਸਕੂਲਾਂ ਨੂੰ ਆਪਣੀਆਂ ਵਿਸ਼ੇਸ਼/ਤਰਜੀਹੀ ਲੋੜ ਜਮ੍ਹਾਂ ਕਰਨ ਦੀ ਆਗਿਆ ਦੇਣ ਲਈ ਯੂ ਡੀ ਆਈ ਐਸ ਈ + ਪੋਰਟਲ ਵਿੱਚ ਲੋੜੀਂਦੀਆਂ ਤਬਦੀਲੀਆਂ ਕੀਤੀਆਂ ਜਾ ਸਕਣ।

### 3.7.2 ਸਟੇਟ ਕੌਂਸਲ ਆਫ ਐਜੂਕੇਸ਼ਨ ਰਿਸਰਚ ਐਂਡ ਟ੍ਰੇਨਿੰਗ

ਸਟੇਟ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (ਐਸ ਸੀ ਈ ਆਰ ਟੀ) ਜਿਸ ਨੂੰ ਸਤੰਬਰ 2012 ਵਿੱਚ ਅਧਿਸੂਚਿਤ ਕੀਤਾ ਗਿਆ ਸੀ, ਨੂੰ ਸਿੱਖਿਆ ਦਾ ਅਧਿਕਾਰ ਐਕਟ, 2009 (ਆਰ ਟੀ ਈ ਐਕਟ) ਦੇ ਮਾਡਲ ਨਿਯਮਾਂ ਅਧੀਨ ਅਕਾਦਮਿਕ ਅਥਾਰਟੀ ਵਜੋਂ ਮਨੋਨੀਤ ਕੀਤਾ ਗਿਆ ਹੈ। ਐਸ ਸੀ ਈ ਆਰ ਟੀ ਸਕੂਲ ਸਿੱਖਿਆ ਅਤੇ ਪਾਠਕ੍ਰਮ ਵਿਕਾਸ ਲਈ ਢਾਂਚਾ ਤਿਆਰ ਕਰਨ, ਪਾਠ ਪੁਸਤਕਾਂ, ਅਧਿਆਪਨ-ਸਿਖਲਾਈ ਸਮੱਗਰੀ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ

ਲਈ ਡਿਜੀਟਲ ਸਮੱਗਰੀ ਤਿਆਰ ਕਰਨ, ਮੁਲਾਂਕਣ ਪ੍ਰਕਿਰਿਆਵਾਂ ਨਿਰਧਾਰਤ ਕਰਨ ਅਤੇ ਪੰਜਾਬ ਪਾਠਕ੍ਰਮ ਫਰੇਮਵਰਕ 2013 (ਪੀ ਸੀ ਐਫ 2013) ਦੇ ਅਧਾਰ ਤੇ ਸਾਰੇ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਸਿੱਖਣ ਦੇ ਨਤੀਜਿਆਂ ਦੀ ਨਿਗਰਾਨੀ ਕਰਨ ਲਈ ਜ਼ਿੰਮੇਵਾਰ ਹੈ। ਇਸ ਤੋਂ ਇਲਾਵਾ, ਐਸ ਸੀ ਈ ਆਰ ਟੀ ਨੂੰ ਨਿਰੰਤਰ ਅਤੇ ਵਿਆਪਕ ਮੁਲਾਂਕਣ (ਸੀ ਸੀ ਈ) ਨੂੰ ਲਾਗੂ ਕਰਨ ਲਈ ਦਿਸ਼ਾ ਨਿਰਦੇਸ਼ ਤਿਆਰ ਕਰਨ ਦਾ ਕੰਮ ਸੌਂਪਿਆ ਗਿਆ ਸੀ।

ਇਸ ਤੋਂ ਇਲਾਵਾ, ਸਮਗਰ ਸਿੱਖਿਆ ਨੂੰ ਲਾਗੂ ਕਰਨ ਲਈ ਫਰੇਮਵਰਕ ਦੇ ਪੈਰ੍ਹਾ 6.1.3(4) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਐਸ ਸੀ ਈ ਆਰ ਟੀ ਜ਼ਿਲਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ (ਡੀ ਆਈ ਈ ਟੀ) ਦੇ ਸਹਿਯੋਗ ਨਾਲ ਇਨ-ਸਰਵਿਸ[7] ਅਤੇ ਪ੍ਰੀ-ਸਰਵਿਸ[8] ਦੇ ਅਧਿਆਪਕਾਂ ਲਈ ਸਾਲਾਨਾ ਸਿਖਲਾਈ ਕੈਲੰਡਰ ਵਿਕਸਤ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਨੋਡਲ ਏਜੰਸੀ ਹੈ ਕਿ ਸਿਖਲਾਈ ਪ੍ਰੋਗਰਾਮ ਗੁਣਵੱਤਾ ਦੇ ਮਿਆਰਾਂ ਨਾਲ ਜੁੜੇ ਹੋਏ ਹਨ ਅਤੇ ਸਿਖਲਾਈ ਪ੍ਰਬੰਧਨ ਪ੍ਰਣਾਲੀ (ਟੀ ਐਮ ਐਸ) ਰਾਹੀਂ ਪ੍ਰਭਾਵਸ਼ਾਲੀ ਢੰਗ ਨਾਲ ਨਿਗਰਾਨੀ ਕੀਤੀ ਜਾਂਦੀ ਹੈ। ਐਸ ਸੀ ਈ ਆਰ ਟੀ ਨੂੰ ਵਰਕਸ਼ਾਪਾਂ, ਸੈਮੀਨਾਰਾਂ ਅਤੇ ਖੋਜ ਸਹਿਯੋਗਾਂ ਰਾਹੀਂ ਫੈਕਲਟੀ ਅਤੇ ਅਧਿਆਪਕਾਂ ਲਈ ਚੱਲ ਰਹੇ ਪੇਸ਼ੇਵਰ ਵਿਕਾਸ ਨੂੰ ਸੰਚਾਲਨ ਕਰਨ ਦੀ ਲੋੜ ਹੈ। ਐਸ ਸੀ ਈ ਆਰ ਟੀ ਨੂੰ ਖੋਜ ਪ੍ਰੋਜੈਕਟਾਂ ਦਾ ਸਮਰਥਨ ਕਰਨ ਲਈ ਵੀ ਲਾਜ਼ਮੀ ਕੀਤਾ ਗਿਆ ਹੈ ਜੋ ਵਿਦਿਅਕ ਨਤੀਜਿਆਂ ਨੂੰ ਬਿਹਤਰ ਬਣਾਉਣ ਤੇ ਧਿਆਨ ਕੇਂਦਰਿਤ ਕਰਦੇ ਹਨ । ਐਸ ਸੀ ਈ ਆਰ ਟੀ ਦੇ ਫੈਕਲਟੀ ਮੈਂਬਰਾਂ ਨੂੰ ਸੁਤੰਤਰ ਜਾਂ ਸਹਿਯੋਗੀ ਤੌਰ ਤੇ ਖੋਜ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਆਪਣੀਆਂ ਖੋਜਾਂ ਪੇਸ਼ ਕਰਨੀਆਂ ਚਾਹੀਦੀਆਂ ਹਨ।

### 3.7.2.1 ਐਸ ਸੀ ਈ ਆਰ ਟੀ ਦੁਆਰਾ ਲਾਜ਼ਮੀ ਕਰਤੱਵਾਂ/ਜ਼ਿੰਮੇਵਾਰੀਆਂ ਨੂੰ ਪੂਰਾ ਨਾ ਕਰਨਾ

ਲੇਖਾ ਪ੍ਰੀਖਿਆ ਨੇ ਦੇਖਿਆ ਕਿ (ਅਪ੍ਰੈਲ 2024) ਵਿੱਚ ਐਸ ਸੀ ਈ ਆਰ ਟੀ ਨੇ 2018-19 ਅਤੇ 2022-23 ਦੇ ਵਿਚਕਾਰ ਆਦੇਸ਼ ਦੇ ਬਾਵਜੂਦ ਪਾਠਕ੍ਰਮ ਵਿਕਾਸ, ਉਮਰ-ਮੁਤਾਬਕ ਸਿਲੇਬਸ ਡਿਜ਼ਾਈਨ, ਪੀ ਸੀ ਐਫ 2013 ਨਾਲ ਜੁੜੀ ਸਿੱਖਣ ਸਮੱਗਰੀ ਦੀ ਸਿਰਜਣਾ ਨਹੀਂ ਕੀਤੀ। ਜਦੋਂਕਿ ਐਸ ਸੀ ਈ ਆਰ ਟੀ ਨੇ ਪਾਠ ਪੁਸਤਕ ਸੋਧ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਦਾ ਦਾਅਵਾ ਕੀਤਾ ਸੀ, ਪਰ ਕਿਸੇ ਵੀ ਦਸਤਾਵੇਜ਼ੀ ਸਬੂਤ ਨੇ ਇਸ ਦਾਅਵੇ ਦਾ ਸਮਰਥਨ ਨਹੀਂ ਕੀਤਾ, ਕਿਉਂਕਿ ਪਾਠ ਪੁਸਤਕ ਦੀ ਛਪਾਈ ਅਤੇ ਸੋਧਾਂ ਪੰਜਾਬ ਸਕੂਲ ਸਿੱਖਿਆ ਬੋਰਡ (ਪੀ ਐਸ ਈ ਬੀ) ਦੁਆਰਾ ਕੀਤੀਆਂ ਗਈਆਂ ਸਨ। ਇਸ ਤੋਂ ਇਲਾਵਾ, ਐਸ ਸੀ ਈ ਆਰ ਟੀ ਨੇ ਵਿਦਿਆਰਥੀਆਂ ਦੀਆਂ ਸਿੱਖਣ ਦੀਆਂ ਪ੍ਰਾਪਤੀਆਂ ਦਾ ਮੁਲਾਂਕਣ ਪਹੁੰਚਣ ਅਤੇ ਮੁਲਾਂਕਣ ਕਰਨ ਲਈ ਕੋਈ ਪ੍ਰਣਾਲੀ ਸਥਾਪਤ ਨਹੀਂ ਕੀਤੀ।

ਵਿਭਾਗ ਨੇ ਆਪਣੀਆਂ ਲਾਜ਼ਮੀ ਕਰਤੱਵਾਂ ਨੂੰ ਨਭਾਉਣ ਵਿੱਚ ਅਸਫਲ ਰਹਿਣ ਦਾ ਕਾਰਨ ਸਟਾਫ ਦੀ ਘਾਟ ਨੂੰ ਦੱਸਿਆ (ਜਨਵਰੀ 2025)।

ਇਸ ਤਰ੍ਹਾਂ, ਐਸ ਸੀ ਈ ਆਰ ਟੀ ਦੁਆਰਾ ਆਪਣੇ ਮੁੱਖ ਕਰਤੱਵਾਂ ਨੂੰ ਪੂਰਾ ਨਾ ਕਰਨ ਨਾਲ ਪੰਜਾਬ ਵਿੱਚ ਸਿੱਖਿਆ ਦੀ ਗੁਣਵੱਤਾ, ਵਿਦਿਆਰਥੀਆਂ ਦੇ ਸਿੱਖਣ ਦੇ ਨਤੀਜੇ, ਅਧਿਆਪਕ ਸਿਖਲਾਈ ਅਤੇ ਸਮੁੱਚੇ ਵਿਦਿਅਕ ਵਿਕਾਸ ਤੇ ਅਸਰ ਪਵੇਗਾ।

7 ਇਨ-ਸਰਵਿਸ ਟ੍ਰੇਨਿੰਗ: ਸਿੱਖਿਆ ਵਿਭਾਗ ਵਿੱਚ ਕੰਮ ਕਰ ਰਹੇ ਅਧਿਆਪਕਾਂ ਦੀ ਸਿਖਲਾਈ।

8 ਪ੍ਰੀ-ਸਰਵਿਸ ਟ੍ਰੇਨਿੰਗ: ਡਿਪਲੋਮਾ ਇਨ ਐਲੀਮੈਂਟਰੀ ਐਜੂਕੇਸ਼ਨ ਵਰਗੇ ਕੋਰਸਾਂ ਰਾਹੀਂ ਅਧਿਆਪਕ ਦੀ ਤਿਆਰੀ।

### 3.7.2.2 ਐਸ ਸੀ ਈ ਆਰ ਟੀ ਅਤੇ ਡੀ ਆਈ ਈ ਟੀਜ਼ ਵਿਖੇ ਸਟਾਫ ਦੀ ਘਾਟ

ਭਾਰਤ ਸਰਕਾਰ ਦੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ (ਐਮ ਐਚ ਆਰ ਡੀ) ਨੇ ਐਸ ਸੀ ਈ ਆਰ ਟੀਜ਼ ਨੂੰ ਮਜ਼ਬੂਤ ਕਰਨ ਲਈ (ਅਪ੍ਰੈਲ 2018) ਦਿਸ਼ਾ ਨਿਰਦੇਸ਼ ਜਾਰੀ ਕੀਤੇ ਅਤੇ ਵੱਖ-ਵੱਖ ਰਾਜਾਂ ਵਿੱਚ ਆਬਾਦੀ ਦੇ ਆਕਾਰ ਦੇ ਅਨੁਸਾਰ ਪੂਰੇ ਭਾਰਤ ਵਿੱਚ ਇੱਕ ਸੰਗਠਨਾਤਮਕ ਢਾਂਚੇ ਦਾ ਪ੍ਰਸਤਾਵ ਦਿੱਤਾ। ਸਮਗਰ ਸਿੱਖਿਆ ਨੂੰ ਲਾਗੂ ਕਰਨ ਲਈ ਫਰੇਮਵਰਕ ਐਸ ਸੀ ਈ ਆਰ ਟੀ/ਡੀ ਆਈ ਈ ਟੀਜ਼ ਦੇ ਪੁਨਰਗਠਨ ਅਤੇ ਮਜ਼ਬੂਤੀ ਲਈ ਮਾਡਲ-I[9] ਸੰਗਠਨਾਤਮਕ ਢਾਂਚੇ ਨੂੰ ਲਾਗੂ ਕਰਨ ਨੂੰ ਨਿਰਧਾਰਤ ਕਰਦਾ ਹੈ।

ਐਸ ਸੀ ਈ ਆਰ ਟੀ ਲਈ ਪ੍ਰਸਤਾਵਿਤ ਢਾਂਚੇ ਵਿੱਚ 45 ਅਕਾਦਮਿਕ ਅਤੇ 21 ਗੈਰ-ਅਕਾਦਮਿਕ ਅਸਾਮੀਆਂ ਸ਼ਾਮਲ ਸਨ, ਜੋ ਪ੍ਰੀ-ਸਕੂਲ, ਪ੍ਰਾਇਮਰੀ, ਅਪਰ ਪ੍ਰਾਇਮਰੀ, ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਸਿੱਖਿਆ ਦੇ ਪੱਧਰਾਂ ਨੂੰ ਕਵਰ ਕਰਦੀਆਂ ਸਨ। ਇਸ ਵਿੱਚ ਪੰਜ ਪ੍ਰਮੁੱਖ ਡਿਵੀਜ਼ਨਾਂ ਸ਼ਾਮਲ ਸਨ, ਹਰੇਕ ਵਿੱਚ ਨਿਰਧਾਰਤ ਵਿਭਾਗ ਅਤੇ ਫੈਕਲਟੀ ਦੀਆਂ ਅਸਾਮੀਆਂ ਸਨ। ਇਸੇ ਤਰ੍ਹਾਂ ਪ੍ਰਸਤਾਵਿਤ ਡੀ ਆਈ ਈ ਟੀ ਢਾਂਚੇ ਵਿੱਚ 25 ਅਕਾਦਮਿਕ ਅਤੇ 24 ਗੈਰ-ਅਕਾਦਮਿਕ ਅਸਾਮੀਆਂ ਪ੍ਰਤੀ ਡੀ ਆਈ ਈ ਟੀ ਸ਼ਾਮਲ ਸਨ।

ਇਸ ਤੋਂ ਇਲਾਵਾ, ਦਿਸ਼ਾ-ਨਿਰਦੇਸ਼ਾਂ ਵਿੱਚ ਇਹ ਲਾਜ਼ਮੀ ਕੀਤਾ ਗਿਆ ਹੈ ਕਿ ਸਾਰੀਆਂ ਅਕਾਦਮਿਕ ਅਸਾਮੀਆਂ ਲਈ ਯੋਗਤਾਵਾਂ ਐਸ ਸੀ ਈ ਆਰ ਟੀਜ਼/ਡੀ ਆਈ ਈ ਟੀਜ਼ ਦੋਵਾਂ ਵਿੱਚ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ (ਐਨ ਸੀ ਟੀ ਈ) ਦੇ ਨਿਯਮਾਂ ਨਾਲ ਇਕਸਾਰ ਹੋਣੀ ਚਾਹੀਦੀ ਹੈ। ਰਾਜਾਂ ਨੂੰ ਉਨ੍ਹਾਂ ਦੀਆਂ ਵਿਸ਼ੇਸ਼ ਲੋੜਾਂ ਦੇ ਅਧਾਰ ਤੇ ਸਿਫਾਰਸ਼ ਕੀਤੀਆਂ ਅਕਾਦਮਿਕ ਅਸਾਮੀਆਂ ਨੂੰ ਅਪਣਾਉਣ ਵਿੱਚ ਲਚਕਤਾ ਦਿੱਤੀ ਗਈ ਸੀ, ਬਸ਼ਰਤੇ ਕਿ ਉਨ੍ਹਾਂ ਨੇ ਐਮ ਐਚ ਆਰ ਡੀ ਤੋਂ ਅਗਾਊਂ ਪ੍ਰਵਾਨਗੀ ਪ੍ਰਾਪਤ ਕੀਤੀ ਹੋਵੇ।

ਲੇਖਾ ਪ੍ਰੀਖਿਆ ਨੇ ਦੇਖਿਆ (ਨਵੰਬਰ 2023) ਕਿ ਐਮ ਐਚ ਆਰ ਡੀ ਦੁਆਰਾ ਨਿਰਧਾਰਤ ਸਗੰਠਨਾਤਮਕ ਢਾਂਚਾ ਪੰਜਾਬ ਵਿੱਚ ਲਾਗੂ ਨਹੀਂ ਕੀਤਾ ਗਿਆ ਸੀ। ਇਸ ਦੀ ਬਜਾਏ, ਜੂਨ 2021 ਵਿੱਚ, ਪੰਜਾਬ ਸਰਕਾਰ ਨੇ ਐਸ ਸੀ ਈ ਆਰ ਟੀ ਅਤੇ ਡੀ ਆਈ ਈ ਟੀਜ਼ ਲਈ ਇੱਕ ਸੋਧਿਆ ਹੋਇਆ ਸੰਗਠਨਾਤਮਕ ਢਾਂਚਾ ਨੋਟੀਫਾਈ ਕੀਤਾ ਜਿਸ ਵਿੱਚ ਘੱਟ ਪ੍ਰਵਾਨਿਤ ਅਕਾਦਮਿਕ ਅਤੇ ਗੈਰ-ਅਕਾਦਮਿਕ ਅਸਾਮੀਆਂ ਸਨ। ਇਹ ਸੋਧ ਐਮ ਐਚ ਆਰ ਡੀ ਤੋਂ ਅਗਾਊਂ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਕੀਤੀ ਗਈ ਸੀ, ਜਿਵੇਂ ਕਿ **ਅੰਤਿਕਾ** 3.1 ਅਤੇ **ਸਾਰਣੀ** 3.2 ਵਿੱਚ ਵੇਰਵਾ ਦਿੱਤਾ ਗਿਆ ਹੈ।

---

[9] **ਐਸ ਸੀ ਈ ਆਰ ਟੀਜ਼ ਲਈ**, ਮਾਡਲ-I ਉਨ੍ਹਾਂ ਰਾਜਾਂ ਲਈ ਹੈ ਜਿਨ੍ਹਾਂ ਦੀ ਆਬਾਦੀ 1 ਕਰੋੜ ਤੋਂ ਵੱਧ ਹੈ; ਅਤੇ **ਡੀ ਆਈ ਈ ਟੀਜ਼ ਲਈ**, ਮਾਡਲ-I ਉਨ੍ਹਾਂ ਰਾਜਾਂ ਲਈ ਹੈ ਜਿੱਥੇ ਡੀ ਆਈ ਈ ਟੀਜ਼ ਵਿੱਚ ਦਾਖਲੇ ਦੀ ਪ੍ਰਤੀਸ਼ਤਤਾ ਵੱਧ ਹੈ ਅਤੇ ਐਲੀਮੈਂਟਰੀ ਸਿੱਖਿਆ ਕੋਰਸਾਂ ਵਿੱਚ ਡਿਪਲੋਮਾ ਚਲਾਉਣ ਵਾਲੀਆਂ ਬਹੁਤ ਘੱਟ ਨਿੱਜੀ ਸੰਸਥਾਵਾਂ ਹਨ।

**ਸਾਰਣੀ 3.2: ਮਾਰਚ 2023 ਤੱਕ ਐਸ ਸੀ ਈ ਆਰ ਟੀ ਲਈ ਅਕਾਦਮਿਕ ਅਤੇ ਗੈਰ-ਅਕਾਦਮਿਕ ਅਸਾਮੀਆਂ ਦੀ ਸਥਿਤੀ**

| ਅਸਾਮੀ | ਐਮ ਐਚ ਆਰ ਡੀ ਅਨੁਸਾਰ ਅਸਾਮੀਆਂ | ਪੰਜਾਬ ਸਰਕਾਰ ਦੁਆਰਾ ਮਨਜ਼ੂਰਸ਼ੁਦਾ | 31.02.2023 ਨੂੰ ਤੈਨਾਤ ਨਫ਼ਰੀ (ਪੀ ਆਈ ਪੀ) | ਪੰਜਾਬ ਸਰਕਾਰ ਅਨੁਸਾਰ ਘਾਟ (*ਪ੍ਰਤੀਸ਼ਤ* ਵਿੱਚ) |
|---|---|---|---|---|
| ਅਕਾਦਮਿਕ | 45 | 36 | 10 | 72.22 |
| ਗੈਰ-ਅਕਾਦਮਿਕ | 21 | 6 | 6 | ਨਿੱਲ |

*ਸ੍ਰੋਤ: ਸਮਗਰ ਸਿੱਖਿਆ ਅਤੇ ਵਿਭਾਗੀ ਡਾਟਾ ਨੂੰ ਲਾਗੂ ਕਰਨ ਲਈ ਫਰੇਮਵਰਕ*

**ਸਾਰਣੀ** 3.2 ਦਰਸਾਉਂਦੀ ਹੈ ਕਿ ਮਾਰਚ 2023 ਤੱਕ, ਐਮ ਐਚ ਆਰ ਡੀ (ਭਾਰਤ ਸਰਕਾਰ) ਦੁਆਰਾ ਨਿਰਧਾਰਤ ਸੰਗਠਨਾਤਮਕ ਢਾਂਚੇ ਅਨੁਸਾਰ ਐਸ ਸੀ ਈ ਆਰ ਟੀ ਲਈ 45 ਅਕਾਦਮਿਕ ਅਸਾਮੀਆਂ ਅਤੇ 21 ਗੈਰ-ਅਕਾਦਮਿਕ ਅਸਾਮੀਆਂ ਦੇ ਮੁਕਾਬਲੇ, ਪੰਜਾਬ ਸਰਕਾਰ ਨੇ 36 ਅਕਾਦਮਿਕ ਅਸਾਮੀਆਂ ਅਤੇ 6 ਗੈਰ-ਅਕਾਦਮਿਕ ਅਸਾਮੀਆਂ ਦਾ ਇੱਕ ਵੱਖਰਾ ਫਰੇਮਵਰਕ ਅਧਿਸੂਚਿਤ ਕੀਤਾ (ਅਪ੍ਰੈਲ 2021)। ਪੰਜਾਬ ਸਰਕਾਰ ਦੇ ਮਾਪਦੰਡਾਂ ਅਨੁਸਾਰ ਵੀ ਅਕਾਦਮਿਕ ਅਸਾਮੀਆਂ ਵਿੱਚ 72 *ਪ੍ਰਤੀਸ਼ਤ* ਦੀ ਕਮੀ ਸੀ।

ਇਸ ਤੋਂ ਇਲਾਵਾ, ਐਮ ਐਚ ਆਰ ਡੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡੀ ਆਈ ਈ ਟੀਜ਼ ਲਈ 550 ਅਕਾਦਮਿਕ ਅਸਾਮੀਆਂ (22 ਡੀ ਆਈ ਈ ਟੀਜ਼ ਲਈ 25 ਪ੍ਰਤੀ ਡੀ ਆਈ ਈ ਟੀ) ਅਤੇ 528 ਗੈਰ-ਅਕਾਦਮਿਕ ਅਸਾਮੀਆਂ (22 ਡੀ ਆਈ ਈ ਟੀਜ਼ ਲਈ 24 ਡੀ ਆਈ ਈ ਟੀ) ਨੂੰ ਮਨਜ਼ੂਰੀ ਦਿੱਤੀ ਜਾਣੀ ਸੀ। ਹਾਲਾਂਕਿ, ਪੰਜਾਬ ਸਰਕਾਰ ਨੇ ਨੋਟੀਫਿਕੇਸ਼ਨ ਰਾਹੀਂ 324 ਅਕਾਦਮਿਕ ਅਤੇ 44 ਗੈਰ-ਅਕਾਦਮਿਕ ਅਸਾਮੀਆਂ ਨੂੰ ਮਨਜ਼ੂਰੀ ਦਿੱਤੀ ਹੈ, ਜਿਵੇਂ ਕਿ **ਅੰਤਿਕਾ** 3.2 ਅਤੇ **ਸਾਰਣੀ** 3.3 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 3.3: ਮਾਰਚ 2023 ਤੱਕ ਡੀ ਆਈ ਈ ਟੀਜ਼ ਵਿੱਚ ਅਕਾਦਮਿਕ ਅਤੇ ਗੈਰ-ਅਕਾਦਮਿਕ ਸਟਾਫ ਦੀ ਸਥਿਤੀ**

| ਅਸਾਮੀ | ਐਮ ਐਚ ਆਰ ਡੀ ਅਨੁਸਾਰ ਅਸਾਮੀ | ਪੰਜਾਬ ਸਰਕਾਰ ਦੁਆਰਾ ਮਨਜ਼ੂਰਸ਼ੁਦਾ | 31.03.2023 ਨੂੰ ਤੈਨਾਤ ਨਫ਼ਰੀ (ਪੀ ਆਈ ਪੀ) | ਪੰਜਾਬ ਸਰਕਾਰ ਅਨੁਸਾਰ ਘਾਟ (*ਪ੍ਰਤੀਸ਼ਤ* ਵਿੱਚ) |
|---|---|---|---|---|
| ਅਕਾਦਮਿਕ | 550 | 324[10] | 39[11] | 87.96 |
| ਗੈਰ-ਅਕਾਦਮਿਕ | 528 | 44 | 17 | 61.36 |

*ਸ੍ਰੋਤ: ਸਮਗਰ ਸਿੱਖਿਆ ਅਤੇ ਵਿਭਾਗੀ ਡਾਟਾ ਨੂੰ ਲਾਗੂ ਕਰਨ ਲਈ ਫਰੇਮਵਰਕ*

**ਸਾਰਣੀ** 3.3 ਦਰਸਾਉਂਦੀ ਹੈ ਕਿ ਮਾਰਚ 2023 ਤੱਕ, ਪੰਜਾਬ ਸਰਕਾਰ ਮਾਪਦੰਡਾਂ ਅਨੁਸਾਰ ਅਕਾਦਮਿਕ ਅਸਾਮੀਆਂ ਲਈ 88 *ਪ੍ਰਤੀਸ਼ਤ* ਅਤੇ ਗੈਰ-ਅਕਾਦਮਿਕ ਅਸਾਮੀਆਂ ਲਈ 61 *ਪ੍ਰਤੀਸ਼ਤ* ਦੀ ਘਾਟ ਸੀ।

---

[10] 22 ਪ੍ਰਿੰਸੀਪਲ, 132 ਲੈਕਚਰਾਰ, 148 ਸਲਾਹਕਾਰ ਅਤੇ 22 ਸਹਾਇਕ ਸਲਾਹਕਾਰ।

[11] ਪ੍ਰਿੰਸੀਪਲ ਅਤੇ ਹੋਰ।

ਸਟਾਫ ਦੀ ਭਾਰੀ ਕਮੀ ਦੇ ਨਾਲ-ਨਾਲ ਵਿਸ਼ੇਸ਼ ਤੌਰ ਤੇ ਅਕਾਦਮਿਕ ਸਟਾਫ ਲਈ ਐਮ ਐਚ ਆਰ ਡੀ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਨਾ ਕਰਨ ਨਾਲ ਸਮਗਰ ਸਿੱਖਿਆ ਨੂੰ ਲਾਗੂ ਕਰਨ ਲਈ ਫਰੇਮਵਰਕ ਦੇ ਅਨੁਸਾਰ ਐਸ ਸੀ ਈ ਆਰ ਟੀ/ਡੀ ਆਈ ਈ ਟੀਜ਼ ਦੇ ਕੰਮਕਾਜ ਤੇ ਮਾੜਾ ਅਸਰ ਪਿਆ, ਜਿਵੇਂ ਕਿ ਰਿਪੋਰਟ ਵਿੱਚ ਚਰਚਾ ਕੀਤੀ ਗਈ ਹੈ।

ਐਸ ਸੀ ਈ ਆਰ ਟੀ ਨੇ ਕਿਹਾ (ਜਨਵਰੀ 2025) ਕਿ ਸਮਗਰ ਸਿੱਖਿਆ ਦੇ ਸੰਗਠਨਾਤਮਕ ਫਰੇਮਵਰਕ ਅਨੁਸਾਰ ਐਸ ਸੀ ਈ ਆਰ ਟੀ ਅਤੇ ਡੀ ਆਈ ਈ ਟੀਜ਼ ਦੇ ਪੁਨਰਗਠਨ ਦਾ ਪ੍ਰਸਤਾਵ ਰਾਜ ਸਰਕਾਰ ਦੇ ਸਰਗਰਮ ਵਿਚਾਰ ਅਧੀਨ ਹੈ।

### 3.7.2.3 ਐਸ ਸੀ ਈ ਆਰ ਟੀ ਦੁਆਰਾ ਵੱਖ-ਵੱਖ ਕਮੇਟੀਆਂ ਦਾ ਗਠਨ

ਐਸ ਸੀ ਈ ਆਰ ਟੀ ਨੂੰ ਮਜ਼ਬੂਤ ਕਰਨ ਅਤੇ ਪੁਨਰਗਠਨ ਦੇ ਮੱਦੇਨਜ਼ਰ, ਰਾਜ ਸਿੱਖਿਆ ਵਿਭਾਗ ਦੁਆਰਾ ਵੱਖ-ਵੱਖ ਕਮੇਟੀਆਂ ਦਾ ਪੁਨਰਗਠਨ/ਪੁਨਰਨਿਰਮਾਣ[12] ਕੀਤਾ ਜਾਣਾ ਸੀ; ਇਸ ਦੀ ਸਥਿਤੀ ਹੇਠ ਲਿਖੇ ਅਨੁਸਾਰ ਸੀ:

- ਐਸ ਸੀ ਈ ਆਰ ਟੀ ਦੇ ਸਾਰੇ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਦੀ ਨਿਗਰਾਨੀ ਕਰਨ, ਡੀ ਆਈ ਈ ਟੀਜ਼ ਵਿਚਕਾਰ ਨਵੀਨਤਾ ਅਤੇ ਤਾਲਮੇਲ ਨੂੰ ਉਤਸ਼ਾਹਤ ਕਰਨ ਆਦਿ ਲਈ ਲਾਜ਼ਮੀ ਪ੍ਰੋਗਰਾਮ ਸਲਾਹਕਾਰ ਕਮੇਟੀ ਦਾ ਗਠਨ ਲੇਖਾ ਪ੍ਰੀਖਿਆ ਅਧੀਨ ਕਵਰ ਕੀਤੇ ਸਮੇਂ ਦੌਰਾਨ ਨਹੀਂ ਕੀਤਾ ਗਿਆ ਸੀ।

- ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੰਸਥਾ ਦੇ ਖੋਜ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਦਾ ਮਾਰਗ ਦਰਸ਼ਨ, ਸਮੀਖਿਆ ਅਤੇ ਪ੍ਰਵਾਨਗੀ ਦੇਣ, ਨਵੀਨਤਾਕਾਰੀ ਖੋਜ ਨੂੰ ਉਤਸ਼ਾਹਤ ਕਰਨ, ਸਹਿਯੋਗੀ ਖੋਜ ਪ੍ਰੋਜੈਕਟਾਂ ਲਈ ਸੰਸਥਾਵਾਂ ਵਿਚਕਾਰ ਤਾਲਮੇਲ ਅਤੇ ਖੋਜ ਕਰਨ ਲਈ ਡੀ ਆਈ ਈ ਟੀਜ਼ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਖੋਜ ਕਮੇਟੀ ਦਾ ਗਠਨ ਕੀਤਾ ਜਾਣਾ ਸੀ। ਹਾਲਾਂਕਿ, ਇਹ ਦੇਖਿਆ ਗਿਆ ਕਿ ਭਾਵੇਂ ਇੱਕ ਖੋਜ ਸਲਾਹਕਾਰ ਕਮੇਟੀ[13] (ਦਸੰਬਰ 2024) ਦਾ ਗਠਨ ਕੀਤਾ ਗਿਆ ਸੀ, ਪਰ ਲੇਖਾ ਪ੍ਰੀਖਿਆ ਅਧੀਨ ਕਵਰ ਕੀਤੀ ਮਿਆਦ ਦੌਰਾਨ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਲੋੜੀਂਦੀ ਵਿਦਿਅਕ ਖੋਜ ਅਤੇ ਨਵੀਨਤਾ ਕਮੇਟੀ ਦਾ ਗਠਨ ਨਹੀਂ ਕੀਤਾ ਗਿਆ ਸੀ।

ਇਸ ਤੋਂ ਇਲਾਵਾ, ਖੋਜ ਸਲਾਹਕਾਰ ਕਮੇਟੀ ਦੁਆਰਾ ਹਰ ਸਾਲ ਦੋ ਮੀਟਿੰਗਾਂ ਕਰਨ ਦੀ ਲੋੜ ਦੇ ਮੁਕਾਬਲੇ, ਸਾਲ 2018-19 ਤੋਂ 2022-23 ਦੇ ਪੰਜ ਸਾਲਾਂ ਦੀ ਮਿਆਦ ਦੌਰਾਨ ਸਾਲ 2018-19 ਅਤੇ 2021-22 ਵਿੱਚ ਸਿਰਫ ਇੱਕ ਇੱਕ ਮੀਟਿੰਗ ਕੀਤੀ ਗਈ ਸੀ।

12 ਸਮਗਰ ਸਿੱਖਿਆ ਨੂੰ ਲਾਗੂ ਕਰਨ ਲਈ ਫਰੇਮਵਰਕ ਦੇ ਪੈਰ੍ਹਾ 6.1.4 (16) ਅਨੁਸਾਰ।

13 ਕਮੇਟੀ ਦਾ ਮਨੋਨੀਤ ਨਾਮ 'ਰਿਸਰਚ ਕਮੇਟੀ' ਹੈ। ਹਾਲਾਂਕਿ, ਐਸ ਸੀ ਈ ਆਰ ਟੀ ਨੇ ਇਸ ਦਾ ਗਠਨ 'ਰਿਸਰਚ ਐਡਵਾਈਜ਼ਰੀ ਕਮੇਟੀ' ਦੇ ਨਾਮ ਹੇਠ ਗਠਿਤ ਕੀਤਾ ਸੀ ਜਿਸ ਵਿੱਚ 13 ਮੈਂਬਰ ਸ਼ਾਮਲ ਸਨ।

ਐਸ ਸੀ ਈ ਆਰ ਟੀ ਕੋਲ ਫੰਡਾਂ[14] ਦੀ ਉਪਲਬਧਤਾ ਦੇ ਬਾਵਜੂਦ ਲੋੜੀਂਦੀਆਂ ਕਮੇਟੀਆਂ ਦੇ ਗੈਰ ਗਠਨ ਅਤੇ ਅਪ੍ਰਭਾਵੀ ਕੰਮਕਾਜ ਦੇ ਨਤੀਜੇ ਵਜੋਂ ਰਣਨੀਤਕ ਦਿਸ਼ਾ ਅਤੇ ਨਿਗਰਾਨੀ ਦੀ ਘਾਟ ਦੇ ਨਾਲ-ਨਾਲ ਵਿਦਿਅਕ ਸੰਸਥਾਵਾਂ ਦਰਮਿਆਨ ਨਵੀਨਤਾ ਅਤੇ ਸਹਿਯੋਗ ਤੇ ਵੀ ਅਸਰ ਪਿਆ।

ਐਸ ਸੀ ਈ ਆਰ ਟੀ ਨੇ (ਅਪ੍ਰੈਲ 2024) ਲੋੜੀਂਦੀਆਂ ਕਮੇਟੀਆਂ ਦਾ ਗਠਨ ਨਾ ਕਰਨ ਦੇ ਕਾਰਨਾਂ ਲਈ ਸਟਾਫ ਦੀ ਘਾਟ, ਕੋਵਿਡ-19 ਦੀ ਮਹਾਂਮਾਰੀ ਦੇ ਪ੍ਰਭਾਵ ਆਦਿ ਨੂੰ ਜ਼ਿੰਮੇਵਾਰੀ ਠਹਿਰਾਇਆ। ਇਸ ਤੋਂ ਬਾਅਦ, ਵਿਭਾਗ ਨੇ ਸੂਚਿਤ ਕੀਤਾ (ਜਨਵਰੀ 2025) ਕਿ ਪ੍ਰੋਗਰਾਮ ਸਲਾਹਕਾਰ ਕਮੇਟੀ ਦਾ ਗਠਨ ਕੀਤਾ ਗਿਆ ਹੈ।

### 3.7.3 ਟਿੱਕੇ ਰਹਿਣ ਦੀਆਂ ਦਰਾਂ

ਆਰ ਟੀ ਈ ਐਕਟ ਦੀ ਧਾਰਾ 3(1) ਦੇ ਅਨੁਸਾਰ, ਛੇ ਤੋਂ ਚੌਦਾਂ ਸਾਲ ਦੀ ਉਮਰ ਦੇ ਹਰੇਕ ਬੱਚੇ ਨੂੰ ਮੁੱਢਲੀ ਸਿੱਖਿਆ ਪੂਰੀ ਹੋਣ ਤੱਕ ਨੇੜਲੇ ਸਕੂਲ ਵਿੱਚ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਹੋਵੇਗਾ। ਇਸ ਤੋਂ ਇਲਾਵਾ, ਆਰ ਟੀ ਈ ਐਕਟ ਦੀ ਧਾਰਾ 8(ਐਫ) ਅਤੇ ਧਾਰਾ 9(ਈ) ਦੇ ਅਨੁਸਾਰ, ਉਚਿਤ ਸਰਕਾਰੀ ਅਤੇ ਸਥਾਨਕ ਅਥਾਰਟੀਆਂ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਹਰੇਕ ਬੱਚੇ ਨੂੰ ਨਾ ਸਿਰਫ ਦਾਖਲਾ ਦਿੱਤਾ ਜਾਵੇ ਬਲਕਿ ਉਹ ਮੁੱਢਲੀ ਸਿੱਖਿਆ ਵੀ ਪੂਰੀ ਕਰੇ। ਇਹ ਆਦੇਸ਼ ਹਾਜ਼ਰੀ ਦੀ ਨਿਰੰਤਰ ਨਿਗਰਾਨੀ ਅਤੇ ਸਿੱਖਿਆ ਨੂੰ ਪੂਰਾ ਕਰਨ ਦੀ ਮਹੱਤਤਾ ਤੇ ਜ਼ੋਰ ਦਿੰਦਾ ਹੈ।

ਵਿਭਾਗੀ ਮੁਲਾਂਕਣ/ਸਾਲਾਨਾ ਰਿਪੋਰਟਾਂ ਅਤੇ ਸਾਲ 2018-19 ਤੋਂ 2022-23 ਲਈ ਵਿਭਾਗ ਤੋਂ ਪ੍ਰਾਪਤ ਲੋੜੀਂਦੀ ਜਾਣਕਾਰੀ ਵਿੱਚ ਦਰਸਾਏ ਅਨੁਸਾਰ ਸਕੂਲਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਵਿੱਚ ਟਿਕੇ ਰਹਿਣ ਦੀਆਂ ਦਰਾਂ ਦਾ ਵਿਸ਼ਲੇਸ਼ਣ (ਸਤੰਬਰ 2023) **ਸਾਰਣੀ** 3.4 ਵਿੱਚ ਵਿਸਥਾਰ ਨਾਲ ਦਿੱਤਾ ਗਿਆ ਹੈ।

**ਸਾਰਣੀ 3.4: 2018-2023 ਦੀ ਮਿਆਦ ਦੌਰਾਨ ਸਕੂਲਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਵਿੱਚ ਟਿਕੇ ਰਹਿਣ ਦੀਆਂ ਦਰਾਂ**

*(ਪ੍ਰਤੀਸ਼ਤ ਵਿੱਚ)*

| ਸਾਲ | ਪ੍ਰਾਇਮਰੀ | ਐਲੀਮੈਂਟਰੀ | ਸੈਕੰਡਰੀ | ਹਾਇਰ ਸੈਕੰਡਰੀ |
|---|---|---|---|---|
| 2018-19 | 89.19 | 81.31 | 77.11 | 105.84 |
| 2019-20 | 91.21 | 94.84 | 85.72 | 91.13 |
| 2020-21 | 97.95 | 97.18 | 89.91 | 69.06 |
| 2021-22 | 101.55 | 86.86 | 77.69 | 63.81 |
| 2022-23 | 101.07 | 86.19 | 78.02 | 66.24 |

*ਸ੍ਰੋਤ: ਵਿਭਾਗੀ ਡਾਟਾ*

*ਨੋਟ: ਗਣਨਾ ਸਮੁੱਚੇ ਦਾਖਲੇ ਦੇ ਅਧਾਰ ਤੇ ਕੀਤੀ ਗਈ ਸੀ ਭਾਵੇਂ ਉਸੇ ਸਾਲ ਦੌਰਾਨ ਗ੍ਰੇਡ ਪੰਜ ਵਿੱਚ ਨਵੇਂ ਦਾਖਲ ਹੋਏ। ਇਸ ਦੀ ਗਣਨਾ ਫਾਰਮੂਲੇ ਦੀ ਵਰਤੋਂ ਨਾਲ ਕੀਤੀ ਜਾਂਦੀ ਹੈ;*

*(ਸਾਲ ਟੀ+4 ਵਿੱਚ ਗ੍ਰੇਡ 5 ਵਿੱਚ ਕੁੱਲ ਦਾਖਲਾ/ਸਾਲ ਟੀ ਵਿੱਚ ਗ੍ਰੇਡ 1 ਵਿੱਚ ਕੁੱਲ ਦਾਖਲਾ) × 100*

---

14 ਪੀ ਏ ਸੀ ਲਈ ₹ 95.00 ਲੱਖ ਦੀ ਉਪਲਬਧਤਾ ਦੇ ਮੁਕਾਬਲੇ, 2018-2023 ਦੌਰਾਨ ਐਸ ਸੀ ਈ ਆਰ ਟੀ ਕੋਲ ₹ 89.38 ਲੱਖ ਦੇ ਫੰਡਾਂ ਦੀ ਵਰਤੋਂ ਨਹੀਂ ਕੀਤੀ ਗਈ। ਇਸੇ ਤਰ੍ਹਾਂ, ਆਰ ਏ ਸੀ ਲਈ ₹ 54.00 ਲੱਖ ਦੀ ਉਪਲਬਧਤਾ ਦੇ ਮੁਕਾਬਲੇ 2018-2023 ਦੌਰਾਨ ਐਸ ਸੀ ਈ ਆਰ ਟੀ ਕੋਲ ₹ 53.68 ਲੱਖ ਦੇ ਫੰਡਾਂ ਦੀ ਅਣਵਰਤੇ ਰਹਿ ਗਏ।

**ਸਾਰਣੀ** 3.4 ਦਰਸਾਉਂਦੀ ਹੈ ਕਿ ਹਾਲਾਂਕਿ ਕੁੱਝ ਵਿਦਿਅਕ ਪੱਧਰਾਂ 'ਤੇ ਟਿਕੇ ਰਹਿਣ ਦੀ ਦਰਾਂ ਵਿੱਚ ਸੁਧਾਰ ਹੋਇਆ ਹੈ, ਪਰ ਅਸਮਾਨਤਾਵਾਂ ਜਾਰੀ ਰਹੀਆਂ। ਐਲੀਮੈਂਟਰੀ ਅਤੇ ਸੈਕੰਡਰੀ ਪੱਧਰਾਂ 'ਤੇ ਦਰਾਂ, ਕ੍ਰਮਵਾਰ 81 *ਪ੍ਰਤੀਸ਼ਤ* ਅਤੇ 97 *ਪ੍ਰਤੀਸ਼ਤ,* ਅਤੇ 77 *ਪ੍ਰਤੀਸ਼ਤ* ਅਤੇ 90 *ਪ੍ਰਤੀਸ਼ਤ* ਦੇ ਵਿਚਕਾਰ ਉਤਰਾਅ-ਚੜ੍ਹਾਅ ਕਰਦੀਆਂ ਰਹੀਆਂ। ਜ਼ਿਕਰਯੋਗ ਹੈ ਕਿ ਉੱਚ ਸੈਕੰਡਰੀ ਪੱਧਰ ਤੇ ਇਸ ਵਿੱਚ ਮਹੱਤਵਪੂਰਨ ਗਿਰਾਵਟ ਆਈ ਹੈ ਅਤੇ ਟਿਕਣ ਦੀ ਦਰ 2018-19 ਵਿੱਚ 106 *ਪ੍ਰਤੀਸ਼ਤ* ਤੋਂ ਘੱਟ ਕੇ 2022-23 ਵਿੱਚ 66 *ਪ੍ਰਤੀਸ਼ਤ* ਰਹਿ ਗਈ ਹੈ। ਇਹ ਗਿਰਾਵਟ ਸਿੱਖਿਆ ਦੇ ਸਾਰੇ ਪੱਧਰਾਂ ਵਿੱਚ ਵਿਦਿਆਰਥੀਆਂ ਦੇ ਟਿਕੇ ਰਹਿਣ ਨੂੰ ਵਧਾਉਣ ਲਈ ਵਿਆਪਕ ਰਣਨੀਤੀਆਂ ਦੀ ਲੋੜ ਨੂੰ ਦਰਸਾਉਂਦੀ ਹੈ। ਇਸ ਤੋਂ ਇਲਾਵਾ, ਵਿਭਾਗ ਕੋਲ ਟਿਕੇ ਰੱਖਣ ਦੀਆਂ ਦਰਾਂ ਵਿੱਚ ਗਿਰਾਵਟ ਦੇ ਕਾਰਨਾਂ ਦਾ ਵਿਸ਼ਲੇਸ਼ਣ ਕਰਨ ਲਈ ਵਿਧੀ ਦੀ ਘਾਟ ਸੀ।

ਵਿਭਾਗ ਨੇ ਨਾਜ਼ੁਕ ਮੁੱਦਿਆਂ ਜਿਵੇਂ ਕਿ ਦਾਖਲਾ, ਟਿੱਕੇ ਰਹਿਣ, ਪ੍ਰਾਪਤੀ, ਲਿੰਗ ਸਮਾਨਤਾ, ਮੁਹਾਰਤ, ਸਕੂਲ ਛੱਡਣ ਆਦਿ ਤੇ ਵਿਦਿਅਕ ਖੋਜ ਦੀ ਘਾਟ ਲਈ ਮਾਹਰ ਸਟਾਫ ਦੀ ਕਮੀ ਨੂੰ ਜ਼ਿੰਮੇਵਾਰ ਠਹਿਰਾਇਆ (ਜਨਵਰੀ 2025)।

ਇਸ ਤਰ੍ਹਾਂ, ਖੋਜ ਦੀ ਘਾਟ, ਘਟਦੀ ਟਿਕੇ ਰਹਿਣ ਦੀ ਦਰਾਂ ਨੂੰ ਹੱਲ ਕਰਨ ਲਈ ਪ੍ਰਭਾਵਸ਼ਾਲੀ ਰਣਨੀਤੀਆਂ ਦੇ ਵਿਕਾਸ ਵਿੱਚ ਰੁਕਾਵਟ ਪਾਉਂਦਾ ਹੈ, ਜਿਸ ਨਾਲ ਸਕੂਲ ਛੱਡਣ ਦੀ ਦਰ ਵਿੱਚ ਵਾਧਾ ਹੋਣ ਦੀਆਂ ਸੰਭਾਵਨਾ ਹੈ, ਖਾਸ ਕਰਕੇ ਸੈਕੰਡਰੀ ਅਤੇ ਉੱਚ ਸੈਕੰਡਰੀ ਪੱਧਰਾਂ ਤੇ ਸਿੱਟੇ ਵਜੋਂ ਵਿਦਿਆਰਥੀਆਂ ਨੂੰ ਘੱਟ ਵਿਦਿਅਕ ਮੌਕਿਆਂ, ਉੱਚ ਸਿੱਖਿਆ ਤੱਕ ਸੀਮਤ ਪਹੁੰਚ ਅਤੇ ਉਨ੍ਹਾਂ ਦੇ ਭਵਿੱਖ ਦੇ ਰੁਜ਼ਗਾਰ ਦੀਆਂ ਸੰਭਾਵਨਾਵਾਂ ਤੇ ਮਾੜੇ ਪ੍ਰਭਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

## 3.7.4 ਅਧਿਆਪਕ ਸਿਖਲਾਈ

### 3.7.4.1 ਇਨ-ਸਰਵਿਸ ਸਾਲਾਨਾ ਸਿਖਲਾਈ ਕੈਲੰਡਰ ਤਿਆਰ ਨਾ ਕਰਨਾ

ਸਮਗਰ ਸਿੱਖਿਆ ਨੂੰ ਲਾਗੂ ਕਰਨ ਲਈ ਫਰੇਮਵਰਕ ਦੇ ਪੈਰ੍ਹਾ 6.5.3 ਵਿੱਚ ਮਿਆਰੀ ਸਿਖਲਾਈ ਪ੍ਰੋਗਰਾਮਾਂ ਦੀ ਡਿਲੀਵਰੀ ਨੂੰ ਯਕੀਨੀ ਬਣਾਉਣ ਲਈ ਐਲੀਮੈਂਟਰੀ ਅਤੇ ਸੈਕੰਡਰੀ ਅਧਿਆਪਕਾਂ ਦੀ ਸਿਖਲਾਈ ਲਈ ਐਸ ਸੀ ਈ ਆਰ ਟੀ ਦੁਆਰਾ ਇੱਕ ਏਕੀਕ੍ਰਿਤ ਸਾਲਾਨਾ ਇਨ-ਸਰਵਿਸ ਅਧਿਆਪਕ ਸਿਖਲਾਈ ਕੈਲੰਡਰ ਤਿਆਰ ਕਰਨ ਦਾ ਪ੍ਰਬੰਧ ਹੈ। ਇਸ ਤੋਂ ਇਲਾਵਾ, ਦਿਸ਼ਾ-ਨਿਰਦੇਸ਼ ਦੇ ਪੈਰ੍ਹਾ 6.1.4 (7) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਹਰੇਕ ਜ਼ਿਲ੍ਹੇ ਵਿੱਚ ਇੱਕ ਸਿਖਲਾਈ ਪ੍ਰਬੰਧਨ ਪ੍ਰਣਾਲੀ (ਟੀ ਐਮ ਐਸ) ਹੋਣੀ ਚਾਹੀਦੀ ਹੈ ਅਤੇ ਅਧਿਆਪਕਾਂ ਲਈ ਇੱਕ ਪੇਸ਼ੇਵਰ ਵਿਕਾਸ ਰਿਕਾਰਡ ਰੱਖਣਾ ਜ਼ਰੂਰੀ ਹੈ। ਇਹ ਕਲੱਸਟਰ, ਬਲਾਕ, ਜ਼ਿਲ੍ਹਾ ਅਤੇ ਰਾਜ ਪੱਧਰਾਂ 'ਤੇ ਵੱਖ-ਵੱਖ ਪੇਸ਼ੇਵਰ ਵਿਕਾਸ ਗਤੀਵਿਧੀਆਂ ਨੂੰ ਮਜ਼ਬੂਤ ਕਰਨ ਅਤੇ ਟਰੈਕ ਕਰਨ ਲਈ ਜ਼ਰੂਰੀ ਹੈ, ਜਿਨ੍ਹਾਂ ਸਾਰਿਆਂ ਦਾ ਉਦੇਸ਼ ਅਧਿਆਪਕ ਸਿਖਲਾਈ ਨੂੰ ਵਧਾਉਣਾ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ (ਅਪ੍ਰੈਲ 2024) ਕਿ ਹਾਲਾਂਕਿ ਅਧਿਆਪਕਾਂ ਨੂੰ ਵੱਖ-ਵੱਖ ਸਿਖਲਾਈਆਂ ਦਿੱਤੀਆਂ ਜਾ ਰਹੀਆਂ ਸਨ, ਐਸ ਸੀ ਈ ਆਰ ਟੀ ਨੇ 2018-19 ਤੋਂ 2022-23 ਦੀ ਮਿਆਦ ਦੌਰਾਨ ਇਨ-ਸਰਵਿਸ ਅਧਿਆਪਕਾਂ ਲਈ ਲੋੜੀਂਦਾ ਸਾਲਾਨਾ ਸਿਖਲਾਈ ਕੈਲੰਡਰ ਤਿਆਰ ਨਹੀਂ

ਕੀਤਾ। ਅੱਗੇ ਇਹ ਦੇਖਿਆ ਗਿਆ ਸੀ ਕਿ ਨਾ ਤਾਂ ਟੀ ਐਮ ਐਸ ਵਿਕਸਤ ਕੀਤਾ ਗਿਆ ਸੀ ਅਤੇ ਨਾ ਹੀ ਐਸ ਸੀ ਈ ਆਰ ਟੀ/ਡੀ ਆਈ ਈ ਟੀਜ਼ ਵਿਖੇ ਸਿਖਲਾਈ ਰਿਕਾਰਡ ਰੱਖੇ ਗਏ ਸਨ।

ਵਿਭਾਗ ਨੇ ਕਿਹਾ (ਜਨਵਰੀ 2025) ਕਿ ਪੀ ਏ ਬੀ ਅਧੀਨ ਪ੍ਰਵਾਨਿਤ ਫੰਡਾਂ ਦੇ ਅਧਾਰ ਤੇ ਸਾਲਾਨਾ ਸਿਖਲਾਈ ਕੈਲੰਡਰ ਤਿਆਰ ਕੀਤਾ ਗਿਆ ਸੀ ਅਤੇ ਭਰੋਸਾ ਦਿੱਤਾ ਕਿ ਇਸ ਦੇ ਰਿਕਾਰਡ ਹੁਣ ਤੋਂ ਬਾਅਦ ਰੱਖੇ ਜਾਣਗੇ। ਇਹ ਵੀ ਕਿਹਾ ਗਿਆ ਸੀ ਕਿ ਟੀ ਐਮ ਐਸ ਨੂੰ ਲਾਗੂ ਨਾ ਕਰਨ ਦੇ ਬਾਵਜੂਦ, ਅਧਿਆਪਕ ਸਿਖਲਾਈ ਦੀ ਗੁਣਵੱਤਾ ਨਾਲ ਸਮਝੌਤਾ ਨਹੀਂ ਕੀਤਾ ਗਿਆ ਸੀ, ਕਿਉਂਕਿ ਇਨ-ਸਰਵਿਸ ਅਧਿਆਪਕਾਂ ਦੀ ਸਿਖਲਾਈ ਰਾਜ, ਜ਼ਿਲ੍ਹਾ ਅਤੇ ਬਲਾਕ ਪੱਧਰ ਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਜਾ ਰਹੀ ਸੀ।

ਵਿਭਾਗ ਦਾ ਜਵਾਬ ਸਕੀਮ ਦੇ ਉਪਰੋਕਤ ਦਿਸ਼ਾ-ਨਿਰਦੇਸ਼ ਦੇ ਅਨੁਕੂਲ ਨਹੀਂ ਸੀ। ਦਸਤਾਵੇਜੀ ਸਿਖਲਾਈ ਕੈਲੰਡਰ ਦੀ ਘਾਟ ਰਾਜ ਭਰ ਵਿੱਚ ਅਧਿਆਪਕ ਸਿਖਲਾਈ ਪ੍ਰੋਗਰਾਮਾਂ ਦੀ ਯੋਜਲਾਬੱਧ ਯੋਜਨਾਬੰਦੀ ਅਤੇ ਤਾਲਮੇਲ ਨੂੰ ਕਮਜ਼ੋਰ ਕਰਦੀ ਹੈ। ਇਸ ਤੋਂ ਇਲਾਵਾ, ਇੱਕ ਕਾਰਜਸ਼ੀਲ ਟੀ ਐਸ ਐਸ ਅਤੇ ਪੇਸ਼ੇਵਰ ਵਿਕਾਸ ਰਿਕਾਰਡਾਂ ਦੀ ਸਹੀ ਦੇਖਭਾਲ ਦੀ ਅਣਹੋਂਦ ਵਿੱਚ, ਇਨਾ ਸਿਖਲਾਈ ਪ੍ਰੋਗਰਾਮਾਂ ਦੀ ਨਿਗਰਾਨੀ, ਮੁਲਾਂਕਣ ਅਤੇ ਪ੍ਰਭਾਵਸ਼ੀਲਤਾ ਵਿੱਚ ਸੁਧਾਰ ਕਰਨਾ ਚੁਣੌਤੀਪੂਰਨ ਹੈ।

ਇਸ ਤਰ੍ਹਾਂ, ਫੰਡਾਂ[15] ਦੀ ਉਪਲਬਧਤਾ ਦੇ ਬਾਵਜੂਦ ਉਪਰੋਕਤ ਜ਼ਰੂਰੀ ਸਾਧਨਾਂ ਨੂੰ ਲਾਗੂ ਕਰਨ ਵਿੱਚ ਅਸਮਰਥਾ ਅਧਿਆਪਕ ਸਿਖਲਾਈ ਪ੍ਰੋਗਰਾਮਾਂ ਦੀ ਪ੍ਰਭਾਵਸ਼ੀਲਤਾ ਨਾਲ ਸਮਝੌਤਾ ਕਰਦੀ ਹੈ, ਸ੍ਰੋਤਾਂ ਦੀ ਅਕੁਸ਼ਲ ਵਰਤੋਂ ਵੱਲ ਲੈ ਜਾਂਦੀ ਹੈ, ਅਤੇ ਸਿੱਖਿਅਕਾਂ ਦੀ ਸਹਾਇਤਾ ਅਤੇ ਵਿਕਾਸ ਕਰਨ ਦੀ ਐਸ ਸੀ ਈ ਆਰ ਟੀਜ਼ ਦੀ ਸਮਰੱਥਾ ਨੂੰ ਘਟਾਉਂਦੀ ਹੈ, ਅੰਤ ਵਿੱਚ ਰਾਜ ਵਿੱਚ ਸਿੱਖਿਆ ਦੀ ਗੁਣਵੱਤਾ ਨੂੰ ਪ੍ਰਭਾਵਤ ਕਰਦੀ ਹੈ।

### 3.7.4.2 ਡੀ ਆਈ ਈ ਟੀਜ਼ ਦੁਆਰਾ ਪ੍ਰੀ ਸਰਵਿਸ ਦੀ ਸਿਖਲਾਈ ਨਾ ਦੇਣਾ

ਸਮਗਰ ਸਿੱਖਿਆ ਨੂੰ ਲਾਗੂ ਕਰਨ ਲਈ ਫਰੇਮਵਰਕ ਦੇ ਪੈਰ੍ਹਾ 6.2.3 ਦੇ ਅਨੁਸਾਰ, ਡੀ ਆਈ ਈ ਟੀ ਨੂੰ ਸੀਨੀਅਰ ਸੈਕੰਡਰੀ ਪੱਧਰ ਤੱਕ ਪ੍ਰੀ-ਸਰਵਿਸ ਅਤੇ ਇਨ-ਸਰਵਿਸ ਅਧਿਆਪਕਾਂ ਦੀ ਸਿਖਲਾਈ ਦੇਣ ਲਈ ਜ਼ਿਲ੍ਹਾ ਪੱਧਰ ਤੇ ਨੋਡਲ ਸੰਸਥਾ ਵਜੋਂ ਨਾਮਜ਼ਦ ਕੀਤਾ ਗਿਆ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ (ਦਸੰਬਰ 2024) ਕਿ ਤਿੰਨ[16] ਡੀ ਆਈ ਈ ਟੀਜ਼ (17 ਡੀ ਆਈ ਈ ਟੀਜ਼[17] ਵਿੱਚੋਂ) ਨੇ ਲੇਖਾ ਪ੍ਰੀਖਿਆ ਅਧੀਨ ਕਵਰ ਕੀਤੀ ਮਿਆਦ ਦੌਰਾਨ ਇੱਛੁਕ ਉਮੀਦਵਾਰਾਂ ਨੂੰ ਪ੍ਰੀ ਸਰਵਿਸ ਸਿਖਲਾਈ (ਡਿਪਲੋਮਾ ਇਨ ਐਲੀਮੈਂਟਰੀ ਐਜੂਕੇਸ਼ਨ) ਨਹੀਂ ਦਿੱਤੀ।

---

15 ਸਾਲ 2018-2023 ਦੌਰਾਨ 'ਇਨ-ਸਰਵਿਸ ਟੀਚਰਜ਼' ਟ੍ਰੇਨਿੰਗ ਕੰਪੋਨੈਂਟ ਅਧੀਨ ₹ 16.07 ਕਰੋੜ (₹ 54.45 ਕਰੋੜ ਵਿੱਚੋਂ) ਦੇ ਫੰਡ ਦੀ ਰਾਸ਼ੀ ਖਰਚ ਕੀਤੀ ਗਈ, ਜਿਸ ਨਾਲ ਵਿਭਾਗ ਕੋਲ ₹ 38.38 ਕਰੋੜ ਦੀ ਅਣਖਰਚੀ ਰਾਸ਼ੀ ਰਹਿ ਗਈ।

16 (i) ਮੋਗਾ (2018-2023); (ii) ਐਸ ਬੀ ਐਸ ਨਗਰ (2018-2023); ਅਤੇ (iii) ਫਿਰੋਜ਼ਪੁਰ (2018-2021)।

17 ਬਰਨਾਲਾ, ਫਾਜ਼ਿਲਕਾ, ਤਰਨਤਾਰਨ, ਪਠਾਨਕੋਟ ਅਤੇ ਐਸ ਏ ਐਸ ਨਗਰ ਵਿਖੇ ਨਵੇਂ ਬਣੇ ਪੰਜ ਡੀ ਆਈ ਈ ਟੀਜ਼ ਵਿੱਚ ਪ੍ਰੀ-ਸਰਵਿਸ ਟ੍ਰੇਨਿੰਗ ਨਹੀਂ ਦਿੱਤੀ ਜਾ ਰਹੀ ਸੀ, ਕਿਉਂਕਿ ਐਨ ਸੀ ਟੀ ਈ ਤੋਂ ਪ੍ਰੀ-ਸਰਵਿਸ ਟ੍ਰੇਨਿੰਗ ਸ਼ੁਰੂ ਕਰਨ ਲਈ ਲੋੜੀਂਦੀ ਮਾਨਤਾ ਦੀ ਉਡੀਕ ਕੀਤੀ ਜਾ ਰਹੀ ਸੀ।

ਵਿਭਾਗ ਨੇ ਕਿਹਾ (ਜਨਵਰੀ 2025) ਕਿ ਡੀ ਆਈ ਈ ਟੀਜ਼ ਮੋਗਾ ਅਤੇ ਐਸ ਬੀ ਐਸ ਨਗਰ ਵਿੱਚ ਪ੍ਰੀ-ਸਰਵਿਸ ਟ੍ਰੇਨਿੰਗ ਕਰਵਾਉਣ ਦੀ ਮਾਨਤਾ ਐਨ ਸੀ ਟੀ ਈ ਨੇ ਸਟਾਫ ਦੀ ਘਾਟ ਕਾਰਨ ਸਾਲ 2007 ਵਿੱਚ ਰੱਦ ਕਰ ਦਿੱਤੀ ਸੀ। ਨਮੂਨਾ-ਜਾਂਚ ਕੀਤੀ ਡੀ ਆਈ ਈ ਟੀ, ਫਿਰੋਜ਼ਪੁਰ ਨੇ ਪ੍ਰੀ-ਸਰਵਿਸ ਸਿਖਲਾਈ ਨਾ ਦੇਣ ਦਾ ਕਾਰਨ ਐਸ ਸੀ ਈ ਆਰ ਟੀ ਤੋਂ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਪ੍ਰਾਪਤ ਨਾ ਹੋਣ ਨੂੰ ਦੱਸਿਆ। ਹਾਲਾਂਕਿ, ਲੇਖਾ ਪ੍ਰੀਖਿਆ ਨੇ ਐਸ ਸੀ ਈ ਆਰ ਟੀ ਤੋਂ ਪੁਸ਼ਟੀ ਕੀਤੀ ਕਿ ਉਨ੍ਹਾਂ ਨੇ ਨਾਮਜ਼ਦ ਉਮੀਦਵਾਰਾਂ ਦੀ ਸੂਚੀ ਡੀ ਆਈ ਈ ਟੀ ਫਿਰੋਜ਼ਪੁਰ ਨੂੰ ਭੇਜ ਦਿੱਤੀ ਸੀ।

ਇਸ ਤਰ੍ਹਾਂ, ਪ੍ਰੀ-ਸਰਵਿਸ ਸਿਖਲਾਈ ਪ੍ਰੋਗਰਾਮਾਂ ਨੂੰ ਚਲਾਉਣ ਵਿੱਚ ਡੀ ਆਈ ਈ ਟੀਜ਼ ਦੀ ਅਸਮੱਰਥਾ ਕਾਰਨ ਢੁਕਵੇਂ ਸਿਖਲਾਈ ਪ੍ਰਾਪਤ ਅਧਿਆਪਕਾਂ ਦੀ ਘਾਟ ਹੋ ਜਾਂਦੀ ਹੈ, ਜਿਸ ਨਾਲ ਜ਼ਿਲ੍ਹੇ ਵਿੱਚ ਸਿੱਖਿਆ ਦੀ ਗੁਣਵੱਤਾ ਨਾਲ ਸਮਝੌਤਾ ਹੁੰਦਾ ਹੈ। ਇਹ ਘਾਟ ਖਾਸ ਤੌਰ ਤੇ ਨਵੇਂ ਸਿੱਖਿਅਕਾਂ ਦੀਆਂ ਬੁਨਿਆਦੀ ਅਧਿਆਪਨ ਸਮਰੱਥਾਵਾਂ ਨੂੰ ਪ੍ਰਭਾਵਿਤ ਕਰਦੀ ਹੈ, ਕਿਉਂਕਿ ਉਹ ਪ੍ਰਭਾਵਸ਼ਾਲੀ ਕਲਾਸਰੂਮ ਹਦਾਇਤਾਂ ਲਈ ਤਿਆਰ ਕੀਤੀ ਗਈ ਜ਼ਰੂਰੀ ਸਿਖਲਾਈ ਤੋਂ ਖੁੰਝ ਜਾਂਦੇ ਹਨ।

### 3.7.5 ਆਈ ਸੀ ਟੀ ਸਕੀਮ ਅਧੀਨ ਆਈ ਸੀ ਟੀ ਫੈਕਲਟੀ ਅਤੇ ਗੈਰ-ਕਾਰਜਸ਼ੀਲ ਲੈਬਾਂ ਦੀ ਘਾਟ

ਸਕੂਲ ਸਿੱਖਿਆ ਵਿਭਾਗ ਅਧੀਨ ਪੰਜਾਬ ਆਈ ਸੀ ਟੀ ਐਜੂਕੇਸ਼ਨ ਸੋਸਾਇਟੀ (ਪੀ ਆਈ ਸੀ ਟੀ ਈ ਐਸ) ਨੇ ਰਾਜ ਭਰ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਕੋਰਸ ਸਮੱਗਰੀ ਪ੍ਰਦਾਨ ਕਰਕੇ ਲਾਜ਼ਮੀ ਕੰਪਿਊਟਰ ਸਿੱਖਿਆ ਪ੍ਰਦਾਨ ਕਰਨੀ ਸੀ।

ਸਾਲ 2018-2023 ਦੌਰਾਨ 6ਵੀਂ ਤੋਂ 12ਵੀਂ ਜਮਾਤ ਵਾਲੇ ਸਰਕਾਰੀ ਸਕੂਲਾਂ ਵਿੱਚ ਆਈ ਸੀ ਟੀ ਲੈਬਜ਼ ਅਤੇ ਫੈਕਲਟੀਆਂ ਦੀ ਉਪਲਬਧਤਾ ਦੀ ਸਥਿਤੀ **ਸਾਰਣੀ** 3.5 ਵਿੱਚ ਦਿੱਤੀ ਗਈ ਹੈ।

**ਸਾਰਣੀ 3.5: 2018-2023 ਦੌਰਾਨ ਸਰਕਾਰੀ ਸਕੂਲਾਂ ਵਿੱਚ ਆਈ ਸੀ ਟੀ ਲੈਬਜ਼ ਅਤੇ ਫੈਕਲਟੀਆਂ ਦੀ ਸਥਿਤੀ**

| ਸਾਲ | ਸਰਕਾਰੀ ਸਕੂਲਾਂ ਦੀ ਸੰਖਿਆ (6ਵੀਂ ਤੋਂ 12ਵੀਂ ਜਮਾਤਾਂ) | ਆਈ ਸੀ ਟੀ ਲੈਬ ਵਾਲੇ ਸਕੂਲਾਂ ਦੀ ਸੰਖਿਆਂ (ਪ੍ਰਤੀਸ਼ਤਤਾ) | ਕਾਰਜਸ਼ੀਲ ਆਈ ਸੀ ਟੀ ਲੈਬ ਵਾਲੇ ਸਕੂਲਾਂ ਦੀ ਸੰਖਿਆ (ਪ੍ਰਤੀਸ਼ਤਤਾ) | ਗੈਰ-ਕਾਰਜਸ਼ੀਲ ਆਈ ਸੀ ਟੀ ਲੈਬ ਵਾਲੇ ਸਕੂਲਾਂ ਦੀ ਸੰਖਿਆ | ਆਈ ਸੀ ਟੀ ਫੈਕਲਟੀ ਦੀ ਸੰਖਿਆ |
|---|---|---|---|---|---|
| 2018-19 | 6,271 | 5,507 (87.82) | 4,226 (76.74) | 1,281 | 6,775 |
| 2019-20 | 6,304 | 5,211 (82.66) | 5,211 (100.00) | 0 | 6,774 |
| 2020-21 | 6,301 | 6,209 (98.54) | 6,209 (100.00) | 0 | 6,599 |
| 2021-22 | 6,291 | 6,090 (96.80) | 5,839 (95.88) | 251 | 6,505 |
| 2022-23 | 6,293 | 6,102 (96.96) | 5,798 (95.02) | 304 | 6,540 |

*ਸ੍ਰੋਤ: ਯੂ ਡੀ ਆਈ ਐਸ ਈ + ਅਤੇ ਵਿਭਾਗੀ ਡਾਟਾ*

ਲੇਖਾ ਪ੍ਰੀਖਿਆ ਨੇ ਯੂ ਡੀ ਆਈ ਐਸ ਈ + ਤੇ ਉਪਲਬਧ ਡਾਟਾ ਤੋਂ ਦੇਖਿਆ (ਨਵੰਬਰ 2023) ਕਿ ਸਰਕਾਰੀ ਸਕੂਲਾਂ (6ਵੀਂ ਤੋਂ 12ਵੀਂ ਜਮਾਤਾਂ) ਵਿੱਚ 2018-2023 ਦੌਰਾਨ 83 *ਪ੍ਰਤੀਸ਼ਤ* ਤੋਂ

99 *ਪ੍ਰਤੀਸ਼ਤ* ਤੱਕ ਆਈ ਸੀ ਟੀ ਲੈਬਜ਼ ਉਪਲਬਧ ਸਨ। ਸਾਲ 2022-23 ਦੌਰਾਨ 304 ਸਕੂਲਾਂ ਵਿੱਚ (6,102 ਸਕੂਲਾਂ ਵਿੱਚੋਂ) ਆਈ ਸੀ ਟੀ ਲੈਬਜ਼ ਕੰਮ ਨਹੀਂ ਕਰ ਰਹੀਆਂ ਸਨ।

ਯੂ ਡੀ ਆਈ ਐਸ ਈ + ਪੋਰਟਲ ਤੇ ਉਪਲਬਧ ਡਾਟਾ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਸਾਲ 2022-23 ਦੌਰਾਨ ਇਨ੍ਹਾਂ ਸਕੂਲਾਂ ਵਿੱਚ ਆਈ ਸੀ ਟੀ ਲੈਬਜ਼ ਦੀ ਉਲਬਧਤਾ ਦੇ ਬਾਵਜੂਦ 533 ਸਕੂਲਾਂ ਵਿੱਚ ਆਈ ਸੀ ਟੀ ਫੈਕਲਟੀ ਉਪਲਬਧ ਨਹੀਂ ਸੀ। ਇਸ ਨਾਲ 2022-23 ਦੌਰਾਨ ਇਨ੍ਹਾਂ ਸਕੂਲਾਂ ਵਿੱਚ 6$^{ਵੀਂ}$-12$^{ਵੀਂ}$ ਜਮਾਤ ਵਿੱਚ ਦਾਖਲ 91,640 ਵਿਦਿਆਰਥੀ ਪ੍ਰਭਾਵਿਤ ਹੋਏ, ਜਿਵੇਂ ਕਿ **ਅੰਤਿਕਾ** 3.3 ਵਿੱਚ ਵੇਰਵਾ ਦਿੱਤਾ ਗਿਆ ਹੈ।

ਆਈ ਸੀ ਟੀ ਲੈਬਜ਼ ਦੀ ਉਪਲਬਧਤਾ ਦੇ ਬਾਵਜੂਦ 533 ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਆਈ ਸੀ ਟੀ ਫੈਕਲਟੀ ਦੀ ਅਣਹੋਂਦ, ਸ੍ਰੋਤਾਂ ਦੀ ਅਸਮਾਨ ਵੰਡ ਵੱਲ ਲੈ ਜਾਂਦੀ ਹੈ। ਵਿਦਿਆਰਥੀ, ਖਾਸ ਤੌਰ ਤੇ ਫੈਕਲਟੀ ਦੀ ਘਾਟ ਵਾਲੇ ਸਕੂਲਾਂ ਦੀ ਵਧੇਰੇ ਗਿਣਤੀ ਵਾਲੇ ਜ਼ਿਲ੍ਹਿਆਂ (ਜਿਵੇਂ ਕਿ ਫਿਰੋਜ਼ਪੁਰ ਅਤੇ ਮੋਗਾ) ਵਿੱਚ ਵਿਦਿਆਰਥੀ ਲਾਜ਼ਮੀ ਕੰਪਿਊਟਰ ਸਿੱਖਿਆ ਤੋਂ ਵਾਂਝੇ ਹਨ, ਜੋ ਉਨ੍ਹਾਂ ਨੂੰ ਬਿਹਤਰ ਫੈਕਲਟੀ ਤਾਇਨਾਤੀ ਵਾਲੇ ਸਕੂਲਾਂ ਵਿੱਚ ਆਪਣੇ ਸਾਥੀਆਂ ਦੇ ਮੁਕਾਬਲੇ ਨੁਕਸਾਨ ਵਿਚ ਪਾ ਰਿਹਾ ਹੈ। ਇਸ ਤਰ੍ਹਾਂ, ਕਾਰਜਸ਼ੀਲ ਆਈ ਸੀ ਟੀ ਲੈਬਜ਼ (2021-2023) ਦੀ ਘਟਦੀ ਗਿਣਤੀ ਅਤੇ ਬਹੁਤ ਸਾਰੇ ਸਕੂਲਾਂ ਵਿੱਚ ਆਈ ਸੀ ਟੀ ਫੈਕਲਟੀ ਦੀ ਅਣਉਪਲਬਧਤਾ ਵਿਦਿਆਰਥੀਆਂ ਦੇ ਸਿੱਖਣ ਦੇ ਨਤੀਜਿਆਂ ਨੂੰ ਨਕਾਰਾਤਮਕ ਤੌਰ ਤੇ ਪ੍ਰਭਾਵਿਤ ਕਰਨ ਦੀ ਸੰਭਾਵਨਾ ਰੱਖਦੀ ਹੈ।

ਚੁਣੇ ਗਏ ਸਕੂਲਾਂ ਵਿੱਚ ਆਈ ਸੀ ਟੀ ਲੈਬਜ਼ ਦੇ ਭੌਤਿਕ ਨਿਰੀਖਣ ਦੌਰਾਨ, ਲੇਖਾ ਪ੍ਰੀਖਿਆ ਨੇ ਦੇਖਿਆ ਕਿ:

- 69[18] ਨਮੂਨਾ-ਜਾਂਚ ਕੀਤੇ ਸਕੂਲਾਂ ਵਿੱਚੋਂ 28[19] ਵਿੱਚ 253[20] ਡੈਸਕਟਾਪ ਕੰਮ ਨਹੀਂ ਕਰ ਰਹੇ ਸਨ; ਅਤੇ
- ਚਾਰ[21] ਸਕੂਲਾਂ ਵਿੱਚ ਸਾਰੇ 39 ਡੈਸਕਟਾਪ ਕੰਮ ਨਹੀਂ ਕਰ ਰਹੇ ਸਨ।

ਵਿਭਾਗ ਨੇ ਕਿਹਾ (ਜਨਵਰੀ 2025) ਕਿ ਗੈਰ-ਕਾਰਜਸ਼ੀਲ ਪ੍ਰਯੋਗਸ਼ਾਲਾਵਾਂ ਦੇ ਹਾਰਡਵੇਅਰ ਆਪਣਾ ਸਮਾਂ ਪੂਰਾ ਕਰ ਚੁੱਕੇ ਹਨ ਅਤੇ ਪੁਰਾਣੇ ਹੋ ਗਏ ਹਨ, ਇਸ ਲਈ ਮੁਰੰਮਤ ਯੋਗ ਨਹੀਂ ਹਨ। ਪੁਰਾਣੇ ਹਾਰਡਵੇਅਰ ਨੂੰ ਬਦਲਣ ਲਈ ਲੋੜੀਂਦੇ ਬਜਟ ਪ੍ਰਬੰਧ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ। ਇਹ ਵੀ ਕਿਹਾ ਗਿਆ ਕਿ ਸੁਸਾਇਟੀ ਨੇ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਲੋੜੀਂਦੀ ਆਈ ਸੀ ਟੀ ਫੈਕਲਟੀ ਤਾਇਨਾਤ ਕਰਨੀ ਸ਼ੁਰੂ ਕਰ ਦਿੱਤੀ ਹੈ।

---

18 ਅੰਮ੍ਰਿਤਸਰ (11), ਬਰਨਾਲਾ (11), ਜਲੰਧਰ (12), ਫਿਰੋਜ਼ਪੁਰ (11), ਸ਼੍ਰੀ ਮੁਕਤਸਰ ਸਾਹਿਬ (13), ਪਟਿਆਲਾ (11)।

19 ਅੰਮ੍ਰਿਤਸਰ (8), ਬਰਨਾਲਾ (3), ਫਿਰੋਜ਼ਪੁਰ (2), ਜਲੰਧਰ (8), ਸ਼੍ਰੀ ਮੁਕਤਸਰ ਸਾਹਿਬ (4), ਅਤੇ ਪਟਿਆਲਾ (3)।

20 ਅੰਮ੍ਰਿਤਸਰ (80), ਬਰਨਾਲਾ (9), ਫਿਰੋਜ਼ਪੁਰ (18), ਜਲੰਧਰ (78), ਸ਼੍ਰੀ ਮੁਕਤਸਰ ਸਾਹਿਬ (40), ਅਤੇ ਪਟਿਆਲਾ (28)।

21 ਅੰਮ੍ਰਿਤਸਰ (3): ਜੀ ਐਚ ਐਸ ਡੱਗ ਡੋਗਰਾ, ਜੀ ਐਚ ਐਸ ਸ਼ੌਰਾ, ਜੀ ਐਮ ਐਸ ਭਲਾਈਪੁਰ; ਅਤੇ ਪਟਿਆਲਾ (1): ਜੀ ਐਮ ਐਸ ਸਲੇਮੂਰ ਜੱਟਾਂ।

### 3.7.6 ਸਕੂਲ ਤੋਂ ਬਾਹਰ ਦੇ ਬੱਚਿਆਂ ਨੂੰ ਸਿਖਲਾਈ ਦੇਣ ਵਿੱਚ ਕਮੀ

ਪੰਜਾਬ ਆਰ ਟੀ ਈ ਨਿਯਮ, 2011 ਦੇ ਨਿਯਮ 3 ਵਿੱਚ ਕਿਹਾ ਗਿਆ ਹੈ ਕਿ ਐਸ ਐਮ ਸੀ ਜਾਂ ਸਥਾਨਕ ਅਥਾਰਟੀ ਵਿਸ਼ੇਸ਼ ਸਿਖਲਾਈ ਦੀ ਲੋੜ ਵਾਲੇ ਬੱਚਿਆਂ ਦੀ ਪਛਾਣ ਕਰੇਗੀ ਅਤੇ ਵਿਸ਼ੇਸ਼ ਤੌਰ ਤੇ ਤਿਆਰ ਕੀਤੇ ਪਾਠਕ੍ਰਮ ਅਤੇ ਉਮਰ ਵਿਸ਼ੇਸ਼ ਸਿਖਲਾਈ ਸਮੱਗਰੀ ਦੇ ਅਧਾਰ ਤੇ ਅਜਿਹੀ ਸਿਖਲਾਈ ਦਾ ਪ੍ਰਬੰਧ ਕਰੇਗੀ। ਸਿਖਲਾਈ ਪੂਰੀ ਹੋਣ ਤੋਂ ਬਾਅਦ, ਬੱਚੇ ਨੂੰ ਉਮਰ ਵਿਸ਼ੇਸ਼ ਜਮਾਤ ਵਿੱਚ ਸ਼ਾਮਲ ਕੀਤਾ ਜਾਵੇਗਾ। ਅਤੇ ਉਸ ਨੂੰ ਬਾਕੀ ਜਮਾਤ ਨਾਲ ਸਫਲਤਾਪੂਰਵਕ ਏਕੀਕ੍ਰਿਤ ਕਰਨ ਦੇ ਯੋਗ ਬਣਾਉਣ ਲਈ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ, ਸਿਖਲਾਈ ਦੀ ਮਿਆਦ ਘੱਟੋ-ਘੱਟ ਤਿੰਨ ਮਹੀਨਿਆਂ ਅਤੇ ਵੱਧ ਤੋਂ ਵੱਧ ਤਿੰਨ ਸਾਲਾਂ ਤੋਂ ਵੱਧ ਨਹੀਂ ਹੋਵੇਗੀ।

ਸਕੂਲ ਤੋਂ ਬਾਹਰ ਦੇ ਬੱਚਿਆਂ (ਓ ਓ ਐਸ ਸੀ) ਨੂੰ ਵਿਸ਼ੇਸ਼ ਸਿਖਲਾਈ ਦੇਣ ਲਈ ਡੀ ਈ ਓਜ਼ ਨੂੰ ਅਲਾਟ ਕੀਤੇ ਫੰਡਾਂ ਦਾ ਵੇਰਵਾ, ਓ ਓ ਐਸ ਸੀ[22] ਸੰਖਿਆ ਦੀ ਪਛਾਣ, ਸਿਖਲਾਈ ਪ੍ਰਾਪਤ ਅਤੇ ਮੁੱਖ ਧਾਰਾ ਵਿੱਚ ਲਿਆਂਦੇ ਜਾਣ ਦੀ ਗਿਣਤੀ **ਸਾਰਣੀ** 3.6 ਵਿੱਚ ਦਿੱਤੀ ਗਈ ਹੈ।

**ਸਾਰਣੀ 3.6: ਓ ਓ ਐਸ ਸੀ ਨੂੰ ਸਿਖਲਾਈ ਅਤੇ 2018-2023 ਦੌਰਾਨ ਇਸ ਦੇ ਵਿਰੁੱਧ ਕੀਤੇ ਗਏ ਖਰਚੇ ਦਾ ਵੇਰਵਾ**

| ਸਾਲ | ਪਛਾਣ ਕੀਤੇ ਗਏ ਓ ਓ ਐਸ ਸੀ | ਫੰਡ ਦੀ ਵੰਡ ਦਾ ਵੇਰਵਾ | | ਓ ਓ ਐਸ ਸੀ ਦੀ ਸੰਖਿਆ ਜਿਸ ਨੂੰ ਸਿਖਲਾਈ ਦਿੱਤੀ ਗਈ | ਮੁੱਖ ਧਾਰਾ ਵਿੱਚ ਲਿਆਂਦੇ ਗਏ ਓ ਓ ਐਸ ਸੀ ਦੀ ਸੰਖਿਆ (*ਪ੍ਰਤੀਸ਼ਤ* ਵਿੱਚ) | ਦਿੱਤੀ ਸਿਖਲਾਈ ਤੇ ਖਰਚ (₹ ਲੱਖ ਵਿੱਚ) |
|---|---|---|---|---|---|---|
| | | ਓ ਓ ਐਸ ਸੀ ਦੀ ਸੰਖਿਆ | ਅਲਾਟ ਕੀਤੇ ਫੰਡ (₹ ਲੱਖ ਵਿੱਚ) | | | |
| 2018-19 | 3,588 | 1,992 | 19.92 | 1,992 | 1,529 (77) | 14.06 |
| 2019-20 | 4,145 | 3,855 | 134.93 | 3,855 | 2,428 (63) | 87.97 |
| 2020-21 | 2,593 | 2,593 | 90.75 | 2,593 | 1,879 (72) | 73.47 |
| 2021-22 | 3,807 | 1,641 | 73.85 | 1,641 | 1,277 (78) | 54.19 |
| 2022-23 | 1,981 | 1,295 | 58.28 | 1,295 | 1,267 (98) | 56.58 |
| **ਜੋੜ** | **16,114** | **11,376** | **377.73** | **11,376** | **8,380 (74)** | **286.27** |

*ਸ੍ਰੋਤ: ਡੀ ਜੀ ਐਸ ਈ, ਪੰਜਾਬ ਦੁਆਰਾ ਦਿੱਤੀ ਗਈ ਜਾਣਕਾਰੀ*

**ਸਾਰਣੀ** 3.6 ਦਰਸਾਉਂਦੀ ਹੈ ਕਿ ਵਿਭਾਗ ਵੱਲੋਂ ਪਛਾਣੇ ਗਏ 16,114 ਓ ਓ ਐਸ ਸੀ ਵਿੱਚੋਂ 11,376 ਓ ਓ ਐਸ ਸੀ (71 *ਪ੍ਰਤੀਸ਼ਤ*) ਨੂੰ ਵਿਸ਼ੇਸ਼ ਸਿਖਲਾਈ ਦਿੱਤੀ ਗਈ ਸੀ, ਜਿਨ੍ਹਾਂ ਵਿੱਚੋਂ ਸਿਰਫ 8,380 ਓ ਓ ਐਸ ਸੀ (74 *ਪ੍ਰਤੀਸ਼ਤ*) ਨੂੰ ਮੁੱਖ ਧਾਰਾ ਵਿੱਚ ਲਿਆਂਦਾ ਗਿਆ ਸੀ, ਜਦੋਂਕਿ 2018-2023 ਦੌਰਾਨ ਵਿਭਾਗ ਕੋਲ ₹ 0.91 ਕਰੋੜ ਦੇ ਫੰਡਾਂ ਦੀ ਵਰਤੋਂ ਨਹੀਂ ਕੀਤੀ ਗਈ ਸੀ।

ਚੁਣੇ ਗਏ ਛੇ ਜ਼ਿਲ੍ਹਿਆਂ ਵਿੱਚੋਂ, ਵਿਭਾਗ ਦੁਆਰਾ ਪਛਾਣੇ ਗਏ 5,272 ਓ ਓ ਐਸ ਸੀ ਵਿੱਚੋਂ 4,153 ਓ ਓ ਐਸ ਸੀ (78.77 *ਪ੍ਰਤੀਸ਼ਤ*) ਨੂੰ ਇਨ੍ਹਾਂ ਜ਼ਿਲ੍ਹਿਆਂ ਦੇ ਉਦੇਸ਼ ਲਈ ₹ 0.14 ਕਰੋੜ (₹ 1.35 ਕਰੋੜ ਵਿੱਚੋਂ) ਦੇ ਅਣਵਰਤੇ ਫੰਡਾਂ ਦੇ ਬਾਵਜੂਦ ਵਿਸ਼ੇਸ਼ ਸਿਖਲਾਈ ਦਿੱਤੀ ਜਾ ਸਕੀ। ਇਨ੍ਹਾਂ ਵਿੱਚੋਂ 4,119 ਓ ਓ ਐਸ ਸੀ (99 ਪ੍ਰਤੀਸ਼ਤ) ਨੂੰ 2018-2023 ਦੌਰਾਨ ਮੁੱਖ ਧਾਰਾ ਵਿੱਚ ਲਿਆਂਦਾ ਗਿਆ।

---

[22] ਆਰ ਟੀ ਈ ਐਕਟ 2009 ਦੀ ਧਾਰਾ 4(1) ਦੇ ਅਨੁਸਾਰ, ਜੇ ਛੇ ਸਾਲ ਤੋਂ ਵੱਧ ਉਮਰ ਦੇ ਬੱਚੇ ਨੂੰ ਕਿਸੇ ਸਕੂਲ ਵਿੱਚ ਦਾਖਲ ਨਹੀਂ ਕੀਤਾ ਗਿਆ ਹੈ ਜਾਂ ਦਾਖਲਾ ਦਿੱਤਾ ਗਿਆ ਹੈ, ਉਹ ਆਪਣੀ ਮੁੱਢਲੀ ਸਿੱਖਿਆ ਪੂਰੀ ਨਹੀਂ ਕਰ ਸਕਿਆ ਜਾਂ ਸਕੀ, ਤਾਂ ਉਸਨੂੰ ਉਸਦੀ ਉਮਰ ਦੇ ਅਨੁਸਾਰ ਢੁਕਵੀਂ ਜਮਾਤ ਵਿੱਚ ਦਾਖਲ ਕੀਤਾ ਜਾਵੇਗਾ।

ਰਾਜ ਦੇ ਨਾਲ-ਨਾਲ ਜ਼ਿਲ੍ਹਾ ਪੱਧਰ ਤੇ ਓ ਓ ਐਸ ਸੀ ਦੀ ਕੋਈ ਨਿਗਰਾਨੀ ਨਹੀਂ ਕੀਤੀ ਗਈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਫੰਡਾਂ ਦੀ ਉਪਲਬਧਤਾ ਦੇ ਬਾਵਜੂਦ ਉਮਰ ਮੁਤਾਬਕ ਜਮਾਤਾਂ ਵਿੱਚ ਮੁਖਧਾਰਾ ਵਿੱਚ ਆਉਣ ਤੋਂ ਬਾਅਦ ਇਹ ਓ ਓ ਐਸ ਸੀ ਸਕੂਲੀ ਸਿੱਖਿਆ ਪੂਰੀ ਹੋਣ ਤੱਕ ਆਪਣੀ ਸਿੱਖਿਆ ਜਾਰੀ ਰੱਖਦੇ ਹਨ ਜਾਂ ਨਹੀਂ। ਇਸ ਤਰ੍ਹਾਂ, ਵਿਭਾਗ ਕੋਲ ਮੁੱਖ ਧਾਰਾ ਵਾਲੇ ਓ ਓ ਐਸ ਸੀ ਦੀ ਪ੍ਰਗਤੀ ਦੀ ਨਿਗਰਾਨੀ ਕਰਨ ਅਤੇ ਉਨ੍ਹਾਂ ਨੂੰ ਬਰਕਰਾਰ ਰੱਖਣ ਅਤੇ ਸਕੂਲੀ ਸਿੱਖਿਆ ਨੂੰ ਪੂਰਾ ਕਰਨ ਨੂੰ ਯਕੀਨੀ ਬਣਾਉਣ ਲਈ ਇੱਕ ਵਿਧੀ ਦੀ ਘਾਟ ਸੀ।

ਵਿਭਾਗ ਨੇ ਕਿਹਾ (ਦਸੰਬਰ 2024 ਅਤੇ ਜਨਵਰੀ 2025) ਕਿ ਸਿਖਲਾਈ ਪ੍ਰਾਪਤ ਓ ਓ ਐਸ ਸੀ ਨਿੱਜੀ ਕਾਰਨਾਂ ਕਰਕੇ ਮੁੱਖ ਧਾਰਾ ਵਿੱਚ ਦਾਖਲ ਨਹੀਂ ਹੋਏ ਅਤੇ ਫੰਡਾਂ ਦੀ ਘੱਟ ਵਰਤੋਂ ਦਾ ਕਾਰਨ ਉਨ੍ਹਾਂ ਦੇ ਮਿਡ-ਕੋਰਸ ਛੱਡਣ ਨੂੰ ਦੱਸਿਆ। ਇਹ ਵੀ ਕਿਹਾ ਗਿਆ ਕਿ ਮੁੱਖ ਧਾਰਾ ਵਿੱਚ ਆਉਣ ਦੇ ਪਾੜੇ ਨੂੰ ਦੂਰ ਕਰਨ ਲਈ ਵਿਭਾਗ ਇੱਕ ਮਜ਼ਬੂਤ ਨਿਗਰਾਨੀ ਪ੍ਰਣਾਲੀ ਵਿਕਸਤ ਕਰਨ ਦੀ ਪ੍ਰਕਿਰਿਆ ਵਿੱਚ ਹੈ ਜੋ ਬੱਚਿਆਂ ਦੀ ਪ੍ਰਗਤੀ ਅਤੇ ਬਰਕਰਾਰ ਰੱਖਣ ਬਾਰੇ ਰੀਅਲ ਟਾਈਮ ਅਪਡੇਟ ਪ੍ਰਦਾਨ ਕਰ ਸਕਦਾ ਹੈ।

### 3.7.7 ਆਦਰਸ਼ ਸਕੂਲਾਂ ਦੀ ਸਥਾਪਨਾ ਅਤੇ ਸੰਚਾਲਨ

ਪੰਜਾਬ ਸਿੱਖਿਆ ਵਿਕਾਸ ਬੋਰਡ (ਪੀ ਈ ਡੀ ਬੀ) ਦੀ ਸਥਾਪਨਾ (1998) ਪੰਜਾਬ ਰਾਜ ਵਿੱਚ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਅਤੇ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਅਤੇ ਸਹੂਲਤਾਂ ਵਿੱਚ ਸੁਧਾਰ ਕਰਨ ਦੇ ਉਦੇਸ਼ ਨਾਲ ਕੀਤੀ ਗਈ ਸੀ ਜਿਸ ਵਿੱਚ ਸਿੱਧੇ ਤੌਰ ਤੇ ਜਾਂ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਮੋਡ ਰਾਹੀਂ ਆਦਰਸ਼ ਸਕੂਲ ਦੀ ਸਥਾਪਨਾ ਸ਼ਾਮਲ ਹੈ। ਬੋਰਡ ਨੂੰ ਫਰਵਰੀ ਦੇ ਪਹਿਲੇ ਹਫਤੇ ਦੌਰਾਨ ਸਾਲਾਨਾ ਬਜਟ ਤਿਆਰ ਕਰਨ ਦਾ ਕੰਮ ਵੀ ਸੌਂਪਿਆ ਗਿਆ ਸੀ। ਪੰਜਾਬ ਸਰਕਾਰ ਨੇ ਮੌਜੂਦਾ ਆਦਰਸ਼ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਅਤੇ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਤੋਂ ਇਲਾਵਾ ਹਰੇਕ ਕਮਿਊਨਿਟੀ ਵਿਕਾਸ ਬਲਾਕ ਵਿੱਚ ਆਦਰਸ਼ ਸਕੂਲ (ਪ੍ਰੀ-ਨਰਸਰੀ ਤੋਂ 12$^{ਵੀਂ}$ ਜਮਾਤ) ਦੀ ਸਥਾਪਨਾ ਲਈ ਦਿਸ਼ਾ ਨਿਰਦੇਸ਼ ਵੀ ਤਿਆਰ ਕੀਤੇ (2012)।

ਲੇਖਾ ਪ੍ਰੀਖਿਆ ਨੇ ਹੇਠ ਲਿਖੇ ਅਨੁਸਾਰ ਦੇਖਿਆ:

**(i)** ਪੀ ਈ ਡੀ ਬੀ ਨੂੰ ਸ਼ੁਰੂ ਵਿੱਚ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ (ਪੀ ਪੀ ਪੀ) ਮੋਡ ਅਧੀਨ ਰਾਜ ਵਿੱਚ 118 ਆਦਰਸ਼ ਸਕੂਲ ਸਥਾਪਤ ਕਰਨ ਦਾ ਕੰਮ ਸੌਂਪਿਆ ਗਿਆ ਸੀ। ਹਾਲਾਂਕਿ, 2014 ਤੱਕ ਸਿਰਫ 26 ਸਕੂਲ ਸਥਾਪਤ ਕੀਤੇ ਗਏ ਸਨ। ਮਾਰਚ 2023 ਤੱਕ, ਪੀ ਪੀ ਪੀ ਮੋਡ ਅਧੀਨ ਪੀ ਈ ਡੀ ਬੀ ਦੁਆਰਾ 24 ਆਦਰਸ਼ ਸਕੂਲ ਚਲਾਏ ਜਾ ਰਹੇ ਸਨ। 13 ਸਕੂਲਾਂ ਦਾ ਪ੍ਰਬੰਧਨ ਪੰਜ ਨਿੱਜੀ ਪਾਟਨਰਾਂ ਦੁਆਰਾ ਕੀਤਾ ਜਾ ਰਿਹਾ ਸੀ ਅਤੇ 11 ਸਕੂਲ ਸਬੰਧਤ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ ਸਿੱਖਿਆ) ਜਾਂ ਉਪ ਮੰਡਲ ਮੈਜਿਸਟ੍ਰੇਟ (ਐਸ ਡੀ ਐਮ) ਦੁਆਰਾ ਸਟਾਪ ਗੈਪ ਪ੍ਰਬੰਧ ਅਧੀਨ ਚਲਾਏ ਜਾ ਰਹੇ ਸਨ। ਲੇਖਾ ਪ੍ਰੀਖਿਆ ਨੇ ਅੱਗੇ ਦੇਖਿਆ ਕਿ ਬੋਰਡ ਦੁਆਰਾ 2014 ਤੋਂ ਪੀ ਪੀ ਪੀ ਮੋਡ ਅਧੀਨ ਕੋਈ ਨਵਾਂ ਆਦਰਸ਼ ਸਕੂਲ 2014 ਤੋਂ ਨਹੀਂ ਖੋਲ੍ਹਿਆ ਗਿਆ ਸੀ। ਇਸ ਤੋਂ ਇਲਾਵਾ ਸਾਲ 2018-19 ਵਿੱਚ ₹ 6.40 ਕਰੋੜ ਅਤੇ 2020-21 ਵਿੱਚ ₹ 1.60 ਕਰੋੜ ਦੇ ਫੰਡ ਅਣਵਰਤੇ ਰਹੇ ਜੋ ਰਾਜ ਸਰਕਾਰ ਵੱਲੋਂ ਆਦਰਸ਼ ਸਕੂਲਾਂ ਦੇ ਵਿਕਾਸ ਕਾਰਜਾਂ ਲਈ ਜਾਰੀ ਕੀਤੇ ਗਏ ਸਨ।

ਵਿਭਾਗ ਨੇ ਕਿਹਾ (ਜਨਵਰੀ 2025) ਕਿ ਰਾਜ ਵਿੱਚ ਪਹਿਲਾਂ ਤੋਂ ਚੱਲ ਰਹੇ ਸਰਕਾਰੀ ਸਕੂਲਾਂ ਤੋਂ ਇਲਾਵਾ ਆਦਰਸ਼ ਸਕੂਲ ਸਥਾਪਤ ਕੀਤੇ ਜਾਣੇ ਸਨ। ਹਾਲਾਂਕਿ ਸਰਕਾਰ ਨੇ ਰਾਜ ਵਿੱਚ ਪਛਾਣੀਆਂ ਗਈਆਂ 108 ਸਾਈਟਾਂ ਲਈ ਐਕਸਪਰੈਸ਼ਨ ਆਫ ਇਨਟਰੱਸਟ (2009) ਜਾਰੀ ਕੀਤਾ ਸੀ, ਫਿਰ ਵੀ ਸਕੂਲ ਸਿਰਫ 24 ਸਾਈਟਾਂ ਤੇ ਕੰਮ ਕਰ ਰਹੇ ਸਨ। ਇੱਛੁਕ ਨਿੱਜੀ ਭਾਈਵਾਲਾਂ ਦੀ ਅਣਹੋਂਦ ਵਿੱਚ, ਬੋਰਡ ਪਛਾਣੀਆਂ ਗਈਆਂ ਸਾਰੀਆਂ ਸਾਈਟਾਂ ਵਿੱਚ ਆਦਰਸ਼ ਸਕੂਲ ਚਲਾਉਣ ਦੇ ਯੋਗ ਨਹੀਂ ਸੀ। ਫੰਡਾਂ ਦੀ ਵਰਤੋਂ ਨਾ ਕਰਨ ਦੇ ਸਬੰਧ ਵਿੱਚ, ਇਹ ਕਿਹਾ ਗਿਆ ਸੀ (ਜਨਵਰੀ 2025) ਕਿ ਖਜ਼ਾਨੇ ਦੁਆਰਾ ₹ 6.40 ਕਰੋੜ ਦੇ ਬਿੱਲਾਂ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ ਸੀ ਅਤੇ ਸੋਧੇ ਹੋਏ ਬਜਟ ਵਿੱਚ ₹ 1.60 ਕਰੋੜ ਅਲਾਟ ਨਹੀਂ ਕੀਤੇ ਗਏ ਸਨ। ਇਹ ਵੀ ਕਿਹਾ ਗਿਆ ਕਿ ਪੀ ਪੀ ਪੀ ਮੋਡ ਅਧੀਨ ਕੋਈ ਨਵਾਂ ਆਦਰਸ਼ ਸਕੂਲ ਖੋਲਣ ਦਾ ਕੋਈ ਪ੍ਰਸਤਾਵ ਨਹੀਂ ਹੈ। ਵਿਭਾਗ ਦਾ ਜਵਾਬ ਸੰਤੁਸ਼ਟੀਜਨਕ ਨਹੀਂ ਸੀ, ਕਿਉਂਕਿ ਬੋਰਡ ਨੇ ਪ੍ਰਾਈਵੇਟ ਭਾਈਵਾਲਾਂ ਨੂੰ ਸ਼ਾਮਲ ਕਰਨ ਲਈ ਢੁਕਵੇਂ ਕਦਮ ਨਹੀਂ ਚੁੱਕੇ ਕਿਉਂਕਿ 2009 ਤੋਂ ਬਾਅਦ ਕੋਈ ਐਕਸਪਰੈਸ਼ਨ ਆਫ ਇਨਟਰੱਸਟ ਜਾਰੀ ਕੀਤਾ ਨਹੀਂ ਗਿਆ ਸੀ, ਜੋ ਪੰਜਾਬ ਰਾਜ ਵਿੱਚ 118 ਆਦਰਸ਼ ਸਕੂਲ ਸਥਾਪਤ ਕਰਨ ਦੇ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਮਾੜੇ ਪ੍ਰਬੰਧਨ ਅਤੇ ਇਰਾਦੇ ਦੀ ਘਾਟ ਨੂੰ ਦਰਸਾਉਂਦਾ ਹੈ। ਇਸ ਤੋਂ ਇਲਾਵਾ, ਲੇਖਾ ਪ੍ਰੀਖਿਆ ਨੂੰ ਖਜ਼ਾਨੇ ਵੱਲੋਂ ਬਿੱਲਾਂ ਦੀ ਕਲੀਅਰੈਂਸ ਨਾ ਹੋਣ ਅਤੇ ਫੰਡਾਂ ਦੀ ਵਿਵਸਥਾ ਨਾ ਹੋਣ ਦੇ ਕਾਰਨ ਨਹੀਂ ਦੱਸੇ ਗਏ ਸਨ।

**(ii)** ਵਿੱਤੀ ਸਾਲ 2018-2019 ਤੋਂ 2022-23 ਦੌਰਾਨ ਵੱਖ-ਵੱਖ ਪੀ ਈ ਡੀ ਬੀ ਗਤੀਵਿਧੀਆਂ ਲਈ ₹ 384.78 ਕਰੋੜ ਦੀ ਕੁੱਲ ਅਲਾਟਮੈਂਟ ਅਤੇ ਵਰਤੋਂ ਦੇ ਬਾਵਜੂਦ ਨਾ ਤਾਂ ਬੋਰਡ ਦੀ ਕੋਈ ਮੀਟਿੰਗ ਹੋਈ ਅਤੇ ਨਾ ਹੀ ਪੀ ਈ ਡੀ ਬੀ ਦੇ ਮੈਮੋਰੰਡਮ ਵਿੱਚ ਦਰਸਾਏ ਅਨੁਸਾਰ ਸਾਲਾਨਾ ਆਮਦਨ ਅਤੇ ਖਰਚ ਦੇ ਵੇਰਵੇ ਤਿਆਰ ਕੀਤੇ ਗਏ।

ਵਿਭਾਗ ਨੇ ਕਿਹਾ (ਜਨਵਰੀ 2025) ਕਿ ਪੀ ਈ ਡੀ ਬੀ ਰਾਜ ਸਕੀਮ ਰਾਹੀਂ ਪੀ ਈ ਡੀ ਬੀ ਗਤੀਵਿਧੀਆਂ ਲਈ ਬਜਟ ਅਲਾਟ ਕੀਤਾ ਜਾ ਰਿਹਾ ਹੈ। ਬਜਟ ਪ੍ਰਸਤਾਵ ਵਿੱਤ ਵਿਭਾਗ, ਪੰਜਾਬ ਰਾਹੀਂ ਯੋਜਨਾ ਵਿਭਾਗ ਨੂੰ ਸੌਂਪਿਆ ਗਿਆ ਸੀ ਅਤੇ ਵੱਖ-ਵੱਖ ਮੀਟਿੰਗਾਂ ਵਿੱਚ ਵਿਚਾਰ ਵਟਾਂਦਰੇ ਤੋਂ ਬਾਅਦ ਐਫ ਡੀ ਦੁਆਰਾ ਅੰਤਿਮ ਬਜਟ ਅਲਾਟ ਕੀਤਾ ਗਿਆ ਸੀ। ਪੀ ਈ ਡੀ ਬੀ, ਪੀ ਈ ਡੀ ਬੀ ਅਤੇ ਆਦਰਸ਼ ਸਕੂਲਾਂ ਦੇ ਵਿਧਾਨਿਕ ਲੇਖਾ ਪ੍ਰੀਖਿਆ ਲਈ ਟੈਂਡਰ ਮੰਗਣ ਦੀ ਪ੍ਰਕਿਰਿਆ ਜਾਰੀ ਸੀ। ਸਬੰਧਤ ਸਾਲਾਂ ਲਈ ਆਮਦਨ ਅਤੇ ਖਰਚ ਦਾ ਵੇਰਵਾ ਵੀ ਵਿਧਾਨਿਕ ਲੇਖਾ ਪਰੀਖਕ ਦੁਆਰਾ ਤਿਆਰ ਕੀਤਾ ਜਾਵੇਗਾ।

**(iii)** ਨਮੂਨਾ-ਜਾਂਚ ਕੀਤੇ ਗਏ ਦੋ ਆਦਰਸ਼ ਸਕੂਲਾਂ ਵਿੱਚੋਂ ਇੱਕ[23] ਵਿੱਚ, ਲੇਖਾ ਪ੍ਰੀਖਿਆ ਨੇ ਦੇਖਿਆ ਕਿ 2019-20 ਅਤੇ 2022-23 ਦੀ ਮਿਆਦ ਦੌਰਾਨ ਸਕੂਲ ਵਿੱਚ ਭੌਤਿਕ ਵਿਗਿਆਨ,

[23] ਆਦਰਸ਼ ਸਕੂਲ, ਕਾਲੇਕੇ, ਜ਼ਿਲ੍ਹਾ ਬਰਨਾਲਾ।

ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਲਈ ਕੋਈ ਅਧਿਆਪਕ ਨਹੀਂ ਸੀ, ਜਦੋਂਕਿ 2019-20 ਵਿੱਚ 31 ਵਿਦਿਆਰਥੀ ਅਤੇ 2022-23 ਵਿੱਚ 48 ਵਿਦਿਆਰਥੀ ਦਾਖਲ ਹੋਏ ਸਨ।

ਇਹ ਪੁੱਛੇ ਜਾਣ ਤੇ ਕਿ ਇਨ੍ਹਾਂ ਸਾਲਾਂ ਦੌਰਾਨ ਵਿਦਿਆਰਥੀਆਂ ਨੂੰ ਸਿੱਖਿਆ ਕਿਵੇਂ ਦਿੱਤੀ ਗਈ, ਪ੍ਰਿੰਸੀਪਲ ਨੇ ਦੱਸਿਆ (ਫਰਵਰੀ 2025) ਕਿ ਟੀ ਜੀ ਟੀ ਅਧਿਆਪਕਾਂ ਅਤੇ ਐਮ ਐਸ ਸੀ ਕੈਮਿਸਟਰੀ ਦੀ ਡਿਗਰੀ ਪ੍ਰਾਪਤ ਸਾਇੰਸ ਲੇਬਾਰਟਰੀ ਸਹਾਇਕ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਸਿੱਖਿਆ ਦਿੱਤੀ। ਇਸ ਤਰ੍ਹਾਂ, ਗੈਰ-ਯੋਗਤਾ ਪ੍ਰਾਪਤ ਅਧਿਆਪਕਾਂ ਦੁਆਰਾ ਪ੍ਰਦਾਨ ਕੀਤੀ ਗਈ ਸਿੱਖਿਆ ਇੱਕ ਆਦਰਸ਼ ਸਕੂਲ ਦੀ ਸਥਾਪਨਾ ਲਈ ਦਿਸ਼ਾ ਨਿਰਦੇਸ਼ਾਂ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੀ ਸੀ, ਜਿਸਦਾ ਉਦੇਸ਼ ਰਾਸ਼ਟਰੀ ਮਿਆਰਾਂ ਦੇ ਅਨੁਸਾਰ ਉੱਚ ਗੁਣਵੱਤਾ ਵਾਲੀ, ਵਿਆਪਕ ਸਿੱਖਿਆ ਪ੍ਰਦਾਨ ਕਰਨਾ ਹੈ।

ਇਸ ਤਰ੍ਹਾਂ, ਆਦਰਸ਼ ਸਕੂਲਾਂ ਦੀ ਨਿਰਧਾਰਤ ਗਿਣਤੀ ਸਥਾਪਤ ਕਰਨ ਵਿੱਚ ਅਸਮਰਥਾ ਅਤੇ ਆਦਰਸ਼ ਸਕੂਲਾਂ ਦੇ ਵਿਕਾਸ ਕਾਰਜਾਂ ਲਈ ਅਲਾਟ ਕੀਤੇ ਫੰਡਾਂ ਦੀ ਵਰਤੋਂ ਨਾ ਕਰਨਾ ਅਪ੍ਰਭਾਵੀ ਪ੍ਰੋਜੈਕਟ ਲਾਗੂ ਕਰਨ ਨੂੰ ਦਰਸਾਉਂਦਾ ਹੈ, ਜੋ ਪਛੜੇ ਖੇਤਰਾਂ ਵਿੱਚ ਗੁਣਵੱਤਾ ਸਿੱਖਿਆ ਪ੍ਰਦਾਨ ਕਰਨ ਦੇ ਸਰਕਾਰ ਦੇ ਦ੍ਰਿਸ਼ਟੀਕੋਣ ਨੂੰ ਕਮਜ਼ੋਰ ਕਰਦਾ ਹੈ। ਇਸ ਤੋਂ ਇਲਾਵਾ, ਆਦਰਸ਼ ਸਕੂਲ, ਕਾਲੇਕੇ (ਜ਼ਿਲ੍ਹਾ ਬਰਨਾਲਾ) ਵਿੱਚ ਮਹੱਤਵਪੂਰਨ ਵਿਸ਼ਿਆਂ (ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ) ਲਈ ਜ਼ਰੂਰੀ ਅਧਿਆਪਨ ਸਟਾਫ ਦੀ ਅਣਹੋਂਦ ਸਿੱਖਿਆ ਦੀ ਗੁਣਵੱਤਾ ਨੂੰ ਕਾਫੀ ਪ੍ਰਭਾਵਿਤ ਕਰਦੀ ਹੈ।

### 3.7.8 ਪੰਜਾਬ ਦੇ ਗਰੀਬ ਅਤੇ ਹੋਣਹਾਰ ਵਿਦਿਆਰਥੀਆਂ ਲਈ ਗੁਣਵੱਤਾ ਸਿੱਖਿਆ ਨੂੰ ਉਤਸ਼ਾਹਤ ਕਰਨ ਲਈ ਸੁਸਾਇਟੀ

ਸੋਸਾਇਟੀ ਫਾਰ ਪ੍ਰਮੋਸ਼ਨ ਆਫ ਕੁਆਲਿਟੀ ਐਜੂਕੇਸ਼ਨ ਫਾਰ ਪੁਅਰ ਐਂਡ ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ (ਮੈਰੀਟੋਰੀਅਸ ਸੁਸਾਇਟੀ) ਦੀ ਸਥਾਪਨਾ (2013) ਕੀਤੀ ਗਈ ਸੀ ਜਿਸ ਦਾ ਉਦੇਸ਼ ਪੰਜਾਬ ਦੇ ਵਿਸ਼ੇਸ਼ ਤੌਰ 'ਤੇ ਗਰੀਬ ਹੋਣਹਾਰ ਵਿਦਿਆਰਥੀਆਂ ਨੂੰ ਗੁਣਵੱਤਾ ਸਿੱਖਿਆ ਪ੍ਰਦਾਨ ਕਰਨ ਲਈ ਰਾਜ ਭਰ ਵਿੱਚ ਸੀਨੀਆਰ ਸੈਕੰਡਰੀ ਸਕੂਲ ਸਥਾਪਤ ਕਰਨਾ ਸੀ। ਸੋਸਾਇਟੀ ਸਹੀ ਲੇਖਾ-ਜੋਖਾ ਅਤੇ ਸੰਬੰਧਤ ਰਿਕਾਰਡਾਂ ਨੂੰ ਬਣਾਈ ਰੱਖਣ ਲਈ ਜ਼ਿੰਮੇਵਾਰ ਹੈ ਜਿਸ ਵਿੱਚ ਲੇਖਿਆਂ ਦੀ ਸਾਲਾਨਾ ਵਿਵਰਣੀ ਵੀ ਸ਼ਾਮਲ ਹੈ, ਜਿਸ ਵਿੱਚ ਸਾਲ ਭਰ ਸੁਸਾਇਟੀ ਦੀਆਂ ਵਿੱਤੀ ਗਤੀਵਿਧੀਆਂ ਬਾਰੇ ਸਾਰੇ ਵੇਰਵੇ ਹੋਣੇ ਚਾਹੀਦੇ ਹਨ। ਸੁਸਾਇਟੀ ਦੇ ਫੰਡ ਵੱਖ-ਵੱਖ ਸਰੋਤਾਂ ਤੋਂ ਆਉਂਦੇ ਹਨ, ਜਿਸ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ, ਫੀਸਾਂ, ਸਹਾਇਤਾਂ ਗ੍ਰਾਂਟਾਂ, ਦਾਨ ਅਤੇ ਹੋਰ ਸ੍ਰੋਤ ਸ਼ਾਮਲ ਹਨ।

(i) ਮੈਰੀਟੋਰੀਅਸ ਸੋਸਾਇਟੀ ਦੇ ਰਿਕਾਰਡਾਂ ਦੀ ਜਾਂਚ ਤੋਂ ਪਤਾ ਲੱਗਿਆ ਕਿ:

- ਸੋਸਾਇਟੀ ਨੇ ਲੇਖਾ ਪ੍ਰੀਖਿਆ ਦੀ ਮਿਆਦ ਭਾਵ 2018-19 ਤੋਂ 2022-23 ਦੌਰਾਨ ਪ੍ਰਬੰਧਕੀ ਰਿਪੋਰਟ ਤਿਆਰ ਨਹੀਂ ਕੀਤੀ।

- ਜੂਨ 2015 ਤੋਂ ਬਾਅਦ ਕਾਰਜਕਾਰੀ ਕਮੇਟੀ ਦੀ ਕੋਈ ਮੀਟਿੰਗ ਨਹੀਂ ਬੁਲਾਈ ਗਈ ਸੀ।
- ਸਾਲ 2020-21 ਤੋਂ 2022-23 ਲਈ ਵਿੱਤੀ ਵਿਵਰਣੀਆਂ ਤਿਆਰ ਨਹੀਂ ਕੀਤੀਆਂ ਗਈਆਂ ਸਨ।
- ਸੋਸਾਇਟੀ ਸਾਰੇ 10 ਮੈਰੀਟੋਰੀਅਸ ਸਕੂਲਾਂ ਵਿੱਚ ਸਿਰਫ ਕਾਮਰਸ ਅਤੇ ਸਾਇੰਸ ਸਟ੍ਰੀਮਾਂ ਵਿੱਚ ਸਿੱਖਿਆ ਪ੍ਰਦਾਨ ਕਰਦੀ ਹੈ, ਜਿਸ ਨਾਲ ਆਰਟਸ ਵਿੱਚ ਦਿਲਚਸਪੀ ਰੱਖਣ ਵਾਲੇ ਵਿਦਿਆਰਥੀ ਪੜ੍ਹਾਈ ਦੇ ਆਪਣੇ ਪਸੰਦੀਦਾ ਕੋਰਸ ਨੂੰ ਪੂਰਾ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ।

ਸੋਸਾਇਟੀ ਨੇ ਕਿਹਾ (ਜਨਵਰੀ 2025) ਕਿ ਸੁਸਾਇਟੀ ਦੀ ਪ੍ਰਬੰਧਕੀ ਰਿਪੋਰਟ ਦਿੱਤੇ ਫਾਰਮੈਟ ਵਿੱਚ ਤਿਆਰ ਕੀਤੀ ਗਈ ਸੀ ਅਤੇ ਵਿਭਾਗ ਦੀ ਪ੍ਰਬੰਧਕੀ ਰਿਪੋਰਟ ਦਾ ਹਿੱਸਾ ਬਣਨ ਲਈ ਤਾਲਮੇਲ ਸ਼ਾਖਾ ਨੂੰ ਭੇਜੀ ਗਈ ਸੀ। ਸਾਲ 2020-21 ਤੋਂ 2022-23 ਤੱਕ 10 ਮੈਰੀਟੋਰੀਅਸ ਸਕੂਲਾਂ ਅਤੇ ਮੈਰੀਟੋਰੀਅਸ ਸੁਸਾਇਟੀ ਦੀ ਵਿਧਾਨਕ ਲੇਖਾ ਪ੍ਰੀਖਿਆ ਚੱਲ ਰਹੀ ਸੀ, ਜਿਸ ਦੇ ਮੁਕੰਮਲ ਹੋਣ ਦੀ ਸੰਭਾਵਨਾ ਸੀ। ਵੱਖ-ਵੱਖ ਧਾਰਾਵਾਂ ਵਿੱਚ ਸਿੱਖਿਆ ਪ੍ਰਦਾਨ ਕਰਨ ਦਾ ਫੈਸਲਾ ਸਰਕਾਰ ਦੇ ਪੱਧਰ ਤੇ ਲਿਆ ਗਿਆ ਸੀ। ਕਿਉਂਕਿ ਰਾਜ ਵਿੱਚ ਮੈਰੀਟੋਰੀਅਸ ਸਕੂਲ ਸਥਾਪਤ ਕਰਨ ਦਾ ਮੁੱਖ ਉਦੇਸ਼ ਪੰਜਾਬ ਦੇ ਗਰੀਬ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਜੇ ਈ ਈ/ਐਨ ਈ ਈ ਟੀ/ਸੀ ਐਲ ਏ ਟੀ/ ਸੀ ਐਮ ਏ/ਸੀ ਏ ਆਦਿ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਤਿਆਰ ਕਰਨ ਲਈ ਸਹਾਇਤਾ ਪ੍ਰਦਾਨ ਕਰਨਾ ਸੀ, ਇਹ ਮੁੱਖ ਤੌਰ ਤੇ ਕਾਮਰਸ ਅਤੇ ਸਾਇੰਸ ਸਟ੍ਰੀਮ ਜ਼ਰੀਏ ਪੜ੍ਹਾਈ ਤੇ ਅਧਾਰਤ ਸਨ। ਹਾਲਾਂਕਿ, ਸੁਸਾਇਟੀ ਨੇ ਆਪਣੇ ਜਵਾਬ ਦੇ ਸਮਰਥਨ ਵਿੱਚ ਕੋਈ ਦਸਤਾਵੇਜ਼ੀ ਸਬੂਤ ਨਹੀਂ ਦਿੱਤਾ।

(ii) ਨਮੂਨਾ-ਜਾਂਚ ਕੀਤੇ ਗਏ ਚਾਰ ਮੈਰੀਟੋਰੀਅਸ ਸਕੂਲਾਂ ਦੇ ਰਿਕਾਰਡਾਂ ਦੀ ਜਾਂਚ ਤੋਂ ਪਤਾ ਲੱਗਿਆ ਕਿ:

- ਸੋਸਾਇਟੀ ਮੈਮੋਰੰਡਮ ਆਫ ਐਸੋਸੀਏਸ਼ਨ ਦੀਆਂ ਸ਼ਰਤਾਂ ਦੇ ਬਾਵਜੂਦ, ਸਾਰੇ ਚਾਰ ਨਮੂਨਾ- ਜਾਂਚ ਕੀਤੇ ਮੈਰੀਟੋਰੀਅਸ ਸਕੂਲਾਂ ਦੁਆਰਾ ਕੋਈ ਵੋਕੇਸ਼ਨਲ ਸਿਖਲਾਈ ਪ੍ਰਦਾਨ ਨਹੀਂ ਕੀਤੀ ਗਈ।

  ਸੋਸਾਇਟੀ ਨੇ (ਜਨਵਰੀ 2025) ਕਿਹਾ ਵਰਤਮਾਨ ਵਿੱਚ, ਮੈਰੀਟੋਰੀਅਸ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੋਕੇਸ਼ਨਲ ਸਿੱਖਿਆ ਦੇਣ ਦਾ ਕੋਈ ਪ੍ਰਬੰਧ ਨਹੀਂ ਹੈ। ਮੈਰੀਟੋਰੀਅਸ ਸਕੂਲਾਂ ਦਾ ਮੁੱਖ ਕੇਂਦਰ ਵਿਦਿਆਰਥੀਆਂ ਨੂੰ ਗੁਣਵੱਤਾ ਸਿੱਖਿਆ ਪ੍ਰਦਾਨ ਕਰਨਾ ਅਤੇ ਉਨ੍ਹਾਂ ਨੂੰ ਈ ਈ/ਐਨ ਈ ਈ ਟੀ/ਸੀ ਏ ਆਦਿ ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਤਿਆਰ ਕਰਨਾ ਸੀ। ਨੇੜਲੇ ਬਹੁਤ ਸਾਰੇ ਸਕੂਲਾਂ ਵਿੱਚ ਵੋਕੇਸ਼ਨਲ ਸਿੱਖਿਆ ਉਪਲਬਧ ਸੀ। ਸੋਸਾਇਟੀ ਦਾ ਜਵਾਬ ਸੋਸਾਇਟੀ ਮੈਮੋਰੰਡਮ ਆਫ ਐਸੋਸੀਏਸ਼ਨ ਦੇ ਅਨੁਕੂਲ ਨਹੀਂ ਸੀ।

- ਪਟਿਆਲਾ ਵਿੱਚ, ਐਸ ਐਮ ਸੀ ਦਾ ਗਠਨ ਸਕੂਲ ਦੀ ਸਥਾਪਨਾ ਦੇ ਛੇ ਸਾਲ ਬਾਅਦ ਦਸੰਬਰ 2020 ਵਿੱਚ ਕੀਤਾ ਗਿਆ ਸੀ। ਐਸ ਐਮ ਸੀ ਨੇ 2021-22 ਜਾਂ 2022-23 ਲਈ

ਐਸ ਡੀ ਪੀ ਤਿਆਰ ਨਹੀਂ ਕੀਤੀ। ਨਤੀਜੇ ਵਜੋਂ, ਲੇਖਾ ਪ੍ਰੀਖਿਆ ਇਹ ਮੁਲਾਂਕਣ ਨਹੀਂ ਕਰ ਸਕੀ ਕਿ ਕੀ ਸਕੂਲ ਪੱਧਰ ਦੀਆਂ ਜ਼ਰੂਰਤਾਂ ਨੂੰ ਉੱਚ ਅਧਿਕਾਰੀਆਂ ਨੂੰ ਦੱਸਿਆ ਗਿਆ ਸੀ।

ਸੋਸਾਇਟੀ ਨੇ ਕਿਹਾ (ਜਨਵਰੀ 2025) ਕਿ ਇਸ ਮਾਮਲੇ ਨੂੰ ਵੇਖਿਆ ਜਾਵੇਗਾ ਅਤੇ ਐਸ ਡੀ ਪੀ ਤਿਆਰ ਕਰਨ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

- ਮੈਰੀਟੋਰੀਅਸ ਸਕੂਲ, ਜਲੰਧਰ ਵੱਲੋਂ ਸਾਲ 2018-2022 (2020-21 ਨੂੰ ਛੱਡ ਕੇ) ਦੌਰਾਨ ਦਾਖਲ ਹੋਏ 1,111 ਵਿਦਿਆਰਥੀਆਂ ਨੂੰ ਸੁਸਾਇਟੀ ਤੋਂ ਫੰਡ ਪ੍ਰਾਪਤ ਨਾ ਹੋਣ ਕਾਰਨ ਕੋਈ ਇਕਸਾਰ ਗ੍ਰਾਂਟ ਨਹੀਂ ਦਿੱਤੀ ਗਈ। ਸੋਸਾਇਟੀ (ਜਨਵਰੀ 2025) ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ।

## 3.8 ਮਨੁੱਖੀ ਸਰੋਤ ਪ੍ਰਬੰਧਨ

ਆਰ ਟੀ ਈ ਐਕਟ ਦੀ ਧਾਰਾ 25 ਇਹ ਨਿਰਧਾਰਤ ਕਰਦੀ ਹੈ ਕਿ ਇਸ ਐਕਟ ਦੇ ਲਾਗੂ ਹੋਣ ਦੀ ਮਿਤੀ ਤੋਂ ਤਿੰਨ ਸਾਲਾਂ ਦੇ ਅੰਦਰ, ਉਚਿਤ ਸਰਕਾਰ ਅਤੇ ਸਥਾਨਕ ਅਥਾਰਟੀ ਮਨਜ਼ੂਰਸ਼ੁਦਾ ਅਸਾਮੀ ਨੋਟੀਫਾਈ ਕਰੇਗੀ ਅਤੇ ਇਹ ਯਕੀਨੀ ਬਣਾਏਗੀ ਕਿ ਅਨੁਸੂਚੀ ਵਿੱਚ ਨਿਰਧਾਰਤ ਵਿਦਿਆਰਥੀ ਅਧਿਆਪਕ ਅਨੁਪਾਤ (ਪੀ ਟੀ ਆਰ) ਹਰੇਕ ਸਕੂਲ ਵਿੱਚ ਬਣਾਈ ਰੱਖਿਆ ਜਾਵੇ। ਪੰਜਾਬ ਸਰਕਾਰ ਨੇ ਕੁਸ਼ਲਤਾ ਅਤੇ ਗੁਣਵੱਤਾ ਸਿੱਖਿਆ ਪ੍ਰਦਾਨ ਕਰਨ ਲਈ ਸਟਾਫ ਦੀ ਮੁੜ ਐਲੋਕੇਸ਼ਨ ਕਰਕੇ ਸਰੋਤਾਂ ਦੀ ਵੰਡ ਨੂੰ ਅਨੁਕੂਲ ਬਣਾਉਣ ਲਈ ਰੈਸ਼ਨੇਲਾਈਜੇਸ਼ਨ ਨੀਤੀ ਨੋਟੀਫਾਈ ਕੀਤੀ (ਅਗਸਤ 2018)।

ਹਾਲਾਂਕਿ ਰਾਜ ਨੇ ਅਧਿਆਪਕਾਂ ਦੀ ਤਾਇਨਾਤ ਲਈ ਰੈਸ਼ਨੇਲਾਈਜੇਸ਼ਨ ਨੀਤੀ (ਅਗਸਤ 2018) ਨੋਟੀਫਾਈ ਕੀਤੀ ਸੀ, ਪਰ ਲੇਖਾ ਪ੍ਰੀਖਿਆ ਦੌਰਾਨ ਅਧਿਆਪਕਾਂ ਦੀ ਅਨਿਯਮਿਤ/ਗੈਰ-ਤਾਇਨਾਤ ਦੇ ਮਾਮਲੇ ਸਾਹਮਣੇ ਆਏ ਸਨ, ਜਿਵੇਂ ਕਿ ਅਗਲੇ ਪੈਰਾਗ੍ਰਾਫਾਂ ਵਿੱਚ ਚਰਚਾ ਕੀਤੀ ਗਈ ਹੈ।

### 3.8.1 ਸਕੂਲਾਂ ਵਿੱਚ ਅਧਿਆਪਨ ਸਟਾਫ ਦੀ ਕਮੀ

ਮਾਰਚ 2023 ਤੱਕ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਅਤੇ ਪਰਸਨ-ਇਨ-ਪੋਜ਼ੀਸ਼ਨ (ਪੀ ਆਈ ਪੀ) ਦੀ ਸਥਿਤੀ **ਸਾਰਣੀ** 3.7 ਵਿੱਚ ਦਰਸਾਈ ਗਈ ਹੈ।

**ਸਾਰਣੀ 3.7: ਮਾਰਚ 2023 ਤੱਕ ਪੀ ਆਈ ਪੀ ਦੇ ਮੁਕਾਬਲੇ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ**

| ਲੜੀ ਨੰ. | ਅਸਾਮੀ ਦਾ ਨਾਂਅ | ਮਨਜ਼ੂਰਸ਼ੁਦਾ ਅਸਾਮੀਆਂ | ਤੈਨਾਤ ਨਫਰੀ | ਖਾਲੀ ਅਸਾਮੀ | ਖਾਲੀ ਅਸਾਮੀ (ਪ੍ਰਤੀਸ਼ਤਤਾ) |
|---|---|---|---|---|---|
| ਪ੍ਰਾਇਮਰੀ ਕਾਡਰ (1 ਤੋਂ 5ਵੀਂ ਜਮਾਤ) | | | | | |
| 1. | ਮੁੱਖ ਅਧਿਆਪਕ | 7,736 | 6,850 | 886 | 11.45 |
| 2. | ਐਲੀਮੈਂਟਰੀ ਅਧਿਆਪਕ | 32,511 | 30,973 | 1,538 | 4.73 |
| **ਜੋੜ** | | **40,247** | **37,823** | **2,424** | **6.02** |
| ਮਾਸਟਰ ਕੈਡਰ/ਟੀ ਜੀ ਟੀ (6ਵੀਂ ਤੋਂ 10ਵੀਂ ਜਮਾਤ) | | | | | |
| 1. | ਗਣਿਤ ਅਧਿਆਪਕ | 8,620 | 8,442 | 178 | 2.06 |
| 2. | ਵਿਗਿਆਨ ਅਧਿਆਪਕ | 10,873 | 10,654 | 219 | 2.01 |
| 3. | ਸਮਾਜਿਕ ਸਿੱਖਿਆ ਅਧਿਆਪਕ | 9,791 | 8,439 | 1,352 | 13.81 |
| 4. | ਅੰਗਰੇਜ਼ੀ ਅਧਿਆਪਕ | 6,258 | 6,177 | 81 | 1.29 |

| ਲੜੀ ਨੰ. | ਅਸਾਮੀ ਦਾ ਨਾਂਅ | ਮਨਜ਼ੂਰਸ਼ੁਦਾ ਅਸਾਮੀਆਂ | ਤੈਨਾਤ ਨਫਰੀ | ਖਾਲੀ ਅਸਾਮੀ | ਖਾਲੀ ਅਸਾਮੀ (ਪ੍ਰਤੀਸ਼ਤਤਾ) |
|---|---|---|---|---|---|
| 5. | ਪੰਜਾਬੀ ਅਧਿਆਪਕ | 8,502 | 6,383 | 2,119 | 24.92 |
| 6. | ਹਿੰਦੀ ਅਧਿਆਪਕ | 7,685 | 6,098 | 1,587 | 20.65 |
| 7. | ਸੰਸਕ੍ਰਿਤ ਅਧਿਆਪਕ | 58 | 40 | 18 | 31.03 |
| 8. | ਉਰਦੂ ਅਧਿਆਪਕ | 14 | 14 | 0 | - |
| 9. | ਗ੍ਰਹਿ ਵਿਗਿਆਨ ਅਧਿਆਪਕ | 78 | 75 | 3 | 3.85 |
| 10. | ਸੰਗੀਤ ਅਧਿਆਪਕ | 55 | 50 | 5 | 9.09 |
| 11. | ਖੇਤੀਬਾੜੀ ਅਧਿਆਪਕ | 107 | 74 | 33 | 30.84 |
| 12. | ਫਾਈਨ ਆਰਟਸ ਅਧਿਆਪਕ | 5 | 2 | 3 | 60.00 |
| 13. | ਸਰੀਰਕ ਸਿੱਖਿਆ ਅਧਿਆਪਕ/ ਡੀ ਪੀ ਈ | 3,825 | 1,547 | 2,278 | 59.56 |
| **ਜੋੜ** | | **55,871** | **47,995** | **7,876** | **14.10** |
| **ਲੈਕਚਰਾਰ/ਪੀ ਜੀ ਟੀ (11ਵੀਂ ਤੋਂ 12ਵੀਂ ਜਮਾਤ)** | | | | | |
| 1. | ਅੰਗਰੇਜ਼ੀ | 2,371 | 1,493 | 878 | 37.03 |
| 2. | ਗਣਿਤ | 908 | 714 | 194 | 21.37 |
| 3. | ਪੰਜਾਬੀ | 2,373 | 1,527 | 846 | 35.65 |
| 4. | ਹਿੰਦੀ | 155 | 106 | 49 | 31.61 |
| 5. | ਸੰਸਕ੍ਰਿਤ | 1 | 1 | - | - |
| 6. | ਗ੍ਰਹਿ ਵਿਗਿਆਨ | 27 | 13 | 14 | 51.85 |
| 7. | ਸੰਗੀਤ | 26 | 17 | 9 | 34.62 |
| 8. | ਜੀਵ ਵਿਗਿਆਨ | 692 | 449 | 243 | 35.12 |
| 9. | ਰਸਾਇਣ ਵਿਗਿਆਨ | 666 | 547 | 119 | 17.87 |
| 10. | ਕਾਮਰਸ | 1,095 | 778 | 317 | 28.95 |
| 11. | ਅਰਥ ਸ਼ਾਸਤਰ | 1,015 | 777 | 238 | 23.45 |
| 12. | ਫਾਈਨ ਆਰਟਸ | 18 | 9 | 9 | 50.00 |
| 13. | ਭਗੋਲ | 251 | 201 | 50 | 19.92 |
| 14. | ਇਤਿਹਾਸ | 1,300 | 812 | 488 | 37.54 |
| 15. | ਸਰੀਰਕ ਸਿੱਖਿਆ | 719 | 480 | 239 | 33.24 |
| 16. | ਭੌਤਿਕ ਵਿਗਿਆਨ | 793 | 542 | 251 | 31.65 |
| 17. | ਰਾਜਨੀਤੀ ਵਿਗਿਆਨ | 1,447 | 998 | 449 | 31.03 |
| 18. | ਸਮਾਜ ਸ਼ਾਸਤਰ | 47 | 37 | 10 | 21.28 |
| **ਜੋੜ** | | **13,904** | **9,501** | **4,403** | **31.67** |

*ਸ੍ਰੋਤ: ਵਿਭਾਗੀ ਡਾਟਾ* *ਟੀ ਜੀ ਟੀ: ਟ੍ਰੇਂਡ ਗਰੇਜੂਏਟ ਟੀਚਰ; ਪੀ ਜੀ ਟੀ: ਪੋਸਟ ਗਰੇਜੂਏਟ ਟੀਚਰ*

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਮਾਰਚ 2023 ਤੱਕ, ਰਾਜ ਦੇ ਸਕੂਲਾਂ ਵਿੱਚ ਅਧਿਆਪਨ ਸਟਾਫ ਦੀ ਭਾਰੀ ਘਾਟ ਸੀ। **ਸਾਰਣੀ** 3.7 ਦਰਸਾਉਂਦੀ ਹੈ ਕਿ:

- ਵੱਖ-ਵੱਖ ਵਿਸ਼ਿਆਂ ਅਧੀਨ ਮਾਸਟਰ ਕਾਡਰ ਵਿੱਚ 60 *ਪ੍ਰਤੀਸ਼ਤ* ਤੱਕ ਦੀ ਕਮੀ ਸੀ ਜਦੋਂਕਿ ਲੈਕਚਰਾਰ/ਪੀ ਜੀ ਟੀਜ਼ ਕਾਡਰ ਅਧੀਨ 52 *ਪ੍ਰਤੀਸ਼ਤ* ਤੱਕ ਦੀ ਕਮੀ ਸੀ।

- 11ਵੀਂ ਅਤੇ 12ਵੀਂ ਜਮਾਤ ਲਈ ਲੈਕਚਰਾਰਾਂ/ਪੀ ਜੀ ਟੀ ਦੀ ਕੁੱਲ 32 *ਪ੍ਰਤੀਸ਼ਤ* ਕਮੀ ਸੀ।

ਦਸੰਬਰ 2021 ਵਿੱਚ, ਡਾਇਰੈਕਟਰ (ਸੈਕੰਡਰੀ ਸਿੱਖਿਆ) ਨੇ ਸਿੱਖਿਆ ਭਰਤੀ ਬੋਰਡ, ਪੰਜਾਬ ਨੂੰ 250 ਆਰਟਸ ਐਂਡ ਕਰਾਫਟਸ ਅਧਿਆਪਕਾਂ ਅਤੇ ਵੱਖ-ਵੱਖ ਲੈਕਚਰਾਰ ਅਸਾਮੀਆਂ ਦੀ ਭਰਤੀ ਕਰਨ ਲਈ ਬੇਨਤੀ ਕੀਤੀ। ਹਾਲਾਂਕਿ ਬੋਰਡ ਨੇ ਆਰਟਸ ਐਂਡ ਕਰਾਫਟ ਅਧਿਆਪਕਾਂ ਅਤੇ ਵੱਖ-ਵੱਖ ਲੈਕਚਰਾਰਾਂ[24] ਦੀ ਭਰਤੀ ਲਈ ਆਪਣੀ ਵੈੱਬਸਾਈਟ ‘ਤੇ ਜਨਤਕ ਨੋਟਿਸ ਨੋਟੀਫਾਈ ਕੀਤਾ ਸੀ (ਜਨਵਰੀ 2022), ਪਰ 36 ਮਹੀਨੇ (ਜਨਵਰੀ 2025) ਬੀਤ ਜਾਣ ਤੋਂ ਬਾਅਦ ਵੀ ਭਰਤੀ ਨਹੀਂ ਕੀਤੀ ਜਾ ਸਕੀ।

ਵਿਭਾਗ ਨੇ ਦੱਸਿਆ (ਜਨਵਰੀ 2025) ਕਿ ਸਾਲ 2023-24 ਵਿੱਚ ਪ੍ਰਾਇਮਰੀ ਕਾਡਰ ਅਧੀਨ 34 ਅਧਿਆਪਕਾਂ ਦੀ ਭਰਤੀ ਕੀਤੀ ਗਈ ਸੀ ਅਤੇ ਖਾਲੀ ਅਸਾਮੀਆਂ ਨੂੰ ਤਰੱਕੀ ਰਾਹੀਂ ਭਰਨ ਦੀ ਪ੍ਰਕਿਰਿਆ ਵੀ ਜਾਰੀ ਹੈ। ਇਹ ਵੀ ਦੱਸਿਆ ਗਿਆ ਕਿ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਲਈ ਵਿਭਾਗ ਕੋਲ 8,358 ਅਧਿਆਪਕਾਂ[25] ਦੀ ਭਰਤੀ ਵਿਚਾਰ ਅਧੀਨ ਹੈ।

ਇਸ ਤਰ੍ਹਾਂ, ਅਧਿਆਪਨ ਸਟਾਫ ਦੀ ਘਾਟ ਅਤੇ ਭਰਤੀ ਵਿੱਚ ਦੇਰੀ ਦੇ ਨਤੀਜੇ ਵਜੋਂ ਅਧਿਆਪਕਾਂ ਦੀ ਗਿਣਤੀ ਨਾਕਾਫੀ ਰਹੀ ਜਿਸ ਦਾ ਨਤੀਜਾ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੀ ਗੁਣਵੱਤਾ 'ਤੇ ਪਵੇਗਾ।

### 3.8.2 ਸਕੂਲਾਂ ਵਿੱਚ ਗੈਰ-ਅਧਿਆਪਨ ਸਟਾਫ ਦੀ ਕਮੀ

ਮਾਰਚ 2023 ਤੱਕ ਸਰਕਾਰੀ ਹਾਈ ਸਕੂਲ (ਜੀ ਐਚ ਐਸ) ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਜੀ ਐਸ ਐਸ ਐਸ) ਦੇ ਸਬੰਧ ਵਿੱਚ ਗੈਰ-ਅਧਿਆਪਨ ਸਟਾਫ ਦੀ ਸਥਿਤੀ **ਸਾਰਣੀ** 3.8 ਵਿੱਚ ਵਿਸਥਾਰ ਨਾਲ ਦਿੱਤੀ ਗਈ ਹੈ।

**ਸਾਰਣੀ 3.8: ਮਾਰਚ 2023 ਤੱਕ ਜੀ ਐਚ ਐਸ ਅਤੇ ਜੀ ਐਸ ਐਸ ਐਸ ਵਿੱਚ ਗੈਰ-ਅਧਿਆਪਨ ਸਟਾਫ ਦੀ ਸਥਿਤੀ**

| ਲੜੀ ਨੰ. | ਸਕੂਲਾਂ ਦੀ ਸੰਖਿਆ | ਅਸਾਮੀ ਦਾ ਨਾਂਅ | ਮਨਜ਼ੂਰਸ਼ੁਦਾ ਅਸਾਮੀਆਂ | ਤੈਨਾਤ ਨਫਰੀ | ਖਾਲੀ ਅਸਾਮੀ | ਖਾਲੀ ਅਸਾਮੀ (*ਪ੍ਰਤੀਸ਼ਤ* ਵਿੱਚ) |
|---|---|---|---|---|---|---|
| 1. | 3,758 | ਸੀਨੀਅਰ ਲੈਬ ਅਸਿਸਟੈਂਟ ਅਸਿਸਟੈਂਟ/ਲੈਬ ਅਸਿਸਟੈਂਟ (ਐਸ ਐਲ ਏ/ਐਲ ਏ) | 2,307 | 1,487 | 820 | 35.54 |
| 2. | | ਕਲਰਕ | 3,969 | 1,782 | 2,187 | 55.10 |
| 3. | | ਲਾਇਬ੍ਰੇਰੀਅਨ | 1,742 | 818 | 924 | 53.04 |
| 4. | | ਚੌਕੀਦਾਰ/ਚਪੜਾਸੀ | 12,886 | 2,418 | 10,468 | 81.24 |
| 5. | | ਲੇਖਾਕਾਰ | ਨਿੱਲ | 42 | - | - |

*ਸ੍ਰੋਤ: ਵਿਭਾਗੀ ਡਾਟਾ*

[24] ਅਰਥ ਸ਼ਾਸਤਰ (18), ਕਾਮਰਸ (43), ਗਣਿਤ (68), ਇਤਿਹਾਸ (142) ਅਤੇ ਰਾਜਨੀਤੀ ਸ਼ਾਸਤਰ (72)।

[25] ਸਰਹੱਦੀ ਖੇਤਰ ਸਕੂਲਾਂ ਲਈ 2,364; ਅਤੇ ਪ੍ਰਤੀਕੂਲ ਵਿਦਿਆਰਥੀ-ਅਧਿਆਪਕ ਅਨੁਪਾਤ (ਪੀ ਟੀ ਆਰ) ਵਾਲੇ ਸਕੂਲਾਂ ਲਈ 5,994 ਹਨ।

**ਸਾਰਣੀ** 3.8 ਦਰਸਾਉਂਦੀ ਹੈ ਕਿ ਮਾਰਚ 2023 ਤੱਕ ਜੀ ਐਚ ਐਸ ਅਤੇ ਜੀ ਐਸ ਐਸ ਐਸ ਵਿੱਚ ਗੈਰ-ਅਧਿਆਪਨ ਸਟਾਫ ਦੀਆਂ ਵੱਖ-ਵੱਖ ਅਸਾਮੀਆਂ ਵਿੱਚ 35 *ਪ੍ਰਤੀਸ਼ਤ* ਤੋਂ 81 *ਪ੍ਰਤੀਸ਼ਤ* ਦੇ ਵਿਚਕਾਰ ਕਮੀ ਸੀ। ਲੇਖਾ ਪ੍ਰੀਖਿਆ ਨੇ ਦੇਖਿਆ ਕਿ:

- 278 ਸਕੂਲਾਂ ਵਿੱਚ ਇੱਕ ਤੋਂ ਵੱਧ ਐਸ ਐਲ ਏ/ਐਲ ਏ ਤਾਇਨਾਤ ਕੀਤੇ ਗਏ ਸਨ ਜਦੋਂਕਿ 2,754 ਸਕੂਲਾਂ ਵਿੱਚ ਕੋਈ ਐਲ ਏ/ਐਸ ਐਲ ਏ ਤਾਇਨਾਤ ਨਹੀਂ ਕੀਤਾ ਗਿਆ ਸੀ।
- ਮਿਡਲ ਸਕੂਲ ਵਿੱਚ ਇੱਕ ਐਸ ਐਲ ਏ/ਐਲ ਏ ਤਾਇਨਾਤ ਕੀਤਾ ਗਿਆ ਜਿਵੇਂ ਜੀ ਐਮ ਐਸ ਰਸੂਲਪੁਰ (ਤਰਨ ਤਾਰਨ) ਜਿੱਥੇ ਕੋਈ ਸਾਇੰਸ ਲੈਬ ਉਪਲਬਧ ਨਹੀਂ ਸੀ।
- ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਸਕੂਲ ਲਈ ਮਨਜ਼ੂਰ ਕੀਤੇ ਸਟਾਫ ਨੂੰ ਪ੍ਰਾਇਮਰੀ ਸਕੂਲਾਂ ਵਿੱਚ ਤੈਨਾਤ ਕੀਤਾ ਗਿਆ ਸੀ ਭਾਵ ਦੋ ਪ੍ਰਾਇਮਰੀ ਸਕੂਲਾਂ[26] ਵਿੱਚ ਦੋ ਕਲਰਕ ਅਤੇ ਤਿੰਨ ਲੇਖਾਕਾਰ ਤੈਨਾਤ ਕੀਤੇ ਗਏ ਸਨ।

52 ਨਮੂਨਾ-ਜਾਂਚ ਕੀਤੇ ਸਕੂਲਾਂ ਵਿੱਚ ਲੇਖਾ ਪ੍ਰੀਖਿਆ ਨੇ ਦੇਖਿਆ ਕਿ:

- 33 ਸਕੂਲਾਂ ਵਿੱਚ ਐਸ ਐਲ ਏ/ਐਲ ਏ ਦੀ ਕੋਈ ਵੀ ਅਸਾਮੀ ਮਨਜ਼ੂਰ ਨਹੀਂ ਕੀਤੀ ਗਈ, ਹਾਲਾਂਕਿ 33 ਵਿੱਚੋਂ 26 ਸਕੂਲਾਂ ਵਿੱਚ ਸਾਇੰਸ ਲੈਬ ਉਪਲਬਧ ਸਨ। ਬਾਕੀ 19 ਸਕੂਲਾਂ ਵਿੱਚ 37 ਐਸ ਐਲ ਏ/ਐਲ ਏਜ਼ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੇ ਮੁਕਾਬਲੇ 27 ਐਸ ਐਲ ਏ/ਐਲ ਏਜ਼ ਤਾਇਨਾਤ ਕੀਤੇ ਗਏ ਸਨ, ਜਿਸ ਨਾਲ 10 ਅਸਾਮੀਆਂ (27 *ਪ੍ਰਤੀਸ਼ਤ*) ਖਾਲੀ ਰਹਿ ਗਈਆਂ ਸਨ।
- ਸਿਰਫ 46 ਸਕੂਲਾਂ ਵਿੱਚ ਕਲਰਕਾਂ ਦੀਆਂ ਅਸਾਮੀਆਂ ਦੀ ਮਨਜ਼ੂਰੀ ਦਿੱਤੀ ਗਈ ਸੀ, ਜਿੱਥੇ 47 ਮਨਜ਼ੂਰਸ਼ੁਦਾ ਅਸਾਮੀਆਂ ਦੇ ਮੁਕਾਬਲੇ ਸਿਰਫ 34 ਅਸਾਮੀਆਂ ਭਰੀਆਂ ਗਈਆਂ ਸਨ, ਜਿਸ ਨਾਲ 13 ਕਲਰਕਾਂ (28 *ਪ੍ਰਤੀਸ਼ਤ*) ਦੀਆਂ ਅਸਾਮੀਆਂ ਖਾਲੀ ਰਹਿ ਗਈਆਂ ਸਨ।
- ਲਾਇਬ੍ਰੇਰੀਅਨ ਦੀਆਂ ਅਸਾਮੀਆਂ ਸਿਰਫ 21 ਸਕੂਲਾਂ ਵਿੱਚ ਮਨਜ਼ੂਰ ਕੀਤੀਆਂ ਗਈਆਂ ਸਨ, ਜਿੱਥੇ 30 ਮਨਜ਼ੂਰਸ਼ੁਦਾ ਅਸਾਮੀਆਂ ਦੇ ਮੁਕਾਬਲੇ ਸਿਰਫ 19 ਅਸਾਮੀਆਂ ਭਰੀਆਂ ਗਈਆਂ ਸਨ, ਜਿਸ ਨਾਲ 11 ਲਾਇਬ੍ਰੇਰੀਅਨਾਂ (37 *ਪ੍ਰਤੀਸ਼ਤ*) ਦੀਆਂ ਅਸਾਮੀਆਂ ਖਾਲੀ ਰਹਿ ਗਈਆਂ ਸਨ।

ਵਿਭਾਗ ਨੇ ਕਿਹਾ (ਜਨਵਰੀ 2025) ਕਿ ਜਿੱਥੇ ਗੈਰ-ਅਧਿਆਪਨ ਸਟਾਫ ਦੀ ਲੋੜ ਸੀ, ਉੱਥੇ ਵਿਦਿਆਰਥੀਆਂ ਦੀ ਗਿਣਤੀ ਅਤੇ ਲੋੜ ਅਨੁਸਾਰ ਅਸਾਮੀਆਂ ਪਹਿਲਾਂ ਹੀ ਮਨਜ਼ੂਰ ਕੀਤੀਆਂ ਜਾਂ ਚੁੱਕੀਆਂ ਸਨ। ਇਹ ਵੀ ਕਿਹਾ ਗਿਆ ਕਿ ਐਸ ਐਲ ਏਜ਼/ਐਲ ਏਜ਼ ਦੀ ਕਮੀ ਨੂੰ ਸ਼੍ਰੇਣੀ-IV ਦੇ ਸਟਾਫ ਤੋਂ ਤਰੱਕੀ ਅਤੇ ਤਰਸ ਯੋਗ ਅਧਾਰ ਤੇ ਨਿਯੁਕਤੀ ਲਈ ਪ੍ਰਾਪਤ ਮਾਮਲਿਆਂ ਰਾਹੀਂ ਪੂਰਾ ਕੀਤਾ ਜਾ ਰਿਹਾ ਹੈ।

---

26 ਜੀ ਪੀ ਐਸ ਕਿਲਾ ਟੇਕ ਸਿੰਘ, ਜ਼ਿਲ੍ਹਾ ਗੁਰਦਾਸਪੁਰ ਵਿੱਚ ਇੱਕ ਕਲਰਕ ਅਤੇ ਤਿੰਨ ਲੇਖਾਕਾਰ ਤਾਇਨਾਤ ਸਨ; ਅਤੇ ਇੱਕ ਕਲਰਕ ਜੀ ਪੀ ਐਸ ਖੇਰਪੁਰ ਹਸਨਪੁਰ ਜ਼ਿਲ੍ਹਾ ਪਟਿਆਲਾ ਵਿੱਚ ਤਾਇਨਾਤ ਸੀ।

### 3.8.3 ਵੋਕੇਸ਼ਨਲ ਸਿੱਖਿਆ ਅਧਿਆਪਕਾਂ ਦੀ ਘਾਟ

ਭਾਰਤ ਸਰਕਾਰ ਦੁਆਰਾ ਨੋਟੀਫਾਈ ਕੀਤੇ ਗਏ ਰਾਸ਼ਟਰੀ ਹੁਨਰ ਯੋਗਤਾ ਢਾਂਚੇ (ਐਨ ਐਸ ਕਿਊ ਐਫ) (ਦਸੰਬਰ 2013) ਵਿੱਚ ਸਕੂਲੀ ਸਿੱਖਿਆ ਦੇ ਕਿੱਤਾ ਮੁਖੀਕਰਨ ਨੂੰ ਐਨ ਕਿਊ ਐਸ ਐਫ ਨਾਲ ਜੋੜਨ ਦੀ ਵਿਵਸਥਾ ਹੈ। ਇਹ ਢਾਂਚਾ ਨਤੀਜਿਆਂ-ਅਧਾਰਤ ਪਹੁੰਚ ਦੀ ਪਾਲਣਾ ਕਰਦਾ ਹੈ ਅਤੇ ਹਰੇਕ ਪੱਧਰ ਨੂੰ ਸਮਰੱਥਾ ਦੇ ਪੱਧਰਾਂ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ।

ਮਾਰਚ 2023 ਤੱਕ ਐਨ ਐਸ ਕਿਊ ਐਫ ਅਧੀਨ ਵੋਕੇਸ਼ਨਲ ਅਧਿਆਪਕਾਂ ਦੀ ਸਥਿਤੀ **ਸਾਰਣੀ** 3.9 ਵਿੱਚ ਦਿੱਤੀ ਗਈ ਹੈ।

**ਸਾਰਣੀ 3.9: ਮਾਰਚ 2023 ਤੱਕ ਐਨ ਐਸ ਕਿਊ ਐਫ ਅਧੀਨ ਕਿੱਤਾਮੁੱਖੀ ਸਿੱਖਿਆ ਅਧਿਆਪਕਾਂ (ਵੀ ਈ ਟੀ) ਦੀ ਵਪਾਰ-ਵਾਰ ਸਥਿਤੀ ਦਾ ਵੇਰਵਾ**

| ਲੜੀ ਨੰ. | ਵਪਾਰ ਦਾ ਨਾਂਅ | ਵੀ ਈ ਟੀ* ਦੀ ਘੱਟੋ-ਘੱਟ ਲੋੜ | ਪੀ ਆਈ ਪੀ | ਘਾਟ(-)/ ਵਧ | ਕਮੀ (*ਪ੍ਰਤੀਸ਼ਤ* ਵਿੱਚ) |
|---|---|---|---|---|---|
| 1. | ਖੇਤੀਬਾੜੀ | 109 | 108 | 1 | 0.92 |
| 2. | ਲਿਬਾਸ | 112 | 112 | - | - |
| 3. | ਆਟੋਮੋਟਿਵ | 41 | 19 | 22 | 53.66 |
| 4. | ਸੁੰਦਰਤਾ ਅਤੇ ਤੰਦਰੁਸਤੀ | 368 | 353 | 15 | 4.08 |
| 5. | ਉਸਾਰੀ | 82 | 42 | 40 | 48.78 |
| 6. | ਸਿਹਤ ਸੰਭਾਲ | 352 | 275 | 77 | 21.88 |
| 7. | ਆਈ ਟੀ/ਆਈ ਟੀ ਈ ਐਸ | 292 | 315 | -23 | - |
| 8. | ਸਰੀਰਕ ਸਿੱਖਿਆ | 33 | 29 | 4 | 12.12 |
| 9. | ਪਲੰਬਿੰਗ | 75 | 74 | 1 | 1.33 |
| 10. | ਪਾਵਰ | 8 | 8 | - | - |
| 11. | ਨਿੱਜੀ ਸਕੱਤਰ | 314 | 86 | 228 | 72.61 |
| 12. | ਪ੍ਰਚੂਨ | 157 | 314 | -157 | - |
| 13. | ਸੈਰ-ਸਪਾਟਾ ਅਤੇ ਪਰਾਹੁਣਚਾਰੀ | 51 | 51 | - | - |

*ਸ੍ਰੋਤ: ਵਿਭਾਗੀ ਡਾਟਾ*

* ਸਬੰਧਤ ਕਿੱਤਿਆਂ ਵਾਲੇ ਹਰੇਕ ਸਕੂਲ ਵਿੱਚ ਲੋੜੀਂਦੇ ਇੱਕ ਵੀ ਈ ਟੀ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤਾ ਗਿਆ।

**ਸਾਰਣੀ** 3.9 ਵੱਖ-ਵੱਖ ਕਿੱਤਿਆਂ ਵਿੱਚ ਵੀ ਈ ਟੀਜ਼ ਦੀ ਭਾਰੀ ਕਮੀ ਨੂੰ ਦਰਸਾਉਂਦੀ ਹੈ; ਜਿਵੇਂ ਕਿ ਨਿੱਜੀ ਸਕੱਤਰ (73 *ਪ੍ਰਤੀਸ਼ਤ*); ਆਟੋਮਾਟਿਵ (54 *ਪ੍ਰਤੀਸ਼ਤ*); ਉਸਾਰੀ (49 *ਪ੍ਰਤੀਸ਼ਤ*); ਅਤੇ ਸਿਹਤ ਸੰਭਾਲ (22 *ਪ੍ਰਤੀਸ਼ਤ*)। ਵੀ ਈ ਟੀਜ਼ ਦੀ ਭਾਰੀ ਘਾਟ ਕਿੱਤਾਮੁੱਖੀ ਸਿੱਖਿਆ ਦੀ ਗੁਣਵੱਤਾ ਨੂੰ ਪ੍ਰਭਾਵਤ ਕਰੇਗੀ ਜੋ ਆਖਰਕਾਰ ਹੁਨਰਮੰਦ ਪੇਸ਼ੇਵਰਾਂ 'ਤੇ ਨਿਰਭਰ ਕਰਨ ਵਾਲੇ ਕਰਮਚਾਰੀਆਂ ਅਤੇ ਉਦਯੋਗਾਂ ਦੋਵਾਂ ਨੂੰ ਪ੍ਰਭਾਵਤ ਕਰੇਗੀ।

ਵਿਭਾਗ ਨੇ ਕਿਹਾ (ਫਰਵਰੀ 2025) ਕਿ ਭਵਿੱਖ ਵਿੱਚ ਟ੍ਰੇਨਰ-ਇਨ-ਪੋਜ਼ੀਸ਼ਨ ਅਤੇ ਸਰਗਰਮ ਸਕੂਲਾਂ ਵਿਚਕਾਰ ਪਾੜੇ ਨੂੰ ਘੱਟ ਕੀਤਾ ਜਾਵੇਗਾ।

### 3.8.4 ਸਕੂਲਾਂ ਵਿੱਚ ਵਿਦਿਆਰਥੀ-ਅਧਿਆਪਕ ਅਨੁਪਾਤ

#### *(i) ਪ੍ਰਾਇਮਰੀ ਸਕੂਲਾਂ ਵਿੱਚ ਮਾੜਾ ਪੀ ਟੀ ਆਰ*

ਆਰ ਟੀ ਈ ਐਕਟ ਦੀ ਅਨੁਸੂਚੀ (ਯੂ/ਐਸ 19 ਅਤੇ ਯੂ/ਐਸ 25/ਭਾਗ-II) ਅਨੁਸਾਰ ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ ਸਕੂਲਾਂ ਲਈ ਪੀ ਟੀ ਆਰ ਲਈ ਨਿਯਮ ਹੇਠ ਲਿਖੇ ਅਨੁਸਾਰ ਨਿਰਧਾਰਤ ਕੀਤੇ ਗਏ ਹਨ:

| ਜਮਾਤ ਪੱਧਰ | ਵਿਦਿਆਰਥੀਆਂ ਦੀ ਸੰਖਿਆ | ਅਧਿਆਪਕਾਂ ਦੀ ਲੋੜੀਂਦੀ ਸੰਖਿਆ |
|---|---|---|
| ਪ੍ਰਾਇਮਰੀ (I ਤੋਂ V) | 60 ਤੱਕ ਵਿਦਿਆਰਥੀ | ਦੋ ਅਧਿਆਪਕ |
| | 61-90 ਵਿਦਿਆਰਥੀ | ਤਿੰਨ ਅਧਿਆਪਕ |
| | 91-120 ਵਿਦਿਆਰਥੀ | ਚਾਰ ਅਧਿਆਪਕ |
| | 121-200 | ਪੰਜ ਅਧਿਆਪਕ |
| | 150 ਤੋਂ ਉਪਰ ਵਿਦਿਆਰਥੀ | ਪੰਜ ਪਲਸ ਇਕ ਮੁੱਖ ਅਧਿਆਪਕ |
| | 200 ਤੋਂ ਉਪਰ ਵਿਦਿਆਰਥੀ | ਵਿਦਿਆਰਥੀ-ਅਧਿਆਪਕ ਅਨੁਪਾਤ ਚਾਲੀ ਤੋਂ ਵਧ ਨਹੀਂ ਹੋਵੇਗਾ |
| ਅਪਰ ਪ੍ਰਾਇਮਰੀ (VI ਤੋਂ VIII) | ਪ੍ਰਤੀ 35 ਵਿਦਿਆਰਥੀ | ਇੱਕ ਅਧਿਆਪਕ |
| | | ਵਿਗਿਆਨ ਅਤੇ ਗਣਿਤ, ਸਮਾਜਿਕ ਸਿੱਖਿਆ ਅਤੇ ਭਾਸ਼ਾ ਹਰੇਕ ਲਈ ਇੱਕ ਅਧਿਆਪਕ |
| | ਜਿਨ੍ਹਾਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ 100 ਤੋਂ ਉਪਰ ਹੈ | ਪੂਰੇ ਸਮੇਂ ਲਈ ਇੱਕ ਮੁੱਖ ਅਧਿਆਪਕ |
| | | ਕਲਾ ਸਿੱਖਿਆ, ਸਿਹਤ ਅਤੇ ਸਰੀਰਕ ਸਿੱਖਿਆ ਅਤੇ ਕੰਮ ਦੀ ਸਿੱਖਿਆ ਲਈ ਪਾਰਟ ਟਾਇਮ ਇੰਸਟਰਕਟਰ |

2018-19 ਤੋਂ 2022-23 ਤੱਕ ਪੰਜ ਅਦਾਕਮਿਕ ਸਾਲਾਂ ਦੌਰਾਨ ਸਕੂਲ ਪ੍ਰਣਾਲੀ ਵਿੱਚ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਪੱਧਰਾਂ ਦੋਵਾਂ 'ਤੇ ਮਾੜੇ ਪੀ ਟੀ ਆਰ ਵਾਲੇ ਸਕੂਲਾਂ ਦੀ ਗਿਣਤੀ ਦੇ ਨਾਲ ਵਾਧੂ ਅਧਿਆਪਕਾਂ ਦੀ ਉਪਲਬਧਤਾ ਦਾ ਵੇਰਵਾ **ਸਾਰਣੀ** 3.10 ਵਿੱਚ ਦਿੱਤਾ ਗਿਆ ਹੈ।

**ਸਾਰਣੀ 3.10: ਮਾੜੇ ਪੀ ਟੀ ਆਰ ਅਤੇ ਵਾਧੂ ਅਧਿਆਪਕਾਂ ਵਾਲੇ ਸਕੂਲ**

| ਸਾਲ | ਪ੍ਰਾਇਮਰੀ | | | | | ਅੱਪਰ ਪ੍ਰਾਇਮਰੀ | | | | |
|---|---|---|---|---|---|---|---|---|---|---|
| | ਸਕੂਲਾਂ ਦੀ ਕੁੱਲ ਗਿਣਤੀ | ਮਾੜੇ ਪੀ ਟੀ ਆਰ ਵਾਲੇ ਕੁੱਲ ਪ੍ਰਾਇਮਰੀ ਸਕੂਲ | ਮਾੜੇ ਪੀ ਟੀ ਆਰ ਵਾਲੇ ਸਕੂਲਾਂ ਦੀ ਪ੍ਰਤੀਸ਼ਤਤਾ | ਵਾਧੂ ਅਧਿਆਪਕ | ਵਾਧੂ ਅਧਿਆਪਕਾਂ ਵਾਲੇ ਸਕੂਲ | ਸਕੂਲਾਂ ਦੀ ਕੁੱਲ ਗਿਣਤੀ | ਮਾੜੇ ਪੀ ਟੀ ਆਰ ਵਾਲੇ ਅਪਰ ਪ੍ਰਾਇਮਰੀ ਸਕੂਲ ਦੀ ਕੁੱਲ ਗਿਣਤੀ | ਮਾੜੇ ਪੀ ਟੀ ਆਰ ਵਾਲੇ ਸਕੂਲਾਂ ਦੀ ਪ੍ਰਤੀਸ਼ਤਤਾ | ਵਾਧੂ ਅਧਿਆਪਕ | ਵਾਧੂ ਅਧਿਆਪਕਾਂ ਵਾਲੇ ਸਕੂਲ |
| 2018-19 | 12,958 | 1,732 | 13.37 | 3,860 | 2,947 | 2,662 | 130 | 4.88 | 3,511 | 1,765 |
| 2019-20 | 12,935 | 617 | 4.77 | 7,460 | 4,860 | 2,658 | 20 | 0.75 | 3,149 | 1,765 |
| 2020-21 | 12,891 | 898 | 6.97 | 7,391 | 4,705 | 2,653 | 45 | 1.70 | 2,564 | 1,572 |
| 2021-22 | 12,817 | 3,612 | 28.18 | 7,764 | 4,574 | 2,500 | 525 | 21.00 | 1,912 | 1,299 |
| 2022-23 | 12,817 | 3,848 | 30.02 | 228 | 211 | 2,534 | 118 | 4.66 | 85 | 83 |

*ਸ੍ਰੋਤ: ਪੰਜਾਬ ਮੁਲਾਂਕਣ ਰਿਪੋਰਟਾਂ ਅਤੇ ਵਿਭਾਗੀ ਡਾਟਾ*

**ਸਾਰਣੀ** 3.10 ਵਿੱਚ ਮਾੜੇ ਪੀ ਟੀ ਆਰ ਵਿੱਚ ਉਤਰਾਅ-ਚੜ੍ਹਾਅ ਦਾ ਰੁਝਾਨ ਦਿਖਾਇਆ ਗਿਆ ਹੈ, ਜਿਸ ਵਿੱਚ ਪ੍ਰਾਇਮਰੀ ਸਕੂਲਾਂ ਵਿੱਚ 2020-21 ਵਿੱਚ 7 *ਪ੍ਰਤੀਸ਼ਤ* ਤੋਂ 2022-23 ਵਿੱਚ 30 *ਪ੍ਰਤੀਸ਼ਤ* ਅਤੇ ਉੱਚ ਪ੍ਰਾਇਮਰੀ ਸਕੂਲਾਂ ਵਿੱਚ 2020-21 ਵਿੱਚ 2 *ਪ੍ਰਤੀਸ਼ਤ* ਤੋਂ 2021-22

ਵਿੱਚ 21 *ਪ੍ਰਤੀਸ਼ਤ* ਤੱਕ ਮਹੱਤਵਪੂਰਨ ਵਾਧਾ ਹੋਇਆ ਹੈ। ਵਾਧੂ ਅਧਿਆਪਕਾਂ ਦੀ ਉਪਲਬਧਤਾ ਦੇ ਬਾਵਜੂਦ, ਉਨ੍ਹਾਂ ਦੀ ਵੰਡ ਨਿਸ਼ਫਲ ਰਹੀ ਜਿਸ ਦੇ ਨਤੀਜੇ ਵਜੋਂ ਸਾਰੇ ਸਕੂਲਾਂ ਵਿੱਚ ਮਾੜੇ ਪੀ ਟੀ ਆਰ ਦੀਆਂ ਲਗਾਤਾਰ ਘਟਨਾਵਾਂ ਵਾਪਰੀਆਂ।

ਲੇਖਾ ਪ੍ਰੀਖਿਆ ਵਿੱਚ ਪਾਇਆ ਗਿਆ ਕਿ ਸਾਲ 2020-21 ਵਿੱਚ, ਵਿਭਾਗ ਨੇ ਪੀ ਏ ਬੀ ਦੀ ਮੀਟਿੰਗ ਦੇ ਮਿੰਟਾਂ ਦੀ ਚਰਚਾ ਦੌਰਾਨ ਭਾਰਤ ਸਰਕਾਰ ਨੂੰ ਵਚਨਬੱਧ ਕੀਤਾ ਕਿ ਐਲੀਮੈਂਟਰੀ ਪੱਧਰ (ਪ੍ਰਾਇਮਰੀ ਪੱਧਰ ਤੱਕ) 'ਤੇ ਲੋੜੀਂਦੀ ਗਿਣਤੀ ਵਿੱਚ ਅਧਿਆਪਕਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ, ਰਾਜ ਮਾਰਚ 2019 ਤੱਕ 7,371 ਵਾਧੂ ਅਧਿਆਪਕਾਂ ਨੂੰ ਐਡਜਸਟ ਕਰਨ ਲਈ ਤਰਕਸੰਗਤ ਅਭਿਆਸ ਕਰੇਗਾ। ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ 2022-23 ਦੌਰਾਨ, ਪੀ ਏ ਬੀ ਦੀ ਮੀਟਿੰਗ ਦੇ ਮਿੰਟਾਂ ਬਾਰੇ ਵਿਚਾਰ ਵਟਾਂਦਰੇ ਦੌਰਾਨ, ਭਾਰਤ ਸਰਕਾਰ ਨੇ ਇੱਕ ਵਾਰ ਫਿਰ ਜ਼ੋਰ ਦੇ ਕੇ ਕਿਹਾ ਕਿ ਰਾਜ ਨੂੰ ਤਰਕਸੰਗਤ ਬਣਾਉਣ ਦੀ ਪ੍ਰਕਿਰਿਆ ਵਿੱਚ ਸਕੂਲ ਵਿਸ਼ੇਸ਼ ਪੀ ਟੀ ਆਰ ਦਾ ਵਿਸ਼ਲੇਸ਼ਣ ਕਰਨ ਦੀ ਲੋੜ ਹੈ। ਹਾਲਾਂਕਿ, ਲੇਖਾ ਪ੍ਰੀਖਿਆ ਨੇ 2018-2023 ਦੀ ਮਿਆਦ ਦੌਰਾਨ ਸਟਾਫ ਦੀ ਤਾਇਨਾਤੀ ਵਿੱਚ ਬੇਨਿਯਮੀਆਂ ਤੋਂ ਬਾਅਦ ਵੇਖਿਆ, ਜਿਵੇਂ ਕਿ ਹੇਠਾਂ ਚਰਚਾ ਕੀਤੀ ਗਈ ਹੈ:

- ਰੈਸ਼ਨੇਲਾਈਜ਼ੇਸ਼ਨ ਨੀਤੀ (ਅਗਸਤ 2018) ਲਾਗੂ ਹੋਣ ਤੋਂ ਬਾਅਦ ਵੀ, ਮਾੜੇ ਪੀ ਟੀ ਆਰ ਵਾਲੇ ਸਕੂਲਾਂ ਦੀ ਗਿਣਤੀ 2019-20 ਦੌਰਾਨ 4.77 *ਪ੍ਰਤੀਸ਼ਤ* ਤੋਂ ਵਧ ਕੇ 2022-23 ਵਿੱਚ 30.02 *ਪ੍ਰਤੀਸ਼ਤ* ਹੋ ਗਈ।
- ਮਾਰਚ 2023 ਤੱਕ, 10 ਸਕੂਲਾਂ ਵਿੱਚ ਕੋਈ ਪ੍ਰਾਇਮਰੀ ਅਧਿਆਪਕ ਤਾਇਨਾਤ ਨਹੀਂ ਸੀ, ਹਾਲਾਂਕਿ ਉੱਥੇ 24 ਤੋਂ 517 ਵਿਦਿਆਰਥੀਆਂ ਦੇ ਵਿਚਕਾਰ ਵਿਦਿਆਰਥੀ ਦਾਖਲ ਸਨ (**ਅੰਤਿਕਾ** 3.4)।

ਇਸ ਤਰ੍ਹਾਂ, ਪ੍ਰਾਇਮਰੀ ਪੱਧਰ 'ਤੇ ਮਾੜੇ ਪੀ ਟੀ ਆਰ ਵਿੱਚ ਨਿਰੰਤਰ ਵਾਧਾ ਆਰ ਟੀ ਈ ਐਕਟ ਅਧੀਨ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਅਤੇ ਵਿਦਿਅਕ ਗੁਣਵੱਤਾ ਨੂੰ ਬਣਾਈ ਰੱਖਣ ਲਈ ਤੁਰੰਤ ਦਖਲ ਦੀ ਜ਼ਰੂਰਤ ਨੂੰ ਉਜਾਗਰ ਕਰਦਾ ਹੈ।

ਵਿਭਾਗ ਨੇ ਕਿਹਾ (ਜਨਵਰੀ 2025) ਕਿ ਅਧਿਆਪਕ ਤਬਾਦਲਾ ਨੀਤੀ ਹਰ ਸਾਲ ਲਾਗੂ ਕੀਤੀ ਜਾਂਦੀ ਸੀ ਅਤੇ ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਗਿਣਤੀ (ਭਾਵ ਪੀ ਟੀ ਆਰ) ਦੇ ਅਨੁਸਾਰ ਤਾਇਨਾਤ ਕੀਤਾ ਜਾਂਦਾ ਸੀ। ਹਰੇਕ ਅਕਾਦਮਿਕ ਸਾਲ ਵਿੱਚ ਪੀ ਟੀ ਆਰ ਵਿੱਚ ਬਦਲਾਵ ਦੇ ਕਾਰਨ ਸਕੂਲ ਵਿੱਚ ਅਧਿਆਪਕਾਂ ਦੀ ਖਾਲੀ ਅਸਾਮੀਆਂ ਬਦਲ ਗਈਆਂ, ਇਸ ਲਈ ਵਿਭਾਗ ਨੇ ਮੌਜੂਦਾ ਪੀ ਟੀ ਆਰ ਨੂੰ ਧਿਆਨ ਵਿੱਚ ਰੱਖਦੇ ਹੋਏ ਵਾਧੂ ਅਸਾਮੀਆਂ ਨੂੰ ਲੋੜਵੰਦ ਸਕੂਲਾਂ ਵਿੱਚ ਭੇਜ ਦਿੱਤਾ। ਇਹ ਵੀ ਕਿਹਾ ਗਿਆ ਕਿ 5,994 ਅਧਿਆਪਕਾਂ ਦੀ ਭਰਤੀ ਵੀ ਪ੍ਰਕਿਰਿਆ ਅਧੀਨ ਹੈ, ਜਿਸ ਵਿੱਚ ਸਿਰਫ ਮਾੜੇ ਪੀ ਟੀ ਆਰ ਵਾਲੇ ਸਕੂਲਾਂ ਨੂੰ ਤਰਜੀਹ ਦਿੱਤੀ ਜਾਵੇਗੀ।

***(ii) ਵਿਸ਼ੇਸ਼ ਅਧਿਆਪਕਾਂ ਦੀ ਘਾਟ***

ਸਤੰਬਰ 2022 ਵਿੱਚ ਸੋਧੇ ਗਏ ਆਰ ਟੀ ਈ ਐਕਟ ਦੀ ਅਨੁਸੂਚੀ (ਯੂ/ਐਸ 19 ਅਤੇ ਯੂ ਐਸ

25/ਭਾਗ-II) ਦੇ ਅਨੁਸਾਰ, ਦਾਖਲ ਕੀਤੇ ਗਏ ਦਿਵਿਆਂਗ ਵਿਦਿਆਰਥੀਆਂ/ਵਿਦਿਆਰਥੀਆਂ ਲਈ ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ ਸਕੂਲਾਂ ਲਈ ਪੀ ਟੀ ਆਰ ਨਿਯਮ ਹੇਠ ਲਿਖੇ ਅਨੁਸਾਰ ਨਿਰਧਾਰਤ ਕੀਤੇ ਗਏ ਸਨ:

| ਜਮਾਤ ਪੱਧਰ | ਵਿਸ਼ੇਸ਼ ਅਧਿਆਪਕਾਂ ਦੀ ਲੋੜੀਂਦੀ ਗਿਣਤੀ |
|---|---|
| ਪ੍ਰਾਇਮਰੀ (I ਤੋਂ V) | ਦਾਖਲ ਕੀਤੇ ਗਏ ਅਸਮਰਥਾ ਵਾਲੇ ਹਰੇਕ ਦਸ ਵਿਦਿਆਰਥੀਆਂ ਲਈ ਇੱਕ ਅਧਿਆਪਕ (1:10) |
| ਅਪਰ ਪ੍ਰਾਇਮਰੀ (VI ਤੋਂ VIII) | ਦਾਖਲ ਕੀਤੇ ਗਏ ਅਸਮਰਥਾ ਵਾਲੇ ਹਰੇਕ ਪੰਦਰਾਂ ਵਿਦਿਆਰਥੀਆਂ ਲਈ ਇੱਕ ਅਧਿਆਪਕ (1:15) |

ਸਾਲ 2018-2023 ਦੌਰਾਨ ਰਾਜ ਅਤੇ ਚੋਣਵੇਂ ਜ਼ਿਲ੍ਹਿਆਂ ਵਿੱਚ ਤੈਨਾਤ ਵਿਸ਼ੇਸ਼ ਅਧਿਆਪਕਾਂ ਦੇ ਮੁਕਾਬਲੇ ਵਿਸ਼ੇਸ਼ ਲੋੜ ਵਾਲੇ ਬੱਚਿਆਂ (ਸੀ ਡਬਲਯੂ ਐਸ ਐਨ) ਦੇ ਵਿਦਿਆਰਥੀਆਂ ਦੀ ਸਥਿਤੀ **ਸਾਰਣੀ 3.11** ਵਿੱਚ ਦਿੱਤੀ ਗਈ ਹੈ।

**ਸਾਰਣੀ 3.11: 2018-2023 ਦੌਰਾਨ ਰਾਜ ਅਤੇ ਚੁਣੇ ਹੋਏ ਜ਼ਿਲ੍ਹਿਆਂ ਵਿੱਚ ਤੈਨਾਤ ਵਿਸ਼ੇਸ਼ ਸਿੱਖਿਅਕਾਂ ਦੇ ਮੁਕਾਬਲੇ ਦਾਖਲ ਕੀਤੇ ਗਏ ਸੀ ਡਬਲਯੂ ਐਸ ਐਨ ਵਿਦਿਆਰਥੀਆਂ ਦੀ ਸਥਿਤੀ**

| ਸਾਲ | | 2018-19 | 2019-20 | 2020-21 | 2021-22 | 2022-23 |
|---|---|---|---|---|---|---|
| ਰਾਜ/ਜ਼ਿਲ੍ਹੇ | ਸੀ ਡਬਲਯੂ ਐਸ ਐਨ ਦੀ ਸੰਖਿਆ | 64542 | 60800 | 60553 | 61668 | 55932 |
| | ਵਿਸ਼ੇਸ਼ ਸਿੱਖਿਅਕਾਂ ਦੀ ਗਿਣਤੀ (ਅਨੁਪਾਤ) | 369 (175:1) | 365 (167:1) | 365 (166:1) | 365 (169:1) | 359 (156:1) |
| ਅੰਮ੍ਰਿਤਸਰ | ਸੀ ਡਬਲਯੂ ਐਸ ਐਨ ਦੀ ਸੰਖਿਆ | 3730 | 4089 | 3981 | 4188 | 3712 |
| | ਵਿਸ਼ੇਸ਼ ਸਿੱਖਿਅਕਾਂ ਦੀ ਗਿਣਤੀ (ਅਨੁਪਾਤ) | 27 (138:1) | 27 (151:1) | 26 (153:1) | 25 (168:1) | 24 (155:1) |
| ਬਰਨਾਲਾ | ਸੀ ਡਬਲਯੂ ਐਸ ਐਨ ਦੀ ਸੰਖਿਆ | 841 | 866 | 948 | 1057 | 1072 |
| | ਵਿਸ਼ੇਸ਼ ਸਿੱਖਿਅਕਾਂ ਦੀ ਗਿਣਤੀ (ਅਨੁਪਾਤ) | 6 (140:1) | 6 (144:1) | 6 (158:1) | 6 (176:1) | 6 (179:1) |
| ਫਿਰੋਜ਼ਪੁਰ | ਸੀ ਡਬਲਯੂ ਐਸ ਐਨ ਦੀ ਸੰਖਿਆ | 3351 | 3355 | 3319 | 3228 | 2863 |
| | ਵਿਸ਼ੇਸ਼ ਸਿੱਖਿਅਕਾਂ ਦੀ ਗਿਣਤੀ (ਅਨੁਪਾਤ) | 19 (176:1) | 19 (176:1) | 19 (174:1) | 19 (170:1) | 19 (151:1) |
| ਜਲੰਧਰ | ਸੀ ਡਬਲਯੂ ਐਸ ਐਨ ਦੀ ਸੰਖਿਆ | 3796 | 3900 | 3810 | 3821 | 3368 |
| | ਵਿਸ਼ੇਸ਼ ਸਿੱਖਿਅਕਾਂ ਦੀ ਗਿਣਤੀ (ਅਨੁਪਾਤ) | 23 (165:1) | 23 (170:1) | 23 (166:1) | 21 (182:1) | 20 (168:1) |
| ਸ਼੍ਰੀ ਮੁਕਤਸਰ ਸਾਹਿਬ | ਸੀ ਡਬਲਯੂ ਐਸ ਐਨ ਦੀ ਸੰਖਿਆ | 2125 | 2333 | 2427 | 2295 | 2296 |
| | ਵਿਸ਼ੇਸ਼ ਸਿੱਖਿਅਕਾਂ ਦੀ ਗਿਣਤੀ (ਅਨੁਪਾਤ) | 11 (193:1) | 11 (212:1) | 11 (221:1) | 11 (209:1) | 12 (191:1) |
| ਪਟਿਆਲਾ | ਸੀ ਡਬਲਯੂ ਐਸ ਐਨ ਦੀ ਸੰਖਿਆ | 4592 | 4201 | 4043 | 4376 | 4110 |
| | ਵਿਸ਼ੇਸ਼ ਸਿੱਖਿਅਕਾਂ ਦੀ ਗਿਣਤੀ (ਅਨੁਪਾਤ) | 24 (191:1) | 24 (175:1) | 24 (168:1) | 24 (182:1) | 24 (171:1) |

*ਸ੍ਰੋਤ: ਡੀ ਜੀ ਐਸ ਈ ਅਤੇ ਨਮੂਨਾ ਜਾਂਚ ਕੀਤੇ ਜ਼ਿਲ੍ਹਿਆਂ ਦੁਆਰਾ ਦਿੱਤੀ ਗਈ ਜਾਣਕਾਰੀ*

**ਸਾਰਣੀ 3.11** ਦਰਸਾਉਂਦੀ ਹੈ ਕਿ ਰਾਜ ਵਿੱਚ ਵਿਸ਼ੇਸ਼ ਅਧਿਆਪਕਾਂ ਦੇ ਸਬੰਧ ਵਿੱਚ ਪੀ ਟੀ ਆਰ 156:1 ਅਤੇ 175:1 ਦੇ ਵਿਚਕਾਰ ਸੀ, ਅਤੇ ਚੁਣੇ ਗਏ ਜ਼ਿਲ੍ਹਿਆਂ ਵਿੱਚ, ਇਹ 2018-2023 ਦੀ ਮਿਆਦ ਦੌਰਾਨ 138:1 ਅਤੇ 221:1 ਦੇ ਵਿਚਕਾਰ ਸੀ, ਜੋ ਕਿ ਆਰ ਟੀ ਈ ਐਕਟ ਅਧੀਨ ਉਪਰੋਕਤ ਉਪਬੰਧਾਂ ਅਨੁਸਾਰ 10:1 ਅਤੇ 15:1 ਦੇ ਪੀ ਟੀ ਆਰ ਤੋਂ ਕਿਤੇ ਵੱਧ ਸੀ।

ਵਿਭਾਗ ਨੇ ਸਪੈਸ਼ਲ ਐਜੂਕੇਟਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਬਾਰੇ (ਜਨਵਰੀ 2025) ਸਹੀ ਜਵਾਬ ਨਹੀਂ ਦਿੱਤਾ।

ਇਸ ਤਰ੍ਹਾਂ, ਰਾਜ ਦੇ ਅੰਦਰ ਵਿਸ਼ੇਸ਼ ਅਧਿਆਪਕਾਂ ਦੀ ਭਾਰੀ ਘਾਟ ਉਨ੍ਹਾਂ ਨੂੰ ਸੀ ਡਬਲਯੂ ਐਸ ਐਨਜ਼ ਵੱਲ ਲੋੜੀਂਦਾ ਵਿਅਕਤੀਗਤ ਧਿਆਨ ਦੇਣ ਤੋਂ ਰੋਕ ਦੇਵੇਗੀ। ਸਹਾਇਤਾ ਦੀ ਇਹ ਕਮੀ ਅਸਮਰਥਤਾ ਵਾਲੇ ਵਿਦਿਆਰਥੀਆਂ ਨੂੰ ਆਪਣੇ ਸਾਥੀਆਂ ਨਾਲ ਤਾਲਮੇਲ ਰੱਖਣ ਵਿੱਚ ਰੁਕਾਵਟ ਪਾਵੇਗੀ, ਜਿਸ ਨਾਲ ਸਿੱਖਣ ਦੇ ਪਾੜੇ ਨੂੰ ਹੋਰ ਵਧਾਏਗੀ।

### 3.8.5 ਅਧਿਆਪਕ-ਕਲਾਸਰੂਮ ਅਨੁਪਾਤ

ਆਰ ਟੀ ਈ ਐਕਟ ਦੀ ਧਾਰਾ 19 ਅਨੁਸੂਚੀ ਦੇ ਅਨੁਸਾਰ, ਹਰੇਕ ਅਧਿਆਪਕ ਲਈ ਘੱਟੋ ਘੱਟ ਇੱਕ ਕਲਾਸਰੂਮ ਅਤੇ ਇੱਕ ਸਕੂਲ ਵਿੱਚ ਇੱਕ ਦਫਤਰ-ਕਮ-ਸਟੋਰ-ਕਮ-ਮੁੱਖ ਅਧਿਆਪਕ ਦਾ ਕਮਰਾ ਹੋਣਾ ਚਾਹੀਦਾ ਹੈ।

2018-19 ਤੋਂ 2022-23 ਦੀ ਮਿਆਦ ਦੌਰਾਨ ਭਾਰਤ ਸਰਕਾਰ ਦੇ ਯੂ ਡੀ ਆਈ ਐਸ ਈ + ਪੋਰਟਲ 'ਤੇ ਉਪਲਬਧ ਡਾਟਾ ਅਨੁਸਾਰ ਅਧਿਆਪਕ-ਕਲਾਸਰੂਮ ਅਨੁਪਾਤ ਦੀ ਸਥਿਤੀ **ਸਾਰਣੀ** 3.12 ਵਿੱਚ ਦਰਸਾਈ ਗਈ ਹੈ।

**ਸਾਰਣੀ 3.12: 2018-2023 ਦੌਰਾਨ ਅਧਿਆਪਕ-ਕਲਾਸਰੂਮ ਅਨੁਪਾਤ**

| ਸਾਲ | ਪ੍ਰਾਇਮਰੀ/ਅਪਰ ਪ੍ਰਾਇਮਰੀ ਸਕੂਲਾਂ ਦੀ ਕੁੱਲ ਸੰਖਿਆ | ਸਕੂਲਾਂ ਦੀ ਸੰਖਿਆ ਜਿਨ੍ਹਾਂ ਵਿੱਚ ਕਲਾਸਰੂਮਾਂ ਤੋਂ ਵਧ ਅਧਿਆਪਕ ਹਨ | ਪ੍ਰਤੀਸ਼ਤਤਾ (*ਪ੍ਰਤੀਸ਼ਤ* ਵਿੱਚ) |
|---|---|---|---|
| 2018-19 | 14,167 | 3,721 | 26.27 |
| 2019-20 | 15,481 | 4,638 | 29.96 |
| 2020-21 | 15,470 | 4,361 | 28.19 |
| 2021-22 | 15,322 | 3,479 | 22.71 |
| 2022-23 | 15,352 | 4,029 | 26.24 |

*ਸ੍ਰੋਤ: ਯੂ ਡੀ ਆਈ ਐਸ ਈ + ਡਾਟਾ*

**ਸਾਰਣੀ** 3.12 ਦਰਸਾਉਂਦੀ ਹੈ ਕਿ 2018-2023 ਦੀ ਮਿਆਦ ਦੌਰਾਨ ਸਕੂਲਾਂ ਨੂੰ 23 *ਪ੍ਰਤੀਸ਼ਤ* ਅਤੇ 30 *ਪ੍ਰਤੀਸ਼ਤ* ਦੇ ਵਿਚਕਾਰ ਇੱਕ ਜਮਾਤ ਵਿੱਚ ਇੱਕ ਤੋਂ ਵੱਧ ਅਧਿਆਪਕ ਰਖਣੇ ਪੈਂਦੇ ਸੀ ਜਿਸ ਲਈ ਐਕਟ ਅਧੀਨ ਨਿਰਧਾਰਤ ਨਿਯਮਾਂ ਦੀ ਪਾਲਣਾ ਕਰਨ ਲਈ ਮੌਜੂਦਾ ਸਕੂਲਾਂ ਵਿੱਚ ਕਲਾਸਰੂਮਾਂ ਨੂੰ ਵਧਾਉਣ ਦੀ ਲੋੜ ਸੀ।

ਵਿਭਾਗ ਨੇ ਕਿਹਾ (ਜਨਵਰੀ 2025) ਕਿ ਸਰਕਾਰੀ ਸਕੂਲਾਂ ਵਿੱਚ ਕਲਾਸਰੂਮਾਂ ਦੀ ਘਾਟ ਨੂੰ ਪੂਰਾ ਕਰਨ ਲਈ ਯਤਨ ਕੀਤੇ ਜਾ ਰਹੇ ਸਨ। ਸਾਲ 2023-24 ਅਤੇ 2024-25 ਦੌਰਾਨ, ਲਗਭਗ 4,500 ਨਵੇਂ ਕਲਾਸਰੂਮਾਂ ਦਾ ਨਿਰਮਾਣ ਕੀਤਾ ਗਿਆ ਸੀ ਅਤੇ ਵੱਖ-ਵੱਖ ਸਕੀਮਾਂ[27] ਅਧੀਨ 500 ਕਲਾਸਰੂਮਾਂ ਦਾ ਨਵੀਨੀਕਰਨ/ਪ੍ਰਬੰਧ ਕੀਤਾ ਗਿਆ ਸੀ।

[27] ਨਬਾਰਡ, ਸਮਗਰ, ਈ ਡੀ ਐਸ-56 ਅਤੇ ਈ ਡੀ ਐਸ-80 ।

ਤੱਥ ਇਹ ਹੈ ਕਿ ਕਲਾਸਰੂਮਾਂ ਤੇ ਅਧਿਆਪਕਾਂ ਦੀ ਜ਼ਿਆਦਾ ਗਿਣਤੀ ਦੇ ਨਤੀਜੇ ਵਜੋਂ ਬਹੁਤ ਸਾਰੇ ਅਧਿਆਪਕਾਂ ਦੁਆਰਾ ਕਲਾਸਰੂਮਾਂ ਨੂੰ ਸਾਂਝਾ ਕਰਨ ਦੀ ਸੰਭਾਵਨਾ ਹੁੰਦੀ ਹੈ, ਜਿਸ ਨਾਲ ਸਿੱਖਣ ਦੇ ਮਾਹੌਲ ਵਿੱਚ ਭੀੜ ਹੁੰਦੀ ਹੈ। ਇਹ ਨਾ ਸਿਰਫ ਨਿਰਧਾਰਤ ਨਿਯਮਾਂ ਦੀ ਉਲੰਘਣਾ ਕਰਦਾ ਹੈ ਬਲਕਿ ਸਿੱਖਿਆ ਦੀ ਗੁਣਵੱਤਾ ਵਿੱਚ ਵੀ ਰੁਕਾਵਟ ਪਾ ਸਕਦਾ ਹੈ।

## 3.9 ਨਿਰੰਤਰ ਅਤੇ ਵਿਆਪਕ ਮੁਲਾਂਕਣ ਨੂੰ ਲਾਗੂ ਕਰਨਾ

ਆਰ ਟੀ ਈ ਐਕਟ ਦੀ ਧਾਰਾ 29(2)(ਐਚ) ਇਹ ਆਦੇਸ਼ ਦਿੰਦੀ ਹੈ ਕਿ ਅਕਾਦਮਿਕ ਅਥਾਰਟੀਆਂ, ਪਾਠਕ੍ਰਮ ਅਤੇ ਮੁਲਾਂਕਣ ਪ੍ਰਕਿਰਿਆਵਾਂ ਨਿਰਧਾਰਤ ਕਰਦੇ ਸਮੇਂ, ਬੱਚੇ ਦੀ ਸਮਝ ਅਤੇ ਗਿਆਨ ਨੂੰ ਲਾਗੂ ਕਰਨ ਦੀ ਉਨ੍ਹਾਂ ਦੀ ਯੋਗਤਾ ਦੇ ਨਿਰੰਤਰ ਅਤੇ ਵਿਆਪਕ ਮੁਲਾਂਕਣ (ਸੀ ਸੀ ਈ) 'ਤੇ ਵਿਚਾਰ ਕਰਨਗੀਆਂ।

ਸਮਗਰ ਸਿੱਖਿਆ ਦੇ ਲਾਗੂ ਕਰਨ ਲਈ ਫਰੇਮਵਰਕ ਦਾ ਪੈਰ੍ਹਾ 5.5.2.7 ਜ਼ੋਰ ਦਿੰਦਾ ਹੈ ਕਿ ਸੀ ਸੀ ਈ ਨੂੰ ਮੁਲਾਂਕਣ ਲਈ ਅਤੇ ਬੱਚੇ ਦੇ ਸਿੱਖਣ ਨੂੰ ਵਧਾਉਣ ਲਈ ਰਣਨੀਤੀ ਵਜੋਂ ਵਰਤਿਆ ਜਾਣਾ ਚਾਹੀਦਾ ਹੈ। ਨਿਰੰਤਰ ਮੁਲਾਂਕਣ ਕਲਾਸਰੂਮ ਦੀਆਂ ਗਤੀਵਿਧੀਆਂ ਵਿੱਚ ਬੱਚੇ ਦੀ ਭਾਗੀਦਾਰੀ ਦੇ ਅਧਾਰ ਤੇ ਨਿਰੰਤਰ ਫੀਡਬੈਕ ਪ੍ਰਦਾਨ ਕਰਦਾ ਹੈ, ਜਦੋਂਕਿ ਵਿਆਪਕ ਮੁਲਾਂਕਣ ਸਿਰਫ ਅਕਾਦਮਿਕ ਵਿਸ਼ਿਆਂ ਤੋਂ ਪਰੇ ਬੱਚੇ ਦਾ ਸਮੁੱਚਾ ਦ੍ਰਿਸ਼ਟੀਕੋਣ ਲੈਂਦਾ ਹੈ। ਸੀ ਸੀ ਈ ਵਿੱਚ ਦੋਵੇਂ ਰਚਨਾਤਮਕ ਮੁਲਾਂਕਣ (ਜਿਵੇਂ ਕਿ ਕਲਾਸਵਰਕ, ਹੋਮਵਰਕ, ਮੌਖਿਕ ਟੈਸਟ, ਕੁਇਜ਼ ਅਤੇ ਪ੍ਰੋਜੈਕਟ) ਅਤੇ ਸੰਖੇਪ ਮੁਲਾਂਕਣ (ਟੈਸਟਾਂ ਜਾਂ ਪ੍ਰੀਖਿਆਵਾਂ ਦੇ ਰੂਪ ਵਿੱਚ) ਸ਼ਾਮਲ ਹਨ।

ਆਰ ਟੀ ਈ ਐਕਟ ਅਧੀਨ ਸੀ ਸੀ ਈ ਢਾਂਚਾ ਮੁੱਢਲੀ ਸਿੱਖਿਆ (I ਤੋਂ VIII ਜਮਾਤ) 'ਤੇ ਲਾਗੂ ਹੁੰਦਾ ਹੈ। ਹਾਲਾਂਕਿ, ਪੰਜਾਬ ਸਰਕਾਰ ਨੇ ਬਾਰਵੀਂ ਜਮਾਤ ਤੱਕ ਲਾਗੂ ਕੀਤਾ।

### 3.9.1 ਸੀ ਸੀ ਈ ਮੁਲਾਂਕਣ ਦੀ ਨਿਗਰਾਨੀ ਨਾ ਕਰਨਾ

ਡਾਇਰੈਕਟਰ ਜਨਰਲ ਆਫ ਸਕੂਲ ਐਜੂਕੇਸ਼ਨ (ਡੀ ਜੀ ਐਸ ਈ) ਨੇ I ਤੋਂ VIII ਜਮਾਤ ਲਈ ਅਧਿਆਪਕਾਂ ਦੁਆਰਾ ਕਰਵਾਏ ਗਏ ਸੀ ਸੀ ਈ ਅਧੀਨ ਵਿਦਿਆਰਥੀਆਂ ਦੇ ਮੁਲਾਂਕਣ ਦੀ ਨਿਗਰਾਨੀ ਦੀ ਵਿਧੀ 'ਤੇ ਹਦਾਇਤਾਂ ਜਾਰੀ ਕੀਤੀਆਂ (ਅਗਸਤ 2015)।

ਗੁਣਵੱਤਾ ਮੁਲਾਂਕਣ ਨੂੰ ਯਕੀਨੀ ਬਣਾਉਣ ਲਈ, ਪ੍ਰਸ਼ਨ ਪੱਤਰਾਂ ਦੇ ਨਾਲ ਵੱਖ-ਵੱਖ ਕਾਰਗੁਜ਼ਾਰੀ ਪੱਧਰਾਂ[28] ਦੇ ਵਿਦਿਆਰਥੀਆਂ ਦੀਆਂ ਉੱਤਰ ਸ਼ੀਟਾਂ ਸਮੀਖਿਆ ਲਈ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ (ਡੀ ਆਈ ਈ ਟੀ) ਦੇ ਮੁਖੀਆਂ ਨੂੰ ਭੇਜੀਆਂ ਜਾਣਗੀਆਂ।

ਛੇ ਜ਼ਿਲ੍ਹਿਆਂ ਦੇ ਨਮੂਨਾ-ਜਾਂਚ ਕੀਤੇ ਡੀ ਆਈ ਈ ਟੀਜ਼[29] ਦੇ ਰਿਕਾਰਡਾਂ ਦੀ ਲੇਖਾ ਪ੍ਰੀਖਿਆ ਤੋਂ ਪਤਾ ਲੱਗਿਆ ਕਿ ਭਾਵੇਂ ਉਕਤ ਹਦਾਇਤਾਂ ਸਾਰੇ ਸਬੰਧਤ ਅਥਾਰਟੀਆਂ ਨੂੰ ਪਾਲਣਾ ਕਰਨ ਲਈ

---

[28] ਕਿਸੇ ਵੀ ਇੱਕ ਜਮਾਤ ਦੇ ਕਿਸੇ ਇੱਕ ਵਿਸ਼ੇ ਦੇ ਉੱਪਰ, ਹੇਠਾਂ ਅਤੇ ਮੱਧ ਸਥਾਨ ਤੋਂ ਦੋ-ਦੋ ਵਿਦਿਆਰਥੀਆਂ ਦੀਆਂ ਉੱਤਰ ਸ਼ੀਟਾਂ।

[29] ਪਟਿਆਲਾ ਦੇ ਨਾਭਾ, ਅੰਮ੍ਰਿਤਸਰ ਦੇ ਵੇਰਕਾ, ਜਲੰਧਰ ਦੇ ਰਾਮਪੁਰ ਲਾਲੀਆਂ, ਸ਼੍ਰੀ ਮੁਕਤਸਰ ਅਤੇ ਫਿਰੋਜ਼ਪੁਰ ਵਿਖੇ ਡੀ ਆਈ ਈ ਟੀਜ਼।

ਜਾਰੀ ਕੀਤੀਆਂ ਗਈਆ ਸਨ, ਪਰ ਕੋਈ ਵੀ ਸਕੂਲ ਵਿਦਿਆਰਥੀਆਂ ਦੀਆਂ ਉੱਤਰ ਸ਼ੀਟਾਂ ਨੂੰ ਸੀ ਸੀ ਈ ਦੇ ਪ੍ਰਭਾਵਸ਼ਾਲੀ ਲਾਗੂਕਰਨ ਦੀ ਜਾਂਚ ਕਰਨ ਲਈ ਸਬੰਧਤ ਡੀ ਆਈ ਈ ਟੀਜ਼ ਨੂੰ ਉਨ੍ਹਾਂ ਦੀ ਸਮੀਖਿਆ ਲਈ ਨਹੀਂ ਭੇਜ ਰਿਹਾ ਸੀ ਜਿਸ ਦੇ ਨਤੀਜੇ ਵਜੋਂ ਸੀ ਸੀ ਈ ਮੁਲਾਂਕਣ ਪ੍ਰਕਿਰਿਆ ਦੀ ਨਿਗਰਾਨੀ ਨਹੀਂ ਕੀਤੀ ਗਈ, ਜਿਵੇਂ ਕਿ ਸਬੰਧਤ ਡੀ ਆਈ ਈ ਟੀਜ਼ ਦੁਆਰਾ ਇਹਨਾਂ ਹਦਾਇਤਾ ਵਿੱਚ ਦੱਸਿਆ ਗਿਆ ਹੈ।

ਡੀ ਆਈ ਈ ਟੀਜ਼ (ਐਸ ਸੀ ਈ ਆਰ ਟੀ ਦੀ ਜ਼ਿਲ੍ਹਾ ਪੱਧਰੀ ਲਾਗੂ ਕਰਨ ਵਾਲੀ ਏਜੰਸੀ) ਦੁਆਰਾ ਸੀ ਸੀ ਈ ਮੁਲਾਂਕਣ ਦੀ ਨਿਗਰਾਨੀ ਨਾ ਕਰਨ ਦਾ ਮਾਮਲਾ ਡੀ ਜੀ ਐਸ ਈ/ਐਸ ਸੀ ਈ ਆਰ ਟੀ ਕੋਲ ਉਠਾਇਆ ਗਿਆ ਸੀ (ਨਵੰਬਰ 2024)। ਜਵਾਬ ਵਿੱਚ, ਡੀ ਜੀ ਐਸ ਸੀ ਨੇ ਦੱਸਿਆ (ਜਨਵਰੀ 2025) ਕਿ ਸਕੂਲ ਪੱਧਰ ਤੇ ਸੀ ਸੀ ਈ ਮੁਲਾਂਕਣਾਂ ਲਈ ਇੱਕ ਕਮੇਟੀ ਗਠਿਤ ਕਰਨ ਦੀਆਂ ਹਦਾਇਤਾਂ ਸਾਲਾਨਾ ਜਾਰੀ ਕੀਤੀਆਂ ਜਾ ਰਹੀਆਂ ਸਨ ਅਤੇ ਸੀ ਸੀ ਈ ਨੂੰ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਐਸ ਸੀ ਈ ਆਰ ਟੀ ਵਿਖੇ ਇੱਕ ਸਮਰਪਿਤ ਸੀ ਸੀ ਈ ਸੈੱਲ ਸਥਾਪਤ ਕੀਤਾ ਗਿਆ ਸੀ।

ਹਾਲਾਂਕਿ, ਮਨੋਨੀਤ ਸੀ ਸੀ ਈ ਸੈੱਲ ਦੀ ਸਥਾਪਨਾ ਦਸੰਬਰ 2024 ਵਿੱਚ ਕੀਤੀ ਗਈ ਸੀ, ਪਰ ਡੀ ਜੀ ਐਸ ਈ ਦੁਆਰਾ ਕੀਤੀ ਗਈ ਕਾਰਵਾਈ ਸਬੰਧਤ ਡੀ ਆਈ ਈ ਟੀਜ਼ ਦੁਆਰਾ ਸਮੀਖਿਆ ਲਈ ਸਕੂਲਾਂ ਦੁਆਰਾ ਵਿਦਿਆਰਥੀਆਂ ਦੀਆਂ ਉੱਤਰ ਸ਼ੀਟਾਂ ਪੇਸ਼ ਨਾ ਕਰਨ ਦੇ ਮੂਲ ਕਾਰਨਾਂ ਦਾ ਹੱਲ ਨਹੀਂ ਕਰ ਰਹੀ ਸੀ।

ਇਸ ਤਰ੍ਹਾਂ, ਸੀ ਸੀ ਈ ਦੇ ਪ੍ਰਭਾਵਸ਼ਾਲੀ ਲਾਗੂ ਕਰਨ ਦੀ ਸਮੀਖਿਆ ਅਤੇ ਜਾਂਚ ਕਰਨ ਲਈ ਲਾਜ਼ਮੀ ਨਿਗਰਾਨੀ ਪ੍ਰਣਾਲੀ ਨੂੰ ਅਜੇ ਯਕੀਨੀ ਬਣਾਇਆ ਜਾਣਾ ਬਾਕੀ ਸੀ।

## 3.10 ਸਿੱਟਾ

ਸਕੂਲ ਸਿੱਖਿਆ ਵਿਭਾਗ ਵਿੱਚ ਯੋਜਨਾਬੰਦੀ ਦੀ ਪ੍ਰਕਿਰਿਆ ਨਾਕਾਫੀ ਸੀ। ਸਾਲ 2018-19 ਤੋਂ 2022-23 ਦੌਰਾਨ, ਕਿਸੇ ਵੀ ਸਰਕਾਰੀ ਸਕੂਲ ਨੇ ਆਰ ਟੀ ਈ ਐਕਟ, ਸਮਗਰ ਸਿੱਖਿਆ ਫਰੇਮਵਰਕ ਅਤੇ ਪੰਜਾਬ ਆਰ ਟੀ ਈ ਨਿਯਮਾਂ 2011 ਦੇ ਅਧੀਨ ਉਪਬੰਧਾਂ ਅਨੁਸਾਰ ਸਕੂਲ ਵਿਕਾਸ ਯੋਜਨਾ ਤਿਆਰ ਨਹੀਂ ਕੀਤੀ।

ਪੀ ਸੀ ਐਫ 2013 ਦੇ ਅਧੀਨ ਐਸ ਸੀ ਈ ਆਰ ਟੀ ਪਾਠਕ੍ਰਮ ਵਿਕਾਸ, ਉਮਰ-ਢੁਕਵੇਂ ਸਿਲੇਬਸ ਡਿਜ਼ਾਈਨ ਅਤੇ ਸਿੱਖਣ ਵਾਲੀ ਸਮੱਗਰੀ ਬਣਾਉਣ ਲਈ ਆਪਣੇ ਆਦੇਸ਼ ਨੂੰ ਪੂਰਾ ਨਹੀਂ ਕਰ ਸਕਿਆ। ਮਾਰਚ 2023 ਤੱਕ ਐਸ ਐਚ ਆਰ ਡੀ, ਜੀ ਓ ਆਈ ਦੁਆਰਾ ਨਿਰਧਾਰਤ ਸੰਗਠਨਾਤਮਕ ਢਾਂਚੇ ਦੇ ਅਨੁਸਾਰ ਐਸ ਸੀ ਈ ਆਰ ਟੀ ਅਤੇ ਡੀ ਆਈ ਈ ਟੀਜ਼ ਵਿੱਚ ਇੱਕ ਅਕਾਦਮਿਕ ਅਤੇ ਗੈਰ-ਅਕਾਦਮਿਕ ਸਟਾਫ ਦੀ ਘਾਟ ਸੀ। ਇਸ ਤੋਂ ਇਲਾਵਾ, ਐਸ ਸੀ ਈ ਆਰ ਟੀ ਨੇ ਇਨ-ਸਰਵਿਸ ਅਧਿਆਪਕਾਂ ਲਈ ਸਾਲਾਨਾ ਸਿਖਲਾਈ ਕੈਲੰਡਰ ਤਿਆਰ ਨਹੀਂ ਕੀਤਾ, ਨਾ ਹੀ ਕੋਈ ਸਿਖਲਾਈ ਪ੍ਰਬੰਧਨ ਪ੍ਰਣਾਲੀ ਵਿਕਸਤ ਕੀਤੀ ਗਈ ਸੀ ਜਾਂ ਸਿਖਲਾਈ ਰਿਕਾਰਡ ਰੱਖੇ ਗਏ ਸਨ।

ਸਕੂਲ ਤੋਂ ਬਾਹਰ ਬੱਚਿਆ (ਓ ਓ ਐਸ ਸੀ) ਵਿੱਚੋਂ ਸਿਰਫ 71 *ਪ੍ਰਤੀਸ਼ਤ* ਨੂੰ ਵਿਸ਼ੇਸ਼ ਸਿਖਲਾਈ ਦਿੱਤੀ ਗਈ ਸੀ ਅਤੇ ਉਨ੍ਹਾਂ ਵਿੱਚੋਂ ਸਿਰਫ 74 *ਪ੍ਰਤੀਸ਼ਤ* ਨੂੰ ਮੁੱਖ ਧਾਰਾ ਵਿੱਚ ਲਿਆਂਦਾ ਗਿਆ ਸੀ। ਇਸ

ਤੋਂ ਇਲਾਵਾ, ਇਹ ਸੁਨਿਸ਼ਚਿਤ ਕਰਨ ਲਈ ਕੋਈ ਨਿਗਰਾਨੀ/ਟ੍ਰੈਕਿਗ ਪ੍ਰਣਾਲੀ ਨਹੀਂ ਸੀ ਕਿ ਮੁੱਖ ਧਾਰਾ ਦੇ ਬੱਚਿਆ ਨੇ ਆਪਣੀ ਸਕੂਲੀ ਸਿੱਖਿਆ ਪੂਰੀ ਕੀਤੀ ਹੈ ਜਾਂ ਨਹੀਂ।

ਸਰਕਾਰੀ ਸਕੂਲਾਂ ਨੂੰ ਸਟਾਫ ਦੀ ਭਾਰੀ ਕਮੀ ਦਾ ਸਾਹਮਣਾ ਕਰਨਾ ਪਿਆ। ਵੱਖ-ਵੱਖ ਵਿਸ਼ਿਆਂ ਅਧੀਨ ਮਾਸਟਰ ਕਾਡਰ ਵਿੱਚ 60 *ਪ੍ਰਤੀਸ਼ਤ* ਤੱਕ ਦੀ ਕਮੀ ਸੀ, ਜਦੋਂਕਿ ਲੈਕਚਰਾਰ/ਪੀ ਜੀ ਟੀ ਕਾਡਰ ਵਿੱਚ 52 *ਪ੍ਰਤੀਸ਼ਤ* ਦੀ ਕਮੀ ਸੀ, ਜਿਸ ਵਿੱਚ 11ਵੀਂ ਅਤੇ 12ਵੀਂ ਜਮਾਤ ਵਿੱਚ ਕੁੱਲ 32 *ਪ੍ਰਤੀਸ਼ਤ* ਦੀ ਕਮੀ ਸੀ।

ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਅਸਾਮੀਆਂ ਖਾਲੀ ਹੋਣ ਦੇ ਬਾਵਜੂਦ ਅਧਿਆਪਕਾਂ ਦੀ ਲਗਾਤਾਰ ਕਮੀ ਅਤੇ ਭਰਤੀ ਨਾ ਹੋਣ ਕਾਰਨ ਵਿਦਿਆਰਥੀ ਅਧਿਆਪਕ ਅਨੁਪਾਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਸੀ।

ਸੀ ਸੀ ਈ ਦੇ ਪ੍ਰਭਾਵਸ਼ਾਲੀ ਲਾਗੂ ਕਰਨ ਦੀ ਸਮੀਖਿਆ ਅਤੇ ਜਾਂਚ ਕਰਨ ਲਈ ਲਾਜ਼ਮੀ ਨਿਗਰਾਨੀ ਪ੍ਰਣਾਲੀ ਨੂੰ ਯਕੀਨੀ ਨਹੀਂ ਬਣਾਇਆ ਗਿਆ ਸੀ।

## 3.11 ਸਿਫਾਰਸ਼ਾਂ

ਲੇਖਾ ਪ੍ਰੀਖਿਆ ਦੀਆਂ ਲੱਭਤਾਂ ਦੇ ਮੱਦੇਨਜ਼ਰ, ਰਾਜ ਸਰਕਾਰ ਇਹ ਯਕੀਨੀ ਬਣਾ ਸਕਦੀ ਹੈ ਕਿ:

*(i)* *ਆਰ ਟੀ ਈ ਐਕਟ ਅਤੇ ਸਮਗਰ ਸਿੱਖਿਆ ਫਰੇਮਵਰਕ ਅਧੀਨ ਉਪਬੰਧਾਂ ਦੇ ਅਨੁਸਾਰ ਵਿਆਪਕ ਸਕੂਲ ਵਿਕਾਸ ਯੋਜਨਾ ਤਿਆਰ ਹੋਵੇ;*

*(ii)* *ਐਮ ਐਚ ਆਰ ਡੀ, ਭਾਰਤ ਸਰਕਾਰ ਦੁਆਰਾ ਨਿਰਧਾਰਤ ਸੰਗਠਨਾਤਮਕ ਢਾਂਚੇ ਅਨੁਸਾਰ ਐਸ ਸੀ ਈ ਆਰ ਟੀ ਅਤੇ ਡੀ ਆਈ ਈ ਟੀਜ਼ ਵਿੱਚ ਲੋੜੀਂਦੇ ਸਟਾਫ ਦੀ ਵਿਵਸਥਾ ਕਰਨਾ ਤਾਂ ਜੋ ਇਹ ਸੰਸਥਾਵਾਂ ਆਪਣੀਆਂ ਲਾਜ਼ਮੀ ਜ਼ਿੰਮੇਵਾਰੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਅਤੇ ਸਕੂਲੀ ਸਿੱਖਿਆ ਦੀ ਗੁਣਵੱਤਾ ਵਿੱਚ ਵਾਧਾ ਕਰਨ ਦੇ ਯੋਗ ਹੋ ਸਕਣ;*

*(iii)* *ਗੁਣਵੱਤਾ ਸਿੱਖਿਆ ਪ੍ਰਦਾਨ ਕਰਨ ਲਈ ਸਕੂਲਾਂ ਵਿੱਚ ਲੋੜੀਂਦੇ ਅਧਿਆਪਨ ਅਤੇ ਗੈਰ-ਅਧਿਆਪਨ ਸਟਾਫ ਦੀ ਤੈਨਾਤੀ ਹੋਵੇ;*

*(iv)* *ਗੁਣਵੱਤਾ ਸਿੱਖਿਆ ਲਈ ਆਰ ਟੀ ਈ ਐਕਟ ਅਨੁਸਾਰ ਵਿਦਿਆਰਥੀ-ਅਧਿਆਪਕ ਅਨੁਪਾਤ ਹੋਵੇ; ਅਤੇ*

*(v)* *ਇਹ ਯਕੀਨੀ ਬਣਾ ਕੇ ਨਿਰੰਤਰ ਤੇ ਵਿਆਪਕ ਮੁਲਾਂਕਣ ਦੀ ਨਿਗਰਾਨੀ ਨੂੰ ਮਜ਼ਬੂਤ ਕਰਨਾ ਕਿ ਸਕੂਲ ਸੀ ਸੀ ਈ ਸੈਲ ਦੁਆਰਾ ਡੀ ਆਈ ਈ ਟੀ ਸਮੀਖਿਆ ਲਈ ਵਿਦਿਆਰਥੀਆਂ ਦੀਆ ਉੱਤਰ ਸ਼ੀਟਾਂ ਜਮ੍ਹਾਂ ਕਰਵਾਉਣ ।*

ਇਹ ਮਾਮਲਾ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ (ਨਵੰਬਰ 2024), ਉਨ੍ਹਾਂ ਦੇ ਜਵਾਬ ਦੀ ਉਡੀਕ ਕੀਤੀ ਗਈ ਸੀ (ਜਨਵਰੀ 2025)।

# ਪਾਲਣ ਲੇਖਾ ਪ੍ਰੀਖਿਆ

# ਅਧਿਆਇ-IV

# ਜੇਲ੍ਹਾਂ ਵਿੱਚ ਕੈਦੀਆਂ ਲਈ ਬੁਨਿਆਦੀ ਸਹੂਲਤਾਂ

## ਅਧਿਆਇ-IV

## ਜੇਲ੍ਹ ਵਿਭਾਗ

## ਜੇਲ੍ਹਾਂ ਵਿੱਚ ਕੈਦੀਆਂ ਲਈ ਬੁਨਿਆਦੀ ਸਹੂਲਤਾਂ

### 4.1 ਜਾਣ-ਪਛਾਣ

ਜੇਲ੍ਹਾਂ ਅਪਰਾਧਿਕ ਨਿਆਂ ਪ੍ਰਣਾਲੀ ਦੇ ਇੱਕ ਅਨਿੱਖੜਵੇਂ ਅੰਗ ਵਜੋਂ, ਨਾ ਸਿਰਫ ਮੁਜ਼ਰਮਾਂ ਅਤੇ ਮੁਕੱਦਮੇ ਦੀ ਉਡੀਕ ਕਰ ਰਹੇ ਵਿਅਕਤੀਆਂ ਲਈ ਕੈਦ ਦੀ ਜਗ੍ਹਾ ਵਜੋਂ ਕੰਮ ਕਰਦੀਆਂ ਹਨ, ਬਲਕਿ ਸੁਧਾਰਕ ਸੰਸਥਾਵਾਂ ਵਜੋਂ ਵੀ ਕੰਮ ਕਰਦੀਆਂ ਹਨ ਜੋ ਦੁਬਾਰਾ ਅਪਰਾਧ ਕਰਨ ਦੀ ਸੰਭਾਵਨਾ ਨੂੰ ਘਟਾਉਣ, ਮੁੜ ਵਸੇਬੇ ਨੂੰ ਉਤਸ਼ਾਹਤ ਕਰਨ ਅਤੇ ਮੁੜ ਸਮਾਜ ਵਿੱਚ ਜੋੜਨ ਵਿੱਚ ਸਹਾਰਾ ਦੇਣ ਲਈ ਸਮਰਪਿਤ ਹਨ। ਹਿਰਾਸਤ, ਦੇਖਭਾਲ ਅਤੇ ਸੁਧਾਰ ਦੇ ਮੰਤਵ ਤੋਂ ਸੋਧਿਤ, ਪੰਜਾਬ ਵਿੱਚ ਜੇਲ੍ਹ ਪ੍ਰਸ਼ਾਸਨ ਨੂੰ ਇਹ ਯਕੀਨੀ ਬਣਾਉਣ ਲਈ ਲਾਜ਼ਮੀ ਕੀਤਾ ਗਿਆ ਹੈ ਕਿ ਜੇਲ੍ਹਾਂ ਰਿਹਾਇਸ਼, ਸਿਹਤ, ਸਫਾਈ, ਭੋਜਨ, ਕੱਪੜੇ ਅਤੇ ਮੈਡੀਕਲ ਸਹੂਲਤਾਂ ਵਰਗੇ ਸਾਰੇ ਪਹਿਲੂਆਂ ਵਿੱਚ ਮਨੁੱਖੀ ਮਾਣ ਦੇ ਅਨੁਕੂਲ ਹੋਣ।

ਫਰਵਰੀ 2016 ਵਿੱਚ, ਜੇਲ੍ਹਾਂ ਵਿੱਚ ਠੋਸ ਸੁਧਾਰਾਂ ਦੀ ਸਪੱਸ਼ਟ ਘਾਟ 'ਤੇ ਨਿਰਾਸ਼ਾ ਜ਼ਾਹਰ ਕਰਦਿਆਂ, ਭਾਰਤ ਦੀ ਮਾਣਯੋਗ ਸੁਪਰੀਮ ਕੋਰਟ ਨੇ ਸੰਵਿਧਾਨ ਦੇ ਅਨੁਛੇਦ 21 ਦੁਆਰਾ ਜ਼ਰੂਰੀ ਤੌਰ ਤੇ ਸਾਰੇ ਵਿਅਕਤੀਆਂ ਲਈ ਸਨਮਾਨਜਨਕ ਜੀਵਨ ਨੂੰ ਯਕੀਨੀ ਬਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਮਾਣਯੋਗ ਸੁਪਰੀਮ ਕੋਰਟ ਨੇ ਆਪਣੇ ਫੈਸਲੇ[1] ਵਿੱਚ ਜ਼ੋਰ ਦਿੱਤਾ ਕਿ ਕੈਦੀ, ਮਨੁੱਖ ਹੋਣ ਦੇ ਨਾਤੇ, ਸਨਮਾਨ ਨਾਲ ਵਿਵਹਾਰ ਦੇ ਹੱਕਦਾਰ ਹਨ ਅਤੇ ਉਨ੍ਹਾਂ ਦੀ ਰਿਹਾਇਸ਼, ਸਿਹਤ, ਸਫਾਈ, ਭੋਜਨ, ਕੱਪੜੇ, ਮੁੜ ਵਸੇਬ ਆਦਿ ਵਰਗੀਆਂ ਚਿੰਤਾਵਾਂ ਬਾਰੇ ਗੱਲ ਕੀਤੀ। ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ (ਐਸ ਐਸ ਸੀ ਏ) ਮਾਣਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੀ ਪਾਲਣਾ ਦਾ ਮੁਲਾਂਕਣ ਕਰਨ ਲਈ ਕੀਤਾ ਗਿਆ ਸੀ।

ਰਾਜ ਵਿੱਚ ਵੱਖ-ਵੱਖ ਸ਼੍ਰੇਣੀਆਂ ਦੀਆਂ 26 ਜੇਲ੍ਹਾਂ ਹਨ ਜਿਨ੍ਹਾਂ ਵਿੱਚ ਦੱਸ ਕੇਂਦਰੀ ਜੇਲ੍ਹਾਂ, ਸੱਤ ਜ਼ਿਲ੍ਹਾ ਜੇਲ੍ਹਾਂ[2], ਬਠਿੰਡਾ ਅਤੇ ਲੁਧਿਆਣਾ ਵਿਖੇ ਦੋ ਮਹਿਲਾ ਜੇਲ੍ਹਾਂ, ਲੁਧਿਆਣਾ ਵਿਖੇ ਇੱਕ ਬੋਰਸਟਲ ਜੇਲ੍ਹ, ਨਾਭਾ (ਪਟਿਆਲਾ) ਵਿਖੇ ਇੱਕ ਓਪਨ ਏਅਰ ਜੇਲ੍ਹ ਅਤੇ ਪੰਜ ਸਬ ਜੇਲ੍ਹਾਂ ਸ਼ਾਮਲ ਹਨ ਜਿਵੇਂ ਕਿ **ਅੰਤਿਕਾ** 4.1 ਵਿੱਚ ਵੇਰਵਾ ਦਿੱਤਾ ਗਿਆ ਹੈ। ਰਾਜ ਭਰ ਦੀਆਂ ਜੇਲ੍ਹਾਂ ਦੀ ਭੂਗੋਲਿਕ ਵੰਡ ਦਿੱਤੇ ਨਕਸ਼ੇ ਤੇ ਦਿਖਾਈ ਗਈ ਹੈ:

---

1 ਭਾਰਤ ਦੀ ਮਾਣਯੋਗ ਸੁਪਰੀਮ ਕੋਰਟ ਵਿੱਚ ਰਿੱਟ ਪਟੀਸ਼ਨ (ਸਿਵਲ) ਨੰ. 406/2013

2 ਡੀ ਜੇ ਨਾਭਾ ਸਮੇਤ ਜਿਸਨੂੰ ਉੱਚ ਸੁਰੱਖਿਆ ਜੇਲ੍ਹ, ਨਰਪ ਵਿੱਚ ਅਪਗ੍ਰੇਡ ਕੀਤਾ ਜਾ ਰਿਹਾ ਹੈ।




31 ਮਾਰਚ 2012 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ (ਸੀ ਏ ਜੀ) ਦੀ ਸਮਾਜਿਕ, ਜਨਰਲ ਅਤੇ ਆਰਥਿਕ ਖੇਤਰਾਂ (ਗੈਰ-ਜਨਤਕ ਖੇਤਰ ਦੇ ਅਦਾਰਿਆਂ) 'ਤੇ ਰਿਪੋਰਟ ਵਿੱਚ ਸ਼ਾਮਲ ਜੇਲ੍ਹ ਵਿਭਾਗ ਦੇ ਮੁੱਖ ਨਿਯੰਤਰਣ ਅਧਿਕਾਰੀ (ਸੀ ਸੀ ਓ) ਅਧਾਰਤ ਲੇਖਾ ਪ੍ਰੀਖਿਆ 'ਤੇ ਆਖਰੀ ਵਾਰ ਜੁਲਾਈ 2015 ਵਿੱਚ ਲੋਕ ਲੇਖਾ ਕਮੇਟੀ (ਪੀ ਏ ਸੀ) ਵਿੱਚ ਚਰਚਾ ਕੀਤੀ ਗਈ ਸੀ। ਇਸ ਲੇਖਾ ਪ੍ਰੀਖਿਆ ਨੂੰ ਕਰਦੇ ਸਮੇਂ ਪੀ ਏ ਸੀ ਦੀਆਂ ਸਿਫਾਰਸ਼ਾਂ ਨੂੰ ਉਚਿਤ ਤੌਰ ਤੇ ਧਿਆਨ ਵਿੱਚ ਰੱਖਿਆ ਗਿਆ ਹੈ।

31 ਮਾਰਚ 2018 ਨੂੰ ਸਮਾਪਤ ਹੋਏ ਸਾਲ ਲਈ ਸੀ ਏ ਜੀ ਦੀ ਸਮਾਜਿਕ, ਜਨਰਲ ਅਤੇ ਆਰਥਿਕ ਖੇਤਰਾਂ (ਗੈਰ-ਜਨਤਕ ਖੇਤਰ ਦੇ ਅਦਾਰਿਆਂ) 'ਤੇ ਰਿਪੋਰਟ ਵਿੱਚ ਸ਼ਾਮਲ ਇੱਕ ਹੋਰ ਲੇਖਾ ਪ੍ਰੀਖਿਆ ਪੈਰ੍ਹਾ 'ਜੇਲ੍ਹਾਂ ਵਿੱਚ ਸੁਰੱਖਿਆ ਪ੍ਰਣਾਲੀ' ਤੇ ਅਜੇ ਪੀ ਏ ਸੀ ਵਿੱਚ ਚਰਚਾ ਕੀਤੀ ਜਾਣੀ ਬਾਕੀ ਹੈ।

## 4.2 ਸੰਗਠਨਾਤਮਕ ਢਾਂਚਾ

ਪੰਜਾਬ ਸਰਕਾਰ ਦੇ ਪ੍ਰਮੁੱਖ ਸਕੱਤਰ/ਵਧੀਕ ਮੁੱਖ ਸਕੱਤਰ (ਜੇਲ੍ਹਾਂ) ਜੇਲ੍ਹ ਵਿਭਾਗ[3] ਰਾਜ ਸਰਕਾਰ ਦੇ ਪੱਧਰ ਤੇ ਪ੍ਰਸ਼ਾਸਕੀ ਮੁੱਖੀ ਹੁੰਦਾ ਹੈ। ਪੁਲਿਸ ਦੇ ਵਧੀਕ ਡਾਇਰੈਕਟਰ ਜਨਰਲ (ਏ ਡੀ ਜੀ ਪੀ ਜੇਲ੍ਹਾਂ) ਰਾਜ ਦੀਆਂ ਜੇਲ੍ਹਾਂ ਦੇ ਪ੍ਰਸ਼ਾਸਨ ਅਤੇ ਨਿਯੰਤਰਣ ਲਈ ਜ਼ਿੰਮੇਵਾਰ ਜੇਲ੍ਹ ਵਿਭਾਗ ਦਾ ਮੁਖੀ ਹੁੰਦਾ ਹੈ, ਜਿਸ ਦੀ ਸਹਾਇਤਾ ਹੈੱਡਕੁਆਰਟਰ ਵਿਖੇ ਜੇਲ੍ਹਾਂ ਦੇ ਇੰਸਪੈਕਟਰ ਜਨਰਲ (ਆਈ ਜੀ ਪੀ) ਅਤੇ ਸਰਕਲਾਂ (ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਪਟਿਆਲਾ) ਵਿਖੇ ਜੇਲ੍ਹਾਂ ਦੇ ਡਿਪਟੀ ਇੰਸਪੈਕਟਰ ਜਨਰਲ


---

[3] "ਜੇਲ੍ਹ ਪ੍ਰਸ਼ਾਸਨ" ਸ਼ਬਦ ਜੇਲ੍ਹ ਵਿਭਾਗ ਲਈ ਵਰਤਿਆ ਜਾ ਰਿਹਾ ਹੈ।

(ਡੀ ਆਈ ਜੀ ਪੀ) ਦੁਆਰਾ ਕੀਤੀ ਜਾਂਦੀ ਹੈ। ਜੇਲ੍ਹਾਂ ਦਾ ਪ੍ਰਬੰਧਨ ਡਿਪਟੀ ਸੁਪਰਡੰਟਾਂ/ਸਹਾਇਕ ਸੁਪਰਡੰਟਾਂ ਦੀ ਸਹਾਇਤਾ ਨਾਲ ਸੁਪਰਡੰਟਾਂ ਦੁਆਰਾ ਕੀਤਾ ਜਾਂਦਾ ਹੈ।

ਜੇਲ੍ਹ ਪ੍ਰਸ਼ਾਸਨ ਦਾ ਸੰਗਠਨਾਤਮਕ ਢਾਂਚਾ **ਚਾਰਟ** 4.1 ਵਿੱਚ ਪ੍ਰਦਰਸ਼ਿਤ ਕੀਤਾ ਗਿਆ ਹੈ।

**ਚਾਰਟ 4.1: ਜੇਲ੍ਹ ਪ੍ਰਸ਼ਾਸਨ ਦਾ ਸੰਗਠਨਾਤਮਕ ਢਾਂਚਾ**




## 4.3 ਲੇਖਾ ਪ੍ਰੀਖਿਆ ਉਦੇਸ਼

ਵਿਸ਼ਾ ਵਿਸ਼ੇਸ਼ ਪਾਲਣ ਲੇਖਾ ਪ੍ਰੀਖਿਆ (ਐਸ ਐਸ ਸੀ ਏ) ਕਰਵਾਉਣ ਦਾ ਉਦੇਸ਼ ਇਹ ਮੁਲਾਂਕਣ ਕਰਨਾ ਸੀ ਕਿ ਕੀ ਕੈਦੀਆਂ ਦੇ ਰਹਿਣ ਸਹਿਣ ਦੀਆਂ ਸਥਿਤੀਆਂ ਪੰਜਾਬ ਜੇਲ ਮੈਨੂਅਲ (ਪੀ ਜੇ ਐਮ), 1996, ਮਾਡਲ ਜੇਲ੍ਹ ਮੈਨੂਅਲ (ਐਮ ਪੀ ਐਮ), 2016, ਪੰਜਾਬ ਜੇਲ੍ਹ ਨਿਯਮ (ਪੀ ਪੀ ਆਰ) 2022 ਅਤੇ ਮਾਣਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਰਿਹਾਇਸ਼, ਸਿਹਤ, ਸਫਾਈ, ਮੈਡੀਕਲ ਸਹੂਲਤਾਂ, ਭੋਜਨ, ਕੱਪੜੇ, ਆਦਿ, ਵਰਗੇ ਸਾਰੇ ਪਹਿਲੂਆਂ ਵਿੱਚ ਮਨੁੱਖੀ ਮਾਣ ਦੇ ਅਨੁਕੂਲ ਹਨ ਜਾਂ ਨਹੀਂ।

## 4.4 ਲੇਖਾ ਪ੍ਰੀਖਿਆ ਦਾ ਦਾਇਰਾ, ਵਿਧੀ ਅਤੇ ਲੇਖਾ ਪ੍ਰੀਖਿਆ ਮਾਪਦੰਡ

ਐਸ ਐਸ ਸੀ ਏ (ਅਪ੍ਰੈਲ-ਅਗਸਤ 2023) ਏ ਡੀ ਜੀ ਪੀ (ਜੇਲ੍ਹਾਂ), ਚੁਣੀਆਂ ਗਈਆਂ[4] 10 ਕੇਂਦਰੀ ਜੇਲ੍ਹਾਂ (ਸੀ ਜੇ), ਚਾਰ ਜ਼ਿਲ੍ਹਾ ਜੇਲ੍ਹਾਂ (ਡੀ ਜੇ), ਇੱਕ ਮਹਿਲਾ ਜੇਲ੍ਹ (ਡਬਲਯੂ ਜੇ) ਲੁਧਿਆਣਾ, ਓਪਨ ਏਅਰ ਜੇਲ੍ਹ (ਓ ਏ ਜੇ) ਨਾਭਾ ਅਤੇ ਬੋਰਸਟਲ ਜੇਲ੍ਹ ਲੁਧਿਆਣਾ ਅਤੇ ਇੱਕ ਸਬ ਜੇਲ੍ਹ (ਐਸ ਜੇ) ਪਠਾਨਕੋਟ ***(ਅੰਤਿਕਾ 4.1)*** ਦੇ ਦਫਤਰ ਵਿੱਚ 2020-21 ਤੋਂ 2022-23 ਦੀ ਮਿਆਦ ਨਾਲ ਸਬੰਧਤ ਰਿਕਾਰਡਾਂ ਦੀ ਜਾਂਚ ਕਰਕੇ ਕੀਤੀ ਗਈ ਸੀ।

---

4 ਸਲਾਨਾ ਲੇਖਾ ਪ੍ਰੀਖਿਆ ਯੋਜਨਾ 2023-24 ਲਈ ਯੋਜਨਾਬੱਧ 10 ਸੀ ਜੇਜ਼ ਤੋਂ ਇਲਾਵਾ ਡਬਲਯੂ ਜੇ ਲੁਧਿਆਣਾ ਅਤੇ ਐਸ ਜੇ ਪਠਾਨਕੋਟ ਨੂੰ ਜੇਲ੍ਹਾਂ ਦੀ ਹਰੇਕ ਸਮੂਹ ਸ਼੍ਰੇਣੀ ਵਿੱਚ ਨਮੂਨੇ ਦਾ ਪ੍ਰਤੀਨਿਧੀ ਬਣਾਉਣ ਲਈ ਚੁਣਿਆ ਗਿਆ ਸੀ ਅਤੇ ਓ ਏ ਜੇ ਨਾਭਾ ਨੂੰ ਵੀ ਹੈਟਰੋਜੈਨਸ ਯੂਨਿਟ ਵਜੋਂ ਚੁਣਿਆ ਗਿਆ ਸੀ।

28 ਜੂਨ 2023 ਨੂੰ ਜੇਲ੍ਹ ਪ੍ਰਸ਼ਾਸਨ ਨਾਲ ਇੱਕ ਐਂਟਰੀ ਕਾਨਫਰੰਸ ਕੀਤੀ ਗਈ ਸੀ, ਜਿਸ ਵਿੱਚ ਲੇਖਾ ਪ੍ਰੀਖਿਆ ਉਦੇਸ਼ਾਂ, ਦਾਇਰੇ, ਮਾਪਦੰਡਾਂ, ਲੇਖਾ ਪ੍ਰੀਖਿਆ ਨਮੂਨੇ ਬਾਰੇ ਚਰਚਾ ਕੀਤੀ ਗਈ ਸੀ ਅਤੇ ਲੇਖਾ ਪ੍ਰੀਖਿਆ ਦੇ ਨਤੀਜਿਆਂ ਤੇ ਚਰਚਾ ਲਈ 12 ਮਾਰਚ 2024 ਨੂੰ ਐਗਜ਼ਿਟ ਕਾਨਫਰੰਸ ਕੀਤੀ ਗਈ ਸੀ।

ਲੇਖਾ ਪ੍ਰੀਖਿਆ ਦੇ ਮਾਪਦੰਡ ਮੁੱਖ ਤੌਰ ਤੇ ਹੇਠ ਲਿਖੇ ਸ੍ਰੋਤਾਂ ਤੋਂ ਲਏ ਗਏ ਸਨ:

- ਪੰਜਾਬ ਜੇਲ੍ਹ ਮੈਨੂਅਲ, 1996;
- ਮਾਡਲ ਜੇਲ੍ਹ ਮੈਨੂਅਲ, 2016;
- ਪੰਜਾਬ ਜੇਲ੍ਹ (ਅਦਾਲਤ ਵਿੱਚ ਹਾਜ਼ਰੀ) ਨਿਯਮ, 1969;
- ਪੰਜਾਬ ਜੇਲ੍ਹ ਨਿਯਮ, 2022;
- ਭਾਰਤ ਦੇ ਮਾਣਯੋਗ ਸੁਪਰੀਮ ਕੋਰਟ ਦੇ ਨਿਰਦੇਸ਼; ਅਤੇ
- ਕੇਂਦਰ ਅਤੇ ਰਾਜ ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਕੀਤੀਆਂ ਅਧਿਸੂਚਨਾਵਾਂ ਅਤੇ ਨਿਰਦੇਸ਼ਾਂ।

## ਲੇਖਾ ਪ੍ਰੀਖਿਆ ਲੱਭਤਾਂ

## 4.5 ਕਾਨੂੰਨੀ ਢਾਂਚਾ

### 4.5.1 ਪੰਜਾਬ ਜੇਲ੍ਹ ਨਿਯਮ ਬਣਾਉਣ ਵਿੱਚ ਅਸਧਾਰਨ ਦੇਰੀ

ਪੰਜਾਬ ਵਿੱਚ ਜੇਲ੍ਹ ਪ੍ਰਸ਼ਾਸਨ ਮੁੱਖ ਤੌਰ ਤੇ ਪੰਜਾਬ ਜੇਲ੍ਹ ਮੈਨੂਅਲ (ਪੀ ਜੇ ਐਮ) 1996 ਦੁਆਰਾ ਚਲਾਇਆ ਜਾਂਦਾ ਸੀ। 2003 ਵਿੱਚ, ਭਾਰਤ ਸਰਕਾਰ ਨੇ ਮਾਣਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਤੇ ਦੇਸ਼ ਭਰ ਵਿੱਚ ਜੇਲ੍ਹ ਵਿਹਾਰ ਨੂੰ ਮਿਆਰੀ ਬਣਾਉਣ ਲਈ ਮਾਡਲ ਜੇਲ੍ਹ ਮੈਨੂਅਲ (ਐਮ ਪੀ ਐਮ) ਪੇਸ਼ ਕੀਤਾ। ਇਸ ਨੂੰ 2016 ਵਿੱਚ ਅਪਡੇਟ ਕੀਤਾ ਗਿਆ ਸੀ ਤਾਂ ਜੋ ਕਾਨੂੰਨਾਂ ਵਿੱਚ ਇਕਸਾਰਤਾ ਨੂੰ ਉਤਸ਼ਾਹਤ ਕੀਤਾ ਜਾ ਸਕੇ ਅਤੇ ਜੇਲ੍ਹਾਂ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਨੂੰ ਵਧਾਇਆ ਜਾ ਸਕੇ, ਜਿਸ ਨਾਲ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੁਆਰਾ ਸਥਾਨਕ ਸਥਿਤੀਆਂ ਦੇ ਅਨੁਕੂਲ ਹੋਣ ਨੂੰ ਉਤਸ਼ਾਹਤ ਕੀਤਾ ਜਾ ਸਕੇ। ਐਮ ਪੀ ਐਮ 2016 ਦੁਆਰਾ ਨਿਰਦੇਸ਼ਤ ਅਤੇ ਰਾਜ ਦੀਆਂ ਵਿਸ਼ੇਸ਼ ਲੋੜਾਂ ਅਤੇ ਹਾਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਪੰਜਾਬ ਸਰਕਾਰ (ਜੀ ਓ ਪੀ) ਨੇ ਜੂਨ 2022 ਵਿੱਚ ਪੰਜਾਬ ਜੇਲ੍ਹ ਨਿਯਮ, 2022 (ਪੀ ਪੀ ਆਰ 2022) ਨੂੰ ਅਧਿਸੂਚਿਤ ਕੀਤਾ, ਜਿਸ ਨਾਲ ਪੰਜਾਬ ਜੇਲ੍ਹ ਮੈਨੂਅਲ 1996 ਅਤੇ ਪਹਿਲਾਂ ਦੀਆਂ ਸਾਰੀਆਂ ਸਰਕਾਰੀ ਨਿਰਦੇਸ਼ਾਂ ਅਤੇ ਅਧਿਸੂਚਨਾਵਾਂ ਨੂੰ ਰੱਦ ਕਰ ਦਿੱਤਾ ਗਿਆ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ ਜੇਲ੍ਹ ਪ੍ਰਸ਼ਾਸਨ ਨੇ ਪੰਜਾਬ ਜੇਲ੍ਹ ਨਿਯਮ, 2022 ਨੂੰ ਅਧਿਸੂਚਿਤ ਕਰਨ ਲਈ ਐਮ ਪੀ ਐਮ 2016 ਵਿੱਚ ਦਰਸਾਏ ਢਾਂਚੇ ਦੀ ਵਰਤੋਂ ਕਰਨ ਵਿੱਚ ਅਸਧਾਰਨ ਤੌਰ ਤੇ ਛੇ ਸਾਲ ਦਾ ਲੰਮਾ ਸਮਾਂ ਲਿਆ। ਇਸ ਦੌਰਾਨ, ਪੀ ਜੇ ਐਮ ਤੋਂ ਇਲਾਵਾ, ਜੇਲ੍ਹਾਂ ਦਾ ਪ੍ਰਸ਼ਾਸਨ ਰੁਕ-ਰੁਕ ਕੇ ਐਮ ਪੀ ਐਮ 2016 ਦੁਆਰਾ ਚਲਾਇਆ ਜਾ ਰਿਹਾ ਸੀ ਜਿਸ ਨੂੰ ਲਾਗੂ ਕਰਨ ਵਿੱਚ ਹੇਠ ਲਿਖੀਆਂ ਵਿਸੰਗਤੀਆਂ ਸਨ:

ਮਾਰਚ 2019 ਵਿੱਚ ਜੇਲ੍ਹ ਪ੍ਰਸ਼ਾਸਨ ਨੇ ਸੂਚਿਤ ਕਿਤਾ ਕਿ 2003 ਅਤੇ 2016 ਦੇ ਦੋਵੇਂ ਐਮ ਪੀ ਐਮਜ਼ ਜੇਲ੍ਹ ਪ੍ਰਸ਼ਾਸਨ ਦੇ ਕਾਰਜਸ਼ੀਲ ਖੇਤਰਾਂ ਵਿੱਚ ਬਿਨਾਂ ਕਿਸੇ ਭਿੰਨਤਾ ਦੇ ਵਿਆਪਕ ਤੌਰ ਤੇ ਲਾਗੂ ਕੀਤੇ ਗਏ ਸਨ। ਇਸ ਤੋਂ ਬਾਅਦ ਨਵੰਬਰ 2023 ਵਿੱਚ ਸੂਚਿਤ ਕੀਤਾ ਕਿ ਪੰਜਾਬ ਜੇਲ੍ਹ ਨਿਯਮਾਂ ਨੂੰ ਐਮ ਪੀ ਐਮ 2016 ਵਿੱਚ ਸ਼ਾਮਲ ਉਪਬੰਧਾਂ ਦੇ ਅਧਾਰ ਤੇ ਵਿਕਸਿਤ ਕੀਤਾ ਗਿਆ ਸੀ। ਹਾਲਾਂਕਿ, ਮਈ 2024 ਵਿੱਚ ਜੇਲ੍ਹ ਪ੍ਰਸ਼ਾਸਨ ਨੇ ਆਪਣੀ ਸਥਿਤੀ ਨੂੰ ਇਹ ਕਹਿੰਦੇ ਹੋਏ ਸੋਧਿਆ, ਕਿ ਐਮ ਪੀ ਐਮ 2016 ਨੂੰ ਸਿਰਫ ਸੁਰੱਖਿਆ ਵਿਧੀਆਂ ਲਈ ਅਪਣਾਇਆ ਗਿਆ ਸੀ।

ਇਸ ਤਰ੍ਹਾਂ ਪੀ ਪੀ ਆਰ ਰਾਹੀਂ ਐਮ ਪੀ ਐਮ 2016 ਨੂੰ ਲਾਗੂ ਕਰਨ ਵਿੱਚ ਦੇਰੀ ਦੇ ਨਤੀਜੇ ਵਜੋਂ ਨਾ ਸਿਰਫ ਕਾਨੂੰਨਾਂ ਵਿੱਚ ਇਕਸਾਰਤਾ ਅਤੇ ਜੇਲ੍ਹ ਪ੍ਰਬੰਧਨ ਦੇ ਵਿਹਾਰ ਵਿੱਚ ਸੁਧਾਰ ਪ੍ਰਭਾਵਿਤ ਹੋਏ, ਸਗੋਂ ਕੈਦੀਆਂ ਨੂੰ ਉਨ੍ਹਾਂ ਦੀ ਸਿਹਤ, ਸਫਾਈ, ਭੋਜਨ, ਕੱਪੜੇ ਅਤੇ ਮੁੜ ਵਸੇਬੇ ਨਾਲ ਸਬੰਧਤ ਸੁਧਾਰਤਮਕ ਉਪਾਵਾਂ ਤੋਂ ਵੀ ਵਾਂਝਾ ਰੱਖਿਆ ਗਿਆ ਜੋ 2016 ਵਿੱਚ ਭਾਰਤ ਦੀ ਮਾਣਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਤੇ ਸ਼ੁਰੂ ਕੀਤੇ ਗਏ ਸਨ ਤਾਂ ਜੋ ਜੀਵਨ ਪੱਧਰ ਵਿੱਚ ਸੁਧਾਰ ਕੀਤਾ ਜਾ ਸਕੇ ਅਤੇ ਕੈਦੀਆਂ ਦੇ ਮਨੁੱਖੀ ਮਾਣ ਨੂੰ ਉੱਚਾ ਚੁੱਕਿਆ ਜਾ ਸਕੇ।

ਜੇਲ੍ਹ ਪ੍ਰਸ਼ਾਸਨ ਨੇ ਕਿਹਾ (ਅਗਸਤ 2024) ਕਿ ਐਮ ਪੀ ਐਮ 2016 ਦੇ ਉਪਬੰਧਾਂ ਨੂੰ ਪੀ ਪੀ ਆਰ 2022 ਵਿੱਚ ਛੇ ਸਾਲਾਂ ਦੀ ਦੇਰੀ ਨਾਲ ਅਪਣਾਇਆ ਗਿਆ ਸੀ ਅਤੇ ਰਾਜ ਪੀ ਪੀ ਆਰ 2022 ਤੋਂ ਪਹਿਲਾਂ ਇਨ੍ਹਾਂ ਉਪਬੰਧਾਂ ਨਾਲ ਪਾਬੰਦ ਨਹੀਂ ਸੀ। ਜੇਲ੍ਹ ਪ੍ਰਸ਼ਾਸਨ ਦਾ ਜਵਾਬ ਤਸੱਲੀਬਖਸ਼ ਨਹੀਂ ਸੀ, ਕਿਉਂਕਿ ਐਮ ਪੀ ਐਮ 2016 ਨੂੰ ਅਪਣਾਉਣ ਵਿੱਚ ਦੇਰੀ ਨੂੰ ਕਿਸੇ ਵੀ ਤਰ੍ਹਾਂ ਰਾਜ ਜੇਲ੍ਹ ਸੁਧਾਰਾਂ ਨੂੰ ਲਾਗੂ ਕਰਨ ਅਤੇ ਭਾਰਤ ਦੇ ਸੰਵਿਧਾਨ ਦੇ ਅਨੁਛੇਦ 21 ਵਿੱਚ ਦਰਸਾਏ ਗਏ ਅਧਿਕਾਰਾਂ ਨੂੰ ਪ੍ਰਦਾਨ ਕਰਨ ਦੀ ਅਪਣਾਈ ਜ਼ਿੰਮੇਵਾਰੀ ਤੋਂ ਮੁਕਤ ਕਰਨ ਲਈ ਜਾਇਜ਼ ਬਹਾਨਾ ਨਹੀਂ ਮੰਨਿਆ ਜਾ ਸਕਦਾ।

## 4.6 ਰਿਹਾਇਸ਼ ਸਹੂਲਤਾਂ

### 4.6.1 ਜੇਲ੍ਹਾਂ ਵਿੱਚ ਭੀੜ-ਭੜੱਕਾ

ਪੰਜਾਬ ਜੇਲ ਮੈਨੂਅਲ (ਪੀ ਜੇ ਐਮ) 1996 ਦੇ ਪੈਰ੍ਹਾਂ 903 ਅਨੁਸਾਰ ਜਦੋਂ ਕਿਸੇ ਜੇਲ੍ਹ ਦੀ ਆਬਾਦੀ ਵੱਧ ਤੋਂ ਵੱਧ ਗਿਣਤੀ ਤੱਕ ਪਹੁੰਚ ਜਾਂਦੀ ਹੈ ਜਿਸ ਲਈ ਰਿਹਾਇਸ਼ ਹੈ, ਤਾਂ ਇੰਸਪੈਕਟਰ ਜਨਰਲ ਅਤੇ ਪੁਲਿਸ ਸੁਪਰਡੰਟਾਂ ਨੂੰ ਸੂਚਿਤ ਕੀਤਾ ਜਾਵੇਗਾ ਤਾਂ ਜੋ ਕੁਝ ਮੁਜ਼ਰਮਾਂ ਦਾ ਤਬਾਦਲਾ ਕੀਤਾ ਜਾ ਸਕੇ ਜਾਂ ਉਨ੍ਹਾਂ ਨੂੰ ਬਾਹਰ ਅਸਥਾਈ ਆਸਰਾ ਦੇਣ ਦਾ ਪ੍ਰਬੰਧ ਕੀਤਾ ਜਾ ਸਕੇ। ਪੰਜਾਬ ਜੇਲ੍ਹ ਨਿਯਮ (ਪੀ ਪੀ ਆਰ), 2022 ਦੇ ਨਿਯਮ 15.01 ਅਤੇ ਨਿਯਮ 15.03 ਡਾਇਰੈਕਟਰ ਜਨਰਲ (ਜੇਲ੍ਹ) ਨੂੰ ਸਬੰਧਤ ਅਦਾਲਤ ਨੂੰ ਤੁਰੰਤ ਸੂਚਿਤ ਕਰਦੇ ਹੋਏ ਮੁਕੱਦਮੇ ਅਧੀਨ ਸਮੇਤ ਸਜਾ ਪ੍ਰਾਪਤ ਕੈਦੀਆਂ ਦਾ ਤਬਾਦਲਾ ਕਰਨ ਦਾ ਅਧਿਕਾਰ ਦਿੰਦੇ ਹਨ।

ਸਾਲ 2020-2023 ਦੌਰਾਨ ਸਾਰੀਆਂ 26 ਜੇਲ੍ਹਾਂ ਦੀ ਸਮੁੱਚੀ ਅਧਿਕਾਰਤ ਸਮਰੱਥਾ ਅਤੇ ਪੁਰਸ਼ ਅਤੇ ਮਹਿਲਾਂ ਕੈਦੀਆਂ ਦੀ **ਸਾਰਣੀ** 4.1 ਵਿੱਚ ਦਰਸਾਈ ਗਈ ਹੈ।

**ਸਾਰਣੀ 4.1: 2020-2023 ਦੌਰਾਨ ਕੈਦੀਆਂ ਦੀ ਰਿਹਾਇਸ਼**

| ਸਾਲ | ਪੁਰਸ਼ ਕੈਦੀ | | | ਮਹਿਲਾ ਕੈਦੀ | | |
|---|---|---|---|---|---|---|
| | ਸਮਰੱਥਾ | ਰਿਹਾਇਸ਼ | ਖਾਲੀ (-) /ਵਾਧੂ(+) ਸਮਰੱਥਾ ਤੋਂ ਵੱਧ | ਸਮਰੱਥਾ | ਰਿਹਾਇਸ਼ | ਖਾਲੀ (-) /ਵਾਧੂ(+) ਸਮਰੱਥਾ ਤੋਂ ਵੱਧ |
| 2020-21 | 21,790 | 20,476 | -1,314 | 1,408 | 1,240 | -168 |
| 2021-22 | 23,638 | 24,101 | 463 | 1,878 | 1,285 | -593 |
| 2022-23 | 23,658 | 28,481 | 4,823 | 2,166 | 1,488 | -678 |

*ਸ੍ਰੋਤ: ਵਿਭਾਗੀ ਡਾਟਾ*

ਜਿਵੇਂ ਕਿ **ਸਾਰਣੀ** 4.1 ਤੋਂ ਸਪਸ਼ਟ ਹੈ, ਜੇਲ ਪ੍ਰਸ਼ਾਸਨ ਨੇ ਜੇਲ੍ਹਾਂ ਦੀ ਅਧਿਕਾਰਤ ਸਮਰੱਥਾ ਨੂੰ 2020-21 ਵਿੱਚ 23,198[5] ਤੋਂ ਵਧਾ ਕੇ 2022-23 ਵਿੱਜ 25,824[6] ਕਰਨ ਲਈ ਸੁਧਾਰਾਤਮਕ ਉਪਾਅ ਕੀਤੇ ਹੋਣ ਦੇ ਬਾਵਜੂਦ ਜੇਲ੍ਹਾਂ ਦੀ ਸਮਰੱਥਾ ਨਾਕਾਫੀ ਸਾਬਤ ਹੋਈ ਕਿਉਂਕਿ 4,145[7] ਕੈਦੀਆਂ ਨੂੰ ਅਧਿਕਾਰਤ ਸਮਰੱਥਾ ਤੋਂ ਵੱਧ ਜੇਲ੍ਹਾਂ ਵਿੱਚ ਰੱਖਿਆ ਗਿਆ ਸੀ। ਅਧਿਕਾਰਤ ਸਮਰੱਥਾ ਦੇ ਮੁਕਾਬਲੇ ਜੇਲ੍ਹ-ਵਾਰ ਕੈਂਦੀਆਂ ਦੇ ਲੇਖਾ ਪ੍ਰੀਖਿਆ ਵਿੱਚ ਹੇਠ ਲਿਖੇ ਸਾਹਮਣੇ ਆਏ:

### 4.6.1.1 ਪੁਰਸ਼ ਕੈਦੀਆਂ ਵਿੱਚ ਰਿਹਾਇਸ਼ ਦੀ ਬੇਮੇਲਤਾ

31 ਮਾਰਚ 2021, 31 ਮਾਰਚ 2022 ਅਤੇ 31 ਮਾਰਚ 2023 ਨੂੰ ਪੁਰਸ਼ ਮੁਜ਼ਰਮਾਂ ਬਨਾਮ ਅਧਿਕਾਰਤ ਸਮਰੱਥਾ ਦਾ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਕੀਤਾ ਗਿਆ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਭੀੜ-ਭੜੱਕੇ ਵਾਲੀਆਂ ਜੇਲ੍ਹਾਂ ਤੋਂ ਕਿੰਨੇ ਪੁਰਸ਼ ਮੁਜ਼ਰਮਾਂ ਨੂੰ ਹੋਰ ਜੇਲ੍ਹਾਂ ਵਿੱਚ ਖਾਲੀ ਥਾਂ ਦੇ ਵਿਰੁੱਧ ਰੱਖਿਆ ਜਾ ਸਕਦਾ ਸੀ। ਇਹ ਵਿਸ਼ਲੇਸ਼ਣ ਵਿਸ਼ੇਸ਼ ਜੇਲ੍ਹਾਂ ਨੂੰ ਬਾਹਰ ਰੱਖ ਕੇ ਕੀਤਾ ਗਿਆ ਸੀ ਜਿੱਥੇ ਪੁਰਸ਼ ਮੁਜ਼ਰਮਾਂ ਦਾ ਤਬਾਦਲਾ ਕਰਨਾ ਸੰਭਵ ਨਹੀਂ ਸੀ। 31 ਮਾਰਚ 2021, 31 ਮਾਰਚ 2022 ਅਤੇ 31 ਮਾਰਚ 2023 ਨੂੰ ਅਧਿਕਾਰਤ ਸਮਰੱਥਾ ਤੋਂ ਵੱਧ ਪੁਰਸ਼ ਕੈਦੀਆਂ ਦੀ ਸਥਿਤੀ **ਚਾਰਟ** 4.2 ਵਿੱਚ ਪ੍ਰਦਰਸ਼ਿਤ ਕੀਤੀ ਗਈ ਹੈ ਅਤੇ ਜੇਲ੍ਹ-ਵਾਰ ਵੇਰਵੇ **ਅੰਤਿਕਾ** 4.2 ਵਿੱਚ ਦਿੱਤੇ ਗਏ ਹਨ।


---

5 ਸਾਲ 2020-21 ਲਈ ਪੁਰਸ਼ ਕੈਦੀਆਂ (21,790) ਅਤੇ ਮਹਿਲਾ ਕੈਦੀਆਂ ਦੀ (1,408) ਸਮਰੱਥਾ।

6 ਸਾਲ 2022-23 ਲਈ ਪੁਰਸ਼ ਕੈਦੀਆਂ (23,658) ਅਤੇ ਮਹਿਲਾ ਕੈਦੀਆਂ (2,166) ਦੀ ਸਮਰੱਥਾ।

7 ਸਾਲ 2022-23 ਲਈ ਪੁਰਸ਼ ਕੈਦੀਆਂ (4,823) ਅਤੇ ਮਹਿਲਾ ਕੈਦੀਆਂ (-678) ਦੀ ਕੁੱਲ ਵਾਧੂ ਰਿਹਾਇਸ਼।

**ਚਾਰਟ 4.2: ਜੇਲ੍ਹਾਂ ਵਿੱਚ ਪੁਰਸ਼ ਕੈਦੀਆਂ ਦੀ ਰਿਹਾਇਸ਼ ਦੀ ਗਿਣਤੀ ਵਿੱਚ ਬੇਮੇਲਤਾ**




ਜਿਵੇਂ ਕਿ **ਚਾਰਟ** 4.2 ਤੋਂ ਸਪੱਸ਼ਟ ਹੈ, 2020-21 ਤੋਂ 2022-23 ਦੌਰਾਨ ਭੀੜ-ਭੜੱਕੇ ਦਾ ਮੁੱਦਾ ਹੋਰ ਵਿਗੜ ਗਿਆ ਸੀ। 22 ਜੇਲ੍ਹਾਂ (ਦੋ ਮਹਿਲਾ ਜੇਲ੍ਹ, ਇੱਕ ਓਪਨ ਏਅਰ ਜੇਲ੍ਹ, ਇੱਕ ਬੋਰਸਟਲ ਜੇਲ੍ਹ ਨੂੰ ਛੱਡ ਕੇ) ਵਿੱਚ ਬੰਦ ਪੁਰਸ਼ ਕੈਦੀਆਂ ਨੇ **ਸਾਰਣੀ** 4.2 ਵਿੱਚ ਦਿੱਤੇ ਅਨੁਸਾਰ ਭੀੜ-ਭੜੱਕੇ ਦੇ ਰੁਝਾਨ ਦਾ ਖੁਲਾਸਾ ਕੀਤਾ।

**ਸਾਰਣੀ 4.2: ਭੀੜ-ਭੜੱਕੇ ਦਾ ਵੇਰਵਾ (ਪੁਰਸ਼ ਕੈਦੀ)**

| ਸਾਲ | ਅਧਿਕਾਰਤ ਸਮਰੱਥਾ ਤੋਂ ਵੱਧ ਪੁਰਸ਼ ਕੈਦੀ | ਹੋਰ ਜੇਲ੍ਹਾਂ ਵਿੱਚ ਤਬਾਦਲਾ ਕਰਨ ਦੇ ਯੋਗ ਮੁਜ਼ਰਮਾਂ ਦੀ ਕੁੱਲ ਗਿਣਤੀ | ਹੋਰ ਜੇਲ੍ਹਾਂ ਵਿੱਚ ਉਪਲਬਧ ਥਾਂ | ਕੈਦੀਆਂ ਦੀ ਪ੍ਰਤੀਸ਼ਤਤਾ ਜਿੰਨ੍ਹਾਂ ਨੂੰ ਤਬਾਦਲਾ ਕਰਕੇ ਠਹਿਰਾਇਆ ਜਾ ਸਕਦਾ ਸੀ |
|---|---|---|---|---|
| 31 ਮਾਰਚ 2021 | 1,070 | 919 | 2,000 | 100 |
| 31 ਮਾਰਚ 2022 | 2,513 | 2,293 | 1,845 | 80 |
| 31 ਮਾਰਚ 2023 | 6,204 | 4,052 | 1,234 | 30 |


*ਸ੍ਰੋਤ: ਵਿਭਾਗੀ ਡਾਟਾ*

ਜਿਵੇਂ ਕਿ ਉੱਪਰ ਵਿਖਾਇਆ ਗਿਆ ਹੈ, ਕੁਝ ਜੇਲ੍ਹਾਂ ਵਿੱਚ ਖਾਲੀ ਥਾਂ ਅਤੇ ਭੀੜ-ਭੜੱਕੇ ਵਾਲੀਆਂ ਜੇਲ੍ਹਾਂ ਵਿੱਚ ਯੋਗ ਮੁਜ਼ਰਮਾਂ ਦੇ ਹੋਣ ਦੇ ਬਾਵਜੂਦ, ਜੇਲ੍ਹ ਪ੍ਰਸ਼ਾਸਨ ਨੇ ਭੀੜ ਨੂੰ ਘੱਟ ਕਰਨ ਲਈ 1,234 ਅਤੇ 2,000 ਦੇ ਵਿਚਕਾਰ ਯੋਗ ਮੁਜ਼ਰਮਾਂ ਦਾ ਤਬਾਦਲਾ ਨਹੀਂ ਕੀਤਾ।

### 4.6.1.2 ਮਹਿਲਾ ਕੈਦੀਆਂ ਵਿੱਚ ਰਿਹਾਇਸ਼ ਦੀ ਬੇਮੇਲਤਾ

ਇਸੇ ਤਰ੍ਹਾਂ 24 ਜੇਲ੍ਹਾਂ (ਓ ਏ ਜੇ ਨਾਭਾ ਅਤੇ ਬੀ ਜੇ ਲੁਧਿਆਣਾ ਨੂੰ ਛੱਡ ਕੇ) ਵਿੱਚ ਬੰਦ ਅਧਿਕਾਰਤ ਸਮਰੱਥਾ ਅਤੇ ਮਹਿਲਾ ਕੈਦੀਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਅਤੇ 31 ਮਾਰਚ 2021, 31 ਮਾਰਚ 2022 ਅਤੇ 31 ਮਾਰਚ 2023 ਨੂੰ ਅਧਿਕਾਰਤ ਸਮਰੱਥਾ ਤੋਂ ਵੱਧ ਮਹਿਲਾ ਕੈਦੀਆਂ ਦੀ ਸਥਿਤੀ ਨੂੰ **ਚਾਰਟ** 4.3 ਵਿੱਚ ਪ੍ਰਦਰਸ਼ਿਤ ਕੀਤਾ ਗਿਆ ਹੈ ਅਤੇ ਜੇਲ੍ਹ-ਵਾਰ ਵੇਰਵੇ **ਅੰਤਿਕਾ** 4.2 ਵਿੱਚ ਪ੍ਰਦਰਸ਼ਿਤ ਕੀਤੇ ਗਏ ਹਨ।

**ਚਾਰਟ 4.3: ਜੇਲ੍ਹਾਂ ਵਿੱਚ ਮਹਿਲਾ ਕੈਦੀਆਂ ਦੀ ਰਿਹਾਇਸ਼ ਦੀ ਗਿਣਤੀ ਵਿੱਚ ਬੇਮੇਲਤਾ**




ਜਿਵੇਂ ਕਿ **ਚਾਰਟ** 4.3 ਤੋਂ ਵੇਖਿਆ ਜਾ ਸਕਦਾ ਹੈ, ਅਧਿਕਾਰਤ ਸਮਰੱਥਾ ਤੋਂ ਵੱਧ ਮਹਿਲਾ ਕੈਦੀਆਂ ਦੀ ਰਿਹਾਇਸ਼ 159 ਤੋਂ 219 ਕੈਦੀਆਂ ਤੱਕ ਸੀ। ਮਹਿਲਾ ਕੈਦੀਆਂ ਦੀ ਭੀੜ-ਭੜੱਕੇ ਦਾ ਸਾਲ-ਵਾਰ ਰੁਝਾਨ **ਸਾਰਣੀ** 4.3 ਵਿੱਚ ਦਿੱਤਾ ਗਿਆ ਹੈ।

**ਸਾਰਣੀ 4.3: ਭੀੜ-ਭੜਕੇ ਦਾ ਵੇਰਵਾ (ਮਹਿਲਾ ਕੈਦੀ)**

| ਸਾਲ | ਅਧਿਕਾਰਤ ਸਮਰੱਥਾ ਤੋਂ ਵੱਧ ਮਹਿਲਾ ਕੈਦੀ | ਹੋਰ ਜੇਲ੍ਹਾਂ ਵਿੱਚ ਤਬਾਦਲਾ ਕਰਨ ਲਈ ਯੋਗ ਮਹਿਲਾ ਕੈਦੀਆਂ ਦੀ ਕੁੱਲ ਗਿਣਤੀ | ਹੋਰ ਜੇਲ੍ਹਾਂ ਵਿੱਚ ਉਪਲੱਬਧ ਥਾਂ | ਮਹਿਲਾ ਕੈਦੀਆਂ ਦੀ ਪ੍ਰਤੀਸ਼ਤਤਾ ਜਿੰਨ੍ਹਾਂ ਨੂੰ ਤਬਾਦਲਾ ਕਰਕੇ ਠਹਿਰਾਇਆ ਜਾ ਸਕਦਾ ਸੀ |
|---|---|---|---|---|
| 31 ਮਾਰਚ 2021 | 219 | 149 | 128 | 86 |
| 31 ਮਾਰਚ 2022 | 159 | 94 | 72 | 77 |
| 31 ਮਾਰਚ 2023 | 203 | 89 | 82 | 92 |

*ਸ੍ਰੋਤ: ਵਿਭਾਗੀ ਡਾਟਾ*

ਲੋਕ ਲੇਖਾ ਕਮੇਟੀ (ਪੀ ਏ ਸੀ) ਨੇ 31 ਮਾਰਚ 2012 ਨੂੰ ਸਮਾਪਤ ਹੋਈ ਮਿਆਦ ਲਈ ਸੀ ਏ ਜੀ ਦੀ ਲੇਖਾ ਪ੍ਰੀਖਿਆ ਰਿਪੋਰਟ ਦੇ ਪੈਰ੍ਹਾ 5.1.8.2 ਵਿੱਚ ਦਰਸਾਏ ਅਨੁਸਾਰ ਭੀੜ-ਭੜੱਕੇ ਦੇ ਮੁੱਦੇ ਤੇ ਚਰਚਾ

ਕਰਦਿਆਂ (ਜੁਲਾਈ 2015) ਜੇਲ੍ਹ ਪ੍ਰਸ਼ਾਸਨ ਨੂੰ ਜੇਲ੍ਹ ਖੇਤਰ ਅਤੇ ਇਸ ਦੀ ਸਮਰੱਥਾ ਦੇ ਅਧਾਰ ਤੇ ਜੇਲ੍ਹ ਦੀ ਆਬਾਦੀ ਨਿਰਧਾਰਤ ਕਰਕੇ ਭੀੜ-ਭੜੱਕੇ ਨਾਲ ਨਜਿੱਠਣ ਦੇ ਨਿਰਦੇਸ਼ ਦਿੱਤੇ। ਹਾਲਾਂਕਿ, ਜੇਲ੍ਹ ਪ੍ਰਸ਼ਾਸਨ ਪੀ ਏ ਸੀ ਦੀਆਂ ਹਦਾਇਤਾਂ ਅਤੇ ਨੌਂ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਖਾਲੀ ਥਾਂ ਹੋਣ ਦੇ ਬਾਵਜੂਦ ਜੇਲ੍ਹਾਂ ਵਿੱਚ ਕੈਦੀਆਂ ਦੇ ਰਹਿਣ ਦਾ ਪ੍ਰਬੰਧ ਨਹੀਂ ਕਰ ਸਕਿਆ। ਨਾ ਹੀ ਇਸ ਨੇ ਜੇਲ੍ਹਾਂ ਵਿੱਚ ਭੀੜ-ਭੜੱਕੇ ਦੇ ਮੁੱਦੇ ਨੂੰ ਹੱਲ ਕਰਨ ਲਈ ਕੋਈ ਅਤਿਰਿਕਤ ਪ੍ਰਬੰਧ ਕੀਤੇ।

ਸਰਕਾਰ ਨੇ ਜਵਾਬ ਦਿੱਤਾ (ਮਾਰਚ 2024) ਕਿ ਮੌਜੂਦਾ ਛੇ ਜੇਲ੍ਹਾਂ[8] ਵਿੱਚ ਅਤਿਰਿਕਤ ਬੈਰਕਾਂ ਦੀ ਉਸਾਰੀ, ਲੁਧਿਆਣਾ ਵਿਖੇ ਨਵੀਂ ਉੱਚ ਸੁਰੱਖਿਆ ਜੇਲ੍ਹ ਦੀ ਉਸਾਰੀ ਅਤੇ ਮੁਹਾਲੀ ਵਿਖੇ ਨਵੀਂ ਜ਼ਿਲ੍ਹਾ ਜੇਲ੍ਹ ਦੀ ਉਸਾਰੀ ਪ੍ਰਕਿਰਿਆ ਅਧੀਨ ਹੈ ਅਤੇ ਇਸ ਨਾਲ ਅਧਿਕਾਰਤ ਸਮਰੱਥਾ ਵਿੱਚ ਵਾਧਾ ਹੋਵੇਗਾ। ਇਸ ਤੋਂ ਇਲਾਵਾ, ਸਰਕਾਰ ਨੇ ਦੱਸਿਆ ਕਿ ਆਈ ਜੀ ਜੇਲ੍ਹਾਂ ਦੀ ਅਗਵਾਈ ਵਾਲੀ ਰਾਜ ਪੱਧਰੀ ਕਮੇਟੀ ਦੁਆਰਾ ਜੇਲ੍ਹਾਂ ਦੀ ਆਬਾਦੀ ਦੀ ਹਫਤਾਵਾਰੀ ਸਮੀਖਿਆ ਕੀਤੀ ਜਾ ਰਹੀ ਹੈ ਅਤੇ ਅਜਿਹੀਆਂ ਸਮੀਖਿਆਵਾਂ ਦੇ ਅਧਾਰ ਤੇ ਜਨਵਰੀ 2021 ਤੋਂ ਦਸੰਬਰ 2023 ਤੱਕ 17,916 ਕੈਦੀਆਂ ਨੂੰ ਭੀੜ-ਭੜੱਕੇ ਵਾਲੀਆਂ ਜੇਲ੍ਹਾ ਤੋਂ ਘਟ ਭੀੜ ਵਾਲੀਆਂ ਜੇਲ੍ਹਾਂ ਵਿੱਚ ਤਬਾਦਲਾ ਕੀਤਾ ਗਿਆ ਹੈ। ਸਰਕਾਰ ਨੇ ਅੱਗੇ ਦੱਸਿਆ ਕਿ ਪੀ ਪੀ ਆਰ 2022 ਦੇ ਨਿਯਮ 15.02 ਦੇ ਅਧੀਨ "ਜਿਥੇ ਤੱਕ ਸੰਭਵ ਹੋ ਸਕੇ ਉਮਰ ਕੈਦ ਦੀ ਸਜ਼ਾ ਨੂੰ ਛੱਡ ਕੇ ਸਾਰੇ ਬਾਲਗ ਪੁਰਸ਼ ਕੈਦੀਆਂ ਨੂੰ ਉਨ੍ਹਾਂ ਦੇ ਗ੍ਰਹਿ ਜ਼ਿਲ੍ਹੇ ਦੇ ਨੇੜੇ ਦੀਆਂ ਜ਼ਿਲ੍ਹਾ/ਕੇਂਦਰੀ ਜੇਲ੍ਹਾਂ ਵਿੱਚ ਰਹਿਣ ਦੀ ਆਗਿਆ ਦਿੱਤੀ ਜਾ ਸਕਦੀ ਹੈ"।

ਸਰਕਾਰ ਦਾ ਜਵਾਬ ਅਸਲ ਜ਼ਮੀਨੀ ਸਥਿਤੀ ਦੇ ਅਨੁਕੂਲ ਨਹੀਂ ਸੀ, ਕਿਉਂਕਿ ਹੋਰ ਜੇਲ੍ਹਾਂ ਵਿੱਚ ਖਾਲੀ ਥਾਂ ਹੋਣ ਦੇ ਬਾਵਜੂਦ 6,204 ਪੁਰਸ਼ ਕੈਦੀਆਂ ਅਤੇ 203 ਮਹਿਲਾ ਕੈਦੀਆਂ ਨੂੰ ਅਜੇ ਵੀ ਅਧਿਕਾਰਤ ਸਮਰੱਥਾ ਤੋਂ ਵੱਧ ਜੇਲ੍ਹਾਂ ਵਿੱਚ ਰੱਖਿਆ ਗਿਆ ਸੀ ਅਤੇ ਕੁੱਲ 17,916 ਕੈਦੀਆਂ ਵਿੱਚੋਂ ਸਿਰਫ 5,017 (2021-22 ਦੌਰਾਨ 806 ਅਤੇ 2022-23 ਦੌਰਾਨ 4,211) ਕੈਂਦੀਆਂ ਨੂੰ ਭੀੜ-ਭੜੱਕੇ ਨੂੰ ਘੱਟ ਕਰਨ ਲਈ ਤਬਾਦਲਾ ਕੀਤਾ ਗਿਆ ਸੀ। ਜਵਾਬ ਉਨ੍ਹਾਂ ਪਛਾਣੇ ਗਏ ਕੈਦੀਆਂ ਦੀ ਗਿਣਤੀ ਬਾਰੇ ਵੀ ਚੁੱਪ ਹੈ ਜਿਨ੍ਹਾਂ ਨੂੰ ਉਨ੍ਹਾਂ ਦੇ ਗ੍ਰਹਿ ਜ਼ਿਲ੍ਹਿਆਂ ਦੇ ਨੇੜੇ ਹਿਰਾਸਤ ਦੀ ਲੋੜ ਸੀ।

ਇਸ ਤਰ੍ਹਾਂ, ਜੇਲ੍ਹ ਪ੍ਰਸ਼ਾਸਨ ਪੁਰਸ਼ਾਂ ਦੇ ਨਾਲ-ਨਾਲ ਮਹਿਲਾ ਕੈਦੀਆਂ ਵਿੱਚ ਭੀੜ-ਭੜੱਕੇ ਦੇ ਮੁੱਦੇ ਨੂੰ ਹੱਲ ਕਰਨ ਵਿੱਚ ਅਸਫਲ ਰਿਹਾ, ਜਿਸ ਨਾਲ 2012 ਵਿੱਚ ਲੇਖਾ ਪ੍ਰੀਖਿਆ ਦੁਆਰਾ ਧਿਆਨ ਵਿੱਚ ਲਿਆਉਣ ਅਤੇ 2015 ਵਿੱਚ ਪੀ ਏ ਸੀ ਦੁਆਰਾ ਨਿਰਦੇਸ਼ ਦਿੱਤੇ ਜਾਣ ਦੇ ਬਾਵਜੂਦ ਕੈਦੀਆਂ ਦੀ ਸਨਮਾਨਜਨਕ ਰਿਹਾਇਸ਼ ਨਾਲ ਸਮਝੌਤਾ ਹੋਇਆ।

### 4.6.2 ਜੇਲ੍ਹਾਂ ਵਿੱਚ ਭੀੜ-ਭੜੱਕੇ ਵਿੱਚ ਯੋਗਦਾਨ ਪਾਉਣ ਵਾਲੇ ਕਾਰਕ

ਭੀੜ-ਭੜੱਕੇ ਦੀ ਸਮੱਸਿਆ ਕੈਦੀਆਂ ਨੂੰ ਬੁਨਿਆਦੀ ਸਹੂਲਤਾਂ ਉਪਲੱਬਧ ਕਰਵਾਉਣ ਵਿੱਚ ਇੱਕ ਵੱਡੀ ਰੁਕਾਵਟ ਹੈ। ਨਮੂਨਾ-ਜਾਂਚ ਕੀਤੀਆਂ ਜੇਲ੍ਹਾਂ ਦੇ ਰਿਕਾਰਡਾਂ ਦੀ ਲੇਖਾ ਪ੍ਰੀਖਿਆ ਤੋਂ ਪਤਾ

[8] (i) ਸੀ ਜੇ ਲੁਧਿਆਣਾ; (ii) ਨਵਾਂ ਡੀ ਜੇ ਨਾਭਾ; (iii) ਡੀ ਜੇ ਮਾਨਸਾ; (iv) ਬੀ ਜੇ ਲੁਧਿਆਣਾ; (v) ਡੀ ਜੇ ਸੰਗਰੂਰ; ਅਤੇ (vi) ਡੀ ਜੇ ਰੋਪੜ।

ਲੱਗਿਆ ਹੈ ਕਿ ਅਦਾਲਤੀ ਸੁਣਵਾਈਆਂ *(ਪੇਸ਼ੀਆਂ)* ਤੋਂ ਖੁੰਝਣ ਕਾਰਣ ਮੁਕੱਦਮੇ ਅਧੀਨ ਕੈਦੀਆਂ ਦੀ ਲੰਮੀ ਹਿਰਾਸਤ ਅਤੇ ਨਵੀਆਂ ਜੇਲ੍ਹਾਂ ਦੀ ਉਸਾਰੀ/ਨਵੀਨੀਕਰਨ ਵਿੱਚ ਦੇਰੀ ਨੇ ਸਾਲ-ਦਰ-ਸਾਲ ਭੀੜ-ਭੜੱਕੇ ਵਿੱਚ ਵਾਧਾ ਕਰਨ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੈ, ਜਿਸ ਨਾਲ ਪੰਜਾਬ ਵਿੱਚ ਜੇਲ੍ਹ ਕੈਦੀਆਂ ਲਈ ਪਹਿਲਾਂ ਤੋਂ ਹੀ ਨਾਕਾਫੀ ਸਹੂਲਤਾਂ ਦੀ ਉਪਲੱਬਧਤਾ ਵਿਗੜ ਗਈ ਹੈ, ਜਿਵੇਂ ਕਿ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ।

### 4.6.2.1 ਮੁਕੱਦਮੇ ਅਧੀਨ ਕੈਦੀਆਂ ਦੀ ਲੰਮੀ ਹਿਰਾਸਤ

ਪੀ ਜੇ ਐਮ ਦੇ ਪੈਰ੍ਹਾ 4 ਦੇ ਹੇਠਾਂ ਨੋਟ (iii) ਦੇ ਅਨੁਸਾਰ, ਰਾਜ ਇਹ ਯਕੀਨੀ ਬਣਾਉਣ ਲਈ ਉਚਿਤ ਵਿਧੀ ਵਿਕਸਿਤ ਕਰਨ ਦੀ ਕੋਸ਼ਿਸ਼ ਕਰੇਗਾ ਕਿ ਕਿਸੇ ਵੀ ਮੁਕੱਦਮੇ ਅਧੀਨ ਕੈਦੀ ਨੂੰ ਬੇਲੋੜੀ ਹਿਰਾਸਤ ਵਿੱਚ ਨਾ ਰਖਿਆ ਜਾਵੇ। ਪੰਜਾਬ ਕੈਦੀ (ਅਦਾਲਤਾਂ ਵਿੱਚ ਹਾਜ਼ਰੀ) ਐਕਟ, 1955 ਅਤੇ ਇਸ ਦੇ ਅਧਿਨ 1969 ਵਿੱਚ ਬਣਾਏ ਗਏ ਨਿਯਮਾਂ ਦੇ ਨਿਯਮ 12 ਵਿੱਚ ਕਿਹਾ ਗਿਆ ਹੈ ਕਿ ਜਦੋਂ ਕਿਸੇ ਸਮਰੱਥ ਅਦਾਲਤ ਦੇ ਆਦੇਸ਼ ਕਿਸੇ ਮੁਕੱਦਮੇ ਅਧੀਨ ਕੈਦੀ (ਯੂ ਟੀ ਪੀ) ਨੂੰ ਗਵਾਹੀ ਦੇਣ ਜਾਂ ਜਵਾਬ ਦੇਣ ਲਈ ਜੇਲ ਸੁਪਰਡੰਟਾਂ ਨੂੰ ਪ੍ਰਾਪਤ ਹੁੰਦੇ ਹਨ, ਤਾਂ ਪੁਲਿਸ ਮੁਕੱਦਮੇ ਅਧੀਨ ਕੈਦੀ ਨੂੰ ਐਸਕਾਰਟ ਕਰਕੇ ਅਦਾਲਤ ਵਿੱਚ ਲੈ ਜਾਵੇਗੀ।

ਜੇਲ੍ਹ ਸੁਪਰਡੰਟ ਅਦਾਲਤ ਦੇ ਆਦੇਸ਼ ਦੀ ਇੱਕ ਕਾਪੀ ਪੁਲਿਸ ਸੁਪਰਡੰਟ ਨੂੰ ਭੇਜੇਗਾ ਜਿਸ ਦੇ ਅਧਿਕਾਰ ਖੇਤਰ ਵਿੱਚ ਅਜਿਹਾ ਵਿਅਕਤੀ ਪੁਲਿਸ ਐਸਕਾਰਟ ਪ੍ਰਦਾਨ ਕਰਨ ਲਈ ਸਥਿਤ ਹੈ। ਅਦਾਲਤ ਦੀਆਂ ਸੁਣਵਾਈਆਂ ਭੌਤਿਕ *ਪੇਸ਼ੀਆਂ* ਰਾਹੀਂ ਆਫਲਾਈਨ ਅਤੇ ਵੀਡੀਓ ਕਾਨਫਰੰਸਿੰਗ (ਵੀ ਸੀ) ਰਾਹੀਂ ਆਨਲਾਈਨ ਕੀਤੀਆਂ ਜਾਂਦੀਆਂ ਹਨ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ 2020-2023 ਦੌਰਾਨ 17 ਨਮੂਨਾ-ਜਾਂਚ ਕੀਤੀਆਂ ਗਈਆਂ ਜੇਲ੍ਹਾਂ[9] ਵਿੱਚ, ਬਕਾਇਆ 5,57,412 ਭੌਤਿਕ *ਪੇਸ਼ੀਆਂ* ਵਿੱਚੋਂ 3,86,874 *ਪੇਸ਼ੀਆਂ* (69 *ਪ੍ਰਤੀਸ਼ਤ*) ਕੀਤੀਆਂ ਗਈਆਂ ਸੀ (**ਅੰਤਿਕਾ** 4.3)। ਭੌਤਿਕ ਤੌਰ ਤੇ ਛੁਟ ਗਈਆਂ 1,70,538 *ਪੇਸ਼ੀਆਂ* ਵਿੱਚੋਂ 21,341 ਨੂੰ ਉਸੇ ਦਿਨ ਵੀ ਸੀ ਰਾਹੀਂ ਰੱਖਿਆ ਗਿਆ ਸੀ, 455 ਨੂੰ ਉਸੇ ਦਿਨ ਇੱਕੋ ਯੂ ਟੀ ਪੀਜ਼ ਦੇ ਦੋਹਰੇ *ਪੇਸ਼ੀਆਂ* ਕਾਰਣ ਨਹੀਂ ਰੱਖਿਆ ਜਾ ਸਕਿਆ, 35 *ਪੇਸ਼ੀਆਂ* ਨੂੰ ਯੂ ਟੀ ਪੀ ਜ਼ਰੀਏ ਹਸਪਤਾਲ ਵਿੱਚ ਭਰਤੀ ਹੋਣ ਕਾਰਣ ਨਹੀਂ ਰੱਖਿਆ ਜਾ ਸਕਿਆ ਅਤੇ 433 *ਪੇਸ਼ੀਆਂ* ਨੂੰ ਹੋਰ ਕਾਰਣਾਂ ਕਰਕੇ ਨਹੀਂ ਰੱਖਿਆ ਜਾ ਸਕਿਆ; ਇਸ ਨਾਲ ਪੁਲਿਸ ਵਿਭਾਗ ਤੋਂ ਪੁਲਿਸ ਐਸਕਾਰਟ ਨਾ ਮਿਲਣ ਕਾਰਣ 1,48,274 *ਪੇਸ਼ੀਆਂ* (27 *ਪ੍ਰਤੀਸ਼ਤ*) ਦਾ ਸੰਚਾਲਨ ਨਹੀਂ ਕੀਤਾ ਗਿਆ।

ਇਸ ਸਬੰਧੀ ਧਿਆਨ ਦਿਵਾਉਣ ਤੇ ਜੇਲ੍ਹ ਪ੍ਰਸ਼ਾਸਨ ਨੇ ਦੱਸਿਆ ਕਿ ਪੁਲਿਸ ਵਿਭਾਗ ਨੂੰ ਨਿਯਮਿਤ ਤੌਰ ਤੇ ਬੇਨਤੀ ਕੀਤੀ ਜਾ ਰਹੀ ਸੀ ਕਿ ਯੂ ਟੀ ਪੀਜ਼ ਨੂੰ *ਪੇਸ਼ੀਆਂ* ਲਈ ਲਿਜਾਣ ਲਈ ਪੁਲਿਸ ਐਸਕਾਰਟ ਮੁਹੱਈਆ ਕਰਵਾਈ ਜਾਵੇ। ਪਰ ਨਾਕਾਫੀ ਪੁਲਿਸ ਐਸਕਾਰਟਾਂ ਨੇ ਯੂ ਟੀ ਪੀਜ਼ ਨੂੰ *ਪੇਸ਼ੀਆਂ* ਵਿੱਚ ਸ਼ਾਮਲ ਹੋਣ ਤੋਂ ਰੋਕਿਆ। ਸੀਨੀਅਰ ਪੁਲਿਸ ਸੁਪਰਡੰਟਾਂ ਨੇ ਲਗਾਤਾਰ ਇਸਦਾ ਕਾਰਣ ਲੋੜੀਂਦੀ

[9] 2020-21 ਅਤੇ 2021-22 ਲਈ ਓ ਏ ਜੇ ਨਾਭਾ ਅਤੇ ਸੀ ਜੇ ਪਟਿਆਲਾ ਨੂੰ ਛੱਡ ਕੇ।

ਐਸਕਾਰਟ ਪ੍ਰਦਾਨ ਕਰਨ ਲਈ ਸਟਾਫ ਦੀ ਘਾਟ ਨੂੰ ਦੱਸਿਆ। ਇਸ ਸਥਿਤੀ ਨੇ ਮੁਕੱਦਮੇ ਦੀ ਪ੍ਰਕਿਰਿਆ ਨੂੰ ਲੰਮਾ ਕਰ ਦਿੱਤਾ, ਜਿਸ ਦੇ ਨਤੀਜੇ ਵਜੋਂ ਜੇਲ੍ਹਾਂ ਵਿੱਚ ਭੀੜ-ਭੜੱਕਾ ਵੱਧ ਗਿਆ।

### 4.6.2.2 ਜੇਲ੍ਹ ਨੂੰ ਅਪਗ੍ਰੇਡ ਕਰਨ ਵਿੱਚ ਦੇਰੀ

ਲੋਕ ਨਿਰਮਾਣ ਵਿਭਾਗ ਨੇ ਅਗਸਤ 2016 ਵਿੱਚ ਡੀ ਜੇ ਨਾਭਾ ਨੂੰ ਕੈਦੀਆਂ ਲਈ ਅਸੁਰੱਖਿਅਤ ਘੋਸ਼ਿਤ ਕੀਤਾ ਸੀ, ਪਰ ਜੇਲ੍ਹ ਪ੍ਰਸ਼ਾਸਨ ਨੂੰ ਜੇਲ੍ਹ ਦੀ ਖਸਤਾ ਹਾਲਤ ਕਾਰਣ ਇਸ ਨੂੰ ਅਪਗ੍ਰੇਡ ਕਰਨ ਬਾਰੇ ਫੈਸਲਾ ਲੈਣ ਵਿੱਚ ਮਾਰਚ 2021 ਤੱਕ ਸਾਢੇ ਚਾਰ ਸਾਲ ਤੋਂ ਵੱਧ ਦਾ ਸਮਾਂ ਲੱਗ ਗਿਆ ਅਤੇ ਇਸ ਦਾ ਨਾਂਅ ਬਦਲ ਕੇ ਮੈਕਸੀਮਮ ਸਕਿਓਰਟੀ ਜੇਲ (ਐਮ ਐਸ ਜੇ), ਨਾਭਾ ਕਰ ਦਿੱਤਾ ਗਿਆ।

ਲੇਖਾ ਪ੍ਰੀਖਿਆ ਨੇ ਵੇਖਿਆ[10] ਕਿ ਕਈ ਮੌਕਿਆਂ ਤੇ ਦੇਰੀ ਨੇ ਡੀ ਜੇ ਨਾਭਾ ਨੂੰ ਐਮ ਐਸ ਜੇ, ਨਾਭਾ ਵਿੱਚ ਅਪਗ੍ਰੇਡ ਕਰਨ ਦੀ ਪ੍ਰਕਿਰਿਆ ਨੂੰ ਹੋਰ ਲੰਮਾ ਕਰ ਦਿੱਤਾ:

- ਹਾਲਾਂਕਿ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ (ਪੀ ਪੀ ਐਚ ਸੀ) ਨੇ ਅਗਸਤ 2021 ਵਿੱਚ ₹ 25 ਕਰੋੜ ਦਾ ਅਨੁਮਾਨ ਪੇਸ਼ ਕੀਤਾ ਸੀ, ਜੇਲ੍ਹ ਪ੍ਰਸ਼ਾਸਨ ਨੇ ਨਵੰਬਰ 2021 ਵਿੱਚ ₹ 5 ਕਰੋੜ (20 *ਪ੍ਰਤੀਸ਼ਤ*) ਜਾਰੀ ਕੀਤੇ ਪਰ ਉਸਾਰੀ ਸ਼ੁਰੂ ਕਰਨ ਲਈ ਲੋੜੀਂਦੇ ਡਰਾਇੰਗ (ਜਨਵਰੀ 2022) ਨੂੰ ਅੰਤਿਮ ਰੂਪ ਦੇਣ ਵਿੱਚ ਪੰਜ ਮਹੀਨੇ ਲਗਾ ਦਿੱਤੇ।
- ਪੀ ਪੀ ਐਚ ਸੀ ਵੱਲੋਂ ਅਪ੍ਰੈਲ 2022 ਵਿੱਚ ਖਸਤਾ ਹਾਲ ਬੈਰਕਾਂ ਨੂੰ ਢਾਹੁਣ ਲਈ ਕੀਤੀ ਗਈ ਬੇਨਤੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਜੁਲਾਈ 2022 ਵਿੱਚ ਹੀ ਦਿੱਤੀ ਗਈ ਸੀ।
- ਨਵੰਬਰ 2022 ਵਿੱਚ, ਜੇਲ੍ਹ ਪ੍ਰਸ਼ਾਸ਼ਨ ਨੇ ਇੱਕ ਨਵੀਂ ਜੇਲ੍ਹ ਬਣਾਉਣ ਬਾਰੇ ਵਿਚਾਰ ਕੀਤਾ ਪਰ ਜਨਵਰੀ 2023 ਵਿੱਚ ਮੌਜੂਦਾ ਡੀ ਜੇ ਨਾਭਾ ਨੂੰ ਅਪਗ੍ਰੇਡ ਕਰਨ ਦੀ ਆਪਣੀ ਮੂਲ ਯੋਜਨਾ ਤੇ ਵਾਪਸ ਆ ਗਿਆ। ਰਾਜ ਸਰਕਾਰ ਨੇ ਮਈ 2023 ਵਿੱਚ ਸੋਧੀ ਹੋਈ ਪ੍ਰਵਾਨਗੀ ਪ੍ਰਦਾਨ ਕੀਤੀ ਅਤੇ ₹ 19.92 ਕਰੋੜ ਦੀ ਲਾਗਤ ਨਾਲ ਜੂਨ 2023 ਵਿੱਚ 11 ਹੋਰ ਮਹੀਨਿਆਂ ਬਾਅਦ ਉਸਾਰੀ ਸ਼ੁਰੂ ਹੋਈ।

ਇਸ ਦੇਰੀ ਕਾਰਣ ਕੈਦੀਆਂ ਨੂੰ ਪੰਜ ਸਾਲ ਅਤੇ ਚਾਰ ਮਹੀਨੇ (ਅਗਸਤ 2016 ਤੋਂ ਦਸੰਬਰ 2021) ਤੱਕ ਮਾੜੇ ਹਾਲਾਤਾਂ ਦਾ ਸਾਹਮਣਾ ਕਰਨਾ ਪਿਆ ਜਦੋਂ ਤੱਕ ਕਿ ਇਨ੍ਹਾਂ ਕੈਦੀਆਂ ਨੂੰ ਖਾਲੀ ਪਈ ਕਿਸੇ ਹੋਰ ਜੇਲ੍ਹ (ਸੀ ਜੇ ਗੋਇੰਦਵਾਲ ਸਾਹਿਬ[11]) ਵਿੱਚ ਤਬਾਦਲਾ ਨਹੀਂ ਕਰ ਦਿੱਤਾ ਗਿਆ।

ਸਰਕਾਰ ਨੇ ਕੰਮ ਪੂਰਾ ਹੋਣ ਲਈ ਸਮਾਂ-ਸੀਮਾਂ ਦੇਣ ਦੀ ਬਜਾਏ ਦੇਰੀ ਦੇ ਕਾਰਣਾਂ (ਮਾਰਚ 2024) ਨੂੰ ਦੁਹਰਾਇਆ। ਖਾਸਤੌਰ ਤੇ, ਮਈ 2024 ਤੱਕ 73 *ਪ੍ਰਤੀਸ਼ਤ* ਸਮਾਂ (ਸਤੰਬਰ 2024 ਵਿੱਚ ਨਿਰਧਾਰਤ

---

10 ਦਸੰਬਰ 2021 ਵਿੱਚ ਤਬਾਦਲਾ ਹੋਣ ਕਾਰਣ ਡੀ ਜੇ ਨਾਭਾ ਦੀ ਲੇਖਾ ਪ੍ਰੀਖਿਆ ਸੀ ਜੇ ਸ੍ਰੀ ਗੋਇੰਦਵਾਲ ਸਾਹਿਬ ਵਿੱਚ ਕੀਤੀ ਗਈ ਸੀ।

11 ਸੀ ਜੇ ਸ੍ਰੀ ਗੋਇੰਦਵਾਲ ਸਾਹਿਬ ਹਾਲ ਹੀ ਵਿੱਚ ਮੁਕੰਮਲ ਹੋਇਆ ਸੀ ਅਤੇ ਦਸੰਬਰ 2021 ਵਿੱਚ ਕਾਰਜਸ਼ੀਲ ਕੀਤਾ ਗਿਆ ਸੀ।

ਮੁਕੰਮਲ ਹੋਣ ਦੇ ਮੁਕਾਬਲੇ ਜੂਨ 2023-ਮਈ 2024) ਦੀ ਖਪਤ ਦੇ ਮੁਕਾਬਲੇ ਸਿਰਫ 36 *ਪ੍ਰਤੀਸ਼ਤ* ਕੰਮ ਪੂਰਾ ਹੋਇਆ ਸੀ।

ਐਮ ਐਸ ਜੇ ਨਾਭਾ ਨੂੰ ਪੂਰਾ ਕਰਨ ਵਿੱਚ ਦੇਰੀ ਨੇ ਉਮੀਦ ਕੀਤੀ ਰਾਹਤ ਨੂੰ ਪਹਿਲਾਂ ਹੀ 462 ਕੈਦੀਆਂ ਦੀ ਅਨੁਮਾਨਿਤ ਸਮਰੱਥਾ ਦੀ ਹੱਦ ਤੱਕ ਭੀੜ-ਭੜੱਕੇ ਨਾਲ ਸਬੰਧਤ ਹੋਣ ਤੋਂ ਰੋਕ ਦਿੱਤਾ।

### 4.6.3 ਜੇਲ੍ਹਾਂ ਵਿੱਚ ਬੁਨਿਆਦੀ ਸਹੂਲਤਾਂ 'ਤੇ ਭੀੜ-ਭੜੱਕੇ ਦਾ ਪ੍ਰਭਾਵ

ਜੇਲ੍ਹਾਂ ਵਿੱਚ ਜ਼ਿਆਦਾ ਭੀੜ-ਭੜੱਕਾ ਕੈਦੀਆਂ ਲਈ ਪ੍ਰਤੀ ਵਿਅਕਤੀ ਬੁਨਿਆਦੀ ਸਹੂਲਤਾਂ ਜਿਵੇਂ ਕਿ ਰਹਿਣ ਦੀ ਜਗ੍ਹਾ, ਸਫਾਈ ਸਹੂਲਤਾਂ, ਸਿਹਤ ਸੰਭਾਲ ਆਦਿ ਦੀ ਉਪਲੱਬਧਤਾ ਨੂੰ ਕਾਫ਼ੀ ਘੱਟ ਕਰ ਦਿੰਦਾ ਹੈ। ਕੈਦੀਆਂ ਦੀ ਲੋੜੀਂਦੀਆਂ ਸਹੂਲਤਾਂ ਤੱਕ ਪਹੁੰਚ ਨੂੰ ਯਕੀਨੀ ਬਣਾਉਣ ਅਤੇ ਜੇਲ੍ਹ ਕੰਪਲੈਕਸ ਦੇ ਅੰਦਰ ਮਨੁੱਖੀ ਸਥਿਤੀਆਂ ਨੂੰ ਬਣਾਈ ਰੱਖਣ ਲਈ ਭੀੜ-ਭੜੱਕੇ ਨਾਲ ਨਜਿੱਠਣਾ ਮਹੱਤਵਪੂਰਨ ਹੈ।

#### 4.6.3.1 ਗੈਰ-ਰਹਿਣ ਯੋਗ ਬੈਰਕਾਂ ਵਿੱਚ ਕੈਦੀਆਂ ਦੀ ਨਜ਼ਰਬੰਦੀ

ਪੰਜਾਬ ਜੇਲ ਮੈਨੂਅਲ, 1996 ਦੇ ਪੈਰ੍ਹਾ 42 ਅਤੇ ਪੈਰ੍ਹਾ 48 ਅਨੁਸਾਰ ਸੈਸ਼ਨ ਜੱਜਾਂ ਨੂੰ ਮਹੀਨੇ ਵਿੱਚ ਇੱਕ ਵਾਰ ਆਪਣੇ ਹੈੱਡਕੁਆਰਟਰਾਂ ਵਿਖੇ ਸਥਿਤ ਜੇਲ੍ਹਾਂ ਦਾ ਦੌਰਾ ਕਰਨਾ ਚਾਹੀਦਾ ਹੈ ਜੋ ਪਕਾਏ ਹੋਏ ਭੋਜਨ ਦੀ ਜਾਂਚ ਕਰਨਗੇ; ਆਮ ਤੌਰ ਤੇ ਜੇਲ੍ਹ ਦੀਆਂ ਬੈਰਕਾਂ, ਸੈੱਲਾਂ, ਵਾਰਡਾਂ, ਵਰਕ ਸ਼ੈੱਡਾਂ ਅਤੇ ਹੋਰ ਇਮਾਰਤਾਂ ਦੀ ਜਾਂਚ ਕਰਨਗੇ।

ੳ) ਡੀ ਜੇ ਮਾਨਸਾ ਦੀਆਂ ਚਾਰ ਬੈਰਕਾਂ ਦੀ ਤਰੁੰਤ ਮੁਰੰਮਤ ਦੀ ਲੋੜ ਪਹਿਲੀ ਵਾਰ ਜੂਨ 2018 ਵਿੱਚ ਜੇਲ੍ਹ ਸੁਪਰਡੈਂਟ, ਮਾਨਸਾ ਦੁਆਰਾ ਜੇਲ੍ਹ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦੀ ਗਈ, ਜਦੋਂਕਿ ਪੀ ਪੀ ਐਚ ਸੀ ਦੁਆਰਾ ਮੁਰੰਮਤ ਦਾ ਅਨੁਮਾਨ ਤਿਆਰ ਕੀਤਾ ਗਿਆ ਸੀ। ਅਗਸਤ 2019 ਦੀ ਮਹੀਨਾਵਾਰ ਨਿਰੀਖਣ ਦੌਰਾਨ ਜ਼ਿਲ੍ਹਾ ਅਤੇ ਸੈਸ਼ਨ ਜੱਜ (ਡੀ ਐਂਡ ਐਸ ਜੇ) ਮਾਨਸਾ ਨੇ ਮੁਰੰਮਤ ਦੀ ਲੋੜ ਨੂੰ ਵੀ ਸਵੀਕਾਰ ਕੀਤਾ।

ਲੇਖਾ ਪ੍ਰੀਖਿਆ ਵਿੱਚ ਪਾਇਆ ਗਿਆ ਕਿ ਸੁਪਰਡੰਟਾ, ਡੀ ਜੇ ਮਾਨਸਾ ਨੇ ਵਾਰ-ਵਾਰ (ਜੂਨ 2018-ਅਪ੍ਰੈਲ 2023) ਜੇਲ੍ਹ ਪ੍ਰਸ਼ਾਸਨ ਨੂੰ ਬੈਰਕਾਂ ਦੀ ਤੁਰੰਤ ਮੁਰੰਮਤ ਕਰਨ ਦੀ ਬੇਨਤੀ ਕੀਤੀ ਜਿਸ ਵਿੱਚ (i) ਨੁਕਸਾਨੇ ਗਏ ਓਵਰਹੈੱਡ ਪਾਣੀ ਦੀਆਂ ਟੈਂਕੀਆਂ ਤੋਂ ਲੀਕੇਜ ਕਾਰਣ ਛੱਤਾਂ ਵਿੱਚ ਨਮੀ, **(ii)** ਦਬਿਆ ਫਰਸ਼ ਅਤੇ **(iii)** ਸੀਵਰੇਜ ਖਰਾਬੀ ਕਾਰਣ ਫਰਸ਼ ਤੇ ਸੀਵਰੇਜ ਜਮ੍ਹਾਂ ਹੋਣਾ ਸ਼ਾਮਲ ਸੀ। ਹਾਲਾਂਕਿ, ਜੂਨ 2018 ਵਿੱਚ ਤਿਆਰ ਕੀਤੇ ਅਨੁਮਾਨਾਂ ਨੂੰ ਪ੍ਰਸ਼ਾਸਕੀ ਪ੍ਰਵਾਨਗੀ ਅਗਸਤ 2023 ਵਿੱਚ ਯਾਨੀ ਪੰਜ ਸਾਲ ਅਤੇ ਦੋ ਮਹੀਨਿਆਂ ਦੀ ਦੇਰੀ ਤੋਂ ਬਾਅਦ ਦਿੱਤੀ ਗਈ ਸੀ।

ਟੈਂਡਰਾਂ ਨੂੰ ਅੰਤਿਮ ਰੂਪ ਦੇਣ ਤੋਂ ਬਾਅਦ, ਸਤੰਬਰ 2023 ਵਿੱਚ ਏ ਡੀ ਜੀ ਪੀ ਵੱਲੋਂ ਸਫਲ ਬੋਲੀਦਾਤਾ ਨੂੰ ਤੁਰੰਤ ਕੰਮ ਅਲਾਟ ਕਰਨ ਦੇ ਨਿਰਦੇਸ਼ਾਂ ਦੇ ਬਾਵਜੂਦ, ਪੀ ਪੀ ਐਚ ਸੀ ਨੇ ਪੰਜ ਮਹੀਨੇ ਹੋਰ ਲਏ ਅਤੇ ਫਰਵਰੀ 2024 ਵਿੱਚ ਕੰਮ ਨੂੰ ਅਮਲ ਵਿੱਚ ਲਿਆਉਣ ਲਈ ਅਲਾਟ ਕਰ ਦਿੱਤਾ। ਇਹ ਕੰਮ

ਜੂਨ 2024 ਵਿੱਚ ਮੁਕੰਮਲ ਹੋਣ ਦੇ ਨਿਰਧਾਰਤ ਸਮੇਂ ਦੇ ਮੁਕਾਬਲੇ ਅਗਸਤ 2024 ਵਿੱਚ ਪੂਰਾ ਹੋਇਆ ਸੀ ਅਤੇ ਜੇਲ੍ਹ ਅਧਿਕਾਰੀਆਂ ਨੂੰ ਸੌਂਪ ਦਿੱਤਾ ਗਿਆ ਸੀ।

ਇਸ ਤਰ੍ਹਾਂ, ਜੇਲ੍ਹ ਪ੍ਰਸ਼ਾਸਨ ਨੇ ਬੈਰਕਾਂ ਦੀ ਮੁਰੰਮਤ ਵਿੱਚ ਅਸੁਭਾਵਿਕ ਤੌਰ ਤੇ ਦੇਰ ਕਰ ਦਿੱਤੀ, ਜਿਸ ਕਾਰਣ ਕੈਦੀਆਂ ਨੂੰ ਜੂਨ 2018 ਤੋਂ ਫਰਵਰੀ 2024[12] ਤੱਕ ਪੰਜ ਸਾਲ ਅਤੇ ਅੱਠ ਮਹੀਨਿਆਂ ਲਈ ਬੈਰਕਾਂ ਦੀ ਗੈਰ-ਰਹਿਣ ਯੋਗ ਸਥਿਤੀ ਸਹਿਣ ਕਰਨ ਲਈ ਮਜ਼ਬੂਰ ਹੋਣਾ ਪਿਆ; ਇਨ੍ਹਾਂ ਬੈਰਕਾਂ ਦੇ 162 ਕੈਦੀਆਂ ਨੂੰ ਉਸੇ ਜੇਲ੍ਹਾਂ ਦੀਆਂ ਪਹਿਲਾਂ ਤੋਂ ਹੀ ਭੀੜ-ਭੜਕੇ ਵਾਲੀਆਂ ਬੈਰਕਾਂ ਵਿੱਚ ਤਬਾਦਲਾ ਕਰ ਦਿੱਤਾ ਗਿਆ ਸੀ। ਮੁੜ ਵਸੇਬੇ ਦੇ ਨਤੀਜੇ ਵਜੋਂ, ਕੁੱਲ 629 ਕੈਦੀਆਂ ਨੂੰ ਸਿਰਫ 332 ਕੈਦੀਆਂ ਲਈ ਤਿਆਰ ਕੀਤੀਆਂ ਗਈਆਂ ਤਿੰਨ ਬੈਰਕਾਂ ਵਿੱਚ ਰੱਖਿਆ ਗਿਆ ਸੀ, ਜਿਸ ਨਾਲ ਭੀੜ-ਭੜੱਕਾ 90 *ਪ੍ਰਤੀਸ਼ਤ* ਤੱਕ ਪਹੁੰਚ ਗਿਆ ਸੀ।

ਸਰਕਾਰ ਨੇ ਦੇਰੀ ਲਈ 2020-2021 ਵਿੱਚ ਫੰਡਾਂ ਦੀ ਉਪਲਬਧਤਾ ਨਾ ਹੋਣ ਅਤੇ ਪੀ ਪੀ ਐਚ ਸੀ ਤੋਂ 2021-22 ਦੌਰਾਨ ਅਨੁਮਾਨ ਪ੍ਰਾਪਤ ਨਾ ਹੋਣ ਨੂੰ ਜ਼ਿੰਮੇਵਾਰ ਠਹਿਰਾਇਆ (ਮਾਰਚ 2024)। ਇਹ ਅਨੁਮਾਨ ਪੀ ਪੀ ਐਚ ਸੀ ਨੇ ਅਕਤੂਬਰ 2022 ਵਿੱਚ ਪੇਸ਼ ਕੀਤੇ ਸਨ, ਜਿਸ ਦੇ ਵਿਰੁੱਧ ਅਗਸਤ 2023 ਵਿੱਚ ਪ੍ਰਸ਼ਾਸਕੀ ਪ੍ਰਵਾਨਗੀ ਪ੍ਰਾਪਤ ਹੋਈ ਸੀ। ਸਰਕਾਰ ਦਾ ਜਵਾਬ ਯਕੀਨਯੋਗ ਨਹੀਂ ਸੀ, ਕਿਉਂਕਿ ਇਹ ਅਨੁਮਾਨ ਸ਼ੁਰੂ ਵਿੱਚ ਜੂਨ 2018 ਵਿੱਚ ਤਿਆਰ ਕੀਤਾ ਗਿਆ ਸੀ ਅਤੇ ਸੁਪਰਡੈਂਟ ਡੀ ਜੇ ਮਾਨਸਾ ਨੇ ਜੂਨ 2018 ਅਤੇ ਅਪ੍ਰੈਲ 2023 ਦੇ ਵਿਚਕਾਰ ਜੇਲ੍ਹ ਪ੍ਰਸ਼ਾਸਨ ਨੂੰ ਬੈਰਕਾਂ ਦੀ ਨਾ - ਰਹਿਣ ਯੋਗ ਸਥਿਤੀ ਬਾਰੇ ਵਾਰ-ਵਾਰ ਰਿਪੋਰਟ ਕੀਤੀ ਸੀ।

ਅ) ਇਸੇ ਤਰ੍ਹਾਂ, ਡੀ ਐਂਡ ਐਸ ਜੇ ਪਟਿਆਲਾ ਨੇ ਓਪਨ ਏਅਰ ਜੇਲ੍ਹ (ਓ ਏ ਜੇ) ਨਾਭਾ ਦੀਆਂ ਬੈਰਕਾਂ ਦੀ ਛੱਤ ਦੀ ਗੰਭੀਰ ਖਰਾਬੀ ਦੀ ਰਿਪੋਰਟ ਕੀਤੀ (ਮਾਰਚ 2021) ਅਤੇ ਕੈਦੀਆਂ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆਉਣ ਲਈ ਗਰਮੀਆਂ ਦੀ ਗਰਮੀ ਦੇ ਪ੍ਰਭਾਵਾਂ ਨੂੰ ਘੱਟ ਤੋਂ ਘੱਟ ਕਰਨ ਲਈ ਤੁਰੰਤ ਉਪਾਅ ਕਰਨ ਦੀ ਸਿਫਾਰਸ਼ ਕੀਤੀ। ਹਾਲਾਂਕਿ, ਢਾਈ ਸਾਲ ਬੀਤ ਜਾਣ ਦੇ ਬਾਵਜੂਦ, ਜੇਲ੍ਹ ਪ੍ਰਸ਼ਾਸਨ ਨੇ ਪੀ ਪੀ ਐਚ ਸੀ ਨੂੰ ਅਕਤੂਬਰ 2023 ਵਿੱਚ ਅਨੁਮਾਨ ਤਿਆਰ ਕਰਨ ਲਈ ਕਹਿਣ ਤੋਂ ਇਲਾਵਾ ਕੋਈ ਸੁਧਾਰਾਤਮਕ ਕਾਰਵਾਈ ਨਹੀਂ ਕੀਤੀ ਸੀ, ਉਹ ਵੀ ਅਗਸਤ 2023 ਵਿੱਚ ਲੇਖਾ ਪ੍ਰੀਖਿਆ ਦੁਆਰਾ ਦੱਸੇ ਜਾਣ ਤੋਂ ਬਾਅਦ।

ਸਰਕਾਰ ਨੇ ਜਵਾਬ ਦਿੱਤਾ (ਮਾਰਚ 2024) ਕਿ ਛੱਤਾਂ ਦੀ ਮੁਰੰਮਤ ਲਈ ਪੀ ਪੀ ਐਚ ਸੀ ਤੋਂ ਕੱਚੇ ਲਾਗਤ ਅਨੁਮਾਨਾਂ ਦੀ ਉਡੀਕ ਕੀਤੀ ਜਾ ਰਹੀ ਸੀ। ਇਹ ਜਵਾਬ ਅਸਲ ਜ਼ਮੀਨੀ ਸਥਿਤੀ ਦੇ ਉਲਟ ਹੈ ਕਿਉਂਕਿ ਪੀ ਪੀ ਐਚ ਸੀ ਨੇ ਪਹਿਲਾਂ ਹੀ (ਫਰਵਰੀ 2024) ਇਨ੍ਹਾਂ ਬੈਰਕਾਂ ਦੀ ਮੁਰੰਮਤ ਦੀ ਸੰਭਾਵਨਾ ਨੂੰ ਖਾਰਜ ਕਰ ਦਿੱਤਾ ਸੀ।

ਇਸ ਤੋਂ ਇਲਾਵਾ, ਏ ਡੀ ਜੀ ਪੀ (ਜੇਲ੍ਹਾਂ) ਨੇ ਓ ਏ ਜੇ ਦੇ ਆਪਣੇ ਦੌਰੇ (ਅਪ੍ਰੈਲ 2024) ਦੌਰਾਨ ਮੌਜੂਦਾ ਤਿੰਨ ਪੁਰਾਣੀਆਂ ਅਤੇ ਖੰਡਰ ਹੋਇਆਂ ਬੈਰਕਾਂ ਨੂੰ ਬਦਲਣ ਦੀ ਸਿਫਾਰਸ਼ ਕੀਤੀ, ਜਿਨ੍ਹਾਂ ਨੂੰ

[12] ਫਰਵਰੀ 2024 ਵਿੱਚ ਬੈਰਕਾਂ ਨੂੰ ਕੰਮ ਦੇ ਅਮਲ ਲਈ ਸੌਂਪਣਾ ਜ਼ਰੂਰੀ ਸੀ।

ਪੀ ਪੀ ਐਚ ਸੀ ਦੁਆਰਾ ਪਹਿਲਾਂ ਹੀ ਨਾ ਪੂਰਾ ਹੋਣ ਯੋਗ ਘੋਸ਼ਿਤ ਕੀਤਾ ਗਿਆ ਸੀ, ਅਤੇ ਚਾਰ ਨਵੀਆਂ ਬੈਰਕਾਂ ਵਿੱਚ 100 ਕੈਦੀਆਂ ਨੂੰ ਰੱਖਣ ਦੀ ਕੁੱਲ ਸਮਰੱਥਾ ਹੈ। ਇਸ ਤਰ੍ਹਾਂ, ਅਪ੍ਰੈਲ 2024 ਤੱਕ ਤਿੰਨ ਸਾਲ ਅਤੇ ਇੱਕ ਮਹੀਨਾ ਬੀਤ ਜਾਣ ਦੇ ਬਾਵਜੂਦ, ਜੇਲ੍ਹ ਪ੍ਰਸ਼ਾਸਨ ਨੇ ਕੈਦੀਆਂ ਦੀ ਤਕਲੀਫ ਨੂੰ ਘੱਟ ਕਰਨ ਲਈ ਅਜੇ ਤੱਕ ਕਦਮ ਨਹੀਂ ਚੁੱਕੇ ਸਨ। ਇਸ ਨੇ ਕੈਦੀਆਂ ਨੂੰ ਗੈਰ-ਰਹਿਣ ਯੋਗ ਹਾਲਤਾਂ ਨੂੰ ਸਹਿਣ ਕਰਨ ਲਈ ਮਜਬੂਤ ਕੀਤਾ, ਖਾਸਕਰ ਗਰਮੀਆਂ ਦੀ ਗਰਮੀ ਦੌਰਾਨ।

ਗੈਰ ਰਹਿਣ ਯੋਗ ਬੈਰਕਾਂ ਦੀ ਮੁਰੰਮਤ ਨੂੰ ਤਰਜੀਹ ਦੇਣਾ ਨਾ ਸਿਰਫ ਰਹਿਣ-ਸਹਿਣ ਦੀਆਂ ਸਥਿਤੀਆਂ ਨੂੰ ਹੋਰ ਵਿਗੜਨ ਤੋਂ ਰੋਕਣ ਲਈ ਜ਼ਰੂਰੀ ਹੈ, ਬਲਕਿ ਜੇਲ੍ਹ ਕੈਦੀਆਂ ਲਈ ਮਨੁੱਖੀ ਹਾਲਤਾਂ ਨੂੰ ਯਕੀਨੀ ਬਣਾਉਣ ਲਈ ਵੀ ਜ਼ਰੂਰੀ ਹੈ।

## 4.7 ਸਵੱਛਤਾ ਸਹੂਲਤਾਂ

### 4.7.1 ਪਖਾਨੇ ਦੀਆਂ ਸਹੂਲਤਾਂ ਦੀ ਘਾਟ

ਐਮ ਪੀ ਐਮ 2016 ਦੇ ਪੈਰ੍ਹਾ 2.10.1 ਵਿੱਚ ਦਿਨ ਦੇ ਸਮੇਂ ਛੇ ਕੈਦੀਆਂ ਲਈ ਇੱਕ ਯੂਨਿਟ ਪਖਾਨੇ ਅਤੇ ਸੌਣ ਲਈ ਵਰਤੀ ਜਾਂਦੀ ਹਰੇਕ ਬੈਰਕ ਵਿੱਚ 10 ਕੈਦੀਆਂ ਲਈ ਇੱਕ ਯੂਨਿਟ ਦੀ ਵਿਵਸਥਾ ਹੈ। ਪੀ ਪੀ ਆਰ 2022 ਦੇ ਨਿਯਮ 28.03 ਵਿੱਚ ਬੈਰਕਾਂ ਨਾਲ ਜੁੜੇ ਲੋੜੀਂਦੇ ਫਲਸ਼ ਕਿਸਮ ਦੇ ਪਖਾਨੇ ਵੀ ਪ੍ਰਦਾਨ ਕੀਤੇ ਗਏ ਹਨ ਤਾਂ ਜੋ ਕੈਦੀ ਅੱਧੇ ਘੰਟੇ ਦੇ ਅੰਦਰ ਆਪਣੇ ਪਖਾਨੇ ਜਾਂ ਨਹਾਉਣ ਦੀ ਪਰੇਡ ਪੂਰੀ ਕਰ ਸਕਣ।

17 ਨਮੂਨਾ-ਜਾਂਚ ਕੀਤੀਆਂ ਜੇਲ੍ਹਾਂ[13] ਦੀਆਂ ਬੈਰਕਾਂ ਵਿੱਚ ਪੁਰਸ਼ ਕੈਦੀਆਂ ਦੀ ਆਬਾਦੀ ਦੇ ਮੁਕਾਬਲੇ ਪਖਾਨੇ ਦੀ ਉਪਲੱਬਧਤਾ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਤਿੰਨ ਸਾਲਾਂ ਵਿੱਚ ਬੈਰਕਾਂ ਵਿੱਚ ਨਾਕਾਫੀ ਪਖਾਨਿਆਂ ਦੀ ਪ੍ਰਤੀਸ਼ਤਤਾ ਵਿੱਚ ਵਾਧੇ ਦਾ ਖੁਲਾਸਾ ਕੀਤਾ ਜਿਵੇਂ ਕਿ **ਸਾਰਣੀ** 4.4 ਅਤੇ **ਅੰਤਿਕਾ** 4.4 ਵਿੱਚ ਵੇਰਵਾ ਦਿੱਤਾ ਗਿਆ ਹੈ।

**ਸਾਰਣੀ 4.4: ਪੁਰਸ਼ ਕੈਦੀਆਂ ਲਈ ਪਖਾਨੇ ਦੀ ਉਪਲੱਬਧਤਾ ਦਾ ਵੇਰਵਾ**

| 31 ਮਾਰਚ ਤੱਕ | ਪੁਰਸ਼ ਕੈਦੀਆਂ ਵਾਲੀਆਂ ਕੁੱਲ ਬੈਰਕਾਂ | ਦਿਨ ਦੇ ਦੌਰਾਨ ਪਖਾਨੇ ਦੀ ਨਾਕਾਫੀ ਗਿਣਤੀ ਵਾਲੀਆਂ ਬੈਰਕਾਂ (31 ਮਾਰਚ ਤੱਕ ਪ੍ਰਤੀ ਪਖਾਨੇ ਸੀਟ>6 ਕੈਦੀਆਂ) (*ਪ੍ਰਤੀਸ਼ਤਤਾ*) | ਰਾਤ ਦੇ ਸਮੇਂ ਸੌਣ ਲਈ ਵਰਤੇ ਜਾਂਦੇ ਪਖਾਨੇ ਦੀ ਨਾਕਾਫੀ ਗਿਣਤੀ ਵਾਲੀਆਂ ਬੈਰਕਾਂ (31 ਮਾਰਚ ਤੱਕ ਪ੍ਰਤੀ ਪਖਾਨੇ ਸੀਟ>10 ਕੈਦੀ) (*ਪ੍ਰਤੀਸ਼ਤਤਾ*) |
|---|---|---|---|
| 2021 | 552 | 394 (71) | 277 (50) |
| 2022 | 599 | 452 (75) | 343 (57) |
| 2023 | 637 | 469 (74) | 383 (60) |

*ਸ੍ਰੋਤ: ਵਿਭਾਗੀ ਡਾਟਾ*

ਜਿਵੇਂ ਕਿ **ਸਾਰਣੀ** 4.4 ਤੋਂ ਸਪਸ਼ਟ ਹੈ, ਦਿਨ ਦੇ ਸਮੇਂ ਪਖਾਨੇ ਦੀਆਂ ਸਹੂਲਤਾਂ ਦੀ ਘਾਟ ਵਾਲੀਆਂ ਬੈਰਕਾਂ ਦੀ ਪ੍ਰਤੀਸ਼ਤਤਾ 71 *ਪ੍ਰਤੀਸ਼ਤ* ਤੋਂ ਵਧ ਕੇ 74 *ਪ੍ਰਤੀਸ਼ਤ* ਹੋ ਗਈ ਸੀ। ਰਾਤ ਨੂੰ ਵਰਤੇ ਜਾਣ

[13] 2020-21 ਵਿੱਚ ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ ਅਤੇ 2021-22 ਅਤੇ 2022-23 ਵਿੱਚ ਡਬਲਯੂ ਜੇ ਲੁਧਿਆਣਾ ਨੂੰ ਛੱਡ ਕੇ।

ਵਾਲੇ ਪਖਾਨੇ ਦੀ ਘਾਟ ਵੀ 2021 ਤੋਂ 2023 ਤੱਕ 50 *ਪ੍ਰਤੀਸ਼ਤ* ਬੈਰਕਾਂ ਤੋਂ ਵਧ ਕੇ 60 *ਪ੍ਰਤੀਸ਼ਤ* ਹੋ ਗਈ ਸੀ।

ਇਸੇ ਤਰ੍ਹਾਂ ਦਾ ਰੁਝਾਨ ਤਿੰਨ ਸਾਲਾਂ ਦੌਰਾਨ ਮਹਿਲਾਂ ਕੈਦੀਆਂ ਵਾਲੀਆਂ ਜੇਲ੍ਹਾਂ ਵਿੱਚ ਮਹਿਲਾ ਕੈਦੀਆਂ ਲਈ ਨਾਕਾਫੀ ਪਖਾਨੇ ਸੀਟਾਂ ਵਾਲੀਆਂ ਬੈਰਕਾਂ ਦੀ ਪ੍ਰਤੀਸ਼ਤਤਾ ਵਿੱਚ ਵੇਖਿਆ ਗਿਆ, ਜਿਵੇਂ ਕਿ **ਸਾਰਣੀ** 4.5 ਵਿੱਚ ਵਿਸਥਾਰ ਨਾਲ ਦੱਸਿਆ ਗਿਆ ਹੈ।

**ਸਾਰਣੀ 4.5: ਮਹਿਲਾ ਕੈਦੀਆਂ ਲਈ ਪਖਾਨੇ ਦੀ ਉਪਲੱਬਧਤਾ ਦਾ ਵੇਰਵਾ**

| 31 ਮਾਰਚ ਤੱਕ | ਮਹਿਲਾ ਕੈਦੀਆਂ ਵਾਲੀਆਂ ਕੁੱਲ ਬੈਰਕਾਂ | ਮਹਿਲਾ ਕੈਦੀਆਂ ਵਾਲੀਆਂ ਨਮੂਨਾ ਜਾਂਚ ਕੀਤੀਆਂ ਜੇਲ੍ਹਾਂ | ਦਿਨ ਦੇ ਦੌਰਾਨ ਪਖਾਨੇ ਦੀ ਨਾਕਾਫੀ ਗਿਣਤੀ ਹੋਣ ਵਾਲੀਆਂ ਬੈਰਕਾਂ (31 ਮਾਰਚ ਤੱਕ ਪ੍ਰਤੀ ਪਖਾਨਾ ਸੀਟ>6 ਕੈਦੀਆਂ (ਪ੍ਰਤੀਸ਼ਤਤਾ) | ਰਾਤ ਦੇ ਸਮੇਂ ਸੌਣ ਲਈ ਵਰਤੇ ਜਾਂਦੇ ਪਖਾਨੇ ਦੀ ਨਾਕਾਫੀ ਗਿਣਤੀ ਹੋਣ ਵਾਲੀਆਂ ਬੈਰਕਾਂ (31 ਮਾਰਚ ਤੱਕ ਪ੍ਰਤੀ ਪਖਾਨਾ ਸੀਟ >10 ਕੈਦੀ) (ਪ੍ਰਤੀਸ਼ਤਤਾ) |
|---|---|---|---|---|
| 2021 | 36 | 11 | 24 (67) | 12 (33) |
| 2022 | 38 | 12 | 23 (61) | 14 (37) |
| 2023 | 30 | 10 | 19 (63) | 16 (53) |

*ਸ੍ਰੋਤ: ਵਿਭਾਗੀ ਡਾਟਾ*

*31 ਮਾਰਚ 2021 ਤੱਕ, ਡਬਲਯੂ ਜੇ ਲੁਧਿਆਣਾ ਨੂੰ ਕੋਵਿਡ ਮਹਾਂਮਾਰੀ ਦੌਰਾਨ ਵਿਸ਼ੇਸ਼ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ।*
*31 ਮਾਰਚ 2023 ਤੱਕ ਡੀ ਜੇ ਸ੍ਰੀ ਮੁਕਤਸਰ ਸਾਹਿਬ ਅਤੇ ਸੀ ਜੇ ਬਠਿੰਡਾ ਵਿੱਚ ਕੋਈ ਮਹਿਲਾ ਕੈਦੀ ਨਹੀਂ ਸੀ।*

**ਸਾਰਣੀ** 4.4 **ਅਤੇ ਸਾਰਣੀ** 4.5 ਦਰਸਾਉਂਦੀ ਹੈ ਕਿ ਦਿਨ ਦੇ ਸਮੇਂ, ਪਖਾਨੇ ਦੀਆਂ ਸੀਟਾਂ ਦੀ ਘਾਟ ਵਾਲੀਆਂ ਬੈਰਕਾਂ ਦੀ ਗਿਣਤੀ 61 ਤੋਂ 75 *ਪ੍ਰਤੀਸ਼ਤ* ਦੇ ਵਿਚਕਾਰ ਸੀ, ਜਦੋਂ ਕਿ ਰਾਤ ਨੂੰ ਇਹ 33 ਤੋਂ 60 *ਪ੍ਰਤੀਸ਼ਤ* ਦੇ ਵਿਚਕਾਰ ਸੀ। ਜਿਵੇਂ ਕਿ ਰੁਝਾਨ ਤੋਂ ਪਤਾ ਲੱਗਦਾ ਹੈ, ਭੀੜ-ਭੜੱਕੇ ਨਾਲ ਇਸ ਦੇ ਹੋਰ ਵਿਗੜਨ ਦੀ ਸੰਭਾਵਨਾ ਹੈ।

ਇਸ ਤਰ੍ਹਾਂ ਸੁਧਾਰਾਤਮਕ ਕਾਰਵਾਈ ਦੀ ਘਾਟ ਨੇ ਇਨ੍ਹਾਂ ਬੈਰਕਾਂ ਵਿੱਚ ਜ਼ਰੂਰੀ ਪਖਾਨੇ ਦੀਆਂ ਸਹੂਲਤਾਂ ਪ੍ਰਦਾਨ ਕਰਨ ਵਿੱਚ ਜੇਲ੍ਹ ਪ੍ਰਸ਼ਾਸਨ ਦੀ ਅਪੂਰਨਤਾ ਨੂੰ ਉਜਾਗਰ ਕੀਤਾ।

ਸਰਕਾਰ ਨੇ ਸਵੀਕਾਰ ਕੀਤਾ (ਮਾਰਚ 2024) ਕਿ ਜੇਲ੍ਹਾਂ ਵਿੱਚ ਜ਼ਿਆਦਾ ਭੀੜ ਮੌਜੂਦਾ ਸਹੂਲਤਾਂ 'ਤੇ ਵਾਧੂ ਬੋਝ ਪਾਉਂਦੀ ਹੈ ਅਤੇ ਕਿਹਾ ਕਿ ਅਜਿਹੇ ਮੁੱਦਿਆਂ ਨੂੰ ਨਿਯਮਤ ਅਧਾਰ 'ਤੇ ਕੈਦੀਆਂ ਨੂੰ ਤਬਦੀਲ ਕਰਕੇ ਅਤੇ ਮੌਜੂਦਾ ਜੇਲ੍ਹਾਂ ਦੀ ਸਮਰੱਥਾ ਵਧਾਉਣ ਦੇ ਨਾਲ-ਨਾਲ ਨਵੀਆਂ ਜੇਲ੍ਹਾਂ ਦੀ ਉਸਾਰੀ ਕਰਕੇ ਹੱਲ ਕੀਤਾ ਜਾ ਰਿਹਾ ਸੀ। ਜਵਾਬ ਤਸੱਲੀਬਖਸ਼ ਨਹੀਂ ਸੀ, ਕਿਉਂਕਿ ਮਾਰਚ 2023 ਤੱਕ ਮੌਜੂਦਾ ਪਖਾਨੇ ਦੀਆਂ ਸਹੂਲਤਾਂ 74 *ਪ੍ਰਤੀਸ਼ਤ* ਪੁਰਸ਼ਾਂ ਅਤੇ 63 *ਪ੍ਰਤੀਸ਼ਤ* ਮਹਿਲਾ ਬੈਰਕਾਂ ਵਿੱਚ ਨਾਕਾਫੀ ਸਨ ਜਿਸ ਕਾਰਣ ਗੰਦੇ ਹਾਲਾਤ ਪੈਦਾ ਹੋਏ ਸਨ।

## 4.8 ਮੈਡੀਕਲ ਸਹੂਲਤਾਂ

ਢੁੱਕਵੀਂ ਸਿਹਤ ਸੰਭਾਲ ਤੱਕ ਪਹੁੰਚ ਇੱਕ ਬੁਨਿਆਦੀ ਅਤੇ ਮੌਲਿਕ ਅਧਿਕਾਰ ਹੈ ਜਿਸ ਨੂੰ ਕਿਸੇ ਵਿਅਕਤੀ ਨੂੰ ਜੇਲ੍ਹ ਦੇ ਅੰਦਰ ਕੈਦ ਹੋਣ ਦੇ ਬਾਵਜੂਦ ਇਨਕਾਰ ਨਹੀਂ ਕੀਤਾ ਜਾਣਾ ਚਾਹੀਦਾ। ਐਮ ਪੀ ਐਮ 2016 ਦਾ ਪੈਰ੍ਹਾ 7.01 ਵੀ ਮੈਡੀਕਲ ਪ੍ਰਸ਼ਾਸਨ ਨੂੰ ਜੇਲ੍ਹ ਪ੍ਰਬੰਧਨ ਦੀਆਂ ਸਭ ਤੋਂ ਮਹੱਤਵਪੂਰਨ ਚਿੰਤਾਵਾਂ ਵਿੱਚੋਂ ਇੱਕ ਵਜੋਂ ਮਾਨਤਾ ਦਿੰਦਾ ਹੈ। ਇਸ ਨੇ ਜੇਲ੍ਹ ਦੇ ਮੈਡੀਕਲ ਅਫਸਰ ਨੂੰ ਨਾ ਸਿਰਫ ਬਿਮਾਰ ਕੈਦੀਆਂ ਦੇ ਇਲਾਜ ਵੱਲ ਧਿਆਨ ਦੇਣ ਲਈ, ਬਲਕਿ ਕੈਦੀਆਂ ਦੀ ਸਿਹਤ ਅਤੇ ਜੇਲ੍ਹ ਦੀ ਸਮੁੱਚੀ ਸਫਾਈ ਨਾਲ ਜੁੜੇ ਹਰੇਕ ਮਾਮਲੇ ਲਈ ਵੀ ਜਿੰਮੇਵਾਰ ਠਹਿਰਾਇਆ।

### 4.8.1 ਹਸਪਤਾਲਾਂ ਵਿੱਚ ਬਿਸਤਰਿਆਂ ਦੀ ਘਾਟ

ਐਮ ਪੀ ਐਮ 2016 ਦੇ ਪੈਰ੍ਹਾ 7.03 ਅਨੁਸਾਰ ਕੇਂਦਰੀ ਅਤੇ ਜ਼ਿਲ੍ਹਾ ਜੇਲ੍ਹਾਂ ਨੂੰ ਜੇਲ੍ਹ ਦੀ ਅਧਿਕਾਰਤ ਸਮਰੱਥਾ ਦੇ ਪੰਜ *ਪ੍ਰਤੀਸ਼ਤ* ਦੇ ਪੈਮਾਨੇ ਤੇ ਹਸਪਤਾਲ ਦੀ ਰਿਹਾਇਸ਼ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਪੀ ਪੀ ਆਰ 2022 ਦੇ ਨਿਯਮ 29.01 ਵਿੱਚ ਕਿਹਾ ਗਿਆ ਹੈ ਕਿ ਕੇਂਦਰੀ ਅਤੇ ਜ਼ਿਲ੍ਹਾ ਜੇਲ੍ਹਾਂ ਔਸਤਨ ਰੋਜ਼ਾਨਾ ਕੈਦੀਆਂ ਦੀ ਆਬਾਦੀ ਦੇ ਘੱਟੋ ਘੱਟ ਪੰਜ *ਪ੍ਰਤੀਸ਼ਤ* ਲਈ ਜਿੱਥੇ ਤੱਕ ਸੰਭਵ ਹੋਵੇ, ਅੰਦਰੂਨੀ ਮਰੀਜ਼ਾਂ ਲਈ ਹਸਪਤਾਲ ਦੀ ਰਿਹਾਇਸ਼ ਪ੍ਰਦਾਨ ਕਰਨਗੀਆਂ। ਜੇਲ੍ਹ ਹਸਪਤਾਲ ਰਾਜ ਸਿਹਤ ਸੇਵਾਵਾਂ ਦਾ ਹਿੱਸਾ ਹੋ ਸਕਦਾ ਹੈ ਅਤੇ ਸਬੰਧਤ ਸਿਵਲ ਸਰਜਨ ਦੇ ਨਿਗਰਾਨੀ ਨਿਯੰਤਰਣ ਅਧੀਨ ਹੋਵੇਗਾ।

ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ:

(ੳ) ਭਾਰਤ ਸਰਕਾਰ ਦੇ ਨਿਰਦੇਸ਼ਾਂ ਤੋਂ ਬਾਅਦ ਜੇਲ੍ਹ ਪ੍ਰਸ਼ਾਸਨ ਨੂੰ ਪੀ ਪੀ ਆਰ ਤਿਆਰ ਕਰਨ ਲਈ ਐਮ ਪੀ ਐਮ, 2016 ਨੂੰ ਅਪਣਾਉਣ ਵਿੱਚ ਛੇ ਸਾਲ ਲੱਗ ਗਏ, ਜੋ ਜੂਨ 2022 ਵਿੱਚ ਹੋਂਦ ਵਿੱਚ ਆਇਆ ਸੀ। ਇਸ ਦੌਰਾਨ, ਬਿਸਤਰਿਆਂ ਦੀ ਘਾਟ ਸਮੇਤ ਨਾਕਾਫੀ ਸਿਹਤ ਦੇਖਭਾਲ ਸਹੂਲਤਾਂ ਵੱਲ ਧਿਆਨ ਨਹੀਂ ਦਿੱਤਾ ਗਿਆ ਅਤੇ ਕਾਫੀ ਕੈਦੀਆਂ ਨੂੰ ਇਲਾਜ ਲਈ ਜੇਲ੍ਹ ਕੰਪਲੈਕਸ ਤੋਂ ਬਾਹਰ ਦੇ ਹਸਪਤਾਲਾਂ ਵਿੱਚ ਰੈਫਰ ਕਰਨਾ ਪਿਆ।

(ਅ) ਨਮੂਨਾ ਜਾਂਚ ਕੀਤੀਆਂ ਗਈਆਂ 18 ਜੇਲ੍ਹਾਂ ਵਿੱਚੋਂ 17[14] ਵਿੱਚ ਹਸਪਤਾਲਾਂ ਵਿੱਚ ਬਿਸਤਰਿਆਂ ਦੀ ਉਪਲੱਬਧਤਾ ਦੇ ਮੁਕਾਬਲੇ ਲੋੜ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਐਮ ਪੀ ਐਮ 2016 ਦੇ ਅਨੁਸਾਰ ਹਸਪਤਾਲਾਂ ਵਿੱਚ ਬਿਸਤਰਿਆਂ ਦੀ ਉਪਲੱਬਧਤਾ ਵਿੱਚ ਕਾਫੀ ਕਮੀ ਸੀ ਜੋ ਕਿ 2 ਤੋਂ 129 ਦੇ ਵਿਚਕਾਰ ਸੀ ਅਤੇ ਬਿਸਤਰਿਆਂ ਦੀ ਘਾਟ ਦੀ ਪ੍ਰਤੀਸ਼ਤਤਾ 50 ਤੋਂ 100 *ਪ੍ਰਤੀਸ਼ਤ* ਸੀ। ਪੀ ਪੀ ਆਰ 2022 ਵਿੱਚ ਦਿੱਤੇ ਗਏ ਨਿਯਮਾਂ ਦੀ ਤੁਲਨਾ ਵਿੱਚ, ਬਿਸਤਰਿਆਂ ਦੀ ਘਾਟ 1 ਤੋਂ 158 ਤੱਕ ਸੀ ਅਤੇ ਘਾਟ ਦੀ ਪ੍ਰਤੀਸ਼ਤਤਾ 26 ਤੋਂ 100 *ਪ੍ਰਤੀਸ਼ਤ* ਤੱਕ ਸੀ। ਜੇਲ-ਵਾਰ ਜਾਣਕਾਰੀ **ਸਾਰਣੀ** 4.6 ਵਿੱਚ ਦਿੱਤੀ ਗਈ ਹੈ।

[14] ਕੇਂਦਰੀ/ਜ਼ਿਲ੍ਹਾ ਜੇਲ੍ਹ ਨਹੀਂ ਹੋਣ ਕਰਕੇ ਐਸ ਜੇ ਪਠਾਨਕੋਟ ਨੂੰ ਛੱਡ ਕੇ ਹੈ।

**ਸਾਰਣੀ 4.6: ਅਧਿਕਾਰਤ ਸਮਰੱਥਾ (ਏ ਸੀ) ਅਤੇ ਔਸਤ ਰੋਜ਼ਾਨਾ ਕੈਦੀਆਂ (ਏ ਡੀ ਆਈ) ਦੇ ਹਵਾਲੇ ਨਾਲ ਜੇਲ੍ਹ ਹਸਪਤਾਲਾਂ ਵਿੱਚ ਬਿਸਤਰਿਆਂ ਦੀ ਘਾਟ**

| ਲੜੀ ਨੰ. | ਜੇਲ੍ਹ ਦਾ ਨਾਂਅ | 31 ਮਾਰਚ ਨੂੰ ਅਧਿਕਾਰਤ ਸਮਰੱਥਾ (ਏ ਸੀ) | | ਲੋੜੀਂਦੇ ਬਿਸਤਰੇ (ਏ ਸੀ ਦਾ 5%) | | ਔਸਤਨ ਰੋਜ਼ਾਨਾ ਕੈਦੀ (ਏ ਡੀ ਆਈ) | ਲੋੜੀਂਦੇ ਬਿਸਤਰੇ (ਏ ਡੀ ਆਈ ਦਾ 5%) | ਬਿਸਤਰੇ ਉਪਲਬਧ | ਬਿਸਤਰਿਆਂ ਦੀ ਘਾਟ ਦੇ ਹਵਾਲੇ ਵਿੱਚ | | ਪ੍ਰਤੀਸ਼ਤ ਵਿੱਚ ਘਾਟ ਦੇ ਹਵਾਲੇ ਵਿੱਚ | |
|---|---|---|---|---|---|---|---|---|---|---|---|---|
| | | 2021 | 2023 | 2021 | 2023 | | | | ਏ ਸੀ | ਏ ਡੀ ਆਈ | ਏ ਸੀ | ਏ ਡੀ ਆਈ |
| 1. | ਸੀ ਜੇ ਅੰਮ੍ਰਿਤਸਰ | 2,266 | 2,266 | 113 | 113 | 3,759 | 188 | 30 | 83 | 158 | 74 | 84 |
| 2. | ਸੀ ਜੇ ਬਠਿੰਡਾ | 2,100 | 2,100 | 105 | 105 | 1,711 | 86 | 20 | 85 | 66 | 81 | 77 |
| 3. | ਸੀ ਜੇ ਫਰੀਦਕੋਟ | 2,072 | 2,092 | 104 | 105 | 1,358 | 68 | 50 | 55 | 18 | 52 | 26 |
| 4. | ਸੀ ਜੇ ਫਿਰੋਜ਼ਪੁਰ | 1,236 | 1,236 | 62 | 62 | 1,686 | 84 | 30 | 32 | 54 | 51 | 64 |
| 5. | ਸੀ ਜੇ ਗੁਰਦਾਸਪਰ | 950 | 950 | 48 | 48 | 987 | 49 | 12 | 36 | 37 | 75 | 76 |
| 6. | ਸੀ ਜੇ ਹੁਸ਼ਿਆਰਪੁਰ | 723 | 723 | 36 | 36 | 1,116 | 56 | 6 | 30 | 50 | 83 | 89 |
| 7. | ਸੀ ਜੇ ਕਪੂਰਥਲਾ | 2,990 | 2,990 | 150 | 150 | 3,533 | 177 | 30 | 120 | 147 | 80 | 83 |
| 8. | ਸੀ ਜੇ ਲੁਧਿਆਣਾ | 3,200 | 3,200 | 160 | 160 | 4,157 | 208 | 50 | 110 | 158 | 69 | 76 |
| 9. | ਸੀ ਜੇ ਪਟਿਆਲਾ | 1,801 | 1,801 | 90 | 90 | 2,400 | 120 | 40 | 50 | 80 | 56 | 67 |
| 10. | ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ | 0 | 2,780 | 0 | 139 | 1,668 | 83 | 10 | 129 | 73 | 93 | 88 |
| 11. | ਡੀ ਜੇ ਬਰਨਾਲਾ | 435 | 435 | 22 | 22 | 582 | 29 | 0 | 22 | 29 | 100 | 100 |
| 12. | ਡੀ ਜੇ ਮਾਨਸਾ | 443 | 443 | 22 | 22 | 722 | 36 | 10 | 12 | 26 | 55 | 72 |
| 13. | ਡੀ ਜੇ ਸੰਗਰੂਰ | 650 | 650 | 33 | 33 | 1,068 | 53 | 12 | 21 | 41 | 63 | 78 |
| 14. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | 875 | 875 | 44 | 44 | 1,043 | 52 | 16 | 28 | 36 | 63 | 69 |
| 15. | ਡਬਲਯੂ ਜੇ ਲੁਧਿਆਣਾ | 320 | 320 | 16 | 16 | 234 | 12 | 1 | 15 | 11 | 94 | 91 |
| 16. | ਓ ਏ ਜੇ ਨਾਭਾ | 75 | 75 | 4 | 4 | 59 | 3 | 2 | 2 | 1 | 50 | 32 |
| 17. | ਬੀ ਜੇ ਲੁਧਿਆਣਾ | 500 | 500 | 25 | 25 | 314 | 16 | 10 | 15 | 6 | 60 | 36 |
| **ਜੋੜ** | | **20,636** | **23,436** | **1,034** | **1,174** | **26,397** | **1,320** | **329** | **845** | **991** | **72** | **75** |

*ਸ੍ਰੋਤ: ਵਿਭਾਗੀ ਡਾਟਾ*

## 4.8.2 ਮੈਡੀਕਲ ਸਟਾਫ਼ ਦੀ ਘਾਟ

ਜੇਲ੍ਹਾਂ ਵਿੱਚ ਸਿਹਤ ਸੰਭਾਲ ਸਹੂਲਤਾਂ ਨਾ ਸਿਰਫ਼ ਕੈਦੀਆਂ ਦੀਆਂ ਤੁਰੰਤ ਸਿਹਤ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮਹੱਤਵਪੂਰਨ ਹਨ, ਸਗੋਂ ਐਮ ਪੀ ਐਮ 2016 ਅਤੇ ਪੀ ਪੀ ਆਰ 2022 ਵਿੱਚ ਨਿਰਧਾਰਤ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਵੀ ਮਹੱਤਵਪੂਰਨ ਹਨ। ਪੀ ਪੀ ਆਰ 2022 ਦੇ ਨਿਯਮ 29.01 (3,4 ਅਤੇ 5) ਵਿੱਚ ਕੈਦੀਆਂ ਦੀ ਆਬਾਦੀ ਦੇ ਆਧਾਰ 'ਤੇ ਜੇਲ੍ਹਾਂ ਵਿੱਚ ਮੈਡੀਕਲ ਸਟਾਫ ਦੀ ਗਿਣਤੀ ਪ੍ਰਦਾਨ ਕੀਤੀ ਗਈ ਹੈ, ਜਿਵੇਂ ਕਿ **ਸਾਰਣੀ** 4.7 ਵਿੱਚ ਦੱਸਿਆ ਗਿਆ ਹੈ।

**ਸਾਰਣੀ 4.7: ਪੀ ਪੀ ਆਰ 2022 ਦੇ ਅਨੁਸਾਰ ਮੈਡੀਕਲ ਸਟਾਫ ਲਈ ਨਿਰਧਾਰਤ ਮਾਪਦੰਡ**

| ਲੜੀ ਨੰ. | ਅਧਿਕਾਰੀ | 500 ਕੈਦੀਆਂ ਤੱਕ | 500-1000 ਕੈਦੀਆਂ | 1000-1800 ਕੈਦੀਆਂ | 1800 ਤੋਂ ਵੱਧ ਕੈਦੀਆਂ |
|---|---|---|---|---|---|
| 1. | ਮੈਡੀਕਲ ਅਫਸਰ (ਇੰਚਾਰਜ) | 1 | 1 | 1 | 1 |
| 2. | ਮੈਡੀਕਲ ਅਫਸਰ | 1 | 2 | 4 | 6 |
| 3. | ਫਾਰਮੇਮੀ ਅਫਸਰ | 1 | 2 | 4 | 5 |
| 4. | ਸਟਾਫ ਨਰਸਾਂ (ਪੁਰਸ਼/ਮਹਿਲਾ) | 1 | 3 | 4 | 5 |
| 5. | ਮੈਡੀਕਲ ਲੈਬ ਟੈਕਨੀਸ਼ੀਅਨ | 1 | 1 | 2 | 2 |

*ਸ੍ਰੋਤ: ਵਿਭਾਗੀ ਡਾਟਾ*

ਪੀ ਪੀ ਆਰ ਵਿੱਚ 1,500 ਤੋਂ ਵੱਧ ਆਬਾਦੀ ਵਾਲੀਆਂ ਜੇਲ੍ਹਾਂ ਵਿੱਚ ਜਿੱਥੋ ਤੱਕ ਸੰਭਵ ਹੋਵੇ, ਇੱਕ ਸਥਾਈ ਮਨੋਵਿਗਿਆਨੀ ਅਤੇ ਦੰਦਾਂ ਦੇ ਡਾਕਟਰ ਦੀ ਤੈਨਾਤੀ ਦੀ ਵਿਵਸਥਾ ਕੀਤੀ ਗਈ ਹੈ, ਅਤੇ ਹੋਰ ਜੇਲ੍ਹਾਂ ਲਈ ਇਹ ਮਾਹਰ ਜ਼ਿਲ੍ਹਾ ਹਸਪਤਾਲ ਤੋਂ ਦੌਰਾ ਕਰ ਸਕਦੇ ਹਨ। ਇਸ ਤੋਂ ਇਲਾਵਾ, ਮਹਿਲਾਵਾਂ ਲਈ ਵਿਸ਼ੇਸ਼ ਜੇਲ੍ਹਾਂ ਵਿੱਚ ਘੱਟੋ-ਘੱਟ ਇਕ ਸਥਾਈ ਗਾਇਨੀਕੋਲੋਜਿਸਟ ਹੋਣਾ ਚਾਹੀਦਾ ਹੈ ਅਤੇ ਮਹਿਲਾਵਾਂ ਦੀਆਂ ਬੈਰਕਾਂ ਵਾਲੀਆਂ ਜੇਲ੍ਹਾਂ ਵਿੱਚ, ਗਾਇਨੀਕੋਲੋਜਿਸਟ ਨੂੰ ਜ਼ਿਲ੍ਹਾ ਹਸਪਤਾਲ ਤੋਂ ਮੁਲਾਕਾਤ ਦੇ ਅਧਾਰ 'ਤੇ ਤਾਇਨਾਤ ਕੀਤਾ ਜਾ ਸਕਦਾ ਹੈ। 31 ਮਾਰਚ 2023 ਤੱਕ ਜੇਲ੍ਹਾਂ ਵਿੱਚ ਮੈਡੀਕਲ ਸਟਾਫ ਦੀ ਅਸਲ ਤੈਨਾਤੀ ਦੀ ਸਥਿਤੀ **ਸਾਰਣੀ** 4.8 ਅਤੇ **ਅੰਤਿਕਾ** 4.5 ਵਿੱਚ ਦਿੱਤੀ ਗਈ ਹੈ।

**ਸਾਰਣੀ 4.8: ਮਨਜ਼ੂਰਸ਼ੁਦਾ ਅਸਾਮੀਆਂ ਦੇ ਨਾਲ ਤੈਨਾਤ ਅਸਾਮੀਆਂ ਅਤੇ ਲੋੜ ਦੀ ਤੁਲਨਾ**

| ਅਹੁਦੇ ਦਾ ਨਾਂਅ | ਲੋੜ | ਮੰਨਜ਼ੂਰ ਅਸਾਮੀਆਂ (ਐਸ ਐਸ) ਦੀ ਲੋੜ ਨਾਲ ਤੁਲਨਾ | | | ਪੀ ਪੀ ਆਰ ਦੇ ਅਨੁਸਾਰ ਲੋੜ ਨਾਲ ਤੈਨਾਤ ਅਸਾਮੀਆਂ ਦੀ (ਐਮ ਆਈ ਪੀ) ਤੁਲਨਾ | | |
|---|---|---|---|---|---|---|---|
| | ਪੀ ਪੀ ਆਰ 2022 ਦੇ ਅਨੁਸਾਰ | ਐਸ ਐਸ | ਐਸ ਐਸ ਵਿੱਚ ਘਾਟ | ਘਾਟ ਦੀ ਪ੍ਰਤੀਸ਼ਤਤਾ | ਐਮ ਆਈ ਪੀ | ਐਮ ਆਈ ਪੀ ਵਿੱਚ ਘਾਟ | ਘਾਟ ਦੀ ਪ੍ਰਤੀਸ਼ਤਤਾ |
| ਮੈਡੀਕਲ ਅਫਸਰ (ਇੰਚਾਰਜ) | 82 | 42 | 40 | 49 | 39 | 43 | 52 |
| ਫਾਰਮੈਸੀ ਅਫਸਰ | 60 | 46 | 14 | 23 | 43 | 17 | 28 |
| ਸਟਾਫ ਨਰਸ | 62 | 16 | 46 | 74 | 10 | 52 | 84 |
| ਮੈਡੀਕਲ ਲੈਬ ਟੈਕਨੀਸ਼ੀਨਅਨ | 29 | 4 | 25 | 86 | 7 | 22 | 76 |
| ਮਨੋਚਿਕਿਤਸਕ | 8 | 2 | 6 | 75 | 1 | 7 | 88 |
| ਦੰਦਾਂ ਦਾ ਡਾਕਟਰ | 8 | 2 | 6 | 75 | 1 | 7 | 88 |
| ਗਾਇਨੀਕੋਲੋਜਿਸਟ | 1 | 1 | 0 | 0 | 0 | 1 | 100 |
| **ਜੋੜ** | **250** | **113** | **137** | **55** | **101** | **149** | **60** |

*ਸ੍ਰੋਤ: ਵਿਭਾਗੀ ਡਾਟਾ*

**ਸਾਰਣੀ** 4.8 ਤੋਂ ਇਹ ਵੇਖਿਆ ਜਾ ਸਕਦਾ ਹੈ ਕਿ 31 ਮਾਰਚ 2023 ਤੱਕ ਜੇਲ੍ਹਾਂ ਵਿੱਚ ਮੈਡੀਕਲ ਸਟਾਫ ਦੀ ਅਸਲ ਤੈਨਾਤੀ ਪੀ ਪੀ ਆਰ ਨਿਯਮਾਂ ਦੇ ਮੁਕਾਬਲੇ 28 *ਪ੍ਰਤੀਸ਼ਤ* ਤੋਂ 100 *ਪ੍ਰਤੀਸ਼ਤ* ਘੱਟ ਸੀ।

ਲੋਕ ਲੇਖਾ ਕਮੇਟੀ (ਪੀ ਏ ਸੀ) ਨੇ 31 ਮਾਰਚ 2012 ਨੂੰ ਖਤਮ ਹੋਈ ਮਿਆਦ ਲਈ ਸੀ ਏ ਜੀ ਦੀ ਲੇਖਾ ਪ੍ਰੀਖਿਆ ਰਿਪੋਰਟ ਦੇ ਪੈਰ੍ਹਾ 5.1.10.4 ਵਿੱਚ ਦਰਸਾਏ ਅਨੁਸਾਰ ਸਾਰੀਆਂ ਜੇਲ੍ਹਾਂ ਵਿੱਚ ਸਿਹਤ ਸੰਭਾਲ ਬੁਨਿਆਦੀ ਢਾਂਚੇ ਅਤੇ ਸਟਾਫ ਦੀ ਘਾਟ 'ਤੇ ਚਰਚਾ ਕਰਦੇ ਹੋਏ (ਸਤੰਬਰ 2014) ਜੇਲ੍ਹ ਪ੍ਰਸ਼ਾਸਨ ਨੂੰ ਇੱਕ ਮਹੀਨੇ ਦੇ ਅੰਦਰ ਸਟਾਫ ਅਤੇ ਸਿਹਤ ਬੁਨਿਆਦੀ ਢਾਂਚੇ ਦੀ ਜ਼ਰੂਰਤ ਦਾ ਮੁਲਾਂਕਣ ਕਰਨ ਅਤੇ ਵਿੱਤ ਵਿਭਾਗ ਨੂੰ ਦੱਸਣ ਦਾ ਨਿਰਦੇਸ਼ ਵੀ ਦਿੱਤਾ ਸੀ ਕਿਉਂਕਿ ਕੈਦੀ ਮਨੁੱਖ ਹੋਣ ਦੇ ਨਾਤੇ ਢੁੱਕਵੀਆਂ ਸਿਹਤ ਸੇਵਾਵਾਂ ਦੇ ਵੀ ਹੱਕਦਾਰ ਸਨ। ਹਾਲਾਂਕਿ, ਪੀ ਏ ਸੀ ਨੂੰ ਦਿੱਤੇ ਗਏ ਭਰੋਸੇ ਦੇ ਬਾਵਜੂਦ ਸਾਰੇ ਅਹੁਦਿਆਂ 'ਤੇ ਮੈਡੀਕਲ ਸਟਾਫ ਦੀ ਘਾਟ ਸਪੱਸ਼ਟ ਰਹੀ।

### 4.8.3 ਸਿਹਤ ਸੰਭਾਲ ਬੁਨਿਆਦੀ ਢਾਂਚੇ ਦੀ ਘਾਟ ਦਾ ਪ੍ਰਭਾਵ

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਜੇਲ੍ਹ ਹਸਪਤਾਲਾਂ ਵਿੱਚ ਮੈਡੀਕਲ ਸਟਾਫ ਦੀ ਘਾਟ ਅਤੇ ਸਿਹਤ ਸੰਭਾਲ ਬੁਨਿਆਦੀ ਢਾਂਚੇ ਦੀ ਘਾਟ ਕਾਰਣ;

- 2020-2023 ਦੌਰਾਨ 1,901 ਮਹਿਲਾ ਕੈਦੀਆਂ ਸਮੇਤ 45,497 ਕੈਦੀਆਂ[15] (**ਅੰਤਿਕਾ** 4.6) ਨੂੰ ਇਲਾਜ ਲਈ ਜੇਲ੍ਹ ਪਰਿਸਰ ਤੋਂ ਬਾਹਰ ਹੋਰ ਸਰਕਾਰੀ/ਸਿਵਲ ਹਸਪਤਾਲਾਂ ਵਿੱਚ ਭੇਜਿਆ ਗਿਆ।
- ਮੈਡੀਕਲ ਅਫਸਰ ਦੁਆਰਾ ਹੋਰ ਹਸਪਤਾਲ ਵਿੱਚ ਰੈਫਰ ਕੀਤੇ ਗਏ 45,497 ਕੈਦੀਆਂ ਵਿੱਚੋਂ ਜਿਨ੍ਹਾਂ 12,387 (27 *ਪ੍ਰਤੀਸ਼ਤ*) ਕੈਦੀਆਂ ਨੂੰ ਸਿਰਫ ਜੇਲ੍ਹ ਹਸਪਤਾਲਾਂ ਵਿੱਚ ਨਾਕਾਫੀ ਸਿਹਤ ਸੰਭਾਲ ਸਹੂਲਤਾਂ ਦੇ ਕਾਰਣ ਰੈਫਰ ਕੀਤਾ ਗਿਆ ਸੀ, ਉਨ੍ਹਾਂ ਨੂੰ ਜੇਲ੍ਹ ਤੋਂ ਬਾਹਰ ਸਿਵਲ ਹਸਪਤਾਲਾਂ ਵਿੱਚ ਤਬਾਦਲਾ ਨਹੀਂ ਕੀਤਾ ਜਾ ਸਕਿਆ ਕਿਉਂਕਿ ਪੁਲਿਸ ਵਿਭਾਗ ਬਿਮਾਰ ਕੈਦੀਆਂ ਨੂੰ ਐਸਕਾਰਟ ਪ੍ਰਦਾਨ ਨਹੀਂ ਕਰ ਸਕਿਆ। ਨਤੀਜੇ ਵਜੋਂ ਇਹ ਕੈਦੀ ਲੋੜੀਂਦੀਆਂ ਸਿਹਤ ਸੰਭਾਲ ਸਹੂਲਤਾਂ ਤੋਂ ਵਾਂਝੇ ਰਹਿ ਗਏ ਸੀ।
- ਇਸ ਸਮੇਂ ਦੌਰਾਨ 22 ਕੈਦੀ (2021 ਵਿੱਚ ਅੱਠ, 2022 ਵਿੱਚ 13 ਅਤੇ 2023 ਵਿੱਚ ਇੱਕ) ਜੇਲ੍ਹ ਦੇ ਬਾਹਰਲੇ ਹਸਪਤਾਲਾਂ ਵਿੱਚ ਇਲਾਜ ਦੌਰਾਨ ਭੱਜਣ ਵਿੱਚ ਕਾਮਯਾਬ ਹੋ ਗਏ।

ਸਰਕਾਰ ਨੇ (ਮਾਰਚ 2024) ਕਿਹਾ ਕਿ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਲੋੜੀਂਦੇ ਮੈਡੀਕਲ ਬੁਨਿਆਦੀ ਢਾਂਚੇ ਨਾਲ ਲੈਸ ਹਨ। ਡਬਲਯੂ ਜੇ ਬਠਿੰਡਾ ਅਤੇ ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ ਨੂੰ ਲੈਸ ਕਰਨ ਦੀ ਪ੍ਰਕਿਰਿਆ ਚੱਲ ਰਹੀ ਸੀ। ਇਸ ਤੋਂ ਇਲਾਵਾ, ਸੀ ਜੇ ਹੁਸ਼ਿਆਰਪੁਰ ਅਤੇ ਗੁਰਦਾਸਪੁਰ ਨੂੰ ਆਪਣੀਆਂ ਹਸਪਤਾਲ ਇਮਾਰਤਾਂ ਦੇ ਮੁਕੰਮਲ ਹੋਣ 'ਤੇ ਲੋੜੀਂਦਾ ਸਿਹਤ ਸੰਭਾਲ ਬੁਨਿਆਦੀ ਢਾਂਚਾ ਪ੍ਰਾਪਤ

---

[15]

| ਕੁੱਲ ਰੈਫਰਡ | 2020-21 | 2021-22 | 2022-23 | ਕੁੱਲ |
|---|---|---|---|---|
| ਪੁਰਸ਼ ਕੈਦੀ | 11,796 | 15,549 | 16,251 | 43,596 |
| ਮਹਿਲਾ ਕੈਦੀ | ਕੋਵਿਡ ਜੇਲ ਵਿੱਚ ਬਦਲਾਅ | 898 | 1,003 | 1,901 |
| **ਜੋੜ** | **11,796** | **16,447** | **17,254** | **45,497** |

ਹੋਵੇਗਾ। ਬਾਕੀ ਜੇਲ੍ਹਾਂ ਦੇ ਸੰਬੰਧ ਵਿੱਚ, ਪੀ ਪੀ ਆਰ 2022 ਦੇ ਅਨੁਸਾਰ ਸਮੇਂ ਸਿਰ ਸਿਹਤ ਸੰਭਾਲ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਦਾ ਭਰੋਸਾ ਦਿੱਤਾ ਗਿਆ ਸੀ।

ਜਵਾਬ ਮੰਨਣਯੋਗ ਨਹੀਂ ਸੀ, ਕਿਉਂਕਿ ਸ਼ੁਰੂ ਵਿੱਚ ਜੇਲ੍ਹ ਪ੍ਰਸ਼ਾਸਨ ਨੇ ਐਮ ਪੀ ਐਮ 2016 ਨੂੰ ਅਪਣਾਉਣ ਵਿੱਚ ਅਸਧਾਰਨ ਤੌਰ ਤੇ ਲੰਮਾ ਸਮਾਂ ਲਿਆ ਜਿਸ ਨਾਲ ਸੁਧਾਰਾਤਮਕ ਮਾਪਦੰਡ ਨਿਰਧਾਰਤ ਕਰਨ ਵਿੱਚ ਛੇ ਸਾਲ ਦੀ ਦੇਰੀ ਹੋਈ। ਪੀ ਪੀ ਆਰ 2022 ਨੂੰ ਸੂਚਿਤ ਕਰਨ ਤੋਂ ਬਾਅਦ ਵੀ, ਨਮੂਨਾ-ਜਾਂਚ ਕੀਤੀਆਂ ਜੇਲ੍ਹਾਂ ਵਿੱਚ ਸਿਹਤ ਸੰਭਾਲ ਬੁਨਿਆਦੀ ਢਾਂਚੇ ਵਿੱਚ ਕੋਈ ਸੁਧਾਰ ਦਿਖਾਈ ਨਹੀਂ ਦਿੱਤਾ। ਜ਼ਿਆਦਾਤਰ ਜੇਲ੍ਹ ਹਸਪਤਾਲਾਂ ਵਿੱਚ ਸਿਹਤ ਸੰਭਾਲ ਸਹੂਲਤਾਂ ਦੀ ਘਾਟ ਜਾਰੀ ਹੈ, ਜਿਸ ਕਾਰਣ ਕੈਦੀਆਂ ਦੀ ਇੱਕ ਵੱਡੀ ਗਿਣਤੀ ਨੂੰ ਮੈਡੀਕਲ ਇਲਾਜ ਲਈ ਜੇਲ੍ਹ ਦੇ ਬਾਹਰਲੇ ਹਸਪਤਾਲਾਂ ਵਿੱਚ ਰੈਫਰ ਕਰਨ ਦੀ ਲੋੜ ਹੁੰਦੀ ਹੈ ਜਿਵੇਂ ਕਿ **ਅੰਤਿਕਾ** 4.6 ਵਿੱਚ ਦਰਸਾਇਆ ਗਿਆ ਹੈ।

### 4.8.4 ਹਸਪਤਾਲਾਂ ਦੀ ਉਸਾਰੀ ਨਾ ਹੋਣ ਕਾਰਣ ਸਿਹਤ ਸੰਭਾਲ ਤੋਂ ਵਾਂਝਾ ਹੋਣਾ

ਮਈ 2015 ਵਿੱਚ, ਐਸ ਜੇ ਬਰਨਾਲਾ ਨੂੰ ਜ਼ਿਲ੍ਹਾ ਜੇਲ੍ਹ (ਡੀ ਜੇ) ਘੋਸ਼ਿਤ ਕੀਤਾ ਗਿਆ ਸੀ ਅਤੇ ਨਵੰਬਰ 2015 ਵਿੱਚ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਵਿਖੇ ਡੀ ਜੇ ਨੂੰ ਕੇਂਦਰੀ ਜੇਲ੍ਹ (ਸੀ ਜੇ) ਘੋਸ਼ਿਤ ਕੀਤਾ ਗਿਆ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਅੱਠ ਸਾਲਾਂ ਤੋਂ ਵੱਧ ਸਮੇਂ ਦੀ ਦੇਰੀ ਦੇ ਬਾਵਜੂਦ, ਡੀ ਜੇ ਬਰਨਾਲਾ, ਸੀ ਜੇ ਹੁਸ਼ਿਆਰਪੁਰ ਅਤੇ ਸੀ ਜੇ ਗੁਰਦਾਸਪੁਰ ਦੇ ਕੈਦੀਆਂ ਨੂੰ ਅਜੇ ਤੱਕ ਅਪਗ੍ਰੇਡ ਕੀਤੀਆਂ ਸਿਹਤ ਸੰਭਾਲ ਸਹੂਲਤਾਂ ਪ੍ਰਦਾਨ ਨਹੀਂ ਕੀਤੀਆਂ ਗਈਆਂ, ਜਿਵੇਂ ਕਿ ਅਗਲੇ ਪੈਰ੍ਹਿਆਂ ਵਿੱਚ ਦੱਸਿਆ ਗਿਆ ਹੈ:

***(ੳ) ਡੀ ਜੇ ਬਰਨਾਲਾ ਵਿਖੇ ਹਸਪਤਾਲ ਦੀ ਗੈਰ ਮੌਜੂਦਗੀ***

31 ਮਾਰਚ 2023 ਤੱਕ ਡੀ ਜੇ ਬਰਨਾਲਾ ਵਿੱਚ 603 ਜੇਲ੍ਹ ਕੈਦੀਆਂ ਦੀ ਸਮਰੱਥਾ ਸੀ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, 30 ਬਿਸਤਰਿਆਂ ਵਾਲੇ ਹਸਪਤਾਲ ਦੀ ਲੋੜ ਸੀ ਪਰ ਇੱਕ ਵੀ ਬਿਸਤਰੇ ਤੋਂ ਬਿਨ੍ਹਾਂ ਸਿਰਫ ਇੱਕ ਡਿਸਪੈਂਸਰੀ ਚੱਲ ਰਹੀ ਸੀ। ਜੇਲ੍ਹ ਸੁਪਰਡੈਂਟ ਨੇ ਲਗਾਤਾਰ (2020-2024) ਜੇਲ੍ਹ ਪ੍ਰਸ਼ਾਸਨ ਕੋਲ ਇੱਕ ਲੈਸ ਹਸਪਤਾਲ ਦੀ ਉਸਾਰੀ ਸਬੰਧੀ ਚਿੰਤਾਵਾ ਉਠਾਈਆਂ। ਜ਼ਿਲ੍ਹਾ ਅਤੇ ਸ਼ੈਸ਼ਨ ਜੱਜ (ਡੀ ਐਂਡ ਐਸ ਜੇ) ਨੇ ਫਰਵਰੀ ਅਤੇ ਮਾਰਚ 2024 ਦੇ ਮਾਸਿਕ ਨਿਰੀਖਣ ਦੌਰਾਨ ਜੇਲ੍ਹ ਦੇ ਅੰਦਰ ਇੱਕ ਹਸਪਤਾਲ ਦੀ ਜ਼ਰੂਰਤ ਬਾਰੇ ਵੀ ਦੱਸਿਆ। ਹਾਲਾਂਕਿ, ਜੇਲ੍ਹ ਪ੍ਰਸ਼ਾਸਨ ਨੇ ਸੂਚਿਤ ਕੀਤਾ ਕਿ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਤੋਂ ਲਾਗਤ ਅਨੁਮਾਨਾਂ ਦੀ ਉਡੀਕ ਕੀਤੀ ਜਾ ਰਹੀ ਸੀ (ਅਗਸਤ 2024)।

***(ਅ) ਕੇਂਦਰੀ ਜੇਲ੍ਹ ਹੁਸ਼ਿਆਰਪੁਰ ਅਤੇ ਕੇਂਦਰੀ ਜੇਲ੍ਹ ਗੁਰਦਾਸਪੁਰ ਵਿਖੇ ਹਸਪਤਾਲਾਂ ਦਾ ਦੇਰੀ ਨਾਲ ਸ਼ੁਰੂ ਹੋਣਾ***

ਹੁਸ਼ਿਆਰਪੁਰ ਅਤੇ ਗੁਰਦਾਸਪੁਰ ਦੇ ਡੀ ਜੇਜ਼ ਨੂੰ ਸੀ ਜੇਜ਼ ਘੋਸ਼ਿਤ ਕਰਨ ਦੇ ਦੋ ਸਾਲ ਬਾਅਦ, ਜੇਲ੍ਹ ਪ੍ਰਸ਼ਾਸਨ ਨੇ ਨਵੰਬਰ 2017 ਵਿੱਚ ਹਸਪਤਾਲ ਦੀਆਂ ਸਹੂਲਤਾਂ ਨੂੰ ਵੀ ਅਪਗ੍ਰੇਡ ਕਰਨ ਦਾ ਫੈਸਲਾ

ਕੀਤਾ। ਸਰਕਾਰ ਦੁਆਰਾ ਸਤੰਬਰ 2021 ਵਿੱਚ ₹ 5.00 ਕਰੋੜ (ਸੀ ਜੇ ਹੁਸ਼ਿਆਰਪੁਰ ਦੇ ਹਸਪਤਾਲ ਲਈ ₹ 2.47 ਕਰੋੜ ਅਤੇ ਸੀ ਜੇ ਗੁਰਦਾਸਪੁਰ ਦੇ ਹਸਪਤਾਲ ਲਈ ₹ 2.53 ਕਰੋੜ) ਦੀ ਵਿੱਤੀ ਪ੍ਰਵਾਨਗੀ ਦਿੱਤੀ ਗਈ ਸੀ।

(i) ਸੀ ਜੇ, ਹੁਸ਼ਿਆਰਪੁਰ ਵਿਖੇ ਹਸਪਤਾਲ ਦੀ ਉਸਾਰੀ ਲਈ, ਏ ਡੀ ਜੀ ਪੀ ਨੇ ਨਵੰਬਰ 2021 ਵਿੱਚ ਪੀ ਪੀ ਐਚ ਸੀ ਨੂੰ ₹ 49.37 ਲੱਖ (20 *ਪ੍ਰਤੀਸ਼ਤ*) ਟ੍ਰਾਂਸਫਰ ਕੀਤੇ ਪਰ ਸ਼ੁਰੂਆਤ ਵਿੱਚ ਦੇਰੀ ਹੋ ਗਈ ਕਿਉਂਕਿ ਡਰਾਇੰਗ ਅਤੇ ਡਿਜ਼ਾਇਨ ਮਾਰਚ 2022 ਵਿੱਚ ਦੇਰ ਨਾਲ ਮਨਜ਼ੂਰ ਕੀਤੇ ਗਏ ਸਨ। ਹਸਪਤਾਲ ਦੀ ਇਮਾਰਤ ਦੀ ਉਸਾਰੀ ਦਾ ਕੰਮ ਅੰਤ ਵਿੱਚ ਨਵੰਬਰ 2022 ਵਿੱਚ ₹ 2.85 ਕਰੋੜ ਦੀ ਲਾਗਤ ਨਾਲ ਇੱਕ ਸਾਲ ਦੇ ਅੰਦਰ ਪੂਰਾ ਕਰਨ ਲਈ ਅਲਾਟ ਕੀਤਾ ਜਾ ਸਕਿਆ।

ਅਲਾਟਮੈਂਟ ਤੋਂ ਬਾਅਦ ਜਨਵਰੀ 2023 ਵਿੱਚ, ਜੇਲ੍ਹ ਸੁਪਰਡੈਂਟ ਨੇ ਸੁਚਿਤ ਕਿਤਾ ਕਿ ਪ੍ਰਸਤਾਵਿਤ ਹਸਪਤਾਲ ਦੀ ਜਗ੍ਹਾ ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਅਤੇ ਕੈਦੀਆਂ ਦੀ ਹਫਤਾਵਾਰੀ ਪਰੇਡ ਲਈ ਨਿਰਧਾਰਤ ਜਗ੍ਹਾ 'ਤੇ ਕਬਜ਼ਾ ਕਰੇਗੀ। ਇਸ ਜਗ੍ਹਾ ਨੂੰ ਬਾਗ ਦੇ ਖੇਤਰ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ, ਅਤੇ ਉਸਾਰੀ ਜੂਨ 2023 ਵਿੱਚ ਸ਼ੁਰੂ ਹੋਈ ਸੀ, ਯਾਨੀ ਡੀ ਜੇ ਨੂੰ ਸੀ ਜੇ ਘੋਸ਼ਿਤ ਕਰਨ ਤੋਂ ਸਾਢੇ ਸੱਤ ਸਾਲ ਬਾਅਦ, ਜੋ ਕਿ ਅਜੇ ਵੀ ਪ੍ਰਗਤੀ ਅਧੀਨ ਸੀ (ਨਵੰਬਰ 2024)।

(ii) ਇਸੇ ਤਰ੍ਹਾਂ, ਸੀ ਜੇ ਗੁਰਦਾਸਪੁਰ ਵਿਖੇ ਹਸਪਤਾਲ ਦੀ ਉਸਾਰੀ ਲਈ, ਏ ਡੀ ਜੀ ਪੀ ਨੇ ਨਵੰਬਰ 2021 ਵਿੱਚ ਪੀ ਪੀ ਐਚ ਸੀ ਨੂੰ ₹ 50.63 ਲੱਖ (20 *ਪ੍ਰਤੀਸ਼ਤ*) ਟ੍ਰਾਂਸਫਰ ਕੀਤੇ। ਫੰਡ ਪ੍ਰਾਪਤ ਕਰਨ ਤੋਂ ਬਾਅਦ, ਪੀ ਪੀ ਐਚ ਸੀ ਨੇ (ਦਸੰਬਰ 2021) ਦੱਸਿਆ ਕਿ ਪ੍ਰਸਤਾਵਿਤ ਜਗ੍ਹਾਂ ਤੇ ਮੌਜੂਦਾ ਸੈਪਟਿਕ ਟੈਂਕ ਅਤੇ ਸੀਵਰੇਜ ਪ੍ਰਬੰਧਾਂ ਦੇ ਕਾਰਣ, ਹਸਪਤਾਲ ਦੀ ਇਮਾਰਤ ਦੀ ਉਸਾਰੀ ਸੰਭਵ ਨਹੀਂ ਸੀ। ਵਿਕਲਪਕ ਤੌਰ ਤੇ ਹਸਪਤਾਲ ਦੀ ਉਸਾਰੀ ਲਈ ਮੌਜੂਦਾ ਸਟੋਰ ਨੂੰ ਢਾਹੁਣ ਦਾ ਫੈਸਲਾ (ਫਰਵਰੀ 2022) ਕੀਤਾ ਗਿਆ। ਜੇਲ੍ਹ ਪ੍ਰਸ਼ਾਸਨ ਨੂੰ ਸਟੋਰ ਨੂੰ ਢਾਹੁਣ ਲਈ ਲੋਕ ਨਿਰਮਾਣ ਵਿਭਾਗ (ਪੀ ਡਬਲਯੂ ਡੀ) ਨੂੰ ਐਨ ਓ ਸੀ ਜਾਰੀ ਕਰਨ ਲਈ ਬੇਨਤੀ ਕਰਨ (ਅਗਸਤ 2022) ਵਿੱਚ ਛੇ ਮਹੀਨੇ ਲੱਗੇ, ਜੋ ਫਰਵਰੀ 2023 ਵਿੱਚ ਜਾਰੀ ਕੀਤਾ ਗਿਆ ਸੀ। ਹਸਪਤਾਲ ਦੀ ਇਮਾਰਤ ਦੀ ਉਸਾਰੀ ਦਾ ਕੰਮ ਅੰਤ ਵਿੱਚ ਜਨਵਰੀ 2024 ਵਿੱਚ ਅਲਾਟ ਕਰ ਦਿੱਤਾ ਗਿਆ ਸੀ ਅਤੇ ਕੰਮ ਪ੍ਰਗਤੀ ਅਧੀਨ ਸੀ (ਨਵੰਬਰ 2024)।

ਇਸ ਤਰ੍ਹਾਂ, ਸਾਈਟ, ਡਿਜ਼ਾਇਨ, ਡਰਾਇੰਗ ਅਤੇ ਪੀ ਡਬਲਯੂ ਡੀ ਤੋਂ ਐਨ ਓ ਸੀ ਲੈਣ ਸੰਬੰਧੀ ਪ੍ਰਸ਼ਾਸਕੀ ਦੇਰੀ ਨੇ ਫੰਡ ਹੋਣ ਦੇ ਬਾਵਜੂਦ, ਇਨ੍ਹਾਂ ਜੇਲ੍ਹਾਂ ਵਿੱਚ ਰੱਖੇ 2,685 ਕੈਦੀਆਂ[16] ਨੂੰ ਅੱਠ ਸਾਲਾਂ ਤੋਂ ਵੱਧ ਸਮੇਂ ਲਈ ਅਪਗ੍ਰੇਡ ਕੀਤੀਆਂ ਸਹੂਲਤਾਂ ਤੋਂ ਵਾਂਝਾ ਰੱਖਿਆ।

ਜੇਲ੍ਹ ਪ੍ਰਸ਼ਾਸਨ ਨੇ ਜਵਾਬ ਦਿੱਤਾ (ਨਵੰਬਰ 2024) ਕਿ ਸੀ ਜੇ ਹੁਸ਼ਿਆਰਪੁਰ ਵਿਖੇ ਹਸਪਤਾਲ ਦਾ 60 *ਪ੍ਰਤੀਸ਼ਤ* ਅਤੇ ਸੀ ਜੇ ਗੁਰਦਾਸਪੁਰ ਦਾ 25 *ਪ੍ਰਤੀਸ਼ਤ* ਨਿਰਮਾਣ ਪੂਰਾ ਹੋ ਗਿਆ ਸੀ। ਜਵਾਬ ਹਸਪਤਾਲਾਂ ਦੀ ਉਸਾਰੀ ਨਾ ਹੋਣ ਦੀ ਪੁਸ਼ਟੀ ਕਰਦਾ ਹੈ।

[16] 2022-23 ਦੌਰਾਨ ਡੀ ਜੇ ਬਰਨਾਲਾ (582), ਹੁਸ਼ਿਆਰਪੁਰ (1,116) ਅਤੇ ਗੁਰਦਾਸਪੁਰ (987) ਵਿੱਚ ਔਸਤ ਰੋਜ਼ਾਨਾ ਕੈਦੀ ।

## 4.9 ਕੈਦੀ ਦਾ ਭੋਜਨ/ਖੁਰਾਕ

### 4.9.1 ਜੇਲ੍ਹ ਕੈਦੀਆਂ ਨੂੰ ਬਿਸਕੁਟ ਨਾ ਦੇਣਾ

ਪੀ ਜੇ ਐਮ 1996 ਦੇ ਪੈਰ੍ਹਾ 812 ਦੇ ਅਨੁਸਾਰ, ਇੰਸਪੈਕਟਰ-ਜਨਰਲ, ਰਾਜ ਸਰਕਾਰ ਦੀ ਪਿਛਲੀ ਪ੍ਰਵਾਨਗੀ ਨਾਲ, ਕੈਦੀਆਂ ਦੇ ਹਰੇਕ ਵਰਗ ਨੂੰ ਪ੍ਰਦਾਨ ਕੀਤੀ ਜਾਣ ਵਾਲੀ ਜੇਲ੍ਹ ਖੁਰਾਕ ਦਾ ਪੈਮਾਨਾ ਨਿਰਧਾਰਤ ਕਰਨਗੇ। ਰਾਜ ਸਰਕਾਰ ਨੇ ਜਨਵਰੀ 2014 ਵਿੱਚ ਕੈਦੀਆਂ ਲਈ ਖੁਰਾਕ ਦੇ ਪੈਮਾਨੇ ਨੂੰ ਸੋਧਦੇ ਹੋਏ, ਕੈਦੀਆਂ ਦੀ ਖੁਰਾਕ ਵਿੱਚੋਂ 60 ਗ੍ਰਾਮ ਕਾਲੇ ਛੋਲੇ ਅਤੇ ਗੁੜ ਨੂੰ ਬਦਲ ਕੇ ਰੋਜ਼ਾਨਾ 235 ਕੈਲੋਰੀ ਵਾਲੇ 50 ਗ੍ਰਾਮ ਬਿਸਕੁਟ ਨਿਰਧਾਰਤ ਕੀਤੇ ਸਨ।

ਸੀ ਜੇ ਲੁਧਿਆਣਾ ਵਿੱਚ ਸਥਿਤ ਲੁਧਿਆਣਾ ਬੇਕਿੰਗ ਸਕੂਲ (ਐਲ ਬੀ ਐਸ) ਜਿਸਦੀ ਔਸਤਨ ਪ੍ਰਤੀ ਦਿਨ ਸੱਤ ਕੁਇੰਟਲ ਬਿਸਕੁਟ ਪੈਦਾ ਕਰਨ ਦੀ ਸਮਰੱਥਾ ਹੈ, ਆਪਣੀਆਂ ਸਾਰੀਆਂ ਸਿਸਟਰ ਜੇਲ੍ਹਾਂ[17] ਨੂੰ ਬਿਸਕੁਟ ਸਪਲਾਈ ਕਰ ਰਿਹਾ ਸੀ।

ਲੇਖਾ ਪ੍ਰੀਖਿਆ ਦੌਰਾਨ ਵੇਖਿਆ ਗਿਆ ਕਿ 2020-2023 ਦੌਰਾਨ, ਸੱਤ ਕੁਇੰਟਲ ਦੀ ਔਸਤ ਰੋਜ਼ਾਨਾ ਉਤਪਾਦਨ ਸਮਰੱਥਾ ਦੇ ਵਿਰੁੱਧ, ਐਲ ਬੀ ਐਸ ਲਗਭਗ ਪੰਜ ਕੁਇੰਟਲ ਬਿਸਕੁਟ ਪੈਦਾ ਕਰ ਅਤੇ ਸਪਲਾਈ ਕਰ ਸਕਿਆ ਸੀ। ਜਦੋਂ ਕਿ ਬਿਸਕੁਟਾਂ ਦੀ ਰੋਜ਼ਾਨਾਂ ਔਸਤ ਮੰਗ 9.48 ਕੁਇੰਟਲ ਅਤੇ 14.78 ਕੁਇੰਟਲ ਦੇ ਵਿਚਕਾਰ ਰਹੀ, ਜਿਸ ਕਾਰਣ ਸਪਲਾਈ ਵਿੱਚ 47 ਤੋਂ 71 *ਪ੍ਰਤੀਸ਼ਤ* ਦੀ ਕਮੀ ਆਈ, ਜਿਵੇਂ ਕਿ **ਸਾਰਣੀ** 4.9 ਵਿੱਚ ਦੱਸਿਆ ਗਿਆ ਹੈ।

**ਸਾਰਣੀ 4.9: ਜੇਲ੍ਹਾਂ ਦੀਆਂ ਲੋੜਾਂ ਦੇ ਮੁਕਾਬਲੇ ਐਲ ਬੀ ਐਸ ਦੁਆਰਾ ਬਿਸਕੁਟਾਂ ਦਾ ਉਤਪਾਦਨ**

*(ਕੁਇੰਟਲਾਂ ਵਿੱਚ)*

| ਸਾਲ | ਸਲਾਨਾ | | | | ਔਸਤ ਰੋਜ਼ਾਨਾ | | | ਸਮਰੱਥਾ ਦੇ ਮੁਕਾਬਲੇ ਘਾਟ |
|---|---|---|---|---|---|---|---|---|
| | ਮੰਗ | ਉਤਪਾਦਨ | ਅੰਤਰ | ਅੰਤਰ ਪ੍ਰਤੀਸ਼ਤਤਾ | ਮੰਗ | ਉਤਪਾਦਨ | ਸਮਰੱਥਾ | |
| 2020-21 | 3,461 | 1,840 | 1,621 | 47 | 9.48 | 5.04 | 7.00 | 1.96 |
| 2021-22 | 4,531 | 2,088 | 2,443 | 54 | 12.42 | 5.72 | 7.00 | 1.28 |
| 2022-23 | 5,395 | 1,564 | 3,831 | 71 | 14.78 | 4.28 | 7.00 | 2.72 |
| **ਜੋੜ** | **13,388** | **5,492** | **7,896** | **59** | **12.23** | **5.02** | **7.00** | **1.98** |

*ਸ੍ਰੋਤ: ਵਿਭਾਗੀ ਡਾਟਾ*

ਜਿਵੇਂ ਕਿ **ਸਾਰਣੀ** 4.9 ਤੋਂ ਸਪੱਸ਼ਟ ਹੈ, ਮੰਗ ਅਤੇ ਉਤਪਾਦਨ ਵਿਚਕਾਰ ਪਾੜਾ 2020-21 ਵਿੱਚ 1,621 ਕੁਇੰਟਲ ਤੋਂ ਵਧ ਕੇ 2022-23 ਵਿੱਚ 3,831 ਕੁਇੰਟਲ ਹੋ ਗਿਆ। ਇਸ ਦੇ ਬਾਵਜੂਦ ਜੇਲ੍ਹ ਪ੍ਰਸ਼ਾਸਨ ਨੇ ਰੇਟ ਕੰਨਟ੍ਰੈਕਟ ਕਰਕੇ ਘਾਟ ਨੂੰ ਪੂਰਾ ਕਰਨ ਦਾ ਸਹਾਰਾ ਨਹੀਂ ਲਿਆ, ਜਿਵੇਂ ਕਿ


17 "ਸਿਸਟਰ ਜੇਲ੍ਹਾਂ" ਪੰਜਾਬ ਦੀਆਂ ਜੇਲ੍ਹਾਂ ਹਨ ਜੋ ਐਲ ਬੀ ਐਸ ਲੁਧਿਆਣਾ ਦੁਆਰਾ ਤਿਆਰ ਕੀਤੇ ਬਿਸਕੁਟਾਂ ਦਾ ਸੇਵਨ ਕਰਦੀਆਂ ਹਨ।

ਸਰਕਾਰ ਨੇ ਜਨਵਰੀ 2014 ਵਿੱਚ ਕੈਦੀਆਂ ਲਈ ਖੁਰਾਕ ਦੇ ਪੈਮਾਨੇ ਦੀ ਦੁਬਾਰਾ ਸਮੀਖਿਆ ਕਰਦੇ ਸਮੇ ਸਿਫਾਰਸ਼ ਕੀਤੀ ਸੀ।

ਰਾਜ ਸਰਕਾਰ ਨੇ (ਮਾਰਚ 2024) ਰੋਜ਼ਾਨਾ ਲਗਭਗ ਦੋ ਕੁਇੰਟਲ ਦੇ ਘੱਟ ਉਤਪਾਦਨ ਨੂੰ ਸਿਸਟਰ ਜੇਲ੍ਹਾਂ ਦੁਆਰਾ ਬਿੱਲਾਂ ਦੇ ਭੁਗਤਾਨ ਵਿੱਚ ਦੇਰੀ ਲਈ ਜ਼ਿੰਮੇਵਾਰ ਠਹਿਰਾਇਆ, ਜੋ ਬਦਲੇ ਵਿੱਚ ਏ ਡੀ ਜੀ ਪੀ ਦੁਆਰਾ ਫੰਡਾਂ ਨੂੰ ਮਨਜ਼ੂਰੀ ਦੇਣ ਵਿੱਚ ਚਾਰ ਤੋਂ ਛੇ ਮਹੀਨਿਆਂ ਦੇ ਸਮੇਂ ਕਾਰਣ ਸੀ। ਇਹਨ੍ਹਾਂ ਦੇਰੀ ਨਾਲ ਭੁਗਤਾਨਾਂ ਨੇ ਐਲ ਬੀ ਐਸ ਨਾਲ ਕਾਰਜਸ਼ੀਲ ਪੂੰਜੀ ਦੀ ਘਾਟ ਪੈਦਾ ਕੀਤੀ ਜਿਸਨੇ ਲੋੜੀਂਦੇ ਕੱਚੇ ਮਾਲ ਦੀ ਖਰੀਦ ਨੂੰ ਪ੍ਰਭਾਵਤ ਕੀਤਾ ਜਿਸ ਨਾਲ ਇੱਕ ਔਗੁਣ ਚੱਕਰ ਪੈਦਾ ਹੋਇਆ ਜਿਸਦੇ ਨਤੀਜੇ ਵਜੋਂ ਉਤਪਾਦਨ ਘੱਟ ਗਿਆ। 2020-2023 ਦੌਰਾਨ ਸਮਰੱਥਾ ਦੇ ਮੁਕਾਬਲੇ ਔਸਤ ਰੋਜ਼ਾਨਾ ਉਤਪਾਦਨ ਵਿੱਚ ਘਾਟ 1.96 ਤੋਂ ਵਧ ਕੇ 2.72 ਕੁਇੰਟਲ ਹੋ ਗਈ।

2020-2023 ਦੌਰਾਨ ਨਮੂਨਾ-ਜਾਂਚ ਕੀਤੀਆਂ ਜੇਲ੍ਹਾਂ ਵਿੱਚ ਬਿਸਕੁਟਾਂ ਦੀ ਲੋੜ ਅਤੇ ਐਲ ਬੀ ਐਸ ਦੁਆਰਾ ਕੀਤੀ ਗਈ ਸਪਲਾਈ ਵਿਚਕਾਰ 60 *ਪ੍ਰਤੀਸ਼ਤ* ਦਾ ਇਸੇ ਤਰ੍ਹਾਂ ਦਾ ਪਾੜਾ ਵੇਖਿਆ ਗਿਆ, ਜਿਵੇਂ ਕਿ **ਚਾਰਟ** 4.4 ਵਿੱਚ ਵਿਖਾਇਆ ਗਿਆ ਹੈ:

**ਚਾਰਟ 4.4: 2020-2023 ਦੌਰਾਨ ਬਿਸਕੁਟਾਂ ਦੀ ਲੋੜ ਅਤੇ ਸਪਲਾਈ ਦੇ ਵੇਰਵੇ**




ਲੋੜ ਅਤੇ ਸਪਲਾਈ ਵਿਚਕਾਰ 60 *ਪ੍ਰਤੀਸ਼ਤ* ਦਾ ਕੁੱਲ ਪਾੜਾ ਨਮੂਨਾ-ਜਾਂਚ ਕੀਤੀਆਂ ਜੇਲ੍ਹਾਂ ਵਿੱਚ ਬਿਖੜੇ ਢੰਗ ਨਾਲ ਵੰਡਿਆ ਗਿਆ, ਜੋ ਕਿ 14 *ਪ੍ਰਤੀਸ਼ਤ* ਤੋਂ 98 *ਪ੍ਰਤੀਸ਼ਤ* ਤੱਕ ਸੀ (**ਅੰਤਿਕਾ** 4.7)। ਡਬਲਯੂ ਜੇ ਲੁਧਿਆਣਾ ਸਭ ਤੋਂ ਘੱਟ ਪ੍ਰਭਾਵਿਤ ਹੋਇਆ, ਸਿਰਫ 14 *ਪ੍ਰਤੀਸ਼ਤ* ਦੀ ਘਾਟ ਦੇ ਨਾਲ, 98 ਕੁਇੰਟਲ ਦੀ ਮੰਗ ਦੇ ਮੁਕਾਬਲੇ, 84 ਕੁਇੰਟਲ ਸਪਲਾਈ ਕੀਤੀ ਗਈ। ਇਸਦੇ ਉਲਟ, ਐਸ ਜੇ ਪਠਾਨਕੋਟ ਨੂੰ 98 *ਪ੍ਰਤੀਸ਼ਤ* ਦੀ ਸਭ ਤੋਂ ਗੰਭੀਰ ਘਾਟ ਦਾ ਸਾਹਮਣਾ ਕਰਨਾ ਪਿਆ ਜਦੋਂ ਕਿ ਸੀ ਜੇ ਅੰਮ੍ਰਿਤਸਰ ਨੂੰ ਉਨ੍ਹਾ ਦੀ ਲੋੜੀਂਦੀ ਸਪਲਾਈ ਦਾ ਸਿਰਫ 8 *ਪ੍ਰਤੀਸ਼ਤ* ਪ੍ਰਾਪਤ ਹੋਇਆ, ਜੋ ਕਿ 1,652 ਕੁਇੰਟਲ ਘੱਟ ਗਿਆ।

ਜੇਲ੍ਹ ਪ੍ਰਸ਼ਾਸਨ ਨੇ ਬਿਸਕੁਟ ਸਪਲਾਈ ਕਰਨ ਦੀ ਆਪਣੀ ਸਮਰੱਥਾ ਨੂੰ ਯਕੀਨੀ ਬਣਾਏ ਬਿਨਾਂ, ਜੇਲ੍ਹ ਕੈਦੀਆਂ ਨੂੰ 60 ਗ੍ਰਾਮ ਕਾਲੇ ਚਣੇ ਅਤੇ ਗੁੜ ਦੇਣਾ ਬੰਦ ਕਰ ਦਿੱਤਾ। ਨਤੀਜੇ ਵਜੋਂ, 47 ਤੋਂ 71 *ਪ੍ਰਤੀਸ਼ਤ* ਦੇ ਵਿਚਕਾਰ, ਜੇਲ੍ਹ ਕੈਦੀਆਂ ਦੇ ਇੱਕ ਮਹੱਤਵਪੂਰਨ ਹਿੱਸੇ, ਨੂੰ 2020-2023 ਦੌਰਾਨ 235 ਕੈਲੋਰੀ ਵਾਲੇ 50 ਗ੍ਰਾਮ ਬਿਸਕੁਟ ਦਾ ਨਿਰਧਾਰਤ ਰੋਜ਼ਾਨਾ ਪੂਰਕ ਨਹੀਂ ਮਿਲਿਆ।

ਜੇਲ੍ਹ ਪ੍ਰਸ਼ਾਸਨ ਵੱਲੋਂ ਨੌਂ ਸਾਲ ਪਹਿਲਾਂ ਪੀ ਏ ਸੀ ਨੂੰ ਬਿਸਕੁਟਾਂ ਦੇ ਉਤਪਾਦਨ ਨੂੰ ਵਧਾਉਣ ਦਾ ਭਰੋਸਾ (ਸਤੰਬਰ 2014) ਦੇਣ ਦੇ ਬਾਵਜੂਦ, ਇਹ ਅਜੇ ਵੀ ਜੇਲ੍ਹ ਕੈਦੀਆਂ ਦੀਆਂ ਕੈਲੋਰੀ ਲੋੜਾਂ ਨੂੰ ਪੂਰਾ ਕਰਨ ਲਈ ਲੋੜੀਂਦੀ ਮਾਤਰਾ ਵਿੱਚ ਬਿਸਕੁਟ ਸਪਲਾਈ ਨਹੀਂ ਕਰ ਰਿਹਾ ਸੀ। ਇਸਨੇ (i) ਐਲ ਬੀ ਐਸ ਦੀ ਉਤਪਾਦਨ ਸਮਰੱਥਾ ਨੂੰ ਅਪਗ੍ਰੇਡ ਨਹੀਂ ਕੀਤਾ (ਮਾਰਚ 2024, (ii) ਸਿਸਟਰ ਜੇਲ੍ਹਾਂ ਦੁਆਰਾ ਐਲ ਬੀ ਐਸ ਨੂੰ ਦੇਰੀ ਨਾਲ ਭੁਗਤਾਨ ਦੇ ਮੁੱਦੇ ਨੂੰ ਹੱਲ ਨਹੀਂ ਕੀਤਾ ਜਾਂ (iii) ਜੇਲ੍ਹ ਕੈਦੀਆਂ ਦੇ ਰੋਜ਼ਾਨਾ ਕੈਲੋਰੀ ਦੀ ਮਾਤਰਾ ਦੇ ਨੁਕਸਾਨ ਦੀ ਭਰਪਾਈ ਲਈ ਪਹਿਲਾਂ ਦੇ ਜਾਂ ਕੁੱਝ ਹੋਰ ਉਪਾਵਾਂ ਦਾ ਸਹਾਰਾ ਨਹੀਂ ਲਿਆ ਸੀ।

ਸਰਕਾਰ ਨੇ (ਮਾਰਚ 2024) ਐਲ ਬੀ ਐਸ ਦੀ ਸਮਰੱਥਾ ਦੇ ਵਿਸਥਾਰ ਦਾ ਭਰੋਸਾ ਦਿੱਤਾ, ₹ ਇੱਕ ਕਰੋੜ ਦੀ ਗ੍ਰਾਂਟ ਦੀ ਵਰਤੋਂ ਕਰਕੇ ਜਿਸਦੀ ਵਰਤੋਂ ਜਲਦੀ ਹੀ ਜਾਰੀ ਹੋਣ ਦੀ ਸੰਭਾਵਨਾ ਹੈ। ਜਵਾਬ ਤਸੱਲੀਬਖਸ਼ ਨਹੀਂ ਸੀ, ਕਿਉਂਕਿ ਲਗਭਗ ਦਸ ਸਾਲ ਪਹਿਲਾਂ ਸਤੰਬਰ 2014 ਵਿੱਚ ਉਤਪਾਦਨ ਵਧਾਉਣ ਲਈ ਪੀ ਏ ਸੀ ਨੂੰ ਦਿੱਤਾ ਗਿਆ ਭਰੋਸਾ ਅਜੇ ਵੀ ਲਾਗੂ ਹੋਣ ਦੀ ਉਡੀਕ ਕਰ ਰਿਹਾ ਸੀ।

### 4.9.2 ਕੈਦੀਆਂ ਦੀ ਖੁਰਾਕ ਵਿੱਚ ਵਿਟਾਮਿਨ ਸੀ ਅਤੇ ਡੀ ਸਪਲੀਮੈਂਟਾ ਦੀ ਘਾਟ

ਪੀ ਜੇ ਐਮ 1996 ਦੇ ਪੈਰ੍ਹਾ 825 ਦੇ ਅਨੁਸਾਰ, ਮਸਾਲਿਆਂ ਤੋਂ ਇਲਾਵਾ ਸਾਰੇ ਕੈਦੀਆਂ ਨੂੰ ਜੇਲ੍ਹ ਦੀ ਖੁਰਾਕ ਵਿੱਚ 1 ਅਪ੍ਰੈਲ ਅਤੇ 31 ਅਕਤੂਬਰ ਦੇ ਵਿਚਕਾਰ ਇੱਕ ਜਾਂ ਦੂਜਾ ਐਂਟੀਸਕਾਰਬਿਊਟਿਕ (ਨਿੰਬੂ ਰਸ: 30 ਗ੍ਰਾਮ; ਅਮਚੂਰ: 5 ਗ੍ਰਾਮ ਜਾਂ ਬੀਜ ਰਹਿਤ ਇਮਲੀ: 3:5 ਗ੍ਰਾਮ) ਰੋਜ਼ਾਨਾ ਜਾਰੀ ਕੀਤਾ ਜਾਵੇਗਾ। ਹਾਲਾਂਕਿ, ਭਾਰਤੀ ਮੈਡੀਕਲ ਰਿਸਰਚ ਕੌਂਸਲ (ਆਈ ਸੀ ਐਮ ਆਰ) ਦੀਆਂ ਸਿਫਾਰਸ਼ਾਂ ਦੇ ਅਨੁਸਾਰ ਪੀ ਪੀ ਆਰ ਦੇ ਨਿਯਮ 26.03 ਵਿੱਚ ਜੇਲ੍ਹ ਕੈਦੀਆਂ ਦੀ ਖੁਰਾਕ ਦੇ ਹਿੱਸੇ ਵਜੋਂ ਵਿਟਾਮਿਨ ਸੀ ਅਤੇ ਡੀ ਦੇ ਨਾਲ-ਨਾਲ ਇਸਦੇ ਸ੍ਰੋਤਾਂ ਦੇ ਪ੍ਰਬੰਧ ਸਨ, ਜਿਵੇਂ ਕਿ **ਸਾਰਣੀ** 4.10 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 4.10: ਪੀ ਪੀ ਆਰ 2022 ਦੇ ਅਨੁਸਾਰ ਨਿਰਧਾਰਤ ਰੋਜ਼ਾਨਾ ਖੁਰਾਕ ਦੇ ਵੇਰਵੇ**

| ਪੋਸ਼ਟਿਕ ਤੱਤ | ਪ੍ਰਤੀ ਕੈਦੀ ਲੋੜਾਂ (ਪੀ ਪੀ ਆਰ 2022 ਦੇ ਅਨੁਸਾਰ) | ਸ੍ਰੋਤ |
|---|---|---|
| ਵਿਟਾਮਿਨ ਸੀ | 50 ਮਿਲੀਗ੍ਰਾਮ | ਇਮਲੀ, ਆਂਵਲਾ, ਅਮਚੂਰ, ਅਮਰੂਦ, ਸਾਰੇ ਖੱਟੇ ਫਲ, ਅੰਡੇ, ਨਿੰਬੂ, ਸੰਤਰਾ ਆਦਿ। |
| ਵਿਟਾਮਿਨ ਡੀ | 400 ਆਈ ਯੂ | ਮੱਛੀ, ਲੀਵਰ ਦੇ ਤੇਲ, ਦੱਧ |

*ਸ੍ਰੋਤ: ਵਿਭਾਗੀ ਡਾਟਾ*

ਲੇਖਾ ਪ੍ਰੀਖਿਆ ਵਿੱਚ ਵੇਖਿਆ ਗਿਆ ਕਿ 2020-2023 ਦੌਰਾਨ ਨਮੂਨਾ-ਜਾਂਚ ਕੀਤੀਆਂ ਗਈਆਂ 18 ਜੇਲ੍ਹਾਂ ਦੇ ਕੈਦੀਆਂ ਨੂੰ ਐਂਟੀਸਕਾਰਬਿਊਟਿਕ, ਵਿਟਾਮਿਨ ਸੀ ਅਤੇ ਡੀ ਬਹੁਤ ਹੀ ਘੱਟ ਪ੍ਰਦਾਨ ਕੀਤੇ ਗਏ ਸਨ, ਜਿਵੇਂ ਕਿ **ਸਾਰਣੀ** 4.11 ਵਿੱਚ ਦੱਸਿਆ ਗਿਆ ਹੈ।

**ਸਾਰਣੀ 4.11: 1 ਅਪ੍ਰੈਲ 2020 ਅਤੇ 31 ਅਕਤੂਬਰ 2022 ਦੇ ਵਿਚਕਾਰ ਨਮੂਨਾ-ਜਾਂਚ ਕੀਤੀਆਂ ਜੇਲ੍ਹਾਂ ਵਿੱਚ ਖੁਰਾਕ ਦੀ ਸਥਿਤੀ**

| ਲੜੀ ਨੰ. | ਜੇਲ੍ਹ ਦਾ ਨਾਂਅ | 1 ਅਪ੍ਰੈਲ 2020 ਤੋਂ 1 ਜੂਨ 2022 | 2 ਜੂਨ 2022 ਤੋਂ 31 ਅਕਤੂਬਰ 2022 | |
|---|---|---|---|---|
| | | ਐਂਟੀਸਕਾਰਬਿਊਟਿਕ | ਵਿਟਾਮਿਨ ਸੀ | ਵਿਟਾਮਿਨ ਡੀ |
| 1. | ਸੀ ਜੇ ਅੰਮ੍ਰਿਤਸਰ | ਹਾਂ* | ਹਾਂ* | ਨਹੀਂ |
| 2. | ਸੀ ਜੇ ਬਠਿੰਡਾ | ਹਾਂ* | ਨਹੀਂ | ਨਹੀਂ |
| 3. | ਸੀ ਜੇ ਫਰੀਦਕੋਟ | ਨਹੀਂ | ਹਾਂ* | ਹਾਂ** |
| 4. | ਸੀ ਜੇ ਫਿਰੋਜ਼ਪੁਰ | ਨਹੀਂ | ਨਹੀਂ | ਹਾਂ** |
| 5. | ਸੀ ਜੇ ਗੁਰਦਾਸਪੁਰ | ਨਹੀਂ | ਹਾਂ** | ਹਾਂ** |
| 6. | ਸੀ ਜੇ ਹੁਸ਼ਿਆਰਪੁਰ | ਨਹੀਂ | ਹਾਂ** | ਹਾਂ** |
| 7. | ਸੀ ਜੇ ਕਪੂਰਥਲਾ | ਹਾਂ | ਹਾਂ | ਹਾਂ |
| 8. | ਸੀ ਜੇ ਲੁਧਿਆਣਾ | ਹਾਂ* | ਹਾਂ* | ਨਹੀਂ |
| 9. | ਸੀ ਜੇ ਪਟਿਆਲਾ | ਨਹੀਂ | ਹਾਂ** | ਹਾਂ** |
| 10. | ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ | ਨਹੀਂ | ਹਾਂ* | ਨਹੀਂ |
| 11. | ਡੀ ਜੇ ਬਰਨਾਲਾ | ਹਾਂ* | ਨਹੀਂ | ਨਹੀਂ |
| 12. | ਡੀ ਜੇ ਮਾਨਸਾ | ਨਹੀਂ | ਨਹੀਂ | ਨਹੀਂ |
| 13. | ਡੀ ਜੇ ਸੰਗਰੂਰ | ਨਹੀਂ | ਹਾਂ | ਹਾਂ |
| 14. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | ਹਾਂ* | ਨਹੀਂ | ਨਹੀਂ |
| 15. | ਐਸ ਜੇ ਪਠਾਨਕੋਟ | ਨਹੀਂ | ਨਹੀਂ | ਨਹੀਂ |
| 16. | ਡਬਲਯੂ ਜੇ ਲੁਧਿਆਣਾ | ਨਹੀਂ | ਨਹੀਂ | ਹਾਂ** |
| 17. | ਓ ਏ ਜੇ ਨਾਭਾ | ਨਹੀਂ | ਨਹੀਂ | ਹਾਂ** |
| 18. | ਬੀ ਜੇ ਲੁਧਿਆਣਾ | ਹਾਂ** | ਹਾਂ** | ਹਾਂ |

*ਸ੍ਰੋਤ: ਵਿਭਾਗੀ ਡਾਟਾ*

| | |
|---|---|
| ਹਾਂ | ਸਾਰੇ ਕੈਦੀਆਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ |
| ਹਾਂ* | ਸਖਤ ਕੈਦ ਵਿੱਚ ਬੰਦ ਕੈਦੀਆਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ |
| ਹਾਂ ** | ਮੈਡੀਕਲ ਅਫਸਰ ਦੀ ਸਲਾਹ ਤੇ ਪ੍ਰਦਾਨ ਕੀਤਾ ਜਾਂਦਾ ਹੈ |
| ਨਹੀਂ | ਪ੍ਰਦਾਨ ਨਹੀਂ ਕੀਤਾ ਗਿਆ |

ਜਿਵੇਂ ਕਿ **ਸਾਰਣੀ** 4.11 ਤੋਂ ਸਪੱਸ਼ਟ ਹੈ:

- **ਐਂਟੀਸਕਾਰਬਿਊਟਿਕ** ਸਿਰਫ ਸੀ ਜੇ ਕਪੂਰਥਲਾ ਦੁਆਰਾ ਆਪਣੇ ਸਾਰੇ ਕੈਦੀਆਂ ਨੂੰ ਦਿੱਤੇ ਗਏ ਸਨ। ਅੰਮ੍ਰਿਤਸਰ, ਬਠਿੰਡਾ, ਲੁਧਿਆਣਾ ਦੇ ਸੀ ਜੇ, ਬਰਨਾਲਾ ਅਤੇ ਸ਼੍ਰੀ ਮੁਕਤਸਰ ਸਾਹਿਬ ਦੇ ਡੀ ਜੇ ਨੇ ਸਿਰਫ ਉਨ੍ਹਾਂ ਕੈਦੀਆਂ ਨੂੰ ਐਂਟੀਸਕਾਰਬਿਊਟਿਕ ਦਿੱਤੇ ਜਿਨ੍ਹਾਂ ਨੂੰ ਸਖਤ ਮਿਹਨਤ

ਕਰਵਾਈ ਗਈ ਸੀ। ਹਾਲਾਂਕਿ, ਬੀ ਜੇ ਲੁਧਿਆਣਾ ਨੇ ਇਹ ਸਿਰਫ ਮੈਡੀਕਲ ਅਫਸਰ ਦੀ ਸਲਾਹ 'ਤੇ ਹੀ ਦਿੱਤਾ।

- **ਵਿਟਾਮਿਨ ਸੀ** ਸਿਰਫ ਸੀ ਜੇ ਕਪੂਰਥਲਾ ਅਤੇ ਡੀ ਜੇ ਸੰਗਰੂਰ ਦੁਆਰਾ ਉਨ੍ਹਾਂ ਦੇ ਸਾਰੇ ਕੈਦੀਆਂ ਨੂੰ ਦਿੱਤਾ ਗਿਆ ਸੀ। ਅੰਮ੍ਰਿਤਸਰ , ਫਰੀਦਕੋਟ, ਲੁਧਿਆਣਾ ਅਤੇ ਸ਼੍ਰੀ ਗੋਇੰਦਵਾਲ ਸਾਹਿਬ ਦੇ ਸੀ ਜੇ ਨੇ ਉਨ੍ਹਾਂ ਕੈਦੀਆਂ ਨੂੰ ਵਿਟਾਮਿਨ ਸੀ ਪ੍ਰਦਾਨ ਕੀਤਾ ਜਿਨ੍ਹਾਂ ਨੂੰ ਸਖਤ ਮਿਹਨਤ ਕਰਨੀ ਪਈ ਸੀ। ਅੱਠ ਜੇਲ੍ਹਾਂ ਨੇ ਆਪਣੇ ਕਿਸੇ ਵੀ ਕੈਦੀ ਨੂੰ ਵਿਟਾਮਿਨ ਸੀ ਪ੍ਰਦਾਨ ਨਹੀਂ ਕੀਤਾ।
- **ਵਿਟਾਮਿਨ ਡੀ** ਸਿਰਫ ਤਿੰਨ ਜੇਲ੍ਹਾਂ ਜਿਵੇਂ ਸੀ ਜੇ ਕਪੂਰਥਲਾ, ਡੀ ਜੇ ਸੰਗਰੂਰ ਅਤੇ ਬੀ ਜੇ ਲੁਧਿਆਣਾ ਦੁਆਰਾ ਪ੍ਰਦਾਨ ਕੀਤਾ ਗਿਆ ਸੀ। ਹਾਲਾਂਕਿ, ਫਰੀਦਕੋਟ, ਫਿਰੋਜ਼ਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਪਟਿਆਲਾ, ਮਹਿਲਾ ਜੇਲ੍ਹ ਲੁਧਿਆਣਾ ਅਤੇ ਓ ਏ ਜੇ ਨਾਭਾ ਦੇ ਸੀ ਜੇਜ਼ ਨੇ ਸਿਰਫ ਉਨ੍ਹਾਂ ਕੈਦੀਆਂ ਨੂੰ ਵਿਟਾਮਿਨ ਡੀ ਪ੍ਰਦਾਨ ਕੀਤਾ ਜਿਨ੍ਹਾਂ ਨੂੰ ਮੈਡੀਕਲ ਅਫਸਰ ਦੁਆਰਾ ਤਜਵੀਜ਼ ਕੀਤਾ ਗਿਆ ਸੀ।

ਇਸ ਤਰ੍ਹਾਂ ਜੇਲ ਦੇ ਕੈਦੀਆਂ ਨੂੰ ਨਿਰਧਾਰਤ ਐਂਟੀਸਕਰਬੂਟਿਕ ਅਤੇ ਵਿਟਾਮਿਨਾਂ ਤੋਂ ਵਾਂਝਾ ਰੱਖਿਆ ਗਿਆ ਸੀ।

ਜੇਲ੍ਹ ਸੁਪਰਡੈਂਟਾਂ ਨੇ (ਮਈ 2023 ਅਤੇ ਅਗਸਤ 2023 ਦੇ ਵਿਚਕਾਰ) ਉੱਚ ਅਧਿਕਾਰੀਆਂ ਨਾਲ ਮਾਮਲਾ ਉਠਾਉਣ ਦਾ ਭਰੋਸਾ ਦਿੱਤਾ, ਜਦੋਂ ਕਿ ਸਰਕਾਰ ਨੇ (ਮਾਰਚ 2024) ਕਿਹਾ ਕਿ ਆਈ ਸੀ ਐਮ ਆਰ ਦੀਆਂ ਸਿਫਾਰਸ਼ਾਂ 'ਤੇ ਖੁਰਾਕ ਸਕੇਲ ਨੂੰ ਸੋਧਣ ਲਈ ਇੱਕ ਪੰਜ ਮੈਂਬਰੀ ਕਮੇਟੀ[18] (ਮਾਰਚ 2024) ਬਣਾਈ ਗਈ ਸੀ। ਸਰਕਾਰ ਦਾ ਜਵਾਬ ਸਾਰੇ ਕੈਦੀਆਂ ਨੂੰ ਨਿਰਧਾਰਤ ਵਿਟਾਮਿਨਾਂ ਦੀ ਘੱਟ ਵਿਵਸਥਾ ਨੂੰ ਸੰਬੋਧਿਤ ਨਹੀਂ ਕਰ ਰਿਹਾ ਸੀ। ਖੁਰਾਕ ਪੈਮਾਨੇ ਵਿੱਚ ਸੋਧ ਅਤੇ ਇਸਦੇ ਲਾਗੂਕਰਨ ਦੀ ਉਡੀਕ ਕੀਤੀ ਜਾਵੇਗੀ।

### 4.9.3 ਬਿਨਾਂ ਨਿਰਧਾਰਤ ਜਾਂਚ ਦੇ ਪੀਣ ਵਾਲੇ ਪਾਣੀ ਦੀ ਸਪਲਾਈ

ਪੰਜਾਬ ਜੇਲ੍ਹ ਮੈਨੂਅਲ, 1996 ਦੇ ਪੈਰ੍ਹਾ 914 ਵਿੱਚ ਹਰ ਸਾਲ 5 ਜਨਵਰੀ ਜਾਂ ਲਗਭਗ ਕੈਮੀਕਲ ਐਗਜ਼ਾਮੀਨਰ, ਪੰਜਾਬ ਦੁਆਰਾ ਸਾਰੇ ਜੇਲ੍ਹ ਖੂਹਾਂ/ਟਿਊਬਵੈੱਲਾਂ ਤੋਂ ਪਾਣੀ ਦਾ ਗੁਣਾਤਮਕ ਵਿਸ਼ਲੇਸ਼ਣ ਕਰਨ ਦਾ ਹੁਕਮ ਦਿੱਤਾ ਗਿਆ ਹੈ। ਪੀ ਪੀ ਆਰ 2022 ਦੇ ਨਿਯਮ 28.09 ਦੇ ਅਨੁਸਾਰ, ਹਰੇਕ ਜੇਲ੍ਹ ਵਿੱਚ ਘਰੇਲੂ ਉਦੇਸ਼ਾਂ ਲਈ ਵਰਤੇ ਜਾਣ ਵਾਲੇ ਪਾਣੀ ਦੇ ਨਮੂਨੇ ਸਾਲ ਵਿੱਚ ਦੋ ਵਾਰ ਰਸਾਇਣਕ ਅਤੇ ਬੈਕਟੀਰੀਓਲੋਜੀਕਲ ਜਾਂਚ ਲਈ ਢੁਕਵੇਂ ਅਥਾਰਟੀ ਨੂੰ ਜਮ੍ਹਾਂ ਕਰਵਾਏ ਜਾਣੇ ਚਾਹੀਦੇ ਹਨ ਤਾਂ ਜੋ ਕਿਸੇ ਵੀ ਸਿਹਤ ਸੰਬੰਧੀ ਖਤਰੇ ਨੂੰ ਰੋਕਿਆ ਜਾ ਸਕੇ।

2020-23 ਦੌਰਾਨ 18 ਨਮੂਨਾ-ਜਾਂਚ ਕੀਤੀ ਗਈਆਂ ਜੇਲ੍ਹਾਂ ਵਿੱਚ ਰੱਖੇ ਗਏ ਜੇਲ੍ਹ ਕੈਦੀਆਂ ਨੂੰ ਸਪਲਾਈ ਕੀਤੇ ਜਾ ਰਹੇ ਪਾਣੀ ਦੀ ਜਾਂਚ ਦੀ ਸਥਿਤੀ **ਸਾਰਣੀ** 4.12 ਵਿੱਚ ਦਰਸਾਏ ਅਨੁਸਾਰ ਸੀ।

[18] (i) ਜੇਲ੍ਹਾਂ ਦੇ ਡਿਪਟੀ ਇੰਸਪੈਕਟਰ ਜਨਰਲ ; (ii) ਵਧੀਕ ਸੁਪਰਡੈਂਟ ਕੇਂਦਰੀ ਜੇਲ੍ਹ, ਕਪੂਰਥਲਾ; (iii) ਸੁਪਰਡੈਂਟ ਕੇਂਦਰੀ ਜੇਲ੍ਹ, ਅੰਮ੍ਰਿਤਸਰ; (iv) ਮੈਡੀਕਲ ਅਫ਼ਸਰ ਕੇਂਦਰੀ ਜੇਲ੍ਹ, ਪਟਿਆਲਾ; ਅਤੇ (v) ਡਾਇਰੈਕਟਰ ਸਿਹਤ ਸੇਵਾਵਾਂ ਤੋਂ ਡਾਇਟੀਸ਼ੀਅਨ।

**ਸਾਰਣੀ 4.12: ਜੇਲ ਕੈਦੀਆਂ ਨੂੰ ਸਪਲਾਈ ਕੀਤੇ ਗਏ ਪਾਣੀ ਦੀ ਜਾਂਚ ਦੀ ਸਥਿਤੀ**

| ਲੜੀ ਨੰ. | ਜੇਲ੍ਹ ਦਾ ਨਾਂਅ | ਪਾਣੀ ਦੀ ਜਾਂਚ ਦੀ ਸਥਿਤੀ | | |
|---|---|---|---|---|
| | | 2020-21 | 2021-22 | 2022-23 |
| 1. | ਸੀ ਜੇ ਅੰਮ੍ਰਿਤਸਰ | ਹਾਂ | ਹਾਂ | ਹਾਂ |
| 2. | ਸੀ ਜੇ ਬਠਿੰਡਾ | ਹਾਂ | ਹਾਂ | ਹਾਂ |
| 3. | ਸੀ ਜੇ ਫਰੀਦਕੋਟ | ਨਹੀਂ | ਨਹੀਂ | ਹਾਂ |
| 4. | ਸੀ ਜੇ ਫਿਰੋਜ਼ਪੁਰ | ਨਹੀਂ | ਨਹੀਂ | ਨਹੀਂ |
| 5. | ਸੀ ਜੇ ਗੁਰਦਾਸਪੁਰ | ਨਹੀਂ | ਨਹੀਂ | ਹਾਂ |
| 6. | ਸੀ ਜੇ ਹੁਸ਼ਿਆਰਪੁਰ | ਨਹੀਂ | ਨਹੀਂ | ਨਹੀਂ |
| 7. | ਸੀ ਜੇ ਕਪੂਰਥਲਾ | ਨਹੀਂ | ਹਾਂ | ਨਹੀਂ |
| 8. | ਸੀ ਜੇ ਲੁਧਿਆਣਾ | ਨਹੀਂ | ਨਹੀਂ | ਹਾਂ |
| 9. | ਸੀ ਜੇ ਪਟਿਆਲਾ | ਨਹੀਂ | ਨਹੀਂ | ਨਹੀਂ |
| 10. | ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ | ਨਹੀਂ | ਨਹੀਂ | ਹਾਂ |
| 11. | ਡੀ ਜੇ ਬਰਨਾਲਾ | ਨਹੀਂ | ਨਹੀਂ | ਹਾਂ |
| 12. | ਡੀ ਜੇ ਮਾਨਸਾ | ਨਹੀਂ | ਨਹੀਂ | ਨਹੀਂ |
| 13. | ਡੀ ਜੇ ਸੰਗਰੂਰ | ਨਹੀਂ | ਨਹੀਂ | ਨਹੀਂ |
| 14. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | ਨਹੀਂ | ਹਾਂ | ਹਾਂ |
| 15. | ਐਸ ਜੇ ਪਠਾਨਕੋਟ | ਨਹੀਂ | ਨਹੀਂ | ਹਾਂ |
| 16. | ਡਬਲਯੂ ਜੇ ਲੁਧਿਆਣਾ | ਨਹੀਂ | ਨਹੀਂ | ਹਾਂ |
| 17. | ਓ ਏ ਜੇ ਨਾਭਾ | ਨਹੀਂ | ਨਹੀਂ | ਨਹੀਂ |
| 18. | ਬੀ ਜੇ ਲੁਧਿਆਣਾ | ਨਹੀਂ | ਨਹੀਂ | ਹਾਂ |

*ਸ੍ਰੋਤ: ਵਿਭਾਗੀ ਡਾਟਾ*

| ਹਾਂ | ਸਾਲ ਵਿੱਚ ਦੋ ਵਾਰ ਪਾਣੀ ਦੀ ਜਾਂਚ ਕੀਤੀ ਜਾਂਦੀ ਹੈ | ਨਹੀਂ | ਪਾਣੀ ਦੀ ਜਾਂਚ ਨਹੀਂ ਕੀਤੀ ਜਾਂਦੀ |
|---|---|---|---|

ਜਿਵੇਂ ਕਿ **ਸਾਰਣੀ** 4.12 ਤੋਂ ਸਪੱਸ਼ਟ ਹੈ, ਜੂਨ 2022 ਵਿੱਚ ਪੀ ਪੀ ਆਰ ਲਾਗੂ ਹੋਣ ਦੇ ਨਾਲ, ਪਾਣੀ ਦੀ ਜਾਂਚ ਦੇ ਸੰਬੰਧ ਵਿੱਚ ਪਾਲਣਾ 11 *ਪ੍ਰਤੀਸ਼ਤ* ਜੇਲ੍ਹਾਂ ਤੋਂ ਵਧ ਕੇ 61 *ਪ੍ਰਤੀਸ਼ਤ* ਜੇਲ੍ਹਾਂ ਹੋ ਗਈ ਕਿਉਂਕਿ ਪਾਣੀ ਦੀ ਜਾਂਚ ਦੀ ਬਾਰੰਬਾਰਤਾ ਸਾਲ ਵਿੱਚ ਇੱਕ ਵਾਰ ਤੋਂ ਵਧਾ ਕੇ ਦੋ ਵਾਰ ਕੀਤੀ ਗਈ ਸੀ। ਜੇਕਰ ਜੇਲ੍ਹ ਪ੍ਰਸ਼ਾਸਨ ਨੇ ਛੇ ਸਾਲਾਂ ਤੋਂ ਵੱਧ ਸਮੇਂ ਦੀ ਅਸਧਾਰਨ ਦੇਰੀ ਤੋਂ ਬਿਨਾਂ ਆਪਣੇ ਨਿਯਮ ਬਣਾਉਣ ਲਈ ਇੱਕੋ ਜਿਹੇ ਪ੍ਰਬੰਧਾਂ ਵਾਲੇ ਐਮ ਪੀ ਐਮ 2016 ਨੂੰ ਅਪਣਾਇਆ ਹੁੰਦਾ ਤਾਂ ਸੁਰੱਖਿਅਤ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਨਿਯਮਾਂ ਦੀ ਪਾਲਣਾ ਵਿੱਚ ਬਹੁਤ ਪਹਿਲਾਂ ਸੁਧਾਰ ਹੋਇਆ ਹੁੰਦਾ।

ਜੇਲ੍ਹ ਪ੍ਰਸ਼ਾਸਨ ਦਾ ਜੇਲ੍ਹ ਕੈਦੀਆਂ ਨੂੰ ਲਾਜ਼ਮੀ ਜਾਂਚ ਕੀਤੇ ਬਿਨਾਂ ਪਾਣੀ ਦੀ ਸਪਲਾਈ ਕਰਨ ਦਾ ਗੈਰ-ਗੰਭੀਰ ਤਰੀਕਾ ਨਾ ਸਿਰਫ ਨਿਰਧਾਰਤ ਨਿਯਮਾਂ ਦੀ ਉਲੰਘਣਾ ਕਰਦਾ ਹੈ, ਸਗੋਂ ਜੇਲ੍ਹ ਕੈਦੀਆਂ ਨੂੰ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੇ ਸਿਹਤ ਨੂੰ ਖਤਰੇ ਵਿੱਚ ਵੀ ਪਾਉਂਦਾ ਹੈ।

2020-21 ਤੋਂ 2022-23 (**ਅੰਤਿਕਾ** 4.8) ਦੀ ਮਿਆਦ ਦੌਰਾਨ 18 ਜੇਲ੍ਹਾਂ ਵਿੱਚ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੇ ਕੁੱਲ 1,154 ਮਾਮਲੇ ਸਾਹਮਣੇ ਆਏ, ਜਿਨ੍ਹਾਂ ਵਿੱਚ ਹੈਪੇਟਾਈਟਸ ਏ, ਹੈਜ਼ਾ,

ਟਾਈਫਾਈਡ, ਦਸਤ ਅਤੇ ਪੇਚਸ਼ ਸ਼ਾਮਲ ਹਨ, ਜਿਨ੍ਹਾਂ ਦੀ ਜਾਂਚ ਕੀਤੀ ਗਈ। ਇਸ ਵਿੱਚ ਜੇਲ੍ਹ ਪ੍ਰਸ਼ਾਸਨ ਦੁਆਰਾ ਪਾਣੀ ਦੀ ਨਿਯਮਤ ਜਾਂਚ ਦੀ ਮਹੱਤਵਪੂਰਨ ਲੋੜ ਤੇ ਜ਼ੋਰ ਦਿੱਤਾ ਤਾਂ ਜੋ ਜੇਲ੍ਹ ਦੇ ਕੈਦੀਆਂ ਲਈ ਸੁਰੱਖਿਅਤ ਪੀਣ ਵਾਲੇ ਪਾਣੀ ਦੀ ਉਪਲੱਬਧਤਾ ਨੂੰ ਯਕੀਨੀ ਬਣਾਈਆ ਜਾ ਸਕੇ।

ਪੀ ਏ ਸੀ ਨੇ 31 ਮਾਰਚ 2012 ਨੂੰ ਖਤਮ ਹੋਈ ਮਿਆਦ ਲਈ ਸੀ ਏ ਜੀ ਦੀ ਲੇਖਾ ਪ੍ਰੀਖਿਆ ਰਿਪੋਰਟ ਦੇ ਪੈਰ੍ਹਾ 5.1.10.7 ਤੇ ਚਰਚਾ ਕਰਦੇ ਹੋਏ, (ਸਤੰਬਰ 2014) ਜੇਲ੍ਹ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਕਿ ਉਹ ਹਰ ਜੇਲ੍ਹ ਵਿੱਚ ਪੀਣ ਵਾਲੇ ਪਾਣੀ ਦੀ ਨਿਯਮਤ ਜਾਂਚ ਅਤੇ ਆਰ ਓ ਪ੍ਰਣਾਲੀ ਦੀ ਸਥਾਪਨਾ ਨੂੰ ਯਕੀਨੀ ਬਣਾਉਣ ਲਈ ਜੇਲ੍ਹ ਅਧਿਕਾਰੀਆਂ ਜਾਂ ਸਬੰਧਤ ਲਾਭਪਾਤਰੀਆਂ ਦੀਆਂ ਕਮੇਟੀਆਂ ਬਣਾਏ। ਪੀ ਏ ਸੀ ਦੀਆਂ ਹਦਾਇਤਾਂ ਅਤੇ ਪੀ ਪੀ ਆਰ, 2022 ਵਿੱਚ ਨਿਰਧਾਰਤ ਪਾਣੀ ਦੀ ਜਾਂਚ ਦੇ ਪ੍ਰਬੰਧ ਦੇ ਬਾਵਜੂਦ, 39 *ਪ੍ਰਤੀਸ਼ਤ* ਜੇਲ੍ਹਾਂ ਨੇ ਜੇਲ੍ਹ ਕੈਦੀਆਂ ਨੂੰ ਸੁਰੱਖਿਅਤ ਪੀਣ ਵਾਲੇ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਲਈ ਨਿਯਮਾਂ ਦੀ ਪਾਲਣਾ ਵਿੱਚ ਪਾਣੀ ਦੀ ਨਿਯਮਤ ਜਾਂਚ ਨਹੀਂ ਕੀਤੀ।

ਜੇਲ੍ਹ ਪ੍ਰਸ਼ਾਸਨ ਨੇ (ਅਗਸਤ 2024) ਭਰੋਸਾ ਦਿੱਤਾ ਕਿ ਜੇਲ੍ਹ ਸੁਪਰਡੰਟ ਨੂੰ ਜ਼ਰੂਰੀ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ।

## 4.10 ਕੱਪੜੇ ਅਤੇ ਬਿਸਤਰੇ ਦੀਆਂ ਸਹੂਲਤਾਂ

### 4.10.1 ਮੁਜ਼ਰਮਾਂ ਨੂੰ ਕਪੜਿਆਂ ਦੀ ਸਹੂਲਤਾਂ ਨਾ ਦੇਣਾ

ਪੰਜਾਬ ਸਰਕਾਰ ਨੇ (ਅਕਤੂਬਰ 2015) ਲਿੰਗ, ਮੌਸਮ ਅਤੇ ਧਰਮ ਦੇ ਅਧਾਰ ਤੇ ਮੁਜ਼ਰਮਾਂ ਲਈ ਕੱਪੜਿਆਂ ਦਾ ਪੈਮਾਨਾ ਅਧਿਸੂਚਿਤ ਕੀਤਾ। ਇਹ ਨਿਰਧਾਰਤ ਕਰਦਾ ਹੈ ਕਿ ਜੇਲ੍ਹਾਂ ਵਿੱਚ ਦਾਖਲ ਹੋਣ ਤੇ:

(ੳ) ਸਾਰੇ ਪੁਰਸ਼ ਕੈਦੀਆਂ ਨੂੰ ਦੋ ਸੂਤੀ *ਪਜਾਮਾ ਕੁੜਤੇ* ਅਤੇ ਦੋ ਅੰਡਰ-ਵੀਅਰ ਮਿਲਣਗੇ। ਇਸ ਤੋਂ ਇਲਾਵਾ ਉਨ੍ਹਾਂ ਨੂੰ ਦੋ ਸੂਤੀ ਟੋਪੀਆਂ ਜਾਂ *ਪਗੜੀਆਂ* (ਸਿਰਫ ਸਿੱਖਾਂ ਲਈ 5 ਮੀਟਰ), ਦੋ ਸੂਤੀ ਚਾਦਰਾਂ, ਦੋ *ਦਰੀਆਂ*, ਦੋ ਤੌਲੀਏ, ਇੱਕ ਉੱਨੀ ਮਫਲਰ, ਇੱਕ ਉੱਨੀ ਸਵੈਟਰ/ਉੱਨੀ ਜੈਕੇਟ ਅਤੇ ਇੱਕ *ਰਜ਼ਾਈ* ਜਾਂ ਤਿੰਨ ਕੰਬਲ ਪ੍ਰਦਾਨ ਕੀਤੇ ਜਾਣਗੇ।

(ਅ) ਮਹਿਲਾ ਕੈਦੀਆਂ ਨੂੰ ਦੋ ਸੂਤੀ *ਸਲਵਾਰ ਕੁੜਤੇ* (ਔਰਤਾਂ ਦਾ ਸੂਟ) *ਦੁਪੱਟੇ* ਦੇ ਨਾਲ, ਦੋ ਉੱਨੀ ਸ਼ਾਲ, ਦੋ ਉੱਨੀ ਕਾਰਡੀਗਨ, ਔਰਤਾਂ ਦੇ ਅੰਡਰਗਾਰਮੈਂਟਸ ਦੇ ਦੋ ਸੈੱਟ, ਦੋ ਸੂਤੀ ਚਾਦਰਾਂ, ਦੋ *ਦਰੀਆਂ*, ਦੋ ਤੌਲੀਏ, ਇੱਕ ਕੰਘੀ ਅਤੇ ਇੱਕ *ਰਜ਼ਾਈ* ਇੱਕ ਕੰਬਲ ਜਾਂ ਚਾਰ ਕੰਬਲ ਦਿੱਤੇ ਜਾਣਗੇ।

18 ਨਮੂਨਾ-ਜਾਂਚ ਕੀਤੀਆਂ ਗਈਆਂ ਜੇਲ੍ਹਾਂ ਵਿੱਚ ਕੈਦੀਆਂ ਨੂੰ ਦਾਖਲੇ ਸਮੇਂ ਬਿਸਤਰੇ ਅਤੇ ਕੱਪੜਿਆਂ ਦੀਆਂ ਵੱਖ-ਵੱਖ ਚੀਜ਼ਾਂ ਦੇ ਪ੍ਰਬੰਧ ਦੀ ਜੇਲ੍ਹ-ਵਾਰ ਸਥਿਤੀ ਹੇਠ ਲਿਖੇ ਅਨੁਸਾਰ ਸੀ:

- ਡੀ ਜੇ ਸ਼੍ਰੀ ਮੁਕਤਸਰ ਸਾਹਿਬ ਅਤੇ ਓ ਏ ਜੇ ਨਾਭਾ ਨੇ 2020-21 ਅਤੇ 2022-23 ਦੇ ਵਿਚਕਾਰ ਤਿੰਨ ਸਾਲਾਂ ਦੇ ਸਮੇਂ ਦੌਰਾਨ ਕਿਸੇ ਵੀ ਸ਼੍ਰੇਣੀ ਦੇ ਜੇਲ ਕੈਦੀਆਂ ਨੂੰ ਬਿਸਤਰੇ ਅਤੇ ਕੱਪੜੇ ਦੀ ਇੱਕ ਵੀ ਵਸਤੂ ਪ੍ਰਦਾਨ ਨਹੀਂ ਕੀਤੀ।
- ਇਸੇ ਤਰ੍ਹਾਂ, ਸੀ ਜੇ ਬਠਿੰਡਾ, ਸੀ ਜੇ ਫਰੀਦਕੋਟ, ਸੀ ਜੇ ਗੁਰਦਾਸਪੁਰ, ਸੀ ਜੇ ਹੁਸ਼ਿਆਰਪੁਰ ਸੀ ਜੇ ਕਪੂਰਥਲਾ, ਡੀ ਜੇ ਮਾਨਸਾ ਅਤੇ ਡੀ ਜੇ ਸੰਗਰੂਰ ਨੇ 2020-2023 ਦੌਰਾਨ ਆਪਣੇ ਮਹਿਲਾ ਕੈਦੀਆਂ ਨੂੰ ਕੋਈ ਵੀ ਮਹਿਲਾ ਵਿਸ਼ੇਸ਼ ਵਸਤਾਂ ਪ੍ਰਦਾਨ ਨਹੀਂ ਕੀਤੀਆਂ।
- 17 ਨਮੂਨਾ-ਜਾਂਚ ਕੀਤੀਆਂ ਗਈਆਂ ਜੇਲ੍ਹਾਂ ਵਿੱਚੋਂ 10[19] ਜੇਲ੍ਹਾਂ ਨੇ ਪੁਰਸ਼ ਕੈਦੀਆਂ ਨੂੰ ਉੱਨੀ ਸਵੈਟਰ/ਜੈਕਟ ਵੀ ਪ੍ਰਦਾਨ ਨਹੀਂ ਕੀਤੇ।
- ਸੀ ਜੇ ਫਰੀਦਕੋਟ, ਡੀ ਜੇ ਸ਼੍ਰੀ ਮੁਕਤਸਰ ਸਾਹਿਬ, ਓ ਏ ਜੇ ਨਾਭਾ ਅਤੇ ਬੀ ਜੇ ਲੁਧਿਆਣਾ ਵੱਲੋਂ ਸੂਤੀ ਚਾਦਰਾਂ ਮੁੱਹਈਆ ਨਹੀਂ ਕਰਵਾਈਆਂ ਗਈਆਂ ਸਨ ਜਦੋਂ ਕਿ ਸੀ ਜੇ ਹੁਸ਼ਿਆਰਪੁਰ, ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ, ਡੀ ਜੇ ਬਰਨਾਲਾ ਅਤੇ ਡਬਲਯੂ ਜੇ ਲੁਧਿਆਣਾ ਨੂੰ 2020-23 ਦੌਰਾਨ ਇਹ ਚਾਦਰਾਂ ਰੁਕ-ਰੁਕ ਕੇ ਮੁਹੱਈਆ ਕਰਵਾਈਆ ਗਈਆਂ ਸਨ।
- ਸੀ ਜੇ ਲੁਧਿਆਣਾ, ਡੀ ਜੇ ਬਰਨਾਲਾ, ਡੀ ਜੇ ਸ੍ਰੀ ਮੁਕਤਸਰ ਸਾਹਿਬ, ਐਸ ਜੇ ਪਠਾਨਕੋਟ ਅਤੇ ਓ ਏ ਜੇ ਨਾਭਾ ਦੁਆਰਾ *ਦਰੀਆਂ* ਪ੍ਰਦਾਨ ਨਹੀਂ ਕੀਤੀਆਂ ਗਈਆਂ ਸਨ ਜਦੋਂ ਕਿ ਸੀ ਜੇ ਫਰੀਦਕੋਟ, ਸੀ ਜੇ ਹੁਸ਼ਿਆਰਪੁਰ, ਸੀ ਜੇ ਸ੍ਰੀ ਗੋਇੰਦਵਾਲ ਸਾਹਿਬ, ਡਬਲਯੂ ਜੇ ਲੁਧਿਆਣਾ ਅਤੇ ਬੀ ਜੇ ਲੁਧਿਆਣਾ ਨੇ 2020-2023 ਦੌਰਾਨ ਰੁਕ-ਰੁਕ ਕੇ *ਦਰੀਆਂ* ਪ੍ਰਦਾਨ ਕੀਤੀਆਂ ਸਨ।
- ਸੀ ਜੇ ਅੰਮ੍ਰਿਤਸਰ ਨੇ ਤਿੰਨਾਂ ਸਾਲਾਂ ਦੌਰਾਨ ਸਿਰਫ ਸਲਵਾਰ ਕੁੜਤਾ ਪ੍ਰਦਾਨ ਕੀਤਾ ਅਤੇ ਸੀ ਜੇ ਫਿਰੋਜ਼ਪੁਰ ਨੇ ਅਪਣੀਆਂ ਮਹਿਲਾ ਕੈਦੀਆਂ ਨੂੰ ਸਲਵਾਰ ਕੁੜਤਾ ਅਤੇ ਉੱਨੀ ਸ਼ਾਲ ਪ੍ਰਦਾਨ ਕੀਤੇ। ਹਾਲਾਂਕਿ, ਸੀ ਜੇ ਪਟਿਆਲਾ ਅਤੇ ਡਬਲਯੂ ਜੇ ਲੁਧਿਆਣਾ ਨੇ ਸ਼ੁਰੂਆਤੀ ਦੋ ਸਾਲਾਂ ਲਈ ਸਲਵਾਰ ਕੁੜਤਾ ਪ੍ਰਦਾਨ ਕੀਤਾ ਅਤੇ 2022-23 ਦੌਰਾਨ ਇਹ ਪ੍ਰਦਾਨ ਨਹੀਂ ਕੀਤਾ।

ਜਿਵੇਂ ਕਿ ਉਪਰੋਕਤ ਤੋਂ ਸਪੱਸ਼ਟ ਹੈ, ਜੇਲ੍ਹ ਪ੍ਰਸ਼ਾਸਨ ਮੁਜ਼ਰਮਾਂ ਲਈ ਕੱਪੜਿਆਂ ਅਤੇ ਬਿਸਤਰਿਆਂ ਦੇ ਪ੍ਰਬੰਧਾਂ ਦੇ ਨਿਰਧਾਰਤ ਪੈਮਾਨੇ ਨੂੰ ਪੂਰਾ ਕਰਨ ਲਈ ਠੋਸ ਯਤਨ ਕਰਨ ਵਿੱਚ ਅਸਫਲ ਰਿਹਾ, ਜਿਸ ਨਾਲ ਜੇਲ੍ਹਾਂ ਵਿੱਚ ਬੰਦ ਕੈਦੀਆਂ ਦੇ ਅਧਿਕਾਰਾਂ ਅਤੇ ਭਲਾਈ ਨਾਲ ਸਮਝੌਤਾ ਹੋਇਆ।

ਸਰਕਾਰ ਨੇ ਜਵਾਬ ਦਿੱਤਾ (ਮਾਰਚ 2024) ਕਿ ਕੱਪੜੇ ਬਣਾਉਣ ਲਈ ਲੋੜੀਂਦਾ ਕੱਚਾ ਮਾਲ ਆਖਰੀ ਵਾਰ ਸਾਲ 2020-21 ਵਿੱਚ ਜੇਲ੍ਹਾਂ ਨੂੰ ਸਪਲਾਈ ਕੀਤਾ ਗਿਆ ਸੀ। ਜੇਲ੍ਹ ਫੈਕਟਰੀਆਂ ਵਿੱਚ ਬਣਾਏ ਜਾਣ ਵਾਲੇ ਕੱਪੜੇ ਅਤੇ ਹੋਰ ਵਸਤਾਂ ਦੇ ਉਤਪਾਦਨ ਲਈ ਕੱਚੇ ਮਾਲ ਦੀ ਖਰੀਦ ਲਈ ਈ-ਟੈਂਡਰ ਨੂੰ

[19] ਸੀ ਜੇः (i) ਅੰਮ੍ਰਿਤਸਰ; (ii) ਫਰੀਦਕੋਟ; (iii) ਪਟਿਆਲਾ; (iv) ਸ੍ਰੀ ਗੋਇੰਦਵਾਲ ਸਾਹਿਬ; ਡੀਜੇः (v) ਬਰਨਾਲਾ; (vi) ਮਾਨਸਾ; (vii) ਸੰਗਰੂਰ; (viii) ਸ੍ਰੀ ਮੁਕਤਸਰ ਸਾਹਿਬ ਸਬ-ਜੇਲ੍ਹਾਂ; (ix) ਪਠਾਨਕੋਟ; (x) ਖੁੱਲੀ ਜੇਲ੍ਹ।

ਚੋਣ ਪ੍ਰਕਿਰਿਆ ਬਾਕੀ ਹੋਣ ਅਤੇ 2021-22 ਵਿੱਚ ਚੋਣ ਕਮਿਸ਼ਨਰ ਤੋਂ ਪ੍ਰਵਾਨਗੀ ਨਾ ਮਿਲਣ ਕਾਰਣ ਅੰਤਿਮ ਰੂਪ ਨਹੀਂ ਦਿੱਤਾ ਜਾ ਸਕਿਆ। 2022-23 ਦੌਰਾਨ ਹੈੱਡਕੁਆਰਟਰ ਪੱਧਰ ਤੇ ਕੋਈ ਟੈਂਡਰ ਜਾਰੀ ਨਹੀਂ ਕੀਤਾ ਗਿਆ ਸੀ ਪਰ ਜੇਲ੍ਹ ਸੁਪਰਡੈਂਟਾਂ ਨੂੰ ਜੇਲ੍ਹ ਫੈਕਟਰੀਆਂ ਵਿੱਚ ਆਪਣੀ ਲੋੜ ਅਨੁਸਾਰ ਕੱਚਾ ਮਾਲ ਖਰੀਦਣ ਦੇ ਨਿਰਦੇਸ਼ ਦਿੱਤੇ ਗਏ ਸਨ।

ਸਰਕਾਰ ਦਾ ਜਵਾਬ ਤਸੱਲੀਬਖਸ਼ ਨਹੀਂ ਸੀ, ਕਿਉਂਕਿ 2020-21 ਦੌਰਾਨ ਵੀ ਜੇਲ੍ਹ ਕੈਦੀਆਂ ਨੂੰ ਕੱਪੜਿਆਂ ਅਤੇ ਬਿਸਤਰਿਆਂ ਦੀ ਸਪਲਾਈ ਦੀ ਸਥਿਤੀ ਬਹੁਤ ਮਾੜੀ ਸੀ ਅਤੇ 2021-22 ਅਤੇ 2022-23 ਦੇ ਜਵਾਬ ਵਿੱਚ ਕੈਦੀਆਂ ਨੂੰ ਜੇਲ੍ਹ ਵਿੱਚ ਦਾਖਲੇ ਸਮੇਂ ਬਿਸਤਰੇ ਅਤੇ ਕੱਪੜਿਆਂ ਦੀ ਮੁੱਢਲੀ ਸਹੂਲਤਾਂ ਪ੍ਰਦਾਨ ਕਰਨ ਲਈ ਕੋਈ ਵਿਵਹਾਰਕ ਹੱਲ ਦਰਸਾਇਆ ਨਹੀਂ ਗਿਆ ਸੀ

ਇਸ ਤਰ੍ਹਾਂ, ਬਹੁਤ ਸਾਰੇ ਮੁਜ਼ਰਮਾਂ ਨੂੰ ਘੱਟੋ-ਘੱਟ ਨਿਰਧਾਰਤ ਬਿਸਤਰੇ ਅਤੇ ਕੱਪੜਿਆਂ ਦੀਆਂ ਮੁੱਢਲੀਆਂ ਜ਼ਰੂਰਤਾਂ, ਜੋ ਸਫਾਈ ਬਣਾਈ ਰੱਖਣ, ਖਰਾਬ ਮੌਸਮੀ ਸਥਿਤੀ ਤੋਂ ਵਾਜਬ ਆਰਾਮ ਪ੍ਰਦਾਨ ਕਰਨ ਅਤੇ ਮਨੁੱਖੀ ਸਨਮਾਨ ਪ੍ਰਦਾਨ ਕਰਨ ਲਈ ਜ਼ਰੂਰੀ ਸਨ, ਤੋਂ ਵਾਂਝੇ ਕਰ ਦਿੱਤਾ ਗਿਆ।

### 4.10.2 ਮਹਿਲਾ ਕੈਦੀਆਂ ਨੂੰ ਸੈਨੇਟਰੀ ਪੈਡ ਨਾ ਦੇਣਾ

ਪੰਜਾਬ ਸਰਕਾਰ ਨੇ (ਅਕਤੂਬਰ 2015) ਕੱਪੜਿਆਂ ਦੇ ਪੈਮਾਨੇ ਨੂੰ ਸੂਚਿਤ ਕਰਦੇ ਹੋਏ, 50 ਸਾਲ ਦੀ ਉਮਰ ਤੱਕ ਦੀ ਹਰੇਕ ਮਹਿਲਾ ਲਈ ਮੈਡੀਕਲ ਅਫਸਰ ਦੀਆਂ ਸਿਫਾਰਸ਼ਾਂ ਅਨੁਸਾਰ ਹਰ ਮਹੀਨੇ 5-10 ਸੈਨੇਟਰੀ ਪੈਡ ਨਿਰਧਾਰਤ ਕੀਤੇ ਸਨ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 18 ਨਮੂਨਾ-ਜਾਂਚ ਕੀਤੀਆਂ ਗਈਆਂ ਜੇਲ੍ਹਾਂ ਵਿੱਚੋਂ 12 ਵਿੱਚ, ਜਿੱਥੇ 839 ਅਤੇਂ 1,271 ਦੇ ਵਿਚਕਾਰ ਮਹਿਲਾ ਕੈਦੀਆਂ ਨੂੰ ਰੱਖਿਆ ਗਿਆ ਸੀ, 2020-2023 ਦੌਰਾਨ ਪ੍ਰਤੀ ਯੋਗ ਮਹਿਲਾ ਕੈਦੀ ਘੱਟੋ-ਘੱਟ ਪੰਜ ਸੈਨੇਟਰੀ ਪੈਡ ਪ੍ਰਦਾਨ ਨਹੀਂ ਕੀਤੇ ਗਏ ਸਨ, ਸਿਵਾਏ ਡੀ ਜੇ ਮਾਨਸਾ ਵਿੱਚ, ਜਿਵੇਂ ਕਿ **ਸਾਰਣੀ** 4.13 ਅਤੇ **ਅੰਤਿਕਾ** 4.9 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 4.13: ਯੋਗ ਮਹਿਲਾ ਕੈਦੀਆਂ ਨੂੰ ਪ੍ਰਤੀ ਮਹੀਨਾ ਦਿੱਤੇ ਗਏ ਸੈਨੇਟਰੀ ਪੈਡਾਂ ਦੀ ਔਸਤ ਸੰਖਿਆ**

| ਲੜੀ ਨੰ. | ਜੇਲ੍ਹ ਦਾ ਨਾਂਅ | 2020-21 | 2021-22 | 2022-23 |
|---|---|---|---|---|
| 1. | ਸੀ ਜੇ ਅੰਮ੍ਰਿਤਸਰ | 4.82 | 2.3 | 3.37 |
| 2. | ਸੀ ਜੇ ਬਠਿੰਡਾ | 0.09 | 0.75 | 0 |
| 3. | ਸੀ ਜੇ ਫਰੀਦਕੋਟ | 3.33 | 3.46 | 3.43 |
| 4. | ਸੀ ਜੇ ਫਿਰੋਜ਼ਪੁਰ | 0.68 | 0.25 | 0.68 |
| 5. | ਸੀ ਜੇ ਗੁਰਦਾਸਪੁਰ | 0 | 0 | 0 |
| 6. | ਸੀ ਜੇ ਹੁਸ਼ਿਆਰਪੁਰ | 2.56 | 2.56 | 2.56 |
| 7. | ਸੀ ਜੇ ਕਪੂਰਥਲਾ | 0.57 | 0.55 | 1.17 |
| 8. | ਸੀ ਜੇ ਪਟਿਆਲਾ | 2.76 | 4.06 | 4.51 |
| 9. | ਡੀ ਜੇ ਮਾਨਸਾ | 5.42 | 6.6 | 5.27 |

| ਲੜੀ ਨੰ. | ਜੇਲ੍ਹ ਦਾ ਨਾਂਅ | 2020-21 | 2021-22 | 2022-23 |
|---|---|---|---|---|
| 10. | ਡੀ ਜੇ ਸੰਗਰੂਰ | 0.59 | 0.56 | 0.51 |
| 11. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | 0 | 0 | 0 |
| 12. | ਡਬਲਯੂ ਜੇ ਲੁਧਿਆਣਾ | 0.89 | 1.86 | 2.45 |

*ਸ੍ਰੋਤ: ਵਿਭਾਗੀ ਡਾਟਾ*

| ਤਸੱਲੀਬਖਸ਼ ਸਥਿਤੀ | ਗੈਰ-ਤਸੱਲੀਬਖਸ਼ ਸਥਿਤੀ |
|---|---|

**ਸਾਰਣੀ** 4.13 ਦਰਸਾਉਂਦੀ ਹੈ ਕਿ ਨਮੂਨਾ-ਜਾਂਚ ਕੀਤੀਆਂ ਜੇਲ੍ਹਾਂ 12 ਵਿੱਚੋਂ 11 ਵਿੱਚ ਪ੍ਰਤੀ ਯੋਗ ਮਹਿਲਾ ਕੈਦੀ ਸੈਨੇਟਰੀ ਪੈਡਾਂ ਦੀ ਔਸਤ ਸਪਲਾਈ ਆਮ ਨਾਲੋਂ ਬਹੁਤ ਘੱਟ ਸੀ। ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ ਸੈਨੇਟਰੀ ਪੈਡਾਂ ਦੀ ਸਪਲਾਈ ਘੱਟ ਹੋਣ ਕਾਰਣ, ਸੀ ਜੇ ਅੰਮ੍ਰਿਤਸਰ, ਸੀ ਜੇ ਫਰੀਦਕੋਟ ਅਤੇ ਡਬਲਯੂ ਜੇ ਲੁਧਿਆਣਾ ਵਿੱਚ ਮਹਿਲਾ ਕੈਦੀਆਂ ਨੂੰ ਜੇਲ੍ਹ ਦੀਆਂ ਕੰਟੀਨਾਂ ਤੋਂ ਸੈਨੇਟਰੀ ਪੇਡ ਖਰੀਦਣੇ ਪਏ।

ਸਰਕਾਰ ਨੇ ਜਵਾਬ ਦਿੱਤਾ (ਮਾਰਚ 2024) ਕਿ ਯੋਗ ਮਹਿਲਾ ਕੈਦੀਆਂ ਨੂੰ ਅਧਿਸੂਚਨਾ ਵਿੱਚ ਦਿੱਤੇ ਗਏ ਸੈਨੇਟਰੀ ਪੈਡਾਂ ਦੀ ਗਿਣਤੀ ਪ੍ਰਦਾਨ ਕਰਨ ਦੀ ਬਜਾਏ ਸੈਨੇਟਰੀ ਪੈਡ ਮੈਡੀਕਲ ਅਫਸਰ ਦੀ ਸਿਫਾਰਸ਼ ਤੇ ਪ੍ਰਦਾਨ ਕੀਤੇ ਜਾ ਰਹੇ ਸਨ। ਮੰਗ ਨੂੰ ਵੱਖ-ਵੱਖ ਗੈਰ-ਸਰਕਾਰੀ ਸੰਗਠਨਾਂ ਦੁਆਰਾ ਸਪਲਾਈ ਕੀਤੇ ਗਏ ਪੈਡਾਂ ਰਾਹੀਂ ਵੀ ਪੂਰਾ ਕੀਤਾ ਗਿਆ ਸੀ ਅਤੇ ਜੇਲ੍ਹ ਦੀ ਕੰਟੀਨ ਤੋਂ ਖਰੀਦ ਕੇ ਅਤਿਰਿਕਤ ਜ਼ਰੂਰਤ ਪੂਰੀ ਕੀਤੀ ਜਾ ਰਹੀ ਸੀ।

ਸਰਕਾਰ ਦਾ ਜਵਾਬ ਤਸੱਲੀਬਖਸ਼ ਨਹੀਂ ਸੀ, ਕਿਉਂਕਿ ਕਿਸੇ ਵੀ ਜੇਲ੍ਹ ਨੇ ਇਹ ਸਾਬਤ ਕਰਨ ਲਈ ਕੋਈ ਰਿਕਾਰਡ ਨਹੀਂ ਰੱਖਿਆ, ਕਿ ਮੈਡੀਕਲ ਅਫਸਰਾਂ ਦੀ ਸਿਫਾਰਸ਼ ਤੇ ਸੈਨੇਟਰੀ ਪੈਡ ਪ੍ਰਦਾਨ ਕੀਤੇ ਜਾ ਰਹੇ ਸਨ, ਪ੍ਰਤੀ ਕੈਦੀ ਜਾਰੀ ਕੀਤੇ ਗਏ ਸੈਨੇਟਰੀ ਪੈਡਾਂ ਦੀ ਗਿਣਤੀ, ਦਾਨ ਵਿੱਚ ਪ੍ਰਾਪਤ ਸੈਨੇਟਰੀ ਪੈਡ, ਆਦਿ। ਹਾਲਾਂਕਿ, ਸੈਨੇਟਰੀ ਪੈਡਾਂ ਦੀ ਘੱਟ ਸਪਲਾਈ ਤੋਂ ਪਤਾ ਚੱਲਿਆ ਕਿ ਪੰਜਾਬ ਦੀਆਂ ਨਮੂਨਾ-ਜਾਂਚ ਕੀਤੀਆਂ ਜੇਲ੍ਹਾਂ (ਡੀ ਜੇ ਮਾਨਸਾ ਨੂੰ ਛੱਡ ਕੇ) ਵਿੱਚ ਮਹਿਲਾ ਕੈਦੀਆਂ ਨੂੰ 2020-2023 ਦੌਰਾਨ ਨਿਰਧਾਰਤ ਘੱਟੋ-ਘੱਟ ਸੈਨੇਟਰੀ ਪੈਡ ਵੀ ਨਹੀਂ ਮਿਲੇ, ਜਿਸ ਨਾਲ ਮਾਹਵਾਰੀ ਦੀ ਅਰੋਗਤਾ ਨਾਲ ਸਮਝੌਤਾ ਹੋਇਆ।

### 4.10.3 ਮਸ਼ੀਨੀ ਲਾਂਡਰੀ ਅਤੇ ਬਾਇਲਰ ਪ੍ਰਦਾਨ ਨਹੀਂ ਕੀਤੇ ਗਏ

ਐਮ ਪੀ ਐਮ 2016 ਦੇ ਪੈਰ੍ਹਾ 6.58 ਅਤੇ ਪੀ ਪੀ ਆਰ 2022 ਦੇ ਨਿਯਮ 27.24 ਤੋਂ 27.27 ਦੇ ਵਿੱਚ ਵਿਵਸਥਾ ਕੀਤੀ ਗਈ ਹੈ ਕੀ, ਕੈਦੀਆਂ ਦੇ ਕੱਪੜੇ ਅਤੇ ਬਿਸਤਰੇ ਹਰ ਤਿੰਨ ਮਹੀਨਿਆਂ ਵਿੱਚ ਯੋਜਨਾਬੱਧ ਢੰਗ ਨਾਲ ਧੋਤੇ ਅਤੇ ਉਬਾਲੇ ਜਾਣੇ ਚਾਹੀਦੇ ਹਨ, ਪਰ ਹਸਪਤਾਲ ਦੇ ਕੱਪੜਿਆਂ ਨੂੰ ਜ਼ਿਆਦਾ ਵਾਰ ਸਾਫ਼ ਕੀਤਾ ਜਾਣਾ ਚਾਹੀਦਾ ਹੈ। ਕੇਂਦਰੀ ਅਤੇ ਜ਼ਿਲ੍ਹਾ ਜੇਲ੍ਹਾਂ ਕੋਲ ਨਵੇਂ ਦਾਖਲ ਕੈਦੀਆਂ ਅਤੇ ਹਸਪਤਾਲ ਦੇ ਮਰੀਜ਼ਾਂ ਦੇ ਕੰਬਲ ਅਤੇ ਕੱਪੜਿਆਂ ਨੂੰ ਉਬਾਲਣ ਅਤੇ ਧੋਣ ਲਈ ਆਪਣਾ ਬਾਇਲਰ ਅਤੇ ਮਸ਼ੀਨਰੀ ਲਾਂਡਰੀ ਹੋਣੀ ਚਾਹੀਦੀ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ 18 ਨਮੂਨਾ-ਜਾਂਚ ਕੀਤੀਆਂ ਜੇਲ੍ਹਾਂ ਵਿੱਚ ਨੌਂ[20] ਵਿੱਚ ਮਸ਼ੀਨੀ ਲਾਂਡਰੀ ਵਾਸ਼ਿੰਗ ਮਸ਼ੀਨਾਂ ਉਪਲੱਬਧ ਨਹੀਂ ਸਨ। ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ 18 ਨਮੂਨਾ-ਜਾਂਚ ਕੀਤੀਆਂ ਜੇਲ੍ਹਾਂ ਵਿੱਚੋਂ ਕਿਸੇ ਨੂੰ ਵੀ ਬਾਇਲਰ ਮਸ਼ੀਨ ਪ੍ਰਦਾਨ ਨਹੀਂ ਕੀਤੀ ਗਈ ਸੀ (**ਅੰਤਿਕਾ** 4.10)।

ਸਰਕਾਰ ਨੇ ਲੇਖਾ ਪ੍ਰੀਖਿਆ ਨਿਰੀਖਣ ਨੂੰ ਸਵੀਕਾਰ ਕਰਦੇ ਹੋਏ (ਮਾਰਚ 2024) ਕਿਹਾ ਕਿ ਉਸਨੇ ਸੱਤ ਜੇਲ੍ਹਾਂ ਵਿੱਚ 17 ਵਰਟੀਕਲ ਵਾਸ਼ਿੰਗ ਮਸ਼ੀਨਾਂ ਪ੍ਰਦਾਨ ਕੀਤੀਆਂ ਹਨ। ਅੱਗੇ ਇਹ ਕਿਹਾ ਗਿਆ ਸੀ ਕਿ ਪੀ ਪੀ ਆਰ 2022 ਦੇ ਅਨੁਸਾਰ, ਜੇਲ੍ਹਾਂ ਵਿੱਚ ਬਾਇਲਰ ਪ੍ਰਦਾਨ ਕਰਨ ਦਾ ਮਾਮਲਾ ਵਿਚਾਰ ਅਧੀਨ ਸੀ। ਜਵਾਬ ਤਸੱਲੀਬਖਸ਼ ਨਹੀਂ ਸੀ ਕਿਉਂਕਿ 18 ਨਮੂਨਾ-ਜਾਂਚ ਕੀਤੀਆਂ ਗਈਆਂ ਜੇਲ੍ਹਾਂ ਵਿੱਚੋਂ ਨੌਂ ਨੂੰ ਅਜੇ ਵੀ ਵਾਸ਼ਿੰਗ ਮਸ਼ੀਨਾਂ ਨਹੀਂ ਮਿਲੀਆਂ ਸਨ ਅਤੇ ਜੂਨ 2022 ਵਿੱਚ ਪੀ ਪੀ ਆਰ ਲਾਗੂ ਕਰਨ ਦੇ 21 ਮਹੀਨਿਆਂ ਬਾਅਦ ਵੀ ਕਿਸੇ ਵੀ ਜੇਲ੍ਹ ਨੂੰ ਬਾਇਲਰ ਪ੍ਰਦਾਨ ਨਹੀਂ ਕੀਤੇ ਗਏ ਸਨ।

## 4.11 ਸਿੱਟਾ

ਜੇਲ੍ਹ ਪ੍ਰਸ਼ਾਸਨ ਨੂੰ ਮਾਡਲ ਜੇਲ੍ਹ ਮੈਨੂਅਲ 2016 ਵਿੱਚ ਦਰਸਾਏ ਗਏ ਢਾਂਚੇ ਨੂੰ ਅਪਣਾਉਣ ਅਤੇ ਪੰਜਾਬ ਜੇਲ੍ਹ ਨਿਯਮ, 2022 ਨੂੰ ਸੂਚਿਤ ਕਰਨ ਵਿੱਚ ਛੇ ਸਾਲ ਲੱਗੇ। ਲੋਕ ਲੇਖਾ ਕਮੇਟੀ ਦੀਆਂ ਸਿਫਾਰਸ਼ਾਂ ਦੇ ਬਾਵਜੂਦ, ਭੀੜ-ਭੜੱਕਾ ਬਣਿਆ ਰਿਹਾ। 27 *ਪ੍ਰਤੀਸ਼ਤ* ਤੋਂ ਵੱਧ ਭੌਤਿਕ *ਪੇਸ਼ੀਆਂ* ਮੁੱਖ ਤੌਰ ਤੇ ਪੁਲਿਸ ਐਸਕਾਰਟ ਦੀ ਅਣਹੋਂਦ ਕਾਰਣ ਖੁੰਝ ਗਈਆਂ, ਜਿਸ ਕਾਰਣ ਮੁਕੱਦਮੇ ਅਧੀਨ ਕੈਦੀਆਂ ਦੀ ਹਿਰਾਸਤ ਵੱਧ ਗਈ। ਜੇਲ੍ਹਾਂ ਦੇ ਨਿਰਮਾਣ ਅਤੇ ਬੈਰਕਾਂ ਦੀ ਮੁਰੰਮਤ ਵਿੱਚ ਦੇਰੀ ਨੇ ਭੀੜ-ਭੜੱਕੇ ਨੂੰ ਹੋਰ ਵੀ ਵਧਾ ਦਿੱਤਾ ਅਤੇ ਪ੍ਰਤੀ ਵਿਅਕਤੀ ਸਹੂਲਤਾਂ ਦੀ ਉਪਲੱਬਧਤਾ ਘਟਾ ਦਿੱਤੀ। 74 *ਪ੍ਰਤੀਸ਼ਤ* ਪੁਰਸ਼ ਅਤੇ 63 *ਪ੍ਰਤੀਸ਼ਤ* ਮਹਿਲਾ ਬੈਰਕਾਂ ਵਿੱਚ ਪਖਾਨਾ ਸਹੂਲਤਾਂ ਨਾਕਾਫੀ ਸਨ, ਜਿਸ ਕਾਰਣ ਅਸ਼ੁੱਧ ਸਥਿਤੀਆਂ ਪੈਦਾ ਹੋਈਆਂ। ਸਿਹਤ ਸੰਭਾਲ ਸਹੂਲਤਾਂ ਵਿੱਚ ਹਸਪਤਾਲ ਦੇ ਬਿਸਤਰਿਆਂ ਦੀ 72 *ਪ੍ਰਤੀਸ਼ਤ* ਘਾਟ ਅਤੇ ਮੈਡੀਕਲ ਸਟਾਫ ਦੀ 60 *ਪ੍ਰਤੀਸ਼ਤ* ਘਾਟ ਵੀ ਵਿਖਾਈ ਦਿੱਤੀ। ਇਸ ਨਾਲ ਜੇਲ੍ਹ ਤੋਂ ਬਾਹਰ ਸਿਵਲ ਹਸਪਤਾਲ ਵਿੱਚ 45,497 ਕੈਦੀਆਂ ਦਾ ਇਲਾਜ ਜ਼ਰੂਰੀ ਹੋ ਗਿਆ, ਜਿਸ ਨਾਲ 22 ਕੈਦੀ ਭੱਜਣ ਵਿੱਚ ਕਾਮਯਾਬ ਹੋ ਗਏ। ਜਦੋਂ ਕਿ ਜ਼ਰੂਰੀ ਪੂਰਕ ਤੱਤ ਅਸੰਗਤ ਢੰਗ ਨਾਲ ਪ੍ਰਦਾਨ ਕੀਤੇ ਗਏ ਸਨ, ਨਮੂਨਾ-ਜਾਂਚ ਕੀਤੇ ਜੇਲ੍ਹਾਂ ਵਿੱਚ 39 *ਪ੍ਰਤੀਸ਼ਤ* ਜੇਲ੍ਹਾਂ ਪੀਣ ਵਾਲੇ ਪਾਣੀ ਦੀ ਵੀ ਨਿਰਧਾਰਤ ਜਾਂਚ ਨਹੀਂ ਕੀਤੀ ਗਈ। ਮਹਿਲਾ ਕੈਦੀਆਂ ਨੂੰ ਸੈਨੇਟਰੀ ਪੈਡਾਂ ਤੋਂ ਵਾਂਝਾ ਰੱਖਿਆ ਗਿਆ, ਜੋ ਉਨ੍ਹਾਂ ਦੀ ਮਾਹਵਾਰੀ ਦੀ ਸਿਹਤ ਅਤੇ ਸਨਮਾਨ ਲਈ ਜ਼ਰੂਰੀ ਸਨ। ਕੈਦੀਆਂ ਲਈ ਬਿਸਤਰੇ ਅਤੇ ਕੱਪੜਿਆਂ ਦੀ ਲਗਾਤਾਰ ਘਾਟ ਸੀ, ਨੌਂ ਜੇਲ੍ਹਾਂ ਵਿੱਚ ਲਾਂਡਰੀ ਮਸ਼ੀਨਾਂ ਦੀ ਘਾਟ ਸੀ, ਅਤੇ ਕਿਸੇ ਵਿੱਚ ਵੀ ਕੱਪੜੇ ਧੋਣ ਲਈ ਬਾਇਲਰ ਨਹੀਂ ਸਨ।

[20] ਸੀ ਜੇਜ਼: (i) ਫਰੀਦਕੋਟ; (ii) ਗੁਰਦਾਸਪੁਰ; ਡੀ ਜੇਜ਼: (iii) ਮਾਨਸਾ; (iv) ਸੰਗਰੂਰ; (v) ਸ੍ਰੀ ਮੁਕਤਸਰ ਸਾਹਿਬ ਸਬ-ਜੇਲ੍ਹ; (vi) ਪਠਾਨਕੋਟ; ਮਹਿਲਾ ਜੇਲ੍ਹ; (vii) ਲੁਧਿਆਣਾ: ਖੁੱਲੀ ਜੇਲ੍ਹ; (viii) ਨਾਭਾ: ਬੋਰਸਟਲ ਜੇਲ੍ਹ; (ix) ਲੁਧਿਆਣਾ।

## 4.12 ਸਿਫਾਰਸ਼ਾਂ

ਜੇਲ੍ਹ ਦੀਆਂ ਸਥਿਤੀਆਂ ਅਤੇ ਪ੍ਰਬੰਧਨ ਅਭਿਆਸਾਂ ਨੂੰ ਬਿਹਤਰ ਬਣਾਉਣ ਲਈ, ਜੇਲ੍ਹ ਪ੍ਰਸ਼ਾਸਨ:

- *ਕੈਦੀਆਂ ਦੇ ਮਨੁੱਖੀ ਮਾਣ ਨੂੰ ਵਧਾਉਣ ਲਈ ਪੀ ਪੀ ਆਰ, 2022 ਦੇ ਅਨੁਸਾਰ ਸੁਧਰੇ ਹੋਏ ਜੇਲ੍ਹ ਪ੍ਰਬੰਧਨ ਅਭਿਆਸਾਂ ਨੂੰ ਤਰੁੰਤ ਅਪਣਾਉਣ ਲਈ ਇੱਕ ਵਿਧੀ ਸਥਾਪਤ ਕਰ ਸਕਦਾ ਹੈ;*

- *ਜੇਲ੍ਹ ਕੈਦੀਆਂ ਵਿੱਚ ਭੀੜ-ਭੜੱਕੇ ਦੇ ਮੁੱਖ-ਮੁੱਦੇ ਨੂੰ ਹੱਲ ਕਰਨ ਨੂੰ ਤਰਜੀਹ ਦੇ ਸਕਦਾ ਹੈ;*

- *ਸਾਰੀਆਂ ਸ਼ਡਿਊਲਡ ਅਦਾਲਤੀ ਹਾਜ਼ਰੀਆਂ (ਪੇਸ਼ੀਆਂ) ਕਰਵਾਉਣ ਲਈ ਪੁਲਿਸ ਐਸਕਾਰਟਾਂ ਦੀ ਤਾਇਨਾਤੀ ਨੂੰ ਯਕੀਨੀ ਬਣਾਉਣ ਲਈ ਨਿਆਂਪਾਲਿਕਾ ਅਤੇ ਪੁਲਿਸ ਵਿਭਾਗ ਨਾਲ ਨੇੜਲਾ ਤਾਲਮੇਲ ਬਣਾਈ ਰੱਖਣਾ ਜਾਂ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਦੇ ਵਿਕਲਪ ਦੀ ਪੜਚੋਲ ਕਰ ਸਕਦਾ ਹੈ;*

- *ਜੇਲ੍ਹ ਦੇ ਬੁਨਿਆਦੀ ਢਾਂਚੇ ਦੀ ਮੁਰੰਮਤ, ਰੱਖ-ਰਖਾਅ ਅਤੇ ਉਸਾਰੀ ਲਈ ਢਾਂਚੇ ਨੂੰ ਮਜ਼ਬੂਤ ਕਰ ਸਕਦਾ ਹੈ;*

- *ਸਾਰੇ ਬਿਮਾਰ ਕੈਦੀਆਂ ਲਈ ਇਨ-ਹਾਊਸ ਇਲਾਜ ਨੂੰ ਯਕੀਨੀ ਬਣਾਉਣ ਲਈ, ਕਾਫੀ ਮੈਡੀਕਲ ਸਟਾਫ ਸਮੇਤ, ਢੁਕਵੇਂ ਪਖਾਨਾ ਸਹੂਲਤਾਂ ਅਤੇ ਸਿਹਤ ਸੰਭਾਲ ਬੁਨਿਆਦੀ ਢਾਂਚਾ ਪ੍ਰਦਾਨ ਕਰ ਸਕਦਾ ਹੈ; ਅਤੇ*

- *ਜ਼ਰੂਰੀ ਪੂਰਕ ਤੱਤਾਂ ਦੀ ਵਿਵਸਥਾ ਨੂੰ ਯਕੀਨੀ ਬਣਾਉਣਾ, ਪੀਣ ਵਾਲੇ ਪਾਣੀ ਦੀ ਲਾਜ਼ਮੀ ਜਾਂਚ ਕਰਨਾ, ਅਤੇ ਬਿਸਤਰੇ ਅਤੇ ਕੱਪੜਿਆਂ ਲਈ ਸਹੂਲਤਾਂ ਵਿੱਚ ਸੁਧਾਰ ਕਰ ਸਕਦਾ ਹੈ।*

# ਅਧਿਆਇ-V

# ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਕੰਮਕਾਜ

# ਅਧਿਆਇ-V

# ਕਿਰਤ ਵਿਭਾਗ

# ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਕੰਮਕਾਜ

## 5.1 ਜਾਣ ਪਛਾਣ

ਪੰਜਾਬ ਸਰਕਾਰ (ਜੀ ਓ ਪੀ) ਨੇ ਜੁਲਾਈ 1965 ਵਿੱਚ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ (ਐਕਟ) ਲਾਗੂ ਕੀਤਾ ਜਿਸਦਾ ਉਦੇਸ਼ ਮਜ਼ਦੂਰਾਂ ਦੀ ਭਲਾਈ ਲਈ ਗਤੀਵਿਧੀਆਂ ਨੂੰ ਵਿੱਤ ਪ੍ਰਦਾਨ ਕਰਨ ਲਈ ਸਮਰਪਿਤ ਲੇਬਰ ਵੈਲਫੇਅਰ ਫੰਡ ਪ੍ਰਦਾਨ ਕਰਨਾ ਸੀ। ਐਕਟ ਦੇ ਉਪਬੰਧਾਂ[1] (i) ਫੈਕਟਰੀ; (ii) ਮੋਟਰ ਓਮਨੀਬਸ ਸਰਵਿਸ; ਜਾਂ (iii) ਕੋਈ ਵੀ ਸੰਸਥਾ[2] ਜੋ ਪਿਛਲੇ ਬਾਰਾਂ ਮਹੀਨਿਆਂ ਦੌਰਾਨ ਕਿਸੇ ਵੀ ਕੰਮਕਾਜੀ ਦਿਨ ਵੀਹ ਤੋਂ ਵੱਧ ਵਿਅਕਤੀਆਂ ਨੂੰ ਰੁਜ਼ਗਾਰ ਦੇ ਰਹੀ ਸੀ, ਤੇ ਲਾਗੂ ਹੁੰਦੀਆਂ ਹਨ।

ਪੰਜਾਬ ਸਰਕਾਰ ਨੇ ਐਕਟ ਦੀ ਧਾਰਾ 4 ਅਧੀਨ ਲਾਜ਼ਮੀ ਕੀਤੇ ਅਨੁਸਾਰ[3] ਲੇਬਰ ਵੈਲਫੇਅਰ ਫੰਡ ਦੇ ਪ੍ਰਬੰਧਨ ਅਤੇ ਅਜਿਹੇ ਹੋਰ ਕੰਮ ਕਰਨ ਲਈ ਪੰਜਾਬ ਲੇਬਰ ਵੈਲਫੇਅਰ ਬੋਰਡ (ਬੋਰਡ) ਦਾ ਗਠਨ ਕੀਤਾ ਜੋ ਇਸ ਐਕਟ ਅਧੀਨ ਇਸ ਨੂੰ ਸੌਂਪੇ ਗਏ ਹਨ; ਅਤੇ ਐਕਟ ਦੀ ਧਾਰਾ 27 ਅਧੀਨ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਪੰਜਾਬ ਲੇਬਰ ਵੈਲਫੇਅਰ ਫੰਡ ਨਿਯਮ, 1966 (ਪੀ ਐਲ ਡਬਲਯੂ ਐਫ ਨਿਯਮ) ਨੋਟੀਫਾਈ ਕੀਤੇ ਗਏ (ਅਪ੍ਰੈਲ 1966)।

ਐਕਟ ਦੀ ਧਾਰਾ 3(2) ਦੇ ਅਧੀਨ, ਬੋਰਡ ਨੂੰ ਫੰਡ ਦੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਫੰਡ ਵਿੱਚ (i) ਕਰਮਚਾਰੀਆਂ ਤੋਂ ਵਸੂਲੇ ਗਏ ਸਾਰੇ ਜੁਰਮਾਨੇ ਸ਼ਾਮਲ ਹਨ; (ii) ਫੰਡ[4] ਵਿੱਚ ਟਰਾਂਸਫਰ ਕੀਤੀ ਗਈ ਭੁਗਤਾਨ ਨਾ ਕੀਤੀ ਗਈ ਰਾਸ਼ੀ; (iii) ਬੋਰਡ ਨੂੰ ਗ੍ਰਾਂਟਾਂ ਅਤੇ ਸਬਸਿਡੀਆਂ; (iv) ਕੋਈ ਫੰਡ ਟਰਾਂਸਫਰ ਕੀਤਾ ਗਿਆ; ਅਤੇ (v) ਕਰਮਚਾਰੀਆਂ ਅਤੇ ਰੁਜ਼ਗਾਰਦਾਤਾਵਾਂ[5], ਦੋਵਾਂ ਤੋਂ ਪ੍ਰਾਪਤ ਯੋਗਦਾਨ।

---

1 ਐਕਟ ਦੀ ਧਾਰਾ 2(4) ਅਧੀਨ ਨਿਰਧਾਰਤ ਕੀਤਾ ਗਿਆ ਸੀ।

2 ਕੋਈ ਵੀ ਸੰਸਥਾ, ਜਿਸ ਵਿੱਚ ਸੋਸਾਇਟੀਜ਼ ਐਕਟ, 1860 ਅਧੀਨ ਰਜਿਸਟਰਡ ਸੁਸਾਇਟੀ ਅਤੇ ਚੈਰੀਟੇਬਲ ਜਾਂ ਹੋਰ ਟਰੱਸਟ ਸ਼ਾਮਲ ਹਨ, ਜੋ ਕੋਈ ਕਾਰੋਬਾਰ ਜਾਂ ਵਪਾਰ, ਜਾਂ ਇਸ ਨਾਲ ਜੁੜਿਆ ਕੋਈ ਕੰਮ ਕਰਦਾ ਹੈ ਜਾਂ ਉਸ ਨਾਲ ਸਹਾਇਕ ਹੈ ਅਤੇ ਪਿਛਲੇ ਬਾਰਾਂ ਮਹੀਨਿਆਂ ਦੌਰਾਨ ਕਿਸੇ ਵੀ ਕੰਮਕਾਜੀ ਦਿਨ ਵੀਹ ਤੋਂ ਵੱਧ ਵਿਅਕਤੀਆਂ ਨੂੰ ਰੁਜ਼ਗਾਰ ਦਿੰਦਾ ਹੈ।


3 ਕਿਉਂਕਿ ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਗਠਨ ਦੀ ਮਿਤੀ ਬੋਰਡ ਕੋਲ ਉਪਲਬਧ ਨਹੀਂ ਹੈ, ਇਸ ਲਈ ਬੋਰਡ ਦੀ ਪਹਿਲੀ ਮੀਟਿੰਗ ਦਸੰਬਰ 1973 ਵਿੱਚ ਹੋਈ ਸੀ।

4 ਐਕਟ ਦੀ ਧਾਰਾ 9(9) ਇਹ ਵਿਵਸਥਾ ਕਰਦੀ ਹੈ ਕਿ ਪਹਿਲੇ ਨੋਟਿਸ ਦੀ ਮਿਤੀ ਤੋਂ ਚਾਰ ਸਾਲਾਂ ਤੋਂ ਵੱਧ ਸਮੇਂ ਤੱਕ ਦਾਅਵਾ ਨਾ ਕੀਤੇ ਗਏ ਬਕਾਇਆ ਜਮ੍ਹਾਂ ਨੂੰ ਫੰਡ ਵਿੱਚ ਤਬਦੀਲ ਕੀਤਾ ਗਿਆ ਮੰਨਿਆ ਜਾਵੇਗਾ ਅਤੇ ਫੰਡ ਦਾ ਹਿੱਸਾ ਬਣ ਜਾਵੇਗਾ।

5 ਐਕਟ ਦੀ ਧਾਰਾ 3(2) ਅਧੀਨ ਉਪ ਧਾਰਾ (ਜੀ) ਸ਼ਾਮਲ ਕਰਕੇ ਫੰਡ ਵਿੱਚ ਸ਼ਾਮਲ ਕੀਤਾ ਗਿਆ। ਇਸ ਤੋਂ ਇਲਾਵਾ, ਧਾਰਾ 9-ਏ (ਦਸੰਬਰ 2014 ਵਿੱਚ ਸੋਧ) ਸ਼ਾਮਲ ਕੀਤੀ ਗਈ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਹਰੇਕ ਕਰਮਚਾਰੀ ਪ੍ਰਤੀ ਮਹੀਨਾ ਪੰਜ ਰੁਪਏ ਦਾ ਯੋਗਦਾਨ ਦੇਵੇਗਾ ਅਤੇ ਹਰੇਕ ਰੁਜ਼ਗਾਰਦਾਤਾ ਅਜਿਹੇ ਹਰੇਕ ਕਰਮਚਾਰੀ ਲਈ ਪ੍ਰਤੀ ਮਹੀਨਾਂ ਵੀਹ ਰੁਪਏ ਫੰਡ ਵਿੱਚ ਯੋਗਦਾਨ ਦੇਵੇਗਾ। ਇਨ੍ਹਾਂ ਨੂੰ ਜਮ੍ਹਾਂ ਕਰਨ ਦੀ ਜ਼ਿੰਮੇਵਾਰੀ ਰੁਜ਼ਗਾਰਦਾਤਾ ਨੂੰ ਸ਼ੌਂਪੀ ਗਈ ਸੀ।

ਐਕਟ ਦੀ ਧਾਰਾ 10(1) ਅਨੁਸਾਰ, ਇਹ ਫੰਡ ਬੋਰਡ ਦੁਆਰਾ ਟਰੱਸਟੀ ਵਜੋਂ ਰੱਖਿਆ ਜਾਵੇਗਾ ਅਤੇ ਬੋਰਡ ਦੁਆਰਾ ਉਪਾਵਾਂ ਨੂੰ ਪੂਰਾ ਕਰਨ ਦੀ ਲਾਗਤ ਘਟਾਉਣ ਲਈ ਵਰਤਿਆ ਜਾਵੇਗਾ, ਜੋ ਰਾਜ ਸਰਕਾਰ ਦੁਆਰਾ ਸਿੱਖਿਆ ਦੇ ਖੇਤਰ ਵਿੱਚ ਮਜ਼ਦੂਰਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੀ ਭਲਾਈ ਨੂੰ ਉਤਸ਼ਾਹਤ ਕਰਨ ਲਈ ਸਮੇਂ-ਸਮੇਂ ਤੇ ਨਿਰਧਾਰਤ ਕੀਤੇ ਜਾ ਸਕਦੇ ਹਨ, ਭਾਈਚਾਰਕ ਲੋੜਾਂ, ਖੇਡਾਂ, ਮਨੋਰੰਜਨ, ਮਹਿਲਾਵਾਂ ਅਤੇ ਬੇਰੁਜ਼ਗਾਰ ਵਿਅਕਤੀਆਂ ਲਈ ਸਹਾਇਕ ਕਿੱਤੇ, ਪ੍ਰਸ਼ਾਸਕੀ ਖਰਚੇ, ਤਨਖਾਹਾਂ ਅਤੇ ਭੱਤੇ ਅਤੇ ਅਜਿਹੇ ਹੋਰ ਉਦੇਸ਼ ਜੋ ਰਾਜ ਸਰਕਾਰ ਦੀ ਰਾਏ ਵਿੱਚ ਜੀਵਨ ਪੱਧਰ ਵਿੱਚ ਸੁਧਾਰ ਕਰਨਗੇ ਅਤੇ ਲੇਬਰ ਦੀਆਂ ਸਮਾਜਿਕ ਸਥਿਤੀਆਂ ਵਿੱਚ ਸੁਧਾਰ ਕਰਨਗੇ। ਇਸ ਤੋਂ ਇਲਾਵਾ, ਐਕਟ ਦੀ ਧਾਰਾ 12 ਅਤੇ 27(2) ਐਫ, ਪੀ ਐਲ ਡਬਲਯੂ ਐਫ ਨਿਯਮਾਂ ਦੇ ਨਿਯਮ 18 ਦੇ ਨਾਲ ਮਿਲ ਕੇ, ਇਹ ਆਦੇਸ਼ ਦਿੰਦੀ ਹੈ ਕਿ ਫੰਡ ਦਾ ਕੋਈ ਵੀ ਹਿੱਸਾ ਜੋ ਐਕਟ ਦੇ ਉਦੇਸ਼ਾਂ ਲਈ ਤੁਰੰਤ ਲੋੜੀਂਦਾ ਨਹੀਂ ਹੈ, ਬੋਰਡ ਦੁਆਰਾ ਮਿਆਦੀ ਜਮ੍ਹਾਂ ਜਾਂ ਬੱਚਤ ਬੈਂਕ ਖਾਤੇ ਵਿੱਚ ਨਿਵੇਸ਼ ਕੀਤਾ ਜਾਵੇਗਾ ਅਤੇ ਇਸ ਤੇ ਪ੍ਰਾਪਤ ਵਿਆਜ ਫੰਡ ਦਾ ਹਿੱਸਾ ਬਣ ਜਾਵੇਗਾ।

ਹੇਠਾਂ ਇੱਕ ਫੰਡ ਪ੍ਰਵਾਹ ਚਾਰਟ ਪ੍ਰਦਰਸ਼ਿਤ ਕੀਤਾ ਗਿਆ ਹੈ:





*ਸ੍ਰੋਤ: ਵਿਭਾਗੀ ਰਿਕਾਰਡ*

## 5.2 ਸੰਗਠਨਾਤਮਕ ਢਾਂਚਾ

ਐਕਟ ਦੀ ਧਾਰਾ 4, ਜਿਸ ਨੂੰ ਪੀ ਐਲ ਡਬਲਯੂ ਐਫ ਨਿਯਮਾਂ ਦੇ ਨਿਯਮ 8 ਦੇ ਨਾਲ ਪੜ੍ਹਿਆ ਜਾਂਦਾ ਹੈ, ਵਿੱਚ ਕਿਹਾ ਗਿਆ ਹੈ ਕਿ ਬੋਰਡ ਵਿੱਚ 18 ਮੈਂਬਰ ਹੋਣਗੇ, ਜਿਨ੍ਹਾਂ ਵਿੱਚੋਂ, ਛੇ ਰੁਜ਼ਗਾਰਦਾਤਾਵਾਂ ਦੇ ਪ੍ਰਤੀਨਿਧ, ਛੇ ਕਰਮਚਾਰੀਆਂ ਦੇ ਅਤੇ ਛੇ ਸੁਤੰਤਰ ਮੈਂਬਰ ਸਰਕਾਰ ਦੁਆਰਾ ਨਿਯੁਕਤ ਕੀਤੇ ਜਾਣਗੇ। ਇਸ ਤੋਂ ਇਲਾਵਾ, ਚੇਅਰਮੈਨ ਦੀ ਨਿਯੁਕਤੀ ਰਸਮੀ ਨੋਟੀਫਿਕੇਸ਼ਨ ਰਾਹੀਂ ਕੀਤੀ ਜਾਂਦੀ ਹੈ ਅਤੇ

ਪੰਜਾਬ ਸਰਕਾਰ, ਕਿਰਤ ਵਿਭਾਗ (ਵਿਭਾਗ) ਦਾ ਪ੍ਰਮੁੱਖ ਸਕੱਤਰ, ਬੋਰਡ ਦੇ ਉਪ-ਚੇਅਰਮੈਨ ਵਜੋਂ ਕੰਮ ਕਰਦਾ ਹੈ। ਐਕਟ ਦੀ ਧਾਰਾ 7 ਦੇ ਅਨੁਸਾਰ, ਬੋਰਡ ਦੇ ਮੈਂਬਰ ਦਾ ਕਾਰਜਕਾਲ ਉਸ ਮਿਤੀ ਤੋਂ ਸ਼ੁਰੂ ਹੋ ਕੇ ਤਿੰਨ ਸਾਲ ਹੋਵੇਗਾ ਜਿਸ ਦਿਨ ਉਸਦੀ ਨਾਮਜ਼ਦਗੀ ਸਰਕਾਰੀ ਗਜ਼ਟ ਵਿੱਚ ਨੋਟੀਫਾਈ ਕੀਤੀ ਜਾਂਦੀ ਹੈ।

ਬੋਰਡ ਦੇ ਸੰਗਠਨ ਦਾ ਢਾਂਚਾ ਹੇਠਾਂ ਦਿੱਤਾ ਗਿਆ ਹੈ:




*ਸ੍ਰੋਤ: ਵਿਭਾਗੀ ਰਿਕਾਰਡ*

ਪ੍ਰਬੰਧਨ ਅਤੇ ਸੰਚਾਲਨ ਦੀ ਨਿਗਰਾਨੀ ਲਈ, ਬੋਰਡ ਦੇ ਪੰਜਾਬ ਭਰ ਵਿੱਚ 25 ਸਰਕਲ ਹਨ ਅਤੇ ਹਰੇਕ ਸਰਕਲ ਦਫਤਰ ਦੀ ਅਗਵਾਈ ਇੱਕ ਸਹਾਇਕ ਕਿਰਤ ਕਮਿਸ਼ਨਰ (ਏ ਐਲ ਸੀ) ਦੁਆਰਾ ਕੀਤੀ ਜਾਂਦੀ ਹੈ ਜਿਸਦੀ ਸਹਾਇਤਾ ਇੱਕ ਕਿਰਤ ਇੰਸਪੈਕਟਰ ਦੁਆਰਾ ਕੀਤੀ ਜਾਂਦੀ ਹੈ। ਜੋ ਦੋਵੇਂ ਕਿਰਤ ਵਿਭਾਗ, ਪੰਜਾਬ ਸਰਕਾਰ ਦੇ ਰੈਗੂਲਰ ਸਟਾਫ ਸਨ ਪਰੰਤੂ ਬੋਰਡ ਵਿੱਚ ਵਾਧੂ ਕੰਮ ਕਰ ਰਹੇ ਸਨ। ਬੋਰਡ ਨੇ ਸਰਕਲ ਦਫਤਰਾਂ ਵਿੱਚ ਬੋਰਡ ਦੇ ਕੰਮ ਕਾਜ ਨੂੰ ਚਲਾਉਣ ਲਈ ਕੰਪਿਊਟਰ ਆਪਰੇਟਰ ਨਿਯੁਕਤ ਕੀਤੇ ਹਨ।

ਬੋਰਡ ਨਾਲ 6 ਜੁਲਾਈ 2023 ਨੂੰ ਐਂਟਰੀ ਕਾਨਫਰੰਸ ਆਯੋਜਿਤ ਕੀਤੀ ਗਈ ਸੀ, ਜਿਸ ਵਿੱਚ ਲੇਖਾ ਪ੍ਰੀਖਿਆ ਉਦੇਸ਼ਾਂ, ਦਾਇਰੇ, ਮਾਪਦੰਡਾਂ, ਲੇਖਾ ਪ੍ਰੀਖਿਆ ਨਮੂਨੇ ਬਾਰੇ ਚਰਚਾ ਕੀਤੀ ਗਈ ਸੀ ਅਤੇ 16 ਫਰਵਰੀ 2024 ਨੂੰ ਐਗਜ਼ਿਟ ਕਾਨਫਰੰਸ ਕੀਤੀ ਗਈ ਸੀ ਜਿਸ ਵਿੱਚ ਲੇਖਾ ਪ੍ਰੀਖਿਆ ਲੱਭਤਾਂ ਬਾਰੇ ਚਰਚਾ ਕੀਤੀ ਗਈ ਸੀ।

## 5.3 ਲੇਖਾ ਪ੍ਰੀਖਿਆ ਉਦੇਸ਼

ਲੇਖਾ ਪ੍ਰੀਖਿਆ ਦਾ ਉਦੇਸ਼ ਇਹ ਮੁਲਾਂਕਣ ਕਰਨਾ ਸੀ ਕਿ:

- ਲਾਭਪਾਤਰੀ ਅਧਾਰ ਦਾ ਵਿਸ਼ਲੇਸ਼ਣ ਯੋਗਦਾਨ ਦਾ ਮੁਲਾਂਕਣ ਕਰਨ ਅਤੇ ਮਹਿਸੂਸ ਕਰਨ ਲਈ ਕੀਤਾ ਗਿਆ ਸੀ ਅਤੇ ਲਾਭਪਾਤਰੀ ਅਧਾਰ ਨੂੰ ਵਧਾਉਣ ਲਈ ਬੋਰਡ ਦੁਆਰਾ ਚੁੱਕੇ ਗਏ ਕਦਮ ਸਨ;

- ਭਲਾਈ ਸਕੀਮਾਂ ਨੂੰ ਲਾਗੂ ਕਰਨਾ ਉਨ੍ਹਾਂ ਦੇ ਵਿਸ਼ੇਸ਼ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਇੱਕ ਉਚਿਤ ਸਮਾਂ-ਸੀਮਾ ਦੇ ਅੰਦਰ ਕੀਤਾ ਗਿਆ ਸੀ, ਅਤੇ ਲਾਭਪਾਤਰੀਆਂ ਲਈ ਅਰਜ਼ੀ ਦੀ ਅਸਾਨੀ ਨੂੰ ਯਕੀਨੀ ਬਣਾਉਣ 'ਤੇ ਧਿਆਨ ਕੇਂਦਰਤ ਕੀਤਾ ਗਿਆ ਸੀ;
- ਫੰਡਾਂ ਦੀ ਵਰਤੋਂ ਪੰਜਾਬ ਵੈਲਫੇਅਰ ਫੰਡ ਐਕਟ 1965, ਪੰਜਾਬ ਲੇਬਰ ਵੈਲਫੇਅਰ ਫੰਡ ਰੂਲਜ਼ 1966 ਅਤੇ ਪੰਜਾਬ ਵਿੱਤੀ ਨਿਯਮਾਂ ਦੀਆਂ ਵਿਵਸਥਾਵਾਂ ਅਨੁਸਾਰ ਕੀਤੀ ਗਈ ਸੀ; ਅਤੇ
- ਪ੍ਰਭਾਵਸ਼ਾਲੀ ਨਿਗਰਾਨੀ ਅਤੇ ਅੰਦਰੂਨੀ ਨਿਯੰਤਰਣ ਲਾਗੂ ਕੀਤੇ ਗਏ ਸਨ।

## 5.4 ਲੇਖਾ ਪ੍ਰੀਖਿਆ ਦਾ ਦਾਇਰਾ ਅਤੇ ਵਿਧੀ

ਬੋਰਡ ਦੇ ਵੈਲਫੇਅਰ ਕਮਿਸ਼ਨਰ ਦੇ ਅਪ੍ਰੈਲ 2020 ਤੋਂ ਮਾਰਚ 2023 ਤੱਕ ਦੀ ਮਿਆਦ ਦੇ ਰਿਕਾਰਡਾਂ ਦੀ ਜਾਂਚ ਕਰਕੇ ਮਈ 2023 ਅਤੇ ਸਤੰਬਰ 2023 ਦੇ ਵਿਚਕਾਰ ਲੇਖਾ ਪ੍ਰੀਖਿਆ ਕੀਤੀ ਗਈ ਸੀ ਅਤੇ ਆਈ ਡੀ ਈ ਏ[6] ਰਾਹੀਂ ਅਨੁਪਾਤੀ ਵੰਡ ਦੇ ਨਾਲ ਸਟ੍ਰਾਟੀਫਾਈਡ ਰੈਂਡਮ ਸੈਂਪਲਿੰਗ ਦੁਆਰਾ 25 ਸਰਕਲ ਦਫਤਰਾਂ ਵਿੱਚੋਂ ਚੁਣੇ ਗਏ ਸੱਤ[7] ਸਰਕਲ ਦਫਤਰਾਂ ਦੇ ਰਿਕਾਰਡਾਂ ਦੀ ਜਾਂਚ ਕੀਤੀ ਗਈ ਸੀ। ਇਸ ਤੋਂ ਇਲਾਵਾ, ਹਰੇਕ ਸਰਕਲ ਤੋਂ ਪੰਜ ਅਦਾਰਿਆਂ[8] ਦੀ ਦਰ ਨਾਲ 35 ਅਦਾਰਿਆਂ[9] ਤੋਂ 350 ਲਾਭਪਾਤਰੀਆਂ ਅਤੇ ਹਰੇਕ ਅਦਾਰਿਆਂ ਤੋਂ ਨਿਰਣਾਇਕ ਅਧਾਰ ਤੇ 10 ਲਾਭਪਾਤਰੀਆਂ ਦੀ ਚੋਣ ਕਰਕੇ ਲਾਭਪਾਤਰੀ ਸਰਵੇਖਣ ਕੀਤਾ ਗਿਆ।

## 5.5 ਲੇਖਾ ਪ੍ਰੀਖਿਆ ਮਾਪਦੰਡ

ਲੇਖਾ ਪ੍ਰੀਖਿਆ ਮਾਪਦੰਡ ਮੁੱਖ ਤੌਰ ਤੇ ਹੇਠ ਲਿਖੇ ਸਰੋਤਾਂ ਤੋਂ ਲਏ ਗਏ ਸਨ:

- ਪੰਜਾਬ ਲੇਬਰ ਵੈਲਫੇਅਰ ਐਕਟ 1965 ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਰੂਲਜ਼ 1966 ਦੇ ਉਪਬੰਧ;
- ਪੰਜਾਬ ਵਿੱਤੀ ਨਿਯਮ;
- ਵੱਖ-ਵੱਖ ਭਲਾਈ ਸਕੀਮਾਂ ਦੇ ਨਿਯਮ ਅਤੇ ਸ਼ਰਤਾਂ;
- ਬੋਰਡ ਦੀਆਂ ਮੀਟਿੰਗਾਂ ਦਾ ਅਜੰਡਾ ਅਤੇ ਕਾਰਵਾਈਆਂ; ਅਤੇ
- ਰਾਜ/ਕੇਂਦਰ ਸਰਕਾਰ ਦੀਆਂ ਹਦਾਇਤਾਂ/ਦਿਸ਼-ਨਿਰਦੇਸ਼ ਅਤੇ ਸਰਕੂਲਰਜ਼।

---

6 ਇੰਟਰਐਕਟਿਵ ਡੇਟਾ ਐਕਸਟਰੈਕਸ਼ਨ ਅਤੇ ਵਿਸ਼ਲੇਸ਼ਣ ਸਾੱਫਟਵੇਅਰ।

7 (i) ਫਿਰੋਜ਼ਪੁਰ; (ii) ਹੁਸ਼ਿਆਰਪੁਰ; (iii) ਜਲੰਧਰ-3; (iv) ਲੁਧਿਆਣਾ-4; (v) ਮੋਗਾ; (vi) ਪਟਿਆਲਾ; ਅਤੇ (vii) ਸੰਗਰੂਰ।

8 ਚਾਰ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਜਿਨ੍ਹਾਂ ਨੇ ਭਲਾਈ ਫੰਡ ਵਿੱਚ ਯੋਗਦਾਨ ਪਾਇਆ ਸੀ ਅਤੇ ਇੱਕ ਡਿਫਾਲਟਰ ਸੰਸਥਾ।

9 'ਸੰਸਥਾ' ਸ਼ਬਦ ਐਕਟ ਦੀ ਧਾਰਾ 2(4) ਦੇ ਅਧੀਨ ਪਰਿਭਾਸ਼ਿਤ ਇਕਾਈਆਂ ਨੂੰ ਦਰਸਾਉਂਦਾ ਹੈ।

## ਲੇਖਾ ਪ੍ਰੀਖਿਆ ਲੱਭਤਾਂ

ਲੇਖਾ ਪ੍ਰੀਖਿਆ ਨੇ ਬੋਰਡ ਦੇ ਅੰਦਰ ਪ੍ਰਸ਼ਾਸਨ ਦੀਆਂ ਕਮੀਆਂ ਦਾ ਨਿਰੀਖਣ ਕੀਤਾ, ਖਾਸ ਤੌਰ ਤੇ ਲਾਭਪਾਤਰੀ ਅਧਾਰ ਅਤੇ ਵੈਲਫੇਅਰ ਫੰਡ ਦਾ ਪ੍ਰਬੰਧਨ ਕਰਨ, ਭੁਗਤਾਨ ਨਾ ਕੀਤੀ ਗਈ ਰਾਸ਼ੀ ਦਾ ਮੁਲਾਂਕਣ ਕਰਨ ਅਤੇ ਇਕੱਤਰ ਕਰਨ, ਕਰਮਚਾਰੀਆਂ ਅਤੇ ਰੁਜ਼ਗਾਰਦਾਤਾਵਾਂ ਦੇ ਯੋਗਦਾਨ ਦੀ ਨਿਗਰਾਨੀ ਕਰਨ, ਭਲਾਈ ਸਕੀਮਾਂ ਨੂੰ ਲਾਗੂ ਕਰਨ, ਨਿਗਰਾਨੀ ਪ੍ਰਣਾਲੀ ਸਥਾਪਤ ਕਰਨ ਅਤੇ ਕਾਰਜਸ਼ੀਲ ਕਾਰਜਾਂ ਨੂੰ ਡਿਜੀਟਲ ਕਰਨ ਵਿੱਚ, ਜਿਵੇਂ ਕਿ ਅਗਲੇ ਪੈਰ੍ਹਿਆਂ ਵਿੱਚ ਵੇਰਵਾ ਦਿੱਤਾ ਗਿਆ ਹੈ।

## 5.6 ਜਾਗਰੂਕਤਾ ਦੀ ਕਮੀ

ਕਿਰਤ ਭਲਾਈ ਸਕੀਮਾਂ ਨੂੰ ਸਫਲਤਾਪੂਰਵਕ ਲਾਗੂ ਕਰਨ ਲਈ ਸੂਚਨਾ, ਸਿੱਖਿਆ ਅਤੇ ਸੰਚਾਰ (ਆਈ ਈ ਸੀ) ਗਤੀਵਿਧੀਆਂ ਮਹੱਤਵਪੂਰਨ ਹਨ, ਜਿਸ ਵਿੱਚ *ਹੋਰਨਾਂ ਦੇ ਨਾਲ-ਨਾਲ* ਜਾਗਰੂਕਤਾ ਵਧਾਉਣਾ ਵੀ ਸ਼ਾਮਲ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਜਾਣਕਾਰੀ ਸਾਰੇ ਯੋਗ ਲਾਭਪਾਤਰੀਆਂ ਤੱਕ ਪਹੁੰਚੇ, ਉਨ੍ਹਾਂ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਜਾਗਰੂਕ ਕੀਤਾ ਜਾਵੇ ਤਾਂ ਜੋ ਸਾਰਿਆਂ ਦੀ ਭਲਾਈ ਸਕੀਮਾਂ ਤੱਕ ਬਰਾਬਰ ਪਹੁੰਚ ਹੋ ਸਕੇ। ਬੋਰਡ ਨੇ ਆਪਣੀ 53ਵੀਂ ਮੀਟਿੰਗ (ਜੂਨ 2020) ਵਿੱਚ ਵਿਚਾਰ ਵਟਾਂਦਰਾ ਕੀਤਾ ਕਿ ਬੋਰਡ ਵੱਲੋਂ ਵੱਖ-ਵੱਖ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਪਰ ਪ੍ਰਚਾਰ ਦੀ ਘਾਟ ਕਾਰਣ ਕਾਮਿਆਂ ਨੂੰ ਇਨ੍ਹਾਂ ਸਕੀਮਾਂ ਬਾਰੇ ਪੂਰੀ ਜਾਣਕਾਰੀ ਨਹੀਂ ਹੈ। ਇਸ ਤੋਂ ਬਾਅਦ, ਬੋਰਡ ਨੇ ਆਈ ਈ ਸੀ ਗਤੀਵਿਧੀਆਂ ਕਰਵਾਉਣ ਦਾ ਫੈਸਲਾ ਕੀਤਾ ਅਤੇ ਬੋਰਡ ਦੇ ਸਹਾਇਕ ਵੈਲਫੇਅਰ ਕਮਿਸ਼ਨਰ (ਏ ਡਬਲਯੂ ਸੀ) ਨੂੰ ਸੂਚਨਾ ਅਤੇ ਲੋਕ ਸੰਪਰਕ ਵਿਭਾਗ (ਡੀ ਆਈ ਪੀ ਆਰ) ਦੁਆਰਾ ਸੂਚੀਬੱਧ ਏਜੰਸੀ ਦੀ ਸਹਾਇਤਾ ਨਾਲ ਬੋਰਡ ਦੇ ਸਰਕਲ ਦਫਤਰਾਂ ਵਿੱਚ ਪ੍ਰਚਾਰ ਗਤੀਵਿਧੀਆਂ ਨੂੰ ਚਲਾਉਣ ਲਈ ਵਿਸਥਾਰਤ ਰੋਡ ਮੈਪ ਤਿਆਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ।

### 5.6.1 ਆਈ ਈ ਸੀ ਗਤੀਵਿਧੀਆਂ ਦਾ ਗੈਰ-ਸੰਚਾਲਨ

ਲੇਖਾ ਪ੍ਰੀਖਿਆ ਨੇ ਵੇਖਿਆ (ਸਤੰਬਰ 2023) ਕਿ ਮਤਾ ਪਾਸ ਕਰਨ ਅਤੇ 2020-2023 ਦੌਰਾਨ ₹ 7.00 ਲੱਖ[10] ਦਾ ਪ੍ਰਵਾਨਿਤ ਬਜਟ ਹੋਣ ਦੇ ਬਾਵਜੂਦ, ਬੋਰਡ ਨੇ ਏ ਡਬਲਯੂ ਸੀ ਦੁਆਰਾ ਵਿਸਥਾਰਤ ਰੋਡ-ਮੈਪ ਨੂੰ ਅੰਤਿਮ ਰੂਪ ਨਾ ਦੇਣ ਕਾਰਣ ਆਈ ਈ ਸੀ ਗਤੀਵਿਧੀਆਂ 'ਤੇ ਕੋਈ ਖਰਚ ਨਹੀਂ ਕੀਤਾ।

ਬੋਰਡ ਕੋਲ ਰਜਿਸਟਰ 35 ਸੰਸਥਾਵਾਂ ਵਿੱਚ ਕੀਤੇ ਗਏ 350 ਕਾਮਿਆਂ ਦੇ ਲਾਭਪਾਤਰੀ ਸਰਵੇਖਣ ਦੌਰਾਨ ਸੰਸਥਾਵਾਂ ਅਤੇ ਕਾਮਿਆਂ ਵਿੱਚ ਭਲਾਈ ਸਕੀਮਾਂ ਪ੍ਰਤੀ ਜਾਗਰੂਕਤਾ ਵਿੱਚ ਪਾਈਆਂ ਗਈਆਂ ਕਮੀਆਂ ਹੇਠ ਲਿਖੇ ਅਨੁਸਾਰ ਸਨ:

---

[10] 2020-21: ₹ 3.00 ਲੱਖ, 2021-22: ₹ 2.00 ਲੱਖ ਅਤੇ 2022-23: ₹ 2.00 ਲੱਖ।

- ਲਗਭਗ 36 *ਪ੍ਰਤੀਸ਼ਤ* ਕਾਮਿਆਂ (126 ਕਾਮਿਆਂ) ਅਤੇ 11 *ਪ੍ਰਤੀਸ਼ਤ* ਸੰਸਥਾਵਾਂ (28 ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਵਿੱਚੋਂ ਤਿੰਨ) ਨੂੰ ਬੋਰਡ ਦੀਆਂ ਭਲਾਈ ਸਕੀਮਾਂ ਬਾਰੇ ਜਾਣਕਾਰੀ ਨਹੀਂ ਸੀ;
- 45 *ਪ੍ਰਤੀਸ਼ਤ* ਕਾਮਿਆਂ (158 ਕਾਮਿਆਂ) ਨੂੰ ਆਪਣੀਆਂ ਸੰਸਥਾਵਾਂ ਜਾਂ ਕਿਸੇ ਹੋਰ ਸ੍ਰੋਤਾਂ ਰਾਹੀਂ ਭਲਾਈ ਸਕੀਮਾਂ ਬਾਰੇ ਪਤਾ ਲੱਗਿਆ; ਅਤੇ
- ਸਿਰਫ 19 *ਪ੍ਰਤੀਸ਼ਤ* ਕਾਮਿਆਂ (66 ਕਾਮਿਆਂ) ਨੇ ਕਿਹਾ ਕਿ ਉਨ੍ਹਾਂ ਨੂੰ ਬੋਰਡ ਰਾਹੀਂ ਲਾਭਾਂ ਦੀ ਜਾਣਕਾਰੀ ਸੀ।

ਬੋਰਡ ਨੇ ਕਿਹਾ (ਫਰਵਰੀ 2024 ਅਤੇ ਨਵੰਬਰ 2024) ਕਿ ਹਿੰਦੀ ਅਤੇ ਪੰਜਾਬੀ ਭਾਸ਼ਾਵਾਂ ਵਿੱਚ ਸੂਚਨਾਤਮਕ ਪੈਂਫਲੇਟ ਫੈਕਟਰੀਆਂ ਅਤੇ ਸਰਕਲ ਦਫਤਰਾਂ ਨੂੰ ਈ-ਮੇਲ ਰਾਹੀਂ ਵੰਡੇ ਗਏ ਸਨ। ਸਾਰੇ ਸਰਕਲਾਂ ਦੇ ਏ ਐਲ ਸੀਜ਼ ਨੂੰ (ਫਰਵਰੀ 2023) ਪਹੁੰਚ ਅਤੇ ਜਾਗਰੂਕਤਾ ਵਧਾਉਣ ਦੇ ਉਦੇਸ਼ ਨਾਲ ਸੈਮੀਨਾਰ ਆਯੋਜਿਤ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਇਸ ਅਨੁਸਾਰ ਫੀਲਡ ਦਫਤਰਾਂ ਨੇ (ਸਤੰਬਰ 2024) ਸੈਮੀਨਾਰ ਅਤੇ ਪ੍ਰਮੁੱਖ ਸਥਾਨਾਂ ਤੇ ਪ੍ਰਦਰਸ਼ਿਤ ਕਰਨ ਲਈ ਸੰਸਥਾਵਾਂ ਨੂੰ ਜਾਣਕਾਰੀ ਭਰਪੂਰ ਪੈਂਫਲੇਟ ਵੰਡੇ। ਬੋਰਡ ਨੇ ਕਿਹਾ ਕਿ ਕੋਵਿਡ-19 ਕਾਰਣ ਆਡੀਓ/ਵੀਡੀਓ ਸਮੱਗਰੀ ਦੇ ਵਿਕਾਸ ਅਤੇ ਲਾਗੂ ਕਰਨ ਵਿੱਚ ਦੇਰੀ ਹੋਈ ਸੀ। ਹਾਲਾਂਕਿ, ਇਸ ਨੇ ਭਰੋਸਾ ਦਿੱਤਾ ਕਿ ਇਸ ਮੁੱਦੇ ਨੂੰ ਉਚਿਤ ਕਾਰਵਾਈ ਲਈ ਆਉਣ ਵਾਲੀ ਬੋਰਡ ਮੀਟਿੰਗ ਵਿੱਚ ਹੱਲ ਕੀਤਾ ਜਾਵੇਗਾ।

ਸਰਕਾਰ ਨੇ ਦੁਹਰਾਇਆ (ਸਤੰਬਰ 2024) ਕਿ ਪ੍ਰਮੁੱਖ ਥਾਵਾਂ ਤੇ ਭਲਾਈ ਸਕੀਮਾਂ ਦੇ ਵੇਰਵੇ ਪ੍ਰਦਰਸ਼ਿਤ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਸਨ ਅਤੇ ਵਿਭਾਗ ਵਰਕਰਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਰਕਲਾਂ ਵਿੱਚ ਸੈਮੀਨਾਰ ਵੀ ਆਯੋਜਿਤ ਕਰ ਰਿਹਾ ਸੀ। ਪ੍ਰਗਤੀ ਦੀ ਹਫਤਾਵਾਰੀ ਨਿਗਰਾਨੀ ਕੀਤੀ ਜਾ ਰਹੀ ਸੀ।

ਬੋਰਡ ਦਾ ਜਵਾਬ ਸੰਤੁਸ਼ਟੀਜਨਕ ਨਹੀਂ ਸੀ ਕਿਉਂਕਿ ਲਗਭਗ ਚਾਰ ਸਾਲਾਂ ਤੋਂ ਡੀ ਆਈ ਪੀ ਆਰ ਨਾਲ ਸਲਾਹ-ਮਸ਼ਵਰਾ ਕਰਕੇ ਅਤੇ ਬਜਟ ਪ੍ਰਬੰਧ ਹੋਣ ਦੇ ਬਾਵਜੂਦ ਬੋਰਡ ਵੱਲੋਂ ਕੋਈ ਆਡੀਓ/ਵੀਡੀਓ ਸਮੱਗਰੀ ਵਿਕਸਤ ਨਾ ਕਰਨ ਕਾਰਣ ਵੱਡੀ ਗਿਣਤੀ ਵਿੱਚ ਕਾਮੇ ਭਲਾਈ ਸਕੀਮਾਂ ਦੇ ਲਾਭਾਂ ਤੋਂ ਅਣਜਾਣ ਸਨ।

### 5.6.2 ਕਾਮਿਆਂ ਦੀ ਗਿਣਤੀ ਅਤੇ ਯੋਗਦਾਨ ਦੇ ਸਬੰਧ ਵਿੱਚ ਭਲਾਈ ਲਾਭਾਂ ਦੀ ਵੰਡ ਵਿੱਚ ਅਸਮਾਨਤਾ

ਸਾਲ 2022-23 ਦੌਰਾਨ, ਨਮੂਨਾ-ਜਾਂਚ ਕੀਤੇ ਗਏ ਸਰਕਲ ਦਫਤਰਾਂ ਵਿੱਚ, 83 ਸੰਸਥਾਵਾਂ ਵਿੱਚ ਕੰਮ ਕਰ ਰਹੇ 1,636 ਬਿਨੈਕਾਰਾਂ (7.16 ਲੱਖ ਯੋਗਦਾਨ ਪਾਉਣ ਵਾਲੇ ਕਾਮਿਆਂ ਵਿੱਚੋਂ 0.23 *ਪ੍ਰਤੀਸ਼ਤ*) ਨੂੰ ਭਲਾਈ ਸਕੀਮਾਂ ਅਧੀਨ ਲਾਭ ਦਿੱਤੇ ਗਏ। ਯੋਗਦਾਨ ਦੀ ਸਰਕਲ-ਵਾਰ ਪ੍ਰਾਪਤੀ ਅਤੇ ਲਾਭਾਂ ਦੀ ਵੰਡ **ਸਾਰਣੀ** 5.1 ਵਿੱਚ ਦਰਸਾਈ ਗਈ ਹੈ।

**ਸਾਰਣੀ 5.1: 2022-23 ਦੌਰਾਨ ਭਲਾਈ ਸਕੀਮਾਂ ਅਧੀਨ ਯੋਗਦਾਨ ਦੀ ਪ੍ਰਾਪਤੀ ਅਤੇ ਲਾਭਾਂ ਦੀ ਵੰਡ**

*(₹ਰਾਸ਼ੀ ਵਿੱਚ)*

| ਸਰਕਲ ਦਾ ਨਾਂਅ | ਵੰਡੇ ਗਏ ਲਾਭ (ਸੰਖਿਆ ਵਿੱਚ) | | | ਲਾਭਾਂ ਦੀ ਵੰਡ (*ਪ੍ਰਤੀਸ਼ਤ* ਵਿੱਚ) | ਯੋਗਦਾਨ ਪ੍ਰਾਪਤੀ | | | ਯੋਗਦਾਨਾਂ ਦੀ ਪ੍ਰਾਪਤੀ (*ਪ੍ਰਤੀਸ਼ਤ* ਵਿੱਚ) |
|---|---|---|---|---|---|---|---|---|
| | ਸੰਸਥਾ | ਕਾਮੇ | ਰਾਸ਼ੀ | | ਸੰਸਥਾ | ਕਾਮੇ* | ਰਾਸ਼ੀ | |
| ਹੁਸ਼ਿਆਰਪੁਰ | 12 | 562 | 1,05,58,000 | 28.43 | 243 | 30,724 | 46,87,600 | 16.42 |
| ਪਟਿਆਲਾ | 13 | 145 | 48,77,000 | 13.13 | 425 | 30,222 | 47,45,775 | 16.63 |
| ਸੰਗਰੂਰ | 26 | 823 | 1,53,26,172 | 41.26 | 395 | 39,738 | 61,26,600 | 21.47 |
| ਲੁਧਿਆਣਾ-4 | 17 | 75 | 43,03,000 | 11.59 | 889 | 64,411 | 1,02,44,775 | 35.90 |
| ਮੋਗਾ | 7 | 13 | 8,44,000 | 2.27 | 125 | 8,521 | 13,44,900 | 4.71 |
| ਜਲੰਧਰ-3 | 7 | 16 | 9,33,000 | 2.51 | 98 | 7,746 | 11,97,900 | 4.20 |
| ਫਿਰੋਜ਼ਪੁਰ | 1 | 2 | 3,00,000 | 0.81 | 32 | 1,101 | 1,91,775 | 0.67 |
| **ਜੋੜ** | **83** | **1,636** | **3,71,41,172** | **100.00** | **2,207** | **1,82,463** | **2,85,39,325** | **100.00** |

*ਸ੍ਰੋਤ: ਵਿਭਾਗੀ ਡਾਟਾ*

** ਕਰਮਚਾਰੀਆਂ ਦੀ ਸੰਖਿਆ ਨੂੰ ਪੂਰਾ ਕਰਨ ਲਈ ਸਾਲ ਦੇ ਦੌਰਾਨ ਭੁਗਤਾਨ ਕੀਤੇ ਗਏ ਘੱਟੋ ਘੱਟ ਯੋਗਦਾਨ ਤੇ ਵਿਚਾਰ ਕੀਤਾ ਗਿਆ ਹੈ।*

ਨਮੂਨਾ-ਜਾਂਚ ਕੀਤੇ ਗਏ ਸਰਕਲ ਦਫਤਰਾਂ ਵਿੱਚ ਸਾਲ 2022-23 ਦੌਰਾਨ ਭਲਾਈ ਸਕੀਮਾਂ ਦਾ ਲਾਭ ਪ੍ਰਾਪਤ ਕਰਨ ਵਾਲੇ ਲਾਭਪਾਤਰੀਆਂ ਦੀ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਸਰਕਲ-ਵਾਰ ਅਤੇ ਸੰਸਥਾ-ਵਾਰ ਭਲਾਈ ਸਕੀਮਾਂ ਅਧੀਨ ਪ੍ਰਾਪਤ ਯੋਗਦਾਨ ਅਤੇ ਲਾਭਾਂ ਵਿਚਕਾਰ ਅਸਮਾਨਤਾਵਾਂ ਦਾ ਖੁਲਾਸਾ ਕੀਤਾ, ਜਿਵੇਂ ਕਿ ਹੇਠਾਂ ਵੇਰਵਾ ਦਿੱਤਾ ਗਿਆ ਹੈ:

- 1,636 ਲਾਭਪਾਤਰੀਆਂ ਵਿੱਚੋਂ, 1,385 (84.66 *ਪ੍ਰਤੀਸ਼ਤ*) ਸਿਰਫ ਦੋ ਸਰਕਲਾਂ ਤੋਂ ਸਨ, *ਭਾਵ* ਸੰਗਰੂਰ (50.31 *ਪ੍ਰਤੀਸ਼ਤ*) ਅਤੇ ਹੁਸ਼ਿਆਰਪੁਰ (34.35 *ਪ੍ਰਤੀਸ਼ਤ*) ਤੋਂ ਸਨ। ਲੇਖਾ ਪ੍ਰੀਖਿਆ ਵਿੱਚ ਸਿਰਫ ਦੋ ਸਰਕਲਾਂ (ਸੰਗਰੂਰ ਅਤੇ ਹੁਸ਼ਿਆਰਪੁਰ) ਵਿੱਚ ਲਾਭਾਂ ਦੀ ਇਕਾਗਰਤਾ ਵੇਖੀ ਗਈ, ਜੋ ਕਿ 45.78 *ਪ੍ਰਤੀਸ਼ਤ* ਸੰਸਥਾਵਾਂ (83 ਸੰਸਥਾਵਾਂ ਵਿੱਚੋਂ 38) ਨੂੰ ਕੁੱਲ ਲਾਭਾਂ ਦਾ 69.69 *ਪ੍ਰਤੀਸ਼ਤ* ਬਣਦਾ ਹੈ। ਦੂਜੇ ਪਾਸੇ, ਬਾਕੀ 30.31 *ਪ੍ਰਤੀਸ਼ਤ* ਲਾਭ ਬਾਕੀ 45 ਸੰਸਥਾਵਾਂ (54.22 *ਪ੍ਰਤੀਸ਼ਤ*) ਦੁਆਰਾ ਪ੍ਰਾਪਤ ਕੀਤੇ ਗਏ ਸਨ ਜਿਵੇਂ ਕਿ ਉਪਰੋਕਤ ਸਾਰਣੀ ਵਿੱਚ ਵੇਰਵਾ ਦਿੱਤਾ ਗਿਆ ਹੈ।

- ਲੁਧਿਆਣਾ-4 ਸਰਕਲ ਦਫਤਰ ਵਿੱਚ ਜ਼ਿਆਦਾਤਰ ਸੰਸਥਾਵਾਂ/ਕਾਮਿਆਂ ਦੀ ਰਜਿਸਟ੍ਰੇਸ਼ਨ ਅਤੇ ਫੰਡ ਵਿੱਚ ਕੁੱਲ ਯੋਗਦਾਨ ਦਾ 35.90 *ਪ੍ਰਤੀਸ਼ਤ* ਯੋਗਦਾਨ ਪਾਉਣ ਦੇ ਬਾਵਜੂਦ, 11.59 *ਪ੍ਰਤੀਸ਼ਤ* ਦੀ ਵਿੱਤੀ ਸਹਾਇਤਾ ਸਿਰਫ 4.58 *ਪ੍ਰਤੀਸ਼ਤ* ਲਾਭਪਾਤਰੀਆਂ ਨੂੰ ਦਿੱਤੀ ਗਈ।

- ਇਸ ਦੇ ਉਲਟ, ਸੰਗਰੂਰ ਸਰਕਲ ਦਫਤਰ ਵਿਖੇ ਰਜਿਸਟਰ ਸੰਸਥਾਵਾਂ ਨੇ ਫੰਡ ਵਿੱਚ ਸਿਰਫ 21.47 *ਪ੍ਰਤੀਸ਼ਤ* ਯੋਗਦਾਨ ਪਾਉਣ ਦੇ ਬਾਵਜੂਦ, ਵੱਖ-ਵੱਖ ਭਲਾਈ ਸਕੀਮਾਂ ਅਧੀਨ ਕੁੱਲ ਵਿੱਤੀ ਸਹਾਇਤਾ ਦਾ ਸਭ ਤੋਂ ਵੱਧ ਭਾਵ 41.26 *ਪ੍ਰਤੀਸ਼ਤ* ਲਾਭ ਉਠਾਇਆ।

ਲੇਖਾ ਪ੍ਰੀਖਿਆ ਵਿੱਚ ਅੱਗੇ ਵੇਖਿਆ ਕਿ 83 ਸੰਸਥਾਵਾਂ ਵਿੱਚੋਂ, ਵੱਖ-ਵੱਖ ਭਲਾਈ ਸਕੀਮਾਂ ਅਧੀਨ ਨਮੂਨਾ-ਜਾਂਚ ਚੈੱਕ ਕੀਤੇ ਗਏ ਸਰਕਲ ਦਫਤਰਾਂ ਵਿੱਚ ਵੰਡੇ ਗਏ ਕੁੱਲ ਲਾਭਾਂ ਵਿੱਚੋਂ 62.80 *ਪ੍ਰਤੀਸ਼ਤ* (₹ 2.33 ਕਰੋੜ) ਸਿਰਫ 10 ਸੰਸਥਾਵਾਂ ਦੇ ਕਰਮਚਾਰੀਆਂ ਦੁਆਰਾ ਪ੍ਰਾਪਤ ਕੀਤੇ ਗਏ ਸਨ।

ਸਰਕਾਰ ਨੇ ਕਿਹਾ (ਸਤੰਬਰ 2024) ਕਿ ਬੋਰਡ ਕਾਮਿਆਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਆਈ ਈ ਸੀ ਗਤੀਵਿਧੀਆਂ ਨੂੰ ਵਧਾਉਣ ਲਈ ਨਿਰੰਤਰ ਯਤਨ ਕਰ ਰਿਹਾ ਸੀ ਤਾਂ ਜੋ ਵੱਧ ਤੋਂ ਵੱਧ ਕਾਮਿਆਂ ਨੂੰ ਲਾਭ ਦਿੱਤਾ ਜਾ ਸਕੇ। ਇਸ ਤੋਂ ਇਲਾਵਾ, ਸਾਰੇ ਸਰਕਲਾਂ ਵਿੱਚ ਭਲਾਈ ਸਕੀਮਾਂ ਦੇ ਲਾਭਾਂ ਦੀ ਅਸਮਾਨ ਵੰਡ ਦੇ ਸਬੰਧ ਵਿੱਚ, ਸਰਕਾਰ ਨੇ (ਸਤੰਬਰ 2024) ਇਸ ਅਸਮਾਨਤਾ ਲਈ ਸੰਗਰੂਰ ਅਤੇ ਹੁਸ਼ਿਆਰਪੁਰ ਸਰਕਲਾਂ ਵਿੱਚ ਕਰਮਚਾਰੀਆਂ ਦੀ ਵਧੇਰੇ ਗਿਣਤੀ ਨੂੰ ਜ਼ਿੰਮੇਵਾਰ ਠਹਿਰਾਇਆ। ਜਵਾਬ ਸੰਤੁਸ਼ਟੀਜਨਕ ਨਹੀਂ ਸੀ ਕਿਉਂਕਿ ਲੁਧਿਆਣਾ-4 ਸਰਕਲ ਵਿੱਚ ਸੰਗਰੂਰ ਅਤੇ ਹੁਸ਼ਿਆਰਪੁਰ ਸਰਕਲਾਂ ਨਾਲੋਂ ਵਰਕਰਾਂ ਅਤੇ ਯੋਗਦਾਨ ਦੀ ਗਿਣਤੀ ਕਾਫੀ ਜ਼ਿਆਦਾ ਸੀ।

ਹਾਲਾਂਕਿ, ਚੋਟੀ ਦੀਆਂ 10 ਸੰਸਥਾਵਾਂ ਨੂੰ ਲਾਭ ਪਹੁੰਚਾਉਣ ਦੇ ਸਬੰਧ ਵਿੱਚ, ਸਰਕਾਰ ਨੇ ਇੱਕ ਵਾਰ ਫਿਰ ਉਨ੍ਹਾਂ ਸੰਸਥਾਵਾਂ ਵਿੱਚ ਵਧੇਰੇ ਕਰਮਚਾਰੀਆਂ ਨੂੰ ਇਸਦਾ ਕਾਰਣ ਦੱਸਿਆ। ਜਦੋਂ ਕਿ, ਅਸਲ ਵਿੱਚ ਇਨ੍ਹਾਂ 10 ਸੰਸਥਾਵਾਂ ਵਿੱਚ 9.31 *ਪ੍ਰਤੀਸ਼ਤ* ਕਾਮੇ ਅਜਿਹੇ ਸਨ ਜਿਨ੍ਹਾਂ ਨੇ ਸਿਰਫ 8.94 *ਪ੍ਰਤੀਸ਼ਤ* ਯੋਗਦਾਨ ਪਾਇਆ ਪਰ 62.80 *ਪ੍ਰਤੀਸ਼ਤ* ਲਾਭ ਪ੍ਰਾਪਤ ਕੀਤਾ।

ਇਸ ਤਰ੍ਹਾਂ, *ਉਪਰੋਕਤ* ਵਿਸ਼ਲੇਸ਼ਣ ਬੋਰਡ ਦੁਆਰਾ ਚਲਾਈਆਂ ਗਈਆਂ ਇੱਕਤਰਫਾ ਆਈ ਈ ਸੀ ਗਤੀਵਿਧੀਆਂ ਨੂੰ ਸਪੱਸ਼ਟ ਤੌਰ ਤੇ ਉਜਾਗਰ ਕਰਦਾ ਹੈ ਜਿਸ ਦੇ ਨਤੀਜੇ ਵਜੋਂ ਨਾ ਸਿਰਫ ਭਲਾਈ ਸਕੀਮਾਂ ਬਾਰੇ ਅਸਮਾਨ ਜਾਗਰੂਕਤਾ ਪੈਦਾ ਹੋਈ ਸੀ ਜਿਵੇਂ ਕਿ ਸੀਮਤ ਸਰਕਲਾਂ ਦੇ ਅੰਦਰ ਲਾਭਾਂ ਦੀ ਪਹੁੰਚ ਅਤੇ ਇਕਾਗਰਤਾ ਦੁਆਰਾ ਦਰਸਾਇਆ ਗਿਆ ਸੀ, ਬਲਕਿ ਉਨ੍ਹਾਂ ਸਰਕਲਾਂ ਦੇ ਅੰਦਰ ਸੀਮਤ ਸੰਸਥਾਵਾਂ ਤੱਕ ਅਸਮਾਨ ਵੰਡ ਵੀ ਦਿਖਾਈ ਗਈ ਸੀ।

## 5.7 ਸੰਸਥਾਵਾਂ ਦੇ ਯੋਗਦਾਨ ਅਤੇ ਰਜਿਸਟ੍ਰੇਸ਼ਨ ਤੇ ਨਿਯੰਤਰਣ ਦੀ ਘਾਟ

### *(i) ਭਲਾਈ ਫੰਡ ਵਿੱਚ ਯੋਗਦਾਨ ਲਈ ਪ੍ਰਭਾਵਸ਼ਾਲੀ ਨਿਗਰਾਨੀ ਪ੍ਰਣਾਲੀਆਂ ਦੀ ਘਾਟ*

ਐਕਟ ਦੀ ਧਾਰਾ 9-ਏ ਅਧੀਨ, ਯੋਗ ਸੰਸਥਾਵਾਂ[11] ਨੂੰ ਫੰਡ ਵਿੱਚ ਯੋਗਦਾਨ[12] ਪਾਉਣਾ ਜ਼ਰੂਰੀ ਹੈ। ਰੁਜ਼ਗਾਰਦਾਤਾਵਾਂ ਨੂੰ ਸਾਲਾਨਾ ਮਿਆਦ ਲਈ ਅਪ੍ਰੈਲ-ਸਤੰਬਰ ਮਿਆਦ ਲਈ 15 ਅਕਤੂਬਰ ਤੱਕ ਅਤੇ ਅਕਤੂਬਰ-ਮਾਰਚ ਦੀ ਮਿਆਦ ਲਈ 15 ਅਪ੍ਰੈਲ ਤੱਕ ਆਪਣੇ ਯੋਗਦਾਨ ਅਤੇ ਆਪਣੇ ਕਰਮਚਾਰੀਆਂ ਦੇ ਯੋਗਦਾਨ ਦੋਵਾਂ ਦਾ ਭੁਗਤਾਨ ਕਰਨਾ ਹੁੰਦਾ ਹੈ। ਤਰੁਟੀਆਂ ਉਦੋਂ ਹੁੰਦੀਆਂ ਹਨ ਜਦੋਂ ਰਜਿਸਟਰਡ ਸੰਸਥਾਵਾਂ ਇਨ੍ਹਾਂ ਸਮਾਂ-ਸੀਮਾਵਾਂ ਨੂੰ ਭੁੱਲ ਜਾਂਦੀਆਂ ਹਨ, ਜਿਸ ਨਾਲ ਪਾਲਣ ਅਤੇ ਫੰਡ ਦੀ ਵਿੱਤੀ ਸਥਿਤੀ ਪ੍ਰਭਾਵਿਤ ਹੁੰਦੀ ਹੈ।

---

11 ਪੰਜਾਬ ਲੇਬਰ ਵੈਲਫੇਅਰ ਫੰਡ ਐਕਟ, 1965 ਦੀ ਧਾਰਾ 2(4) ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ।

12 ਪੰਜਾਬ ਸਰਕਾਰ ਨੇ (ਦਸੰਬਰ 2014) ਵਿੱਚ ਸੋਧ ਕਰਕੇ ਕਰਮਚਾਰੀਆਂ ਲਈ ਯੋਗਦਾਨ ਦੀ ਦਰ "ਪੰਜ ਰੁਪਏ" ਅਤੇ ਰੁਜ਼ਗਾਰਦਾਤਾਵਾਂ ਲਈ ਪ੍ਰਤੀ ਕਰਮਚਾਰੀ ਪ੍ਰਤੀ ਮਹੀਨਾ "ਵੀਹ ਰੁਪਏ" ਕਰ ਦਿੱਤੀ।

ਸਰਕਾਰ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਬੋਰਡ ਕੋਲ ਸੰਸਥਾਵਾਂ ਦੀ ਰਸਮੀ ਰਜਿਸਟ੍ਰੇਸ਼ਨ ਦਾ ਕੋਈ ਪ੍ਰਬੰਧ ਨਹੀਂ ਸੀ। ਹਾਲਾਂਕਿ, ਬੋਰਡ ਦੇ ਡਾਟਾ-ਸੈੱਟਾਂ ਵਿੱਚ ਯੋਗਦਾਨ ਪਾਉਣ ਵਾਲੇ ਅਤੇ ਡਿਫਾਲਟਰ ਸੰਸਥਾਵਾਂ ਨੂੰ ਰਜਿਸਟਰਡ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਸੀ।

31 ਮਾਰਚ 2023 ਤੱਕ, ਬੋਰਡ ਕੋਲ 15,707 ਰਜਿਸਟਰਡ ਸੰਸਥਾਵਾਂ (140 ਡੁਪਲੀਕੇਟ ਸੰਸਥਾਵਾਂ[13] ਨੂੰ ਛੱਡ ਕੇ) ਸਨ, ਜਿਸ ਵਿੱਚ 8,004 ਯੋਗਦਾਨ ਪਾਉਣ ਵਾਲੇ 7,843 ਡਿਫਾਲਟਰ ਸੰਸਥਾਵਾਂ ਸ਼ਾਮਲ ਸਨ। ਇਸ ਦੇ ਵੇਰਵੇ **ਸਾਰਣੀ** 5.2 (ੳ) ਵਿੱਚ ਦਰਸਾਏ ਗਏ ਹਨ:

**ਸਾਰਣੀ 5.2 (ੳ) : 2020-2023 ਦੌਰਾਨ ਪੰਜਾਬ ਲੇਬਰ ਵੈਲਫੇਅਰ ਬੋਰਡ ਦੀਆਂ ਰਜਿਸਟਰਡ ਸੰਸਥਾਵਾਂ ਦੇ ਵੇਰਵੇ**

| ਸਾਲ | ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ | ਡਿਫਾਲਟਰ ਸੰਸਥਾਵਾਂ | ਡੁਪਲੀਕੇਟ ਸੰਸਥਾਵਾਂ | ਡੁਪਲੀਕੇਟ ਸੰਸਥਾਵਾਂ ਨੂੰ ਛੱਡ ਕੇ |
|---|---|---|---|---|
| **1** | **2** | **3** | **4** | **5 (2+3-4)** |
| 2020-21 | 8,891 | 7,209 | 16 | 16,084 |
| 2021-22 | 8,876 | 7,336 | 70 | 16,142 |
| 2022-23 | 8,004 | 7,843 | 140 | 15,707 |

*ਸ੍ਰੋਤ: ਵਿਭਾਗੀ ਡਾਟਾ*

ਜਿਵੇਂ ਕਿ **ਸਾਰਣੀ** 5.2(ੳ) ਤੋਂ ਦੇਖਿਆ ਜਾ ਸਕਦਾ ਹੈ, ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਵਿੱਚ ਲਗਾਤਾਰ ਕਮੀ ਆਈ ਅਤੇ ਇਸਦੇ ਉਲਟ ਡਿਫਾਲਟਰ ਸੰਸਥਾਵਾਂ ਨੇ 2021-2023 ਦੌਰਾਨ ਵਧਦਾ ਰੁਝਾਨ ਦਿਖਾਇਆ।

ਇਸ ਤੋਂ ਇਲਾਵਾ, ਅਗਲੇ ਸਾਲ ਦੌਰਾਨ ਫੰਡ ਵਿੱਚ ਯੋਗਦਾਨ ਪਾਉਣਾ ਬੰਦ ਕਰਨ ਵਾਲੀਆਂ ਸੰਸਥਾਵਾਂ ਦੀ ਸਾਲ-ਵਾਰ ਸਥਿਤੀ **ਸਾਰਣੀ** 5.2 (ਅ) ਵਿੱਚ ਵਿਸਤ੍ਰਿਤ ਹੈ:

**ਸਾਰਣੀ 5.2 (ਅ): 2021-2023 ਦੌਰਾਨ ਯੋਗਦਾਨ ਬੰਦ ਕਰਨ ਅਤੇ ਸ਼ਾਮਲ ਕੀਤੀਆਂ ਗਈਆਂ ਸੰਸਥਾਵਾਂ ਦੇ ਵੇਰਵੇ**

| ਸਾਲ | ਪਿਛਲੇ ਸਾਲ ਤੋਂ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ | ਸਾਲ ਦੌਰਾਨ ਸੰਸਥਾਵਾਂ ਨੇ ਯੋਗਦਾਨ ਪਾਉਣਾ ਬੰਦ ਕਰ ਦਿੱਤਾ | ਸਾਲ ਦੌਰਾਨ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਵਿੱਚ ਸ਼ਾਮਲ ਕੀਤਾ | ਸਾਲ ਦੌਰਾਨ ਸ਼ੁੱਧ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ |
|---|---|---|---|---|
| 2021-22 | 8,891 | 1,624 | 1,609 | 8,876 |
| 2022-23 | 8,876 | 2,189 | 1,317 | 8,004 |

*ਸ੍ਰੋਤ: ਵਿਭਾਗੀ ਡਾਟਾ*

ਇਨ੍ਹਾਂ ਸਾਲਾਂ ਦੌਰਾਨ, ਡਿਫਾਲਟਰ ਸੰਸਥਾਵਾਂ ਦੀ ਗਿਣਤੀ ਲਗਾਤਾਰ ਨਵੇਂ ਯੋਗਦਾਨ ਪਾਉਣ ਵਾਲੇ ਅਦਾਰਿਆਂ ਦੀ ਗਿਣਤੀ ਤੋਂ ਵੱਧ ਰਹੀ।

ਐਕਟ ਜਾਂ ਪੀ ਐਲ ਡਬਲਯੂ ਐਫ ਨਿਯਮਾਂ ਵਿੱਚ ਸੰਸਥਾਵਾਂ ਨੂੰ ਡਿਫਾਲਟ ਹੋਣ ਤੋਂ ਰੋਕਣ ਲਈ ਰੋਕਥਾਮ ਦੇ ਪ੍ਰਬੰਧ ਨਹੀਂ ਸਨ। ਇਸ ਤਰ੍ਹਾਂ, ਬੋਰਡ ਕੋਲ ਫੰਡ ਵਿੱਚ ਨਿਯਮਤ ਯੋਗਦਾਨ ਨੂੰ ਲਾਗੂ ਕਰਨ

---

13 ਡੁਪਲੀਕੇਟ ਸੰਸਥਾਵਾਂ ਦਾ ਮਤਲਬ ਅਜਿਹੀਆਂ ਸੰਸਥਾਵਾਂ ਤੋਂ ਹੈ ਜੋ ਬੋਰਡ ਦੁਆਰਾ ਪ੍ਰਦਾਨ ਕੀਤੇ ਗਏ ਦੋਵਾਂ ਡਾਟਾ-ਸੈਟਾਂ ਵਿੱਚ ਦਿਖਾਈ ਦਿੰਦੀਆਂ ਹਨ, ਭਾਵ ਸਾਲ ਦੌਰਾਨ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਅਤੇ ਡਿਫਾਲਟਰ ਸੰਸਥਾਵਾਂ ਦੇ।

ਦੇ ਅਧਿਕਾਰ ਦੀ ਘਾਟ ਸੀ ਅਤੇ ਡਿਫਾਲਟ ਨੂੰ ਰੋਕਣ ਲਈ ਸੰਸਥਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਯੰਤਰਿਤ ਨਹੀਂ ਕਰ ਸਕਿਆ।

ਬੋਰਡ ਨੇ ਕਿਹਾ (ਫਰਵਰੀ 2024) ਕਿ ਸਰਕਲ ਦਫਤਰਾਂ ਨੂੰ ਡਿਫਾਲਟਰ ਸੰਸਥਾਵਾਂ ਦੀ ਪੈਰਵ੍ਹੀ ਕਰਨ ਲਈ (ਅਕਤੂਬਰ 2023 ਅਤੇ ਫਰਵਰੀ 2024 ਦੇ ਵਿਚਕਾਰ) ਨਿਰਦੇਸ਼ ਜਾਰੀ ਕੀਤੇ ਗਏ ਸਨ, ਅਤੇ ਫੰਡ ਵਿੱਚ ਯੋਗਦਾਨ ਲਈ ਡਿਫਾਲਟਰ ਅਤੇ ਯੋਗ ਸੰਸਥਾਵਾਂ ਦੀ ਨਿਗਰਾਨੀ ਕਰਨ ਲਈ ਇੱਕ ਡਿਜੀਟਲ ਵਿਧੀ ਲਾਗੂ ਕਰਨ ਦਾ ਭਰੋਸਾ ਦਿੱਤਾ ਸੀ। ਬੋਰਡ ਦੀ ਪ੍ਰਤੀਕਿਰਿਆ ਨੂੰ ਮਜ਼ਬੂਤ ਕਰਦਿਆਂ, ਸਰਕਾਰ ਨੇ ਸੂਚਿਤ ਕੀਤਾ (ਸਤੰਬਰ 2024) ਕਿ ਇੱਕ ਡੈਸ਼ਬੋਰਡ ਵਿਕਸਤ ਕੀਤਾ ਗਿਆ ਹੈ ਅਤੇ ਪ੍ਰਭਾਵਸ਼ਾਲੀ ਨਿਗਰਾਨੀ ਅਤੇ ਉਚਿਤ ਕਾਰਵਾਈ ਲਈ ਵਰਤਿਆ ਜਾਵੇਗਾ। ਇਹ ਵੀ ਉਜਾਗਰ ਕੀਤਾ ਗਿਆ ਕਿ ਕੋਵਿਡ-19 ਮਹਾਂਮਾਰੀ ਕਾਰਣ ਬਹੁਤ ਸਾਰੀਆਂ ਸੰਸਥਾਵਾਂ ਦਾ ਸੰਚਾਲਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਸੀ, ਜਿਸ ਦੇ ਨਤੀਜੇ ਵਜੋਂ ਫੰਡ ਯੋਗਦਾਨ ਜਮ੍ਹਾਂ ਕਰਨ ਵਿੱਚ ਦੇਰੀ ਹੋਈ ਸੀ। ਇਸ ਤੋਂ ਇਲਾਵਾ, ਐਕਟ/ਨਿਯਮਾਂ ਵਿੱਚ ਸੋਧ ਕਰਨ ਲਈ ਤਿੰਨ ਮੈਂਬਰਾਂ ਭਾਵ ਫੈਕਟਰੀਆਂ ਦੇ ਡਿਪਟੀ ਡਾਇਰੈਕਟਰ, ਸਹਾਇਕ ਵੈਲਫੇਅਰ ਕਮਿਸ਼ਨਰ ਅਤੇ ਨਿਯੁਕਤ ਕਾਨੂੰਨੀ ਸਹਾਇਕ (ਜਨਵਰੀ 2023) ਦੀ ਕਮੇਟੀ ਦੀ ਰਿਪੋਰਟ ਵਿੱਚ ਸੰਸਥਾਵਾਂ ਨੂੰ ਡਿਫਾਲਟ ਹੋਣ ਤੋਂ ਰੋਕਣ ਲਈ ਕੁਝ ਰੋਕੂ ਵਿਵਸਥਾਵਾਂ ਦਾ ਸੁਝਾਅ ਵੀ ਦਿੱਤਾ ਗਿਆ (ਮਈ 2023) ਹੈ। ਬੋਰਡ ਨੇ ਰੋਕਥਾਮ ਉਪਾਅ ਕਰਨ ਲਈ ਨੀਤੀ ਲਿਆਉਣ ਦਾ ਵੀ ਭਰੋਸਾ ਦਿੱਤਾ (ਨਵੰਬਰ 2024)।

ਹਾਲਾਂਕਿ ਬੋਰਡ ਦੁਆਰਾ ਵਿਕਸਿਤ ਕੀਤੇ ਡੈਸ਼ਬੋਰਡ ਰਾਹੀਂ ਡਿਫਾਲਟਰ ਸੰਸਥਾਵਾਂ ਦੀ ਇੱਕ ਸੂਚੀ ਤਿਆਰ ਕੀਤੀ ਜਾ ਰਹੀ ਸੀ, ਪਰ ਡਿਫਾਲਟਰ ਸੰਸਥਾਵਾਂ ਦੁਆਰਾ ਫੰਡ ਵਿੱਚ ਨਿਯਮਤ ਯੋਗਦਾਨ ਨੂੰ ਯਕੀਨੀ ਬਣਾਉਣ ਲਈ ਵਿਧੀ ਅਜੇ ਤੱਕ ਨਵੰਬਰ 2024 ਤੱਕ ਲਾਗੂ ਨਹੀਂ ਕੀਤੀ ਗਈ ਸੀ। ਇਸ ਤੋਂ ਇਲਾਵਾ, ਕਮੇਟੀ ਦੇ ਸੁਝਾਅ ਅਨੁਸਾਰ ਸੰਸਥਾਵਾਂ ਨੂੰ ਡਿਫਾਲਟ ਹੋਣ ਤੋਂ ਰੋਕਣ ਲਈ ਰੋਕਥਾਮ ਉਪਾਅ ਅਜੇ ਲਾਗੂ ਕੀਤੇ ਜਾਣੇ ਬਾਕੀ ਹਨ (ਜੂਨ 2025)।

### *(ii) ਸੰਸਥਾਵਾਂ ਦੀ ਰਜਿਸਟ੍ਰੇਸ਼ਨ 'ਤੇ ਨਿਗਰਾਨੀ ਦੀ ਘਾਟ*

ਐਕਟ ਦੀ ਧਾਰਾ 2(4) ਦੇ ਅਨੁਸਾਰ, ਸਾਰੀਆਂ ਸੰਸਥਾਵਾਂ ਭਾਵ, (i) ਇੱਕ ਫੈਕਟਰੀ; (ii) ਮੋਟਰ ਓਮਨੀਬਸ ਸਰਵਿਸ; ਜਾਂ (iii) ਕੋਈ ਵੀ ਸੰਸਥਾ, ਜਿਸ ਵਿੱਚ ਸੋਸਾਇਟੀਜ਼ ਰਜਿਸਟ੍ਰੇਸ਼ਨ ਐਕਟ, 1860 ਅਧੀਨ ਰਜਿਸਟਰਡ ਸੁਸਾਇਟੀ ਅਤੇ ਚੈਰੀਟੇਬਲ ਜਾਂ ਹੋਰ ਟਰੱਸਟ ਸ਼ਾਮਲ ਹਨ, ਜੋ ਕੋਈ ਕਾਰੋਬਾਰ ਜਾਂ ਵਪਾਰ ਜਾਂ ਇਸ ਨਾਲ ਜੁੜੇ ਜਾਂ ਇਸ ਨਾਲ ਜੁੜੇ ਕਿਸੇ ਵੀ ਸਹਾਇਕ ਕੰਮ ਨੂੰ ਕਰਦਾ ਹੈ ਅਤੇ ਪਿਛਲੇ ਬਾਰਾਂ ਮਹੀਨਿਆਂ ਦੌਰਾਨ ਕਿਸੇ ਵੀ ਕੰਮਕਾਜੀ ਦਿਨ ਕੰਮ ਕਰ ਰਿਹਾ ਹੈ, ਵੀਹ ਤੋਂ ਵੱਧ ਵਿਅਕਤੀ ਬੋਰਡ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ ਅਤੇ ਫੰਡ ਵਿੱਚ ਯੋਗਦਾਨ ਪਾਉਂਦੇ ਹਨ।

20 ਜਾਂ ਇਸ ਤੋਂ ਵੱਧ ਕਰਮਚਾਰੀਆਂ ਵਾਲੀਆਂ ਸੰਸਥਾਵਾਂ ਲਈ, ਕਰਮਚਾਰੀ ਭਵਿੱਖ ਨਿਧੀ ਸੰਗਠਨ (ਈ ਪੀ ਐਫ ਓ) ਨਾਲ ਰਜਿਸਟ੍ਰੇਸ਼ਨ ਕਰਮਚਾਰੀ ਭਵਿੱਖ ਨਿਧੀ ਅਤੇ ਵਿਭਿੰਨ ਪ੍ਰਬੰਧ ਐਕਟ, 1952 ਦੇ ਅਧੀਨ ਕਾਨੂੰਨੀ ਜ਼ਰੂਰਤ ਸੀ। ਬੋਰਡ ਦੇ ਦਾਇਰੇ ਵਿੱਚ ਆਉਣ ਲਈ ਕਿਸੇ ਸੰਸਥਾ ਲਈ ਸਮਾਨ ਯੋਗਤਾ ਮਾਪਦੰਡਾਂ ਨੂੰ ਧਿਆਨ ਵਿੱਚ ਰੱਖਦੇ ਹੋਏ 31 ਮਾਰਚ 2023 ਤੱਕ ਪੰਜ

ਜ਼ਿਲ੍ਹਿਆਂ[14] (ਸਤੰਬਰ 2023) ਵਿੱਚ ਈ ਪੀ ਐਫ ਓ ਦੁਆਰਾ ਕਵਰ ਕੀਤੇ ਗਏ 5,649 ਸੰਸਥਾਵਾਂ[15] ਦੀ ਤੁਲਨਾ ਪੀ ਐਲ ਡਬਲਯੂ ਐਫ ਵਿੱਚ ਇਨ੍ਹਾਂ ਪੰਜ ਜ਼ਿਲ੍ਹਿਆਂ ਵਿੱਚ ਯੋਗਦਾਨ ਪਾਉਣ ਵਾਲੇ/ਡਿਫਾਲਟ ਕਰਨ ਵਾਲੇ 8,234 ਸੰਸਥਾਵਾਂ ਨਾਲ ਕੀਤੀ ਗਈ ਸੀ। ਦੋਵਾਂ ਬਰਾਬਰ ਡਾਟਾਸੈਟਾਂ ਦੇ ਲੇਖਾ ਪ੍ਰੀਖਿਆ ਵਿਸ਼ਲੇਸ਼ਣ ਨੇ ਸਿਰਫ 504 ਆਮ ਸੰਸਥਾਵਾਂ (ਨੌਂ *ਪ੍ਰਤੀਸ਼ਤ*) ਨੂੰ ਦਰਸਾਇਆ। ਨਤੀਜੇ ਵਜੋਂ, ਇਨ੍ਹਾਂ ਪੰਜ ਜ਼ਿਲ੍ਹਿਆਂ ਵਿੱਚ 5,145 ਯੋਗ ਸੰਸਥਾਵਾਂ ਬੋਰਡ ਦੇ ਦਾਇਰੇ ਤੋਂ ਬਾਹਰ ਰਹੀਆਂ।

ਇਹ ਇਸ ਤੱਥ ਦਾ ਸੰਕੇਤ ਹੈ ਕਿ ਬੋਰਡ ਕੋਲ ਯੋਗ ਸੰਸਥਾਵਾਂ ਨੂੰ ਬੋਰਡ ਦੇ ਦਾਇਰੇ ਵਿੱਚ ਲਿਆਉਣ ਲਈ ਕੋਈ ਵਿਧੀ ਨਹੀਂ ਸੀ। ਇਸ ਮੁੱਦੇ ਨੂੰ ਹੱਲ ਕਰਨਾ ਬੋਰਡ ਲਈ ਆਪਣੇ ਕਵਰੇਜ ਦਾ ਵਿਸਥਾਰ ਕਰਨਾ ਅਤੇ ਯਕੀਨੀ ਬਣਾਉਣਾ ਮਹੱਤਵਪੂਰਨ ਸੀ ਕਿ ਵਧਰੇ ਕਾਮੇ ਇਸ ਦੀਆਂ ਭਲਾਈ ਸਕੀਮਾਂ ਦਾ ਲਾਭ ਲੈ ਸਕਣ। ਇਸ ਤੋਂ ਇਲਾਵਾ, ਬੋਰਡ ਕੋਲ ਕਾਮਿਆਂ ਨੂੰ ਵਿਲੱਖਣ ਪਛਾਣ ਨੰਬਰ ਜਾਰੀ ਕਰਨ ਦੀ ਪ੍ਰਣਾਲੀ ਵੀ ਨਹੀਂ ਸੀ।

ਬੋਰਡ ਨੇ ਲੇਖਾ ਪ੍ਰੀਖਿਆ ਨਿਰੀਖਣ ਨੂੰ ਸਵੀਕਾਰ ਕੀਤਾ (ਫਰਵਰੀ 2024) ਅਤੇ ਦੱਸਿਆ ਕਿ ਸਰਕਲ ਦਫਤਰਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਲਾਭਪਾਤਰੀਆਂ ਦੇ ਅਧਾਰ ਨੂੰ ਵਧਾਉਣ ਲਈ ਈ ਪੀ ਐਫ ਓ ਨਾਲ ਰਜਿਸਟਰਡ ਸੰਸਥਾਵਾਂ ਤੇ ਵਿਚਾਰ ਕਰਨ ਅਤੇ ਪੋਰਟਲ ਵਿੱਚ ਹਰੇਕ ਬਿਨੈਕਾਰ ਦਾ ਵਿਲੱਖਣ ਪਛਾਣ ਨੰਬਰ ਤਿਆਰ ਕਰਨ ਦਾ ਪ੍ਰਸਤਾਵ ਹੈ। ਸਰਕਾਰ ਨੇ ਜ਼ੋਰ ਦੇ ਕੇ ਕਿਹਾ (ਸਤੰਬਰ 2024) ਕਿ ਰਜਿਸਟ੍ਰੇਸ਼ਨ ਇੱਕ ਨਿਰੰਤਰ ਪ੍ਰਕਿਰਿਆ ਹੈ ਅਤੇ ਬੋਰਡ ਵਧੇਰੇ ਕਾਮਿਆਂ ਨੂੰ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਦੇਣ ਲਈ ਅਧਾਰ ਨੂੰ ਵਧਾਉਣ ਲਈ ਨਿਰੰਤਰ ਕੋਸ਼ਿਸ਼ ਕਰਦਾ ਹੈ ਅਤੇ ਸੂਚਿਤ ਕੀਤਾ ਕਿ ਕਿਰਤ ਵਿਭਾਗ ਈ ਪੀ ਐਫ ਓ ਤੋਂ ਸੂਚੀ ਪ੍ਰਾਪਤ ਕਰਨ ਤੋਂ ਬਾਅਦ ਨੋਟਿਸ ਜਾਰੀ ਕਰ ਰਿਹਾ ਸੀ।

ਸਰਕਾਰ ਨੇ ਅੱਗੇ ਸੂਚਿਤ ਕੀਤਾ (ਸਤੰਬਰ 2024) ਕਿ ਰਜਿਸਟਰਡ ਸੰਸਥਾਵਾਂ ਦੇ ਕਾਮਿਆਂ ਦੇ ਅਧਾਰ ਨੰਬਰ ਨੂੰ ਵਿਲੱਖਣ ਪਛਾਣ ਨੰਬਰ (ਯੂ ਆਈ ਐਨ) ਮੰਨਿਆ ਜਾਂਦਾ ਹੈ। ਹਾਲਾਂਕਿ, ਲੇਖਾ ਪ੍ਰੀਖਿਆ ਵਿੱਚ ਦੇਖਿਆ ਗਿਆ ਕਿ ਸਿਰਫ ਭਲਾਈ ਸਕੀਮਾਂ ਦੇ ਲਾਭਪਾਤਰੀਆਂ ਦੇ ਆਧਾਰ ਨੰਬਰ ਦੀ ਈ-ਲੇਬਰ ਪੋਰਟਲ ਰਾਹੀਂ ਪੁਸ਼ਟੀ ਕੀਤੀ ਗਈ ਸੀ ਅਤੇ ਹਰੇਕ ਯੋਗਦਾਨ ਪਾਉਣ ਵਾਲੇ ਕਾਮੇ ਦੇ ਆਧਾਰ ਵੇਰਵੇ ਡੈਸ਼ਬੋਰਡ ਵਿੱਚ ਕੈਪਚਰ ਨਹੀਂ ਕੀਤੇ ਗਏ ਸਨ। ਨਤੀਜੇ ਵਜੋਂ, ਯੂ ਆਈ ਐਨ ਰਾਹੀਂ ਵਿਅਕਤੀਗਤ ਵਰਕਰ ਪਛਾਣ ਦੀ ਸ਼ੁਰੂਆਤ ਅਜੇ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤੀ ਜਾਣੀ ਸੀ।

ਹਾਲਾਂਕਿ, ਸਾਰੀਆਂ ਸੰਸਥਾਵਾਂ ਨੂੰ ਕਵਰ ਕਰਨ ਬਾਰੇ ਅੰਤਿਮ ਕਾਰਵਾਈ ਦੀ ਅਜੇ ਉਡੀਕ ਕੀਤੀ ਜਾ ਰਹੀ ਸੀ (ਨਵੰਬਰ 2024)।

---

14 ਈ ਪੀ ਐਫ ਓ ਦੇ ਚੰਡੀਗੜ੍ਹ ਖੇਤਰ ਅਧੀਨ ਆਉਣ ਵਾਲੇ ਜ਼ਿਲ੍ਹਿਆਂ ਜਿਵੇਂ ਕਿ i) ਫਤਿਹਗੜ੍ਹ ਸਾਹਿਬ; ii) ਲੁਧਿਆਣਾ; ii) ਪਟਿਆਲਾ; iv) ਰੂਪਨਗਰ; ਅਤੇ v) ਐਸ ਏ ਐਸ ਨਗਰ ਨੂੰ ਵਿਸ਼ਲੇਸ਼ਣ ਲਈ ਵਿਚਾਰਿਆ ਗਿਆ ਸੀ।

15 ਅੰਕੜਿਆਂ ਨੂੰ ਸਾਫ ਕਰਨ ਅਤੇ ਬਰਾਬਰ ਕਰਨ ਲਈ, ਚੰਡੀਗੜ੍ਹ ਵਿਖੇ ਰਜਿਸਟਰਡ ਸੰਸਥਾਵਾਂ ਅਤੇ ਬੰਦ ਸੰਸਥਾਵਾਂ ਨੂੰ 5,649 ਸੰਸਥਾਵਾਂ ਤੱਕ ਪਹੁੰਚਣ ਲਈ ਬਾਹਰ ਰੱਖਿਆ ਗਿਆ ਸੀ।

## 5.8 ਸ਼ਾਸਨ ਅਤੇ ਜਵਾਬਦੇਹੀ

ਸ਼ਾਸਨ ਅਤੇ ਜਵਾਬਦੇਹੀ ਪ੍ਰਭਾਵਸ਼ਾਲੀ ਪ੍ਰਸ਼ਾਸਨ ਦੇ ਬੁਨਿਆਦੀ ਥੰਮ੍ਹ ਹਨ, ਜੋ ਜਨਤਕ ਸੇਵਾਵਾਂ ਦੀ ਕੁਸ਼ਲ ਡਿਲੀਵਰੀ ਅਤੇ ਸਮੂਹਕ ਸਮਾਜਿਕ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਹਨ।

### 5.8.1 ਮੀਟਿੰਗਾਂ ਕਰਨ ਵਿੱਚ ਕਮੀ ਅਤੇ ਭੰਗ ਕੀਤੇ ਬੋਰਡ ਦੇ ਪੁਨਰਗਠਨ ਵਿੱਚ ਅਸਧਾਰਨ ਦੇਰੀ

**(i)** ਪੀ ਐਲ ਡਬਲਯੂ ਐਫ ਨਿਯਮਾਂ ਦੇ ਨਿਯਮ 10 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਬੋਰਡ ਹਰ ਤਿਮਾਹੀ ਵਿੱਚ ਘੱਟੋ ਘੱਟ ਇੱਕ ਵਾਰ ਅਤੇ ਆਪਣੇ ਕਾਰੋਬਾਰ ਨੂੰ ਚਲਾਉਣ ਲਈ ਜਿੰਨੀ ਵਾਰ ਜ਼ਰੂਰੀ ਹੋਵੇ ਮੀਟਿੰਗ ਕਰੇਗਾ। ਐਕਟ ਦੀ ਧਾਰਾ 7(1) ਦੇ ਅਨੁਸਾਰ, ਬੋਰਡ ਦੇ ਮੈਂਬਰ ਦੇ ਅਹੁਦੇ ਦੀ ਮਿਆਦ ਉਸ ਤਾਰੀਖ ਤੋਂ ਤਿੰਨ ਸਾਲ ਹੋਵੇਗੀ ਜਿਸ ਦਿਨ ਮੈਂਬਰ ਦੀ ਨਾਮਜ਼ਦਗੀ ਸਰਕਾਰੀ ਗਜ਼ਟ ਵਿੱਚ ਨੋਟੀਫਾਈ ਕੀਤੀ ਜਾਂਦੀ ਹੈ।

ਲੇਖਾ ਪ੍ਰੀਖਿਆ ਨੇ ਵੇਖਿਆ (ਜੁਲਾਈ 2023) ਕਿ ਬੋਰਡ ਨੇ 1 ਅਪ੍ਰੈਲ 2020 ਤੋਂ 31 ਮਾਰਚ 2023 ਦੇ ਵਿਚਕਾਰ ਨਿਰਧਾਰਤ ਘੱਟੋ ਘੱਟ 11 ਮੀਟਿੰਗਾਂ ਦੇ ਮੁਕਾਬਲੇ ਸਿਰਫ ਦੋ ਮੀਟਿੰਗਾਂ[16] ਕੀਤੀਆਂ ਕਿਉਂਕਿ ਬੋਰਡ ਨੂੰ ਦਸੰਬਰ 2022 ਵਿੱਚ ਤਿੰਨ ਸਾਲ ਦਾ ਕਾਰਜਕਾਲ ਪੂਰਾ ਹੋਣ ਤੇ ਭੰਗ ਕਰ ਦਿੱਤਾ ਗਿਆ ਸੀ। ਇਸ ਨਾਲ ਨੌਂ ਮੀਟਿੰਗਾਂ (82 *ਪ੍ਰਤੀਸ਼ਤ*) ਦੀ ਕਮੀ ਆਈ।

ਬੋਰਡ ਨੇ ਕਿਹਾ (ਫਰਵਰੀ 2024) ਕਿ 2020 ਤੋਂ 2022 ਦੀ ਮਿਆਦ ਲਈ ਮੀਟਿੰਗਾਂ ਚੇਅਰਮੈਨ ਅਤੇ ਮੈਂਬਰਾਂ ਦੀ ਸਹੂਲਤ ਅਤੇ ਕੋਵਿਡ ਦੇ ਮੌਜੂਦਾ ਹਾਲਾਤ ਦੇ ਅਨੁਸਾਰ ਕੀਤੀਆਂ ਗਈਆਂ ਸਨ। ਬੋਰਡ ਨੇ ਅੱਗੇ ਭਰੋਸਾ ਦਿੱਤਾ ਕਿ ਬੋਰਡ ਦੇ ਗਠਨ ਤੋਂ ਬਾਅਦ, ਉਹ ਪੀ ਐਲ ਡਬਲਯੂ ਐਫ ਦੇ ਨਿਯਮਾਂ ਅਨੁਸਾਰ ਬੋਰਡ ਦੀਆਂ ਮੀਟਿੰਗਾਂ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰੇਗਾ।

ਬੋਰਡ ਦਾ ਜਵਾਬ ਸੰਤੁਸ਼ਟੀਜਨਕ ਨਹੀਂ ਸੀ, ਕਿਉਂਕਿ ਬੋਰਡ ਨੇ ਪੀ ਐਲ ਡਬਲਯੂ ਐਫ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਜੋ ਸਹੀ ਸ਼ਾਸਨ ਲਈ ਜ਼ਰੂਰੀ ਸਨ। ਹਾਲਾਂਕਿ ਇਸ ਸਮੇਂ ਦੌਰਾਨ ਕੋਵਿਡ ਮਹਾਂਮਾਰੀ ਨੇ ਭੌਤਿਕ ਮੀਟਿੰਗਾਂ ਨੂੰ ਸੀਮਤ ਕਰ ਦਿੱਤਾ, ਪਰ ਆਨਲਾਈਨ ਮੀਟਿੰਗਾਂ ਦਾ ਵੀ ਸਹਾਰਾ ਨਹੀਂ ਲਿਆ ਗਿਆ। ਇੱਥੋਂ ਤੱਕ ਕਿ ਤਿੰਨ ਸਾਲਾਂ ਦੀ ਤੁਰੰਤ ਪਿਛਲੀ ਮਿਆਦ ਭਾਵ ਅਪ੍ਰੈਲ 2017 ਤੋਂ ਮਾਰਚ 2020 ਵਿੱਚ, ਜਦੋਂ ਕੋਵਿਡ ਪਾਬੰਦੀਆਂ ਨਹੀਂ ਸਨ, ਬੋਰਡ ਨੇ ਇਸੇ ਰੁਝਾਨ ਦੀ ਪਾਲਣਾ ਕੀਤੀ ਅਤੇ 12 ਮੀਟਿੰਗਾਂ ਦੀ ਜ਼ਰੂਰਤ ਦੇ ਮੁਕਾਬਲੇ ਸਿਰਫ ਦੋ ਮੀਟਿੰਗਾਂ[17] ਬੁਲਾਈਆਂ।

ਸਰਕਾਰ ਨੇ ਕਿਹਾ (ਸਤੰਬਰ 2024) ਕਿ ਬੋਰਡ ਦਾ ਪੁਨਰਗਠਨ ਮਾਰਚ 2024 ਵਿੱਚ ਕੀਤਾ ਗਿਆ ਸੀ। ਹਾਲਾਂਕਿ, 16 ਮਾਰਚ 2024 ਤੋਂ 6 ਜੂਨ 2024 ਤੱਕ ਲਾਗੂ ਲੋਕ ਸਭਾ ਚੋਣਾਂ ਲਈ ਚੋਣ ਜ਼ਾਬਤੇ ਕਾਰਣ ਕੋਈ ਮੀਟਿੰਗ ਨਹੀਂ ਹੋ ਸਕੀ। ਇਹ ਵੀ ਕਿਹਾ ਗਿਆ ਕਿ ਬੋਰਡ ਦੀਆਂ ਮੀਟਿੰਗਾਂ ਦੀ ਅਣਹੋਂਦ ਨੇ ਕੰਮਕਾਜ ਤੇ ਮਾੜਾ ਅਸਰ ਨਹੀਂ ਪਾਇਆ ਸੀ, ਕਿਉਂਕਿ ਵੈਲਫੇਅਰ ਕਮਿਸ਼ਨਰ, ਪੰਜਾਬ ਕੋਲ ਸਕੀਮਾਂ ਨੂੰ ਮਨਜ਼ੂਰੀ ਦੇਣ ਅਤੇ ਫੰਡ ਵੰਡਣ ਦਾ ਅਧਿਕਾਰ ਸੀ।

---

16 53ਵੀਂ ਮੀਟਿੰਗ 10 ਜੂਨ 2020 ਨੂੰ ਅਤੇ 54ਵੀਂ ਮੀਟਿੰਗ 30 ਨਵੰਬਰ 2022 ਨੂੰ।

17 51ਵੀਂ ਮੀਟਿੰਗ 2 ਜੂਨ 2018 ਨੂੰ ਅਤੇ 52ਵੀਂ ਮੀਟਿੰਗ 26 ਫਰਵਰੀ 2019 ਨੂੰ।

**(ii)** ਲੇਖਾ ਪ੍ਰੀਖਿਆ ਵਿੱਚ ਅੱਗੇ ਵੇਖਿਆ ਗਿਆ ਕਿ ਬੋਰਡ ਦੇ ਪੁਨਰਗਠਨ ਦੀ ਪ੍ਰਕਿਰਿਆ ਜੂਨ 2022 ਵਿੱਚ ਸ਼ੁਰੂ ਕੀਤੀ ਗਈ ਸੀ, ਭਾਵ ਮੌਜੂਦਾ ਬੋਰਡ ਕਾਰਜਕਾਲ ਪੂਰਾ ਹੋਣ ਤੋਂ ਛੇ ਮਹੀਨੇ ਪਹਿਲਾਂ, ਪਰ ਬੋਰਡ ਦੇ ਪੁਨਰਗਠਨ ਲਈ ਮਾਰਚ 2024 ਤੱਕ 21 ਮਹੀਨੇ[18] ਲੱਗ ਗਏ। ਰੁਜ਼ਗਾਰਦਾਤਾਵਾਂ ਦੇ ਛੇ ਪ੍ਰਤੀਨਿਧੀ ਮੈਂਬਰਾਂ ਦੀ ਨਿਯੁਕਤੀ ਦੀ ਅਣਹੋਂਦ ਵਿੱਚ, ਗਠਿਤ ਬੋਰਡ ਵਿੱਚ ਨਿਰਧਾਰਤ 18 ਮੈਂਬਰਾਂ ਦੀ ਘਾਟ ਕਾਰਣ ਹੋਈ ਬੋਰਡ ਮੀਟਿੰਗ ਨਹੀਂ ਬੁਲਾਈ ਗਈ। ਇਸ ਤਰ੍ਹਾਂ, ਪੂਰੇ ਬੋਰਡ ਦੀ ਹੋਂਦ ਨਾ ਹੋਣ ਅਤੇ ਮੀਟਿੰਗ ਨਾ ਬੁਲਾਉਣ ਕਾਰਣ, ਹੇਠਾਂ ਵੇਰਵੇ ਦਿੱਤੇ ਏਜੰਡੇ ਦੀਆਂ ਆਇਟਮਾਂ ਲੋੜ ਤੋਂ ਵੱਧ ਸਮੇਂ ਤੱਕ ਹੱਲ ਨਹੀਂ ਕੀਤੀਆਂ ਗਈਆਂ। ਇਨ੍ਹਾਂ ਵਿੱਚ ਉਹ ਆਇਟਮਾਂ ਵੀ ਸ਼ਾਮਲ ਸਨ ਜਿਨ੍ਹਾਂ 'ਤੇ ਬੋਰਡ ਦੀ 30 ਨਵੰਬਰ 2022 ਦੀ ਪਿਛਲੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਕੀਤੇ ਗਏ ਸਨ ਅਤੇ ਅੰਤਿਮ ਰੂਪ ਦਿੱਤਾ ਜਾਣਾ ਬਾਕੀ ਸੀ:

- ਪੀ ਐਲ ਡਬਲਯੂ ਬੀ ਵੱਲੋਂ ਆਪਣੇ ਫੰਡਾਂ ਦੀ ਵਰਤੋਂ ਕਰਕੇ ਬਣਾਏ ਗਏ ਇਸ ਮਾਡਲ ਵੈਲਫੇਅਰ ਸੈਂਟਰ, ਐਸ ਏ ਐਸ ਨਗਰ (ਐਮ ਡਬਲਯੂ ਸੀ) ਦੇ ਕਬਜ਼ਾਧਾਰੀਆਂ (ਬੀ ਓ ਸੀ ਡਬਲਯੂ ਬੋਰਡ ਅਤੇ ਕਿਰਤ ਵਿਭਾਗ) ਤੋਂ ਬਕਾਇਆ ਕਿਰਾਇਆ ਵਸੂਲਣ ਲਈ ਗਮਾਡਾ ਦੀ ਪ੍ਰਵਾਨਗੀ ਲਈ ਐਮ ਡਬਲਯੂ ਸੀ ਦੇ ਨਕਸ਼ਿਆਂ ਵਿੱਚ ਸੋਧ।
- ਐਕਟ/ਨਿਯਮਾਂ ਦੀਆਂ ਧਾਰਾਵਾਂ ਵਿੱਚ ਸੋਧ ਅਤੇ ਸਟਾਫ[19] ਦੇ ਪੁਨਰਗਠਨ ਲਈ ਕਿਰਤ ਵਿਭਾਗ ਦੇ ਅਧਿਕਾਰੀਆਂ ਦੀ ਕਮੇਟੀ ਦਾ ਗਠਨ ਅਤੇ ਸੇਵਾ ਉਪ-ਨਿਯਮਾਂ ਵਿੱਚ ਸੋਧ ਲਈ ਆਪਣੀ ਰਿਪੋਰਟ ਸੌਂਪਣ ਲਈ ਤਿੰਨ ਮਹੀਨਿਆਂ ਦੀ ਸਮਾਂ-ਸੀਮਾ ਦੇ ਨਾਲ।

ਸਰਕਾਰ ਨੇ ਲੰਬਿਤ ਪਏ ਮੁੱਦਿਆਂ ਨਾਲ ਸਹਿਮਤ ਹੁੰਦੇ ਹੋਏ ਭਰੋਸਾ ਦਿੱਤਾ (ਸਤੰਬਰ 2024) ਕਿ ਇਨ੍ਹਾਂ ਏਜੰਡੇ ਦੀਆਂ ਆਇਟਮਾਂ ਤੇ ਕਾਰਵਾਈ ਰਿਪੋਰਟ ਅਗਲੀ ਬੋਰਡ ਮੀਟਿੰਗ ਵਿੱਚ ਰੱਖੀ ਜਾਵੇਗੀ ਤਾਂ ਜੋ ਜ਼ਿਕਰ ਕੀਤੇ ਮੁੱਦਿਆਂ ਨੂੰ ਹੱਲ ਕੀਤਾ ਜਾ ਸਕੇ।

ਇੱਕ ਤਿਮਾਹੀ ਵਿੱਚ ਇੱਕ ਵੀ ਮੀਟਿੰਗ ਨਾ ਬੁਲਾਉਣ ਦਾ ਰੁਝਾਨ ਨਿਯਮਤ ਕਾਰੋਬਾਰੀ ਲੈਣ-ਦੇਣ ਰਾਹੀਂ ਪ੍ਰਭਾਵਸ਼ਾਲੀ ਸ਼ਾਸਨ ਨੂੰ ਯਕੀਨੀ ਬਣਾਉਣ ਲਈ ਬੋਰਡ ਦੁਆਰਾ ਵਚਨਬੱਧਤਾ ਦੀ ਘਾਟ ਨੂੰ ਦਰਸਾਉਂਦਾ ਹੈ। ਨਿਯਮਤ ਮੀਟਿੰਗਾਂ ਦੀ ਅਣਹੋਂਦ ਨੇ ਬੋਰਡ ਦੀ ਕਾਰਗੁਜ਼ਾਰੀ ਅਤੇ ਜਵਾਬਦੇਹੀ ਨੂੰ ਪ੍ਰਭਾਵਤ ਕੀਤਾ, ਜਿਵੇਂ ਕਿ ਅਗਲੇ ਪੈਰ੍ਹਿਆਂ ਵਿੱਚ ਵੇਰਵਾ ਦਿੱਤਾ ਗਿਆ ਹੈ।

### 5.8.2 ਨਿਰੀਖਣਾਂ ਦੀ ਮਹੱਤਵਪੂਰਣ ਘਾਟ ਅਤੇ ਬੇਲੋੜੀਆਂ ਜਾਂਚਾਂ

ਪੀ ਐਲ ਡਬਲਯੂ ਐਫ ਨਿਯਮਾਂ ਦੇ ਨਿਯਮ 19 ਦੇ ਨਾਲ ਪੜ੍ਹੀ ਗਈ ਐਕਟ ਦੀ ਧਾਰਾ 15 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕਿਰਤ ਭਲਾਈ ਇੰਸਪੈਕਟਰ ਇਸ ਐਕਟ ਦੇ ਉਦੇਸ਼ਾਂ ਨੂੰ ਪੂਰਾ

---

[18] ਵਿਭਾਗ ਨੇ ਬੋਰਡ ਨੂੰ ਮਾਰਚ 2023 ਵਿੱਚ ਹਰੇਕ ਨਾਮਜ਼ਦ ਲਈ ਨਾਮਜ਼ਦਗੀਆਂ ਦੁਬਾਰਾ ਜਮ੍ਹਾਂ ਕਰਨ ਲਈ ਕਿਹਾ ਅਤੇ ਬੋਰਡ ਨੇ ਅਗਸਤ 2023 ਵਿੱਚ ਇਸ ਨੂੰ ਦੁਬਾਰਾ ਜਮ੍ਹਾਂ ਕਰਨ ਲਈ ਕਿਹਾ।

[19] ਸਟਾਫ ਦਾ ਪੁਨਰਗਠਨ ਅਤੇ ਸੇਵਾ ਉਪ-ਨਿਯਮਾਂ ਦੀ ਸੋਧ ਲਈ 18 ਜਨਵਰੀ 2023 ਨੂੰ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸ ਨੂੰ ਆਪਣੀ ਰਿਪੋਰਟ ਸੌਂਪਣ ਲਈ ਤਿੰਨ ਮਹੀਨਿਆਂ ਦੀ ਸਮਾਂ ਸੀਮਾ ਦਿੱਤੀ ਗਈ ਸੀ, ਜਿਸਦਾ ਪੁਨਰਗਠਨ 26 ਮਈ 2023 ਨੂੰ ਕੀਤਾ ਗਿਆ ਸੀ ਪਰ ਕਮੇਟੀ ਦੀ ਰਿਪੋਰਟ ਦੀ ਅਜੇ ਉਡੀਕ ਕੀਤੀ ਜਾ ਰਹੀ ਸੀ (ਅਗਸਤ 2024)।

ਕਰਨ ਲਈ ਕਿਸੇ ਵੀ ਇਮਾਰਤ ਵਿੱਚ ਦਾਖਲ ਹੋ ਸਕਦਾ ਹੈ ਜਿਵੇਂ ਕਿ ਫੰਡ ਵਿੱਚ ਭੁਗਤਾਨਯੋਗ ਰਾਸ਼ੀ ਦੇ ਸਬੰਧ ਵਿੱਚ ਰਿਕਾਰਡਾਂ ਦੀ ਜਾਂਚ ਕਰਨਾ ਅਤੇ ਕਿਸੇ ਵੀ ਰੁਜ਼ਗਾਰਦਾਤਾ ਨੂੰ ਉਸਦੇ ਨਿਰੀਖਣ ਲਈ ਲੋੜੀਂਦਾ ਕੋਈ ਦਸਤਾਵੇਜ਼ ਪੇਸ਼ ਕਰਨ ਦੀ ਮੰਗ ਕਰਨ ਦੀ ਸ਼ਕਤੀ ਹੋਵੇਗੀ। ਇਸ ਤੋਂ ਇਲਾਵਾ, ਕਿਰਤ ਇੰਸਪੈਕਟਰਾਂ ਨੂੰ ਭਲਾਈ ਸਕੀਮਾਂ ਅਧੀਨ ਅਰਜ਼ੀਆਂ ਦੇ ਪ੍ਰਮਾਣ ਪੱਤਰਾਂ ਦੀ ਤਸਦੀਕ ਕਰਨ ਅਤੇ ਰਜਿਸਟਰਡ ਸੰਸਥਾਵਾਂ ਵਿੱਚ ਐਕਟ ਦੀ ਪਾਲਣਾ ਦਾ ਨਿਰੀਖਣ ਕਰਨ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ (ਜੂਨ 2024) ਕਿ ਹਾਲਾਂਕਿ ਬੋਰਡ ਵਿੱਚ ਕਿਰਤ ਭਲਾਈ ਇੰਸਪੈਕਟਰ ਦੀ ਸਿਰਫ ਇੱਕ ਮਨਜ਼ੂਰਸ਼ੁਦਾ ਅਸਾਮੀ ਸੀ, ਫਿਰ ਵੀ ਇਹ ਲੇਖਾ ਪ੍ਰੀਖਿਆ ਅਧੀਨ ਕਵਰ ਕੀਤੀ ਮਿਆਦ (2020-23) ਦੌਰਾਨ ਖਾਲੀ ਰਹੀ। ਇਹ ਵੀ ਦੇਖਿਆ ਗਿਆ ਕਿ ਕਿਰਤ ਵਿਭਾਗ ਦੇ ਕਿਰਤ ਇੰਸਪੈਕਟਰਾਂ ਨੇ ਵਿਭਾਗ ਵਿੱਚ ਆਪਣੀਆਂ ਡਿਊਟੀਆਂ ਤੋਂ ਇਲਾਵਾ ਪੀ ਐਲ ਡਬਲਯੂ ਬੀ ਲਈ ਕੰਮ ਕਰਦੇ ਹੋਏ 2,099 ਨਿਰੀਖਣ[20] ਕੀਤੇ ਸਨ, ਜਿਨ੍ਹਾਂ ਵਿੱਚੋਂ 2022-23 ਵਿੱਚ ਕੀਤੇ ਗਏ 1,053 ਨਿਰੀਖਣ ਲੇਖਾ ਪ੍ਰੀਖਿਆ ਅਧੀਨ ਕਵਰ ਕੀਤੇ ਗਏ ਤਿੰਨ ਸਾਲਾਂ ਵਿੱਚੋਂ ਸਭ ਤੋਂ ਵੱਧ ਨਿਰੀਖਣ ਸਨ। ਮੌਜੂਦਾ ਸਮਰੱਥਾ ਅਤੇ ਨਿਰੀਖਣ ਦਰ ਨੂੰ ਦੇਖਦੇ ਹੋਏ, ਬੋਰਡ ਨੂੰ ਸਾਰੀਆਂ 15,707 ਰਜਿਸਟਰਡ ਸੰਸਥਾਵਾਂ ਲਈ ਇੱਕ ਨਿਰੀਖਣ ਚੱਕਰ ਨੂੰ ਪੂਰਾ ਕਰਨ ਲਈ ਲਗਭਗ 15 ਸਾਲਾਂ ਦੀ ਲੋੜ ਹੋਵੇਗੀ, ਜਿਸ ਨਾਲ ਨਿਰੀਖਣਾਂ ਦੇ ਵੱਖ-ਵੱਖ ਉਦੇਸ਼ ਨੂੰ ਪੂਰਾ ਨਹੀਂ ਕੀਤਾ ਜਾ ਸਕੇਗਾ।

ਇਨ੍ਹਾਂ ਨਿਰੀਖਣ ਰਿਪੋਰਟਾਂ ਦੀ ਪੜਤਾਲ ਤੋਂ ਪਤਾ ਲੱਗਿਆ ਕਿ ਨਿਰੀਖਣ ਕੀਤੀਆਂ ਗਈਆਂ ਸੰਸਥਾਵਾਂ ਦੇ ਨਾਮ, ਫੰਡ ਵਿੱਚ ਭੁਗਤਾਨਯੋਗ ਰਾਸ਼ੀ, ਸੰਸਥਾ ਦੁਆਰਾ ਯੋਗਦਾਨ ਭੁਗਤਾਨ ਕਰਨ ਵਿੱਚ ਅਸਫਲਤਾ, ਸੰਸਥਾ ਦੁਆਰਾ ਭੁਗਤਾਨ ਨਾ ਕੀਤੀ ਗਈ ਰਾਸ਼ੀ ਜਮ੍ਹਾਂ ਨਾ ਹੋਣ, ਪੰਜਾਬ ਲੇਬਰ ਵੈਲਫੇਅਰ ਫੰਡ ਐਕਟ, 1965 ਦੀ ਪਾਲਣਾ ਦੀ ਪੁਸ਼ਟੀ ਕਰਨ ਲਈ ਜਾਂਚ ਕੀਤੇ ਗਏ ਦਸਤਾਵੇਜ਼ਾਂ ਬਾਰੇ ਕੁਝ ਵੀ ਜ਼ਿਕਰ ਨਹੀਂ ਕੀਤਾ ਗਿਆ ਸੀ। ਮਹੀਨੇ ਦੀ ਸ਼ੁਰੂਆਤ ਵਿੱਚ, ਮਹੀਨੇ ਦੌਰਾਨ ਪ੍ਰਾਪਤ ਹੋਈ ਰਾਸ਼ੀ ਅਤੇ ਇਸਦੀ ਕੁੱਲ ਰਾਸ਼ੀ ਦੇ ਅੰਕੜੇ ਨਿਰੀਖਣ ਰਿਪੋਰਟ ਵਿੱਚ ਦਿਖਾਏ ਗਏ ਸਨ, ਜਿਸ ਨੇ ਆਪਣੇ ਆਪ ਬੋਰਡ ਨੂੰ ਕੋਈ ਲਾਭਦਾਇਕ ਜਾਣਕਾਰੀ ਪ੍ਰਦਾਨ ਨਹੀਂ ਕੀਤੀ। ਲੇਖਾ ਪ੍ਰੀਖਿਆ ਨੇ ਅੱਗੇ ਦੇਖਿਆ ਕਿ ਨਿਰੀਖਣ ਰਿਪੋਰਟਾਂ ਦੀ ਸਮੱਗਰੀ ਬਾਰੇ ਕਦੇ ਵੀ ਬੋਰਡ ਦੀ ਕਿਸੇ ਵੀ ਮੀਟਿੰਗ ਵਿੱਚ ਚਰਚਾ ਨਹੀਂ ਕੀਤੀ ਗਈ ਸੀ।

ਸਰਕਾਰ ਨੇ ਸੋਧੇ ਹੋਏ ਪ੍ਰੋਫਾਰਮਾ ਦੀ ਵਰਤੋਂ ਕਰਦਿਆਂ ਈ-ਲੇਬਰ ਪੋਰਟਲ ਰਾਹੀਂ ਸਮੇਂ ਸਿਰ ਨਿਰੀਖਣ ਕਰਵਾਉਣ ਅਤੇ ਦੋਵਾਂ-ਕਿਰਤ ਵਿਭਾਗ ਅਤੇ ਫੈਕਟਰੀਆਂ ਦੇ ਡਾਇਰੈਕਟਰ, ਪੰਜਾਬ ਦੁਆਰਾ ਸਮੀਖਿਆ ਕਰਵਾਉਣਾ ਦਾ ਭਰੋਸਾ ਦਿੱਤਾ (ਸਤੰਬਰ 2024)। ਇਸ ਤੋਂ ਇਲਾਵਾ, ਬੋਰਡ ਨੇ ਜਵਾਬ ਦਿੱਤਾ (ਨਵੰਬਰ 2024) ਕਿ ਨਵੇਂ ਪ੍ਰੋਫਾਰਮਾ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ ਅਤੇ ਨਵੇਂ ਪ੍ਰੋਫਾਰਮਾ ਵਿੱਚ ਨਿਰੀਖਣ ਕੀਤੇ ਜਾ ਰਹੇ ਹਨ।

[20] 2020-21 ਵਿੱਚ 250, 2021-22 ਵਿੱਚ 796 ਅਤੇ 2022-23 ਵਿੱਚ 1,053 ਨਿਰੀਖਣ ਕੀਤੇ ਗਏ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਨਵਾਂ ਪ੍ਰੋਫਾਰਮਾ ਸਿਰਫ ਸਬੰਧਤ ਤਾਰੀਖ ਦੇ ਨਾਲ ਜਮ੍ਹਾਂ ਕੀਤੇ ਯੋਗਦਾਨ ਦੇ ਵੇਰਵਿਆਂ ਨੂੰ ਕੈਪਚਰ ਕਰਦਾ ਹੈ। ਹਾਲਾਂਕਿ, ਕਾਮਿਆਂ ਦੇ ਵੇਰਵੇ ਅਤੇ ਭੁਗਤਾਨ ਨਾ ਕੀਤੀ ਗਈ ਰਾਸ਼ੀ ਦੀ ਰਿਪੋਰਟ ਨਹੀਂ ਕੀਤੀ ਗਈ। ਇਸ ਤੋਂ ਇਲਾਵਾ, ਸਾਰੀਆਂ ਸੰਸਥਾਵਾਂ ਦੀ ਨਿਰੀਖਣ ਕਰਨ ਲਈ ਵਾਜਬ ਸਮਾਂ-ਸੀਮਾ ਬਾਰੇ ਵੀ ਲੇਖਾ ਪ੍ਰੀਖਿਆ ਨੂੰ ਸੂਚਿਤ ਨਹੀਂ ਕੀਤਾ ਗਿਆ ਸੀ।

## 5.9 ਮਨੁੱਖੀ ਸਰੋਤ

### *(i) ਸਟਾਫ ਦੀ ਘਾਟ*

ਐਕਟ ਦੀ ਧਾਰਾ 17 ਬੋਰਡ ਨੂੰ ਗਤੀਵਿਧੀਆਂ ਨੂੰ ਪੂਰਾ ਕਰਨ ਅਤੇ ਨਿਗਰਾਨੀ ਕਰਨ ਲਈ ਫੰਡ ਤੋਂ ਵਿੱਤ ਪੋਸ਼ਿਤ ਲੋੜੀਂਦੇ ਕਲੈਰੀਕਲ ਅਤੇ ਕਾਰਜਕਾਰੀ ਸਟਾਫ ਦੀ ਨਿਯੁਕਤੀ ਕਰਨ ਦਾ ਅਧਿਕਾਰ ਦਿੰਦੀ ਹੈ।

ਲੇਖਾ ਪ੍ਰੀਖਿਆ ਨੇ ਦੇਖਿਆ (ਅਗਸਤ 2023) ਕਿ ਬੋਰਡ ਵਿੱਚ 52[21] ਅਧਿਕਾਰੀਆਂ/ਕਰਮਚਾਰੀਆਂ ਦੀ ਮਨਜ਼ੂਰ ਅਸਾਮੀਆਂ ਦੇ ਮੁਕਾਬਲੇ, ਸਤੰਬਰ 2024 ਤੱਕ ਅਹੁਦੇ ਤੇ ਸਿਰਫ 38 ਕਰਮਚਾਰੀ ਤੈਨਾਤ ਸਨ, ਜਿਸ ਨਾਲ 14 ਅਧਿਕਾਰੀਆਂ/ਕਰਮਚਾਰੀਆਂ (27 *ਪ੍ਰਤੀਸ਼ਤ*) ਦੀ ਕਮੀ ਸੀ। ਅਸਾਮੀ-ਵਾਰ ਮਨਜ਼ੂਰ ਅਸਾਮੀਆਂ ਅਤੇ ਤੈਨਾਤ ਅਮਲੇ (ਸਤੰਬਰ 2024) ਨੂੰ **ਸਾਰਣੀ** 5.3 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 5.3: ਤੈਨਾਤ ਅਮਲੇ ਦੇ ਮੁਕਾਬਲੇ ਬੋਰਡ ਵਿੱਚ ਸਟਾਫ ਦੀ ਕਮੀ**

| ਅਸਾਮੀ | ਸਟਾਫ ਦਾ ਸ੍ਰੋਤ | ਮਨਜ਼ੂਰੀ ਅਸਾਮੀਆਂ | ਤੈਨਾਤ ਅਮਲਾ |
|---|---|---|---|
| ਸਹਾਇਕ ਵੈਲਫੇਅਰ ਕਮਿਸ਼ਨਰ | ਕਿਰਤ ਵਿਭਾਗ ਦੇ ਅਧਿਕਾਰੀਆਂ ਨੂੰ ਵਾਧੂ ਚਾਰਜ | 1 | 1 |
| ਸਹਾਇਕ ਕੰਟਰੋਲਰ (ਐਫ ਅਤੇ ਏ) | | 1 | 1 |
| ਅਕਾਉਂਟੈਂਟ-ਕਮ-ਕੈਸ਼ਿਅਰ | | 1 | 1 |
| ਸੁਪਰਡੰਟ | | 1 | 1 |
| ਕਿਰਤ ਭਲਾਈ ਇੰਸਪੈਕਟਰ | ਬੋਰਡ ਦਾ ਰੈਗੂਲਰ ਸਟਾਫ | 1 | 0 |
| ਸੀਨੀਅਰ ਸਹਾਇਕ | | 4 | 0 |
| ਸਟੈਨੋਗ੍ਰਾਫਰ | | 1 | 0 |
| ਜੂਨੀਅਰ ਸਹਾਇਕ/ਕਲਰਕ | | 10 | 4 |
| ਅਕਾਉਂਟ ਸਹਾਇਕ | ਬੋਰਡ ਦਾ ਆਊਟਸੋਰਸ ਸਟਾਫ | 1 | 0 |
| ਸਹਾਇਕ | | 1 | 1 |
| ਕੰਪਿਊਟਰ ਓਪਰੇਟਰ | | 30 | 29 |
| **ਜੋੜ** | | **52** | **38** |

*ਸ੍ਰੋਤ: ਵਿਭਾਗੀ ਡਾਟਾ*

[21] ਦਫਤਰੀ-ਕਮ-ਮਸ਼ੀਨਮੈਨ (1); ਡਰਾਈਵਰ (1); ਮਾਲੀ-ਕਮ-ਚੌਕੀਦਾਰ (1); ਅਤੇ ਚਪੜਾਸੀ (3) ਦੀਆਂ ਅਸਾਮੀਆਂ ਨੂੰ ਛੱਡ ਕੇ।

ਜਿਵੇਂ ਕਿ **ਸਾਰਣੀ** 5.3 ਤੋਂ ਸਪੱਸ਼ਟ ਹੈ, ਮੁੱਖ ਦਫਤਰ ਦੀਆਂ ਸਾਰੀਆਂ ਪ੍ਰਮੁੱਖ ਅਸਾਮੀਆਂ, ਜਿਵੇਂ ਕਿ ਸਹਾਇਕ ਵੈਲਫੇਅਰ ਕਮਿਸ਼ਨਰ, ਸਹਾਇਕ ਕੰਟਰੋਲਰ (ਵਿੱਤ ਅਤੇ ਲੇਖੇ), ਅਕਾਊਂਟੈਂਟ-ਕਮ-ਕੈਸ਼ੀਅਰ, ਸੁਪਰਡੰਟ ਕਿਰਤ ਵਿਭਾਗ ਦੇ ਰੈਗੂਲਰ ਸਟਾਫ ਦੁਆਰਾ ਵਾਧੂ ਚਾਰਜ ਦੇ ਅਧਾਰ ਤੇ ਰੱਖੇ ਗਏ ਸਨ। ਇਸ ਤੋਂ ਇਲਾਵਾ ਕਿਰਤ ਭਲਾਈ, ਇੰਸਪੈਕਟਰ ਦੀ ਅਸਾਮੀ ਖਾਲੀ ਸੀ।

ਸਰਕਲ ਦਫਤਰਾਂ ਵਿੱਚ ਸਹਾਇਕ ਕਿਰਤ ਕਮਿਸ਼ਨਰ ਅਤੇ ਕਿਰਤ ਭਲਾਈ ਇੰਸਪੈਕਟਰ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੀ ਅਣਹੋਂਦ ਕਾਰਣ ਇਨ੍ਹਾਂ ਅਸਾਮੀਆਂ 'ਤੇ ਕਿਰਤ ਵਿਭਾਗ ਦੇ ਅਧਿਕਾਰੀ ਵਾਧੂ ਚਾਰਜ ਦੇ ਆਧਾਰ ਤੇ ਕੰਮ ਕਰ ਰਹੇ ਸਨ। ਇਹ ਅਧਿਕਾਰੀ ਕਿਰਤ ਵਿਭਾਗ ਵੱਲੋਂ ਲਾਜ਼ਮੀ ਕੀਤੇ ਆਪਣੇ ਨਿਯਮਤ ਕੰਮਾਂ ਤੋਂ ਇਲਾਵਾ ਬੋਰਡ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਅਧੀਨ ਪ੍ਰਾਪਤ ਅਰਜ਼ੀਆਂ ਦੀ ਮੁੱਢਲੀ ਪੜਤਾਲ ਕਰ ਰਹੇ ਸਨ।

ਬੋਰਡ ਨੇ ਕਿਹਾ (ਫਰਵਰੀ 2024) ਕਿ ਵਿਭਾਗ ਵਿੱਚ 53 ਇੰਸਪੈਕਟਰਾਂ ਦੀ ਭਰਤੀ ਦਾ ਮਾਮਲਾ ਪਹਿਲਾਂ ਹੀ ਅਧੀਨ ਸੇਵਾ ਚੋਣ ਬੋਰਡ ਕੋਲ ਉਠਾਇਆ ਜਾ ਚੁੱਕਾ ਹੈ ਅਤੇ ਇਸ ਸਬੰਧ ਵਿੱਚ ਇੱਕ ਇਸ਼ਤਿਹਾਰ ਜਾਰੀ ਕੀਤਾ ਗਿਆ ਸੀ। ਬੋਰਡ ਨੇ ਅੱਗੇ ਕਿਹਾ (ਅਗਸਤ 2024) ਕਿ ਬੋਰਡਾਂ ਨੇ ਅਪ੍ਰੈਲ 1974 ਵਿੱਚ ਫੰਡਾਂ ਦੀ ਘਾਟ ਕਾਰਣ ਆਪਣੇ ਸੁਤੰਤਰ ਸਟਾਫ ਦੀ ਭਰਤੀ ਨਾ ਕਰਨ ਦਾ ਫੈਸਲਾ ਕੀਤਾ ਸੀ। ਇਸ ਦੀ ਬਜਾਏ ਪਹਿਲਾਂ ਹੀ ਨੋਟੀਫਾਈ ਕੀਤੇ ਕਿਰਤ ਵਿਭਾਗ ਦੇ ਕਿਰਤ ਇੰਸਪੈਕਟਰਾਂ ਨੂੰ ਪੀ ਐਲ ਡਬਲਯੂ ਐਫ ਐਕਟ ਅਧੀਨ ਇੰਸਪੈਕਟਰ ਵਜੋਂ ਕੰਮ ਕਰਨ ਲਈ ਉਤਸ਼ਾਹਿਤ ਕਰਨ ਦਾ ਫੈਸਲਾ ਕੀਤਾ ਗਿਆ ਸੀ।

ਲੇਖਾ ਪ੍ਰੀਖਿਆ ਦਾ ਮੰਨਣਾ ਹੈ ਕਿ ਬੋਰਡ ਦਾ 50 ਸਾਲ ਪਹਿਲਾਂ ਲਿਆ ਗਿਆ ਫੈਸਲਾ ਹੁਣ ਮੌਜੂਦਾ ਸੰਦਰਭ ਨਾਲ ਪੂਰੀ ਤਰ੍ਹਾਂ ਮੇਲ ਨਹੀਂ ਖਾਂਦਾ ਖਾਸ ਕਰਕੇ 31 ਮਾਰਚ 2023 ਨੂੰ ₹ 94.71 ਕਰੋੜ ਦੇ ਅਣਖਰਚੇ ਬਕਾਏ ਨੂੰ ਧਿਆਨ ਵਿੱਚ ਰੱਖਦੇ ਹੋਏ। ਇਸ ਤੋਂ ਇਲਾਵਾ, ਬੋਰਡ ਨੇ ਖੁਦ ਲੋੜ ਮਹਿਸੂਸ ਕੀਤੀ ਸੀ ਅਤੇ ਆਪਣੇ ਸਟਾਫ ਦੇ ਪੁਨਰਗਠਨ ਲਈ ਜਨਵਰੀ 2023 ਵਿੱਚ ਇੱਕ ਕਮੇਟੀ ਦਾ ਗਠਨ ਕੀਤਾ ਸੀ।

ਸਰਕਾਰ ਨੇ ਕਿਹਾ (ਸਤੰਬਰ 2024) ਕਿ ਸਰਕਾਰੀ ਵਿਭਾਗਾਂ ਲਈ ਆਊਟਸੋਰਸ ਸਟਾਫ ਸਮੇਤ ਬੋਰਡ ਦੀ 72 *ਪ੍ਰਤੀਸ਼ਤ* ਸਮਰੱਥਾ ਆਮ ਹੈ। ਪਰ ਇਸ ਦੇ ਨਾਲ ਹੀ ਸੇਵਾ ਉਪ-ਨਿਯਮਾਂ ਨੂੰ ਅਪਡੇਟ ਕਰਨ ਲਈ ਨਿਯੁਕਤ ਕਮੇਟੀ ਦੀ ਰਿਪੋਰਟ ਮਿਲਣ ਤੋਂ ਬਾਅਦ ਰੈਗੂਲਰ ਸਟਾਫ ਦੀ ਨਿਯੁਕਤੀ ਤੇ ਵਿਚਾਰ ਕਰਨ ਲਈ ਭਰੋਸਾ ਦਿੱਤਾ ਗਿਆ।

ਰੈਗੂਲਰ ਸਟਾਫ ਦੀ ਘਾਟ ਅਤੇ ਕਿਰਤ ਇੰਸਪੈਕਟਰਾਂ ਦੀ ਅਣਹੋਂਦ ਕਾਰਣ ਯੋਗ ਕਾਮਿਆਂ ਨੂੰ ਵੈਲਫੇਅਰ ਸਕੀਮਾਂ ਦਾ ਲਾਭ ਦੇਣ ਲਈ ਅਰਜ਼ੀਆਂ ਤੇ ਦੇਰੀ/ਕਾਰਵਾਈ ਨਹੀਂ ਹੋਈ, ਜਿਵੇਂ ਕਿ **ਪੈਰ੍ਹਾ** 5.11.1 ਵਿੱਚ ਚਰਚਾ ਕੀਤੀ ਗਈ ਹੈ।

ਇਸ ਤੋਂ ਇਲਾਵਾ, ਇਸ ਘਾਟ ਦੇ ਨਤੀਜੇ ਵਜੋਂ ਸਾਲਾਨਾ ਲੇਖਿਆਂ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਅਤੇ **ਪੈਰ੍ਹਾ** 5.13 **ਅਤੇ** 5.14 ਵਿੱਚ ਵਿਚਾਰੇ ਅਨੁਸਾਰ ਰੋਜ਼ਾਨਾ ਦੇ ਅਧਾਰ ਤੇ ਸਹਾਇਕ ਰਿਕਾਰਡਾਂ ਨਾਲ ਬੋਰਡ ਦੀ ਕੈਸ਼ਬੁੱਕ ਦਾ ਰੱਖ-ਰਖਾਅ ਨਹੀਂ ਕੀਤਾ ਗਿਆ ਸੀ।

### *(ii) ਸੇਵਾ ਉਪ-ਨਿਯਮਾਂ ਵਿੱਚ ਸੋਧ ਕਰਨਾ ਅਤੇ ਸਟਾਫ ਦਾ ਪੁਨਰਗਠਨ ਨਾ ਕਰਨਾ*

ਬੋਰਡ ਨੇ ਮੰਨਿਆ (ਨਵੰਬਰ 2022) ਕਿ ਸਮੇਂ ਦੇ ਨਾਲ, ਬੋਰਡ ਦੀ ਭੂਮਿਕਾ ਅਤੇ ਲੋੜਾਂ ਵਿਕਸਤ ਹੋਈਆਂ ਹਨ, ਜਿਸ ਲਈ ਇਸ ਦੇ ਢਾਂਚੇ ਵਿੱਚ ਤਬਦੀਲੀਆਂ ਦੀ ਲੋੜ ਹੈ। ਅੱਜ ਦੇ ਡਿਜੀਟਲ ਯੁੱਗ ਵਿੱਚ ਸੰਚਾਲਨ ਅਤੇ ਬੁਨਿਆਦੀ ਢਾਂਚੇ ਨੂੰ ਬਣਾਈ ਰੱਖਣ ਲਈ ਵਣਜ ਅਤੇ ਸੂਚਨਾ ਤਕਨਾਲੋਜੀ ਖੇਤਰਾਂ ਤੋਂ ਵਿਸ਼ੇਸ਼ ਹੁਨਰ ਦੀ ਲੋੜ ਹੁੰਦੀ ਹੈ।

ਇਸ ਅਨੁਸਾਰ ਸਟਾਫ ਦੇ ਪੁਨਰਗਠਨ ਅਤੇ ਸੇਵਾ ਉਪ-ਨਿਯਮਾਂ ਦੀ ਸੋਧ ਲਈ ਜਨਵਰੀ 2023 ਵਿੱਚ ਕਿਰਤ ਵਿਭਾਗ ਦੇ ਅਧਿਕਾਰੀਆਂ ਦੀ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਜਿਸ ਨੂੰ ਆਪਣੀ ਰਿਪੋਰਟ ਸੌਂਪਣ ਲਈ ਤਿੰਨ ਮਹੀਨਿਆਂ ਦੀ ਸਮਾਂ-ਸੀਮਾ ਦਿੱਤੀ ਗਈ ਸੀ। ਕਮੇਟੀ ਦੀ ਪ੍ਰਗਤੀ ਦੀ ਨਿਗਰਾਨੀ ਕਰਨ ਲਈ ਕੋਈ ਬੋਰਡ ਮੌਜੂਦ ਨਹੀਂ ਸੀ। ਇਸ ਤਰ੍ਹਾਂ, ਕਮੇਟੀ ਦੁਆਰਾ ਕੋਈ ਰਿਪੋਰਟ ਪੇਸ਼ ਕੀਤੇ ਬਿਨਾਂ, 26 ਮਈ 2023 ਨੂੰ ਇਸ ਦਾ ਪੁਨਰਗਠਨ ਕੀਤਾ ਗਿਆ ਸੀ। ਹਾਲਾਂਕਿ, ਸ਼ੁਰੂਆਤੀ ਕਮੇਟੀ ਦੇ ਗਠਨ ਤੋਂ ਬਾਅਦ 22 ਮਹੀਨੇ ਬੀਤ ਜਾਣ ਤੋਂ ਬਾਅਦ, ਇਸ ਦੀ ਰਿਪੋਰਟ ਦੀ ਅਜੇ ਉਡੀਕ ਕੀਤੀ ਜਾ ਰਹੀ ਸੀ (ਨਵੰਬਰ 2024)। ਇਹ ਵੀ ਦੇਖਿਆ ਗਿਆ ਕਿ ਵਿਸ਼ੇਸ਼ ਹੁਨਰਾਂ ਦੀ ਲੋੜ ਦੇ ਬਾਵਜੂਦ, ਬੋਰਡ ਨੇ ਮੌਜੂਦਾ ਸਟਾਫ ਦੀ ਲੋੜੀਂਦੀ ਸਮਰੱਥਾ ਬਣਾਉਣ ਦੇ ਉਦੇਸ਼ ਨਾਲ ਕੋਈ ਸਿਖਲਾਈ ਨਹੀਂ ਦਿੱਤੀ ਅਤੇ ਨਾ ਹੀ ਕੋਈ ਪ੍ਰੋਗਰਾਮ ਵਿਕਸਿਤ ਕੀਤਾ।

ਸਰਕਾਰ ਨੇ ਭਰੋਸਾ ਦਿੱਤਾ (ਸਤੰਬਰ 2024) ਕਿ ਕਮੇਟੀ ਦੀ ਰਿਪੋਰਟ ਮਿਲਣ ਤੇ, ਕਮੇਟੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਅਤੇ ਬੋਰਡ ਵਿੱਚ ਸਥਾਈ ਸਟਾਫ ਦੀ ਭਰਤੀ ਲਈ ਲੋੜੀਂਦੇ ਕਦਮ ਚੁੱਕੇ ਜਾਣਗੇ।

ਮਹੱਤਵਪੂਰਨ ਅਸਾਮੀਆਂ ਤੇ ਸਟਾਫ ਦੀ ਮਹੱਤਵਪੂਰਣ ਕਮੀ ਅਤੇ ਸਮਰੱਥਾ ਨਿਰਮਾਣ ਪ੍ਰੋਗਰਾਮਾਂ ਦੀ ਅਣਹੋਂਦ ਨੇ ਬੋਰਡ ਦੀ ਆਪਣੇ ਫਰਜ਼ਾਂ ਨੂੰ ਕੁਸ਼ਲਤਾ ਨਾਲ ਨਿਭਾਉਣ ਦੀ ਯੋਗਤਾ ਵਿੱਚ ਰੁਕਾਵਟ ਪਾਈ ਜਿਸ ਨਾਲ ਬੋਰਡ ਦੀ ਕਾਰਗੁਜ਼ਾਰੀ 'ਤੇ ਮਾੜਾ ਅਸਰ ਪਿਆ।

## 5.10 ਭੁਗਤਾਨ ਨਾ ਕੀਤੇ ਗਏ ਸੰਗ੍ਰਿਹ ਪ੍ਰਬੰਧਨ

ਐਕਟ ਦੀ ਧਾਰਾ 3(2) ਅਧੀਨ ਬੋਰਡ ਨੂੰ ਫੰਡ ਦੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਪੀ ਐਲ ਡਬਲਯੂ ਐਫ ਨਿਯਮਾਂ ਦੇ ਨਿਯਮ 4 ਵਿੱਚ ਵੈਲਫੇਅਰ ਕਮਿਸ਼ਨਰ ਨੂੰ ਰੁਜ਼ਗਾਰਦਾਤਾਵਾਂ ਨੂੰ ਨੋਟਿਸ ਜਾਰੀ ਕਰਨ, ਕਰਮਚਾਰੀਆਂ ਤੋਂ ਵਸੂਲੇ ਗਏ ਜੁਰਮਾਨੇ ਜਾਂ ਭੁਗਤਾਨ ਨਾ ਕੀਤੇ ਗਏ ਜੁਰਮਾਨੇ ਦੀ ਕੁਝ ਰਾਸ਼ੀ[22] ਦਾ ਭੁਗਤਾਨ ਕਰਨਾ ਜੋ ਭੁਗਤਾਨ ਨਹੀਂ ਕੀਤਾ ਗਿਆ ਹੈ, ਦਾ ਅਧਿਕਾਰ ਦਿੰਦਾ ਹੈ। ਰੁਜ਼ਗਾਰਦਾਤਾ ਨੂੰ ਇਸ ਨੋਟਿਸ ਦੀ ਪ੍ਰਾਪਤੀ ਦੇ 14 ਦਿਨਾਂ ਦੇ ਅੰਦਰ ਪਾਲਣਾ ਕਰਨੀ ਚਾਹੀਦੀ ਹੈ। ਪੀ ਐਲ ਡਬਲਯੂ ਐਫ ਨਿਯਮਾਂ ਦੇ ਨਿਯਮ 22 ਦੇ ਅਧੀਨ ਹਰੇਕ ਰੁਜ਼ਗਾਰਦਾਤਾ ਨੂੰ ਲਾਜ਼ਮੀ ਤੌਰ ਤੇ ਰੱਖ-ਰਖਾਅ ਚਾਹੀਦਾ ਹੈ: (ੳ) ਫਾਰਮ-ਏ ਵਿੱਚ ਤਨਖਾਹ ਦਾ ਇੱਕ ਰਜਿਸਟਰ; ਅਤੇ

[22] "ਭੁਗਤਾਨ ਨਾ ਕੀਤੀ ਗਈ ਰਾਸ਼ੀ" ਦਾ ਮਤਲਬ ਹੈ ਕਰਮਚਾਰੀਆਂ ਨੂੰ ਬਕਾਇਆ ਸਾਰੀਆਂ ਅਦਾਇਗੀਆਂ ਪਰ ਇਸ ਐਕਟ ਦੇ ਲਾਗੂ ਹੋਣ ਦੀ ਮਿਆਦ ਦੇ ਅੰਦਰ ਉਨ੍ਹਾਂ ਨੂੰ ਨਹੀਂ ਕੀਤੀਆਂ ਗਈਆਂ, ਜਿਸ ਵਿੱਚ ਤਨਖਾਹ, ਬੋਨਸ ਅਤੇ ਗ੍ਰੈਚੁਟੀ ਸ਼ਾਮਲ ਹਨ ਜੋ ਕਾਨੂੰਨੀ ਤੌਰ ਤੇ ਭੁਗਤਾਨਯੋਗ ਹਨ।

(ਅ) ਫਾਰਮ-ਬੀ ਵਿੱਚ ਦਾਅਵਾ ਨਾ ਕੀਤੀਆਂ ਤਨਖਾਹਾਂ/ਜੁਰਮਾਨੇ ਦਾ ਇੱਕ ਏਕੀਕ੍ਰਿਤ ਰਜਿਸਟਰ। ਰੁਜ਼ਗਾਰਦਾਤਾਵਾਂ ਨੂੰ ਹਰ ਸਾਲ 31 ਜਨਵਰੀ ਤੱਕ ਪਿਛਲੇ ਸਾਲ ਲਈ ਫਾਰਮ-ਬੀ ਵਿੱਚ ਰਜਿਸਟਰ ਵਿੱਚੋਂ ਇੱਕ ਐਕਸਟਰੈਕਟ ਵੈਲਫੇਅਰ ਕਮਿਸ਼ਨਰ ਨੂੰ ਭੇਜਣਾ ਹੁੰਦਾ ਹੈ।

ਐਕਟ ਦੀ ਧਾਰਾ 9(3) ਦੇ ਅਧੀਨ ਲੋੜ ਅਨੁਸਾਰ, ਭੁਗਤਾਨ ਨਾ ਕੀਤੀ ਰਾਸ਼ੀ ਪ੍ਰਾਪਤ ਹੋਣ ਤੋਂ ਬਾਅਦ, ਬੋਰਡ ਕਰਮਚਾਰੀਆਂ ਦੇ ਦਾਅਵਿਆਂ ਨੂੰ ਇਹਨਾਂ ਦੁਆਰਾ ਮੰਗੇਗਾ:

ੳ) ਸੰਸਥਾ ਵਿਖੇ ਇੱਕ ਨੋਟਿਸ ਚਸਪਾ ਕਰਨਾ;

ਅ) ਸਰਕਾਰੀ ਗਜ਼ਟ ਅਤੇ ਰਾਜ ਦੀਆਂ ਖੇਤਰੀ ਭਾਸ਼ਾਵਾਂ ਵਿੱਚ ਦੋ ਵਿਆਪਕ ਤੌਰ ਤੇ ਪ੍ਰਸਾਰਿਤ ਅਖਬਾਰਾਂ ਵਿੱਚ ਪ੍ਰਕਾਸ਼ਿਤ ਕਰਨਾ; ਅਤੇ

ੲ) ਭੁਗਤਾਨ ਨਾ ਕੀਤੀ ਗਈ ਆਮਦਨੀ ਦੀ ਪ੍ਰਾਪਤੀ ਦੀ ਮਿਤੀ ਤੋਂ ਤਿੰਨ ਸਾਲਾਂ ਲਈ ਹਰ ਸਾਲ ਜੂਨ ਅਤੇ ਦਸੰਬਰ ਵਿੱਚ ਪ੍ਰਕਾਸ਼ਨ ਦੁਹਰਾਉਣਾ।

ਐਕਟ ਦੀ ਧਾਰਾ 9(5) ਦੇ ਅਨੁਸਾਰ, ਜੇ ਕਾਮਿਆਂ ਦੁਆਰਾ ਉਨ੍ਹਾਂ ਦੇ ਬਕਾਇਆ ਕਿਸੇ ਭੁਗਤਾਨ ਲਈ ਦਾਅਵਾ ਪ੍ਰਾਪਤ ਹੁੰਦਾ ਹੈ, ਚਾਹੇ ਉਹ ਨੋਟਿਸ ਦੇ ਜਵਾਬ ਵਿੱਚ ਹੋਵੇ ਜਾਂ ਕਿਸੇ ਹੋਰ ਤਰੀਕੇ ਨਾਲ ਅਜਿਹੇ ਦਾਅਵੇ ਦੇ ਸਬੰਧ ਵਿੱਚ ਨੋਟਿਸ ਦੇ ਪਹਿਲੇ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ ਚਾਰ ਸਾਲ ਦੀ ਮਿਆਦ ਦੇ ਅੰਦਰ,

ੳ) ਜਿੱਥੇ ਇਸ ਤਰ੍ਹਾਂ ਪ੍ਰਾਪਤ ਦਾਅਵੇ ਦੀ ਰਾਸ਼ੀ ਪ੍ਰਬੰਧਨ ਦੁਆਰਾ ਬੋਰਡ ਕੋਲ ਜਮ੍ਹਾਂ ਕਰਵਾਈ ਗਈ ਰਾਸ਼ੀ ਦੇ ਬਰਾਬਰ ਹੋਵੇ, ਦਾਅਵੇ ਦੀ ਰਾਸ਼ੀ ਦਾ ਭੁਗਤਾਨ ਬੋਰਡ ਦੁਆਰਾ ਸਬੰਧਤ ਕਰਮਚਾਰੀ ਨੂੰ ਕੀਤਾ ਜਾਵੇਗਾ; ਅਤੇ

ਅ) ਕਿਸੇ ਹੋਰ ਮਾਮਲੇ ਵਿੱਚ, ਬੋਰਡ ਅਜਿਹੇ ਦਾਅਵੇ ਨੂੰ ਤਨਖਾਹ ਭੁਗਤਾਨ ਐਕਟ, 1936 ਦੀ ਧਾਰਾ 15 ਅਧੀਨ ਨਿਯੁਕਤ ਅਥਾਰਟੀ ਨੂੰ ਤਬਦੀਲ ਕਰੇਗਾ, ਜਿਸ ਦਾ ਅਧਿਕਾਰ ਖੇਤਰ ਉਸ ਖੇਤਰ ਵਿੱਚ ਜਿੱਥੇ ਸੰਸਥਾ ਸਥਿਤ ਹੈ ਜਾਂ ਸਥਿਤ ਸੀ ਅਤੇ ਅਥਾਰਟੀ ਅਜਿਹੇ ਦਾਅਵੇ ਤੇ ਫੈਸਲਾ ਕਰਨ ਅਤੇ ਨਿਸਚਿਤ ਮਤ ਬਣਾਉਣ ਲਈ ਕਾਰਵਾਈ ਕਰੇਗੀ।

ਜੋ ਨਿਰਧਾਰਤ ਸਮੇਂ ਦੇ ਅੰਦਰ ਕੋਈ ਦਾਅਵਾ ਨਹੀਂ ਕੀਤਾ ਜਾਂਦਾ ਹੈ ਜਾਂ ਜੇ ਕਿਸੇ ਦਾਅਵੇ ਨੂੰ ਰੱਦ ਕਰ ਦਿੱਤਾ ਜਾਂਦਾ ਹੈ ਅਤੇ ਅਪੀਲ ਤੇ ਬਰਕਰਾਰ ਰੱਖਿਆ ਜਾਂਦਾ ਹੈ, ਤਾਂ ਅਜਿਹੀਆਂ ਭੁਗਤਾਨ ਨਾ ਕੀਤੀਆਂ ਰਾਸ਼ੀਆਂ ਐਕਟ ਦੀ ਧਾਰਾ 9(9) ਵਿੱਚ ਨਿਰਧਾਰਤ ਰਾਜ ਨੂੰ *ਬੋਨਾ ਵੈਕਨਸ਼ਿਆ* ਵਜੋਂ ਤਬਦੀਲ ਕਰ ਦਿੱਤੀਆਂ ਜਾਂਦੀਆਂ ਹਨ ਅਤੇ ਫੰਡ ਦਾ ਹਿੱਸਾ ਬਣ ਜਾਂਦੀਆਂ ਹਨ.

ਲੇਖਾ ਪ੍ਰੀਖਿਆ ਨੇ ਵੇਖਿਆ (ਜੂਨ 2024) ਕਿ:

- ਬੋਰਡ ਕੋਲ ਸੰਸਥਾਵਾਂ ਦੁਆਰਾ ਫਾਰਮ-ਬੀ ਜਮ੍ਹਾਂ ਕਰਨ ਨੂੰ ਯਕੀਨੀ ਬਣਾਉਣ ਲਈ ਕੋਈ ਪ੍ਰਣਾਲੀ ਨਹੀਂ ਸੀ। ਇੱਥੋ ਤੱਕ ਕਿ ਕਿਰਤ ਇੰਸਪੈਕਟਰਾਂ ਨੇ ਵੀ ਆਪਣੀਆਂ ਜਾਂਚ ਰਿਪੋਰਟਾਂ ਵਿੱਚ ਫਾਰਮ-ਬੀ ਬਾਰੇ ਕੁਝ ਵੀ ਜ਼ਿਕਰ ਨਹੀਂ ਕੀਤਾ ਸੀ ਜਿਵੇਂ ਕਿ **ਪੈਰ੍ਹਾ** 5.8.2 ਵਿੱਚ ਚਰਚਾ ਕੀਤੀ ਗਈ ਹੈ। ਇਸ ਤੋਂ ਇਲਾਵਾ, 2020 ਅਤੇ 2023 ਦੇ ਵਿਚਕਾਰ, 15,707 ਸੰਸਥਾਵਾਂ ਵਿੱਚੋਂ ਕਿਸੇ ਨੇ ਵੀ ਫਾਰਮ-ਬੀ ਜਮ੍ਹਾਂ ਨਹੀਂ ਕੀਤਾ। ਫਾਰਮ-ਬੀ ਦੀ ਅਣਹੋਂਦ ਵਿੱਚ, ਬੋਰਡ ਸੰਸਥਾਵਾਂ ਕੋਲ ਪਈ ਭੁਗਤਾਨ ਨਾ ਕੀਤੀ ਗਈ ਰਾਸ਼ੀ ਦੀ ਰਾਸ਼ੀ ਨਿਰਧਾਰਤ

ਨਹੀਂ ਕਰ ਸਕਿਆ। ਹਾਲਾਂਕਿ, ਇਸ ਨੂੰ ਆਫਲਾਈਨ/ਆਨਲਾਈਨ ਮੋਡ ਰਾਹੀਂ ₹ 1.11 ਕਰੋੜ[23] ਪ੍ਰਾਪਤ ਹੋਏ ਸਨ। ਇਸ ਵਿੱਚੋਂ ₹ 81.78 ਲੱਖ ਚੈੱਕ ਰਾਹੀਂ (ਆਫਲਾਈਨ) ਪ੍ਰਾਪਤ ਹੋਏ, ਪਰ ਵਰਕਰ-ਵਾਰ ਕੋਈ ਵੇਰਵਾ ਨਹੀਂ ਦਿੱਤਾ ਗਿਆ। ਆਨਲਾਈਨ ਤਰੀਕੇ ਨਾਲ ਯੋਗਦਾਨ ਦਿੰਦੇ ਹੋਏ, ਸੰਸਥਾਵਾਂ ਨੇ ਕਾਮਿਆਂ ਦੀਆਂ ਸੂਚੀਆਂ ਜੋੜੀਆਂ ਜਿਨ੍ਹਾਂ ਵਿੱਚ ਕੁੱਲ ₹ 145.95 ਲੱਖ ਦੀ ਭੁਗਤਾਨ ਨਾ ਕੀਤੀ ਗਈ ਰਾਸ਼ੀ ਦਿਖਾਈ ਗਈ ਹੈ। ਵਿਸਥਾਰ ਪੂਰਵਕ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਕਿ ਕਾਮਿਆਂ ਦੀ ਸੂਚੀ ਵਿਚੋਂ ਡੁਪਲੀਕੇਟ ਐਂਟਰੀਆਂ ਨੂੰ ਹਟਾ ਕੇ ਅਸਲ ਵਿੱਚ ਭੁਗਤਾਨ ਨਾ ਕੀਤੀ ਗਈ ਰਾਸ਼ੀ ਸਿਰਫ ₹ 62.45 ਲੱਖ ਬਣਦੀ ਹੈ, ਜਿਸ ਵਿੱਚੋਂ ਸਿਰਫ ₹ 28.96 ਲੱਖ ਸੰਸਥਾਵਾਂ ਦੁਆਰਾ ਬੋਰਡਾਂ ਦੇ ਖਾਤੇ ਵਿੱਚ ਜਮ੍ਹਾਂ ਕਰਵਾਏ ਗਏ ਸਨ, ਜਿਸ ਨਾਲ ₹ 33.49 ਲੱਖ ਦੀ ਬਕਾਇਆ ਰਾਸ਼ੀ ਜਮ੍ਹਾਂ ਨਹੀਂ ਹੋਈ ਸੀ। ਇਸ ਤੋਂ ਇਲਾਵਾ, ਬੋਰਡ ਨੇ ਬੈਂਕ ਨਾਲ ਭੁਗਤਾਨ ਨਾ ਕੀਤੀ ਗਈ ਰਾਸ਼ੀ ਦੀਆਂ ਆਨਲਾਈਨ ਰਸੀਦਾਂ ਦਾ ਮੇਲ ਨਹੀਂ ਕੀਤਾ ਸੀ ਜਿਵੇਂ ਕਿ **ਪੈਰ੍ਹਾ** 5.14 ਵਿੱਚ ਚਰਚਾ ਕੀਤੀ ਗਈ ਹੈ।

- ਬੋਰਡ ਨੇ ਪ੍ਰਾਪਤ ਭੁਗਤਾਨ ਨਾ ਕੀਤੀ ਗਈ ਰਾਸ਼ੀ ਦੇ ਸੰਸਥਾ-ਵਾਰ ਅਤੇ ਵਰਕਰ-ਵਾਰ ਲੈਜਰ ਵੀ ਨਹੀਂ ਰੱਖੇ (ਸਤੰਬਰ 2023), ਜਿਸ ਕਾਰਣ ਬੋਰਡ ਨੂੰ ਦਾਅਵਿਆਂ ਦੀ ਪ੍ਰਕਿਰਿਆ ਕਰਦੇ ਸਮੇਂ ਬਾਹਰੀ ਸਰੋਤਾਂ ਜਿਵੇਂ ਕਿ ਸਵੈ-ਪ੍ਰਮਾਣੀਕਰਨ ਅਤੇ ਨੈਸ਼ਨਲ ਇਨਫਾਰਮੈਟਿਕਸ ਸੈਂਟਰ (ਐਨ ਆਈ ਸੀ) ਦੇ ਅੰਕੜਿਆਂ ਤੇ ਨਿਰਭਰ ਕਰਨਾ ਪਿਆ; ਇਸ ਤਰ੍ਹਾਂ, ਅਣਜਾਣ ਗਲਤ ਭੁਗਤਾਨਾਂ ਦਾ ਜੋਖਮ ਵਧ ਗਿਆ।
- ਕਿਉਂਕਿ ਕੋਈ ਲੈਜਰ ਨਹੀਂ ਰੱਖਿਆ ਗਿਆ ਸੀ, ਇਸ ਲਈ ਬੋਰਡ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ, 1965 ਦੀ ਧਾਰਾ 9(3) ਅਧੀਨ ਲੋੜੀਂਦੇ ਭੁਗਤਾਨ ਨਾ ਕੀਤੀ ਗਈ ਰਾਸ਼ੀ ਦੇ ਦਾਅਵਿਆਂ ਨੂੰ ਮੰਗਣ ਲਈ ਨੋਟਿਸ ਜਾਰੀ ਕਰਨ ਦੀ ਸਥਿਤੀ ਵਿੱਚ ਨਹੀਂ ਸੀ। ਕਾਰਵਾਈ ਦੀ ਇਸ ਘਾਟ ਦੇ ਨਤੀਜੇ ਵਜੋਂ ਕਾਮਿਆਂ ਤੋਂ ਕੁੱਲ ਪ੍ਰਾਪਤੀਆਂ ਦਾ ਸਿਰਫ 0.29 *ਪ੍ਰਤੀਸ਼ਤ* (₹ 32,560) ਦੇ ਦਾਅਵੇ ਬਹੁਤ ਘੱਟ ਪ੍ਰਾਪਤ ਹੋਏ।
- ਬੋਰਡ ਨੂੰ ਇਸ ਤੱਥ ਦੀ ਵੀ ਜਾਣਕਾਰੀ ਨਹੀਂ ਸੀ ਕਿ ਪਹਿਲੇ ਨੋਟਿਸ ਤੋਂ ਚਾਰ ਸਾਲਾਂ ਦੇ ਅੰਦਰ ਦਾਅਵਾ ਨਾ ਕੀਤੀ ਗਈ ਭੁਗਤਾਨ ਨਾ ਕੀਤੀ ਗਈ ਰਾਸ਼ੀ ਵੈਲਫੇਅਰ ਫੰਡ ਦਾ ਹਿੱਸਾ ਬਣ ਜਾਵੇਗੀ। ਨਤੀਜੇ ਵਜੋਂ, 2019-20 ਲਈ ਟ੍ਰਾਇਲ ਬੈਲੇਂਸ ਦੇ ਅਨੁਸਾਰ ₹ 1.83 ਕਰੋੜ ਦੀ ਭੁਗਤਾਨ ਨਾ ਕੀਤੀ ਰਾਸ਼ੀ ਵੈਲਫੇਅਰ ਫੰਡ ਵਿੱਚ ਟ੍ਰਾਂਸਫਰ ਨਹੀਂ ਕੀਤੀ ਗਈ।

ਬੋਰਡ ਨੇ ਫਾਰਮ-ਬੀ ਬਾਰੇ ਆਪਣੀ ਜਾਣਕਾਰੀ ਦੀ ਘਾਟ ਨੂੰ ਸਵੀਕਾਰ ਕੀਤਾ (ਸਤੰਬਰ 2023) ਜਦੋਂ ਕਿ ਸਰਕਾਰ (ਸਤੰਬਰ 2024) ਨੇ ਈ-ਲੇਬਰ ਪੋਰਟਲ ਤੇ ਡੈਸ਼ਬੋਰਡ ਬਣਾਉਣ ਦੀ ਪੁਸ਼ਟੀ ਕੀਤੀ ਅਤੇ

---

[23] ਚੈੱਕਾਂ ਰਾਹੀ ਆਫਲਾਈਨ ਮੋਡ: ₹ 81.78 ਲੱਖ (2020-21 ਵਿੱਚ ₹ 48.25 ਲੱਖ, 2021-22 ਵਿੱਚ ₹ 6.16 ਲੱਖ ਅਤੇ 2022-23 ਵਿੱਚ ₹ 27.37 ਲੱਖ) ਅਤੇ ਆਨਲਾਈਨ: ₹ 28.96 ਲੱਖ (2020-21 ਵਿੱਚ ₹ 2.54 ਲੱਖ, 2021-22 ਵਿੱਚ ₹ 20.84 ਲੱਖ ਅਤੇ 2022-23 ਵਿੱਚ ₹ 5.58 ਲੱਖ)।

ਲੈਜ਼ਰਾਂ ਨੂੰ ਬਣਾਈ ਰੱਖਣ ਸਮੇਤ ਐਕਟ/ਨਿਯਮਾਂ ਦੀ ਪਾਲਣਾ ਦਾ ਭਰੋਸਾ ਦਿੱਤਾ। ਦਾਅਵਿਆਂ ਦੇ ਸਬੰਧ ਵਿੱਚ, ਬੋਰਡ (ਨਵੰਬਰ 2024) ਨੇ ਅਖਬਾਰਾਂ ਵਿੱਚ ਇਸ਼ਤਿਹਾਰ ਪ੍ਰਕਾਸ਼ਿਤ ਕਰਨ ਦਾ ਵਾਅਦਾ ਕੀਤਾ ਅਤੇ ਸਰਕਾਰ ਨੇ ਬੈਂਕ ਸਟੇਟਮੈਂਟਾਂ ਵਿੱਚ ਦਾਅਵਾ ਨਾ ਕੀਤੀ ਗਈ ਜਮ੍ਹਾ ਰਾਸ਼ੀ ਦੀ ਤਸਦੀਕ ਕਰਨ ਤੋਂ ਬਾਅਦ, ਦਾਅਵਾ ਨਾ ਕੀਤੀ ਗਈ ਜਮ੍ਹਾਂ ਰਾਸ਼ੀ ਵਾਪਸ ਕਰਨ ਦਾ ਭਰੋਸਾ ਦਿੱਤਾ। ਸਰਕਾਰ ਅਤੇ ਬੋਰਡ ਦੋਵੇਂ ਮਿਲਾਨ ਕਰਨ ਤੋਂ ਬਾਅਦ ਵੈਲਫੇਅਰ ਫੰਡ ਵਿੱਚ ਦਾਅਵਾ ਨਾ ਕੀਤੀ ਰਾਸ਼ੀ ਟਰਾਂਸਫਰ ਕਰਨ ਲਈ ਸਹਿਮਤ ਹੋਏ।

ਜਵਾਬ ਵਿੱਚ ਸੰਸਥਾਵਾਂ ਕੋਲ ਭੁਗਤਾਨ ਨਾ ਕੀਤੀ ਰਾਸ਼ੀ ਦੀ ਅਸਲ ਰਾਸ਼ੀ ਨਿਰਧਾਰਤ ਕਰਨ ਲਈ ਲੋੜੀਂਦਾ ਫਾਰਮ-ਬੀ ਪ੍ਰਾਪਤ ਨਾ ਹੋਣ ਦੇ ਮੁੱਦੇ ਦਾ ਹੱਲ ਨਹੀਂ ਕੀਤਾ ਗਿਆ। ਇਸ਼ਤਿਹਾਰਬਾਜ਼ੀ ਰਾਹੀਂ ਭੁਗਤਾਨ ਨਾ ਕੀਤੀ ਗਈ ਰਾਸ਼ੀ ਦਾ ਪ੍ਰਸਾਰ ਨਾ ਹੋਣ ਕਾਰਣ ਕਾਮੇ ਆਪਣੇ ਬਕਾਏ ਦਾ ਦਾਅਵਾ ਕਰਨ ਤੋਂ ਵਾਂਝੇ ਰਹਿ ਗਏ। ਫੰਡ ਨਾ ਖਰਚਣਯੋਗ/ਦਾਅਵਾ ਨਾ ਕੀਤੇ ਗਏ 'ਭੁਗਤਾਨ ਨਾ ਕੀਤੀਆਂ ਗਈਆਂ ਰਾਸ਼ੀਆਂ' ਨੂੰ ਟਰਾਂਸਫਰ ਨਾ ਕਰਨ ਦੇ ਨਤੀਜੇ ਵਜੋਂ ਬੋਰਡ ਦੀ ਆਮਦਨ ਦਾ ਘੱਟ ਵੇਰਵਾ ਦਿੱਤਾ ਗਿਆ ਅਤੇ ਇਸਦੀਆਂ ਦੇਣਦਾਰੀਆਂ ਦਾ ਵਾਧੂ ਵੇਰਵਾ ਦਿੱਤਾ ਗਿਆ।

## 5.11 ਵੈਲਫੇਅਰ ਸਕੀਮਾਂ ਨੂੰ ਲਾਗੂ ਕਰਨਾ

ਐਕਟ ਦੀ ਧਾਰਾ 10 ਇਹ ਵਿਵਸਥਾ ਕੀਤੀ ਗਈ ਹੈ ਕਿ ਲੇਬਰ ਵੈਲਫੇਅਰ ਫੰਡ ਵਿਚਲੇ ਮੁੱਦਰਾ ਦੀ ਵਰਤੋਂ ਬੋਰਡ ਦੁਆਰਾ ਉਪਾਵਾਂ ਨੂੰ ਪੂਰਾ ਕਰਨ ਦੀ ਲਾਗਤ ਦਾ ਖਰਚਾ ਚੁਕਾਉਣ ਲਈ ਕੀਤੀ ਜਾਏਗੀ, ਜੋ ਰਾਜ ਸਰਕਾਰ ਦੁਆਰਾ ਸਮੇਂ-ਸਮੇਂ ਤੇ ਲੇਬਰ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੀ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਨਿਰਧਾਰਤ ਕੀਤੇ ਜਾ ਸਕਦੇ ਹਨ। ਇਸ ਯਤਨ ਵਿੱਚ ਬੋਰਡ ਰਜਿਸਟਰਡ ਸੰਸਥਾਵਾਂ ਦੇ ਕਾਮਿਆਂ ਦੀ ਭਲਾਈ ਲਈ 10 ਸਕੀਮਾਂ ਲਾਗੂ ਕਰ ਰਿਹਾ ਸੀ ਜੋ ਵੈਲਫੇਅਰ ਫੰਡ ਤੋਂ ₹ 800 ਤੋਂ ਲੈ ਕੇ ₹ 2.00 ਲੱਖ ਤੱਕ ਦੇ ਵਿੱਤੀ ਲਾਭ ਪ੍ਰਦਾਨ ਕਰ ਰਹੇ ਸਨ।

ਵੈਲਫੇਅਰ ਸਕੀਮਾਂ ਦਾ ਲਾਭ ਲੈਣ ਲਈ, ਸਬੰਧਤ ਰਜਿਸਟਰਡ ਸੰਸਥਾਵਾਂ ਵੱਲੋਂ ਕਾਮਿਆਂ ਦੀਆਂ ਅਰਜ਼ੀਆਂ ਬੋਰਡ ਨੂੰ ਭੇਜੀਆਂ ਜਾਂਦੀਆਂ ਹਨ। ਅਰਜ਼ੀਆਂ ਦੀ ਪੜਤਾਲ ਸਰਕਲ ਦਫਤਰ ਵਿਖੇ ਕਿਰਤ ਇੰਸਪੈਕਟਰ ਅਤੇ ਸਹਾਇਕ ਕਿਰਤ ਕਮਿਸ਼ਨਰ ਅਤੇ ਹੈੱਡਕੁਆਰਟਰ ਪੱਧਰ ਤੇ ਸਹਾਇਕ ਵੈਲਫੇਅਰ ਕਮਿਸ਼ਨਰ ਦੁਆਰਾ ਕੀਤੀ ਜਾਂਦੀ ਹੈ। ਸਕੀਮਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਅਤੇ ਕਿਰਤ ਵੈਲਫੇਅਰ ਕਮਿਸ਼ਨਰ ਦੀ ਪ੍ਰਵਾਨਗੀ ਤੋਂ ਬਾਅਦ, ਵੈਲਫੇਅਰ ਸਕੀਮ ਅਧੀਨ ਮਨਜ਼ੂਰ ਕੀਤੀ ਰਾਸ਼ੀ ਲਾਭਪਾਤਰੀ ਦੇ ਬੈਂਕ ਖਾਤੇ ਵਿੱਚ ਤਬਦੀਲ ਕੀਤੀ ਜਾਂਦੀ ਹੈ।

ਅਗਸਤ 2019 ਵਿੱਚ ਡਿਜੀਟਾਈਜ਼ੇਸ਼ਨ ਤੋਂ ਪਹਿਲਾਂ ਅਤੇ ਆਨਲਾਈਨ ਅਰਜ਼ੀਆਂ ਪ੍ਰਾਪਤ ਕਰਨ ਤੋਂ ਪਹਿਲਾਂ, ਵੈਲਫੇਅਰ ਸਕੀਮਾਂ ਅਧੀਨ ਲਾਭ ਲੈਣ ਲਈ ਅਰਜ਼ੀਆਂ ਬੋਰਡ ਦੁਆਰਾ ਆਫਲਾਈਨ ਪ੍ਰਾਪਤ ਕੀਤੀਆਂ ਜਾਂਦੀਆਂ ਸਨ।

ਲੇਖਾ ਪ੍ਰੀਖਿਆ ਨੇ ਵੇਖਿਆ (ਜੂਨ 2024) ਕਿ 2020-23 ਦੌਰਾਨ, 21,479 ਅਰਜ਼ੀਆਂ[24] ਦੇ ਮੁਕਾਬਲੇ 10,238[25] ਯੋਗ ਲਾਭਪਾਤਰੀਆਂ ਨੂੰ ₹ 26.69 ਕਰੋੜ ਦੀਆਂ ਵੈਲਫੇਅਰ ਸਕੀਮਾਂ ਦਾ ਲਾਭ ਦਿੱਤਾ ਗਿਆ ਸੀ।

ਇਨ੍ਹਾਂ 10,238 ਅਰਜ਼ੀਆਂ ਵਿੱਚੋਂ, 5,039 ਅਰਜ਼ੀਆਂ ਆਫਲਾਈਨ ਮੋਡ (ਅਪ੍ਰੈਲ 2020 ਤੋਂ ਪਹਿਲਾਂ) ਰਾਹੀਂ ਪ੍ਰਾਪਤ ਹੋਈਆਂ ਸਨ ਅਤੇ 5,199 ਅਰਜ਼ੀਆਂ ਈ-ਲੇਬਰ ਪੋਰਟਲ ਰਾਹੀਂ ਆਨਲਾਈਨ ਪ੍ਰਾਪਤ ਹੋਈਆਂ ਸਨ। ਇਸ ਵਿਚੋਂ 4,417 ਲਾਭਪਾਤਰੀਆਂ ਨੂੰ ਨਮੂਨਾ-ਜਾਂਚ ਕੀਤੇ ਸਰਕਲ ਦਫਤਰਾਂ ਵਿੱਚ ₹ 10.20 ਕਰੋੜ ਦੇ ਲਾਭ ਪ੍ਰਦਾਨ ਕੀਤੇ ਗਏ। ਇਸ ਦਾ ਵੇਰਵਾ **ਸਾਰਣੀ** 5.4 ਵਿੱਚ ਦਰਸਾਇਆ ਗਿਆ ਹੈ।

**ਸਾਰਣੀ 5.4: 2020-23 ਦੌਰਾਨ ਵੈਲਫੇਅਰ ਸਕੀਮਾਂ ਅਧੀਨ ਪ੍ਰਾਪਤ ਅਰਜ਼ੀਆਂ (ਆਨਲਾਈਨ ਅਤੇ ਆਫਲਾਈਨ) ਅਤੇ ਪ੍ਰਦਾਨ ਕੀਤੇ ਲਾਭਾਂ ਨੂੰ ਦਰਸਾਉਂਦੀ ਵਿਵਰਣੀ**

*(ਰਾਸ਼ੀ ₹ ਵਿੱਚ)*

| ਸਕੀਮ ਦਾ ਨਾਂਅ | ਪ੍ਰਾਪਤ ਆਨਲਾਈਨ ਅਰਜ਼ੀਆਂ | ਲਾਭ ਦਿੱਤਾ ਗਿਆ | | ਲਾਭ ਪ੍ਰਦਾਨ ਕੀਤਾ ਗਿਆ | ਕੁੱਲ ਦੀ ਪ੍ਰਤੀਸ਼ਤਤਾ |
|---|---|---|---|---|---|
| | | ਆਨਲਾਈਨ | ਆਫਲਾਈਨ | | |
| ਐਕਸ-ਗ੍ਰੇਸ਼ੀਆ | 357 | 125 | 72 | 3,11,70,000 | 30.57 |
| ਸ਼ਗਨ | 250 | 59 | 87 | 45,26,000 | 4.44 |
| ਵਜੀਫਾ | 5,509 | 2,024 | 2,010 | 6,54,37,000 | 64.17 |
| ਅੰਤਿਮ ਸੰਸਕਾਰ | 91 | 25 | 0 | 5,00,000 | 0.49 |
| ਜਨਰਲ ਸਰਜਰੀ ਅਤੇ ਖਤਰਨਾਕ ਬਿਮਾਰੀ | 45 | 2 | 4 | 2,34,504 | 0.23 |
| ਜਣੇਪਾ | 34 | 0 | 0 | 0 | 0.00 |
| ਐਨਕਾਂ, ਦੰਦਾਂ ਅਤੇ ਸੁਣਨ ਦੇ ਸਾਧਨ | 18 | 1 | 1 | 1,600 | 0.00 |
| ਮਾਨਸਿਕ ਤੌਰ ਤੇ ਬਿਮਾਰ ਜਾਂ ਅਪਾਹਜ ਬੱਚੇ | 7 | 5 | 0 | 1,00,000 | 0.10 |
| ਐਲ ਟੀ ਸੀ | 48 | 2 | 0 | 4,000 | 0.00 |
| ਕਰਜ਼ਾ | 69 | 0 | 0 | 0 | 0.00 |
| **ਜੋੜ** | **6,428** | **2,243** | **2,174** | **₹ 10,19,73,104** | **100.00** |

*ਸ੍ਰੋਤ: ਵਿਭਾਗੀ ਡਾਟਾ*

ਜਿਵੇ ਕਿ **ਸਾਰਣੀ** 5.4 ਤੋਂ ਸਪੱਸ਼ਟ ਹੈ, 2020-23 ਦੌਰਾਨ ਨਮੂਨਾ-ਜਾਂਚ ਕੀਤੇ ਸਰਕਲਾਂ ਵਿੱਚ:

- ਬੋਰਡ ਵਿੱਤੀ ਸਹਾਇਤਾ ਦੇ ਭੁਗਤਾਨ ਲਈ ਸਿਰਫ 34.89 *ਪ੍ਰਤੀਸ਼ਤ* ਆਨਲਾਈਨ ਅਰਜ਼ੀਆਂ ਤੇ ਕਾਰਵਾਈ ਕਰਨ ਦੇ ਯੋਗ ਸੀ;
- ਦੋ ਸਕੀਮਾਂ ਜਿਵੇਂ ਕਿ ਵਿਆਜ ਮੁਕਤ ਕਰਜ਼ਾ ਸਕੀਮ ਅਤੇ ਜਣੇਪਾ ਸਕੀਮ ਅਧੀਨ ਬਿਨੈਕਾਰਾਂ ਨੂੰ ਕੋਈ ਲਾਭ ਨਹੀਂ ਦਿੱਤਾ ਗਿਆ। ਇਸ ਦੇ ਕਾਰਨਾ ਦੀ ਚਰਚਾ **ਪੈਰ੍ਹਾ** 5.11.2 ਅਤੇ 5.11.3 ਵਿੱਚ ਕੀਤੀ ਗਈ ਹੈ;

---

24 5,039 ਆਫਲਾਈਨ ਅਰਜ਼ੀਆਂ, 317 ਬਕਾਇਆ ਆਨਲਾਈਨ ਅਰਜ਼ੀਆਂ (1 ਅਪ੍ਰੈਲ 2020 ਤੱਕ) ਅਤੇ 16,123 ਨਵੀਆਂ ਆਨਲਾਈਨ ਅਰਜ਼ੀਆਂ।

25 5,039 ਆਫਲਾਈਨ ਅਰਜ਼ੀਆਂ ਅਤੇ 5,199 ਆਨਲਾਈਨ ਅਰਜ਼ੀਆਂ।

- ਚਾਰ ਸਕੀਮਾਂ ਅਧੀਨ- i) ਜਨਰਲ ਸਰਜਰੀ ਅਤੇ ਖਤਰਨਾਕ ਬਿਮਾਰੀਆਂ ii) ਚਸ਼ਮਾ, ਦੰਦਾ ਅਤੇ ਸੁਣਨ ਦੀ ਸਮੱਗਰੀ, iii) ਮਾਨਸਿਕ ਬਿਮਾਰੀ ਜਾਂ ਅਪਾਹਜ ਬੱਚੇ ਅਤੇ iv) ਐਲ ਟੀ ਸੀ ਸਕੀਮ, ਸਿਰਫ 15 ਲਾਭਪਾਤਰੀਆਂ ਨੂੰ ₹ 3.40 ਲੱਖ (0.33 *ਪ੍ਰਤੀਸ਼ਤ*) ਦੇ ਲਾਭ ਪ੍ਰਦਾਨ ਕੀਤੇ ਗਏ ਸਨ; ਅਤੇ
- ਬਾਕੀ ਚਾਰ ਸਕੀਮਾਂ ਦੇ ਸਬੰਧ ਵਿੱਚ, ਵਜ਼ੀਫਾ ਸਕੀਮ ਅਧੀਨ 4,034 ਲਾਭਪਾਤਰੀਆਂ ਨੂੰ ₹ 6.54 ਕਰੋੜ (64 *ਪ੍ਰਤੀਸ਼ਤ*) ਦੀ ਵੱਡੀ ਅਦਾਇਗੀ ਕੀਤੀ ਗਈ ਸੀ, ਇਸ ਤੋਂ ਬਾਅਦ ਐਕਸ-ਗ੍ਰੇਸ਼ੀਆ ਸਕੀਮ ਅਧੀਨ 197 ਲਾਭਪਾਤਰੀਆਂ ਨੂੰ ₹ 3.12 ਕਰੋੜ, (31 *ਪ੍ਰਤੀਸ਼ਤ*) ਵੰਡੇ ਗਏ, ਸ਼ਗਨ ਸਕੀਮ ਅਧੀਨ 146 ਲਾਭਪਾਤਰੀਆਂ ਨੂੰ ₹ 0.45 ਕਰੋੜ (4 *ਪ੍ਰਤੀਸ਼ਤ*) ਅਤੇ ਅੰਤਿਮ ਸੰਸਕਾਰ ਸਕੀਮ ਅਧੀਨ 25 ਬਿਨੈਕਾਰਾਂ ਨੂੰ ₹ 0.05 ਕਰੋੜ (0.05 *ਪ੍ਰਤੀਸ਼ਤ*) ਵੰਡੇ ਗਏ।

ਲੇਖਾ ਪ੍ਰੀਖਿਆ ਦੁਆਰਾ ਉਨ੍ਹਾਂ ਸਾਰੀਆਂ 4,417 ਅਰਜ਼ੀਆਂ ਦੀ ਪੜਤਾਲ ਕਰਦਿਆਂ ਜੋ ਦੇਖਿਆ ਗਿਆ ਹੈ ਜਿਨ੍ਹਾਂ ਵਿੱਚ 2020-23 ਦੌਰਾਨ ਵੱਖ-ਵੱਖ ਵੈਲਫੇਅਰ ਸਕੀਮਾਂ ਅਧੀਨ ਕਾਮਿਆਂ ਨੂੰ ਲਾਭ ਪ੍ਰਦਾਨ ਕੀਤੇ ਗਏ ਸਨ, ਉਸਦੀ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ।

### 5.11.1 ਅਰਜ਼ੀਆਂ ਦੀ ਪ੍ਰਕਿਰਿਆ ਵਿੱਚ ਬੇਲੋੜੀ ਦੇਰੀ

ਬੋਰਡ ਨੂੰ ਵੱਖ-ਵੱਖ ਭਲਾਈ ਸਕੀਮਾਂ ਅਧੀਨ ਕਾਮਿਆਂ ਨੂੰ ਆਨਲਾਈਨ/ਆਫਲਾਈਨ ਮੋਡ ਰਾਹੀਂ ਅਰਜ਼ੀਆਂ ਪ੍ਰਾਪਤ ਹੋਈਆਂ। ਕਿਉਂਕਿ ਬੋਰਡ ਨੇ ਅਰਜ਼ੀਆਂ ਤੇ ਕਾਰਵਾਈ ਕਰਨ ਲਈ ਕੋਈ ਖਾਸ ਸਮਾਂ-ਸੀਮਾ ਨਿਰਧਾਰਤ ਨਹੀਂ ਕੀਤੀ ਗਈ ਸੀ, ਇਸ ਲਈ ਬਿਨੈਕਾਰਾਂ ਨੂੰ ਵਿੱਤੀ ਸਹਾਇਤਾ ਦੇਣ ਵਿੱਚ ਢਿੱਲ ਵਰਤੀ ਗਈ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ (ਸਤੰਬਰ 2023) ਕਿ 2020-2023 ਦੌਰਾਨ ਨਮੂਨਾ-ਜਾਂਚ ਕੀਤੇ ਸਰਕਲਾਂ ਵਿੱਚ 4,417 ਬਿਨੈਕਾਰਾਂ ਨੂੰ ₹ 10.20 ਕਰੋੜ ਦੀ ਵਿੱਤੀ ਸਹਾਇਤਾ ਦਿੱਤੀ ਗਈ ਸੀ। 4,417 ਅਰਜ਼ੀਆਂ[26] ਦੀ ਹੋਰ ਪੜਤਾਲ ਤੋਂ ਪਤਾ ਲੱਗਿਆ ਕਿ ਭੁਗਤਾਨ ਲਈ 180 ਦਿਨਾਂ[27] ਦੇ ਅੰਦਰ ਸਿਰਫ 52 ਅਰਜ਼ੀਆਂ ਤੇ ਕਾਰਵਾਈ ਕੀਤੀ ਗਈ ਅਤੇ ਬਾਕੀ 4,346 ਅਰਜ਼ੀਆਂ (98.39 *ਪ੍ਰਤੀਸ਼ਤ*) ਵਿੱਚ ਵਿੱਤੀ ਸਹਾਇਤਾ ਵਿੱਚ 180 ਦਿਨਾਂ ਤੋਂ ਵੱਧ ਪੰਜ ਅਤੇ 1,199 ਦਿਨਾਂ ਦੇ ਵਿਚਕਾਰ ਦੀ ਦੇਰੀ ਹੋਈ। ਇਨ੍ਹਾਂ ਦੇਰੀ ਵਾਲੀਆਂ ਅਰਜ਼ੀਆਂ ਵਿੱਚ ਅੰਤਿਮ ਸੰਸਕਾਰ/ਸ਼ਮਸ਼ਾਨ ਘਾਟ ਸਕੀਮ (25 ਅਰਜ਼ੀਆਂ) ਅਤੇ ਜਨਰਲ ਸਰਜਰੀ ਸਕੀਮ-ਖਤਰਨਾਕ ਬਿਮਾਰੀ ਇਲਾਜ ਸਕੀਮ (ਦੋ ਅਰਜ਼ੀਆਂ) ਅਧੀਨ ਰਾਹਤ ਦੀ ਮੰਗ ਕਰਨ ਵਾਲੇ ਬਿਨੈਕਾਰ ਵੀ ਸ਼ਾਮਲ ਹਨ। ਵੈਲਫੇਅਰ ਸਕੀਮਾਂ

---

26 ਇਸ ਵਿੱਚ 19 ਮਾਮਲੇ ਸ਼ਾਮਲ ਹਨ ਜਿਨ੍ਹਾਂ ਦਾ ਰਿਕਾਰਡ ਲੇਖਾ ਪ੍ਰੀਖਿਆ ਲਈ ਪ੍ਰਦਾਨ ਨਹੀਂ ਕੀਤਾ ਗਿਆ ਸੀ।

27 ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ (ਰੁਜ਼ਗਾਰ ਅਤੇ ਸੇਵਾ ਦੀਆਂ ਸ਼ਰਤਾਂ ਦਾ ਰੈਗੂਲੇਸ਼ਨ) ਐਕਟ, 2006 (2006 ਦਾ ਸੀ ਡੀ ਡਬਲਯੂ ਪੀ ਨੰਬਰ 318 ਦੇ ਮਾਮਲੇ ਵਿੱਚ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਦਾ ਹਵਾਲਾ ਦਿੰਦੇ ਹੋਏ, ਜਿਸ ਵਿੱਚ ਮਾਨਯੋਗ ਅਦਾਲਤ ਨੇ ਆਦੇਸ਼ ਦਿੱਤਾ ਕਿ ਬੀ ਓ ਸੀ ਡਬਲਯੂ ਐਕਟ ਅਧੀਨ ਲਾਭ ਲਾਭਪਾਤਰੀਆਂ ਨੂੰ ਤਰਜੀਹੀ ਤੌਰ ਤੇ ਛੇ ਮਹੀਨਿਆਂ ਦੇ ਅੰਦਰ ਦਿੱਤੇ ਜਾਣੇ ਚਾਹੀਦੇ ਹਨ। ਪੰਜਾਬ ਲੇਬਰ ਵੈਲਫੇਅਰ ਬੋਰਡ, ਕਿਰਤ ਵਿਭਾਗ, ਬੀ ਓ ਸੀ ਡਬਲਯੂ ਵਾਂਗ ਜੀ ਓ ਪੀ ਦੇ ਅਧੀਨ ਸਹਾਇਕ ਕੰਪਨੀ ਹੈ ਅਤੇ ਮਜ਼ਦੂਰਾਂ ਦੀ ਭਲਾਈ ਲਈ ਅਜਿਹੀਆਂ ਸਕੀਮਾਂ ਚਲਾਉਂਦੀ ਹੈ।

ਤੋਂ ਲਾਭ ਲੈਣ ਵਾਲੇ ਬਿਨੈਕਾਰਾਂ ਦੀ ਕਾਫੀ ਘੱਟ ਗਿਣਤੀ ਅਤੇ ਪ੍ਰਕਿਰਿਆ ਵਿੱਚ ਵਿਆਪਕ ਦੇਰੀ ਹੇਠ ਲਿਖੇ ਕਾਰਕਾਂ ਲਈ ਜ਼ਿੰਮੇਵਾਰ ਸੀ:

- ਸਪਸ਼ਟੀਕਰਨਾਂ ਜਾਂ ਵਾਧੂ ਦਸਤਾਵੇਜ਼ਾਂ ਦੀ ਲੋੜ ਵਾਲੀਆਂ ਅਰਜ਼ੀਆਂ ਅਕਸਰ ਬਿਨੈਕਾਰਾਂ ਨੂੰ ਵਾਪਸ ਕਰ ਦਿੱਤੀਆਂ ਜਾਂਦੀਆਂ ਸਨ। ਮੋਬਾਈਲ ਨੰਬਰ ਹਾਸਲ ਕਰਨ ਅਤੇ ਐਸ ਐਮ ਐਸ ਸੇਵਾਵਾਂ ਦੀ ਸਬਸਕ੍ਰਾਈਬ ਕਰਨ ਦੇ ਬਾਵਜੂਦ, ਬੋਰਡ ਨੇ ਇਨ੍ਹਾਂ ਦੀ ਵਰਤੋਂ ਨਹੀਂ ਕੀਤੀ ਅਤੇ ਬਿਨੈਕਾਰ ਹੋਰ ਸਰੋਤਾਂ ਤੋਂ ਜਾਣਕਾਰੀ ਪ੍ਰਾਪਤ ਕਰਨ ਤੱਕ ਅਣਜਾਣ ਰਹੇ, ਜਿਸ ਕਾਰਣ ਅਰਜ਼ੀਆਂ ਦੀ ਪ੍ਰਕਿਰਿਆ ਵਿੱਚ ਦੇਰੀ ਹੋਈ।

- ਮੌਜੂਦਾ ਅਰਜ਼ੀ ਨੂੰ ਬੰਦ ਕੀਤੇ ਬਿਨਾਂ ਇੱਕੋ ਲਾਭ/ਸਕੀਮ ਲਈ ਇੱਕ ਤੋਂ ਵੱਧ ਵਾਰ ਅਰਜ਼ੀਆਂ ਜਮ੍ਹਾਂ ਕੀਤੀਆਂ ਗਈਆਂ ਸਨ। ਲੇਖਾ ਪ੍ਰੀਖਿਆ ਨੇ ਦੇਖਿਆ ਕਿ ਈ-ਲੇਬਰ ਪੋਰਟਲ ਬਿਨੈਕਾਰਾਂ ਨੂੰ ਮੌਜੂਦਾ ਅਰਜ਼ੀ ਦੇ ਬੰਦ ਹੋਣ ਤੱਕ ਉਸੇ ਸਕੀਮ ਲਈ ਅਰਜ਼ੀ ਦੇਣ ਤੋਂ ਰੋਕਣ ਵਿੱਚ ਅਸਮਰੱਥ ਹੋਣ ਕਾਰਣ, ਜਿਸ ਨੂੰ ਇੱਕ ਵਿਲੱਖਣ ਹਵਾਲਾ ਅਲਾਟ ਕੀਤਾ ਗਿਆ ਸੀ, ਇੱਕੋ ਬਿਨੈਕਾਰ ਤੋਂ ਇੱਕੋ ਲਾਭ ਲਈ ਇੱਕ ਤੋਂ ਵੱਧ ਅਰਜ਼ੀਆਂ ਪ੍ਰਾਪਤ ਹੋਈਆਂ ਸੀ। ਇਸ ਮੁੱਦੇ ਨੂੰ ਹੱਲ ਕਰਨ ਨਾਲ ਅਰਜ਼ੀਆਂ ਤੇ ਨਵੇਂ ਸਿਰੇ ਤੋਂ ਕਾਰਵਾਈ ਕਰਨ ਦੇ ਸਟਾਫ ਦੇ ਬੋਝ ਅਤੇ ਲੰਬਿਤ ਅਰਜ਼ੀਆਂ ਦੀ ਗਿਣਤੀ ਨੂੰ ਘਟਾਇਆ ਜਾ ਸਕਦਾ ਸੀ।

- ਸਰਕਲ ਦਫਤਰਾਂ ਵਿੱਚ ਕਿਰਤ ਭਲਾਈ ਇੰਸਪੈਕਟਰਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੀ ਅਣਹੋਂਦ ਕਾਰਣ, ਜੋ ਅਰਜ਼ੀਆਂ ਤੇ ਕਾਰਵਾਈ ਕਰਨ ਲਈ ਦਰਜਾਬੰਦੀ ਵਿੱਚ ਪ੍ਰਾਇਮਰੀ ਸਨ, ਬੋਰਡ ਕਿਰਤ ਵਿਭਾਗ ਦੇ ਪਹਿਲਾਂ ਤੋਂ ਰੁਝੇਵੇਂ[28] ਵਾਲੇ ਕਿਰਤ ਇੰਸਪੈਕਟਰਾਂ ਤੇ ਨਿਰਭਰ ਕਰ ਰਿਹਾ ਸੀ ਜਿਸ ਕਾਰਣ ਪ੍ਰਕਿਰਿਆ ਵਿੱਚ ਲਾਜ਼ਮੀ ਦੇਰੀ ਹੋਈ। ਇਸ ਤੋਂ ਇਲਾਵਾ, ਸਹਾਇਕ ਕਿਰਤ ਕਮਿਸ਼ਨਰ, ਸੁਪਰਡੰਟ, ਸਹਾਇਕ ਵੈਲਫੇਅਰ ਕਮਿਸ਼ਨਰ ਅਤੇ ਸਹਾਇਕ ਕੰਟਰੋਲਰ (ਵਿੱਤ ਅਤੇ ਲੇਖੇ) ਵਰਗੇ ਹੋਰ ਪ੍ਰਮੁੱਖ ਅਹੁਦਿਆਂ ਤੇ ਵੀ ਕਿਰਤ ਵਿਭਾਗ ਨੂੰ ਵਾਧੂ ਚਾਰਜ ਦਿੱਤਾ ਗਿਆ ਸੀ। ਬੋਰਡ ਨੇ ਦਰਜਾਬੰਦੀ ਦੇ ਹਰੇਕ ਪੱਧਰ ਲਈ ਪ੍ਰੋਸੈਸਿੰਗ ਸਮਾਂ-ਸੀਮਾ ਵੀ ਨਿਰਧਾਰਤ ਨਹੀਂ ਕੀਤੀ ਸੀ, ਜਿਸ ਦੇ ਨਤੀਜੇ ਵਜੋਂ ਪ੍ਰਕਿਰਿਆ ਵਿੱਚ ਦੇਰੀ ਮਿਆਰੀ ਕੁਸ਼ਲਤਾ ਦੀ ਬਜਾਏ ਵਿਅਕਤੀਗਤ ਅਧਿਕਾਰੀ ਦੀ ਸਹੂਲਤ ਤੇ ਨਿਰਭਰ ਕਰਦੀ ਸੀ।

ਸਰਕਾਰ ਨੇ ਕਿਹਾ (ਸਤੰਬਰ 2024) ਕਿ ਪ੍ਰਕਿਰਿਆ ਦੌਰਾਨ ਦੇਰੀ ਵਿੱਚ ਬਿਨੈਕਾਰ ਦੁਆਰਾ ਨਿਰੀਖਣਾਂ ਨੂੰ ਹੱਲ ਕਰਨ ਵਿੱਚ ਲੱਗਣ ਵਾਲਾ ਸਮਾਂ ਵੀ ਸ਼ਾਮਲ ਹੈ। ਫੀਲਡ ਅਧਿਕਾਰੀਆਂ ਨੂੰ ਇੱਕ ਮਹੀਨੇ ਦੇ ਅੰਦਰ ਬਕਾਇਆ ਅਰਜ਼ੀਆਂ ਦਾ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ ਅਤੇ ਹੈੱਡਕੁਆਰਟਰ ਪੱਧਰ ਤੇ ਪ੍ਰਕਿਰਿਆ ਵਿੱਚ ਦੇਰੀ ਦੀ ਨਿਗਰਾਨੀ ਲਈ ਇੱਕ ਡੈਸ਼ਬੋਰਡ ਬਣਾਇਆ ਗਿਆ ਸੀ। ਇਸ ਤੋਂ ਇਲਾਵਾ, ਐਨ ਆਈ ਸੀ ਨੇ ਹੁਣ ਇੱਕ ਪੋਰਟਲ ਵਿਸ਼ੇਸ਼ਤਾ ਵਿਕਸਿਤ ਕੀਤੀ ਹੈ ਜੋ ਬਿਨੈਕਾਰਾਂ ਨੂੰ ਆਪਣੇ ਮੋਬਾਇਲ ਨੰਬਰ ਜਾਂ ਆਧਾਰ ਨੰਬਰ ਦੀ ਵਰਤੋਂ ਕਰਕੇ ਆਪਣੀ ਵੈਲਫੇਅਰ ਯੋਜਨਾ ਦੀਆਂ ਐਪਲੀਕੇਸ਼ਨਾਂ ਦੀ ਸਥਿਤੀ ਦੀ ਜਾਂਚ ਕਰਨ ਦੀ ਆਗਿਆ ਦਿੰਦੀ ਹੈ।

---

28 ਜਿਵੇਂ ਕਿ ਪੈਰ੍ਹਾ 5.9(i) ਵਿੱਚ ਚਰਚਾ ਕੀਤੀ ਗਈ ਹੈ।

ਲੇਖਾ ਪ੍ਰੀਖਿਆ ਦੁਆਰਾ ਦਰਸਾਏ ਜਾਣ ਤੋਂ ਬਾਅਦ, ਬੋਰਡ ਨੇ (ਨਵੰਬਰ 2024) ਸੁਧਾਰਾਤਮਕ ਕਾਰਵਾਈ ਕਰਨ ਲਈ ਕਿਹਾ ਸੀ ਜਿਵੇਂ ਕਿ ਐਸ ਐਮ ਐਸ ਸੇਵਾਵਾਂ, ਹੈੱਡਕੁਆਰਟਰ ਅਤੇ ਫੀਲਡ ਪੱਧਰ ਤੇ ਲੰਬਿਤ ਅਰਜ਼ੀਆਂ ਦੀ ਨਿਗਰਾਨੀ ਲਈ ਡੈਸ਼ਬੋਰਡ, ਬਿਨੈਕਾਰ ਲਈ ਆਪਣੀ ਅਰਜ਼ੀ ਦੀ ਸਥਿਤੀ ਦੀ ਨਿਗਰਾਨੀ ਕਰਨ ਲਈ ਪੋਰਟਲ ਤੇ ਪ੍ਰਬੰਧ, ਬਿਨੈਕਾਰ ਲਈ ਇਤਰਾਜ਼ਾਂ ਨੂੰ ਦੂਰ ਕਰਨ ਲਈ ਸੰਪਾਦਨ ਵਿਕਲਪ ਅਤੇ ਫੀਲਡ ਪੱਧਰ ਤੇ ਇੱਕ ਮਹੀਨੇ ਦੀ ਸਮਾਂ-ਸੀਮਾ ਨਿਰਧਾਰਤ ਕਰਨ ਲਈ ਨਿਰਦੇਸ਼ ਜਾਰੀ ਕੀਤੇ ਗਏ 'ਨ। ਹਾਲਾਂਕਿ, ਹੈੱਡਕੁਆਰਟਰ ਦਫਤਰ ਦੇ ਵੱਖ-ਵੱਖ ਪੱਧਰਾਂ ਤੇ ਅਰਜ਼ੀਆਂ ਦੀ ਪ੍ਰਕਿਰਿਆ ਲਈ ਸਮਾਂ-ਸੀਮਾ ਹੁਣ ਤੱਕ ਤੈਅ ਨਹੀਂ ਕੀਤੀ ਗਈ ਸੀ ਅਤੇ ਰੈਗੂਲਰ ਸਟਾਫ ਅਤੇ ਬੋਰਡ ਦੇ ਆਪਣੇ ਕਿਰਤ ਭਲਾਈ ਇੰਸਪੈਕਟਰਾਂ ਦੀ ਨਿਯੁਕਤੀ ਵੀ ਲੰਬਿਤ ਸੀ। ਬੋਰਡ ਨੇ ਇਹ ਵੀ ਕਿਹਾ ਕਿ ਅਰਜ਼ੀਆਂ ਦੀ ਪ੍ਰਕਿਰਿਆ ਲਈ ਸਮਾਂ-ਸੀਮਾ ਨਿਰਧਾਰਤ ਕਰਨ ਦਾ ਏਜੰਡਾ ਅਗਲੀ ਬੋਰਡ ਮੀਟਿੰਗ ਵਿੱਚ ਰੱਖਿਆ ਜਾਵੇਗਾ।

### 5.11.2 ਅਯੋਗ ਲਾਗੂਕਰਨ ਨਾਲ ਕਰਜ਼ੇ ਦੇ ਲਾਭਾਂ ਤੋਂ ਇਨਕਾਰ ਅਤੇ ਲੈਜਰਾਂ ਦਾ ਗੈਰ ਰੱਖ-ਰਖਾਅ

ਕਰਜ਼ਾ ਸਕੀਮਾਂ ਦੇ ਉਪਬੰਧਾਂ ਅਨੁਸਾਰ, ਵੱਖ-ਵੱਖ ਵਸਤਾਂ[29] ਦੀ ਖਰੀਦ ਲਈ ਰੁਜ਼ਗਾਰਦਾਤਾ ਦੀ ਗਰੰਟੀ 'ਤੇ ਯੋਗ ਲਾਭਪਾਤਰੀਆਂ ਨੂੰ ₹ 1,000 ਤੋਂ ਲੈ ਕੇ ₹ 50,000 ਤੱਕ ਦੇ ਵਿਆਜ-ਮੁਕਤ ਕਰਜ਼ੇ ਸਵੀਕਾਰਯੋਗ ਸਨ। ਸੰਸਥਾ ਲਾਭਪਾਤਰੀ ਦੀ ਤਨਖਾਹ ਤੋਂ ਵਸੂਲੀ ਨੂੰ ਪ੍ਰਭਾਵਿਤ ਕਰਨ ਅਤੇ ਇਸ ਨੂੰ ਬੋਰਡ ਨੂੰ ਭੇਜਣ ਲਈ ਜ਼ਿੰਮੇਵਾਰ ਸੀ। ਵਸੂਲੀ ਦੀ ਮਿਆਦ 12 ਤੋਂ 30 ਮਹੀਨਿਆਂ ਦੇ ਵਿਚਕਾਰ ਸੀ। ਕਰਜ਼ਿਆਂ ਦੀ ਵਸੂਲੀ ਦੀ ਨਿਗਰਾਨੀ ਲਈ, ਬੋਰਡ ਦੁਆਰਾ ਵਰਕਰ-ਵਾਰ ਅਤੇ ਸੰਸਥਾ-ਵਾਰ ਕਰਜ਼ਦਾਰ ਲੈਜ਼ਰ ਰੱਖੇ ਜਾਣੇ ਚਾਹੀਦੇ ਸਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਰਜ਼ਾ ਲੈਣ ਵਾਲਿਆਂ ਤੋਂ ਵਸੂਲੀ ਜਾਣ ਵਾਲੀ ਅਸਲ ਰਾਸ਼ੀ ਨੂੰ ਯਕੀਨੀ ਬਣਾਇਆ ਜਾ ਸਕੇ। ਹਾਲਾਂਕਿ, ਹੇਠਾਂ ਵੇਰਵੇ ਅਨੁਸਾਰ ਕਰਜ਼ਾ ਸਕੀਮ ਨੂੰ ਲਾਗੂ ਕਰਨ ਵਿੱਚ ਕਮੀਆਂ ਵੇਖੀਆਂ ਗਈਆਂ ਸਨ:

#### *(i) ਕਰਜ਼ਾ ਸਕੀਮ ਦੇ ਲਾਭਾਂ ਤੋਂ ਇਨਕਾਰ*

ਸਾਲ 2020-2023 ਦੌਰਾਨ, ਬੋਰਡ ਨੂੰ ਸਾਰੇ ਸਰਕਲਾਂ ਤੋਂ 188 ਕਰਜ਼ਾ ਅਰਜ਼ੀਆਂ (ਆਨਲਾਈਨ) ਪ੍ਰਾਪਤ ਹੋਈਆਂ, ਜਿਨ੍ਹਾਂ ਵਿੱਚੋਂ ਬੋਰਡ ਨੇ ਇੱਕ ਨੂੰ ਵੀ ਮਨਜ਼ੂਰੀ ਨਹੀਂ ਦਿੱਤੀ ਅਤੇ ਸਾਰੀਆਂ ਅਰਜ਼ੀਆਂ ਵਿਚਾਰ ਅਧੀਨ ਰੱਖੀਆਂ।

ਨਮੂਨਾ-ਜਾਂਚ ਕੀਤੇ ਸਰਕਲ ਦਫਤਰਾਂ ਵਿੱਚ ਪ੍ਰਾਪਤ ਅਰਜ਼ੀਆਂ ਦੀ ਲੇਖਾ ਪ੍ਰੀਖਿਆ (ਸਤੰਬਰ 2023) ਤੋਂ ਪਤਾ ਲੱਗਿਆ ਕਿ 2020-2023 ਦੌਰਾਨ ਕਰਜ਼ਾ ਸਕੀਮ ਅਧੀਨ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ 69 ਅਰਜ਼ੀਆਂ ਪ੍ਰਾਪਤ ਹੋਈਆਂ ਸਨ। ਹਾਲਾਂਕਿ, ਇਸ ਸਕੀਮ ਦੇ ਅਧੀਨ ਇੱਕ ਵੀ ਲਾਭਪਾਤਰੀ ਨੂੰ ਲਾਭ ਨਹੀਂ ਦਿੱਤਾ ਗਿਆ ਸੀ। ਜਿਸਦੇ ਵੇਰਵੇ ਹੇਠ ਲਿਖੇ ਅਨੁਸਾਰ ਸਨ:

- ਹਾਲਾਂਕਿ ਸਰਕਲ ਦਫਤਰਾਂ ਦੁਆਰਾ ₹ 11.23 ਲੱਖ ਦੀਆਂ 25 ਅਰਜ਼ੀਆਂ ਦੀ ਤਸਦੀਕ ਕੀਤੀ ਗਈ ਸੀ ਅਤੇ ਹੈੱਡਕੁਆਰਟਰ ਦਫਤਰ ਵਿੱਚ ਜਮ੍ਹਾਂ ਕੀਤੀ ਗਈ ਸੀ, ਪਰ ਇਹ

29 ਕੰਪਿਊਟਰ, ਟੈਲੀਵਿਜ਼ਨ, ਸਾਈਕਲ, ਸਿਲਾਈ ਮਸ਼ੀਨ, ਪੱਖਾ, ਕਣਕ ਦਾ ਕਰਜ਼ਾ, ਮੋਟਰਸਾਈਕਲ/ਇਲੈਕਟ੍ਰਾਨਿਕ ਸਕੂਟੀ, ਫਰਿੱਜ ਕਰਜ਼ਾ ਅਤੇ ਬੇਟੀ ਦੇ ਵਿਆਹ ਦਾ ਕਰਜ਼ਾ।

333 ਤੋਂ 995 ਦਿਨਾਂ (31 ਮਾਰਚ 2023 ਤੱਕ) ਤੋਂ ਬਿਨਾਂ ਕਿਸੇ ਇਤਰਾਜ਼ ਦੇ ਵਿਚਾਰਅਧੀਨ ਸਨ; ਅਤੇ

- ਬਾਕੀ 44 ਅਰਜ਼ੀਆਂ ਵਿਚੋਂ ₹ 2.30 ਲੱਖ ਦੀ ਵਿੱਤੀ ਸਹਾਇਤਾ ਵਾਲੀਆਂ ਪੰਜ ਅਰਜ਼ੀਆਂ ਲੋੜੀਂਦੇ ਦਸਤਾਵੇਜ਼ਾਂ ਦੀ ਘਾਟ ਕਾਰਣ ਸਰਕਲ ਦਫਤਰਾਂ ਵਿੱਚ 595 ਤੋਂ 679 ਦਿਨਾਂ ਲਈ ਵਿਚਾਰਅਧੀਨ ਪਈਆਂ ਸਨ, ਹਾਲਾਂਕਿ ਇਤਰਾਜ਼ ਕੀਤੇ ਦਸਤਾਵੇਜ਼ ਅਰਜ਼ੀਆਂ ਨਾਲ ਪਹਿਲਾਂ ਹੀ ਜੁੜੇ ਹੋਏ ਪਾਏ ਗਏ ਸਨ। ਬਾਕੀ 39 ਅਰਜ਼ੀਆਂ ਬਿਨੈਕਾਰਾਂ ਦੁਆਰਾ ਇਤਰਾਜ਼ ਹਟਾਉਣ ਦੀ ਉਡੀਕ ਕਰ ਰਹੀਆਂ ਸਨ।

ਸਰਕਾਰ ਨੇ ਬਕਾਇਆ ਕਰਜ਼ਿਆਂ ਦੀ ਵਸੂਲੀ ਵਿੱਚ ਚੁਣੌਤੀਆਂ ਕਰਜ਼ੇ ਦੀਆਂ ਅਰਜ਼ੀਆਂ ਨੂੰ ਮਨਜ਼ੂਰੀ ਨਾ ਦੇਣ ਦਾ ਕਾਰਣ ਦੱਸਿਆ (ਸਤੰਬਰ 2024)। ਇਹ ਭਰੋਸਾ ਦਿੱਤਾ ਗਿਆ ਕਿ ਵਿਆਜ-ਮੁਕਤ ਕਰਜ਼ਾ ਸਕੀਮ ਨੂੰ ਸੁਚਾਰੂ ਬਣਾਉਣ ਲਈ ਆਉਣ ਵਾਲੀ ਬੋਰਡ ਮੀਟਿੰਗ ਵਿੱਚ ਅਜੰਡਾ ਪੇਸ਼ ਕੀਤਾ ਜਾਵੇਗਾ। ਇਸ ਸਕੀਮ ਅਧੀਨ ਭੁਗਤਾਨ ਵਿਚਾਰ ਅਧੀਨ ਸਨ ਅਤੇ ਜਵਾਬ ਵਿੱਚ ਫੈਸਲਾ ਲੈਣ ਤੋਂ ਬਾਅਦ ਉਚਿਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਗਿਆ ਸੀ। ਸਰਕਾਰ ਦਾ ਜਵਾਬ ਸੰਤੁਸ਼ਟੀਜਨਕ ਨਹੀਂ ਸੀ ਕਿਉਕਿ ਕਰਜ਼ਦਾਰਾਂ ਦੇ ਲੈਜ਼ਰਾਂ ਦੀ ਅਣਹੋਂਦ ਵਿੱਚ (ਜਿਵੇਂ ਕਿ ਅਗਲੇ ਪੈਰ੍ਹਿਆਂ ਵਿੱਚ ਚਰਚਾ ਕੀਤੀ ਗਈ ਹੈ), ਬੋਰਡ ਵਿਅਕਤੀਗਤ ਕਰਜ਼ਦਾਰਾਂ ਦੇ ਵਿਰੁੱਧ ਬਕਾਇਆ ਕਰਜ਼ੇ ਦੀ ਰਾਸ਼ੀ ਦੀ ਤਸਦੀਕ ਕਰਨ ਵਿੱਚ ਅਸਮਰੱਥ ਸੀ।

ਇਸ ਤਰ੍ਹਾਂ, 30 ਅਰਜ਼ੀਆਂ 'ਤੇ ਕੋਈ ਇਤਰਾਜ਼ ਨਾ ਹੋਣ ਅਤੇ ਬੋਰਡ ਕੋਲ ਲੋੜੀਂਦੇ ਫੰਡਾਂ ਦੀ ਉਪਲਬਧਤਾ ਦੇ ਬਾਵਜੂਦ, ਬੋਰਡ ਦੇ ਕਾਰਣਾਂ ਕਰਕੇ, ਇਸ ਯੋਜਨਾ ਦੇ ਇੱਛਤ ਲਾਭ ਲਾਭਪਾਤਰੀਆਂ ਤੱਕ ਨਹੀਂ ਪਹੁੰਚਾਏ ਗਏ ਸਨ।

### *(ii) ਸਹਾਇਕ ਲੇਜਰਾਂ ਦਾ ਗੈਰ-ਰੱਖ-ਰਖਾਅ*

ਰਿਕਾਰਡਾਂ ਦੀ ਲੇਖਾ ਪ੍ਰੀਖਿਆ ਤੋਂ ਪਤਾ ਲੱਗਿਆ (ਸਤੰਬਰ 2023) ਕਿ ਬੋਰਡ ਦੁਆਰਾ ਕਰਜ਼ਦਾਰ-ਵਾਰ ਸਹਾਇਕ ਲੈਜਰਾਂ ਦਾ ਰੱਖ-ਰਖਾਅ ਨਹੀਂ ਕੀਤਾ ਗਿਆ ਸੀ, ਜਿਸ ਕਾਰਣ ਬੋਰਡ ਲਈ ਕਰਜ਼ੇ ਦੀ ਰਾਸ਼ੀ ਅਤੇ ਕਰਜ਼ਦਾਰਾਂ ਦੁਆਰਾ ਉਸ ਦੇ ਵਿਰੁੱਧ ਮੁੜ-ਅਦਾਇਗੀ ਦਾ ਪਤਾ ਲਗਾਉਣਾ ਸੰਭਵ ਨਹੀਂ ਸੀ। ਮਹੱਤਵਪੂਰਨ ਰਿਕਾਰਡਾਂ ਦੀ ਅਣਹੋਂਦ ਨੇ ਡਿਫਾਲਟ ਦੀ ਸਥਿਤੀ ਵਿੱਚ ਕਰਜ਼ੇ ਦੀ ਵਸੂਲੀ ਲਈ ਬੋਰਡ ਦੁਆਰਾ ਪੈਰਵੀ ਕਰਨ ਦੀਆਂ ਸੰਭਾਵਨਾਵਾਂ ਨੂੰ ਪ੍ਰਭਾਵਿਤ ਕੀਤਾ।

ਟ੍ਰਾਇਲ ਬੈਲੇਂਸ ਤੋਂ ਤਿਆਰ ਕੀਤੀ ਗਈ ਕੰਸਾਲੀਡੇਟਿਡ ਕਰਜ਼ਾ ਸ਼ੀਟ ਵਿੱਚ ਅਗਸਤ 2023 ਤੱਕ ₹ 0.65 ਕਰੋੜ ਦੀ ਬਕਾਇਆ ਕਰਜ਼ਾ ਰਾਸ਼ੀ ਦਾ ਖੁਲਾਸਾ ਕੀਤਾ ਗਿਆ ਸੀ, ਜੋ ਪਹਿਲਾਂ ਹੀ ਬਕਾਇਆ ਸੀ ਕਿਉਂਕਿ ਇਹ 30 ਮਹੀਨੇ ਪਹਿਲਾਂ ਵੰਡੇ ਗਏ ਕਰਜ਼ਿਆਂ ਨਾਲ ਸਬੰਧਤ ਸੀ।

ਬੋਰਡ ਨੇ ਕਿਹਾ (ਸਤੰਬਰ 2023) ਕਿ ਸਰਕਲ ਦਫਤਰਾਂ ਨੂੰ ₹ 0.65 ਕਰੋੜ ਦੀ ਬਕਾਇਆ ਰਾਸ਼ੀ ਦੀ ਵਸੂਲੀ ਲਈ ਨਿਰਦੇਸ਼ ਜਾਰੀ ਕੀਤੇ ਗਏ ਸਨ ਅਤੇ ਬਕਾਇਆ ਰਾਸ਼ੀ ਦੀ ਵਸੂਲੀ ਲਈ ਯਤਨ ਕਰਨ ਲਈ ਸੰਸਥਾ-ਵਾਰ ਅਤੇ ਵਰਕਰ-ਵਾਰ ਕਰਜ਼ਾ ਲੈਜਰ ਤਿਆਰ ਕਰਨ ਦਾ ਭਰੋਸਾ ਦਿੱਤਾ ਗਿਆ ਹੈ।

ਸਰਕਾਰ ਨੇ ਕਿਹਾ (ਸਤੰਬਰ 2024) ਕਿ ਕਿਰਤ ਵਿਭਾਗ ਦੇ ਸਕੱਤਰ ਦੇ ਨਿਰਦੇਸ਼ਾਂ ਅਨੁਸਾਰ ਗਠਿਤ ਕਮੇਟੀ ਦੁਆਰਾ ਰਿਕਾਰਡਾਂ ਦੀ ਜਾਂਚ/ਮਿਲਾਨ ਕੀਤਾ ਜਾ ਰਿਹਾ ਸੀ। ਕਮੇਟੀ ਤੋਂ ਰਿਪੋਰਟ ਪ੍ਰਾਪਤ ਹੋਣ ਤੇ, ਲੈਜਰਾਂ ਨੂੰ ਟੈਲੀ ਸਾੱਫਟਵੇਅਰ ਵਿੱਚ ਰੱਖਿਆ ਜਾਵੇਗਾ।

### 5.11.3 ਅਸੰਗਤ ਉਪਬੰਧਾਂ ਕਾਰਣ ਜਣੇਪਾ ਸਕੀਮ ਦੇ ਲਾਭਾਂ ਤੋਂ ਇਨਕਾਰ

ਇਸ ਸਕੀਮ ਦੇ ਉਪਬੰਧਾਂ ਅਨੁਸਾਰ, ₹ 21,000/- ਪ੍ਰਤੀ ਬੱਚਾ ਗ੍ਰਾਂਟ ਮਹਿਲਾਂ ਕਾਮਿਆਂ ਨੂੰ ਦੋ ਬੱਚਿਆਂ ਤੱਕ ਦੇ ਜਨਮ ਦੇ ਸਮੇਂ ਸਵੀਕਾਰਯੋਗ ਕੀਤੀ ਜਾਂਦੀ ਸੀ, ਬਸ਼ਰਤੇ ਕਿ ਇਸ ਦਾ ਲਾਭ ਲੈਣ ਲਈ ਅਰਜ਼ੀ ਬੱਚੇ ਦੇ ਜਨਮ ਤੋਂ ਤਿੰਨ ਮਹੀਨੇ ਪਹਿਲਾਂ ਜਾਂ ਬਾਅਦ ਵਿੱਚ ਜਮ੍ਹਾਂ ਕੀਤੀ ਜਾਵੇ। ਹਾਲਾਂਕਿ, ਅਰਜ਼ੀ ਬੱਚੇ ਦੇ ਜਨਮ ਸਰਟੀਫਿਕੇਟ ਨਾਲ ਜਮ੍ਹਾਂ ਕੀਤੀ ਜਾਣੀ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ (ਜੁਲਾਈ 2024) ਕਿ ਇਸ ਸਕੀਮ ਅਧੀਨ, 2020-2023 ਦੌਰਾਨ, ਨਮੂਨਾ-ਜਾਂਚ ਕੀਤੇ ਸਰਕਲ ਦਫਤਰਾਂ ਵਿੱਚ ਸਿਰਫ 34 ਅਰਜ਼ੀਆਂ ਪ੍ਰਾਪਤ ਹੋਈਆਂ ਸਨ, ਇਸਦੇ ਵੇਰਵੇ **ਸਾਰਣੀ** 5.5 ਵਿੱਚ ਦਰਸਾਏ ਗਏ ਹਨ:

**ਸਾਰਣੀ 5.5: ਜਣੇਪਾ ਸਕੀਮ ਅਧੀਨ ਪ੍ਰਾਪਤ ਕੀਤੀਆਂ ਗਈਆਂ ਅਰਜ਼ੀਆਂ ਦੀ ਸਥਿਤੀ**

| ਬਿਨੈਕਾਰ ਦਾ ਲਿੰਗ | ਮਨਜ਼ੂਰ ਕੀਤਾ ਗਿਆ | ਰੱਦ ਕੀਤਾ ਗਿਆ | ਇਤਰਾਜ਼ ਲਗਾਇਆ | ਵਿਚਾਰ ਅਧੀਨ | ਜੋੜ |
|---|---|---|---|---|---|
| ਪੁਰਸ਼ | 0 | 3 | 16 | 4 | **23** |
| ਮਹਿਲਾ | 1 | 0 | 4 | 6 | **11** |

*ਸ੍ਰੋਤ: ਵਿਭਾਗੀ ਡਾਟਾ*

ਲੇਖਾ ਪ੍ਰੀਖਿਆ ਨੇ ਜਣੇਪਾ ਸਕੀਮ ਅਧੀਨ ਅਰਜ਼ੀਆਂ ਦਾ ਵਿਸ਼ਲੇਸ਼ਣ ਹੇਠ ਲਿਖੇ ਅਨੁਸਾਰ ਕੀਤਾ:

- 34 ਅਰਜ਼ੀਆਂ ਵਿਚੋਂ, 23 ਪੁਰਸ਼ ਬਿਨੈਕਾਰਾਂ ਦੁਆਰਾ ਜਮ੍ਹਾ ਕਰਵਾਈਆਂ ਗਈਆਂ ਸਨ, ਜਿਨ੍ਹਾਂ ਨੂੰ ਇਸ ਸਕੀਮ ਅਧੀਨ ਲਾਭ ਸਵੀਕਾਰਯੋਗ ਨਹੀਂ ਸੀ। ਈ-ਲੇਬਰ ਪੋਰਟਲ ਨੂੰ ਪੁਰਸ਼ ਬਿਨੈਕਾਰਾਂ ਦੀਆਂ ਅਰਜ਼ੀਆਂ ਨੂੰ ਆਪਣੇ ਆਪ ਰੱਦ ਕਰਨ ਲਈ ਵੀ ਵਿਕਸਤ ਨਹੀਂ ਕੀਤਾ ਗਿਆ ਸੀ;

  ਲੇਖਾ ਪ੍ਰੀਖਿਆ ਦੁਆਰਾ ਦਰਸਾਏ ਜਾਣ ਤੋਂ ਬਾਅਦ, ਸਰਕਾਰ ਨੇ ਪੁਰਸ਼ ਬਿਨੈਕਾਰਾਂ ਦੀਆਂ ਅਰਜ਼ੀਆਂ (ਸਤੰਬਰ 2024) ਨੂੰ ਬੋਰਡ ਪੱਧਰ ਤੇ ਵਿਚਾਰਅਧੀਨ ਦਿਖਾਉਣ ਦੀ ਬਜਾਏ ਉਨ੍ਹਾਂ ਦੀਆਂ ਸਬੰਧਤ ਸੰਸਥਾਵਾਂ ਨੂੰ ਭੇਜ ਦਿੱਤੀਆਂ। ਇਸ ਤੋਂ ਇਲਾਵਾ, ਬੋਰਡ ਨੇ ਸਵੀਕਾਰ ਕੀਤਾ (ਨਵੰਬਰ 2024) ਕਿ ਪੁਰਸ਼ ਬਿਨੈਕਾਰਾਂ ਦੀਆਂ ਅਰਜ਼ੀਆਂ ਤੇ ਅਣਜਾਣੇ ਵਿੱਚ ਕਾਰਵਾਈਆਂ ਕੀਤੀਆਂ ਗਈਆਂ ਸਨ ਅਤੇ ਸੂਚਿਤ ਕੀਤਾ ਗਿਆ ਸੀ ਕਿ ਈ-ਲੇਬਰ ਪੋਰਟਲ ਨੂੰ ਹੁਣ ਪੁਰਸ਼ ਬਿਨੈਕਾਰਾਂ ਦੁਆਰਾ ਜਮ੍ਹਾਂ ਕੀਤੀਆਂ ਅਰਜ਼ੀਆਂ ਨੂੰ ਆਪਣੇ ਆਪ ਰੱਦ ਕਰਨ ਲਈ ਲੋੜੀਂਦੀਆਂ ਜਾਂਚਾਂ ਨਾਲ ਅਪਡੇਟ ਕੀਤਾ ਗਿਆ ਹੈ।

- ਸਕੀਮ ਦੀ ਇਕ ਸ਼ਰਤ ਇਹ ਲਾਜ਼ਮੀ ਕਰਦੀ ਹੈ ਕਿ ਬਿਨੈਕਾਰ ਆਪਣੀ ਅਰਜ਼ੀ ਜਨਮ ਸਰਟੀਫਿਕੇਟ ਦੇ ਨਾਲ ਜਮ੍ਹਾਂ ਕਰਵਾਉਣ, ਜਦੋਂ ਕਿ ਇਕ ਹੋਰ ਸ਼ਰਤ ਬਿਨੈਕਾਰ ਨੂੰ ਬੱਚੇ ਦੇ ਜਨਮ ਤੋਂ ਤਿੰਨ ਮਹੀਨੇ ਪਹਿਲਾਂ ਤੱਕ ਆਪਣੀ ਅਰਜ਼ੀ ਜਮ੍ਹਾਂ ਕਰਨ ਦੀ ਆਗਿਆ ਦਿੰਦੀ ਹੈ। ਇਸ ਤਰ੍ਹਾਂ, ਬੱਚੇ ਦੀ ਜਨਮ ਸਰਟੀਫਿਕੇਟ ਦੀ ਜ਼ਰੂਰਤ ਬੱਚੇ ਦੇ ਜਨਮ ਤੋਂ ਤਿੰਨ ਮਹੀਨੇ ਪਹਿਲਾਂ ਅਰਜ਼ੀਆਂ ਜਮ੍ਹਾਂ ਕਰਨ ਦੀ ਆਗਿਆ ਦੇਣ ਦੀ ਵਿਵਸਥਾ ਦੇ ਉਲਟ ਹੈ। ਸਿੱਟੇ ਵਜੋਂ,

ਬੱਚੇ ਦੇ ਜਨਮ ਤੋਂ ਪਹਿਲਾਂ ਅਰਜ਼ੀ ਦੇਣ ਦੀ ਇਜਾਜ਼ਤ ਦਿੱਤੀ ਮਿਆਦ ਨੂੰ ਇਹਨਾਂ ਸ਼ਰਤਾਂ ਅਧੀਨ ਨਹੀਂ ਵਰਤਿਆਂ ਜਾ ਸਕਦਾ। ਇਸ ਖੰਡਨ ਦੀ ਪੁਸ਼ਟੀ ਇਸ ਤੱਥ ਨਾਲ ਕੀਤੀ ਗਈ ਸੀ ਕਿ ਬੱਚੇ ਦੇ ਜਨਮ ਤੋਂ ਪਹਿਲਾਂ ਤਿੰਨ ਮਹੀਨਿਆਂ ਦੀ ਮਨਜ਼ੂਰਸ਼ੁਦਾ ਮਿਆਦ ਵਿੱਚ 11 ਅਰਜ਼ੀਆਂ ਵਿੱਚੋਂ ਕੋਈ ਵੀ ਜਮ੍ਹਾਂ ਨਹੀਂ ਕੀਤੀ ਗਈ ਸੀ;

ਸਰਕਾਰ ਨੇ ਲੇਖਾ ਪ੍ਰੀਖਿਆ ਟਿੱਪਣੀ ਲਈ ਸਹਿਮਤੀ ਪ੍ਰਗਟਾਈ ਅਤੇ ਭਰੋਸਾ ਦਿੱਤਾ (ਸਤੰਬਰ 2024) ਕਿ ਅਗਲੀ ਬੋਰਡ ਮੀਟਿੰਗ ਵਿੱਚ ਪ੍ਰਵਾਨਗੀ ਤੋਂ ਬਾਅਦ, ਜਣੇਪਾ ਯੋਜਨਾ ਦੀ ਸ਼ਰਤ ਵਿੱਚ ਸੋਧ ਕੀਤੀ ਜਾਵੇਗੀ, ਤਾਂ ਜੋ ਬੱਚੇ ਦੇ ਜਨਮ ਤੋਂ ਬਾਅਦ ਛੇ ਮਹੀਨਿਆਂ ਦੇ ਅੰਦਰ ਅਰਜ਼ੀ ਜਮ੍ਹਾਂ ਕਰਨ ਦੀ ਆਗਿਆ ਦਿੱਤੀ ਜਾ ਸਕੇ।

- ਬੱਚੇ ਦੇ ਜਨਮ ਦੀ ਮਿਤੀ ਤੋਂ ਤਿੰਨ ਮਹੀਨਿਆਂ ਦੀ ਨਿਰਧਾਰਤ ਮਿਆਦ ਖਤਮ ਹੋਣ ਤੋਂ ਬਾਅਦ ਵੀ ਛੇ ਮਹਿਲਾਂ ਕਾਮਿਆਂ ਦੀਆਂ ਅਰਜ਼ੀਆਂ ਸਵੀਕਾਰ ਕੀਤੀਆਂ ਗਈਆਂ ਸਨ, ਜਿਨ੍ਹਾਂ ਨੂੰ ਸਕੀਮ ਦੇ ਉਪਬੰਧਾਂ ਅਨੁਸਾਰ ਰੱਦ ਕੀਤਾ ਜਾਣਾ ਚਾਹੀਦਾ ਸੀ;
- ਛੇ ਲੰਬਿਤ ਅਰਜ਼ੀਆਂ ਵਿੱਚੋਂ, 31 ਮਾਰਚ 2023 ਤੱਕ ਚਾਰ ਅਰਜ਼ੀਆਂ ਦੀ ਪ੍ਰਕਿਰਿਆ ਵਿੱਚ ਵੱਧ ਤੋਂ ਵੱਧ ਮਨਜ਼ੂਰਸ਼ੁਦਾ 180 ਦਿਨਾਂ ਤੋਂ ਵੱਧ 309 ਅਤੇ 579 ਦਿਨਾਂ ਦੇ ਵਿਚਕਾਰ ਅਸਧਾਰਨ ਦੇਰੀ ਦੇਖੀ ਗਈ; ਅਤੇ
- ਇੱਕ ਅਰਜ਼ੀ ਨੂੰ ਪ੍ਰਵਾਨਗੀ ਦੇਣ ਲਈ 260 ਦਿਨ ਲੈਣ ਦੇ ਬਾਵਜੂਦ, ਲਾਭਪਾਤਰੀ ਨੂੰ 31 ਮਾਰਚ 2023 ਤੱਕ ਲਾਭ ਨਹੀਂ ਮਿਲਿਆ।

ਸਰਕਾਰ ਨੇ ਜਵਾਬ ਦਿੱਤਾ (ਸਤੰਬਰ 2024) ਕਿ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ (ਐਨ ਆਈ ਸੀ) ਪੋਰਟਲ ਤੋਂ ਇਨ੍ਹਾਂ ਮੁੱਦਿਆਂ ਨੂੰ ਦੂਰ ਕਰਨ ਲਈ ਜਾਂਚਾਂ ਅਤੇ ਬੈਲੇਂਸ ਬਣਾਉਣ ਤੇ ਕੰਮ ਕਰ ਰਿਹਾ ਹੈ। ਬੋਰਡ ਨੇ ਅੱਗੇ ਪੋਰਟਲ ਵਿੱਚ ਲੋੜੀਂਦੀਆਂ ਜਾਂਚਾਂ ਕਰਨ ਲਈ ਸੂਚਿਤ ਕੀਤਾ (ਨਵੰਬਰ 2024)। ਹਾਲਾਂਕਿ, ਜਣੇਪਾ ਸਕੀਮ ਅਧੀਨ ਅਰਜ਼ੀ ਦੇਣ ਦੀ ਸਮਾਂ-ਸੀਮਾ ਨਿਰਧਾਰਤ ਕਰਨ ਲਈ ਈ-ਲੇਬਰ ਪੋਰਟਲ ਵਿੱਚ ਕੋਈ ਜਾਂਚ ਨਹੀਂ ਕੀਤੀ ਗਈ ਸੀ (ਨਵੰਬਰ 2024)।

ਇਸ ਤਰ੍ਹਾਂ, ਸਕੀਮ ਦੇ ਅਸੰਗਤ ਉਪਬੰਧਾਂ ਦੇ ਨਾਲ-ਨਾਲ ਅੰਦਰੂਨੀ ਦੇਰੀ ਨਾਲ ਪ੍ਰਕਿਰਿਆ ਦੇ ਕਾਰਣ, ਇਸ ਸਕੀਮ ਦਾ ਲਾਭ 2020-23 ਦੌਰਾਨ ਸੱਤ ਚੁਣੇ ਹੋਏ ਸਰਕਲਾਂ ਵਿੱਚ ਕਿਸੇ ਵੀ ਬਿਨੈਕਾਰ ਨੂੰ ਨਹੀਂ ਮਿਲ ਸਕਿਆ।

## 5.11.4 ਵੈਲਫੇਅਰ ਸਕੀਮਾਂ ਵਿੱਚ ਬੇਨਿਯਮੀਆਂ

### *5.11.4.1 ਵਜ਼ੀਫਾ ਸਕੀਮ*

ਵਜ਼ੀਫਾ ਸਕੀਮ ਅਧੀਨ ਬੱਚਿਆਂ ਦੀ ਪੜਾਈ ਲਈ ਕਾਮਿਆਂ ਨੂੰ ਵਿੱਤੀ ਸਹਾਇਤਾ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਸੋਧ (26 ਫਰਵਰੀ 2019) ਦੇ ਨਤੀਜੇ ਵਜੋਂ, ਘੱਟੋ-ਘੱਟ ਦੋ ਸਾਲਾਂ ਦੀ ਨਿਯਮਤ ਸੇਵਾ ਵਾਲੇ ਕਾਮੇ ਨੂੰ ਸਿਰਫ ਦੋ ਬੱਚਿਆਂ ਲਈ ਵਜ਼ੀਫਾ ਪ੍ਰਾਪਤ ਕਰਨਯੋਗ ਸਨ। ਵਜ਼ੀਫੇ ਦੀ ਰਾਸ਼ੀ ₹ 2,000 ਤੋਂ ਲੈ ਕੇ ₹ 70,000 ਤੱਕ ਹੋ ਸਕਦੀ ਹੈ, ਜੋ ਬੱਚੇ ਦੀ ਸਿੱਖਿਆ ਦੇ ਪੱਧਰ ਤੇ ਨਿਰਭਰ ਕਰਦੀ ਹੈ, ਭਾਵ ਕਲਾਸ 1 ਤੋਂ ਪੋਸਟ-ਗ੍ਰੈਜੂਏਸ਼ਨ ਤੱਕ, ਜੋ ਆਖਰੀ ਕਲਾਸ ਪਾਸ ਕਰਨ ਦੇ ਅਧੀਨ ਹੈ।

ਨਮੂਨਾ-ਜਾਂਚ ਕੀਤੇ ਗਏ ਸਰਕਲਾਂ ਵਿੱਚ 2022-23 ਦੌਰਾਨ, ਬੋਰਡ ਨੇ 826 ਬਿਨੈਕਾਰਾਂ ਨੂੰ ਵਜ਼ੀਫਾ ਸਕੀਮ ਅਧੀਨ ₹ 1.51 ਕਰੋੜ ਦੇ ਲਾਭ ਪ੍ਰਦਾਨ ਕੀਤੇ ਜਿਨਾਂ ਨੇ ਸਕੀਮ ਦੇ ਸੋਧ ਤੋਂ ਪਹਿਲਾਂ ਅਰਜ਼ੀ ਦਿੱਤੀ ਸੀ। ਇਸ ਤੋਂ ਇਲਾਵਾ, ਸੋਧ ਤੋਂ ਬਾਅਦ ਅਰਜ਼ੀ ਦੇਣ ਵਾਲੇ 3,208 ਬਿਨੈਕਾਰਾਂ ਨੂੰ ਕੁੱਲ ₹ 5.03 ਕਰੋੜ ਦੇ ਲਾਭ ਪ੍ਰਾਪਤ ਹੋਏ। ਇਹਨਾਂ ਅਰਜ਼ੀਆਂ ਦੇ ਵਿਸ਼ਲੇਸ਼ਣ ਦੀ ਚਰਚਾ ਇਸ ਪ੍ਰਕਾਰ ਹੈ:

(i) ₹ 3.79 ਲੱਖ ਦੀ ਵਜ਼ੀਫਾ ਸਕੀਮ ਦਾ ਲਾਭ ਸਕੀਮ ਦੀਆਂ ਸ਼ਰਤਾਂ ਦੀ ਉਲੰਘਣਾ ਕਰਦਿਆਂ ਉਨ੍ਹਾਂ 26 ਲਾਭਪਾਤਰੀਆਂ ਨੂੰ ਦਿੱਤਾ ਗਿਆ ਸੀ ਜਿਨ੍ਹਾਂ ਨੇ ਅਰਜ਼ੀ ਦੀ ਮਿਤੀ ਤੱਕ ਦੋ ਸਾਲਾਂ ਦੀ ਨਿਯਮਤ ਸੇਵਾ ਨਹੀਂ ਕੀਤੀ ਸੀ। ਇਨ੍ਹਾਂ ਵਿਚੋਂ, 11 ਲਾਭਪਾਤਰੀ ਭੁਗਤਾਨ ਦੀ ਮਿਤੀ ਨੂੰ ਦੋ ਸਾਲ ਦੀ ਸੇਵਾ ਤੋਂ ਘੱਟ ਸਨ। ਇਹ ਵੇਖਿਆ ਗਿਆ ਕਿ ਬੋਰਡ ਨੇ ਇਸੇ ਤਰ੍ਹਾਂ ਦੇ ਹੋਰ ਮਾਮਲਿਆਂ 'ਤੇ ਇਤਰਾਜ਼ ਕੀਤਾ ਸੀ ਜਾਂ ਇਥੋਂ ਤੱਕ ਕਿ ਪੂਰੀ ਤਰ੍ਹਾਂ ਰੱਦ ਵੀ ਕਰ ਦਿੱਤਾ ਸੀ।

ਈ-ਲੇਬਰ ਪੋਰਟਲ 'ਤੇ ਇਨ-ਬਿਲਟ ਵੈਲੀਡੇਸ਼ਨ ਜਾਂਚ ਦੀ ਅਣਹੋਂਦ ਵਿੱਚ, ਪੋਰਟਲ ਨੇ ਪੰਜ ਆਨਲਾਈਨ ਅਰਜ਼ੀਆਂ ਸਵੀਕਾਰ ਕੀਤੀਆਂ, ਜਿਨ੍ਹਾਂ ਵਿੱਚ ਬਿਨੈਕਾਰਾਂ ਦੀ ਦੋ ਸਾਲਾਂ ਦੀ ਨਿਯਮਤ ਸੇਵਾ ਪੂਰੀ ਨਹੀਂ ਹੋਈ ਸੀ।

ਬੋਰਡ ਨੇ ਕਿਹਾ (ਫਰਵਰੀ 2024) ਕਿ ਸ਼ਾਮਲ ਹੋਣ ਦੀ ਮਿਤੀ ਸਕੀਮ ਲਈ ਪੂਰਵ-ਸ਼ਰਤ ਨਹੀਂ ਸੀ, ਹਾਲਾਂਕਿ, ਲਾਭ ਦਿੰਦੇ ਸਮੇਂ, ਯੋਗਦਾਨ ਲਈ ਦੋ ਸਾਲਾਂ ਦੀ ਮਿਆਦ ਦੀ ਜਾਂਚ ਕੀਤੀ ਜਾ ਰਹੀ ਸੀ। ਜਵਾਬ ਵਿਰੋਧਾਭਾਸੀ ਸੀ ਕਿਉਂਕਿ ਕੋਈ ਵੀ ਵਰਕਰ ਘੱਟੋ-ਘੱਟ ਦੋ ਸਾਲ ਨਿਯਮਤ ਸੇਵਾ ਪੂਰੀ ਕੀਤੇ ਬਿਨਾਂ ਦੋ ਸਾਲਾਂ ਲਈ ਫੰਡ ਵਿੱਚ ਯੋਗਦਾਨ ਪਾਉਣ ਦੇ ਯੋਗ ਨਹੀਂ ਸੀ।

ਸਰਕਾਰ ਨੇ ਕਿਹਾ (ਸਤੰਬਰ 2024) ਕਿ ਬੋਰਡ ਦੀ ਅਗਲੀ ਬੋਰਡ ਮੀਟਿੰਗ ਵਿੱਚ ਇਜਾਜ਼ਤ ਲਈ ਜਾਵੇਗੀ ਜਿਵੇਂ ਕਿ i) ਦੋ ਸਾਲ ਦੀ ਨਿਰੰਤਰ ਸੇਵਾ ਦੀ ਇਸ ਸ਼ਰਤ ਵਿੱਚ ਸੋਧ ਕਰਨਾ; ਅਤੇ ii) ਉਨ੍ਹਾਂ ਮਾਮਲਿਆਂ ਵਿੱਚ ਕਾਰਜ-ਬਾਅਦ ਪ੍ਰਵਾਨਗੀ ਦੇਣਾ ਜਿੱਥੇ ਕਾਮਿਆਂ ਦੀ ਸੇਵਾ ਦੋ ਸਾਲ ਤੋਂ ਘੱਟ ਸੀ ਪਰ ਉਨ੍ਹਾਂ ਨੂੰ ਸਕੀਮ ਦਾ ਲਾਭ ਦਿੱਤਾ ਗਿਆ ਸੀ। ਹਾਲਾਂਕਿ, ਅਜਿਹਾ ਪੂਰਵ ਪ੍ਰਭਾਵੀ ਨਿਯਮਤਤਾ ਪਾਲਣਾ ਦੇ ਸਿਧਾਂਤ ਨੂੰ ਪ੍ਰਭਾਵਤ ਕਰ ਸਕਦਾ ਹੈ ਅਤੇ ਇੱਕ ਅਜਿਹੀ ਮਿਸਾਲ ਕਾਇਮ ਕਰ ਸਕਦਾ ਹੈ ਜੋ ਸੰਭਾਵੀ ਤੌਰ 'ਤੇ ਸਕੀਮ ਦੇ ਲਾਗੂਕਰਨ ਦੀ ਇਕਸਾਰਤਾ ਅਤੇ ਨਿਗਰਾਨੀ ਵਿਧੀ ਦੀ ਭਰੋਸੇਯੋਗਤਾ ਨੂੰ ਕਮਜ਼ੋਰ ਕਰ ਸਕਦਾ ਹੈ।

(ii) ਇੱਕ ਹੀ ਕਲਾਸ ਵਿੱਚ ਪੜ੍ਹਾਈ ਕਰਨ ਲਈ ਇੱਕੋ ਬੱਚੇ ਲਈ ਨੌਂ ਲਾਭਪਾਤਰੀਆਂ ਨੂੰ ਦੋ ਵਾਰ ₹ 0.99 ਲੱਖ ਦੇ ਵਜ਼ੀਫੇ ਦਿੱਤੇ ਗਏ ਸਨ।

ਬੋਰਡ ਨੇ ਇਸ ਨੂੰ ਸਵੀਕਾਰ ਕੀਤਾ (ਫਰਵਰੀ 2024) ਅਤੇ ਕਿਹਾ ਕਿ ਅੱਠ ਕਾਮਿਆਂ/ਲਾਭਪਾਤਰੀਆਂ ਤੋਂ ₹ 0.89 ਲੱਖ ਦੀ ਰਾਸ਼ੀ ਵਸੂਲੀ ਗਈ ਸੀ, ਜਦੋਂ ਕਿ ਇੱਕ ਲਾਭਪਾਤਰੀ ਦੀ ਮੌਤ ਹੋ ਚੁੱਕੀ ਸੀ। ਸਰਕਾਰ ਨੇ ਅੱਗੇ ਕਿਹਾ (ਸਤੰਬਰ 2024) ਕਿ ਬਾਕੀ ਇੱਕ ਕੇਸ ਵਿੱਚ, ਕਰਮਚਾਰੀ ਦੀ ਮੌਤ ਕਾਰਣ ਵਸੂਲੀ ਸੰਭਵ ਨਹੀਂ ਸੀ, ਅਤੇ ਇਸ ਵਸੂਲੀ ਨੂੰ ਬੱਟੇ ਖਾਤੇ ਪਾਉਣ ਲਈ ਬੋਰਡ ਦੀ ਮੀਟਿੰਗ ਵਿੱਚ ਇੱਕ ਪ੍ਰਸਤਾਵ ਪੇਸ਼ ਕੀਤਾ ਜਾਵੇਗਾ।

(iii) ਇੱਕ ਹੀ ਅਕਾਦਮਿਕ ਸੈਸ਼ਨ ਲਈ ਪੰਜ ਲਾਭਪਾਤਰੀਆਂ ਦੇ ਤਿੰਨ ਬੱਚਿਆਂ ਨੂੰ ₹ 0.66 ਲੱਖ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਸੀ ਜੋ ਸਕੀਮ ਦੀਆਂ ਧਾਰਾਵਾਂ ਦੀ ਉਲੰਘਣਾ ਹੈ ਜਿਸ ਵਿੱਚ ਸਿਰਫ ਦੋ ਬੱਚਿਆਂ ਲਈ ਵਜ਼ੀਫਾ ਪ੍ਰਦਾਨ ਕੀਤਾ ਗਿਆ ਸੀ। ਇਸ ਦਾ ਮਤਲਬ

ਇਹ ਹੈ ਕਿ ਬੋਰਡ ਅਤੇ ਈ-ਲੇਬਰ ਪੋਰਟਲ ਵਿੱਚ ਅਜਿਹੇ ਮਾਮਲਿਆਂ ਦਾ ਪਤਾ ਲਗਾਉਣ ਲਈ ਆਧਾਰ ਅਧਾਰਤ ਪ੍ਰਮਾਣਿਕਤਾ ਵਰਗੇ ਪ੍ਰਬੰਧਾਂ ਦੀ ਘਾਟ ਸੀ।

ਸਰਕਾਰ ਨੇ ਕਿਹਾ (ਸਤੰਬਰ 2024) ਕਿ ਇਨ੍ਹਾਂ ਮਾਮਲਿਆਂ ਵਿੱਚ ਵਸੂਲੀ ਸ਼ੁਰੂ ਕਰ ਦਿੱਤੀ ਗਈ ਸੀ ਅਤੇ ਬੋਰਡ ਨੇ ਦੋ ਮਾਮਲਿਆਂ ਵਿੱਚ ₹ 0.27 ਲੱਖ ਦੀ ਰਾਸ਼ੀ ਵਸੂਲੀ (ਨਵੰਬਰ 2024) ਹੈ, ਜਿਸ ਨਾਲ ਤਿੰਨ ਕੇਸ ਲੰਬਿਤ ਰਹਿ ਗਏ ਸਨ। ਆਧਾਰ ਅਧਾਰਤ ਪ੍ਰਮਾਣਿਕਤਾ ਦੇ ਸਬੰਧ ਵਿੱਚ, ਬੋਰਡ ਨੇ ਸੂਚਿਤ ਕੀਤਾ (ਨਵੰਬਰ 2024) ਕਿ ਇਸ ਨੂੰ ਲਾਗੂ ਕਰ ਦਿੱਤਾ ਗਿਆ ਸੀ।

(iv) ਇਸ ਸਕੀਮ ਦੀਆਂ ਵਿਵਸਥਾਵਾਂ ਉਨ੍ਹਾਂ ਕਾਮਿਆਂ ਲਈ ਅਸਪਸ਼ਟ ਹਨ ਜਿਨ੍ਹਾਂ ਦੇ ਦੋ ਤੋਂ ਵੱਧ ਬੱਚੇ ਹਨ ਕਿਉਂਕਿ ਸਕੀਮ ਇਸ ਤੱਥ ਬਾਰੇ ਚੁੱਪ ਰਹੀ ਕਿ ਕਿਹੜੇ ਦੋ ਬੱਚੇ ਲਾਭ ਦੇ ਹੱਕਦਾਰ ਹੋਣਗੇ। ਉਦਾਹਰਣ ਵਜੋਂ, ਅੱਠ ਮਾਮਲਿਆਂ ਵਿੱਚ ਵੱਖ-ਵੱਖ ਅਕਾਦਮਿਕ ਸੈਸ਼ਨਾਂ ਵਿੱਚ ਤਿੰਨ ਬੱਚਿਆਂ ਨੂੰ ₹ 0.93 ਲੱਖ[30] ਦਾ ਲਾਭ ਦਿਤਾ ਗਿਆ ਸੀ।

ਸਰਕਾਰ ਨੇ ਬੋਰਡ ਦੀ ਅਗਲੀ ਮੀਟਿੰਗ ਵਿੱਚ ਵਜ਼ੀਫਾ ਸਕੀਮ ਨਾਲ ਸਬੰਧਤ ਸ਼ਰਤਾਂ ਦੀ ਸਮੀਖਿਆ ਕਰਨ ਦਾ ਭਰੋਸਾ ਦਿੱਤਾ (ਸਤੰਬਰ 2024)।

ਇਹ ਅੰਤਰ ਬੋਰਡ ਵਿੱਚ ਮਿਆਰੀ ਜਾਂਚ ਦੀ ਅਣਹੋਂਦ ਅਤੇ ਅੰਦਰੂਨੀ ਨਿਯੰਤਰਣ ਪ੍ਰਣਾਲੀਆਂ ਦੀ ਘਾਟ ਨੂੰ ਦਰਸਾਉਂਦੇ ਹਨ। 69 ਲਾਭਪਾਤਰੀਆਂ ਨੂੰ ਪ੍ਰਦਾਨ ਕੀਤੇ ਗਏ ₹ 0.06 ਕਰੋੜ ਦੇ ਲਾਭ, ਵਜ਼ੀਫਾ ਸਕੀਮ ਅਧੀਨ ਨਿਰਧਾਰਤ ਸ਼ਰਤਾ ਦੀ ਉਲੰਘਣਾ ਸਨ।

### *5.11.4.2 ਸ਼ਗਨ ਸਕੀਮ*

ਸ਼ਗਨ ਸਕੀਮ ਅਧੀਨ, ਰਜਿਸਟਰਡ ਮੈਰਿਜ ਸਰਟੀਫਿਕੇਟ ਪ੍ਰਦਾਨ ਕਰਨ ਤੇ ਦੋ ਧੀਆਂ ਤੱਕ ਦੇ ਵਿਆਹ ਲਈ ਯੋਗ ਲਾਭਪਾਤਰੀ ਜਾਂ ਮਹਿਲਾ ਵਰਕਰ ਦੇ ਮਾਮਲੇ ਵਿੱਚ ਉਸਨੂੰ ਆਪਣੇ ਲਈ ₹ 31,000 ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਸਾਲ 2020-2023 ਦੌਰਾਨ, ਨਮੂਨਾ-ਜਾਂਚ ਕੀਤੇ ਗਏ ਸਰਕਲਾਂ ਵਿੱਚ 146 ਕਾਮਿਆਂ ਨੂੰ ਇਸ ਸਕੀਮ ਦਾ ਲਾਭ ਦਿੱਤਾ ਗਿਆ।

146[31] ਲਾਭਪਾਤਰੀਆਂ ਦੇ ਰਿਕਾਰਡਾਂ ਦੀ ਲੇਖਾ ਪ੍ਰੀਖਿਆ ਤੋਂ ਪਤਾ ਲੱਗਿਆ ਕਿ ਬੋਰਡ ਨੇ ਸਕੀਮ ਦੀਆਂ ਧਾਰਾਵਾਂ ਦੀ ਉਲੰਘਣਾ ਕਰਦਿਆਂ ਰਜਿਸਟਰਡ ਮੈਰਿਜ ਸਰਟੀਫਿਕੇਟ ਪ੍ਰਾਪਤ ਕੀਤੇ ਬਿਨਾਂ 59 ਲਾਭਪਾਤਰੀਆਂ (40 *ਪ੍ਰਤੀਸ਼ਤ*) ਨੂੰ ₹ 18.29 ਲੱਖ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ।

ਬੋਰਡ ਨੇ ਕਿਹਾ (ਫਰਵਰੀ 2024) ਕਿ ਵਿਆਹ ਕਰਵਾਉਣ ਵਾਲੀਆਂ ਧਾਰਮਿਕ ਸੰਸਥਾਵਾਂ ਦੁਆਰਾ ਜਾਰੀ ਕੀਤੇ ਗਏ ਸਰਟੀਫਿਕੇਟ ਨੂੰ ਧਿਆਨ ਵਿੱਚ ਰੱਖਿਆ ਗਿਆ ਸੀ ਅਤੇ ਵਿਆਹਾਂ ਨੂੰ ਰਜਿਸਟਰ ਕਰਨ ਵਿੱਚ ਮੁਸ਼ਕਲਾਂ ਦੇ ਮੱਦੇਨਜ਼ਰ, ਬੋਰਡ ਰਜਿਸਟਰਡ ਮੈਰਿਜ ਸਰਟੀਫਿਕੇਟ ਦੀ ਜ਼ਰੂਰਤ ਨੂੰ ਖਤਮ ਕਰਨ ਦੀ ਜਾਂਚ ਕਰੇਗਾ।

---

30 ਰੂੜੀਵਾਦੀ ਪੱਖ ਤੇ ਹੋਣ ਲਈ, ਸਭ ਤੋਂ ਛੋਟੇ ਬੱਚੇ ਨੂੰ ਦਿੱਤੇ ਗਏ ਵਜ਼ੀਫੇ ਦੀ ਰਾਸ਼ੀ ਨੂੰ ਅਕਾਦਮਿਕ ਸੈਸ਼ਨ ਦੀ ਪਰਵਾਹ ਕੀਤੇ ਬਿਨਾਂ ਵਿਚਾਰਿਆ ਜਾਂਦਾ ਹੈ।

31 ਲੇਖਾ ਪ੍ਰੀਖਿਆ ਨੂੰ ਦੋ ਲਾਭਪਾਤਰੀਆਂ ਦੇ ਸਬੰਧ ਵਿੱਚ ਰਿਕਾਰਡ ਪ੍ਰਦਾਨ ਨਹੀਂ ਕੀਤਾ ਗਿਆ ਸੀ।

ਬੋਰਡ ਦਾ ਜਵਾਬ ਸੰਤੁਸ਼ਟੀਜਨਕ ਨਹੀਂ ਸੀ ਕਿਉਂਕਿ ਰਜਿਸਟਰਡ ਮੈਰਿਜ ਸਰਟੀਫਿਕੇਟ ਜਮ੍ਹਾਂ ਕਰਵਾਉਣਾ ਬੋਰਡ ਦੁਆਰਾ ਹੀ ਲਾਜ਼ਮੀ ਸੀ ਅਤੇ ਸ਼ਰਤਾਂ ਵਿੱਚ ਢਿੱਲ ਬਾਰੇ ਅਜੇ ਤੱਕ ਬੋਰਡ ਦੀ ਕਿਸੇ ਵੀ ਮੀਟਿੰਗ ਵਿੱਚ ਕੁਝ ਵੀ ਪਾਸ ਨਹੀਂ ਕੀਤਾ ਗਿਆ ਸੀ।

ਸਰਕਾਰ ਨੇ ਕਿਹਾ (ਸਤੰਬਰ 2024) ਕਿ ਰਜਿਸਟਰਡ ਮੈਰਿਜ ਸਰਟੀਫਿਕੇਟ ਦੀ ਲੋੜ ਨਾ ਹੋਣ ਨਾਲ ਸਬੰਧਤ ਸ਼ਰਤਾਂ ਦੀ ਸਮੀਖਿਆ ਕਰਨ ਲਈ ਅਗਲੀ ਬੋਰਡ ਮੀਟਿੰਗ ਵਿੱਚ ਅਜੰਡਾ ਰੱਖਿਆ ਜਾਵੇਗਾ ਅਤੇ ਰਜਿਸਟਰਡ ਮੈਰਿਜ ਸਰਟੀਫਿਕੇਟ ਤੋਂ ਬਿਨਾਂ ਮਨਜ਼ੂਰ ਕੀਤੇ ਮਾਮਲਿਆਂ ਲਈ ਕਾਰਜ-ਬਾਅਦ ਪ੍ਰਵਾਨਗੀ ਲਈ ਜਾਵੇਗੀ।

ਇਹ ਜਵਾਬ ਸਵੀਕਾਰਯੋਗ ਨਹੀਂ ਸੀ ਕਿਉਂਕਿ ਰਜਿਸਟਰਡ ਮੈਰਿਜ ਸਰਟੀਫਿਕੇਟ ਦੀ ਜ਼ਰੂਰਤ ਦੀ ਸ਼ਰਤ ਨੂੰ ਖਤਮ ਕਰਨਾ ਇੱਕ ਜੋਖਮ-ਭਰਪੂਰ ਦਖਲਅੰਦਾਜ਼ੀ ਹੈ ਜਿਸ ਵਿੱਚ ਧੋਖਾਧੜੀ ਦੀ ਸੰਭਾਵਨਾ ਸੀ।

## 5.12 ਰੁਜ਼ਗਾਰਦਾਤਾਵਾਂ ਦੇ ਯੋਗਦਾਨ ਵਿੱਚ ਵਾਧੇ ਨੂੰ ਲਾਗੂ ਨਾ ਕਰਨਾ

ਬੋਰਡ ਨੇ 2015-16 ਵਿੱਚ ਕਈ ਫੈਸਲੇ[32] ਲੈਣ ਦਾ ਫੈਸਲਾ ਕੀਤਾ, ਜਿਸ ਕਾਰਣ ਉਨ੍ਹਾਂ ਨੂੰ ਲਾਗੂ ਕਰਨ ਲਈ ਫੰਡ ਤੋਂ ਵਾਧੂ ਖਰਚੇ ਦੀ ਲੋੜ ਪਈ। ਇਨ੍ਹਾਂ ਖਰਚਿਆਂ ਨੂੰ ਪੂਰਾ ਕਰਨ ਲਈ, ਬੋਰਡ ਨੇ ਆਪਣੀ ਮੀਟਿੰਗ (ਜੁਲਾਈ 2018) ਵਿੱਚ, ਰੁਜ਼ਗਾਰਦਾਤਾਵਾਂ ਦੇ ਯੋਗਦਾਨ ਨੂੰ ₹ 20 ਤੋਂ ₹ 25 ਪ੍ਰਤੀ ਮਹੀਨਾ *ਪ੍ਰਤੀ* ਕਾਮੇ (ਦਸੰਬਰ 2014 ਵਿੱਚ ਨਿਰਧਾਰਤ) ਵਧਾਉਣ ਦਾ ਫੈਸਲਾ ਕੀਤਾ।

ਲੇਖਾ ਪ੍ਰੀਖਿਆ ਨੇ ਵੇਖਿਆ (ਸਤੰਬਰ 2023) ਕਿ ਰੁਜ਼ਗਾਰਦਾਤਾਵਾਂ ਦੇ ਯੋਗਦਾਨ ਨੂੰ ਵਧਾਉਣ ਦੇ ਫੈਸਲੇ ਨੂੰ ਲਾਗੂ ਕਰਨ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ। ਹਾਲਾਂਕਿ, ਇਸ ਫੈਸਲੇ ਨੂੰ ਲਾਗੂ ਕਰਨਾ ਯਕੀਨੀ ਬਣਾਏ ਬਿਨਾਂ, ਇਸ ਆਈਟਮ ਨੂੰ 26 ਫਰਵਰੀ 2019 ਨੂੰ ਹੋਈ ਅਗਲੀ ਮੀਟਿੰਗ ਦੇ ਅਜੰਡੇ ਤੋਂ ਹਟਾ ਦਿੱਤਾ ਗਿਆ ਸੀ। ਨਤੀਜੇ ਵਜੋਂ, ਫੈਸਲੇ ਦੇ ਬਾਵਜੂਦ, ਪੀ ਐਲ ਡਬਲਯੂ ਐਫ ਨਿਯਮਾਂ ਵਿੱਚ ਸੋਧ ਕਰਨ ਲਈ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ ਸੀ, ਅਤੇ ਯੋਗਦਾਨ ਦੀਆਂ ਦਰਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਸੀ।

ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ ਕਿ 2020-23 ਦੌਰਾਨ ਫੰਡ ਵਿੱਚ ਪ੍ਰਾਪਤ ਕੁੱਲ ਯੋਗਦਾਨ ₹ 66.45 ਕਰੋੜ[33] ਸੀ। ਜੇ ਬੋਰਡ ਨੇ ਰੁਜ਼ਗਾਰਦਾਤਾਵਾਂ ਦੇ ਯੋਗਦਾਨ ਵਿੱਚ ਵਾਧੇ ਨੂੰ ਲਾਗੂ ਕੀਤਾ ਹੁੰਦਾ ਜਿਵੇਂ ਕਿ ਫੈਸਲਾ ਕੀਤਾ ਗਿਆ ਸੀ, ਤਾਂ ਫੰਡ ਵਿੱਚ ₹ 12.72 ਕਰੋੜ[34] ਦਾ ਵਾਧੂ ਮਾਲੀਆ ਜੋੜਿਆ ਜਾ ਸਕਦਾ ਸੀ।

---

32 ਬੋਰਡ ਦੀ 14.;ਅਕਤੂਬਰ.2015 ਦੀ 49ਵੀਂ ਮੀਟਿੰਗ ਵਿੱਚ ਗੰਭੀਰ ਬਿਮਾਰੀਆਂ ਦੇ ਇਲਾਜ ਲਈ ਇੱਕ ਲੱਖ ਤੱਕ ਅਤੇ ਜਨਰਲ ਸਰਜਰੀ ਲਈ ₹ 20,000/- ਤੱਕ ਦੀ ਅਦਾਇਗੀ ਨੂੰ ਪ੍ਰਵਾਨਗੀ ਦਿੱਤੀ ਗਈ। ਵਜ਼ੀਫਾ 1 ਅਪ੍ਰੈਲ 2016 ਤੋਂ 9ਵੀਂ ਕਲਾਸ ਦੀ ਬਜਾਏ 6ਵੀਂ ਜਮਾਤ ਤੋਂ ਸ਼ੁਰੂ ਹੋਇਆ ਅਤੇ ਵਜ਼ੀਫੇ ਦੀਆਂ ਦਰਾਂ ਵੀ ₹ 21,000 ਤੋਂ ਵਧਾ ਕੇ ₹ 31,000 ਕਰ ਦਿੱਤੀਆਂ ਗਈਆਂ। ਇਸ ਤੋਂ ਇਲਾਵਾ, 2 ਫਰਵਰੀ 2016 ਨੂੰ ਹੋਈ ਬੋਰਡ ਦੀ 50ਵੀਂ ਮੀਟਿੰਗ ਵਿੱਚ ਅੰਤਿਮ ਸੰਸਕਾਰ ਲਈ ₹ 20,000 ਮਨਜ਼ੂਰ ਕੀਤੇ ਗਏ।

33 ₹ 63.58 ਕਰੋੜ ਦਾ ਆਨਲਾਈਨ ਯੋਗਦਾਨ ਅਤੇ ₹ 2.87 ਕਰੋੜ ਦਾ ਆਫਲਾਈਨ ਯੋਗਦਾਨ।

34 ₹ 2.87 ਕਰੋੜ ਦੇ ਆਫਲਾਈਨ ਯੋਗਦਾਨ ਖਤਮ ਕਰਕੇ ਗਣਨਾ ਕੀਤੀ ਗਈ, ਕਿਉਂਕਿ ਅੰਕੜਿਆਂ ਦੀ ਸੱਚਾਈ, ਕਿ ਕੀ ਇਹ ਸਿਰਫ ਯੋਗਦਾਨ ਸਨ, ਦੀ ਨਾ ਤਾਂ ਬੋਰਡ ਦੁਆਰਾ ਪੁਸ਼ਟੀ ਕੀਤੀ ਜਾ ਸਕੀ ਅਤੇ ਨਾ ਹੀ ਇਸ ਦੀ ਪੁਸ਼ਟੀ ਕਰਨ ਲਈ ਲੇਖਾ ਪ੍ਰੀਖਿਆ ਲਈ ਅਜਿਹੇ ਰਿਕਾਰਡ ਪੇਸ਼ ਕੀਤੇ ਗਏ।

ਬੋਰਡ ਨੇ ਇਨ੍ਹਾਂ ਲੱਭਤਾਂ ਨੂੰ ਸਵੀਕਾਰ ਕੀਤਾ ਅਤੇ ਭਰੋਸਾ ਦਿੱਤਾ (ਫਰਵਰੀ 2024) ਕਿ ਰੁਜ਼ਗਾਰਦਾਤਾਵਾਂ ਤੋਂ ਯੋਗਦਾਨ ਵਧਾਉਣ ਬਾਰੇ ਅੰਤਿਮ ਫੈਸਲੇ ਲਈ ਇਹ ਮਾਮਲਾ ਅਗਲੀ ਬੋਰਡ ਮੀਟਿੰਗ ਵਿੱਚ ਲਿਆ ਜਾਵੇਗਾ। ਦਸੰਬਰ 2022 ਵਿੱਚ ਭੰਗ ਹੋਣ ਤੋਂ ਬਾਅਦ ਬੋਰਡ ਦਾ ਮਾਰਚ 2024 ਵਿੱਚ ਮੁੜ ਗਠਨ ਕੀਤਾ ਗਿਆ ਸੀ, ਪਰ ਹੁਣ ਤੱਕ ਕੋਈ ਮੀਟਿੰਗ ਨਹੀਂ ਬੁਲਾਈ ਗਈ ਸੀ (ਨਵੰਬਰ 2024)।

ਇਸ ਤੋਂ ਇਲਾਵਾ, ਐਕਟ ਅਤੇ ਪੀ ਐਲ ਡਬਲਯੂ ਐਫ ਨਿਯਮਾਂ ਦੀਆਂ ਵਿਵਸਥਾਵਾਂ ਦੀ ਮੁੜ ਜਾਂਚ ਕਰਨ ਲਈ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਸੀ (ਜਨਵਰੀ 2023) ਜਿਸ ਨੇ ਕਰਮਚਾਰੀ ਅਤੇ ਰੁਜ਼ਗਾਰਦਾਤਾਵਾਂ ਦੇ ਯੋਗਦਾਨ ਨੂੰ ਵਧਾ ਕੇ ਕ੍ਰਮਵਾਰ ₹ 20 ਅਤੇ ₹ 80 ਪ੍ਰਤੀ ਮਹੀਨਾ ਪ੍ਰਤੀ ਵਰਕਰ ਕਰਨ ਦੀ ਸਿਫਾਰਸ਼ ਕੀਤੀ ਸੀ (ਮਈ 2023)। ਹਾਲਾਂਕਿ, ਯੋਗਦਾਨ ਵਧਾਉਣ ਲਈ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਹੁਣ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ (ਨਵੰਬਰ 2024)।

ਬੋਰਡ ਨੇ ਕਿਹਾ (ਨਵੰਬਰ 2024) ਕਿ ਨੋਟੀਫਿਕੇਸ਼ਨ ਜਾਰੀ ਨਾ ਕਰਨਾ ਅਤੇ ਸਿਫਾਰਸ਼ਾਂ ਨੂੰ ਲਾਗੂ ਨਾ ਕਰਨਾ ਮਾਰਚ 2019 ਵਿੱਚ ਬੋਰਡ ਦੇ ਅੰਦਰ ਧੋਖਾਧੜੀ ਦੀ ਘਟਨਾ ਕਾਰਣ ਸੀ। ਨਤੀਜੇ ਵਜੋਂ, ਕਈ ਅਧਿਕਾਰੀਆਂ ਨੂੰ ਮੁਅੱਤਲ ਜਾਂ ਬਰਖਾਸਤ ਕਰ ਦਿੱਤਾ ਗਿਆ ਸੀ, ਅਤੇ ਵਿਜੀਲੈਂਸ ਵਿਭਾਗ ਦੁਆਰਾ ਸਬੰਧਤ ਰਿਕਾਰਡ ਜ਼ਬਤ ਕਰ ਲਏ ਗਏ ਸਨ, ਜਿਸ ਨਾਲ ਬੋਰਡ ਦੇ ਫੈਸਲੇ ਨੂੰ ਅੱਗੇ ਵਧਾਉਣ ਦੀ ਯੋਗਤਾ ਵਿੱਚ ਮਹੱਤਵਪੂਰਨ ਰੁਕਾਵਟ ਆਈ ਸੀ। ਨਤੀਜੇ ਵਜੋਂ, ਇਹ ਫੈਸਲਾ ਨਵੰਬਰ 2024 ਤੱਕ ਲਾਗੂ ਨਹੀਂ ਕੀਤਾ ਗਿਆ ਸੀ। ਬੋਰਡ ਦਾ ਜਵਾਬ ਸਵੀਕਾਰਯੋਗ ਨਹੀਂ ਸੀ, ਕਿਉਂਕਿ ਇਹ ਸਪੱਸ਼ਟ ਨਹੀਂ ਹੈ ਕਿ ਮਾਰਚ 2019 ਵਿੱਚ ਸਾਹਮਣੇ ਆਈ ਧੋਖਾਧੜੀ ਫਰਵਰੀ 2019 ਵਿੱਚ ਹੋਈ ਮੀਟਿੰਗ ਦੌਰਾਨ ਲਏ ਗਏ ਫੈਸਲਿਆਂ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀ ਸੀ।

ਇਸ ਤਰ੍ਹਾਂ, ਬੋਰਡ ਨੇ ਛੇ ਸਾਲਾਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਯੋਗਦਾਨ ਵਧਾਉਣ ਦੇ ਆਪਣੇ ਫੈਸਲੇ ਨੂੰ ਲਾਗੂ ਕਰਨ ਵਿੱਚ ਉਚਿਤ ਉੱਦਮ ਦੀ ਘਾਟ ਦਾ ਪ੍ਰਦਰਸ਼ਨ ਕੀਤਾ, ਜਿਸਦਾ ਮਤਲਬ ਹੈ ਕਿ ਬੋਰਡ ਕੋਲ ਆਪਦੇ ਖੁਦ ਦੇ ਮਤੇ ਨੂੰ ਲਾਗੂ ਕਰਨ ਦੀ ਨਿਗਰਾਨੀ ਕਰਨ ਲਈ ਕੋਈ ਪ੍ਰਭਾਵਸ਼ਾਲੀ ਫਾਲੋ-ਅਪ ਨਹੀਂ ਸੀ।

## 5.13 ਲੇਖੇ ਅਤੇ ਲੇਖਾ ਪ੍ਰੀਖਿਆ

ਪੀ ਐਲ ਡਬਲਯੂ ਐਫ ਨਿਯਮਾਂ ਦੇ ਨਿਯਮ 5 ਅਤੇ ਐਕਟ ਦੀ ਧਾਰਾ 3(3) ਵਿੱਚ ਇਹ ਨਿਰਧਾਰਤ ਕੀਤਾ ਗਿਆ ਹੈ ਕਿ ਫੰਡ ਦੇ ਲੇਖੇ ਬੋਰਡ ਦੇ ਲੇਖਾ ਅਧਿਕਾਰੀ ਦੁਆਰਾ ਤਿਆਰ ਕੀਤੇ ਅਤੇ ਰੱਖੇ ਜਾਣਗੇ ਅਤੇ ਸਾਲ ਵਿੱਚ ਇੱਕ ਵਾਰ ਮਹਾਂ ਲੇਖਾਕਾਰ ਦੁਆਰਾ ਲੇਖਾ ਪ੍ਰੀਖਿਆ ਕੀਤੇ ਜਾਣਗੇ।

### 5.13.1 ਅਧੂਰੇ ਅਤੇ ਦੇਰੀ ਵਾਲੇ ਲੇਖੇ

ਲੇਖਾ ਪ੍ਰੀਖਿਆ ਨੇ ਵੇਖਿਆ (ਜੁਲਾਈ 2023) ਕਿ ਬੋਰਡ ਨੇ ਆਪਣੇ ਲੇਖੇ ਸਿਰਫ 2017-18 ਤੱਕ ਤਿਆਰ ਕੀਤੇ ਸਨ, ਹਾਲਾਂਕਿ, ਪਿਛਲੇ ਸਾਲਾਂ ਵਾਂਗ ਜਨਰਲ ਲੈਜਰ ਦੀ ਰੱਖ-ਰਖਾਅ ਨਾਂ ਹੋਣ ਅਤੇ ਬੈਲੇਂਸ ਸ਼ੀਟ ਵਿੱਚ ਦਰਸਾਏ ਗਏ ਅੰਕੜਿਆਂ ਦਾ ਟ੍ਰਾਇਲ ਬੈਲੇਂਸ ਸ਼ੀਟ ਨਾਲ ਮੇਲ ਨਾ ਹੋਣ ਕਾਰਣ, ਸਾਲ 2017-18 ਦੇ ਲੇਖਿਆਂ ਨੂੰ ਪ੍ਰਧਾਨ ਮਹਾਂਲੇਖਾਕਾਰ (ਲੇਖਾ ਪ੍ਰੀਖਿਆ) ਦੁਆਰਾ ਬੋਰਡ ਦੇ ਪੂਰੇ ਬੁਨਿਆਦੀ ਰਿਕਾਰਡ ਦੀ ਘਾਟ ਕਾਰਣ ਵਾਪਸ ਕਰ ਦਿੱਤਾ ਗਿਆ ਸੀ, ਜਿਨ੍ਹਾਂ ਨੂੰ ਅਜੇ ਦੁਬਾਰਾ

ਜਮ੍ਹਾਂ ਕੀਤਾ ਜਾਣਾ ਸੀ। ਬੋਰਡ ਦੁਆਰਾ ਅਗਲੇ ਸਾਲਾਂ ਭਾਵ 2018-19 ਤੋਂ 2022-23 ਤੱਕ ਦੇ ਲੇਖੇ ਜਮ੍ਹਾਂ ਨਹੀਂ ਕਰਵਾਏ ਗਏ ਸਨ।

ਸਰਕਾਰ ਨੇ ਕਿਹਾ (ਸਤੰਬਰ 2024) ਕਿ 2018-19 ਤੋਂ 2022-23 ਦੇ ਲੇਖਿਆਂ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ, ਜਿਸ ਨੂੰ ਬੋਰਡ/ਚੇਅਰਮੈਨ ਦੀ ਪ੍ਰਵਾਨਗੀ ਤੋਂ ਬਾਅਦ ਲੇਖਾ ਪ੍ਰੀਖਿਆ ਲਈ ਪੇਸ਼ ਕੀਤਾ ਜਾਵੇਗਾ। ਜਵਾਬ 2017-18 ਦੇ ਲੇਖਿਆਂ ਨੂੰ ਅੰਤਿਮ ਰੂਪ ਦੇਣ ਬਾਰੇ ਚੁੱਪ ਸੀ, ਜੋ ਪੂਰੇ ਬੁਨਿਆਦੀ ਰਿਕਾਰਡਾਂ ਦੀ ਘਾਟ ਕਾਰਣ ਲੇਖਾ ਪ੍ਰੀਖਿਆ ਦੁਆਰਾ ਵਾਪਸ ਕਰ ਦਿੱਤੇ ਗਏ ਸਨ।

ਲੇਖਿਆਂ ਨੂੰ ਅੰਤਿਮ ਰੂਪ ਦੇਣ ਵਿੱਚ ਦੇਰੀ ਨਾਲ ਵਿੱਤੀ ਬੇਨਿਯਮੀਆਂ ਦਾ ਪਤਾ ਨਾ ਲੱਗਣ ਦਾ ਜੋਖਮ ਹੁੰਦਾ ਹੈ, ਅਤੇ ਵਿਧਾਨਕ ਲੇਖਾ ਪ੍ਰੀਖਿਆ ਲੋੜਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ 2017-18 ਤੋਂ ਬਾਅਦ ਦੇ ਬਕਾਇਆ ਲੇਖਿਆਂ ਨੂੰ ਤੁਰੰਤ ਤਿਆਰ ਕਰਨਾ ਮਹੱਤਵਪੂਰਨ ਹੈ।

### 5.13.2 ਲੇਖਾ ਪ੍ਰੀਖਿਆ ਨੋਟਜ਼ ਦੀ ਪਾਲਣਾ ਨਾ ਕਰਨਾ

ਪੀ ਐਲ ਡਬਲਯੂ ਐਫ ਨਿਯਮਾਂ ਦੇ ਨਿਯਮ 5 ਦੇ ਅਨੁਸਾਰ, ਵੈਲਫੇਅਰ ਕਮਿਸ਼ਨਰ ਲੇਖਾ ਪ੍ਰੀਖਿਆ ਨੋਟਜ਼[35] ਦੇ ਨਿਪਟਾਰੇ ਲਈ ਜ਼ਿੰਮੇਵਾਰ ਹੋਵੇਗਾ।

ਲੇਖਾ ਪ੍ਰੀਖਿਆ ਨੇ ਵੇਖਿਆ (ਜੂਨ 2024) ਕਿ ਬੋਰਡ ਨੇ ਬਕਾਇਆ ਲੇਖਾ ਪ੍ਰੀਖਿਆ ਨੋਟਜ਼ ਦਾ ਸੰਗਿਆਨ ਨਹੀਂ ਲਿਆ। ਜਨਵਰੀ 2024 ਤੱਕ ₹ 16.92 ਕਰੋੜ ਦੇ ਛੇ ਸਾਲਾਂ ਦੇ 34 ਲੇਖਾ ਪ੍ਰੀਖਿਆ ਨੋਟਜ਼ ਦੀ ਪਾਲਣਾ ਨਹੀਂ ਕੀਤੀ ਗਈ ਸੀ। ਸਾਲ-ਵਾਰ ਵੇਰਵਾ **ਸਾਰਣੀ** 5.6 ਵਿੱਚ ਦਿੱਤਾ ਗਿਆ ਹੈ।

**ਸਾਰਣੀ 5.6: ਬਕਾਇਆ ਲੇਖਾ ਪ੍ਰੀਖਿਆ ਨੋਟਜ਼ ਦੇ ਵੇਰਵੇ**

| ਲੇਖਾ ਪ੍ਰੀਖਿਆ ਦਾ ਸਮਾਂ | ਬਕਾਇਆ ਲੇਖਾ ਪ੍ਰੀਖਿਆ ਨੋਟਜ਼ (ਸੰਖਿਆ ਵਿੱਚ) | ਸ਼ਾਮਲ ਰਾਸ਼ੀ (₹ ਲੱਖ ਵਿੱਚ) |
|---|---|---|
| 2010-11 | 1 | 9.43 |
| 2013-14 | 3 | 770.00 |
| 2014-15 | 2 | 161.27 |
| 2016-18 | 5 | 24.88 |
| 2018-20 | 15 | 722.75 |
| 2020-23 | 8 | 3.97 |
| **ਜੋੜ** | **34** | **1,692.30** |

*ਸ੍ਰੋਤ: ਵਿਭਾਗੀ ਡਾਟਾ*

ਲੰਬੇ ਸਮੇਂ ਤੋਂ ਲੰਬਿਤ ਲੇਖਾ ਪ੍ਰੀਖਿਆ ਨੋਟਜ਼ ਦੀ ਪਾਲਣਾ ਵਿੱਤੀ ਜਵਾਬਦੇਹੀ ਅਤੇ ਲੇਖਾ ਪ੍ਰੀਖਿਆ ਸਿਫਾਰਸ਼ਾਂ 'ਤੇ ਵਿਚਾਰ ਨਾ ਕਰਨ ਪ੍ਰਤੀ ਬੋਰਡ ਦੀ ਗੈਰ-ਗੰਭੀਰ ਸੋਚ ਦਾ ਸੰਕੇਤ ਦਿੰਦੀ ਹੈ।

ਬੋਰਡ ਨੇ ਕਿਹਾ (ਅਗਸਤ 2024) ਕਿ 2020-2023 ਦੀ ਮਿਆਦ ਲਈ ਲੇਖਾ ਪ੍ਰੀਖਿਆ ਨੋਟਜ਼ ਦਾ ਜਵਾਬ ਤਿਆਰ ਕੀਤਾ ਜਾ ਰਿਹਾ ਸੀ। ਸਾਲ 2010-11 ਤੋਂ 2018-2020 ਦੀ ਮਿਆਦ ਲਈ,

[35] ਲੇਖਾ ਪ੍ਰੀਖਿਆ ਨੋਟਜ਼ ਬੋਰਡ ਦੀ ਪਾਲਣ ਲੇਖਾ ਪ੍ਰੀਖਿਆ ਕਰਨ ਤੋਂ ਬਾਅਦ ਪ੍ਰਧਾਨ ਮਹਾਂ ਲੇਖਾਕਾਰ ਦੇ ਦਫਤਰ ਦੁਆਰਾ ਜਾਰੀ ਕੀਤੀਆਂ ਜਾਣ ਵਾਲੀਆਂ ਨਿਰੀਖਣ ਰਿਪੋਰਟਾਂ ਹਨ।

ਇਹ ਦੱਸਿਆ ਗਿਆ ਸੀ ਕਿ ਵੱਖ-ਵੱਖ ਕਾਰਣਾਂ[36] ਕਰਕੇ ਰਿਕਾਰਡ ਗੁੰਮ ਹੋ ਗਿਆ ਹੈ, ਇਸ ਲਈ ਲੇਖਾ ਪ੍ਰੀਖਿਆ ਨੋਟਜ਼ ਦੇ ਜਵਾਬ ਰਿਕਾਰਡਾਂ ਦਾ ਪਤਾ ਲਗਾਉਣ ਤੋਂ ਬਾਅਦ ਤਿਆਰ ਕੀਤੇ ਜਾਣਗੇ।

ਬੋਰਡ ਦਾ ਜਵਾਬ ਤਸੱਲੀਬਖਸ਼ ਨਹੀਂ ਸੀ ਕਿਉਂਕਿ ਲੇਖਾ ਪ੍ਰੀਖਿਆ ਨੋਟਜ਼ ਦੇ ਜਵਾਬ ਸਮੇਂ ਸਿਰ ਦਿੱਤੇ ਜਾਣੇ ਚਾਹੀਦੇ ਸਨ। ਇਸ ਤੋਂ ਇਲਾਵਾ, 2018-2020 ਦੀ ਮਿਆਦ ਲਈ ਲੇਖਾ ਪ੍ਰੀਖਿਆ ਜਨਵਰੀ 2023 ਵਿੱਚ ਕੀਤੀ ਗਈ ਸੀ ਅਤੇ ਉਪਲਬਧ ਰਿਕਾਰਡਾਂ ਦੇ ਅਧਾਰ 'ਤੇ ਵੱਧ ਤੋਂ ਵੱਧ ਲੇਖਾ ਪ੍ਰੀਖਿਆ ਨੋਟਜ਼ ਤਿਆਰ ਕੀਤੇ ਗਏ ਸਨ। ਇਸ ਤਰ੍ਹਾਂ, ਇਹ ਕਹਿਣਾ ਸਹੀ ਨਹੀਂ ਹੈ ਕਿ ਰਿਕਾਰਡ ਲੱਭੇ ਨਹੀਂ ਜਾ ਸਕਦੇ ਸਨ।

ਸਰਕਾਰ ਨੇ ਭਰੋਸਾ ਦਿੱਤਾ (ਸਤੰਬਰ 2024) ਕਿ ਲੰਬਿਤ ਲੇਖਾ ਪ੍ਰੀਖਿਆ ਨੋਟਜ਼ ਦੇ ਅੰਤਿਮ ਜਵਾਬ ਰਿਕਾਰਡਾਂ ਦੀ ਸਹੀ ਜਾਂਚ ਤੋਂ ਬਾਅਦ ਲੇਖਾ ਪ੍ਰੀਖਿਆ ਨੂੰ ਸੌਂਪੇਂ ਜਾਣਗੇ। ਇਸ ਤਰ੍ਹਾਂ, ਲੇਖਾ ਪ੍ਰੀਖਿਆ ਨੋਟਜ਼ ਤੇ ਸਮੇਂ ਸਿਰ ਕਾਰਵਾਈ ਦੀ ਘਾਟ ਬੋਰਡ ਦੇ ਪ੍ਰਸ਼ਾਸਨ ਅਤੇ ਵਿੱਤੀ ਪ੍ਰਬੰਧਨ ਰਵੱਈਏ ਬਾਰੇ ਚਿੰਤਾਵਾਂ ਪੈਦਾ ਕਰਦੀ ਹੈ।

### 5.13.3 ਸਾਲਾਨਾ ਰਿਪੋਰਟਾਂ ਅਤੇ ਲੇਖਾ ਪ੍ਰੀਖਿਆ ਕੀਤੀਆਂ ਵਿਵਰਣੀਆਂ ਨੂੰ ਜਮ੍ਹਾਂ ਨਾ ਕਰਵਾਉਣਾ

ਪੰਜਾਬ ਲੇਬਰ ਵੈਲਫੇਅਰ ਫੰਡ ਐਕਟ, 1965 ਦੀ ਧਾਰਾ 27(2) (ਕੇ) ਦੇ ਨਾਲ ਪੜ੍ਹੇ ਗਏ ਪੀ ਐਲ ਡਬਲਯੂ ਐਫ ਨਿਯਮਾਂ ਦੇ ਨਿਯਮ 21 ਵਿੱਚ ਕਿਹਾ ਗਿਆ ਹੈ ਕਿ ਬੋਰਡ ਹਰੇਕ ਵਿੱਤੀ ਸਾਲ ਦੀ ਸਮਾਪਤੀ ਦੀ ਮਿਤੀ ਤੋਂ ਤਿੰਨ ਮਹੀਨਿਆਂ ਦੇ ਅੰਦਰ ਪ੍ਰਾਪਤੀਆਂ ਅਤੇ ਖਰਚਿਆਂ ਦੀ ਲੇਖਾ ਪ੍ਰੀਖਿਆ ਕੀਤੀ ਗਈ ਵਿਵਰਣੀਆਂ ਦੀ ਪ੍ਰਵਾਨਗੀ ਲਈ ਰਾਜ ਸਰਕਾਰ ਨੂੰ ਜਮ੍ਹਾਂ ਕਰਵਾਏਗਾ ਅਤੇ ਸਾਲ ਦੌਰਾਨ ਕੀਤੀਆਂ ਗਈਆਂ ਗਤੀਵਿਧੀਆਂ ਦਾ ਵਿਸਥਾਰਤ ਲੇਖਾ-ਜੋਖਾ ਪੇਸ਼ ਕਰੇਗਾ।

ਲੇਖਾ ਪ੍ਰੀਖਿਆ ਨੇ ਵੇਖਿਆ (ਜੁਲਾਈ 2023) ਕਿ ਮਾਰਚ 2023 ਤੱਕ, ਬੋਰਡ ਨੇ ਸਾਲ 2002-03 ਤੱਕ ਦੀਆਂ ਲੇਖਾ ਪ੍ਰੀਖਿਆ ਕੀਤੀਆਂ ਵਿਵਰਣੀਆਂ ਸਮੇਤ ਸਾਲਾਨਾ ਰਿਪੋਰਟਾਂ ਰਾਜ ਸਰਕਾਰ ਨੂੰ ਜਮ੍ਹਾਂ ਕਰਵਾਈਆਂ ਸਨ ਅਤੇ 2003-04 ਤੋਂ 2005-06 ਤੱਕ ਲਈ ਲੇਖਾ ਪ੍ਰੀਖਿਆ ਕੀਤੀਆਂ ਵਿਵਰਣੀਆਂ ਸਮੇਤ ਸਾਲਾਨਾ ਰਿਪੋਰਟਾਂ ਪ੍ਰਸ਼ਾਸਕੀ ਵਿਭਾਗ ਕੋਲ ਪ੍ਰਕਿਰਿਆ ਅਧੀਨ ਸਨ। ਹਾਲਾਂਕਿ, 2006-07 ਤੋਂ ਲਾਗੂ ਸਾਲਾਨਾ ਰਿਪੋਰਟਾਂ ਅਤੇ ਲੇਖਾ ਪ੍ਰੀਖਿਆ ਕੀਤੀਆਂ ਵਿਵਰਣੀਆਂ ਅਜੇ ਤਿਆਰ ਨਹੀਂ ਕੀਤੀਆਂ ਗਈਆਂ ਸਨ।

ਸਰਕਾਰ ਨੇ ਕਿਹਾ (ਸਤੰਬਰ 2024) ਕਿ ਸਾਲਾਨਾ ਰਿਪੋਰਟਾਂ ਤਿਆਰ ਕੀਤੀਆਂ ਜਾ ਰਹੀਆਂ ਸਨ। ਹਾਲਾਂਕਿ, ਸਾਲ 2003-04 ਤੋਂ ਲੇਖਾ ਪ੍ਰੀਖਿਆ ਕੀਤੀਆਂ ਵਿਵਰਣੀਆਂ ਸਮੇਤ ਸਲਾਨਾ ਰਿਪੋਰਟਾਂ ਨੂੰ ਅੰਤਿਮ ਰੂਪ ਨਾ ਦੇਣ ਅਤੇ ਪ੍ਰਵਾਨਗੀ ਲਈ ਰਾਜ ਸਰਕਾਰ ਨੂੰ ਜਮ੍ਹਾਂ ਕਰਵਾਉਣ ਦੇ ਕਾਰਣਾਂ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ ਸੀ।

---

[36] 2018 ਵਿੱਚ ਦਫਤਰ ਨੂੰ ਚੰਡੀਗੜ੍ਹ ਤੋਂ ਮੋਹਾਲੀ ਤਬਦੀਲ ਕਰਨਾ, 2019 ਵਿੱਚ ਧੋਖਾਧੜੀ ਦਾ ਪਤਾ ਲਗਾਉਣਾ, ਅਤੇ ਵਿਜੀਲੈਂਸ ਦੀ ਜਾਂਚ।

ਇਸ ਤਰ੍ਹਾਂ, ਸਾਲਾਨਾ ਰਿਪੋਰਟਾਂ ਅਤੇ ਲੇਖਾ ਪ੍ਰੀਖਿਆ ਕੀਤੇ ਲੇਖਿਆਂ ਨੂੰ ਸਮੇਂ ਸਿਰ ਜਮ੍ਹਾਂ ਕਰਵਾਉਣ ਦੀ ਗੈਰ-ਪਾਲਣਾ ਨੇ ਸਰਕਾਰ ਨੂੰ ਲਗਭਗ 20 ਸਾਲਾਂ ਤੋਂ ਬੋਰਡ ਦੇ ਕੰਮਕਾਜ ਬਾਰੇ ਅਪਡੇਟ ਕੀਤੀ ਵਿੱਤੀ ਜਾਣਕਾਰੀ ਅਤੇ ਅੰਤਰ-ਦ੍ਰਿਸ਼ਟੀ ਪ੍ਰਾਪਤ ਕਰਨ ਦੇ ਮੌਕੇ ਤੋਂ ਵਾਂਝਾ ਰੱਖਿਆ ਗਿਆ।

## 5.14 ਕੈਸ਼ ਬੁੱਕ ਦਾ ਰੱਖ-ਰਖਾਅ ਨਾ ਕਰਨਾ ਅਤੇ ਪ੍ਰਾਪਤੀਆਂ ਦਾ ਮਿਲਾਨ ਨਾ ਕਰਨਾ

ਪੀ ਐਲ ਡਬਲਯੂ ਐਫ ਨਿਯਮਾਂ ਦੇ ਨਿਯਮ 5 ਦੇ ਨਾਲ ਪੜ੍ਹੇ ਗਏ ਐਕਟ ਦੀ ਧਾਰਾ 3(3) ਅਨੁਸਾਰ ਇਹ ਲੋੜੀਂਦਾ ਹੈ ਕਿ ਫੰਡ ਦੇ ਲੇਖਿਆਂ ਨੂੰ ਬੋਰਡ ਦੇ ਲੇਖਾ ਅਧਿਕਾਰੀ ਦੁਆਰਾ ਰਾਜ ਸਰਕਾਰ ਦੀ ਪ੍ਰਵਾਨਗੀ ਨਾਲ ਬੋਰਡ ਦੁਆਰਾ ਨਿਰਧਾਰਤ ਤਰੀਕੇ ਨਾਲ ਤਿਆਰ ਅਤੇ ਰੱਖ-ਰਖਾਅ ਕੀਤਾ ਜਾਣਾ ਚਾਹੀਦਾ ਹੈ ਅਤੇ ਸਾਲ ਵਿੱਚ ਇੱਕ ਵਾਰ ਮਹਾਂ ਲੇਖਾਕਾਰ ਦੁਆਰਾ ਲੇਖਾ ਪ੍ਰੀਖਿਆ ਕੀਤੀ ਜਾਵੇਗੀ।

ਇਸ ਤੋਂ ਇਲਾਵਾ, ਪੰਜਾਬ ਵਿੱਤੀ ਨਿਯਮਾਂ (ਜਿਲਦ-1) ਦੇ ਨਿਯਮ 2.2 ਵਿੱਚ ਇਹ ਨਿਰਧਾਰਤ ਕੀਤਾ ਗਿਆ ਹੈ ਕਿ ਸਰਕਾਰ ਵੱਲੋਂ ਮੁੱਦਰਾ ਪ੍ਰਾਪਤ ਕਰਨ ਵਾਲੇ ਹਰੇਕ ਅਧਿਕਾਰੀ ਨੂੰ ਇੱਕ ਕੈਸ਼ ਬੁੱਕ ਰੱਖਣੀ ਚਾਹੀਦੀ ਹੈ ਅਤੇ ਸਾਰੇ ਮੁੱਦਰਾ ਲੈਣ-ਦੇਣ ਹੁੰਦੇ ਹੀ ਦਾਖਲ ਕਰਨੇ ਚਾਹੀਦੇ ਹਨ। ਸਰਕਾਰੀ ਫੰਡਾਂ ਨੂੰ ਸੰਭਾਲਣ ਲਈ ਜ਼ਿੰਮੇਵਾਰ ਸਰਕਾਰੀ ਅਧਿਕਾਰੀ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬੈਂਕ ਨੂੰ ਕੀਤੇ ਭੁਗਤਾਨਾਂ ਨੂੰ ਸਹੀ ਢੰਗ ਨਾਲ ਰਿਕਾਰਡ ਕੀਤਾ ਜਾਵੇ। ਕਿਸੇ ਵੀ ਰਸੀਦ ਦੀ ਤਸਦੀਕ ਕਰਨ ਤੋਂ ਪਹਿਲਾਂ, ਅਧਿਕਾਰੀ ਨੂੰ ਬੈਂਕ ਰਸੀਦਾਂ ਦੀ ਤੁਲਨਾ ਕੈਸ਼ ਬੁੱਕ ਦੀਆਂ ਐਂਟਰੀਆਂ ਨਾਲ ਕਰਨੀ ਚਾਹੀਦੀ ਹੈ ਤਾਂ ਜੋ ਇਹ ਪੁਸ਼ਟੀ ਕੀਤੀ ਜਾ ਸਕੇ ਕਿ ਫੰਡ ਅਸਲ ਵਿੱਚ ਜਮ੍ਹਾਂ ਕੀਤੇ ਗਏ ਸਨ। ਹਰੇਕ ਮਹੀਨੇ ਦੀ 15 ਤਰੀਖ ਤੱਕ, ਅਧਿਕਾਰੀ ਨੂੰ ਪਿਛਲੇ ਮਹੀਨੇ ਵਿੱਚ ਜਮ੍ਹਾਂ ਕੀਤੀਆਂ ਗਈਆਂ ਸਾਰੀਆਂ ਰਾਸ਼ੀਆਂ ਲਈ ਇੱਕ ਏਕੀਕ੍ਰਿਤ ਰਸੀਦ ਪ੍ਰਾਪਤ ਕਰਨੀ ਚਾਹੀਦੀ ਹੈ ਅਤੇ ਕੈਸ਼ ਬੁੱਕ ਐਂਟਰੀਆਂ ਦੇ ਵਿਰੁੱਧ ਇਸਦੀ ਪੁਸ਼ਟੀ ਕਰਨੀ ਚਾਹੀਦੀ ਹੈ।

**(i)** ਲੇਖਾ ਪ੍ਰੀਖਿਆ ਨੇ ਵੇਖਿਆ (ਸਤੰਬਰ 2023) ਕਿ ਬੋਰਡ ਫਰਵਰੀ 2019 ਤੋਂ ਪਹਿਲਾਂ ਕੈਸ਼ ਬੁੱਕ ਦਾ ਰੱਖ-ਰਖਾਅ ਕਰ ਰਿਹਾ ਸੀ ਪਰ ਉਸ ਤੋਂ ਬਾਅਦ ਉਪਰੋਕਤ ਉਪਬੰਧਾਂ ਦੀ ਉਲੰਘਣਾ ਕਰਦੇ ਹੋਏ ਮੁਦਰਾ ਲੈਣ-ਦੇਣ ਨੂੰ ਰਿਕਾਰਡ ਕਰਨਾ ਬੰਦ ਕਰ ਦਿੱਤਾ। ਇਸ ਤਰ੍ਹਾਂ 2020-2023 ਦੀ ਮਿਆਦ ਦੌਰਾਨ ਕੋਈ ਕੈਸ਼ ਬੁੱਕ ਬਣਾਈ ਨਹੀਂ ਪਾਈ ਗਈ। ਬੋਰਡ ਨੇ 2020-2023 ਦੌਰਾਨ ਬੈਂਕ ਨਾਲ ਆਪਣੀਆਂ ਪ੍ਰਾਪਤੀਆਂ ਅਤੇ ਭੁਗਤਾਨਾਂ ਦਾ ਮਿਲਾਨ ਕਰਨ ਲਈ ਬੈਂਕ ਮਿਲਾਨ ਵਿਵਰਣੀ (ਬੀ ਆਰ ਐਸ) ਵੀ ਤਿਆਰ ਨਹੀਂ ਕੀਤੀ ਸੀ (ਸਤੰਬਰ 2023)।

ਸਰਕਾਰ ਨੇ ਇਸ ਤੱਥ ਨੂੰ ਸਵੀਕਾਰ ਕਰਦਿਆਂ ਕਿਹਾ (ਸਤੰਬਰ 2024) ਕਿ ਭਵਿੱਖ ਵਿੱਚ ਰੋਜ਼ਾਨਾ ਆਧਾਰ 'ਤੇ ਟੈਲੀ ਸਾੱਫਟਵੇਅਰ ਕੈਸ਼ ਬੁੱਕ/ਡੇ ਬੁੱਕ ਤਿਆਰ ਕੀਤੀ ਜਾਵੇਗੀ ਅਤੇ ਪੰਜਾਬ ਵਿੱਤੀ ਨਿਯਮਾਂ ਅਨੁਸਾਰ ਮਹੀਨੇ ਦੇ ਅੰਤ ਵਿੱਚ ਡੀ ਡੀ ਓ ਅਤੇ ਡਿਪਟੀ ਕੰਪਟਰੋਲਰ ਵਿੱਤ ਅਤੇ ਲੇਖਾ ਦੁਆਰਾ ਦਸਤਖਤ ਕੀਤੇ ਜਾਣਗੇ।

ਹਾਲਾਂਕਿ ਬੋਰਡ ਨੇ (ਅਗਸਤ 2024) ਬੈਂਕ ਮਿਲਾਨ ਵਿਵਰਣੀ (ਬੀ ਆਰ ਐਸ) ਪੇਸ਼ ਕੀਤੀ, ਪਰ ਇਸ ਨੇ ਬੈਂਕ ਅਤੇ ਕੈਸ਼ ਬੁੱਕ ਵਿਚਲੇ ਅੰਤਰ ਨੂੰ ਸੁਲਝਾਉਣ ਲਈ ਚੈੱਕਾਂ ਨੂੰ ਕੈਸ਼ ਨਾ ਕਰਨ 'ਤੇ ਵਿਚਾਰ ਨਹੀਂ ਕੀਤਾ। ਬੋਰਡ ਨੇ ਸਵੀਕਾਰ ਕੀਤਾ (ਨਵੰਬਰ 2024) ਕਿ ਲੇਖੇ ਬੈਂਕ ਸਟੇਟਮੈਂਟਾਂ 'ਤੇ ਹੀ ਅਧਾਰਤ ਸਨ। ਅਜਿਹੀ ਸਥਿਤੀ ਵਿੱਚ, ਬੀ ਆਰ ਐਸ ਤਿਆਰ ਕਰਨ ਦਾ ਮਕਸਦ ਅਸਫਲ ਹੋ ਗਿਆ।

**(ii)** ਲੇਖਾ ਪ੍ਰੀਖਿਆ ਨੇ ਅੱਗੇ ਵੇਖਿਆ (ਜੂਨ 2024) ਕਿ ਬੋਰਡ ਦੇ ਟ੍ਰਾਇਲ ਬੈਲੇਂਸ ਨੇ 2020-2023 ਦੌਰਾਨ ਫੰਡ ਵਿੱਚ ਯੋਗਦਾਨ ਵਜੋਂ ₹ 71.96 ਕਰੋੜ ਦੀਆਂ ਪ੍ਰਾਪਤੀਆਂ ਕੀਤੀਆਂ, ਹਾਲਾਂਕਿ, ਬੋਰਡ ਨੂੰ ਫੰਡ ਵਿੱਚ ਆਨਲਾਈਨ/ਆਫਲਾਈਨ ਯੋਗਦਾਨ ਦੇ ਰੂਪ ਵਿੱਚ ਕੁੱਲ ₹ 66.45 ਕਰੋੜ[37] ਦੀ ਰਾਸ਼ੀ ਪ੍ਰਾਪਤ ਹੋਈ। ਇਸ ਤਰ੍ਹਾਂ, ਰਿਕਾਰਡਾਂ ਵਿਚਕਾਰ ਇਕਸਾਰਤਾ ਨੂੰ ਯਕੀਨੀ ਬਣਾਉਣ ਲਈ ₹ 5.51 ਕਰੋੜ ਦੇ ਇਸ ਅੰਤਰ ਦਾ ਮਿਲਾਨ ਜ਼ਰੂਰੀ ਸੀ। ਪਰ ਬੋਰਡ ਨੇ ਇਸ ਅੰਤਰ ਦਾ ਨੋਟਿਸ ਨਹੀਂ ਲਿਆ ਅਤੇ ਇਸ ਨੂੰ ਸੁਲਝਾਉਣ ਦੀ ਕੋਸ਼ਿਸ਼ ਵੀ ਨਹੀਂ ਕੀਤੀ।

ਸਰਕਾਰ ਨੇ ਕਿਹਾ (ਸਤੰਬਰ 2024) ਕਿ ਦਸੰਬਰ 2021 ਤੋਂ ਅਗਸਤ 2023 ਦੀ ਮਿਆਦ ਲਈ ਮਿਲਾਨ ਕੀਤਾ ਗਿਆ ਸੀ ਅਤੇ ਕੋਈ ਫਰਕ ਨਹੀਂ ਪਾਇਆ ਗਿਆ ਸੀ। ਹਾਲਾਂਕਿ, ਮਿਲਾਨ ਵਿਵਰਣੀ ਮੰਗਣ ਤੇ ਬੋਰਡ ਨੇ ਸੂਚਿਤ ਕੀਤਾ (ਨਵੰਬਰ 2024) ਕਿ ਬੈਂਕ ਅਤੇ ਪੋਰਟਲ ਡਾਟਾ ਵਿਚਕਾਰ ਮਤਭੇਦਾਂ ਨੂੰ ਸੁਲਝਾਉਣ ਲਈ ਐਨ ਆਈ ਸੀ ਪੱਧਰ ਤੇ ਪੋਰਟਲ ਵਿੱਚ ਕੁਝ ਜ਼ਰੂਰੀ ਤਬਦੀਲੀਆਂ ਦੀ ਉਡੀਕ ਕੀਤੀ ਜਾ ਰਹੀ ਸੀ ਅਤੇ ਜਲਦੀ ਹੀ ਮਿਲਾਨ ਵਿਵਰਣੀ ਜਮ੍ਹਾਂ ਕਰਨ ਦਾ ਭਰੋਸਾ ਦਿੱਤਾ।

ਉਪੋਰਕਤ ਦਰਸਾਉਂਦੇ ਹਨ ਕਿ ਬੋਰਡ ਨੂੰ ਕੈਸ਼ ਬੁੱਕ ਅਤੇ ਬੀ ਆਰ ਐਸ ਵਰਗੇ ਰਿਕਾਰਡਾਂ ਦੀ ਗੈਰ-ਮਿਲਾਨ ਅਤੇ ਨਾ ਬਣਾਉਣ ਕਾਰਣ ਨਾਲ ਜੁੜੇ ਜੋਖਮ ਦਾ ਅਹਿਸਾਸ ਨਹੀਂ ਸੀ, ਖਾਸਕਰ ਜਦੋਂ ਇਸੇ ਲਾਪਰਵਾਹੀ ਲਈ ਬੋਰਡ ਨੂੰ ਪਹਿਲਾਂ ਹੀ ਮਾਰਚ 2019 ਵਿੱਚ ਬੋਰਡ ਦੇ ਧਿਆਨ ਵਿੱਚ ਆਏ ਵੈਲਫੇਅਰ ਫੰਡ ਵਿੱਚੋਂ ₹ 2.83 ਕਰੋੜ ਦੀ ਧੋਖਾਧੜੀ ਨਾਲ ਕਢਵਾਉਣ ਦਾ ਸਾਹਮਣਾ ਕਰਨਾ ਪਿਆ ਸੀ ਜੋ ਹਾਲੇ ਵੀ ਪੰਜਾਬ ਸਰਕਾਰ ਦੇ ਵਿਜੀਲੈਂਸ ਵਿਭਾਗ ਕੋਲ ਜਾਂਚ ਅਧੀਨ ਸੀ। ਇਸ ਤਰ੍ਹਾਂ, ਗੈਰ-ਮਿਲਾਨ ਦੀ ਲੰਬੀ ਮਿਆਦ ਅਤੇ ਨਿਰਧਾਰਤ ਲੇਖਾਕਾਰੀ ਪ੍ਰਕਿਰਿਆਵਾਂ ਦੀ ਘਾਟ ਜਵਾਬਦੇਹੀ 'ਤੇ ਚਿੰਤਾਵਾਂ ਪੈਦਾ ਕਰਦੀ ਹੈ ਅਤੇ ਬੋਰਡ ਵਿੱਚ ਧੋਖਾਧੜੀ ਦੀਆਂ ਗਤੀਵਿਧੀਆਂ ਦਾ ਮਹੱਤਵਪੂਰਨ ਜੋਖਮ ਪੈਦਾ ਕਰਦੀ ਹੈ।

## 5.15 ਸਿੱਟਾ

ਪੰਜਾਬ ਲੇਬਰ ਵੈਲਫੇਅਰ ਬੋਰਡ ਵੱਲੋਂ ਆਡੀਓ ਅਤੇ ਵੀਡੀਓ ਜਾਗਰੂਕਤਾ ਸਮੱਗਰੀ ਵਿਕਸਤ ਕਰਨ ਵਿੱਚ ਅਸਮਰੱਥਾ ਦੇ ਕਾਰਣ, ਇਸ ਲਈ ਢੁਕਵੇਂ ਬਜਟ ਪ੍ਰਬੰਧਾਂ ਦੇ ਬਾਵਜੂਦ, ਵੱਡੀ ਗਿਣਤੀ ਵਿੱਚ ਕਾਮੇ ਭਲਾਈ ਸਕੀਮਾਂ ਅਧੀਨ ਉਪਲਬਧ ਲਾਭਾਂ ਤੋਂ ਅਣਜਾਣ ਰਹੇ। ਬੋਰਡ ਕੋਲ ਯੋਗ ਸੰਸਥਾਵਾਂ ਨੂੰ ਆਪਣੇ ਦਾਇਰੇ ਵਿੱਚ ਲਿਆਉਣ ਲਈ ਇੱਕ ਵਿਧੀ ਦੀ ਘਾਟ ਸੀ ਅਤੇ ਰਜਿਸਟਰ ਕਾਮਿਆਂ ਨੂੰ ਵਿਲੱਖਣ ਪਛਾਣ ਨੰਬਰ ਜਾਰੀ ਕਰਨ ਲਈ ਕੋਈ ਪ੍ਰਣਾਲੀ ਨਹੀਂ ਸੀ। ਬੋਰਡ ਨੇ ਡਿਫਾਲਟ ਸੰਸਥਾਵਾਂ ਦੁਆਰਾ ਫੰਡ ਵਿੱਚ ਨਿਯਮਤ ਯੋਗਦਾਨ ਬਣਾਉਣ ਲਈ ਕੋਈ ਵਿਧੀ ਸਥਾਪਤ ਨਹੀਂ ਕੀਤੀ ਸੀ, ਅਤੇ ਨਾ ਹੀ ਇਸਨੇ ਹੋਰ ਡਿਫਾਲਟਾਂ ਨੂੰ ਰੋਕਣ ਲਈ ਰੋਕਥਾਮ ਉਪਾਅ ਲਾਗੂ ਕੀਤੇ ਸਨ। ਇਸ ਅਕਿਰਿਆਸ਼ੀਲਤਾ ਨੇ ਡਿਫਾਲਟ ਸੰਸਥਾਵਾਂ ਦੀ ਗਿਣਤੀ ਵਿੱਚ ਵਾਧਾ ਕੀਤਾ। ਬੋਰਡ ਦੀਆਂ ਮੀਟਿੰਗਾਂ ਵਿੱਚ ਵਾਰ-ਵਾਰ ਹੋਣ ਵਾਲੀਆਂ ਕਮੀਆਂ ਨੇ ਵਚਨਬੱਧਤਾ ਦੀ ਘਾਟ ਨੂੰ ਉਜਾਗਰ ਕੀਤਾ ਅਤੇ ਯੋਗਦਾਨ ਦਰਾਂ, ਸੇਵਾ ਉਪ-ਨਿਯਮਾਂ ਅਤੇ ਬੋਰਡ ਦੇ ਨਿਯਮਾਂ/ਅਧਿਨਿਯਮਾਂ ਬਾਰੇ ਮਹੱਤਵਪੂਰਨ ਫੈਸਲਿਆਂ ਵਿੱਚ ਦੇਰੀ ਨੂੰ ਉਜਾਗਰ ਕੀਤਾ। ਲੇਬਰ ਵੈਲਫੇਅਰ ਇੰਸਪੈਕਟਰਾਂ ਦੀ ਘਾਟ ਨੇ ਬੋਰਡ ਨੂੰ ਕਿਰਤ ਵਿਭਾਗ ਦੇ ਇੰਸਪੈਕਟਰਾਂ 'ਤੇ ਨਿਰਭਰ ਕਰਨ ਲਈ ਮਜਬੂਰ ਕੀਤਾ, ਜਿਨ੍ਹਾਂ ਦੇ ਨਿਰੀਖਣ

---

[37] ਈ-ਲੇਬਰ ਪੋਰਟਲ ਰਾਹੀਂ ₹ 63.58 ਕਰੋੜ ਦਾ ਆਨਲਾਈਨ ਯੋਗਦਾਨ ਅਤੇ ਚੈਂਕਾਂ ਰਾਹੀਂ ਪ੍ਰਾਪਤ ₹ 2.87 ਕਰੋੜ ਦਾ ਆਫਲਾਈਨ ਯੋਗਦਾਨ ਪ੍ਰਾਪਤ ਹੋਇਆ।

ਨਾਕਾਫ਼ੀ ਅਤੇ ਪ੍ਰਭਾਵਹੀਣ ਸਨ। ਨਾਕਾਫ਼ੀ ਸਟਾਫ ਦੀ ਘਾਟ ਵੈਲਫੇਅਰ ਲਾਭ ਅਰਜ਼ੀਆਂ ਦੀ ਪ੍ਰਕਿਰਿਆ ਅਤੇ ਸਾਲਾਨਾ ਲੇਖੇ ਤਿਆਰ ਕਰਨ ਵਿੱਚ ਦੇਰੀ ਕਰਦੀ ਸੀ। ਇਸ ਤੋਂ ਇਲਾਵਾ, ਬੋਰਡ ਭੁਗਤਾਨ ਨਾ ਕੀਤੀ ਗਈ ਜਮ੍ਹਾਂ ਰਾਸ਼ੀ ਦੀ ਅਸਲ ਰਕਮ ਤੋਂ ਅਣਜਾਣ ਸੀ, ਕਰਮਚਾਰੀ-ਵਾਰ ਰਿਕਾਰਡਾਂ ਦੀ ਘਾਟ ਸੀ ਅਤੇ ਮਿਆਦ ਪੁਗ ਚੁੱਕੀ ਭੁਗਤਾਨ ਨਾ ਕੀਤੀ ਗਈ ਜਮ੍ਹਾਂ ਰਾਸ਼ੀ ਨੂੰ ਵੈਲਫੇਅਰ ਫੰਡ ਵਿੱਚ ਟਰਾਂਸਫਰ ਨਹੀਂ ਕੀਤਾ। ਅਰਜ਼ੀਆਂ ਦੀ ਪ੍ਰਕਿਰਿਆ ਵਿੱਚ ਦੇਰੀ, ਕਮੀਆਂ ਅਤੇ ਅਸੰਗਤੀਆਂ ਦਿਖਾਈਆਂ ਗਈਆਂ, ਜਿਸ ਵਿੱਚ ਈ-ਲੇਬਰ ਪੋਰਟਲ ਵਿੱਚ ਡਿਜ਼ੀਟਲ ਤਬਦੀਲੀ ਵਿੱਚ ਮਹੱਤਵਪੂਰਨ ਮੁੱਦੇ ਸਨ, ਜਦੋਂ ਕਿ ਅਸਪਸ਼ਟ ਨਿਯਮਾਂ ਨੇ ਕੁਝ ਲੋਕਾਂ ਨੂੰ ਲਾਭ ਤੋਂ ਇਨਕਾਰ ਕਰਨ ਅਤੇ ਦੂਜਿਆਂ ਦੁਆਰਾ ਸ਼ੋਸ਼ਣ ਕਰਨ ਦਾ ਕਾਰਣ ਬਣਾਇਆ। 2017-18 ਤੋਂ 2022-23 ਦੇ ਸਾਲਾਂ ਲਈ ਬੋਰਡ ਦੇ ਸਾਲਾਨਾ ਲੇਖੇ ਲੇਖਾ ਪ੍ਰੀਖਿਆ ਲਈ ਜਮ੍ਹਾਂ ਨਹੀਂ ਕਰਵਾਏ ਗਏ। ਇਸ ਤੋਂ ਇਲਾਵਾ, ਬੋਰਡ ਨੇ ਫਰਵਰੀ 2019 ਤੋਂ ਬਾਅਦ ਕੈਸ਼ ਬੁੱਕ ਬਣਾਈ ਰੱਖਣਾ ਬੰਦ ਕਰ ਦਿੱਤਾ ਅਤੇ ਬੈਂਕ ਮਿਲਾਨ ਸਟੇਟਮੈਂਟ ਵੀ ਤਿਆਰ ਨਹੀਂ ਕੀਤੀ ਸੀ। ਇਹ ਖਾਮੀਆਂ ਵਿੱਤੀ ਜਵਾਬਦੇਹੀ ਬਾਰੇ ਗੰਭੀਰ ਚਿੰਤਾਵਾਂ ਪੈਦਾ ਕਰਦੀਆਂ ਹਨ ਅਤੇ ਬੋਰਡ ਦੇ ਅੰਦਰ ਕੁਪ੍ਰਬੰਧਨ ਅਤੇ ਸੰਭਾਵਿਤ ਧੋਖਾਧੜੀ ਦੀਆਂ ਗਤੀਵਿਧੀਆਂ ਦੇ ਜੋਖਮ ਵਿੱਚ ਮਹੱਤਵਪੂਰਣ ਵਾਧਾ ਕਰਦੀਆਂ ਹਨ।

## 5.16. ਸਿਫਾਰਸ਼ਾਂ

ਬੋਰਡ ਦੇ ਸੰਚਾਲਨ ਅਤੇ ਵੈਲਫੇਅਰ ਸਕੀਮਾਂ ਦੀ ਕੁਸ਼ਲਤਾ ਅਤੇ ਪ੍ਰਭਾਵਸ਼ੀਲਤਾ ਨੂੰ ਵਧਾਉਣ ਲਈ ਬੋਰਡ :

- *ਯੋਗਦਾਨ, ਡਿਫਾਲਟਾਂ ਅਤੇ ਭੁਗਤਾਨ ਨਾ ਕੀਤੇ ਗਏ ਸੰਗ੍ਰਹਿ ਦੀ ਨਿਗਰਾਨੀ ਵਿੱਚ ਸੁਧਾਰ ਕਰਨ ਲਈ ਮਜ਼ਬੂਤ ਪ੍ਰਣਾਲੀ ਸਥਾਪਤ ਕਰ ਸਕਦਾ ਹੈ;*
- *ਇਨ੍ਹਾਂ ਸੰਸਥਾਵਾਂ ਦੇ ਕਾਮਿਆਂ ਨੂੰ ਲਾਭ ਪ੍ਰਦਾਨ ਕਰਨ ਲਈ ਬੋਰਡ ਦੇ ਦਾਇਰੇ ਵਿੱਚ ਆਉਣ ਵਾਲੀਆਂ ਸਾਰੀਆਂ ਸੰਸਥਾਵਾਂ ਨੂੰ ਰਜਿਸਟਰ ਕਰ ਸਕਦਾ ਹੈ;*
- *ਅਰਜ਼ੀ ਪ੍ਰਕਿਰਿਆ ਵਿੱਚ ਦੇਰੀ, ਕਮੀਆਂ ਅਤੇ ਅਸੰਗਤੀਆਂ ਨੂੰ ਦੂਰ ਕਰਨਾ, ਅਤੇ ਈ-ਲੇਬਰ ਪੋਰਟਲ ਨਾਲ ਮੁੱਦਿਆਂ ਨੂੰ ਦੂਰ ਕਰ ਸਕਦਾ ਹੈ;*
- *ਸਕੀਮਾਂ ਦੇ ਲਾਭਾਂ ਤੋਂ ਇਨਕਾਰ ਅਤੇ ਸ਼ੋਸ਼ਣ ਦੋਵਾਂ ਨੂੰ ਰੋਕਣ ਲਈ ਸਕੀਮਾਂ ਦੇ ਉਪਬੰਧਾਂ ਨੂੰ ਸੋਧਣਾ/ਸਪੱਸ਼ਟ ਕਰ ਸਕਦਾ ਹੈ;*
- *ਇਹ ਯਕੀਨੀ ਬਣਾਉਣ ਲਈ ਵਿਆਪਕ ਜਾਗਰੂਕਤਾ ਮੁਹਿੰਮਾਂ ਚਲਾ ਕਰ ਸਕਦਾ ਹੈ ਕਿ ਸਾਰੇ ਕਾਮਿਆਂ ਨੂੰ ਉਪਲਬਧ ਵੈਲਫੇਅਰ ਸਕੀਮਾਂ ਬਾਰੇ ਸੂਚਿਤ ਕੀਤਾ ਜਾਵੇ;*
- *ਸਮੇਂ ਸਿਰ ਫੈਸਲੇ ਅਤੇ ਨਿਰੰਤਰਤਾ ਨੂੰ ਯਕੀਨੀ ਬਣਾਉਣ ਅਤੇ ਪ੍ਰਭਾਵਸ਼ਾਲੀ ਅਤੇ ਲੋੜੀਂਦੇ ਨਿਰੀਖਣਾਂ ਨੂੰ ਯਕੀਨੀ ਬਣਾਉਣ ਲਈ ਬੋਰਡ ਦੀਆਂ ਮੀਟਿੰਗਾਂ ਦੀ ਬਾਰੰਬਾਰਤਾ ਵਿੱਚ ਵਾਧਾ ਕਰ ਸਕਦਾ ਹੈ;*
- *ਕੈਸ਼ ਬੁੱਕਾਂ ਨੂੰ ਬਣਾਈ ਰੱਖਣ, ਨਿਯਮਤ ਬੈਂਕ ਨਾਲ ਮੇਲ-ਮਿਲਾਨ ਕਰਨਾ, ਲੇਖਾ ਪ੍ਰੀਖਿਆ ਨੋਟਸ ਨੂੰ ਤੁਰੰਤ ਹੱਲ ਕਰ ਸਕਦਾ ਹੈ, ਅਤੇ*
- *2017-18 ਤੋਂ 2022-2023 ਦੇ ਸਾਲਾਂ ਲਈ ਸਾਲਾਨਾ ਖਾਤਿਆਂ ਨੂੰ ਅੰਤਿਮ ਰੂਪ ਦੇ ਸਕਦਾ ਹੈ ਅਤੇ 2003-04 ਤੋਂ ਬਾਅਦ ਦੇ ਸਾਲਾਂ ਲਈ ਸਾਲਾਨਾ ਰਿਪੋਰਟਾਂ ਤਿਆਰ ਕਰ ਸਕਦਾ ਹੈ।*

# ਅਧਿਆਇ-VI

## ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ

## (ਵਿਭਾਗ)

# ਅਧਿਆਇ-VI

# ਪਾਲਣ ਲੇਖਾ ਪ੍ਰੀਖਿਆ ਟਿੱਪਣੀਆਂ
## (ਵਿਭਾਗ)

ਇਸ ਅਧਿਆਇ ਵਿੱਚ ₹ 195.53 ਕਰੋੜ ਦੇ ਵਿੱਤੀ ਪ੍ਰਭਾਵ ਵਾਲੇ ਸਰਕਾਰ ਦੇ ਵਿਭਾਗਾਂ ਵਿੱਚ ਵੇਖੇ ਗਏ ਪਾਲਣਾ ਮੁੱਦਿਆਂ ਨੂੰ ਕਵਰ ਕਰਦੀਆਂ ਹੋਈਆਂ ਛੇ ਟਿੱਪਣੀਆਂ ਸ਼ਾਮਲ ਹਨ। ਵਿਭਾਗਾਂ ਅਤੇ ਸਰਕਾਰ ਦੇ ਉੱਤਰ ਟਿੱਪਣੀਆਂ ਵਿੱਚ ਢੁਕਵੇਂ ਰੂਪ ਵਿੱਚ ਸ਼ਾਮਲ ਕੀਤੇ ਗਏ ਹਨ।

## ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ

## ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ

### 6.1 ਫਿਕਸਡ ਚਾਰਜ ਦਾ ਟਾਲਣਯੋਗ ਵਾਧੂ ਭੁਗਤਾਨ

**ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਟੈਰਿਫ ਸਰਕੂਲਰ ਅਤੇ ਬਿਜਲੀ ਸਪਲਾਈ ਹਦਾਇਤਾਂ ਮੈਨੂਅਲ ਅਨੁਸਾਰ ਬਿਜਲੀ ਕੁਨੈਕਸ਼ਨ ਦੀ ਸ਼੍ਰੇਣੀ ਸਮੇਤ ਬਿਜਲੀ ਸਪਲਾਈ ਦੇ ਠੇਕੇ ਦੀ ਮੰਗ ਦੀ ਸਮੇਂ ਸਿਰ ਸਮੀਖਿਆ ਕਰਨ ਵਿੱਚ ਅਣਗਹਿਲੀ ਦੇ ਨਤੀਜੇ ਵਜੋਂ ਜਨਵਰੀ 2018 ਤੋਂ ਮਾਰਚ 2023 ਦੀ ਮਿਆਦ ਦੌਰਾਨ ₹ 1.21 ਕਰੋੜ ਦੇ ਫਿਕਸਡ ਚਾਰਜ ਦਾ ਟਾਲਣਯੋਗ ਵਾਧੂ ਭੁਗਤਾਨ ਹੋਇਆ।**

ਪੰਜਾਬ ਵਿੱਤੀ ਨਿਯਮਾਂ (ਪੀ ਐਫ ਆਰ), ਜਿਲਦ-I ਦੇ ਨਿਯਮ 2.10(ਏ) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਜ ਦੇ ਮਾਲੀਆ ਵਿੱਚੋਂ ਖਰਚ ਕਰਨ ਜਾਂ ਮਨਜ਼ੂਰੀ ਦੇਣ ਵਾਲੇ ਹਰੇਕ ਸਰਕਾਰੀ ਕਰਮਚਾਰੀ ਨੂੰ ਵਿੱਤੀ ਉਚਿਤਤਾ ਦੇ ਉੱਚ ਮਿਆਰਾਂ ਦੁਆਰਾ ਨਿਰਦੇਸ਼ਤ ਕੀਤਾ ਜਾਣਾ ਚਾਹੀਦਾ ਹੈ। ਇਸ ਵਿੱਚ ਅੱਗੇ ਇਹ ਵਿਵਸਥਾ ਕੀਤੀ ਗਈ ਹੈ ਕਿ ਹਰੇਕ ਸਰਕਾਰੀ ਕਰਮਚਾਰੀ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਜਨਤਕ ਧਨ ਤੋਂ ਕੀਤੇ ਗਏ ਖਰਚੇ ਦੇ ਸਬੰਧ ਵਿੱਚ ਉਨੀ ਹੀ ਚੌਕਸੀ ਵਰਤਣ ਜਿੰਨੀ ਆਮ ਸਮਝਦਾਰੀ ਵਾਲਾ ਵਿਅਕਤੀ ਆਪਣੇ ਪੈਸੇ ਦੇ ਖਰਚੇ ਦੇ ਸਬੰਧ ਵਿੱਚ ਵਰਤਦਾ ਹੈ।

ਬਿਜਲੀ ਸਪਲਾਈ ਨਿਰਦੇਸ਼ ਮੈਨੂਅਲ (ਈ ਐਸ ਆਈ ਐਮ), 2018 ਦੀ ਅਨੁਸੂਚੀ ਐਸ ਵੀ ਆਈ 1.2 ਦੇ ਅਨੁਸਾਰ, ਸਾਰੀਆਂ ਸਰਕਾਰੀ/ਸਰਕਾਰੀ ਸਹਾਇਤਾ ਪ੍ਰਾਪਤ ਯੂਨੀਵਰਸਿਟੀਆਂ ਨੂੰ ਬਿਜਲੀ ਦੀ ਸਪਲਾਈ ਨੂੰ ਘਰੇਲੂ ਸਪਲਾਈ (ਡੀ ਐਸ) ਸ਼੍ਰੇਣੀ ਅਧੀਨ ਸ਼੍ਰੇਣੀਬੱਧ ਕੀਤਾ ਜਾਵੇਗਾ।

ਇਸ ਤੋਂ ਇਲਾਵਾ, ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਮਿਸ਼ਨ) ਦੇ ਫੈਸਲੇ (ਨਵੰਬਰ 2017) ਅਨੁਸਾਰ, 1 ਜਨਵਰੀ 2018 ਤੋਂ ਫਿਕਸਡ ਚਾਰਜ ਦੇ ਨਾਲ ਦੋ ਭਾਗਾਂ ਦੇ ਟੈਰਿਫ ਢਾਂਚੇ ਨੂੰ ਲਾਗੂ ਕਰਨ ਲਈ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ (ਪੀ ਐਸ ਪੀ ਸੀ ਐਲ) ਨੇ ਇੱਕ ਸਰਕੂਲਰ ਜਾਰੀ ਕੀਤਾ (10 ਨਵੰਬਰ 2017) ਜਿਸ ਵਿੱਚ ਹੋਰ ਗੱਲਾਂ ਦੇ ਨਾਲ-ਨਾਲ ਸਾਲ

2017-18[1] ਲਈ 1 ਜਨਵਰੀ 2018 ਤੋਂ 31 ਮਾਰਚ 2018 ਤੱਕ ਲਾਗੂ ਟੈਰਿਫ ਦਾ ਵੇਰਵਾ ਦਿੱਤਾ ਗਿਆ ਹੈ। ਇਸ ਸਰਕੂਲਰ ਦੇ ਅਨੁਸਾਰ, ਪ੍ਰਵਾਨਿਤ ਠੇਕੇ ਦੀ ਮੰਗ ਦੇ 80 *ਪ੍ਰਤੀਸ਼ਤ* ਜਾਂ ਬਿਲਿੰਗ ਚੱਕਰ ਦੌਰਾਨ ਰੱਖੀ ਗਈ ਅਸਲ ਮੰਗ, ਜੋ ਵੀ ਵੱਧ ਹਵੇ 'ਤੇ ਫਿਕਸਡ ਚਾਰਜ ਲਗਾਏ ਜਾਂਦੇ ਸਨ। ਇਸ ਤੋਂ ਇਲਾਵਾ, ਪੀ ਐਸ ਪੀ ਸੀ ਐਲ ਦੀ ਸਪਲਾਈ ਦੀਆ ਸ਼ਰਤਾਂ ਅਨੁਸਾਰ ਠੇਕੇ ਦੀ ਮੰਗ ਵਿੱਚ ਕਟੌਤੀ ਲਈ ਇੱਕ ਖਪਤਕਾਰ ਦੁਆਰਾ ਨਿਰਧਾਰਤ ਫਾਰਮ ਵਿੱਚ ਬੇਨਤੀ ਜਮ੍ਹਾਂ ਕਰਵਾਉਣੀ ਜ਼ਰੂਰੀ ਸੀ, ਜਿਸ ਨੂੰ ਜਮ੍ਹਾਂ ਕਰਨ ਦੀ ਮਿਤੀ ਤੋਂ 15 ਦਿਨਾਂ ਦੀ ਮਿਆਦ ਦੇ ਅੰਦਰ ਇਜਾਜ਼ਤ ਦਿੱਤੀ ਜਾਵੇਗੀ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ), ਲੁਧਿਆਣਾ ਦੇ ਰਿਕਾਰਡ ਦੀ ਨਮੂਨਾ-ਜਾਂਚ (ਜੁਲਾਈ 2022) ਅਤੇ ਇਸ ਤੋਂ ਬਾਅਦ ਇਕੱਤਰ ਕੀਤੀ ਜਾਣਕਾਰੀ (ਫਰਵਰੀ 2024) ਤੋਂ ਪਤਾ ਲੱਗਦਾ ਹੈ ਕਿ ਪੀ ਏ ਯੂ ਕੋਲ 4400 ਕੇ ਵੀ ਏ[2] ਦੀ ਪ੍ਰਵਾਨਿਤ ਠੇਕੇ ਦੀ ਮੰਗ ਦੇ ਨਾਲ ਘਰੇਲੂ ਸਪਲਾਈ (ਡੀ ਐਸ) ਕੁਨੈਕਸ਼ਨ ਦੀ ਬਜਾਏ ਪੀ ਐਸ ਪੀ ਸੀ ਐਲ ਦਾ ਇੱਕ ਗੈਰ-ਰਿਹਾਇਸ਼ੀ ਸਪਲਾਈ (ਐਨ ਆਰ ਐਸ) ਬਿਜਲੀ ਕੁਨੈਕਸ਼ਨ ਸੀ। ਈ ਐਸ ਆਈ ਐਮ ਅਤੇ ਪੀ ਐਸ ਪੀ ਸੀ ਐਲ ਦੇ ਸਰਕੂਲਰ (ਨਵੰਬਰ 2017) ਦੇ ਅਧੀਨ ਉਪਬੰਧਾਂ ਦੇ ਮੱਦੇਨਜ਼ਰ, ਕੁਨੈਕਸ਼ਨ ਦੀ ਸ਼੍ਰੇਣੀ ਅਤੇ ਊਰਜਾ ਲੋਡ ਦਾ ਮੁੜ ਮੁਲਾਂਕਣ ਕਰਨ ਦੀ ਲੋੜ ਸੀ ਤਾਂ ਜੋ ਊਰਜਾ ਖਰਚਿਆਂ ਅਤੇ ਫਿਕਸਡ ਚਾਰਜ ਦੇ ਬੋਝ ਨੂੰ ਘਟਾਇਆ ਜਾ ਸਕੇ/ਸੁਚਾਰੂ ਬਣਾਇਆ ਜਾ ਸਕੇ। ਲੇਖਾ ਪ੍ਰੀਖਿਆ ਨੇ ਵੇਖਿਆ ਕਿ ਭਾਵੇਂ ਪੀ ਏ ਯੂ ਅਧਿਕਾਰੀ ਫਰਵਰੀ 2015 ਤੋਂ ਪੀ ਐਸ ਪੀ ਐਲ ਨੂੰ ਐਸ ਆਰ ਐਸ ਤੋਂ ਡੀ ਐਸ ਤੱਕ ਬਿਜਲੀ ਕੁਨੈਕਸ਼ਨ ਸ੍ਰੇਣੀ ਵਿੱਚ ਸੁਧਾਰ ਲਈ ਬੇਨਤੀ ਕਰ ਰਹੇ ਸਨ, ਪਰ ਮਾਮਲਾ ਅਣਗੌਲਿਆ ਰਿਹਾ। ਇਸ ਤੋਂ ਇਲਾਵਾ, ਪੀ ਏ ਯੂ ਨੇ ਉਪਰੋਕਤ ਸਰਕੂਲਰ ਜਾਰੀ ਹੋਣ ਤੋਂ ਤੁਰੰਤ ਬਾਅਦ ਆਪਣੀ ਠੇਕੇ ਦੀ ਮੰਗ ਦੀ ਸਮੀਖਿਆ ਨਹੀਂ ਕੀਤੀ, ਭਾਵੇਂ ਕਿ ਪੀ ਐਸ ਪੀ ਸੀ ਐਲ ਦੁਆਰਾ ਜਨਵਰੀ 2018 ਤੋਂ ਫਿਕਸਡ ਚਾਰਜ ਲਗਾਏ ਜਾ ਰਹੇ ਸਨ। ਇਸ ਦੀ ਬਜਾਏ, ਪੀ ਏ ਯੂ ਨੇ ਐਨ ਆਰ ਐਸ ਸ਼੍ਰੇਣੀ ਅਧੀਨ 3520 ਕੇ ਵੀ ਏ 'ਤੇ ਫਿਕਸਡ ਚਾਰਜ ਅਦਾ ਕਰਨਾ ਜਾਰੀ ਰੱਖਿਆ, ਜੋ ਕਿ ਪਹਿਲਾਂ ਤੋਂ ਮਨਜ਼ੂਰ 4400 ਕੇ ਵੀ ਏ ਦੀ ਠੇਕੇ ਦੀ ਮੰਗ ਦਾ 80 *ਪ੍ਰਤੀਸ਼ਤ* ਹੈ। ਜਦੋਂਕਿ ਜਨਵਰੀ ਤੋਂ ਦਸੰਬਰ 2017 ਦੀ ਮਿਆਦ ਦੌਰਾਨ ਪੀ ਏ ਯੂ ਦਾ ਅਸਲ ਵੱਧ ਤੋਂ ਵੱਧ ਮੰਗ ਸੂਚਕ (ਐਮ ਡੀ ਆਈ) 2070 ਕੇ ਵੀ ਏ ਸੀ (ਜੂਨ 2017) ਅਤੇ ਅਗਲੇ ਪੰਜ ਸਾਲਾਂ ਦੌਰਾਨ ਮਾਰਚ 2023 ਤੱਕ, ਇਹ ਅਕਤੂਬਰ 2022 ਵਿੱਚ 2584 ਕੇ ਵੀ ਏ (ਸ਼ੁੱਧ ਐਮ ਡੀ ਆਈ) ਸੀ।

---

1 1 ਜਨਵਰੀ 2018 ਤੋਂ 31 ਮਾਰਚ 2018 ਤੱਕ 100 ਕੇ ਵੀ ਏ ਤੋਂ ਵੱਧ ਦੇ ਠੇਕੇ ਵਾਲੇ ਲੋਡ ਲਈ ਘਰੇਲੂ ਸਪਲਾਈ ਸ਼੍ਰੇਣੀ ਲਈ ਫਿਕਸਡ ਚਾਰਜ ₹ 60/- ਪ੍ਰਤੀ ਕੇ ਵੀ ਏ ਦੀ ਦਰ ਨਾਲ ਸਨ, ਜਿਨ੍ਹਾਂ ਨੂੰ 1 ਅਪ੍ਰੈਲ 2018 ਤੋਂ ਸੋਧ ਕੇ ₹ 70/- ਪ੍ਰਤੀ ਕੇ ਵੀ ਏ ਕਰ ਦਿੱਤਾ ਗਿਆ ਸੀ।

2 ਬਿਜਲੀ ਬਿਲਾਂ ਵਿੱਚ ਗਲਤੀ ਨਾਲ ਪ੍ਰਤੀਬਿੰਬਤ ਹੋਣ ਵਾਲੀ 4951.86 ਕੇ ਵੀ ਏ ਦੀ ਠੇਕੇ ਦੀ ਮੰਗ ਨੂੰ (ਜੁਲਾਈ 2023) ਠੀਕ ਕਰ ਦਿੱਤਾ ਗਿਆ ਸੀ ਅਤੇ ਅਸਲ ਵਿੱਚ 4400 ਕੇ ਵੀ ਏ ਦੀ ਮਨਜ਼ੂਰ ਕੀਤੀ ਠੇਕੇ ਦੀ ਮੰਗ ਨੂੰ ਠੀਕ ਕਰ ਦਿੱਤਾ ਗਿਆ ਸੀ ਅਤੇ 01.01.2018 ਤੋਂ 20.05.2023 ਦੀ ਮਿਆਦ ਲਈ ਬਿਲਾਂ ਦੇ ਵਿਰੁੱਧ ਕੀਤੇ ਗਏ ਵਾਧੂ ਫਿਕਸਡ ਚਾਰਜ (₹ 37.59 ਲੱਖ) ਵਾਪਸ/ਐਡਜਸਟ ਕੀਤੇ ਗਏ ਸਨ।

ਲੇਖਾ ਪ੍ਰੀਖਿਆ ਦੇ ਧਿਆਨ ਵਿੱਚ ਲਿਆਂਦੇ ਜਾਣ 'ਤੇ (ਜੁਲਾਈ 2022) ਪੀ ਏ ਯੂ ਨੇ ਠੇਕੇ ਦੀ ਮੰਗ ਦਾ ਮੁੜ ਮੁਲਾਂਕਣ ਕਰਨ ਲਈ ਇੱਕ ਕਮੇਟੀ ਦਾ ਗਠਨ ਕੀਤਾ (ਨਵੰਬਰ 2022), ਜਿਸ ਨੇ ਪਿਛਲੇ ਪੰਜ ਸਾਲਾਂ ਦੌਰਾਨ ਅਕਤੂਬਰ 2022 ਵਿੱਚ 2645.8 ਕੇ ਵੀ ਏ (ਬਿਜਲੀ ਬਿਲ ਅਨੁਸਾਰ 2584 ਕੇ ਵੀ ਏ ਦੀ ਸ਼ੁੱਧ ਐਮ ਡੀ ਆਈ) ਦੀ ਵੱਧ ਤੋਂ ਵੱਧ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਠੇਕੇ ਦੀ ਮੰਗ ਨੂੰ ਘਟਾ ਕੇ 3500 ਕੇ ਵੀ ਏ ਕਰਨ ਦਾ ਫੈਸਲਾ ਕੀਤਾ (ਫਰਵਰੀ 2023) (*ਭਾਵ* ਲਗਭਗ 35 *ਪ੍ਰਤੀਸ਼ਤ* 2584 ਕੇ ਵੀ ਏ ਤੋਂ ਵੱਧ ਵਾਧਾ)। ਇਸ ਅਨੁਸਾਰ ਠੇਕੇ ਦੀ ਮੰਗ ਘਟਾਉਣ ਦਾ ਮਾਮਲਾ ਮਾਰਚ 2023 ਵਿੱਚ ਪੀ ਐਸ ਪੀ ਸੀ ਐਲ ਕੋਲ ਉਠਾਇਆ ਗਿਆ ਸੀ ਅਤੇ ਇਸ ਉਦੇਸ਼ ਲਈ ਲੋੜੀਂਦੀ ਫੀਸ ਜੂਨ 2023 ਵਿੱਚ ਜਮ੍ਹਾਂ ਕਰਵਾਈ ਗਈ ਸੀ ਹਾਲਾਂਕਿ, ਬਿਜਲੀ ਕੁਨੈਕਸ਼ਨ ਦੀ ਸ਼੍ਰੇਣੀ ਨੂੰ ਐਨ ਆਰ ਐਸ ਤੋਂ ਡੀ ਐਸ ਵਿੱਚ ਬਦਲਿਆਂ ਨਹੀਂ ਗਿਆ ਸੀ।

ਲੇਖਾ ਪ੍ਰੀਖਿਆ ਨੇ ਵੇਖਿਆ ਕਿ ਟੈਰਿਫ ਸਰਕੂਲਰ ਜਾਰੀ ਹੋਣ ਤੋਂ ਬਾਅਦ (ਨਵੰਬਰ 2017), ਜੇਕਰ ਯੂਨੀਵਰਸਿਟੀ ਨੇ ਸਾਲ 2017 (ਜੂਨ 2017) ਵਿੱਚ 2070 ਕੇ ਵੀ ਏ ਦੇ ਐਮ ਡੀ ਆਈ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੀ ਠੇਕੇ ਦੀ ਮੰਗ ਦੀ ਸਮੀਖਿਆ ਕਰਨ ਲਈ ਤੁਰੰਤ ਕਾਰਵਾਈ ਕੀਤੀ ਹੁੰਦੀ, ਤਾਂ 1 ਜਨਵਰੀ 2018, 2800 ਕੇ ਵੀ ਏ[3] (ਮੌਜੂਦਾ ਪ੍ਰਵਾਨਿਤ ਊਰਜਾ ਲੋਡ 4400 ਕੇ ਵੀ ਏ ਦੇ ਵਿਰੁੱਧ) ਦੀ ਠੇਕੇ ਦੀ ਮੰਗ ਕਾਫ਼ੀ ਹੁੰਦੀ। ਇਸ ਤਰ੍ਹਾਂ, ਪੀ ਏ ਯੂ ਵੱਲੋਂ ਆਪਣੇ ਠੇਕੇ ਦੀ ਮੰਗ ਅਤੇ ਬਿਜਲੀ ਕੁਨੈਕਸ਼ਨਾਂ ਦੀ ਸ਼੍ਰੇਣੀ ਦੀ ਸਮੇਂ ਸਿਰ ਸਮੀਖਿਆ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ 1 ਜਨਵਰੀ 2018 ਤੋਂ 22 ਮਾਰਚ 2023 ਤੱਕ ਦੀ ਮਿਆਦ ਦੌਰਾਨ ₹ 1.21 ਕਰੋੜ ਦੇ ਫਿਕਸਡ ਚਾਰਜ ਦਾ ਟਾਲਣਯੋਗ ਵਾਧੂ ਭੁਗਤਾਨ ਹੋਇਆ (**ਅੰਤਿਕਾ 6.1**) ਜੋ ਕਿ ਉਪਰੋਕਤ ਨੋਡਲ ਉਪਬੰਧਾ ਦੀ ਉਲੰਘਣਾ ਹੈ।

31 ਮਾਰਚ 2015 ਨੂੰ ਸਮਾਪਤ ਹੋਏ ਸਾਲ ਲਈ ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ (ਸਮਾਜਿਕ, ਆਮ ਅਤੇ ਆਰਥਿਕ ਖੇਤਰ (ਗੈਰ-ਜਨਤਕ ਖੇਤਰ ਦੇ ਉਪਕ੍ਰਮਾਂ) ਵਿੱਚ ਬਿਜਲੀ ਕੁਨੈਕਸ਼ਨਾਂ ਦੇ ਗਲਤ ਵਰਗੀਕਰਨ ਕਾਰਣ ਵਾਧੂ ਭੁਗਤਾਨ ਨੂੰ ਉਜਾਗਰ ਕਰਨ ਦਾ ਜ਼ਿਕਰ ਕੀਤਾ ਗਿਆ ਸੀ (ਪੈਰ੍ਹਾਗ੍ਰਾਫ 3.2)। ਲੋਕ ਲੇਖਾ ਕਮੇਟੀ ਨੇ ਪੈਰ੍ਹੇ 'ਤੇ ਚਰਚਾ ਕਰਦੇ ਹੋਏ ਸਿਫਾਰਸ਼ ਕੀਤੀ (ਅਗਸਤ 2022) ਸੀ ਕਿ ਰਾਜ ਸਰਕਾਰ ਇਸ ਸਬੰਧ ਵਿੱਚ ਮਾਮਲਾ ਪੀ ਐਸ ਪੀ ਸੀ ਐਲ ਕੋਲ ਉਠਾ ਸਕਦੀ ਹੈ।

ਪੀ ਏ ਯੂ ਅਧਿਕਾਰੀਆਂ ਨੇ ਕਿਹਾ (ਅਪ੍ਰੈਲ 2024) ਕਿ ਯੂਨੀਵਰਸਿਟੀ (ਫਰਵਰੀ 2015 ਤੋਂ) ਪੀ ਐਸ ਪੀ ਸੀ ਐਲ ਨੂੰ ਵਾਰ-ਵਾਰ ਬੇਨਤੀ ਕਰ ਰਹੀ ਸੀ ਕਿ ਉਹ ਐਨ ਆਰ ਐਸ ਤੋਂ ਡੀ ਐਸ ਦੀ ਸ਼੍ਰੇਣੀ ਨੂੰ ਠੀਕ ਕਰੇ ਅਤੇ ਕੀਤੀ ਗਈ ਵਾਧੂ ਅਦਾਇਗੀ ਵਾਪਸ ਕਰੇ, ਹਾਲਾਂਕਿ, ਪੀ ਐਸ ਪੀ ਸੀ

[3] ਲੋੜੀਂਦੇ ਲੋਡ ਨੂੰ ਘਟਾਉਣ ਲਈ ਬਣਾਈ ਗਈ ਕਮੇਟੀ ਦੇ ਮੁਲਾਂਕਣ ਦੀ ਤਰਜ਼ ‘ਤੇ 2070 ਕੇ ਵੀ ਏ (ਜੂਨ 2017) ਦੇ ਐਮ ਡੀ ਆਈ ਨਾਲੋਂ 35 *ਪ੍ਰਤੀਸ਼ਤ* ਵਧਾ ਕੇ ਗਣਨਾ ਕੀਤੀ ਗਈ। ਇਸ ਤੋਂ ਇਲਾਵਾ, ਬਿਜਲੀ ਸਪਲਾਈ ਨਿਰਦੇਸ਼ ਮੈਨੂਅਲ-2018 ਅਨੁਸਾਰ ਪੀ ਏ ਯੂ ਦੁਆਰਾ ਲੋੜ ਪੈਣ 'ਤੇ ਊਰਜਾ ਲੋਡ (ਠੇਕੇ ਦੀ ਮੰਗ) ਦਾ ਮੁੜ ਮੁਲਾਂਕਣ ਕੀਤਾ ਜਾ ਸਕਦਾ ਹੈ, ਜਿਸ ਦੀ ਪੁਸ਼ਟੀ ਸਾਲ ਵਿੱਚ ਦੋ ਵਾਰ ਯੂਨੀਵਰਸਿਟੀ ਦੇ ਬਿਜਲੀ ਲੋਡ ਦੀ ਸਮੀਖਿਆ ਕਰਨ ਲਈ ਕਮੇਟੀ ਦੀਆਂ ਸਿਫਾਰਸ਼ਾਂ (ਫਰਵਰੀ 2023) ਦੁਆਰਾ ਵੀ ਕੀਤੀ ਗਈ ਸੀ।

ਐਲ ਦੁਆਰਾ ਸ਼੍ਰੇਣੀ ਨੂੰ ਬਦਲਣ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਵਿੱਚ ਅੱਗੇ ਕਿਹਾ ਗਿਆ ਕਿ ਟੈਰਿਫ ਸ਼੍ਰੇਣੀ ਨੂੰ ਐਨ ਆਰ ਐਸ ਤੋਂ ਡੀ ਐਸ ਵਿੱਚ ਬਦਲਣ ਲਈ ਇਹ ਮਾਮਲਾ ਪੀ ਐਸ ਪੀ ਸੀ ਐਲ ਕੋਲ ਦੁਬਾਰਾ ਉਠਾਇਆ ਗਿਆ ਸੀ (ਅਪ੍ਰੈਲ 2024)। ਇਸ ਤੋਂ ਇਲਾਵਾ, ਯੂਨੀਵਰਸਿਟੀ ਅਧਿਕਾਰੀਆਂ ਨੇ ਠੇਕੇ ਦੀ ਮੰਗ ਦਾ ਮੁਲਾਂਕਣ ਕਰਨ ਵਿੱਚ ਦੇਰੀ ਦਾ ਕਾਰਣ ਸਾਲ 2018-2019 ਵਿੱਚ ਛੱਤ ਤੇ ਸੋਲਰ ਪਾਵਰ ਪਲਾਂਟ ਸਥਾਪਤ ਕਰਨ ਲਈ ਚੱਲ ਰਹੀ ਪ੍ਰਕਿਰਿਆ ਅਤੇ ਸਾਲ 2022 ਤੱਕ ਕੋਵਿਡ ਮਹਾਂਮਾਰੀ ਕਾਰਣ ਪਾਬੰਦੀਆਂ ਨੂੰ ਦੱਸਿਆ।

ਪੀ ਏ ਯੂ ਦਾ ਜਵਾਬ ਤਸੱਲੀਬਖਸ਼ ਨਹੀਂ ਸੀ ਕਿਉਂਕਿ ਪੀ ਏ ਯੂ ਫਰਵਰੀ 2015 ਤੋਂ ਟੈਰਿਫ ਸ੍ਰੇਣੀ ਦੇ ਸੁਧਾਰ ਲਈ ਐਸ ਪੀ ਸੀ ਐਲ ਨੂੰ ਵਾਰ-ਵਾਰ ਬੇਨਤੀ ਕਰ ਰਿਹਾ ਸੀ, ਪੀ ਐਸ ਪੀ ਸੀ ਐਲ ਨਾਲ ਨਿਯਮਤ ਪੱਤਰ ਵਿਹਾਰ ਤੇ ਨਿਰਭਰਤਾ ਜਾਰੀ ਰਹੀ, ਇਸਦਾ ਕੋਈ ਸੁਧਾਰਾਤਮਕ ਨਤੀਜਾ ਨਹੀਂ ਨਿਕਲਿਆ ਅਤੇ ਗਲਤ ਵਰਗੀਕਰਨ ਦਾ ਮਾਮਲਾ ਹਲ ਨਹੀਂ ਹੋਇਆ। ਲਤੀਜੇ ਵਜੋਂ ਪੀ ਏ ਯੂ ਨੂੰ ਪਹਿਲਾਂ ਦੀ ਲੇਖਾ ਪ੍ਰੀਖਿਆ ਰਿਪੋਰਟ ਅਤੇ ਪੀ ਏ ਸੀ ਦੀਆਂ ਸਿਫਾਰਸ਼ਾਂ ਰਾਹੀਂ ਬਿਜਲੀ ਕੁਨੈਕਸ਼ਨ ਦੇ ਗਲਤ ਵਰਗੀਕਰਨ ਦੇ ਮੁੱਦੇ ਨੂੰ ਉਜਾਗਰ ਕਰਲ ਦੇ ਬਾਵਜੂਦ ਐਨ ਆਰ ਐਸ ਸ੍ਰੇਣੀ ਅਧੀਨ ਉਰਜਾ ਅਤੇ ਫਿਕਸਡ ਚਾਰਜ ਝਲਣਾ ਜਾਰੀ ਰੱਖਿਆ। ਇਸ ਤੋਂ ਇਲਾਵਾ, ਠੇਕੇ ਦੇ ਮੁਲਾਂਕਣ ਵਿਚ ਦੇਰੀ ਨੂੰ ਮੁੱਖ ਤੌਰ 'ਤੇ ਛੱਤ ਤੇ ਸੂਰਜੀ ਸਥਾਪਨਾ ਅਤੇ ਕੋਵਿਡ-19 ਪਾਬੰਦੀਆਂ ਨੂੰ ਜਿੰਮੇਵਾਰ ਠਹਿਰਾਉਣਾ ਕਾਫੀ ਨਹੀਂ ਹੈ ਨਾ ਤਾਂ ਸੂਰਜੀ ਸਥਾਪਨਾ (2018-19) ਅਤੇ ਨਾ ਹੀ ਕੋਵਿਡ-19 (2020 ਦੇ ਸ਼ੁਰੂ ਤੋਂ 2021 ਦੇ ਅਖੀਰ ਤੱਕ) ਦੇ ਪ੍ਰਭਾਵ ਜਨਵਰੀ 2018 ਤੋਂ ਜਾਂ 2024 ਤੱਕ ਜਾਰੀ ਰਹਿਣ ਵਾਲੀ ਦੇਰੀ ਲਈ ਜ਼ਿੰਮੇਵਾਰ ਹਨ। ਇਸ ਤੋਂ ਇਲਾਵਾ, ਯੂਨੀਵਰਸਿਟੀ ਜਨਵਰੀ 2018 ਵਿੱਚ ਪੀ ਐਸ ਪੀ ਸੀ ਐਲ ਦੁਆਰਾ ਜਾਰੀ ਕੀਤੇ ਗਏ ਉਪਬੰਧਾਂ (ਨਵੰਬਰ 2017) ਦੇ ਅਨੁਸਾਰ ਆਪਣੀ ਇਕਰਾਰਨਾਮੇ ਦੀ ਮੰਗ ਨੂੰ ਤੁਰੰਤ ਸਮੀਖਿਆ/ਰੀ-ਅਸੈਸ ਕਰ ਸਕਦੀ ਸੀ ਤਾਂ ਜੋ ਸਥਿਰ ਖਰਚਿਅ ਦੇ ਵਾਧੂ ਭੁਗਤਾਨ ਤੋਂ ਬਚਿਆ ਜਾ ਸਕੇ, ਅਤੇ ਬਿਜਲੀ ਸਪਲਾਈ ਨਿਰਦੇਸ਼ ਮੈਨੂਅਲ, 2018 ਦੇ ਅਧੀਨ ਉਪਬੰਧਾਂ ਅਨੁਸਾਰ, ਲੋੜ ਪੈਣ 'ਤੇ ਬਾਅਦ ਵਿੱਚ ਕਿਸੇ ਵੀ ਸਮੇਂ ਆਪਣੀ ਇਕਰਾਰਨਾਮੇ ਦੀ ਮੰਗ ਦੀ ਸਮੀਖਿਆ/ਮੁੜ-ਮੁਲਾਂਕਣ ਕਰ ਸਕਦੀ ਸੀ।

ਮਾਮਲਾ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ (ਜੁਲਾਈ 2023 ਅਤੇ ਫਰਵਰੀ 2024); ਉਨ੍ਹਾਂ ਦੇ ਜਵਾਬ ਦੀ ਉਡੀਕ ਸੀ (ਜਨਵਰੀ 2025)।

# ਸੂਚਨਾ ਤੇ ਲੋਕ ਸੰਪਰਕ
# ਅਤੇ
# ਲੋਕ ਨਿਰਮਾਣ (ਇਮਾਰਤਾਂ ਅਤੇ ਸੜਕਾਂ) ਵਿਭਾਗ

## 6.2 ਕੰਮ ਪੂਰਾ ਕਰਨ ਵਿੱਚ ਦੋ ਸਾਲਾਂ ਤੋਂ ਵੱਧ ਦੀ ਦੇਰੀ ਕਾਰਣ ਟਾਲਣਯੋਗ ਖਰਚ

**ਸੂਚਨਾ ਅਤੇ ਲੋਕ ਸੰਪਰਕ ਵਿਭਾਗ ਵੱਲੋਂ ਅੰਮ੍ਰਿਤਸਰ ਵਿਖੇ ਪ੍ਰੈਸ ਕਲੱਬ ਦੀ ਇਮਾਰਤ ਦੀ ਉਸਾਰੀ ਲਈ ਲੋਕ ਨਿਰਮਾਣ ਵਿਭਾਗ ਨੂੰ ਸਮੇਂ ਸਿਰ ਲੋੜੀਂਦੇ ਫੰਡ ਮੁਹੱਈਆ ਕਰਵਾਉਣ ਵਿੱਚ ਅਸਫਲ ਹੋਣਾ; ਕੰਮ ਮੁਕੰਮਲ ਹੋਣ ਦੀ ਨਿਰਧਾਰਤ ਮਿਤੀ ਤੋਂ ਦੋ ਸਾਲ ਤੋਂ ਵੱਧ ਦੀ ਦੇਰੀ ਦਾ ਕਾਰਣ ਬਣਿਆ। ਠੇਕੇਦਾਰ ਦੇ ਹੱਕ ਵਿੱਚ ਆਰਬੀਟਰੇਟਰ ਦੇ ਫੈਸਲੇ ਦੇ ਅਨੁਸਾਰ, ਰਾਜ ਸਰਕਾਰ ₹ 1.43 ਕਰੋੜ ਦੇ ਟਾਲਯਣੋਗ ਭੁਗਤਾਨ ਲਈ ਜ਼ਿੰਮੇਵਾਰ ਬਣ ਗਈ, ਜਿਸ ਵਿੱਚੋਂ ₹ 0.88 ਕਰੋੜ ਪਹਿਲਾਂ ਹੀ ਠੇਕੇਦਾਰ ਨੂੰ ਭੁਗਤਾਨ ਕੀਤੇ ਜਾ ਚੁੱਕੇ ਸਨ।**

ਲੋਕ ਨਿਰਮਾਣ ਵਿਭਾਗ (ਪੀ ਡਬਲਯੂ ਡੀ) ਕੋਡ ਦੇ ਪੈਰ੍ਹਾ 2.5 ਵਿੱਚ ਕਿਹਾ ਹੈ ਕਿ ਪ੍ਰਸ਼ਾਸਕੀ ਪ੍ਰਵਾਨਗੀ ਸਬੰਧਤ ਪ੍ਰਸ਼ਾਸਕੀ ਵਿਭਾਗ ਦੀ ਰਸਮੀ ਪ੍ਰਵਾਨਗੀ ਹੈ ਜੋ ਲੋਕ ਨਿਰਮਾਣ ਵਿਭਾਗ ਦੁਆਰਾ ਕਿਸੇ ਕੰਮ 'ਤੇ ਖਰਚ ਕਰਨ ਦੇ ਪ੍ਰਸਤਾਵ ਨੂੰ ਸਵੀਕਾਰ ਕਰਦੀ ਹੈ, ਜੋ ਕਿ ਅਜਿਹੇ ਪ੍ਰਸ਼ਾਸਕੀ ਵਿਭਾਗ ਦੁਆਰਾ ਸ਼ੁਰੂ ਕੀਤਾ ਗਿਆ ਹੈ, ਜਾਂ ਉਸ ਦੀ ਜ਼ਰੂਰਤ ਨਾਲ ਜੁੜਿਆ ਹੋਇਆ ਹੈ ਅਤੇ ਅਸਲ ਵਿੱਚ, ਲੋਕ ਨਿਰਮਾਣ ਵਿਭਾਗ ਨੂੰ ਕੰਮ ਦੀ ਲੋੜ ਵਾਲੇ ਵਿਭਾਗ ਦੀਆਂ ਪ੍ਰਸ਼ਾਸਕੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇੱਕ ਨਿਰਧਾਰਤ ਰਾਸ਼ੀ ਤੇ ਕੁਝ ਵਿਸ਼ੇਸ਼ ਕੰਮ ਕਰਨ ਦਾ ਆਦੇਸ਼ ਹੈ।

ਕਾਰਜਕਾਰੀ ਇੰਜੀਨੀਅਰ (ਈ ਈ), ਪ੍ਰੋਵਿਨਸ਼ੀਅਲ ਡਵੀਜ਼ਨ, ਲੋਕ ਨਿਰਮਾਣ ਵਿਭਾਗ (ਇਮਾਰਤਾਂ ਅਤੇ ਸੜਕਾਂ), ਅੰਮ੍ਰਿਤਸਰ ਦੇ ਰਿਕਾਰਡ ਦੀ ਨਮੂਨਾ-ਜਾਂਚ (ਸਤੰਬਰ 2023) ਅਤੇ ਮਈ ਅਤੇ ਜੂਨ 2024 ਦਰਮਿਆਨ ਇਕੱਤਰ[4] ਕੀਤੀ ਗਈ ਸਬੰਧਤ ਜਾਣਕਾਰੀ ਤੋਂ ਪਤਾ ਲੱਗਿਆ ਹੈ ਕਿ ਸੂਚਨਾ ਅਤੇ ਲੋਕ ਸੰਪਰਕ ਵਿਭਾਗ (ਡੀ ਆਈ ਪੀ ਆਰ), ਪੰਜਾਬ ਸਰਕਾਰ (ਜੀ ਓ ਪੀ) ਨੇ ਅੰਮ੍ਰਿਤਸਰ ਵਿਖੇ ਪ੍ਰੈਸ ਕਲੱਬ ਦੀ ਇਮਾਰਤ ਦੀ ਉਸਾਰੀ ਲਈ ਲੋਕ ਨਿਰਮਾਣ ਵਿਭਾਗ (ਪੀ ਡਬਲਯੂ ਡੀ) ਦੇ ਹੱਕ ਵਿੱਚ ₹ 2.26 ਕਰੋੜ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਦਿੱਤੀ ਸੀ (ਜਨਵਰੀ 2014)। ਇਸ ਅਨੁਸਾਰ, ਲੋਕ ਨਿਰਮਾਣ ਵਿਭਾਗ ਨੇ ਇਮਾਰਤ ਦੀ ਉਸਾਰੀ ਨੂੰ ਪੂਰਾ ਕਰਨ ਲਈ ਛੇ ਮਹੀਨਿਆਂ ਦੀ ਸਮਾਂ ਸੀਮਾ (*ਭਾਵ* 3 ਸਤੰਬਰ 2014 ਤੱਕ) ਦੇ ਨਾਲ ਇੱਕ ਠੇਕੇਦਾਰ ਨੂੰ ₹ 2.20 ਕਰੋੜ ਵਿੱਚ ਕੰਮ ਅਲਾਟ ਕਰ ਦਿੱਤਾ (ਮਾਰਚ 2014)। ਲੋਕ ਨਿਰਮਾਣ ਵਿਭਾਗ ਵੱਲੋਂ ਫੰਡਾਂ ਦੀ ਮੰਗ ਕੀਤੇ ਜਾਣ 'ਤੇ (ਮਾਰਚ 2014) ਡੀ ਆਈ ਪੀ ਆਰ ਨੇ ਈ ਈ, ਪੀ ਡਬਲਯੂ ਡੀ (ਬੀ ਐਂਡ ਆਰ) ਦੇ ਹੱਕ ਵਿੱਚ ₹ 1.29 ਕਰੋੜ ਦੀ ਵਿੱਤੀ ਮਨਜ਼ੂਰੀ ਜਾਰੀ ਕੀਤੀ। ਹਾਲਾਂਕਿ, ਇਹ ਬਿਲ ਖਜ਼ਾਨੇ ਦੁਆਰਾ ਪਾਸ ਨਹੀਂ ਕੀਤਾ ਗਿਆ ਸੀ (ਮਾਰਚ 2014)। ਇਸ ਦੇ ਕਾਰਣ ਲੇਖਾ ਪ੍ਰੀਖਿਆ ਨੂੰ ਪੇਸ਼ ਨਹੀਂ ਕੀਤੇ ਗਏ ਸਨ (ਜੁਲਾਈ 2024)।

---

4 ਪ੍ਰੋਵਿਨਸ਼ੀਅਲ ਡਵੀਜ਼ਨ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ), ਅੰਮ੍ਰਿਤਸਰ ਅਤੇ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਤੋਂ ਇਕੱਤਰ ਕੀਤੀ ਜਾਣਕਾਰੀ।

ਕੰਮ ਸ਼ੁਰੂ ਹੋਣ ਤੋਂ ਬਾਅਦ ਠੇਕੇਦਾਰ ਨੇ ਲੋਕ ਨਿਰਮਾਣ ਵਿਭਾਗ ਨੂੰ ₹ 0.64 ਕਰੋੜ ਦਾ ਰਨਿੰਗ ਬਿਲ ਪੇਸ਼ ਕੀਤਾ (ਮਈ 2014) ਪਰ ਬਿਲ ਦਾ ਭੁਗਤਾਨ ਨਾ ਹੋਣ ਕਾਰਣ, ਠੇਕੇਦਾਰ ਨੇ ਜੁਲਾਈ 2014 ਵਿੱਚ ਕੰਮ ਬੰਦ ਕਰ ਦਿੱਤਾ। ਆਖਰਕਾਰ, ਲੋਕ ਨਿਰਮਾਣ ਵਿਭਾਗ ਵੱਲੋਂ ਵਾਰ-ਵਾਰ (ਅਕਤੂਬਰ 2014 - ਫਰਵਰੀ 2015) ਫੰਡਾਂ ਦੀ ਮੰਗ ਕਰਨ 'ਤੇ ਡੀ ਆਈ ਪੀ ਆਰ ਨੇ ਮਾਰਚ 2015 ਵਿੱਚ ₹ 0.50 ਕਰੋੜ ਜਾਰੀ ਕੀਤੇ, ਭਾਵ ਕੰਮ ਪੂਰਾ ਹੋਣ ਦੀ ਨਿਰਧਾਰਤ ਮਿਤੀ ਤੋਂ ਛੇ ਮਹੀਨਿਆਂ ਬਾਅਦ ਅਤੇ ₹ 0.64 ਕਰੋੜ ਦੇ ਰਨਿੰਗ ਬਿਲ ਦੇ ਮੁਕਾਬਲੇ ₹ 0.50 ਕਰੋੜ ਦੇ ਅੰਸ਼ਕ ਬਿਲ ਦਾ ਭੁਗਤਾਨ ਕੀਤਾ ਗਿਆ (ਮਾਰਚ 2015)। ਹਾਲਾਂਕਿ, ਠੇਕੇਦਾਰ ਨੇ ਬਕਾਇਆ ਰਾਸ਼ੀ ਦਾ ਭੁਗਤਾਨ ਨਾ ਹੋਣ ਕਾਰਣ ਕੰਮ ਦੁਬਾਰਾ ਸ਼ੁਰੂ ਨਹੀਂ ਕੀਤਾ ਅਤੇ ਦੇਰੀ ਨਾਲ ਕੰਮ/ਭੁਗਤਾਨ ਲਈ ਮੁਆਵਜ਼ਾ, ਵਿਆਜ ਅਤੇ ਵਾਧੇ ਲਈ ਵੀ ਮੰਗ ਕੀਤੀ (ਅਪ੍ਰੈਲ 2015)। ₹ 0.14 ਕਰੋੜ ਦੀ ਬਕਾਇਆ ਰਾਸ਼ੀ ਦੇ ਭੁਗਤਾਨ (ਅਗਸਤ 2015) ਦੇ ਨਤੀਜੇ ਵਜੋਂ, ਠੇਕੇਦਾਰ ਨੇ ਅਕਤੂਬਰ 2015 ਵਿੱਚ ਕੰਮ ਦੁਬਾਰਾ ਸ਼ੁਰੂ ਕੀਤਾ ਭਾਵ ਇੱਕ ਸਾਲ ਤੋਂ ਵੱਧ ਸਮੇਂ ਬਾਅਦ। ਅੰਤ ਵਿੱਚ, ਪ੍ਰੈਸ ਕਲੱਬ ਦੀ ਇਮਾਰਤ ਦਾ ਕੰਮ ₹ 1.92 ਕਰੋੜ ਦੇ ਖਰਚੇ ਤੋਂ ਬਾਅਦ ਮੁਕੰਮਲ ਹੋਣ ਦੀ ਨਿਰਧਾਰਤ ਮਿਤੀ (3 ਸਤੰਬਰ 2014) ਤੋਂ ਦੋ ਸਾਲ ਤੋਂ ਵੱਧ ਦੇਰੀ ਨਾਲ ਦਸੰਬਰ 2016 ਵਿੱਚ ਪੂਰਾ ਕੀਤਾ ਗਿਆ ਸੀ।

ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਨਿਰਦੇਸ਼ਾਂ[5] (ਦਸੰਬਰ 2016) ਤੇ ਪ੍ਰੈਸ ਕਲੱਬ ਦੀ ਇਮਾਰਤ ਦਾ ਕਬਜ਼ਾ ਮੁਲਤਵੀ ਕਰ ਦਿੱਤਾ ਗਿਆ ਸੀ ਅਤੇ ਇਮਾਰਤ ਦੀ ਦੇਖਭਾਲ/ਨਿਗਰਾਨੀ ਮਾਰਚ 2017 ਤੋਂ ਦਸੰਬਰ 2018 ਤੱਕ ਠੇਕੇਦਾਰ ਦੁਆਰਾ ਕੀਤੀ ਗਈ ਸੀ। ਹਾਲਾਂਕਿ, ਇਸ ਸਬੰਧੀ ਠੇਕੇਦਾਰ ਨੂੰ ਭੁਗਤਾਨ ਨਹੀਂ ਕੀਤਾ ਗਿਆ ਸੀ। ਇਸ ਤੋਂ ਬਾਅਦ, ਈ ਈ ਨੇ ਅਕਤੂਬਰ 2021 ਵਿੱਚ ਇਮਾਰਤ, ਪ੍ਰੈਸ ਕਲੱਬ ਦੇ ਪ੍ਰਧਾਨ ਨੂੰ ਸੌਂਪ ਦਿੱਤੀ।

ਭੁਗਤਾਨ ਵਿੱਚ ਦੇਰੀ ਅਤੇ ਕੰਮ ਨੂੰ ਲੰਮਕਾਉਣ ਦੇ ਮੱਦੇਨਜ਼ਰ, ਠੇਕੇਦਾਰ ਨੇ ਸਤੰਬਰ 2018 ਵਿੱਚ ਆਰਬਿਟਰੇਸ਼ਨ ਧਾਰਾ ਦੀ ਵਰਤੋਂ ਕੀਤੀ। ਆਰਬਿਟਰੇਸ਼ਨ (12 ਅਪ੍ਰੈਲ 2021) ਨੇ ਠੇਕੇਦਾਰ ਦੇ ਹੱਕ ਵਿੱਚ ₹ 1.24 ਕਰੋੜ[6] ਦਾ ਫੈਸਲਾ ਸੁਣਾਇਆ, ਜਿਸ ਵਿੱਚ ਹੋਰ ਗੱਲਾਂ ਦੇ ਨਾਲ-ਨਾਲ ਕੰਮ ਨੂੰ ਲੰਮਕਾਉਣ ਲਈ ਮੁਆਵਜ਼ਾ (₹ 0.72 ਕਰੋੜ), ਲੇਬਰ ਅਤੇ ਮਸ਼ੀਨਰੀ ਦੀ ਬੇਕਾਰੀ (₹ 0.09 ਕਰੋੜ), ਕੀਮਤਾਂ ਵਿੱਚ ਵਾਧਾ (₹ 0.19 ਕਰੋੜ) ਅਤੇ ਦੇਰੀ ਨਾਲ ਭੁਗਤਾਨ 'ਤੇ ਵਿਆਜ (₹ 0.09 ਕਰੋੜ), ਤੋਂ ਇਲਾਵਾ ਆਰਬਿਟਰੇਸ਼ਨ ਕਾਰਵਾਈ ਦੀ ਲਾਗਤ (₹ 0.05 ਕਰੋੜ) ਸ਼ਾਮਲ ਸੀ। ਤਿੰਨ ਮਹੀਨਿਆਂ ਦੀ ਮਿਆਦ ਦੇ ਅੰਦਰ ਅੰਤਿਮ ਅਵਾਰਡ ਦਾ

---

[5] ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੇ (ਦਸੰਬਰ 2016) ਪ੍ਰੈਸ ਕਲੱਬ ਬਾਡੀ ਦੀ ਨਿਯੁਕਤੀ ਅਤੇ ਕਲੱਬ ਦੇ ਗਠਨ ਦੀ ਪ੍ਰਵਾਨਗੀ ਤੋਂ ਬਾਅਦ ਹੀ ਇਮਾਰਤ ਦਾ ਕਬਜ਼ਾ ਲੈਣ ਦੇ ਨਿਰਦੇਸ਼ ਦਿੱਤੇ।

[6] ਕੰਮ ਨੂੰ ਲੰਮਕਾਉਣ ਲਈ ₹ 71.83 ਲੱਖ; ਗ੍ਰਾਹਕ ਦੁਆਰਾ ਭੌਤਿਕ ਕਬਜ਼ਾ ਲੈਣ ਤੱਕ ਕੀਤੇ ਗਏ ਖਰਚੇ: ₹ 9.92 ਲੱਖ; ਲੇਬਰ ਅਤੇ ਮਸ਼ੀਨਰੀ ਦੀ ਬੇਕਾਰੀ: ₹ 8.71 ਲੱਖ; ਕੀਮਤਾਂ ਵਿੱਚ ਵਾਧਾ: ₹ 19.27 ਲੱਖ; ਜਨ ਸਿਹਤ ਵਿਭਾਗ ਵੱਲੋਂ ਕੱਟੀ ਗਈ ਸਕਿਓਰਟੀ: ₹ 0.34 ਲੱਖ; ਅਦਾਲਤੀ ਕਾਰਵਾਈ ਦੀ ਲਾਗਤ: ₹ 5.00 ਲੱਖ; ਅਤੇ ਵਿਆਜ: ₹ 8.72 ਲੱਖ।

ਭੁਗਤਾਨ ਨਾ ਕਰਨ ਦੀ ਸੂਰਤ ਵਿੱਚ, ਵਿਭਾਗ ਅਵਾਰਡ ਦੀ ਮਿਤੀ ਤੋਂ ਅਸਲ ਭੁਗਤਾਨ ਤੱਕ ਨੌਂ *ਪ੍ਰਤੀਸ਼ਤ* ਸਾਲਾਨਾ ਦੀ ਦਰ ਨਾਲ ਵਿਆਜ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੋਵੇਗਾ।

ਅਵਾਰਡ ਦਾ ਭੁਗਤਾਨ ਨਾ ਹੋਣ ਕਾਰਣ, ਠੇਕੇਦਾਰ ਨੇ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ, ਅੰਮ੍ਰਿਤਸਰ (ਅਦਾਲਤ) ਵਿੱਚ ਵਿਆਜ ਸਮੇਤ ਅਵਾਰਡ ਕੀਤੀ ਰਾਸ਼ੀ ਜਾਰੀ ਕਰਨ ਲਈ ਇੱਕ ਐਗਜ਼ੀਕਿਊਸ਼ਨ ਦਾਇਰ ਕੀਤੀ (ਮਈ 2021)। ਅਦਾਲਤ ਦੇ ਆਦੇਸ਼ਾਂ (ਅਗਸਤ 2023) ਅਨੁਸਾਰ ਸਤੰਬਰ 2023 ਵਿੱਚ ਠੇਕੇਦਾਰ ਨੂੰ ₹ 0.88 ਕਰੋੜ ਦੀ ਰਾਸ਼ੀ ਦੇ ਦਿੱਤੀ ਗਈ ਸੀ। ਠੇਕੇਦਾਰ ਨੇ ਅੰਸ਼ਕ ਤੌਰ ਤੇ ਸੰਤੁਸ਼ਟ[7] ਹੋਣ ਤੋਂ ਬਾਅਦ ਐਗਜ਼ੀਕਿਊਸ਼ਨ ਵਾਪਸ ਲੈ ਲਈ (ਸਤੰਬਰ 2023)।

ਈ ਈ ਨੇ ਕਿਹਾ (ਮਈ 2024) ਕਿ ਇਹ ਕੰਮ ਫੰਡਿੰਗ ਏਜੰਸੀ (ਡੀ ਆਈ ਪੀ ਆਰ) ਦੁਆਰਾ ਸਮੇਂ ਸਿਰ ਬਕਾਇਆ ਫੰਡਾਂ ਦੀ ਵਿਵਸਥਾ ਦੀ ਉਮੀਦ ਵਿੱਚ ਅਲਾਟ ਕੀਤਾ ਗਿਆ ਸੀ। ਡੀ ਆਈ ਪੀ ਆਰ ਨੇ ਪੀ ਡਬਲਯੂ ਡੀ ਨੂੰ ਲੋੜੀਂਦੇ ਫੰਡ ਮੁਹੱਈਆ ਕਰਵਾਉਣ ਵਿੱਚ ਦੇਰੀ ਦੇ ਵਿਸ਼ੇਸ਼ ਕਾਰਣ ਪੇਸ਼ ਨਹੀਂ ਕੀਤੇ।

ਇਸ ਤਰ੍ਹਾਂ, ਅੰਮ੍ਰਿਤਸਰ ਵਿਖੇ ਪ੍ਰੈਸ ਕਲੱਬ ਦੀ ਇਮਾਰਤ ਦੀ ਉਸਾਰੀ ਲਈ ਪੀ ਡਬਲਯੂ ਡੀ ਨੂੰ ਸਮੇਂ ਸਿਰ ਲੋੜੀਂਦੇ ਫੰਡ ਮੁਹੱਈਆਂ ਕਰਵਾਉਣ ਵਿੱਚ ਡੀ ਆਈ ਪੀ ਆਰ ਦੀ ਦੇਰੀ, ਕੰਮ ਨੂੰ ਪੂਰਾ ਕਰਨ ਵਿੱਚ ਦੋ ਸਾਲ ਤੋਂ ਵੱਧ ਦੀ ਦੇਰੀ ਦਾ ਕਾਰਨ ਬਣੀ। ਠੇਕੇਦਾਰ ਦੇ ਹੱਕ ਵਿੱਚ ਆਰਬਿਟਰੇਟਰ ਦੇ ਫੈਸਲੇ ਦੇ ਅਨੁਸਾਰ, ਰਾਜ ਸਰਕਾਰ ₹ 1.43 ਕਰੋੜ[8] ਦੇ ਟਾਲਣਯੋਗ ਭੁਗਤਾਨ ਲਈ ਜ਼ਿੰਮੇਵਾਰ ਬਣ ਗਈ, ਜਿਸ ਵਿੱਚ ₹ 0.29 ਕਰੋੜ[9] ਦਾ ਵਿਆਜ ਵੀ ਸ਼ਾਮਲ (28 ਮਈ 2024 ਤੱਕ) ਹੈ। ਮਈ 2024 ਤੱਕ, ਠੇਕੇਦਾਰ ਨੂੰ ₹ 0.88 ਕਰੋੜ ਦੀ ਰਾਸ਼ੀ ਦਾ ਭੁਗਤਾਨ ਕੀਤਾ ਜਾ ਚੁਕਾ ਸੀ ਅਤੇ ₹ 0.36 ਕਰੋੜ (ਕੁੱਲ ₹ 1.24 ਕਰੋੜ ਦੇ ਅਵਾਰਡ ਵਿੱਚੋਂ) ਦੇ ਬਕਾਇਆ ਅਵਾਰਡ 'ਤੇ ਵਿਆਜ ਅੰਤਿਮ ਭੁਗਤਾਨ ਤੱਕ ਵਧਦਾ ਰਹੇਗਾ।

ਮਾਮਲਾ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ (ਜੂਨ 2024); ਉਨ੍ਹਾਂ ਦੇ ਜਵਾਬ ਦੀ ਉਡੀਕ ਸੀ (ਜਨਵਰੀ 2025)।

---

7 ਠੇਕੇਦਾਰ ਨੇ ਵਿਆਜ ਸਮੇਤ ਬਾਕੀ ਰਾਸ਼ੀ ਦੀ ਵਸੂਲੀ ਲਈ ਜ਼ਿਲ੍ਹਾਂ ਅਤੇ ਸੈਸ਼ਨ ਅਦਾਲਤ, ਅੰਮ੍ਰਿਤਸਰ ਵਿੱਚ (ਅਕਤੂਬਰ 2023) ਇੱਕ ਹੋਰ ਐਗਜੀਕਿਊਸ਼ਨ ਦਾਇਰ ਕੀਤੀ, ਜੋ ਲੰਬਿਤ ਸੀ (ਨਵੰਬਰ 2024)।

8 (i) ਗ੍ਰਾਹਕ ਵਿਭਾਗ ਦੁਆਰਾ ਇਮਾਰਤ ਦਾ ਭੌਤਿਕ ਕਬਜ਼ਾ ਲੈਣ ਤੱਕ ਕੀਤੇ ਗਏ ਖਰਚਿਆਂ ਅਤੇ ਜਨਤਕ ਸਿਹਤ ਕਾਰਜਾਂ ਲਈ ਕਟੌਤੀ ਕੀਤੀ ਗਈ ਸਕਿਉਰਟੀ ਦੇ ਕਾਰਣ ਕ੍ਰਮਵਾਰ ₹ 10.00 ਲੱਖ ਅਤੇ ₹ 0.34 ਲੱਖ ਨੂੰ ਛੱਡ ਕੇ; ਅਤੇ (ii) ਆਰਬਿਟਰੇਸ਼ਨ ਫੀਸ/ਚਾਰਚ ਆਦਿ।

9 12.04.2021 ਤੋਂ 28.05.2024 ਤੱਕ ਨੌਂ *ਪ੍ਰਤੀਸ਼ਤ* (ਆਰਬਿਟਰੇਸ਼ਨ ਅਵਾਰਡ ਅਨੁਸਾਰ) 'ਤੇ ਗਣਨਾ ਕੀਤੀ ਗਈ ।

## ਲੋਕ ਨਿਰਮਾਣ ਵਿਭਾਗ (ਇਮਾਰਤਾਂ ਅਤੇ ਸੜਕਾਂ)

### 6.3 ਬਿਜਲੀ ਬਿਲਾਂ 'ਤੇ ਸਰਚਾਰਜ ਦਾ ਟਾਲਣਯੋਗ ਭੁਗਤਾਨ

**ਬਜਟ ਅਨੁਮਾਨਾਂ ਵਿੱਚ ਲੋੜੀਦੀ ਮੰਗ ਸ਼ਾਮਲ ਨਾ ਹੋਣ ਕਾਰਣ ਅਤੇ ਕਾਰਜਕਾਰੀ ਇੰਜੀਨੀਅਰ, ਇਲੈਕਟ੍ਰੀਕਲ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਇਮਾਰਤਾਂ ਅਤੇ ਸੜਕਾਂ), ਪੰਜਾਬ ਕੋਲ ਲੋੜੀਂਦੇ ਫੰਡ ਉਪਲਬਧ ਨਾ ਹੋਣ ਕਾਰਣ ਬਿਜਲੀ ਬਿਲਾਂ ਦੇ ਭੁਗਤਾਨ ਵਿੱਚ ਦੇਰੀ ਹੋਈ, ਜਿਸ ਦੇ ਨਤੀਜੇ ਵਜੋਂ 2018 - 2023 ਦੀ ਮਿਆਦ ਦੌਰਾਨ ਚੰਡੀਗੜ੍ਹ ਪ੍ਰਸ਼ਾਸਨ ਨੂੰ ₹ 99.69 ਲੱਖ ਦੇ ਸਰਚਾਰਜ ਦਾ ਭੁਗਤਾਨ ਕਰਨਾ ਪਿਆ ਜਿਸ ਨਾਲ ਪਹਿਲਾਂ ਹੀ ਨਕਦੀ ਸੰਕਟ ਨਾਲ ਜੂਝ ਰਹੇ ਸਰਕਾਰੀ ਖਜ਼ਾਨੇ 'ਤੇ ਟਾਲਣਯੋਗ ਬੋਝ ਪਿਆ।**

ਪੰਜਾਬ ਵਿੱਤੀ ਨਿਯਮ, 1984 (ਜਿਲਦ-I) (ਪੀ ਐੱਫ ਆਰ) ਦੇ ਨਿਯਮ 2.10(ਬੀ)(3) ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਕੀਤੇ ਗਏ ਸਾਰੇ ਖਰਚੇ ਇੱਕੋ ਸਮੇਂ ਕੱਢੇ ਜਾਂਦੇ ਹਨ ਅਤੇ ਭੁਗਤਾਨ ਕੀਤੇ ਜਾਂਦੇ ਹਨ ਅਤੇ ਫੰਡਾਂ ਦੀ ਲੋੜ ਕਰਕੇ ਨਹੀਂ ਰੋਕੇ ਜਾਂਦੇ ਅਤੇ ਕਿਸੇ ਹੋਰ ਸਾਲ ਦੀ ਗ੍ਰਾਂਟ ਤੋਂ ਭੁਗਤਾਨ ਕਰਨ ਲਈ ਮੁਲਤਵੀ ਕੀਤੇ ਜਾਣਗੇ; ਇਹ ਪੈਸਾ ਨਿਰਵਿਵਾਦ ਤੌਰ 'ਤੇ ਭੁਗਤਾਨਯੋਗ ਹੋਣਾ ਚਾਹੀਦਾ, ਜਿੱਥੇ ਤੱਕ ਸੰਭਵ ਹੋਵੇ, ਬਿਨਾਂ ਭੁਗਤਾਨ ਦੇ ਨਹੀਂ ਛੱਡਿਆ ਜਾਣਾ ਚਾਹੀਦਾ; ਅਤੇ ਇਹ ਕਿ ਸਾਰੀਆ ਲਾਜ਼ਮੀ ਅਦਾਇਗੀਆਂ ਦਾ ਪਤਾ ਲਗਾਇਆ ਜਾਂਦਾ ਹੈ ਅਤੇ ਜਲਦੀ ਤੋਂ ਜਲਦੀ ਸੰਭਵ ਮਿਤੀ 'ਤੇ ਖਤਮ ਕਰ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ, ਪੰਜਾਬ ਬਜਟ ਮੈਨੂਅਲ ਦੇ ਪੈਰ੍ਹਾ 5:3 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਬਜਟ ਅਨੁਮਾਨ ਅਸਲ ਵਿੱਚ ਭੁਗਤਾਨ ਕੀਤੇ ਜਾਣ ਦੀ ਉਮੀਦ ਦੇ ਅਧਾਰ 'ਤੇ ਤਿਆਰ ਕੀਤੇ ਜਾਣੇ ਚਾਹੀਦੇ ਹਨ।

ਕਾਰਜਕਾਰੀ ਇੰਜੀਨੀਅਰ (ਈ ਈ), ਇਲੈਕਟ੍ਰੀਕਲ ਡਿਵੀਜ਼ਨ (ਡਵੀਜ਼ਨ), ਲੋਕ ਨਿਰਮਾਣ ਵਿਭਾਗ (ਇਮਾਰਤਾਂ ਅਤੇ ਸੜਕਾਂ ਸ਼ਾਖਾ) (ਪੀ ਡਬਲਯੂ ਡੀ-ਬੀ ਐਂਡ ਆਰ), ਚੰਡੀਗੜ੍ਹ ਦੇ ਰਿਕਾਰਡ ਦੀ ਨਮੂਨਾ-ਜਾਂਚ (ਜਨਵਰੀ 2019 ਅਤੇ ਜੂਨ 2023) ਤੋਂ ਪਤਾ ਲੱਗਿਆ ਕਿ ਡਵੀਜ਼ਨ ਚੰਡੀਗੜ੍ਹ ਵਿਖੇ ਸਥਿਤ ਪੰਜਾਬ ਸਰਕਾਰ ਦੇ ਨਿਯੰਤਰਣ ਅਧੀਨ ਵੱਖ-ਵੱਖ ਇਮਾਰਤਾਂ[10] ਦੇ ਸਬੰਧ ਵਿੱਚ ਬਿਜਲੀ ਦੇ ਬਕਾਏ ਦਾ ਭੁਗਤਾਨ ਕਰ ਰਹੀ ਸੀ।

ਬਿਜਲੀ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ ਨੂੰ ਅਪ੍ਰੈਲ 2018 ਤੋਂ ਮਾਰਚ 2023 ਤੱਕ ਦੀ ਮਿਆਦ ਦੌਰਾਨ ਬਿਜਲੀ ਬਕਾਏ ਦੇ ਭੁਗਤਾਨ ਲਈ ਡਿਵੀਜ਼ਨ ਦੁਆਰਾ ਪ੍ਰਬੰਧਿਤ ਕੀਤੇ ਜਾ ਰਹੇ ਪੰਜ ਬਿਜਲੀ ਦੇ ਖਾਤਿਆਂ[11] ਦੇ ਸਬੰਧ ਵਿੱਚ ਬਿਜਲੀ ਬਿਲਾਂ ਦੀ ਲੇਖਾ ਪ੍ਰੀਖਿਆ ਪੜਤਾਲ ਤੋਂ ਪਤਾ ਲੱਗਿਆ ਕਿ ਡਿਵੀਜ਼ਨ ਨੇ ਬਿਜਲੀ ਬਕਾਏ ਦੇ ਭੁਗਤਾਨ 'ਤੇ ਹੋਣ ਵਾਲੇ ਅਨੁਮਾਨਿਤ ਖਰਚੇ ਦੇ ਸਬੰਧ ਵਿੱਚ ਆਪਣੀ ਮੰਗ ਪਹਿਲਾਂ ਤੋਂ ਤਿਆਰ/ਜਮ੍ਹਾਂ ਨਹੀਂ ਕੀਤੀ ਸੀ, ਜਿਸ ਨੂੰ 2018-19 ਤੋਂ

---

[10] ਪੰਜਾਬ ਸਿਵਲ ਸਕੱਤਰੇਤ -1 ਅਤੇ 2; ਮੁੱਖ ਮੰਤਰੀ ਦੀ ਰਿਹਾਇਸ਼; ਮੰਤਰੀਆਂ ਦੀਆਂ ਰਿਹਾਇਸ਼ੀ ਇਮਾਰਤਾਂ; ਪੰਜਾਬ ਰਾਜ ਭਵਨ ਅਤੇ ਇਸ ਦੇ ਪੂਲ ਹਾਊਸ; ਹੇਮਕੁੰਜ ਸ਼ਿਮਲਾ, ਐਮ ਐਲ ਏ ਹੋਸਟਲ, ਐਮ ਐਲ ਏ ਫਲੈਟ ਅਤੇ ਹੋਰ ਦਫਤਰੀ ਇਮਾਰਤਾਂ।

[11] (i) ਪੰਜਾਬ ਸਿਵਲ ਸਕੱਤਰੇਤ, ਸੈਕਟਰ 1, ਚੰਡੀਗੜ੍ਹ (ਖਾਤਾ ਨੰਬਰ 102/0372/504001E); (ii) ਪੰਜਾਬ ਮਿੰਨੀ ਸਕੱਤਰੇਤ, ਸੈਕਟਰ 9-ਏ, ਚੰਡੀਗੜ੍ਹ (ਖਾਤਾ ਨੰਬਰ 102/0973/70225XR); (iii) ਪੰਜਾਬ ਰਾਜ ਭਵਨ, ਸੈਕਟਰ 6, ਚੰਡੀਗੜ੍ਹ (102/0771/600620G); (iv) ਐਮ ਐਲ ਏਜ਼ ਹੋਸਟਲ, ਸੈਕਟਰ 4, ਚੰਡੀਗੜ੍ਹ (102/0472/50391SK); ਅਤੇ (v) ਮੰਤਰੀ ਭਵਨ, ਕੋਠੀ ਨੰਬਰ 46, ਸੈਕਟਰ 2, ਚੰਡੀਗੜ੍ਹ (102/0241/004605P)।

2021-22 ਦੇ ਸਾਲਾਂ ਦੌਰਾਨ ਬਜਟ/ਸੋਧੇ ਹੋਏ ਅਨੁਮਾਨਾਂ ਵਿੱਚ ਸ਼ਾਮਲ ਕਰਨ ਲਈ ਉੱਚ ਅਧਿਕਾਰੀਆਂ ਜਿਵੇਂ ਕਿ ਚੀਫ ਇੰਜੀਨੀਅਰ (ਇਲੈਕਟ੍ਰੀਕਲ), ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ), ਚੰਡੀਗੜ੍ਹ ਅਤੇ ਪ੍ਰਸ਼ਾਸਨਿਕ ਵਿਭਾਗ (ਏ ਡੀ) ਨੂੰ ਪੇਸ਼ ਨਹੀਂ ਕੀਤਾ ਗਿਆ ਸੀ। ਇਸ ਦੀ ਬਜਾਏ, ਇਹ ਪਾਸ ਕੀਤੇ ਬਿਜਲੀ ਬਿਲਾਂ ਦੇ ਅਧਾਰ 'ਤੇ ਅਤੇ ਇਸ ਖਾਤੇ ਦੀ ਦੇਣਾਦਾਰੀਆ ਨੂੰ ਪੂਰਾ ਕਰਨ ਲਈ ਚੀਫ ਇੰਜੀਨੀਅਰ ਤੋਂ ਲੋੜੀਂਦੇ ਫੰਡਾਂ ਦੀ ਮੰਗ ਟੁਕੜਿਆ ਵਿੱਚ ਕਰਦਾ ਰਿਹਾ। ਨਤੀਜੇ ਵਜੋਂ, ਫੰਡ ਜਾਂ ਤਾਂ ਜਾਰੀ ਨਹੀਂ ਕੀਤੇ ਗਏ ਜਾਂ ਡਿਵੀਜ਼ਨ ਨੂੰ ਦੇਰੀ ਨਾਲ ਜਾਰੀ ਕੀਤੇ। ਸਾਲ 2022-23 ਦੌਰਾਨ, ਹਾਲਾਂਕਿ ਡਿਵੀਜ਼ਨ ਨੇ ਬਿਜਲੀ ਬਿੱਲਾਂ ਦੇ ਭੁਗਤਾਨ ਲਈ ਚੀਫ ਇੰਜੀਨੀਅਰ ਤੋਂ ਫੰਡਾਂ ਪੇਸ਼ਗੀ ਦੀ ਮੰਗ ਕੀਤੀ ਸੀ (ਮਾਰਚ 2022), ਇਸ ਸਾਲ ਵੀ ਡਿਵੀਜ਼ਨ ਨੂੰ ਲੋੜੀਦੇ ਫੰਡ ਦੌਰਾਨ ਸਮੇਂ ਸਿਰ, ਖਾਸ ਕਰਕੇ ਪਹਿਲੀਆਂ ਦੋ ਤਿਮਾਹੀਆਂ ਦੌਰਾਨ ਪ੍ਰਦਾਨ ਨਹੀਂ ਕਰਵਾਏ ਜਾ ਸਕੇ।

ਇਸ ਤਰ੍ਹਾਂ, ਬਜਟ ਅਨੁਮਾਨਾਂ ਵਿੱਚ ਲੋੜੀਂਦੀ ਮੰਗ ਨੂੰ ਸ਼ਾਮਲ ਨਾ ਕਰਨ ਅਤੇ ਡਿਵੀਜ਼ਨ ਕੋਲ ਸਮੇਂ ਸਿਰ ਲੋੜੀਂਦੇ ਫੰਡ ਉਪਲਬਧ ਨਾ ਹੋਣ ਕਾਰਣ, ਬਿਜਲੀ ਬਿਲਾਂ ਦੇ ਭੁਗਤਾਨ ਵਿੱਚ ਦੇਰੀ ਹੋ ਗਈ ਅਤੇ 2018-2023 ਦੀ ਮਿਆਦ ਦੌਰਾਨ ਪੰਜ ਖਾਤਿਆਂ (ਜਿਵੇਂ ਕਿ **ਸਾਰਣੀ 6.1** ਵਿੱਚ ਵੇਰਵਾ ਦਿੱਤਾ ਗਿਆ ਹੈ) ਦੇ ਸਬੰਧ ਵਿੱਚ ₹ 99.69 ਲੱਖ ਦੇ ਸਰਚਾਰਜ ਦਾ ਭੁਗਤਾਨ ਚੰਡੀਗੜ੍ਹ ਪ੍ਰਸ਼ਾਸਨ ਨੂੰ ਕਰਨਾ ਪਿਆਂ, ਜਿਸ ਨਾਲ ਪਹਿਲਾਂ ਹੀ ਨਕਦੀ ਸੰਕਟ ਨਾਲ ਜੂਝ ਰਹੇ ਸਰਕਾਰੀ ਖਜ਼ਾਨੇ 'ਤੇ ਟਾਲਣਯੋਗ ਬੋਝ ਪਿਆ।

**ਸਾਰਣੀ 6.1: ਅਪ੍ਰੈਲ 2018 ਤੋਂ ਮਾਰਚ 2023 ਦੀ ਮਿਆਦ ਦੌਰਾਨ ਬਿਜਲੀ ਬਿਲਾਂ ਤੇ ਭੁਗਤਾਨ ਕੀਤੇ ਸਰਚਾਰਜ ਦੇ ਵੇਰਵੇ**

*(₹ ਲੱਖ ਵਿੱਚ)*

| ਲੜੀ ਨੰ. | ਬਿਜਲੀ ਖਾਤਾ ਨੰ. | ਇਮਾਰਤ ਦਾ ਨਾਂਅ | ਸਰਚਾਰਜ ਦਾ ਭੁਗਤਾਨ ਕੀਤਾ ਗਿਆ |
|---|---|---|---|
| 1. | 102/0372/504001E | ਪੰਜਾਬ ਸਿਵਲ ਸਕੱਤਰੇਤ, ਸੈਕਟਰ 1, ਚੰਡੀਗੜ੍ਹ | 57.72 |
| 2. | 102/0973/70225XR | ਪੰਜਾਬ ਮਿੰਨੀ ਸਕੱਤਰੇਤ, ਸੈਕਟਰ 9-ਏ, ਚੰਡੀਗੜ੍ਹ | 26.27 |
| 3. | 102/0771/600620G | ਪੰਜਾਬ ਰਾਜ ਭਵਨ, ਸੈਕਟਰ 6, ਚੰਡੀਗੜ੍ਹ | 6.44 |
| 4. | 102/0472/50391SK | ਐਮ ਐਲ ਏਜ਼ ਹੋਸਟਲ, ਸੈਕਟਰ 4, ਚੰਡੀਗੜ੍ਹ | 6.38 |
| 5. | 102/0241/004605P | ਮੰਤਰੀ ਭਵਨ, ਕੋਠੀ ਨੰਬਰ 46, ਸੈਕਟਰ 2, ਚੰਡੀਗੜ੍ਹ | 2.88 |
| **ਜੋੜ** | | | **99.69** |

*ਸ੍ਰੋਤ: ਵਿਭਾਗੀ ਡਾਟਾ*

ਇਸ ਵੱਲ ਧਿਆਨ ਦਿਵਾਉਣ 'ਤੇ (ਜੂਨ 2023), ਈ ਈ ਨੇ ਕਿਹਾ ਕਿ ਬਿਜਲੀ ਦੇ ਖਰਚਿਆਂ ਦੇ ਭੁਗਤਾਨ ਲਈ ਬਜਟ ਗ੍ਰਾਂਟ ਦੀ ਮੰਗ ਉੱਚ ਦਫਤਰ (ਚੀਫ ਇੰਜੀਨੀਅਰ/ਪ੍ਰਸ਼ਾਸਕੀ ਵਿਭਾਗ) ਨੂੰ ਪਹਿਲਾਂ ਨਹੀਂ ਭੇਜੀ ਗਈ ਸੀ ਕਿਉਂਕਿ ਉਨ੍ਹਾਂ ਨੇ ਇਸ ਦੀ ਮੰਗ ਹੀ ਨਹੀ ਕੀਤੀ ਸੀ। ਹਾਲਾਂਕਿ, ਬਿਜਲੀ ਬਿਲਾਂ ਲਈ ਫੰਡ ਪਹਿਲਾਂ ਹੀ ਮੰਗੇ ਗਏ ਸਨ (ਪਾਸ ਕੀਤੇ ਬਿਜਲੀ ਬਿਲਾਂ ਦੇ ਅਧਾਰ 'ਤੇ), ਪਰ ਇਹ ਦੇਰੀ ਨਾਲ ਪ੍ਰਾਪਤ ਹੋਏ। ਇਸ ਲਈ, ਸਰਚਾਰਜ ਦਾ ਭੁਗਤਾਨ ਕਰਨਾ ਪਿਆ। ਈ ਈ ਦਾ ਜਬਾਬ ਉਪਰੋਕਤ ਕੋਡਲ ਉਪਬੰਧਾਂ ਦੇ ਅਨੁਕੂਲ ਨਹੀਂ ਸੀ। ਚੀਫ ਇੰਜੀਨੀਅਰ ਨੇ ਨਿਰਧਾਰਤ ਮਿਤੀ (ਮਈ 2024) ਤੱਕ ਬਿਜਲੀ ਬਿਲਾਂ ਦੇ ਭੁਗਤਾਨ ਲਈ ਡਿਵੀਜ਼ਨ ਨੂੰ ਲੋੜੀਂਦੀ ਬਜਟ ਗ੍ਰਾਂਟ ਪ੍ਰਦਾਨ ਨਾ ਕਰਨ ਦੇ ਕਾਰਣ ਨਹੀਂ ਦੱਸੇ।

ਮਾਮਲਾ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ (ਜਨਵਰੀ 2022); ਉਨ੍ਹਾਂ ਦੇ ਜਵਾਬ ਦੀ ਉਡੀਕ ਸੀ (ਜਨਵਰੀ 2025)।

**ਸਿਫਾਰਸ਼: ਰਾਜ ਸਰਕਾਰ ਵਿਭਾਗ/ਡਿਵੀਜ਼ਨਾਂ ਦੁਆਰਾ ਵਿਵਹਾਰਕ ਬਜਟ ਅਨੁਮਾਨਾਂ ਦੀ ਤਿਆਰੀ ਯਕੀਨੀ ਬਣਾ ਸਕਦੀ ਹੈ ਅਤੇ ਨਿਰਧਾਰਤ ਮਿਤੀ ਤੱਕ ਬਿਜਲੀ ਬਿਲਾਂ ਦੇ ਭੁਗਤਾਨ ਲਈ ਲੋੜੀਂਦੇ ਫੰਡਾਂ ਦੀ ਸਮੇਂ ਸਿਰ ਉਪਲਬਧਤਾ ਦਾ ਪ੍ਰਬੰਧ ਕਰ ਸਕਦੀ ਹੈ ਤਾਂ ਜੋ ਇਸ 'ਤੇ ਸਰਚਾਰਜ ਦੇ ਭੁਗਤਾਨ ਤੋਂ ਬਚਿਆਂ ਜਾ ਸਕੇ।**

## ਜਲ ਸਰੋਤ ਵਿਭਾਗ

## 6.4 ਨਹਿਰੀ ਪਾਣੀ ਦੀ ਵਰਤੋਂ ਲਈ ਵਾਟਰ ਸੈੱਸ ਦੀ ਗੈਰ-ਵਸੂਲੀ

**ਵਿੱਤ ਕਮਿਸ਼ਨਾਂ ਦੀਆਂ ਸਿਫਾਰਸ਼ਾਂ ਅਤੇ ਉੱਤਰੀ ਭਾਰਤ ਨਹਿਰ ਅਤੇ ਡਰੇਨੇਜ (ਪੰਜਾਬ ਸੋਧ) ਐਕਟ, 2014 ਦੀਆਂ ਧਾਰਾਵਾਂ ਅਨੁਸਾਰ ਜਲ ਸਰੋਤ ਵਿਭਾਗ ਨੇ ਸਿੰਚਾਈ ਲਈ ਨਹਿਰੀ ਪਾਣੀ ਦੀ ਵਰਤੋਂ ਕਰਨ ਵਾਲੇ ਜ਼ਮੀਨ ‘ਤੇ ਕਬਜ਼ਾ ਕਰਨ ਵਾਲਿਆਂ ਤੋਂ 2014-15 ਤੋਂ 2022-23 ਦੀ ਮਿਆਦ ਲਈ ਪਾਣੀ ਦੇ ਸੈੱਸ ਦੀ ਬਣਦੀ ਰਾਸ਼ੀ (₹ 207.78 ਕਰੋੜ) ਵਸੂਲ ਨਹੀਂ ਕੀਤੀ। ਨਤੀਜੇ ਵਜੋਂ ਡਿਸਟ੍ਰੀਬਿਊਟਰੀਆਂ ਮਾਈਨਰ ਅਤੇ ਸਬ-ਮਾਈਨਰਾਂ ਦੀ ਮੁਰੰਮਤ, ਰੱਖ-ਰਖਾਅ ਅਤੇ ਆਧੁਨਿਕੀਕਰਣ ਲਈ ₹ 184.04 ਕਰੋੜ ਦੇ ਖਰਚੇ ਨੂੰ ਰਾਜ ਦੇ ਬਜਟ ਵਿੱਚੋਂ ਪੂਰਾ ਕਰਨਾ ਪਿਆ।**

ਤੇਰ੍ਹਵੇਂ ਵਿੱਤ ਕਮਿਸ਼ਨ ਨੇ ਰਾਏ ਦਿੱਤੀ ਕਿ ਨਹਿਰੀ ਪਾਣੀ ਦੀ ਵਰਤੋਂ ਕਰਨ ਵਾਲੇ ਜ਼ਮੀਨ 'ਤੇ ਕਬਜ਼ਾਕਾਰਾਂ ਤੋਂ ਉਪਭੋਗਤਾ ਖਰਚਿਆਂ ਦੀ ਮਾੜੀ ਵਸੂਲੀ ਕਾਰਣ ਸਤਹੀ ਪਾਣੀ ਦੀ ਸਿੰਚਾਈ ਨੂੰ ਨੀਤੀਗਤ ਸੁਧਾਰ ਦੀ ਲੋੜ ਸੀ, ਜਿਸ ਦੇ ਨਤੀਜੇ ਵਜੋਂ ਸਿੰਚਾਈ ਨੈਟਵਰਕ ਦੀ ਸਾਂਭ-ਸੰਭਾਲ ਮਾੜੀ ਰਹੀ; ਅਤੇ ਇਸ ਅਨੁਸਾਰ ਜਲ ਟੈਰਿਫ ਪ੍ਰਣਾਲੀ ਨੂੰ ਨਿਰਧਾਰਤ ਕਰਨ ਅਤੇ ਨਿਯਮਤ ਕਰਨ ਅਤੇ ਸਮੇਂ-ਸਮੇਂ 'ਤੇ ਜਲ ਖੇਤਰ ਦੀਆਂ ਲਾਗਤਾਂ ਅਤੇ ਮਾਲੀਏ ਦੀ ਸਮੀਖਿਆ ਅਤੇ ਨਿਗਰਾਨੀ ਕਰਨ ਦੀ ਸਿਫਾਰਸ਼ ਕੀਤੀ ਗਈ। ਇਸ ਤੋਂ ਇਲਾਵਾ, ਚੌਦਵੇਂ ਵਿੱਤ ਕਮਿਸ਼ਨ ਦੀਆਂ ਟਿੱਪਣੀਆਂ ਅਨੁਸਾਰ, ਸਿੰਚਾਈ ਲਈ ਪਾਣੀ ਦੀਆਂ ਫੀਸਾਂ/ਚਾਰਜ ਉਪਭੋਗਤਾਵਾਂ ਤੋਂ ਦੋ ਮੁੱਖ ਕਾਰਣਾਂ ਕਰਕੇ ਇਕੱਤਰ ਕੀਤੇ ਜਾਂਦੇ ਹਨ ਤਾਂ ਜੋ ਸੰਚਾਲਨ ਅਤੇ ਰੱਖ-ਰਖਾਅ (ਓ ਐਂਡ ਐਮ) ਲਾਗਤਾਂ ਨੂੰ ਕਵਰ ਕਰਨ ਲਈ, ਕੋਈ ਪ੍ਰੋਜੈਕਟ ਵਿੱਤੀ ਤੌਰ 'ਤੇ ਟਿਕਾਊ ਹੋਵੇ; ਅਤੇ ਉਪਭੋਗਤਾਵਾਂ ਨੂੰ ਪ੍ਰਤੀ ਯੂਨਿਟ ਉਤਪਾਦਨ ਘੱਟ ਪਾਣੀ ਦੀ ਵਰਤੋਂ ਕਰਨ, ਜਾਂ ਪਾਣੀ ਦੀ ਪ੍ਰਤੀ ਯੂਨਿਟ ਉੱਚ ਸ਼ੁੱਧ ਆਰਥਿਕ ਆਮਦਨ ਪੈਦਾ ਕਰਨ ਲਈ ਉਤਸ਼ਾਹਤ ਕਰਨਾ ਜਾਂ ਦੋਵੇਂ। ਇਤਿਹਾਸਕ ਤੌਰ 'ਤੇ, ਪਹਿਲਾ ਉਦੇਸ਼ ਸਰਵਉੱਚ ਰਿਹਾ ਹੈ, ਪਰ ਜਿਵੇਂ-ਜਿਵੇਂ ਪਾਣੀ ਦੀ ਕਮੀ ਵਧਦੀ ਹੈ, ਪਾਣੀ ਦੀ ਵਰਤੋਂ ਦੀ ਕੁਸ਼ਲਤਾ ਦੇ ਉਦੇਸ਼ ਦੀ ਮਹੱਤਤਾ ਵਧਣ ਦੀ ਸੰਭਾਵਨਾ ਹੈ ਅਤੇ ਇਸ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ।

ਇਸ ਅਨੁਸਾਰ ਪੰਜਾਬ ਸਰਕਾਰ (ਜੀ ਓ ਪੀ) ਨੇ ਪੰਜਾਬ ਆਰਡੀਨੈਂਸ[12] 2014 ਦੇ ਨੰਬਰ 3 ਰਾਹੀਂ ਉੱਤਰੀ ਭਾਰਤ ਨਹਿਰ ਅਤੇ ਡਰੇਨੇਜ ਐਕਟ, 1873 ਵਿੱਚ ਸੋਧ ਕੀਤੀ (ਨਵੰਬਰ 2014)। ਆਰਡੀਨੈਂਸ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਰਾਜ ਸਰਕਾਰ, ਸਿੰਚਾਈ ਦੇ ਉਦੇਸ਼ਾਂ ਲਈ ਨਹਿਰੀ ਪਾਣੀ ਦੀ ਵਰਤੋਂ ਕਰਨ ਵਾਲੇ ਜ਼ਮੀਨ ਦੇ ਕਬਜ਼ਾਕਾਰਾਂ 'ਤੇ ਵਾਟਰ ਸੈੱਸ ਲਗਾ ਸਕਦੀ ਹੈ,

[12] ਬਾਅਦ ਵਿੱਚ, ਫਰਵਰੀ 2015 ਵਿੱਚ ਉੱਤਰੀ ਭਾਰਤ ਨਹਿਰ ਅਤੇ ਡਰੇਨੇਜ (ਪੰਜਾਬ ਸੋਧ) ਐਕਟ, 2014 (2015 ਦਾ ਪੰਜਾਬ ਐਕਟ ਨੰਬਰ 7) ਵਜੋਂ ਲਾਗੂ ਕੀਤਾ ਗਿਆ।

ਜੋ ਰਾਜ ਸਰਕਾਰ ਸਮੇਂ-ਸਮੇਂ 'ਤੇ ਨਿਰਧਾਰਤ ਕਰ ਸਕਦੀ ਹੈ, ਅਤੇ ਅਜਿਹੇ ਕਬਜ਼ਾਕਾਰ ਜੋ ਪਾਣੀ ਸਵੀਕਾਰ ਕਰਦੇ ਹਨ, ਉਸ ਅਨੁਸਾਰ ਵਾਟਰ ਸੈੱਸ ਦਾ ਭੁਗਤਾਨ ਕਰਨਗੇ। ਇਸ ਤਰ੍ਹਾਂ ਇਕੱਤਰ ਕੀਤੇ ਗਏ ਵਾਟਰ ਸੈੱਸ ਦੀ ਵਰਤੋਂ ਰਾਜ ਸਰਕਾਰ ਦੁਆਰਾ ਸਿੰਚਾਈ ਬੁਨਿਆਦੀ ਢਾਂਚੇ ਦੀ ਸਾਂਭ-ਸੰਭਾਲ ਅਤੇ ਵਿਕਾਸ ਲਈ ਕੀਤੀ ਜਾਵੇਗੀ। ਸਿੱਟੇ ਵਜੋਂ, ਜਲ ਸਰੋਤ ਵਿਭਾਗ (ਵਿਭਾਗ), ਜੀ ਓ ਪੀ ਨੇ ਸਿੰਚਾਈ ਦੇ ਉਦੇਸ਼ ਲਈ ਨਹਿਰੀ ਪਾਣੀ ਦੀ ਵਰਤੋਂ ਕਰਨ ਵਾਲੇ ਜ਼ਮੀਨ ਦੇ ਕਬਜ਼ਾਕਾਰਾਂ ਤੇ ਪ੍ਰਤੀ ਏਕੜ ₹ 50/- ਦੀ ਦਰ ਨਾਲ ਪ੍ਰਤੀ ਫਸਲ ਦਾ ਵਾਟਰ ਸੈੱਸ ਲਗਾਇਆ (ਨਵਬੰਰ 2014)। ਉਪਭੋਗਤਾਵਾਂ ਦੁਆਰਾ ਹਰ ਸਾਲ *ਹਾੜ੍ਹੀ* ਅਤੇ *ਸਾਉਣੀ* ਦੀਆਂ ਫਸਲਾ ਲਈ ਕ੍ਰਮਵਾਰ 31 ਮਈ ਅਤੇ 30 ਨਵੰਬਰ ਤੱਕ ਵਾਟਰ ਸੈੱਸ ਦਾ ਭੁਗਤਾਨ ਕੀਤਾ ਜਾਣਾ ਸੀ।

ਇਸ ਤੋਂ ਇਲਾਵਾ, ਵਿਭਾਗ (ਪਹਿਲਾਂ ਸਿੰਚਾਈ ਵਿਭਾਗ) ਨੇ ਹੋਰ ਗੱਲਾਂ ਦੇ ਨਾਲ-ਨਾਲ (ਨਵੰਬਰ 2014) ਆਪਣੇ ਚੀਫ ਇੰਜੀਨੀਅਰ/ਸੁਪਰਿੰਟੈਂਡਿੰਗ ਇੰਜੀਨੀਅਰਾਂ/ਕਾਰਜਕਾਰੀ ਇੰਜੀਨੀਅਰਾਂ ਨੂੰ ਨਿਰਦੇਸ਼ ਦਿੱਤੇ ਕਿ ਨਹਿਰੀ ਪਾਣੀ ਦੀ ਵਰਤੋਂ ਕਰਨ ਵਾਲਿਆਂ ਤੋਂ ਇਸ ਤਰ੍ਹਾਂ ਇਕੱਤਰ ਕੀਤੇ ਗਏ ਵਾਟਰ ਸੈੱਸ ਦੀ ਰਾਸ਼ੀ ਸੁਸਾਇਟੀਆਂ ਦੇ ਖਾਤਿਆਂ ਵਿੱਚ ਜਮ੍ਹਾਂ ਕੀਤੀ ਜਾਵੇਗੀ, ਜੋ ਕਿ ਕਾਰਜਕਾਰੀ ਇੰਜੀਨੀਅਰਾਂ ਦੀ ਨਿਗਰਾਨੀ ਹੇਠ ਡਿਵੀਜ਼ਨਲ ਪੱਧਰ ਤੇ ਸਥਾਪਤ ਕੀਤੀਆ ਜਾਣਗੀਆਂ ਅਤੇ ਇਸ ਦੀ ਵਰਤੋਂ ਡਿਸਟ੍ਰੀਬਿਊਟਰੀ, ਮਾਈਨਰ ਅਤੇ ਸਬ-ਮਾਈਨਰਾਂ ਦੀ ਮੁਰੰਮਤ, ਰੱਖ-ਰਖਾਅ ਅਤੇ ਆਧੁਨਿਕੀਕਰਨ ਲਈ ਕੀਤੀ ਜਾਵੇਗੀ।

ਜਲ ਸਰੋਤ ਵਿਭਾਗ, ਜੀ ਓ ਪੀ ਦੇ ਪ੍ਰਮੁੱਖ ਸਕੱਤਰ (ਅਪ੍ਰੈਲ 2019) ਅਤੇ ਸਿੰਚਾਈ ਸ਼ਾਖਾ ਦੇ ਵਧੀਕ ਡਾਇਰੈਕਟਰ-ਕਮ-ਕੰਟਰੋਲਰ (ਐਫ ਐਂਡ ਏ) (ਮਈ 2023) ਦੇ ਦਫ਼ਤਰਾਂ ਵਿੱਚ ਰਿਕਾਰਡ ਦੀ ਨਮੂਨਾਂ ਜਾਂਚ ਤੋਂ ਪਤਾ ਲੱਗਿਆ ਕਿ ₹ 237.16 ਕਰੋੜ ਦੇ ਵਸੂਲੀਯੋਗ ਵਾਟਰ ਸੈੱਸ ਵਿੱਚੋਂ, ਵਿਭਾਗ ਨੇ (2014-2023) ਸਿਰਫ਼ ₹ 29.38 ਕਰੋੜ[13] (12.39 *ਪ੍ਰਤੀਸ਼ਤ*) ਜ਼ਮੀਨ ਦੇ ਕਬਜ਼ਾਕਾਰਾਂ ਤੋਂ ਇੱਕਠੇ ਕੀਤੇ ਸਨ। ਜਿਨ੍ਹਾਂ ਨੇ ਸਿੰਚਾਈ ਦੇ ਉਦੇਸ਼ਾਂ ਲਈ ਨਹਿਰੀ ਪਾਣੀ ਦੀ ਵਰਤੋਂ ਕੀਤੀ ਸੀ, ਜਿਸ ਨਾਲ ਮਾਰਚ 2023 ਤੱਕ ₹ 207.78 ਕਰੋੜ ਦਾ ਵਸੂਲ ਨਾ ਕੀਤਾ ਗਿਆ ਬਕਾਇਆ ਬਚਿਆ ਹੋਇਆ ਸੀ। ਇਸ ਤਰਾਂ ਇਕੱਠੇ ਕੀਤੇ ਗਏ ਵਾਟਰ ਸੈੱਸ ਦੀ ਰਾਸ਼ੀ ਡਿਵੀਜ਼ਨਲ ਪੱਧਰ[14] 'ਤੇ ਸੁਸਾਇਟੀਆ ਦੇ ਬੱਚਤ ਬੈਂਕ ਖਾਤਿਆਂ ਵਿੱਚ ਰੱਖੀ ਗਈ ਸੀ। ਇਸੇ ਮਿਆਦ ਦੌਰਾਨ ₹ 29.38 ਕਰੋੜ ਦੇ ਵਾਟਰ ਸੈੱਸ ਦੀ ਇਕੱਠੀ ਕੀਤੀ ਰਾਸ਼ੀ ਵਿੱਚੋਂ ₹ 19.05 ਕਰੋੜ ਦੀ ਰਾਸ਼ੀ ਇਸ ਉਦੇਸ਼ ਲਈ ਖਰਚ ਕੀਤੀ ਗਈ ਸੀ; ਇਸ ਦੇ ਸਾਲ-ਵਾਰ ਵੇਰਵੇ **ਸਾਰਣੀ 6.2** ਵਿੱਚ ਦਿੱਤੇ ਗਏ ਹਨ।

---

13 ਵਿਭਾਗ ਵੱਲੋ ਪ੍ਰਾਪਤ ਵਿਆਜ ਦੇ ਵੇਰਵੇ, ਜੋ ਕੋਈ ਹਨ, ਦਾ ਖੁਲਾਸਾ ਨਹੀਂ ਕੀਤਾ ਗਿਆ ਸੀ।

14 (i) ਭਾਖੜਾ ਮੇਨ ਲਾਈਨ ਨਹਿਰ ਅਤੇ ਗਰਾਊਂਡ ਸਰਕਲ, ਪਟਿਆਲਾ; (ii) ਫਿਰੋਜ਼ਪੁਰ ਕੈਨਾਲ ਸਰਕਲ; (iii) ਕੰਢੀ ਕੈਨਾਲ ਸਰਕਲ, ਹੁਸ਼ਿਆਰਪੁਰ; (iv) ਕੰਢੀ ਖੇਤਰ ਡੈਮ ਸਰਕਲ, ਹੁਸ਼ਿਆਰਪੁਰ; (v) ਯੂ ਬੀ ਡੀ ਸੀ; ਅੰਮ੍ਰਿਤਸਰ; (vi) ਸਰਹਿੰਦ ਕੈਨਾਲ ਸਰਕਲ, ਲੁਧਿਆਣਾ; ਅਤੇ (vii) ਆਈ ਬੀ ਸਰਕਲ, ਪਟਿਆਲਾ।

**ਸਾਰਣੀ 6.2: 2014-2023 ਦੀ ਮਿਆਦ ਦੌਰਾਨ ਵਸੂਲੇ ਗਏ ਵਾਟਰ ਸੈੱਸ ਦੀ ਰਾਸ਼ੀ ਅਤੇ ਇਸ ਤੋਂ ਹੋਏ ਖਰਚੇ ਦੇ ਵੇਰਵੇ**

*(₹ ਕਰੋੜ ਵਿੱਚ)*

| ਸਾਲ | ਵਾਟਰ ਸੈੱਸ ਦਾ ਵਸੂਲੀਯੋਗ ਓਪਨਿੰਗ ਬੈਲੇਂਸ | ਸਾਲ ਦੌਰਾਨ ਵਸੂਲੀਯੋਗ ਵਾਟਰ ਸੈੱਸ | ਵਸੂਲੀਯੋਗ ਵਾਟਰ ਸੈੱਸ | ਵਸੂਲਿਆ ਗਿਆ ਵਾਟਰ ਸੈੱਸ | ਕੀਤਾ ਗਿਆ ਖਰਚ | ਹੱਥ ਵਿੱਚ ਨਕਦੀ ਦਾ ਬਕਾਇਆ | ਵਸੂਲ ਨਾ ਕੀਤਾ ਗਿਆ ਵਾਟਰ ਸੈੱਸ (ਕਲੋਜ਼ਿੰਗ ਬੈਲੇਂਸ) |
|---|---|---|---|---|---|---|---|
| **1** | **2** | **3** | **4 (2+3)** | **5** | **6** | **7 (5-6)** | **8 (4-5)** |
| 2014-15 | -- | 30.18 | 30.18 | 3.62 | 0.01 | 3.61 | 26.56 |
| 2015-16 | 26.56 | 29.07 | 55.63 | 7.70 | 7.68 | 0.02 | 47.93 |
| 2016-17 | 47.93 | 28.49 | 76.42 | 1.53 | 2.41 | -0.88 | 74.89 |
| 2017-18 | 74.89 | 26.38 | 101.27 | 2.28 | 0.42 | 1.86 | 98.99 |
| 2018-19 | 98.99 | 26.65 | 125.64 | 3.50 | 1.45 | 2.05 | 122.14 |
| 2019-20 | 122.14 | 27.12 | 149.26 | 3.14 | 2.63 | 0.51 | 146.12 |
| 2020-21 | 146.12 | 26.51 | 172.63 | 2.46 | 2.00 | 0.46 | 170.17 |
| 2021-22 | 170.17 | 26.28 | 196.45 | 2.13 | 1.57 | 0.56 | 194.32 |
| 2022-23 | 194.32 | 16.48 | 210.80 | 3.02 | 0.88 | 2.14 | 207.78 |
| **ਜੋੜ** | | **237.16** | | **29.38** | **19.05** | **10.33** | |

*ਸ੍ਰੋਤ: ਵਿਭਾਗੀ ਡਾਟਾ*

ਲੇਖਾ ਪ੍ਰੀਖਿਆ ਵਿੱਚ ਵੇਖਿਆ ਗਿਆ ਕਿ ਇਸੇ ਮਿਆਦ ਭਾਵ 2014-2023 ਦੌਰਾਨ, ਵਿਭਾਗ ਨੇ ਰਾਜ ਦੇ ਬਜਟ[15] ਵਿੱਚੋਂ ਡਿਸਟ੍ਰੀਬਿਊਟਰੀ, ਮਾਈਨਰ ਅਤੇ ਸਬ-ਮਾਈਨਰਾਂ ਦੀ ਮੁਰੰਮਤ, ਰੱਖ-ਰਖਾਅ ਅਤੇ ਆਧੁਨਿਕੀਕਰਨ 'ਤੇ ₹ 184.04 ਕਰੋੜ[16] ਖਰਚ ਕੀਤੇ ਸਨ।

ਵਿਭਾਗ ਨੇ (ਨਵੰਬਰ 2023) ਵਾਟਰ ਸੈੱਸ ਦੇ ਵੱਡੇ ਬਕਾਏ ਦਾ ਕਾਰਣ ਯੂਨੀਅਨਾਂ ਦੇ ਇਸ਼ਾਰੇ 'ਤੇ ਉਪਭੋਗਤਾਵਾਂ ਦੁਆਰਾ ਭੁਗਤਾਨ ਨਾ ਕਰਨਾ ਦੱਸਿਆ। ਅੱਗੇ ਇਹ ਕਿਹਾ ਗਿਆ (ਨਵੰਬਰ 2024) ਕਿ ਕਿਸਾਨਾਂ ਨੂੰ ਵਾਟਰ ਸੈੱਸ ਜਮ੍ਹਾਂ ਕਰਵਾਉਣ ਲਈ ਲਗਾਤਾਰ ਉਤਸ਼ਾਹਤ ਕੀਤਾ ਜਾ ਰਿਹਾ ਸੀ।

ਇਸ ਤਰ੍ਹਾਂ, ਵਿਭਾਗ ਨਹਿਰੀ ਪਾਣੀ ਦੀ ਵਰਤੋਂ ਕਰਨ ਵਾਲੇ ਜ਼ਮੀਨ ਦੇ ਕਬਜ਼ਾਕਾਰਾਂ ਤੋਂ ਵਾਟਰ ਸੈੱਸ ਦੀ ਬਣਦੀ ਰਾਸ਼ੀ (₹ 207.78 ਕਰੋੜ) ਵਸੂਲ ਨਹੀਂ ਕਰ ਸਕਿਆ, ਇਸ ਤੋਂ ਇਲਾਵਾ, ਸੁਸਾਇਟੀਆਂ ਕੋਲ ਉਪਲਬਧ ਫੰਡਾਂ (₹ 10.33 ਕਰੋੜ) ਦੀ ਪੂਰੀ ਵਰਤੋਂ ਕੀਤੀ, ਜੋ ਕਿ ਐਕਟ ਦੇ ਅਧੀਨ ਉਪਬੰਧਾਂ ਅਤੇ ਵਿੱਤ ਕਮਿਸ਼ਨਾਂ ਦੀਆਂ ਸਿਫਾਰਸ਼ਾਂ ਦੇ ਅਨੁਸਾਰ ਨਹੀਂ ਸੀ ਤਾਂ ਜੋ ਸਿੰਚਾਈ ਨੈਟਵਰਕਾਂ ਦੇ ਓ ਐਂਡ ਐਮ ਖਰਚਿਆਂ ਨੂੰ ਪੂਰਾ ਕਰਨ ਲਈ ਪਾਣੀ ਦੀਆਂ ਫੀਸਾਂ/ਚਾਰਜ ਇਕੱਤਰ ਕੀਤੇ ਜਾ ਸਕਣ ਅਤੇ ਉਪਭੋਗਤਾਵਾਂ ਨੂੰ ਪ੍ਰਤੀ ਯੂਨਿਟ ਆਉਟਪੁੱਟ ਘੱਟ ਪਾਣੀ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕੇ, ਜਿਸ ਨਾਲ ਪਾਣੀ ਦੀ ਵਰਤੋਂ ਦੀ ਕੁਸ਼ਲਤਾ ਦੇ ਉਦੇਸ਼ ਨੂੰ

15 ਲੇਖੇ ਦੀ ਮੱਦ: 2701-80-800-08-99-27

16 2014-15: ₹ 22.79 ਕਰੋੜ; 2015-16: ₹ 20.00 ਕਰੋੜ; 2016-17: ₹ 14.45 ਕਰੋੜ; 2017-18: ₹ 14.90 ਕਰੋੜ; 2018-19: ₹ 11.02 ਕਰੋੜ; 2019-20: ₹ 13.00 ਕਰੋੜ; 2020-21: ₹ 28.00 ਕਰੋੜ; 2021-22: ₹ 46.00 ਕਰੋੜ; ਅਤੇ 2022-23: ₹ 13.88 ਕਰੋੜ।

ਨੁਕਸਾਨ ਪਹੁੰਚਿਆ। ਨਤੀਜੇ ਵਜੋਂ, ਡਿਸਟ੍ਰੀਬਿਊਟਰੀਜ਼ ਦੀ ਮੁਰੰਮਤ, ਰੱਖ-ਰਖਾਅ ਅਤੇ ਆਧੁਨਿਕੀਰਨ 'ਤੇ ₹ 184.04 ਕਰੋੜ ਦੇ ਖਰਚੇ ਨੂੰ ਰਾਜ ਦੇ ਬਜਟ ਵਿੱਚੋਂ ਪੂਰਾ ਕਰਨਾ ਪਿਆ, ਜਿਸ ਨਾਲ 2014-2023 ਦੀ ਮਿਆਦ ਦੌਰਾਨ ਨਕਦੀ ਸੰਕਟ ਨਾਲ ਜੂਝ ਰਹੇ ਸਰਕਾਰੀ ਖਜ਼ਾਨੇ 'ਤੇ ਬੋਝ ਪਿਆ, ਜਿਸ ਤੋਂ ਬਚਿਆ ਜਾ ਸਕਦਾ ਸੀ।

ਮਾਮਲਾ ਜੁਲਾਈ 2023 ਵਿੱਚ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ; ਉਨ੍ਹਾਂ ਦੇ ਜਵਾਬ ਦੀ ਉਡੀਕ ਸੀ (ਜਨਵਰੀ 2025)।

**ਸਿਫਾਰਸ਼: ਰਾਜ ਸਰਕਾਰ ਉੱਤਰੀ ਭਾਰਤ ਨਹਿਰ ਅਤੇ ਡਰੇਨੇਜ (ਪੰਜਾਬ ਸੋਧ) ਐਕਟ, 2014 ਦੇ ਅਧੀਨ ਉਪਬੰਧਾਂ ਅਨੁਸਾਰ ਨਹਿਰੀ ਪਾਣੀ ਦੇ ਉਪਭੋਗਤਾਵਾਂ ਤੋਂ ਬਕਾਇਆ ਅਤੇ ਮੌਜੂਦਾ ਵਾਟਰ ਸੈੱਸ ਦੋਵਾਂ ਦੀ ਵਸੂਲੀ ਕਰਨ ਲਈ ਢੁਕਵੇਂ ਕਦਮ ਚੁੱਕ ਸਕਦੀ ਹੈ।**

## 6.5 ਜ਼ਮੀਨ ਦੇ ਮੁਆਵਜ਼ੇ 'ਤੇ ਵਿਆਜ ਦਾ ਟਾਲਣਯੋਗ ਭੁਗਤਾਨ

**ਮਾਣਯੋਗ ਹਾਈ ਕੋਰਟ ਦੇ ਫੈਸਲੇ ਦੀ ਪਾਲਣਾ ਵਿੱਚ ਜਲ ਸਰੋਤ ਵਿਭਾਗ ਵੱਲੋਂ ਜ਼ਮੀਨ ਮਾਲਕਾਂ ਨੂੰ ਵਧੇ ਹੋਏ ਮੁਆਵਜ਼ੇ ਦੀ ਅਦਾਇਗੀ ਵਿੱਚ 38-80 ਮਹੀਨਿਆਂ ਦੀ ਦੇਰੀ ਨਾਲ ₹ 5.67 ਕਰੋੜ ਦੇ ਵਿਆਜ ਦੇ ਕਾਰਣ ਸਰਕਾਰੀ ਖਜ਼ਾਨੇ 'ਤੇ ਟਾਲਣਯੋਗ ਬੋਝ ਪਇਆ।**

ਪੰਜਾਬ ਵਿੱਤੀ ਨਿਯਮ 2.10 (ਬੀ)(3) ਦੇ ਅਨੁਸਾਰ, ਨਿਰਵਿਵਾਦ ਤੌਰ 'ਤੇ ਭੁਗਤਾਨਯੋਗ ਪੈਸੇ ਨੂੰ ਅਦਾਇਗੀ ਰਹਿਤ ਨਹੀਂ ਛੱਡਿਆ ਜਾਣਾ ਚਾਹੀਦਾ; ਅਤੇ ਸਾਰੀਆਂ ਲਾਜ਼ਮੀ ਅਦਾਇਗੀਆ ਦਾ ਪਤਾ ਲਗਾਇਆ ਜਾਣਾ ਚਾਹੀਦਾ ਹੈ ਅਤੇ ਜਲਦੀ ਤੋਂ ਜਲਦੀ ਸੰਭਵ ਮਿਤੀ 'ਤੇ ਖਤਮ ਕੀਤਾ ਜਾਣਾ ਚਾਹੀਦਾ ਹੈ।

ਭੂਮੀ ਪ੍ਰਾਪਤੀ ਐਕਟ, 1894 (ਐਕਟ) ਦੀ ਧਾਰਾ 28 ਦੇ ਨਾਲ ਪੜ੍ਹੀ ਗਈ ਧਾਰਾ 18, ਇਹ ਪ੍ਰਦਾਨ ਕਰਦੀ ਹੈ ਕਿ ਕੋਈ ਵੀ ਦਿਲਚਸਪੀ ਰੱਖਣ ਵਾਲੇ ਵਿਅਕਤੀ ਜਿਸਨੇ ਅਵਾਰਡ[17] ਸਵੀਕਾਰ ਨਹੀ. ਕੀਤਾ ਹੈ, ਉਹ ਇਹ ਮੰਗ ਕਰ ਸਕਦਾ ਹੈ ਕਿ ਮਾਮਲੇ ਨੂੰ ਕੁਲੈਕਟਰ[18] ਦੁਆਰਾ ਅਦਾਲਤ ਦੇ ਨਿਰਧਾਰਨ ਲਈ ਭੇਜਿਆ ਜਾਵੇ। ਅਦਾਲਤ[19] ਇਹ ਨਿਰਦੇਸ਼ ਦੇ ਸਕਦੀ ਹੈ ਕਿ ਕੁਨੈਕਟਰ ਅਦਾਲਤ ਦੁਆਰਾ ਦਿੱਤੇ ਗਏ ਵਾਧੂ ਮੁਆਵਜ਼ੇ 'ਤੇ ਵਿਆਜ ਦਾ ਭੁਗਤਾਨ ਨੌਂ *ਪ੍ਰਤੀਸ਼ਤ* ਸਲਾਨਾ ਦੀ ਦਰ ਨਾਲ ਕਰੇਗਾ ਜਿਸ ਮਿਤੀ ਤੋਂ ਉਸਨੇ ਜ਼ਮੀਨ ਦਾ ਕਬਜ਼ਾ ਲਿਆ ਸੀ, ਉਸ ਮਿਤੀ ਤੋਂ ਅਦਾਲਤ

[17] "ਅਵਾਰਡ" ਦਾ ਮਤਲਬ ਜ਼ਮੀਨ ਪ੍ਰਾਪਤੀ ਅਧਿਕਾਰੀ (ਐਲ ਏ ਓ) ਜਾਂ ਕੁਨੈਕਟਰ ਦੁਆਰਾ ਉਸ ਜ਼ਮੀਨ ਮਾਲਕ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਬਾਰੇ ਰਸਮੀ ਫੈਸਲੇ ਤੋਂ ਹੈ ਜਿਸਦੀ ਜਾਇਦਾਦ ਸਰਕਾਰ ਦੁਆਰਾ ਜਨਤਕ ਉਦੇਸ਼ਾਂ ਲਈ ਹਾਸਲ ਕੀਤੀ ਜਾ ਰਹੀ ਹੈ। ਅਵਾਰਡ ਵਿੱਚ ਭੂਮੀ ਪ੍ਰਾਪਤੀ ਐਕਟ, 1984 ਦੇ ਅਧੀਨ ਮੁਆਵਜ਼ੇ ਦਾ ਨਿਰਧਾਰਨ, ਮੁਆਵਜ਼ੇ ਦੀ ਹੱਕਦਾਰੀ, ਜ਼ਮੀਨ ਅਤੇ ਜਾਇਦਾਦ ਦਾ ਵੇਰਵਾ, ਹੋਰ ਲਾਭ ਆਦਿ ਸ਼ਾਮਲ ਹਨ।

[18] "ਕੁਲੈਕਟਰ" ਦਾ ਮਤਲਬ ਹੈ ਕਿਸੇ ਜ਼ਿਲ੍ਹੇ ਦਾ ਕੁਲੈਕਟਰ ਅਤੇ ਇਸ ਵਿੱਚ ਇੱਕ ਡਿਪਟੀ ਕਮਿਸ਼ਨਰ ਅਤੇ ਇਸ ਐਕਟ ਅਧੀਨ ਕੁਲੈਕਟਰ ਦਾ ਕੰਮ ਕਰਨ ਲਈ ਉਚਿਤ ਸਰਕਾਰ ਦੁਆਰਾ ਵਿਸ਼ੇਸ਼ ਤੌਰ ਤੇ ਨਿਯੁਕਤ ਕੀਤਾ ਗਿਆ ਕੋਈ ਵੀ ਅਧਿਕਾਰੀ ਸ਼ਾਮਲ ਹੁੰਦਾ ਹੈ।

[19] "ਅਦਾਲਤ" ਦਾ ਮਤਲਬ ਹੈ ਮੂਲ ਅਧਿਕਾਰ ਖੇਤਰ ਦੀ ਪ੍ਰਮੁੱਖ ਸਿਵਲ ਅਦਾਲਤ, ਜਦੋਂ ਤੱਕ ਕਿ ਉਕਤ ਸਰਕਾਰ ਨੇ ਇਸ ਐਕਟ ਅਧੀਨ ਅਦਾਲਤ ਦੇ ਕਾਰਜਾਂ ਨੂੰ ਨਿਭਾਉਣ ਲਈ ਕਿਸੇ ਨਿਰਧਾਰਤ ਸਥਾਨਕ ਸੀਮਾਵਾਂ ਦੇ ਅੰਦਰ ਇੱਕ ਵਿਸ਼ੇਸ਼ ਨਿਆਂਇਕ ਅਧਿਕਾਰੀ ਨਿਯੁਕਤ ਨਹੀਂ ਕੀਤਾ ਹੈ।

ਵਿੱਚ ਅਜਿਹੇ ਵਾਧੂ ਮੁਆਵਜ਼ੇ ਦੇ ਭੁਗਤਾਨ ਦੀ ਮਿਤੀ ਤੱਕ ਜੇ ਵਾਧੂ ਮੁਆਵਜ਼ਾ ਜਾਂ ਇਸ ਦਾ ਕੋਈ ਹਿੱਸਾ ਕਬਜ਼ਾ ਲਏ ਜਾਣ ਦੀ ਮਿਤੀ ਤੋਂ ਇੱਕ ਸਾਲ ਦੀ ਮਿਆਦ ਖਤਮ ਹੋਣ ਦੀ ਮਿਤੀ ਜਾਂ ਮਿਆਦ ਖਤਮ ਹੋਣ ਤੋਂ ਬਾਅਦ ਅਦਾਲਤ ਵਿੱਚ ਅਦਾ ਕੀਤਾ ਜਾਂਦਾ ਹੈ, ਤਾਂ ਅਜਿਹੀ ਵਾਧੂ ਰਾਸ਼ੀ ਜਾਂ ਇਸ ਦੇ ਹਿੱਸੇ 'ਤੇ ਜੋ ਅਜਿਹੀ ਸਮਾਪਤੀ ਦੀ ਮਿਤੀ ਤੋਂ ਪਹਿਲਾਂ ਅਦਾਲਤ ਵਿੱਚ ਅਦਾ ਨਹੀਂ ਕੀਤੀ ਗਈ ਹੈ, 15 *ਪ੍ਰਤੀਸ਼ਤ* ਸਾਲਾਨਾ ਵਿਆਜ ਇੱਕ ਸਾਲ ਦੀ ਉਕਤ ਮਿਆਦ ਦੀ ਸਮਾਪਤੀ ਦੀ ਮਿਤੀ ਤੋਂ ਅਦਾ ਕੀਤਾ ਜਾਵੇਗਾ।

ਲੇਖਾ ਪ੍ਰੀਖਿਆ ਵਿੱਚ ਹੇਠ ਲਿਖੇ ਨੂੰ ਵੇਖਿਆ ਗਿਆ:

**(i)** ਰਣਜੀਤ ਸਾਗਰ ਡੈਮ ਪ੍ਰੋਜੈਕਟ, ਸ਼ਾਹਪੁਰਕੰਡੀ (ਐਫ ਏ ਐਂਡ ਸੀ ਏ ਓ) ਦੇ ਵਿੱਤੀ ਸਲਾਹਕਾਰ ਅਤੇ ਮੁੱਖ ਲੇਖਾ ਅਧਿਕਾਰੀ ਦੇ ਦਫ਼ਤਰ ਦੇ ਰਿਕਾਰਡ ਦੀ ਨਮੂਨਾ-ਜਾਂਚ (ਨਵੰਬਰ 2023) ਅਤੇ ਬਾਅਦ ਵਿੱਚ ਇਕੱਤਰ ਕੀਤੀ ਜਾਣਕਾਰੀ (ਮਾਰਚ 2024 ਤੱਕ) ਤੋਂ ਪਤਾ ਲੱਗਿਆ ਕਿ ਭੂਮੀ ਪ੍ਰਾਪਤੀ ਕੁਲੈਕਟਰ (ਐਲ ਏ ਸੀ), ਰਣਜੀਤ ਸਾਗਰ ਡੈਮ ਪ੍ਰੋਜੈਕਟ, ਸ਼ਾਹਪੁਰਕੰਡੀ, ਸਿੰਚਾਈ ਵਿਭਾਗ (ਹੁਣ ਜਲ ਸਰੋਤ ਵਿਭਾਗ), ਪੰਜਾਬ ਸਰਕਾਰ (ਜੀ ਓ ਪੀ) ਨੇ ਸ਼ਾਹਪੁਰਕੰਡੀ ਡੈਮ ਦੇ ਜਲ ਭੰਡਾਰ ਖੇਤਰ ਲਈ ਵੱਖ-ਵੱਖ ਸ਼੍ਰੇਣੀਆਂ ਦੀ ਜ਼ਮੀਨ ਲਈ ₹ 20,000/- ਪ੍ਰਤੀ ਏਕੜ ਤੋਂ ਲੈ ਕੇ ₹ 60,000/- ਪ੍ਰਤੀ ਏਕੜ (ਭਾਵ ₹ 95.24 ਪ੍ਰਤੀ *ਮਰਲਾ* ਅਤੇ ₹ 285.71 ਪ੍ਰਤੀ *ਮਰਲਾ*) ਦੀਆ ਦਰਾ ਤੇ 256.16 ਏਕੜ (ਭਾਵ 2,689 *ਕਨਾਲ* ਅਤੇ 14 *ਮਰਲਾ*) ਜ਼ਮੀਨ ਹਾਸਲ ਕੀਤੀ (12 ਮਾਰਚ 1998[20])।

ਐਲ ਏ ਸੀ ਦੁਆਰਾ ਨਿਰਧਾਰਤ ਕੀਤੇ ਗਏ ਬਾਜ਼ਾਰ ਮੁੱਲ ਤੋਂ ਨਾਰਾਜ਼ ਹੋ ਕੇ ਕੁਝ ਜ਼ਮੀਨ ਮਾਲਕਾਂ ਨੇ ਐਕੁਆਇਰ ਕੀਤੀ ਜ਼ਮੀਨ ਦੇ ਮੁਆਵਜ਼ੇ ਵਿੱਚ ਵਾਧੇ ਲਈ ਐਕਟ ਦੀ ਧਾਰਾ 18 ਅਧੀਨ ਜ਼ਿਲ੍ਹਾ ਅਦਾਲਤ, ਗੁਰਦਾਸਪੁਰ ਵਿੱਚ ਜ਼ਮੀਨ ਹਾਸਲ ਕਰਨ ਦੇ ਮਾਮਲੇ (42 ਮਾਮਲੇ) ਦਾਇਰ ਕੀਤੇ (ਸਤੰਬਰ 1998, ਅਕਤੂਬਰ 1998 ਅਤੇ ਜਨਵਰੀ 2000)। ਜ਼ਿਲ੍ਹਾ ਅਦਾਲਤ ਨੇ ਐਕਟ ਅਨੁਸਾਰ ਹੋਰ ਲਾਭਾਂ ਦੇ ਨਾਲ-ਨਾਲ ਵੱਖ-ਵੱਖ ਸ਼੍ਰੇਣੀਆਂ ਦੀਆਂ ਜ਼ਮੀਨਾਂ ਦੀਆਂ ਕੀਮਤਾਂ ਵਿੱਚ ₹ 125/- ਪ੍ਰਤੀ *ਮਰਲਾ* ਅਤੇ ₹ 800/- ਪ੍ਰਤੀ *ਮਰਲਾ* ਦੇ ਵਿਚਕਾਰ ਵਾਧਾ ਕੀਤਾ (ਸਤੰਬਰ 1999 ਅਤੇ ਜੂਨ 2000[21])। ਜ਼ਿਲ੍ਹਾਂ ਅਦਾਲਤ ਦੇ ਫੈਸਲੇ ਤੋਂ ਅਸੰਤੁਸ਼ਟ, ਜ਼ਮੀਨ ਮਾਲਕਾਂ ਨੇ ਜ਼ਮੀਨ ਦੇ ਮੁਆਵਜ਼ੇ ਵਿੱਚ ਵਾਧੇ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਬਕਾਇਦਾ ਰੈਗੂਲਰ ਫਸਟ ਅਪੀਲ (ਆਰ ਐਫ ਏ) (39 ਆਰ ਐਫ ਏਜ਼) ਦਾਇਰ ਕੀਤੀ (ਜੁਲਾਈ 2001 ਅਤੇ ਅਗਸਤ 2005)। ਹਾਈ ਕੋਰਟ ਨੇ ਅਧੀਨ ਹੋਰ ਕਾਨੂੰਨੀ ਲਾਭਾਂ ਦੇ

[20] ਜੀ ਓ ਪੀ ਨੇ 27 ਜੁਲਾਈ 1995 ਨੂੰ ਐਕਟ ਦੀ ਧਾਰਾ 4 ਦੇ ਅਧੀਨ ਨੋਟੀਫਿਕੇਸ਼ਨ ਜਾਰੀ ਕੀਤਾ; ਅਤੇ 15 ਮਾਰਚ 1996 ਨੂੰ ਐਕਟ ਦੀ ਧਾਰਾ 6 ਦੇ ਅਧੀਨ ਘੋਸ਼ਣਾ ਕੀਤੀ। ਜ਼ਮੀਨ ਦਾ ਕਬਜ਼ਾ 25 ਨਵੰਬਰ 1998 ਨੂੰ ਲਿਆ ਗਿਆ ਸੀ।

[21] ਇੱਕ ਮਾਮਲਾ (ਜਨਵਰੀ 2000 ਵਿੱਚ ਦਾਇਰ ਕੀਤਾ ਗਿਆ) ਵਿੱਚ, ਜ਼ਿਲ੍ਹਾ ਅਦਾਲਤ ਨੇ ਜ਼ਮੀਨ ਮਾਲਕ ਦੀ ਪਟੀਸ਼ਨ (ਅਕਤੂਬਰ 2003) ਨੂੰ ਖਾਰਜ ਕਰ ਦਿੱਤਾ ਜਿਸ ਵਿੱਚ ਜੂਨ 2000 ਵਿੱਚ ਜ਼ਿਲ੍ਹਾ ਅਦਾਲਤ ਦੁਆਰਾ ਪਹਿਲਾਂ ਹੀ ਦਿੱਤੇ ਗਏ ਅਧਿਕਾਰਾ ਤੋਂ ਇਲਾਵਾ ਜ਼ਮੀਨ ਦੀਆ ਕੀਮਤਾਂ ਵਿੱਚ ਵਾਧੇ ਨੂੰ ਰੱਦ ਕਰ ਦਿੱਤਾ ਗਿਆ ਸੀ।

ਨਾਲ-ਨਾਲ ਸਾਰੀਆਂ ਸ਼੍ਰੇਣੀਆਂ ਦੀ ਜ਼ਮੀਨ ਲਈ ਜ਼ਮੀਨ ਦਾ ਮੁਆਵਜ਼ਾ ₹ 1,754/- ਪ੍ਰਤੀ *ਮਰਲਾ* ਤੱਕ ਵਧਾ ਦਿੱਤਾ (ਜਨਵਰੀ 2016 ਅਤੇ ਅਪ੍ਰੈਲ 2016)।

ਲੇਖਾ ਪ੍ਰੀਖਿਆ ਨੇ ਦੇਖਿਆ ਕਿ ਹਾਈ ਕੋਰਟ ਦੇ ਫੈਸਲੇ (ਜਨਵਰੀ 2016 ਅਤੇ ਅਪ੍ਰੈਲ 2016) ਤੋਂ ਬਾਅਦ, ਵਿਭਾਗ ਨੇ 38-80 ਮਹੀਨਿਆਂ ਦੀ ਦੇਰੀ ਤੋਂ ਬਾਅਦ ₹ 7.92 ਕਰੋੜ ਦੇ ਵਧੇ ਹੋਏ ਮੁਆਵਜ਼ੇ ਦਾ ਭੁਗਤਾਨ (ਅਪ੍ਰੈਲ 2019 - ਅਕਤੂਬਰ 2022) ਕੀਤਾ। ਇਸ ਤੋਂ ਇਲਾਵਾ ਇਸ 'ਤੇ ₹ 25.06 ਕਰੋੜ[22] ਦੇ ਵਿਆਜ ਦਾ ਭੁਗਤਾਨ ਕੀਤਾ (**ਅੰਤਿਕਾ 6.2**)।

ਵਿਭਾਗ ਨੇ (ਮਾਰਚ 2025) ਭੁਗਤਾਨ ਕਰਨ ਵਿੱਚ ਦੇਰੀ ਦੇ ਕਾਰਣਾਂ ਨੂੰ ਐਡਵੋਕੇਟ ਜਨਰਲ, ਪੰਜਾਬ ਤੋਂ ਕਾਨੂੰਨੀ ਸਲਾਹ ਦੀ ਦੇਰੀ ਨਾਲ ਪ੍ਰਾਪਤੀ; ਐਲ ਏ ਸੀ ਤੋਂ ਡਿਕਰੇਟਲ ਸਟੇਟਮੈਂਟਾਂ; ਅਤੇ ਵਿੱਤ ਵਿਭਾਗ ਤੋਂ ਲੋੜੀਦੇ ਫੰਡਾਂ ਲਈ ਪਾਬੰਦੀਆਂ ਨੂੰ ਜ਼ਿੰਮੇਵਾਰ ਠਹਿਰਾਇਆ। ਹਾਲਾਂਕਿ, ਲੇਖਾ ਪ੍ਰੀਖਿਆ ਨੇ ਦੇਖਿਆ ਕਿ ਦੇਰੀ ਪੂਰੀ ਤਰ੍ਹਾਂ ਪ੍ਰਸ਼ਾਸਕੀ ਪ੍ਰਕਿਰਤੀ ਦੀ ਸੀ ਅਤੇ ਟਾਲਣਯੋਗ ਸੀ।

ਇਸ ਤਰ੍ਹਾਂ, ਹਾਈ ਕੋਰਟ ਦੇ ਫੈਸਲੇ ਦੀ ਪਾਲਣਾ ਕਰਦਿਆ ਜ਼ਮੀਨ ਮਾਲਕਾਂ ਨੂੰ ਵਧੇ ਹੋਏ ਮੁਆਵਜ਼ੇ ਦਾ ਭੁਗਤਾਨ ਕਰਨ ਵਿੱਚ 38-80 ਮਹੀਨਿਆਂ ਦੀ ਦੇਰੀ ਨੇ ਸਰਕਾਰੀ ਖਜ਼ਾਨੇ 'ਤੇ 734-1,921 ਦਿਨਾਂ ਦੀ ਮਿਆਦ ਲਈ ₹ 4.83 ਕਰੋੜ[23] ਦੇ ਵਿਆਜ ਦੇ ਰੂਪ ਵਿੱਚ ਟਾਲਣਯੋਗ ਬੋਝ ਪਾਇਆ (**ਅੰਤਿਕਾ 6.2**)।

ਮਾਮਲਾ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ (ਮਈ 2024); ਉਨ੍ਹਾਂ ਦੇ ਜਵਾਬ ਦੀ ਉਡੀਕ ਸੀ (ਜਨਵਰੀ 2025)।

**(ii)** ਕੰਢੀ ਨਹਿਰ ਸਟੇਜ-II ਡਿਵੀਜ਼ਨ, ਹੁਸ਼ਿਆਰਪੁਰ ਦੇ ਕਾਰਜਕਾਰੀ ਇੰਜੀਨੀਅਰ (ਈ ਈ) ਦੇ ਰਿਕਾਰਡ ਦੀ ਨਮੂਨਾ ਜਾਂਚ (ਮਈ 2023) ਨੇ ਖੁਲਾਸਾ ਕੀਤਾ ਕਿ ਲੈਂਡ ਐਕਵਿਜ਼ਿਸ਼ਨ ਕੁਲੈਕਟਰ (ਐਲ ਏ ਸੀ), ਉਸਾਰੀ ਸਰਕਲ, ਹੁਸ਼ਿਆਰਪੁਰ, ਸਿੰਚਾਈ ਵਿਭਾਗ (ਹੁਣ ਜਲ ਸਰੋਤ ਵਿਭਾਗ), ਪੰਜਾਬ ਸਰਕਾਰ (ਜੀ ਓ ਪੀ) ਨੇ ਕੰਢੀ ਨਹਿਰ ਸਟੇਜ-II ਦੀ ਉਸਾਰੀ ਲਈ 90 *ਕਨਾਲ* ਅਤੇ 6 *ਮਰਲੇ* ਦੀ ਜ਼ਮੀਨ ਕੇ ਐਮ 62.705 ਤੋਂ 63.700 ਤੱਕ ਹਾਸਲ ਕੀਤੀ ਸੀ (12 ਜੁਲਾਈ 2007)।

ਐਲ ਏ ਸੀ ਦੁਆਰਾ ਨਿਰਧਾਰਤ ਕੀਤੇ ਗਏ ਬਾਜ਼ਾਰ ਮੁੱਲ ਤੋਂ ਅਸੰਤੁਸ਼ਟ, ਇੱਕ ਜ਼ਮੀਨ ਮਾਲਕ ਨੇ ਐਕਟ ਦੀ ਧਾਰਾ 18 ਦੇ ਅਧੀਨ ਜ਼ਿਲ੍ਹਾ ਅਦਾਲਤ, ਹੁਸ਼ਿਆਰਪੁਰ ਕੋਲ ਪਹੁੰਚ ਕੀਤੀ (ਮਾਰਚ 2011) ਜ਼ਮੀਨ ਦੇ ਮੁਆਵਜ਼ੇ ਵਿੱਚ ਵਾਧਾ ਕੀਤਾ ਜਾਂ ਸਕੇ ਅਤੇ ਨਾਲ ਹੀ ਹਾਸਲ ਨਾ

---

[22] ਐਕਟ ਅਧੀਨ ਲਾਗੂ ਹੋਣ ਵਾਲੀਆ ਤਾਰੀਖਾਂ ਤੋਂ ਲੈ ਕੇ ਉਨ੍ਹਾਂ ਤਾਰੀਖਾਂ ਤੱਕ ਗਣਨਾ ਕੀਤੀ ਜਾਂਦੀ ਹੈ ਜਿੰਨ੍ਹਾਂ ਤੱਕ ਵਿਆਜ ਦੀ ਰਾਸ਼ੀ ਦੀ ਗਣਨਾ ਡਿਕਰੇਟਲ ਸਟੇਟਮੈਂਟਾਂ ਵਿੱਚ ਕੀਤੀ ਗਈ ਸੀ।

[23] ਹਾਈ ਕੋਰਟ ਦੇ ਫੈਸਲੇ ਦੀਆਂ ਤਾਰੀਖਾਂ ਅਤੇ ਸੁਪਰੀਮ ਕੋਰਟ ਵਿੱਚ ਅਪੀਲ ਕਰਨ ਲਈ 90 ਦਿਨਾਂ ਤੋਂ ਲੈ ਕੇ ਉਨ੍ਹਾਂ ਤਾਰੀਖਾਂ ਤੱਕ ਗਣਨਾ ਕੀਤੀ ਜਾਂਦੀ ਹੈ ਜਿੰਨ੍ਹਾਂ ਤੱਕ ਵਿਆਜ ਦੀ ਰਾਸ਼ੀ ਦੀ ਗਣਨਾ ਡਿਕਰੇਟਲ ਸਟੇਟਮੈਂਟਾਂ ਵਿੱਚ ਕੀਤੀ ਗਈ ਸੀ।

ਕੀਤੀ[24] ਜ਼ਮੀਨ ਦਾ ਮੁਆਵਜ਼ਾ ਦਿੱਤਾ ਜਾ ਸਕੇ। ਅਦਾਲਤ ਨੇ ਹਾਸਲ ਨਾ ਕੀਤੀ ਜ਼ਮੀਨ ਦਾ ਮੁਆਵਜ਼ਾ[25] ਦਿੱਤਾ (ਦਸੰਬਰ 2012) ਪਰ ਹਾਸਲ ਕੀਤੀ ਜ਼ਮੀਨ ਦੇ ਮੁਆਵਜ਼ੇ ਵਿੱਚ ਵਾਧਾ ਨਹੀਂ ਕੀਤਾ। ਹਾਸਲ ਕੀਤੀ ਜ਼ਮੀਨ ਦੇ ਮੁਆਵਜ਼ੇ ਵਿੱਚ ਵਾਧੇ ਲਈ, ਜ਼ਮੀਨ ਮਾਲਕ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਅਪੀਲ ਦਾਇਰ ਕੀਤੀ (ਜੂਨ 2013)। ਹਾਈ ਕੋਰਟ ਨੇ ਐਕਟ ਅਨੁਸਾਰ ਹੋਰ ਲਾਭਾਂ ਦੇ ਨਾਲ ਜ਼ਮੀਨ ਦੀ ਕੀਮਤ ਵਧਾ ਕੇ ₹ 18,040/- ਪ੍ਰਤੀ *ਮਰਲਾ* (₹ 2,250/- ਪ੍ਰਤੀ *ਮਰਲਾ* ਤੋਂ) ਕਰ ਦਿੱਤੀ (10 ਮਈ 2016)।

ਹਾਈ ਕੋਰਟ ਦੇ ਫੈਸਲੇ (10 ਮਈ 2016) ਦੇ ਅਨੁਸਾਰ ਵਿਭਾਗ ਵੱਲੋਂ ਵਧੇ ਹੋਏ ਮੁਆਵਜ਼ੇ ਦਾ ਭੁਗਤਾਨ ਨਾ ਕੀਤੇ ਜਾਣ ਕਾਰਣ ਜ਼ਮੀਨ ਮਾਲਕ ਨੇ ਜ਼ਿਲ੍ਹਾ ਅਦਾਲਤ, ਹੁਸ਼ਿਆਰਪੁਰ ਵਿੱਚ ਮਾਮਲਾ ਦਾਇਰ ਕੀਤਾ (ਅਪ੍ਰੈਲ 2021)। ਵਿਭਾਗ ਨੇ (ਅਗਸਤ 2022) ਜ਼ਮੀਨ ਮਾਲਕ ਨੂੰ ਭੁਗਤਾਨ ਨਾ ਕਰਨ ਦੇ ਕਾਰਣਾਂ ਲਈ ਭਾਰਤ ਦੀ ਸੁਪਰੀਮ ਕੋਰਟ ਵਿੱਚ ਲੰਬਿਤ ਵਿਸ਼ੇਸ਼ ਛੁੱਟੀ ਪਟੀਸ਼ਨਾਂ (ਐਸ ਐਲ ਪੀ) (ਨਵੰਬਰ 2017 ਤੱਕ) ਨੂੰ ਅਜਿਹੇ ਹੋਰ ਮਾਮਲਿਆਂ, ਵਿਭਾਗ ਦੇ ਪੁਨਰਗਠਨ ਅਤੇ ਕੋਵਿਡ-19 ਮਹਾਂਮਾਰੀ ਕਾਰਣ ਦੱਸਿਆ, ਜਿਸ ਨਾਲ ਉਨ੍ਹਾਂ ਦਾ ਅਧਿਕਾਰਤ ਕੰਮ ਪ੍ਰਭਾਵਿਤ ਹੋਇਆ। ਫਿਰ ਵੀ, ਅਦਾਲਤ ਦੇ ਦਖਲ ਤੋਂ ਬਾਅਦ, ਵਿਭਾਗ ਨੇ ਹਾਸਲ ਕੀਤੀ ਜ਼ਮੀਨ ਦੇ ਸੰਬੰਧ ਵਿੱਚ ₹ 3.18 ਕਰੋੜ ਦਾ ਭੁਗਤਾਨ ਕੀਤਾ (ਮਾਰਚ 2023), ਜਿਸ ਵਿੱਚ 4 ਨਵੰਬਰ 2005 ਤੋਂ 31 ਦਸੰਬਰ 2022 ਤੱਕ ਦੀ ਮਿਆਦ ਲਈ ₹ 0.85 ਕਰੋੜ ਦਾ ਵਧਿਆ ਮੁਆਵਜ਼ਾ ਅਤੇ ₹ 2.09 ਕਰੋੜ ਦਾ ਵਿਆਜ ਸ਼ਾਮਲ ਸੀ; ਅਤੇ ਅਣਐਕਵਾਇਰ ਕੀਤੀ ਜ਼ਮੀਨ ਦੇ ਸਬੰਧ ਵਿੱਚ ਵਧੇ ਹੋਏ ਮੁਆਵਜ਼ੇ ਦੇ ਅਧੀਨ (ਐਕਟ ₹ 2.23 ਲੱਖ ਵਾਧੇ ਦੇ ਖਰਚਿਆਂ[26] ਅਤੇ ਵਿਆਜ ਨੂੰ ਛੱਡ ਕੇ, ਜੋ ਅਜੇ ਭੁਗਤਾਨ ਬਾਕੀ ਸੀ) ₹ 0.24 ਕਰੋੜ ਦਾ ਭੁਗਤਾਨ ਕੀਤਾ ਗਿਆ।

ਚੀਫ ਇੰਜੀਨੀਅਰ (ਨਹਿਰਾਂ) ਨੇ ਕਿਹਾ (ਮਈ 2025) ਕਿ ਮਾਣਯੋਗ ਹਾਈ ਕੋਰਟ ਦੇ ਹੁਕਮ (ਮਈ 2016) ਨੇ ਸਿਰਫ ਡਿਕ੍ਰੀ ਧਾਰਕ ਦੇ ਵਧੇ ਹੋਏ ਮੁਆਵਜ਼ੇ ਦੇ ਹੱਕ ਦੀ ਪੁਸ਼ਟੀ ਕੀਤੀ ਅਤੇ ਵਿਭਾਗ ਨੂੰ ਭੁਗਤਾਨ ਜਾਰੀ ਕਰਨ ਦਾ ਨਿਰਦੇਸ਼ ਨਹੀਂ ਦਿੱਤਾ। ਵਿਭਾਗ ਦਾ ਜਵਾਬ ਸਵੀਕਾਰਯੋਗ ਨਹੀਂ ਸੀ, ਕਿਉਂਕਿ ਅਦਾਲਤ ਵੱਲੋਂ ਅਜਿਹੇ ਕੋਈ ਨਿਰਦੇਸ਼ ਨਹੀਂ ਦਿੱਤੇ ਗਏ ਸਨ ਅਤੇ ਵਿਭਾਗ ਨੂੰ ਐਕਟ ਅਨੁਸਾਰ ਜ਼ਮੀਨ ਮਾਲਕ ਨੂੰ ਭੁਗਤਾਨਯੋਗ ਵਧੇ ਹੋਏ ਮੁਆਵਜ਼ੇ ਦੀ ਰਾਸ਼ੀ ਦੀ ਗਣਨਾ ਕਰਨ ਦੀ ਲੋੜ ਸੀ।

---

[24] ਨਹਿਰ ਦੀ ਉਸਾਰੀ ਕਾਰਣ ਹਾਸਲ ਕੀਤੀ ਜ਼ਮੀਨ ਖੇਤੀ ਯੋਗ ਨਾ ਹੋਣ ਦੀ ਦਲੀਲ 'ਤੇ, ਕਿਉਂਕਿ ਇਹ ਨਹਿਰ ਦੇ ਦੋਵੇਂ ਪਾਸਿਆਂ 'ਤੇ ਵੰਡੀ ਗਈ ਸੀ।

[25] ਐਕਟ ਦੀ ਧਾਰਾ 23(2) ਦੇ ਅਧੀਨ ਬਾਜ਼ਾਰ ਮੁੱਲ ਦੇ 30 *ਪ੍ਰਤੀਸ਼ਤ* ਦੀ ਦਰ ਨਾਲ ਅਲਹਿਕਗੀ ਚਾਰਜ (ਮੁਆਵਜ਼ਾ), ਧਾਰਾ 4 (21-01-2005) ਅਧੀਨ ਨੋਟੀਫਿਕੇਸ਼ਨ ਜਾਰੀ ਹੋਦ ਦੀ ਮਿਤੀ ਤੋਂ ਲੈ ਕੇ ਕਬਜ਼ਾ ਲੈਣ ਦੀ ਮਿਤੀ (3-11-2005) ਜਾਂ ਅਵਾਰਡ ਦੀ ਘੋਸ਼ਣਾ (12-7-2007) ਜੋ ਵੀ ਪਹਿਲਾਂ ਐਕਟ ਦੀ ਧਾਰਾ 23(1)(ਏ) ਅਧੀਨ ਹੋਵੇ, ਤੱਕ 12 *ਪ੍ਰਤੀਸ਼ਤ* ਪ੍ਰਤੀ ਸਾਲ ਦੀ ਦਰ ਨਾਲ ਕੀਮਤ ਵਿੱਚ ਵਾਧੇ ਦਾ ਖਰਚਾ; ਧਾਰਾ 4 ਅਧੀਨ ਨੋਟੀਫਿਕੇਸ਼ਨ ਜਾਰੀ ਹੋਣ ਦੀ ਮਿਤੀ ਤੋਂ ਪਹਿਲੇ ਸਾਲ ਲਈ ਪ੍ਰਤੀ ਸਾਲ ਅਤੇ ਉਸ ਤੋਂ ਬਾਅਦ ਮੁਆਵਜ਼ੇ ਦੀ ਪੂਰੀ ਰਾਸ਼ੀ ਦੀ ਪ੍ਰਾਪਤੀ ਤੱਕ 15 *ਪ੍ਰਤੀਸ਼ਤ* ਪ੍ਰਤੀ ਸਾਲ ਦੀ ਦਰ ਨਾਲ।

[26] ਐਕਟ ਦੀ ਧਾਰਾ 4 (21-1-2005) ਅਧੀਨ ਨੋਟੀਫਿਕੇਸ਼ਨ ਜਾਰੀ ਹੋਣ ਦੀ ਮਿਤੀ ਤੋਂ ਕਬਜ਼ੇ ਦੀ ਮਿਤੀ (3-11-2005) ਤੱਕ 12 *ਪ੍ਰਤੀਸ਼ਤ* ਦੀ ਦਰ ਨਾਲ ਗਣਨਾ ਕੀਤੀ ਗਈ ਹੈ।

ਇਸ ਤਰ੍ਹਾਂ ਅਦਾਲਤ ਵੱਲੋਂ ਵਧਾਏ ਗਏ ਜ਼ਮੀਨ ਮੁਆਵਜ਼ੇ ਦੇ ਭੁਗਤਾਨ ਵਿੱਚ 64 ਮਹੀਨਿਆਂ[27] ਤੋਂ ਵੱਧ ਦੀ ਦੇਰੀ ਨੇ 14 ਨਵੰਬਰ 2017[28] ਤੋਂ 31 ਦਸੰਬਰ 2022 (**ਅੰਤਿਕਾ 6.3**) ਤੱਕ ਦੀ ਮਿਆਦ ਲਈ ₹ 0.84 ਕਰੋੜ ਦੇ ਵਿਆਜ ਦੇ ਰੂਪ ਵਿੱਚ ਸਰਕਾਰੀ ਖਜ਼ਾਨੇ 'ਤੇ ਟਾਲਣਯੋਗ ਬੋਝ ਪਾਇਆ, ਜਿਸ ਵਿੱਚੋਂ ਹਾਸਲ ਕੀਤੀ ਜ਼ਮੀਨ 'ਤੇ ₹ 0.64 ਕਰੋੜ ਜ਼ਮੀਨ ਮਾਲਕ ਨੂੰ ਭੁਗਤਾਨ ਕੀਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ, ₹ 2.23 ਲੱਖ ਦੀ ਬਕਾਇਆ ਰਾਸ਼ੀ (ਐਕਵਾਇਰ ਨਾ ਕੀਤੀ ਜ਼ਮੀਨ ਦੇ ਐਪਰੀਸ਼ਿਏਸ਼ਨ ਚਾਰਜ) ਦੇ ਸਬੰਧ ਵਿੱਚ ਕੀਮਤ ਵਿੱਚ ਵਾਧੇ ਦਾ ਖਰਚ 'ਤੇ ਵਿਆਜ ਅੰਤਿਮ ਭੁਗਤਾਨ ਤੱਕ ਵਧਦਾ ਰਹੇਗਾ।

ਮਾਮਲਾ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ (ਜੁਲਾਈ 2023); ਉਨ੍ਹਾਂ ਦੇ ਜਵਾਬ ਦੀ ਉਡੀਕ ਸੀ (ਜਨਵਰੀ 2025)।

**ਸਿਫਾਰਸ਼: ਰਾਜ ਸਰਕਾਰ ਜ਼ਮੀਨ ਮਾਲਕਾਂ ਨੂੰ ਤੁਰੰਤ ਮੁਆਵਜ਼ੇ ਦੇ ਭੁਗਤਾਨ ਨੂੰ ਯਕੀਨੀ ਬਣਾ ਸਕਦੀ ਹੈ ਤਾਂ ਜੋ ਦੇਰੀ ਨਾਲ ਭੁਗਤਾਨ 'ਤੇ ਵਿਆਜ ਦੇ ਭੁਗਤਾਨ ਤੋਂ ਬਚਿਆ ਜਾ ਸਕੇ।**

## 6.6 ਮੁਆਵਜ਼ੇ ਅਤੇ ਵਿਆਜ ਦਾ ਟਾਲਣਯੋਗ ਭੁਗਤਾਨ

**ਵਿਭਾਗ ਵੱਲੋਂ ਆਪਣੀਆਂ ਇਕਰਾਰਨਾਮੇ ਦੀਆ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਕੋਤਾਹੀ ਕਾਰਣ ਸਮਾਂ ਦੀ ਦੇਰੀ, ਜਿਸ ਦੇ ਕਾਰਣ ਆਰਬਿਟਰੇਟਰ ਦੁਆਰਾ ਮੁਆਵਜ਼ਾ (ਵਿਆਜ ਸਮੇਤ) ਦਿੱਤਾ ਗਿਆ, ਅਤੇ ਜਿਸ ਤੋਂ ਬਾਅਦ ਅਦਾਲਤ ਵਿੱਚ ਮਾਮਲੇ ਦਾ ਬਚਾਅ ਕਰਨ ਵਿੱਚ ਸਥਿਰਤਾ/ਅਨਿਸ਼ਚਿਤਤਾ ਦੇ ਨਤੀਜੇ ਵਜੋਂ ਠੇਕੇਦਾਰ ਨੂੰ ₹ 2.73 ਕਰੋੜ ਦੇ ਮੁਆਵਜ਼ੇ ਅਤੇ ਵਿਆਜ ਦਾ ਟਾਲਣਯੋਗ ਭੁਗਤਾਨ ਹੋਇਆ।**

ਪੰਜਾਬ ਲੋਕ ਨਿਰਮਾਣ ਵਿਭਾਗ ਕੋਡ (ਕੋਡ) ਦੇ ਨਿਯਮ 2.75 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਇੰਜੀਨੀਅਰ ਅਤੇ ਉਨ੍ਹਾਂ ਦੇ ਅਧੀਨ ਕਰਮਚਾਰੀ ਇਕਰਾਰਨਾਮੇ ਦੀਆਂ ਸ਼ਰਤਾਂ ਨੂੰ ਸਖਤੀ ਨਾਲ ਲਾਗੂ ਕਰਨ ਲਈ ਜ਼ਿੰਮੇਵਾਰ ਹਨ ਅਤੇ ਕੋਈ ਵੀ ਅਜਿਹਾ ਕੰਮ ਨਹੀਂ ਕੀਤਾ ਜਾਣਾ ਚਾਹੀਦਾ ਜਿਸ ਨਾਲ ਇਕਰਾਰਨਾਮਾ ਰੱਦ ਜਾਂ ਖਰਾਬ ਹੋ ਸਕਦਾ ਹੈ। ਇਸ ਤੋਂ ਇਲਾਵਾ, ਪੰਜਾਬ ਵਿੱਤੀ ਨਿਯਮਾਂ (ਭਾਗ-1) ਦੇ ਨਿਯਮ 17.17 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਨਿਰਵਿਵਾਦ ਤੌਰ 'ਤੇ ਭੁਗਤਾਨਯੋਗ ਪੈਸਾ, ਜਿੱਥੋਂ ਤੱਕ ਸੰਭਵ ਹੋਵੇ, ਬਿਨਾਂ ਭੁਗਤਾਨ ਕੀਤੇ ਨਹੀਂ ਛੱਡਿਆ ਜਾਣਾ ਚਾਹੀਦਾ।

ਕਾਰਜਕਾਰੀ ਇੰਜੀਨੀਅਰ, ਸ਼ਾਹ ਨੇਹਰ ਐਕਸਟੈਂਸ਼ਨ (ਐਸ ਐਨ ਈ) ਮਕੈਨੀਕਲ ਡਿਵੀਜ਼ਨ, ਹੁਸ਼ਿਆਰਪੁਰ (ਈ ਈ) ਦੇ ਦਫ਼ਤਰ ਵਿੱਚ ਰਿਕਾਰਡ ਦੀ ਲੇਖਾ ਪ੍ਰੀਖਿਆ (ਫਰਵਰੀ 2020) ਅਤੇ ਇਸ ਤੋਂ ਬਾਅਦ ਇਕੱਠੀ ਕੀਤੀ ਜਾਣਕਾਰੀ (ਮਾਰਚ 2023) ਤੋਂ ਪਤਾ ਲੱਗਿਆ ਕਿ "ਐਸ ਵਾਈ ਐਲ, ਨਹਿਰ ਦੇ ਆਰ ਡੀ 0.149 ਕਿਲੋਮੀਟਰ ਤੇ ਇਨਟੇਕ ਰੈਗੂਲੇਟਰ ਨਾਲ ਲੋਹੰਡ ਸਾਈਫਨ ਦੀ ਉਸਾਰੀ" ਦਾ ਕੰਮ ਇੱਕ ਠੇਕੇਦਾਰ ਨੂੰ ₹ 0.71 ਕਰੋੜ ਦੀ ਲਾਗਤ ਨਾਲ 18 ਮਹੀਨਿਆਂ ਦੇ ਅੰਦਰ ਭਾਵ ਸਤੰਬਰ 1986 ਤੱਕ ਪੂਰਾ ਕਰਨ ਲਈ ਅਲਾਟ ਕੀਤਾ ਗਿਆ ਸੀ (ਮਾਰਚ 1985)। ਹਾਲਾਂਕਿ,

---

[27] ਨਵੰਬਰ 2017 ਤੋਂ ਮਾਰਚ 2023 ਤੱਕ।

[28] 14-11-2017 ਤੋਂ ਗਣਨਾ ਕੀਤੀ ਗਈ, ਜਿਸ ਮਿਤੀ ਨੂੰ ਸੁਪਰੀਮ ਕੋਰਟ ਨੇ ਵਿਭਾਗ ਦੇ ਨਾਲ-ਨਾਲ ਅਜਿਹੇ ਹੋਰ ਮਾਮਲਿਆਂ ਵਿੱਚ ਜ਼ਮੀਨ ਮਾਲਕਾਂ ਦੁਆਰਾ ਦਾਇਰ ਸ਼ਪੈਸ਼ਲ ਲੀਵ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ।

ਇਹ ਕੰਮ 42 ਮਹੀਨਿਆਂ ਦੀ ਦੇਰੀ ਨਾਲ ਪੂਰਾ ਹੋਇਆ ਸੀ (ਮਾਰਚ 1990)। ਕੰਮ ਪੂਰਾ ਹੋਣ ਵਿੱਚ ਦੇਰੀ ਦਾ ਕਾਰਣ ਡਰਾਇੰਗਾਂ ਦੀ ਦੇਰੀ ਨਾਲ ਸਪਲਾਈ, ਠੇਕੇਦਾਰ ਨੂੰ ਸਮੱਗਰੀ ਦੀ ਸਪਲਾਈ ਵਿੱਚ ਦੇਰੀ, ਬਿਜਲੀ ਕੁਨੈਕਸ਼ਨ ਦੇਰੀ ਨਾਲ ਪ੍ਰਬੰਧ ਕਰਨਾ, ਕੰਮ ਬੰਦ ਕਰਨਾ, ਆਦਿ ਸੀ।

ਸਮੇਂ ਦੀ ਦੇਰੀ ਕਾਰਣ, ਠੇਕੇਦਾਰ ਨੇ ਵਿਭਾਗ ਕੋਲ ਮੁਆਵਜ਼ਾ ਲੈਣ ਅਤੇ ਇਸ ਮਕਸਦ ਲਈ ਆਰਬਿਟਰੇਟਰ ਦੀ ਨਿਯੁਕਤੀ ਲਈ ਮਾਮਲੇ ਦੀ ਪੈਰਵ੍ਹੀ ਕਰਨ ਤੋਂ ਬਾਅਦ (ਨਵੰਬਰ 1991 ਤੋਂ), ਅਦਾਲਤ[29] ਤੱਕ ਪਹੁੰਚ ਕੀਤੀ, ਜਿਸ ਨੇ ਜਨਵਰੀ 2010/ਮਈ 2014 ਵਿੱਚ ਇੱਕ ਆਰਬਿਟਰੇਟਰ ਦੀ ਨਿਯੁਕਤੀ/ਮੁੜ ਨਿਯੁਕਤੀ ਕੀਤੀ। ਆਰਬਿਟਰੇਟਰ ਨੇ (ਫਰਵਰੀ 2015) ਨੂੰ ਨਵੰਬਰ 1991 ਤੋਂ ਫਰਵਰੀ 2015 (ਭਾਵ ਅਵਾਰਡ ਦੀ ਮਿਤੀ ਤੱਕ) ਦੀ ਮਿਆਦ ਲਈ *15 ਪ੍ਰਤੀਸ਼ਤ ਪ੍ਰਤੀ ਸਾਲਾਨਾ* ਦੀ ਦਰ ਨਾਲ ਵਿਆਜ ਸਮੇਤ ₹ 7.34 ਲੱਖ ਦਾ ਮੁਆਵਜ਼ਾ ਅਤੇ ਇਸ ਦੀ ਪ੍ਰਾਪਤੀ ਤੱਕ ਕੰਪਾਊਂਡ ਕੀਤੀ ਰਾਸ਼ੀ (ਫਰਵਰੀ 2015) 'ਤੇ 10 *ਪ੍ਰਤੀਸ਼ਤ ਪ੍ਰਤੀ ਸਾਲਾਨਾ* ਦੀ ਦਰ ਨਾਲ ਹੋਰ ਵਿਆਜ ਦੀ ਘੋਸ਼ਣਾ ਕੀਤੀ।

ਈ ਈ ਨੇ ਠੇਕੇਦਾਰ ਨੂੰ ਭੁਗਤਾਨ ਕਰਕੇ ਅਵਾਰਡ ਨੂੰ ਲਾਗੂ ਕਰਨ ਦੀ ਬਜਾਏ ਕਾਨੂੰਨੀ ਰਾਹਤ ਲਈ ਜ਼ਿਲ੍ਹਾ ਅਦਾਲਤਾਂ ਅਤੇ ਹਾਈ ਕੋਰਟ ਪਹੁੰਚ ਕੀਤੀ (ਸਤੰਬਰ 2015-ਅਕਤੂਬਰ 2016)। ਪਰ ਸਬੰਧਤ ਮਾਣਯੋਗ ਅਦਾਲਤਾਂ ਨੇ ਰਾਹਤ ਪਟੀਸ਼ਨਾਂ ਨੂੰ ਖੇਤਰੀ ਅਧਿਕਾਰ ਖੇਤਰ/ਸਮਾਂਬੱਧ[30]/ਯੋਗਤਾ ਤੋਂ ਰਹਿਤ ਹੋਣ ਕਾਰਣ ਰੋਕ/ਖਾਰਜ ਕਰ ਦਿੱਤਾ (ਜਨਵਰੀ 2016-ਫਰਵਰੀ 2017)। ਅੰਤ ਵਿੱਚ ਮਾਨਯੋਗ ਸੁਪਰੀਮ ਕੋਰਟ ਨੇ ਦੇਰੀ ਨੂੰ ਮੁਆਫ ਕਰ ਦਿੱਤਾ (ਨਵੰਬਰ 2017), ਹਾਲਾਂਕਿ, ਵਿਭਾਗ ਦੁਆਰਾ ਕੇਸ ਦੀ ਪੈਰਵ੍ਹੀ/ਬਚਾਅ ਲਈ ਕੋਈ ਹੋਰ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ ਸੀ।

ਇਸ ਤੋਂ ਬਾਅਦ, ਜ਼ਿਲ੍ਹਾ ਅਦਾਲਤ ਦੁਆਰਾ ਪਾਸ ਕੀਤੇ ਗਏ ਐਗਜ਼ੀਕਿਊਸ਼ਨ ਆਰਡਰ (ਜੁਲਾਈ 2018) ਦੇ ਅਧਾਰ 'ਤੇ ਈ ਈ ਨੇ ਆਰਬਿਟਰੇਸ਼ਨ ਅਵਾਰਡ ਦੇ ਅਨੁਸਾਰ ਮੁਆਵਜ਼ੇ ਅਤੇ ਵਿਆਜ ਦੀ ਬਕਾਇਆ ਰਾਸ਼ੀ ਦੇ ਰੂਪ ਵਿੱਚ ਠੇਕੇਦਾਰ ਨੂੰ ₹ 2.73 ਕਰੋੜ[31] ਦਾ ਭੁਗਤਾਨ ਕੀਤਾ (ਨਵੰਬਰ 2018)।

ਚੀਫ ਇੰਜੀਨੀਅਰ (ਨਹਿਰਾਂ) ਨੇ ਲੰਮੀ ਕਾਨੂੰਨੀ ਪ੍ਰਕਿਰਿਆ ਨੂੰ ਠੇਕੇਦਾਰ ਨੂੰ ਦੇਰੀ ਨਾਲ ਭੁਗਤਾਨ ਕਰਨ ਦੇ ਕਾਰਣ ਵਜੋਂ ਜ਼ਿੰਮੇਵਾਰ ਠਹਿਰਾਇਆ (ਮਈ 2025)। ਹਾਲਾਂਕਿ, ਵਿਭਾਗ ਨੇ ਜ਼ਿਲ੍ਹਾ

---

29 ਮਾਣਯੋਗ ਸਿਵਲ ਜੱਜ ਅਦਾਲਤ (ਸੀਨੀਅਰ ਡਿਵੀਜ਼ਨ), ਰੂਪਨਗਰ।

30 ਪਟੀਸ਼ਨ ਦਾਇਰ ਕਰਨ ਲਈ 102 ਦਿਨਾਂ ਦੀ ਦੇਰੀ (1 ਮਾਰਚ 2015 ਤੋਂ 8 ਸਤੰਬਰ 2015 ਤੱਕ 192 ਦਿਨ (−) ਸਵੀਕਾਰਯੋਗ 90 ਦਿਨ)।

31 ***(₹ ਲੱਖ ਵਿੱਚ)***

| | |
|---|---:|
| ਮੁਆਵਜ਼ਾ | 7.34 |
| ਮੁਆਵਜ਼ੇ ਤੇ ਸਾਲਾਨਾ ਕੰਪਾਊਂਡ ਕੀਤਾ ਵਿਆਜ ਨਵੰਬਰ 1991 ਤੋਂ ਫਰਵਰੀ 2015 ਤੱਕ 15 *ਪ੍ਰਤੀਸ਼ਤ ਸਾਲਾਨਾ* ਦੀ ਦਰ ਨਾਲ | 183.14 |
| ਅਵਾਰਡ ਦੇਣ ਦੀ ਮਿਤੀ ਤੋਂ ਲੈ ਕੇ ਇਸ ਦੀ ਅਸਲ ਪ੍ਰਾਪਤੀ (ਭਾਵ ਮਾਰਚ 2015 ਤੋਂ ਅਕਤੂਬਰ 2018 ਤੱਕ) ਤੱਕ *10 ਪ੍ਰਤੀਸ਼ਤ ਸਾਲਾਨਾ* ਦੀ ਦਰ ਨਾਲ ਕੰਪਾਊਂਡਰਾਸ਼ੀ ਤੇ ਵਿਆਜ | 82.42 |
| **ਜੋੜ** | **272.90** |

ਅਦਾਲਤ ਕੋਲ ਜਾਣ ਵਿੱਚ ਦੇਰੀ ਅਤੇ ਮਾਨਯੋਗ ਸੁਪਰੀਮ ਕੋਰਟ ਦੁਆਰਾ ਦੇਰੀ ਨੂੰ ਮਾਫ਼ ਕੀਤੇ ਜਾਣ ਤੋਂ ਬਾਅਦ ਕਾਨੂੰਨ ਦੀ ਅਦਾਲਤ (*ਭਾਵ* ਜ਼ਿਲ੍ਹਾ ਅਦਾਲਤ) ਵਿੱਚ ਮਾਮਲੇ ਦੀ ਪੈਰਵੀ ਨਾ ਕਰਨ ਲਈ ਕੋਈ ਜਵਾਬ/ਕਾਰਣ ਪੇਸ਼ ਨਹੀਂ ਕੀਤੇ।

ਇਸ ਤਰ੍ਹਾਂ, ਵਿਭਾਗ ਵੱਲੋਂ ਆਪਣੀਆਂ ਇਕਰਾਰਨਾਮੇ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਕੋਤਾਹੀ, ਇਸ ਤੋਂ ਬਾਅਦ ਫੈਸਲਾ ਨਾ ਲੈਣ ਅਤੇ ਅਦਾਲਤ ਵਿੱਚ ਕੇਸ ਦਾ ਬਚਾਅ ਕਰਨ ਵਿੱਚ ਦੇਰੀ ਦੇ ਨਤੀਜੇ ਵਜੋਂ ਆਰਬਿਟਰੇਟਰ ਦੁਆਰਾ ਮੁਆਵਜ਼ਾ (ਵਿਆਜ ਸਮੇਤ) ਦਿੱਤਾ ਗਿਆ। ਇਸ ਦੇ ਨਤੀਜੇ ਵਜੋਂ ਠੇਕੇਦਾਰ ਨੂੰ ₹ 2.73 ਕਰੋੜ ਦੇ ਮੁਆਵਜ਼ੇ ਅਤੇ ਵਿਆਜ ਦਾ ਟਾਲਣਯੋਗ ਭੁਗਤਾਨ ਹੋਇਆ।

ਮਾਮਲਾ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ (ਮਾਰਚ 2023); ਉਨ੍ਹਾਂ ਦੇ ਜਵਾਬ ਦੀ ਉਡੀਕ ਸੀ (ਜਨਵਰੀ 2025)।

**ਚੰਡੀਗੜ੍ਹ** **(ਨਾਜ਼ਲੀ ਜੇ. ਸ਼ਾਈਨ)**

**ਮਿਤੀ: 15 ਸਤੰਬਰ 2025** **ਪ੍ਰਧਾਨ ਮਹਾਂ ਲੇਖਾਕਾਰ (ਲੇਖਾ ਪ੍ਰੀਖਿਆ), ਪੰਜਾਬ**

**ਪ੍ਰਤੀ ਹਸਤਾਖਰ**

**ਨਵੀਂ ਦਿੱਲੀ** **(ਕੇ. ਸੰਜੇ ਮੂਰਤੀ)**

**ਮਿਤੀ: 30 ਸਤੰਬਰ 2025** **ਭਾਰਤ ਦੇ ਲੇਖਾ ਨਿਰੀਖਕ ਅਤੇ ਮਹਾਂ ਲੇਖਾ ਪਰੀਖਕ**

# ਅੰਤਿਕਾਵਾਂ

## ਅੰਤਿਕਾ 2.1

*(ਪੈਰ੍ਹਾ 2.3 ਦੇ ਹਵਾਲੇ ਵਿੱਚ)*

### ਜੀ ਈ ਪੀ ਐਨ ਆਈ ਸੀ ਪ੍ਰਣਾਲੀ ਦੇ ਮਾਡਿਊਲਾਂ ਦੇ ਵੇਰਵੇ

| ਮਾਡਿਊਲ ਦਾ ਨਾਂਅ | ਵੇਰਵਾ |
|---|---|
| **1. ਵਿਕਰੇਤਾ ਰਜਿਸਟ੍ਰੇਸ਼ਨ** | |
| ਆਨਲਾਈਨ ਪੋਰਟਲ ਦਾਖਲਾ | ਪੋਰਟਲ ਨੂੰ ਦਾਖਲਾ ਕਰਨ ਅਤੇ ਰਜਿਸਟਰ ਕਰਨ ਦਾ ਪ੍ਰਬੰਧ। |
| **2. ਈ-ਟੈਂਡਰਿੰਗ** | |
| ਟੈਂਡਰ ਬਣਾਉਣਾ | • ਜੀ ਐਫ ਆਰ ਅਨੁਸਾਰ ਕੰਮਾਂ/ਵਸਤੂਆਂ/ਸੇਵਾਵਾਂ ਨਾਲ ਸਬੰਧਤ ਸਾਰੇ ਕਿਸਮ ਦੇ ਟੈਂਡਰਾਂ ਦਾ ਸਮਰਥਨ ਕਰਦਾ ਹੈ ਜਿਸ ਵਿੱਚ ਗਲੋਬਲ ਦੇ ਨਾਲ-ਨਾਲ ਕਿਊ ਸੀ ਬੀ ਐਸ ਅਧਾਰਤ ਟੈਂਡਰ ਮੰਗਣ ਦੀ ਵਿਵਸਥਾ ਵੀ ਸ਼ਾਮਲ ਹੈ।<br>• ਸਿੰਗਲ/ਟੂ/ਥ੍ਰੀ ਅਤੇ ਫੋਰ ਕਵਰ/ਬਿਡ ਪੈਕੇਟਾਂ ਵਿੱਚ ਬੋਲੀਆਂ ਪ੍ਰਾਪਤ ਕਰਨ ਲਈ ਫਲੋਟਿੰਗ ਟੈਂਡਰ ਦਾ ਸੰਰਚਨਾਯੋਗ ਵਿਕਲਪ।<br>• ਟੈਂਡਰ ਫੀਸ ਦੇ ਆਨਲਾਈਨ ਭੁਗਤਾਨ ਦੀ ਵਿਵਸਥਾ।<br>• ਨਿਸ਼ਚਿਤ ਅਤੇ ਪ੍ਰਤੀਸ਼ਤਤਾ ਈ ਐਮ ਡੀ ਦੇ ਆਨਲਾਈਨ ਭੁਗਤਾਨ ਦੀ ਵਿਵਸਥਾ।<br>• ਈ ਐਮ ਡੀ ਭੁਗਤਾਨ ਤੋਂ ਛੋਟ ਦੀ ਵਿਵਸਥਾ।<br>• ਸਟੈਂਡਰਡ ਪ੍ਰਾਈਸ ਬਿਡ ਟੈਂਪਲੇਟਜ਼ ਦੀ ਵਰਤੋਂ ਕਰਕੇ ਕੀਮਤ ਬੋਲੀ ਪ੍ਰਾਪਤ ਕਰਨ ਦੀ ਵਿਵਸਥਾ।<br>• ਸਟੈਂਡਰਡ ਪ੍ਰਾਈਸ ਬਿਡ ਟੈਂਪਲੇਟਜ਼ ਮਲਟੀ ਕਰੰਸੀ ਦਾ ਵੀ ਸਮਰਥਨ ਕਰਦੇ ਹਨ। |
| ਟੈਂਡਰ ਪ੍ਰਕਾਸ਼ਨ | • ਕੇਵਲ ਅਧਿਕਾਰਤ ਟੀ ਆਈ ਏ ਦੁਆਰਾ ਪ੍ਰਕਾਸ਼ਤ ਕੀਤਾ ਜਾਣਾ ਚਾਹੀਦਾ ਹੈ। |
| ਸੀਮਤ ਟੈਂਡਰ | • ਸੰਗਠਨ ਦੁਆਰਾ ਪਰਿਭਾਸ਼ਿਤ ਕੁਝ ਵਿਸ਼ੇਸ਼ ਬੋਲੀਦਾਤਾਵਾਂ ਲਈ ਟੈਂਡਰ ਪ੍ਰਕਾਸ਼ਤ ਕਰਨ ਦੀ ਵਿਵਸਥਾ।<br>• ਇਸ ਵਿੱਚ ਵਿਭਾਗ ਦੁਆਰਾ ਨਿਰਧਾਰਤ ਬੋਲੀਦਾਤਾ ਹੀ ਭਾਗ ਲੈ ਸਕਦੇ ਹਨ ਜਾਂ ਬੋਲੀ ਜਮ੍ਹਾਂ ਕਰਨ ਦੀ ਪ੍ਰਕਿਰਿਆ ਵਿੱਚ ਹਿੱਸਾ ਲੈ ਸਕਦੇ ਹਨ। |
| ਸੋਧ ਪੱਤਰ ਬਣਾਉਣਾ | • ਰੀਟੈਂਡਰ/ਰੱਦ ਕਰਨ ਤੋਂ ਇਲਾਵਾ ਸੋਧ ਪੱਤਰ/ਸੋਧ ਦੀਆਂ ਸਾਰੀਆਂ ਸ਼੍ਰੇਣੀਆਂ ਦਾ ਸਮਰਥਨ ਕਰਨਾ ਮਿਤੀ, ਸ਼ਰਤਾਂ, ਕੀਮਤ ਬੋਲੀ ਅਤੇ ਬੋਲੀ ਖੋਲਣ ਵਾਲਿਆਂ ਦੀ ਤਬਦੀਲੀ। |
| ਸੋਧ ਪੱਤਰ ਪ੍ਰਕਾਸ਼ਨ | • ਕੇਵਲ ਅਧਿਕਾਰਤ ਟੀ ਆਈ ਏ ਦੁਆਰਾ ਪ੍ਰਕਾਸ਼ਤ ਕੀਤਾ ਜਾਣਾ ਚਾਹੀਦਾ ਹੈ। |
| ਆਨਲਾਈਨ ਸਪਸ਼ਟੀਕਰਨ | • ਬੋਲੀ ਲਗਾਉਣ ਵਾਲਿਆਂ ਅਤੇ ਟੈਂਡਰ ਸੱਦਾ ਦੇਣ ਵਾਲੀ ਅਥਾਰਟੀ ਵਿਚਕਾਰ ਪ੍ਰੀ-ਬਿਡ ਸਪਸ਼ਟੀਕਰਨਾਂ ਨੂੰ ਆਨਲਾਈਨ ਇੱਕ ਤੋਂ ਇੱਕ ਜਾਂ ਇੱਕ ਦਾ ਸਮਰਥਨ ਕਰਦਾ ਹੈ। |

| ਮਾਡਿਊਲ ਦਾ ਨਾਂਅ | ਵੇਰਵਾ |
|---|---|
| ਪ੍ਰੀ-ਬਿਡ ਮੀਟਿੰਗ ਦੇ ਫੈਸਲਿਆਂ ਨੂੰ ਅਪਲੋਡ ਕਰਨਾ | • ਬੋਲੀਦਾਤਾਵਾਂ ਦੁਆਰਾ ਪ੍ਰਾਪਤ ਸਪਸ਼ਟੀਕਰਨ ਦੇ ਸਬੰਧ ਵਿੱਚ ਪ੍ਰੀ-ਬਿਡ ਫੈਸਲੇ ਕੇਵਲ ਅਧਿਕਾਰਤ ਟੀ ਆਈ ਏ ਦੁਆਰਾ ਹੀ ਅਪਲੋਡ ਕੀਤੇ ਜਾ ਸਕਦੇ ਹਨ। |
| ਆਨਲਾਈਨ ਬੋਲੀ ਜਮ੍ਹਾਂ ਕਰਵਾਉਣਾ | • ਬਿਡਰਾਂ ਲਈ ਆਨਲਾਈਨ ਦਸਤਾਵੇਜ਼ ਭੰਡਾਰ, ਮੁੜ-ਜਮ੍ਹਾਂ ਕਰਨ/ਬੋਲੀ ਸੰਪਾਦਨ, ਵਾਪਸ ਲੈਣ ਅਤੇ ਬੋਲੀ ਪ੍ਰਵਾਨਗੀ ਰਸੀਦ ਦੀ ਵਿਵਸਥਾ।<br>• ਬੋਲੀਆਂ ਨੂੰ ਗਾਹਕ ਦੇ ਅੰਤ 'ਤੇ ਬੋਲੀ ਖੋਲ੍ਹਣ ਵਾਲਿਆਂ ਦੀਆਂ ਜਨਤਕ ਕੁੰਜੀਆਂ ਨਾਲ ਐਨਕ੍ਰਿਪਟ ਕੀਤਾ ਜਾਂਦਾ ਹੈ ਅਤੇ ਬੋਲੀ ਖੋਲ੍ਹਣ ਦੀ ਮਿਤੀ ਅਤੇ ਸਮੇਂ ਤੋਂ ਪਹਿਲਾਂ ਕਿਸੇ ਵੀ ਤਰੀਕੇ ਨਾਲ ਨਹੀਂ ਖੋਲ੍ਹਿਆਂ ਜਾ ਸਕਦਾ। |
| ਆਨਲਾਈਨ ਬੋਲੀ ਖੋਲ੍ਹਣਾ | • ਵਿਭਾਗ ਦੇ ਘੱਟੋ-ਘੱਟ ਤਿੰਨ ਅਧਿਕਾਰੀਆਂ ਨੂੰ ਅਤੇ ਵੱਧ ਤੋਂ ਵੱਧ ਚਾਰ ਨੂੰ ਬੋਲੀ ਖੋਲ੍ਹਣ ਵਾਲਿਆਂ ਵਜੋਂ ਤਿਆਰ ਕਰਨ ਦੀ ਸੁਵਿਧਾ।<br>• ਨਾਮਜ਼ਦ/ਮਨੋਨੀਤ ਬੋਲੀ ਖੋਲ੍ਹਣ ਵਾਲੀ ਕਮੇਟੀ ਦੇ ਮੈਂਬਰ ਕੇਵਲ ਨਿਰਧਾਰਤ ਸਮੇਂ 'ਤੇ ਟੈਂਡਰ ਖੋਲ੍ਹਦੇ ਹਨ।<br>• ਟੈਂਡਰ ਨੂੰ ਡਿਕ੍ਰਿਪਟ ਕੀਤਾ ਜਾ ਸਕਦਾ ਹੈ ਅਤੇ ਬੋਲੀ ਖੋਲ੍ਹਣ ਦੀ ਮਿਤੀ ਅਤੇ ਸਮਾਂ ਪ੍ਰਾਪਤ ਕਰਨ ਤੋਂ ਬਾਅਦ ਖੋਲ੍ਹਿਆ ਜਾ ਸਕਦਾ ਹੈ। |
| ਬੋਲੀਦਾਤਾਵਾਂ ਦੁਆਰਾ ਲਾਈਵ ਬਿਡ ਓਪਨਿੰਗ ਈਵੈਂਟ ਵੇਖਣਾ | • ਬੋਲੀਦਾਤਾ ਸਥਾਨ ਦੀ ਪਰਵਾਹ ਕੀਤੇ ਬਿਨਾਂ ਆਪਣੇ ਸਿਰੇ ਤੋਂ ਬੋਲੀ ਖੋਲ੍ਹਣ ਦੀ ਘਟਨਾ ਨੂੰ ਲਾਈਵ ਦੇਖ ਸਕਦੇ ਹਨ। |
| ਤਕਨੀਕੀ ਮੁਲਾਂਕਣ ਲਈ ਸਹਾਇਤਾ | • ਮਾਪਦੰਡਾਂ ਦੇ ਅਧਾਰ ਤੇ ਆਮ ਤਕਨੀਕੀ ਮੁਲਾਂਕਣ, ਆਈਟਮ-ਵਾਰ ਮੁਲਾਂਕਣ (ਤਕਨੀਕੀ ਪੈਰਾਮੀਟਰ ਸ਼ੀਟ ਦੇ ਨਾਲ/ਬਿਨਾਂ) ਅਤੇ ਕਿਊ ਸੀ ਬੀ ਐਸ ਮੁਲਾਂਕਣ ਸ਼ਾਮਲ ਹੈ। |
| ਵਿੱਤੀ ਮੁਲਾਂਕਣ ਲਈ ਸਹਾਇਤਾ | • ਤੁਲਨਾਤਮਕ ਵਿਵਰਣੀ, ਤੁਲਨਾਤਮਕ ਰਿਪੋਰਟਾਂ ਦੀ ਸਵੈਚਾਲਿਤ ਤਿਆਰੀ ਸ਼ਾਮਲ ਹੈ। |
| ਤਕਨੀਕੀ ਮੁਲਾਂਕਣ ਅਤੇ ਵਿੱਤੀ ਮੁਲਾਂਕਣ ਸੰਖੇਪ ਨੂੰ ਅਪਲੋਡ ਕਰਨਾ | • ਤਕਨੀਕੀ ਬੋਲੀਆਂ ਅਤੇ ਵਿੱਤੀ ਬੋਲੀਆਂ ਦੇ ਸਬੰਧ ਵਿੱਚ ਟੀ ਈ ਸੀ ਦੀਆਂ ਸਿਫਾਰਸ਼ਾਂ ਸਿਸਟਮ 'ਤੇ ਅਪਲੋਡ ਕੀਤੀਆਂ ਜਾ ਸਕਦੀਆਂ ਹਨ। |
| ਬੋਲੀ ਅਵਾਰਡ ਅਪਲੋਡ ਕਰਨਾ | • ਸਿੰਗਲ/ਮਲਟੀਪਲ ਏ ਓ ਸੀ ਅਪਲੋਡ ਕਰਨ ਦੀ ਸੁਵਿਧਾ। |
| ਅਣਖੋਲ੍ਹੇ ਟੈਂਡਰਾਂ, ਬੋਲੀ ਖੋਲ੍ਹਣ, ਮੁਲਾਂਕਣ ਅਤੇ ਠੇਕਾ ਦੇਣ ਬਾਰੇ 'ਟੈਂਡਰ ਸਥਿਤੀ' ਦੇਖਣ ਦੀ ਸਹੂਲਤ | • ਇਸ ਨਾਲ ਪਾਰਦਰਸ਼ਤਾ ਵਧਦੀ ਹੈ। |
| ਈ-ਮੇਲ ਚੇਤਾਵਨੀਆਂ ਅਤੇ ਐਸ ਐਮ ਐਸ | • ਈ-ਮੇਲ ਅਤੇ ਐਸ ਐਮ ਐਸ ਚੇਤਾਵਨੀਆਂ ਹਰ ਪੜਾਅ 'ਤੇ ਵਿਭਾਗ ਦੀ ਵਰਤੋਂ ਦੇ ਨਾਲ-ਨਾਲ ਰਜਿਸਟਰਡ ਈ-ਮੇਲ ਆਈ ਡੀ ਅਤੇ ਮੋਬਾਈਲ ਨੰਬਰ ਵਾਲੇ ਬੋਲੀਦਾਤਾਵਾਂ ਨੂੰ ਭੇਜੀਆਂ ਜਾਂਦੀਆਂ ਹਨ। |

| ਮਾਡਿਊਲ ਦਾ ਨਾਂਅ | ਵੇਰਵਾ |
|---|---|
| **3. ਈ-ਨਿਲਾਮੀ** | |
| ਫਾਰਵਰਡ ਨਿਲਾਮੀ | • ਫਾਰਵਰਡ ਨਿਲਾਮੀ ਇਲੈਕਟ੍ਰਾਨਿਕ ਨਿਲਾਮੀ ਹੈ, ਜੋ ਵਿਭਾਗ ਨੂੰ ਆਪਣੀਆਂ ਚੀਜ਼ਾਂ ਨੂੰ ਕਈ ਸੰਭਾਵਿਤ ਖਰੀਦਦਾਰਾਂ ਨੂੰ ਵੇਚਣ ਦੇ ਯੋਗ ਬਣਾਉਂਦੀ ਹੈ। ਵਿਕਰੇਤਾ ਅਤੇ ਖਰੀਦਦਾਰ ਵਿਅਕਤੀ, ਸੰਸਥਾਵਾਂ ਆਦਿ ਹੋ ਸਕਦੇ ਹਨ। |
| ਰਿਵਰਸ ਨਿਲਾਮੀ | • ਰਿਵਸ ਨਿਲਾਮੀ ਇੱਕ ਅਜਿਹੀ ਘਟਨਾ ਹੈ ਜੋ ਆਮ ਤੌਰ 'ਤੇ ਸੋਰਸਿੰਗ ਅਤੇ ਟੈਂਡਰਿੰਗ ਦੇ ਆਖਰੀ ਪੜਾਅ ਵਜੋਂ ਵਰਤੀ ਜਾਂਦੀ ਹੈ ਤਾਂ ਜੋ ਕੀਮਤ 'ਤੇ ਬੋਲੀਦਾਤਾਵਾਂ ਵਿਚਕਾਰ ਮੁਕਾਬਲੇ ਨੂੰ ਉਤਸ਼ਾਹਤ ਕਰਕੇ ਸਭ ਤੋਂ ਵਧੀਆਂ ਕੀਮਤ ਪ੍ਰਾਪਤ ਕੀਤੀ ਜਾ ਸਕੇ। |
| **4. ਰਿਪੋਰਟਾਂ** | |
| ਆਮ ਰਿਪੋਰਟਾਂ | • ਟੈਂਡਰ ਵਿਆਪਕ ਰਿਪੋਰਟ ਟੈਂਡਰ ਨਿਰਮਾਤਾ ਅਤੇ ਲੇਖਾ ਪਰੀਖਕ ਨੂੰ ਦਿੱਤੀ ਗਈ ਹੈ। ਟੈਂਡਰ ਨਿਰਮਾਤਾ ਅਤੇ ਲੇਖਾ ਪਰੀਖਕ ਆਪਣੀ ਸਬੰਧਤ ਸੰਸਥਾ ਲੜੀ ਅਤੇ ਹੇਠਾਂ ਟੈਂਡਰ ਵੇਰਵੇ ਦੇਖ ਸਕਦੇ ਹਨ। |
| ਐਮ ਆਈ ਐਸ ਰਿਪੋਰਟਾਂ | • ਟੈਂਡਰ ਨਾਲ ਸਬੰਧਤ ਸਾਰੀਆਂ ਰਿਪੋਰਟਾਂ ਦੇਖਣ ਦੀ ਸਹੂਲਤ।<br>• ਵਿਭਾਗ ਦੇ ਉਪਭੋਗਤਾਵਾਂ ਅਤੇ ਬੋਲੀਆਂ ਲਗਾਉਣ ਵਾਲਿਆਂ ਦੇ ਲੌਗਇਨ ਵੇਰਵੇ, ਡੀ ਐਸ ਸੀ ਜਾਣਕਾਰੀ ਦੇਖਣ ਲਈ।<br>• ਸਿਸਟਮ ਦੁਆਰਾ ਵਿਭਾਗ ਦੇ ਉਪਭੋਗਤਾਵਾਂ ਅਤੇ ਬੋਲੀਆਂ ਲਗਾਉਣ ਵਾਲਿਆ ਨੂੰ ਭੇਜੀਆਂ ਗਈਆਂ ਮੇਲਾਂ/ਐਸ ਐਮ ਐਸ ਵੇਰਵਿਆਂ ਨੂੰ ਦੇਖਣ ਲਈ। |
| ਅਪਵਾਦ ਰਿਪੋਰਟਾਂ | • ਟੈਂਡਰਾਂ ਨਾਲ ਸਬੰਧਤ ਹਰੇਕ ਗਤੀਵਿਧੀ ਲਈ ਸਾਰੇ ਲੌਗਾਂ ਵਾਲੀਆਂ ਰਿਪੋਰਟਾਂ ਉਪਲਬਧ ਹਨ।<br>• ਉਪਭੋਗਤਾ ਦੀ ਗਤੀਵਿਧੀ ਦੇ ਨਾਲ-ਨਾਲ ਬੋਲੀਦਾਵਾਂ ਦੀਆਂ ਗਤੀਵਿਧੀਆਂ ਬਾਰੇ ਰਿਪੋਰਟਾਂ ਤਿਆਰ ਕਰਨ ਦਾ ਪ੍ਰਬੰਧ। |

*ਸ੍ਰੋਤ: ਵਿਭਾਗੀ ਸੂਚਨਾਂ*

## ਅੰਤਿਕਾ 2.2

*(ਪੈਰ੍ਹਾ 2.6 ਦੇ ਹਵਾਲੇ ਵਿੱਚ)*

## 1 ਅਪ੍ਰੈਲ 2018 ਤੋਂ 31 ਮਾਰਚ 2023 ਤੱਕ ਪ੍ਰਕਾਸ਼ਿਤ ਟੈਂਡਰਾਂ ਦੇ ਵਿਭਾਗ-ਵਾਰ ਵੇਰਵੇ

| ਲੜੀ ਨੰ. | ਵਿਭਾਗ/ਸੰਸਥਾ ਦਾ ਨਾਂਅ | ਪ੍ਰਕਾਸ਼ਿਤ ਟੈਂਡਰਾਂ ਦੀ ਸੰਖਿਆ |
|---|---|---|
| 1. | ਸਥਾਨਕ ਸਰਕਾਰ ਵਿਭਾਗ | 1,12,152 |
| 2. | ਸਹਿਕਾਰਤਾ ਵਿਭਾਗ | 15,210 |
| 3. | ਜਲ ਸਰੋਤ ਵਿਭਾਗ | 12,404 |
| 4. | ਖੇਤੀਬਾੜੀ ਵਿਭਾਗ | 12,239 |
| 5. | ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) | 9,516 |
| 6. | ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ | 3,765 |
| 7. | ਵਿਸ਼ਵ ਬੈਂਕ | 3,103 |
| 8. | ਬਿਜਲੀ ਵਿਭਾਗ | 2,594 |
| 9. | ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ | 1,775 |
| 10. | ਸਿਹਤ ਅਤੇ ਪਰਿਵਾਰ ਭਲਾਈ ਵਿਭਾਗ | 1,759 |
| 11. | ਰਿਹਾਇਸ਼ ਅਤੇ ਸ਼ਹਿਰੀ ਵਿਕਾਸ ਵਿਭਾਗ | 1,651 |
| 12. | ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ | 1,418 |
| 13. | ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ | 1,043 |
| 14. | ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ | 1,032 |
| 15. | ਉਦਯੋਗ ਅਤੇ ਵਣਜ ਵਿਭਾਗ | 943 |
| 16. | ਆਬਕਾਰੀ ਅਤੇ ਕਰਬੰਦੀ ਵਿਭਾਗ | 692 |
| 17. | ਉੱਚ ਸਿੱਖਿਆ ਵਿਭਾਗ | 677 |
| 18. | ਭਾਖੜਾ ਬਿਆਸ ਮੈਨੇਜਮੈਂਟ ਬੋਰਡ | 555 |
| 19. | ਖੇਡ ਅਤੇ ਯੁਵਕ ਸੇਵਾਵਾਂ ਵਿਭਾਗ | 538 |
| 20. | ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ | 481 |
| 21. | ਪੰਜਾਬ ਖੇਤੀਬਾੜੀ ਯੂਨੀਵਰਸਿਟੀ | 438 |
| 22. | ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ | 350 |
| 23. | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ | 288 |
| 24. | ਸਕੂਲ ਸਿੱਖਿਆ ਵਿਭਾਗ | 249 |
| 25. | ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ | 238 |
| 26. | ਟਰਾਂਸਪੋਰਟ ਵਿਭਾਗ | 170 |
| 27. | ਪੰਜਾਬ ਊਰਜਾ ਵਿਕਾਸ ਏਜੰਸੀ | 159 |
| 28. | ਵਿੱਤ ਵਿਭਾਗ | 86 |
| 29. | ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ ਵਿਭਾਗ | 78 |

| ਲੜੀ ਨੰ. | ਵਿਭਾਗ/ਸੰਸਥਾ ਦਾ ਨਾਂਅ | ਪ੍ਰਕਾਸ਼ਿਤ ਟੈਂਡਰਾਂ ਦੀ ਸੰਖਿਆ |
|---|---|---|
| 30. | ਸ਼ਾਸਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ | 57 |
| 31. | ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ | 56 |
| 32. | ਆਮ ਪ੍ਰਸ਼ਾਸਨ ਵਿਭਾਗ | 31 |
| 33. | ਅਮਲਾ ਵਿਭਾਗ | 29 |
| 34. | ਚੋਣ ਵਿਭਾਗ | 27 |
| 35. | ਪੰਜਾਬ ਕ੍ਰਿਕਟ ਐਸੋਸੀਏਸ਼ਨ | 25 |
| 36. | ਸੂਚਨਾ ਅਤੇ ਲੋਕ ਸੰਪਰਕ ਵਿਭਾਗ | 23 |
| 37. | ਰੁਜ਼ਗਾਰ ਉਤਪਤੀ ਅਤੇ ਸਿਖਲਾਈ ਵਿਭਾਗ | 17 |
| 38. | ਵਿਜੀਲੈਂਸ ਵਿਭਾਗ | 13 |
| 39. | ਸਮਾਜਿਕ ਸੁਰੱਖਿਆ ਅਤੇ ਔਰਤਾਂ ਅਤੇ ਬੱਚਿਆਂ ਦਾ ਵਿਕਾਸ ਵਿਭਾਗ | 11 |
| 40. | ਪੰਜਾਬ ਰਿਮੋਟ ਸੈਂਸਿੰਗ ਸੈਂਟਰ | 9 |
| 41. | ਮਾਲੀਆ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਵਿਭਾਗ | 6 |
| 42. | ਕਿਰਤ ਵਿਭਾਗ | 5 |
| 43. | ਏ ਡੀ ਬੀ ਫੰਡਿਡ ਪ੍ਰੋਜੈਕਟ | 4 |
| 44. | ਖਾਨ ਅਤੇ ਭੂ-ਵਿਗਿਆਨ ਵਿਭਾਗ | 3 |
| 45. | ਸ਼ਹਿਰੀ ਹਵਾਬਾਜ਼ੀ ਵਿਭਾਗ | 1 |
| **ਜੋੜ** | | **1,85,920** |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

## ਅੰਤਿਕਾ 2.3

*(ਪੈਰ੍ਹਾ 2.6 ਦੇ ਹਵਾਲੇ ਵਿੱਚ)*

### ਈ-ਖਰੀਦ ਦੀ ਆਈ ਐਸ ਲੇਖਾ ਪ੍ਰੀਖਿਆ ਦੌਰਾਨ ਜਾਂਚ ਲਈ ਨਮੂਨੇ ਲਏ ਗਏ ਟੈਂਡਰਾਂ ਦੇ ਵਿਭਾਗ-ਵਾਰ ਵੇਰਵੇ

| ਲੜੀ ਨੰ. | ਵਿਭਾਗ ਦਾ ਨਾਂਅ | ਨਮੂਨਾ ਲਏ ਗਏ ਟੈਂਡਰਾਂ ਦੀ ਸੰਖਿਆ |
|---|---|---|
| 1. | ਖੇਤੀਬਾੜੀ ਵਿਭਾਗ | 40 |
| 2. | ਆਬਕਾਰੀ ਅਤੇ ਕਰਬੰਦੀ ਵਿਭਾਗ | 40 |
| 3. | ਵਿੱਤ ਵਿਭਾਗ | 40 |
| 4. | ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ | 40 |
| 5. | ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ | 40 |
| 6. | ਰਿਹਾਇਸ਼ ਅਤੇ ਸ਼ਹਿਰੀ ਵਿਕਾਸ ਵਿਭਾਗ | 40 |
| 7. | ਸਥਾਨਕ ਸਰਕਾਰ ਵਿਭਾਗ | 40 |
| 8. | ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ | 40 |
| 9. | ਸਕੂਲ ਸਿੱਖਿਆ ਵਿਭਾਗ | 40 |
| 10. | ਖੇਡ ਅਤੇ ਯੁਵਕ ਸੇਵਾਵਾਂ ਵਿਭਾਗ | 40 |
| 11. | ਜਲ ਸਰੋਤ ਵਿਭਾਗ | 40 |
| 12. | ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) | 40 |
| 13. | ਸਮਾਜਿਕ ਸੁਰੱਖਿਆ ਅਤੇ ਔਰਤਾਂ ਅਤੇ ਬੱਚਿਆਂ ਦਾ ਵਿਕਾਸ ਵਿਭਾਗ | 9 |
| 14. | ਕਿਰਤ ਵਿਭਾਗ | 5 |
| **ਜੋੜ** | | **494** |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

## ਅੰਤਿਕਾ 2.4

*(ਪੈਰ੍ਹਾ 2.9.3(iv) ਦੇ ਹਵਾਲੇ ਵਿੱਚ)*

### ਤਕਨੀਕੀ ਬੋਲੀਆਂ ਨਾਲ ਅਪਲੋਡ ਕੀਤੇ ਦਸਤਾਵੇਜ਼ਾਂ ਵਿੱਚ ਕਮੀ ਦੇ ਵੇਰਵੇ

| ਵਿਭਾਗ ਦਾ ਨਾਂਅ | ਮਾਮਲਿਆਂ ਦੀ ਸੰਖਿਆ | ਦਸਤਾਵੇਜ਼ਾਂ ਵਿੱਚ ਕਮੀ |
|---|---|---|
| ਖੇਤੀਬਾੜੀ ਵਿਭਾਗ | 8 | ਲੇਬਰ ਰਜਿਸਟ੍ਰੇਸ਼ਨ, ਅਧਿਕਾਰਤ ਹਸਤਾਖਰਕਰਤਾ ਦੀ ਕਾਪੀ, ਐਲ ਐਂਡ ਸੀ ਸਮਰੱਥਾ ਸਰਟੀਫਿਕੇਟ, ਐਲ ਐਂਡ ਸੀ ਸੁਸਾਇਟੀ ਦੁਆਰਾ ਘੋਸ਼ਣਾ ਦੀ ਕਾਪੀ, ਜੀ ਐਸ ਟੀ ਦਾ ਨਵੀਨਤਮ ਚਲਾਨ, ਈ ਪੀ ਐਫ ਅਤੇ ਈ ਐਸ ਆਈ, ਪੈਨ ਕਾਰਡ ਦੀ ਕਾਪੀ, ਬੋਲੀ ਸਮਰੱਥਾ ਸਰਟੀਫਿਕੇਟ, ਕੀਤੇ ਗਏ ਕੰਮਾਂ ਦੀ ਸੂਚੀ |
| ਆਬਕਾਰੀ ਅਤੇ ਕਰਬੰਦੀ ਵਿਭਾਗ | 1 | ਸਿਬਿਲ ਸਕੋਰ, ਟੈਂਡਰ ਦੇ ਨਿਯਮਾਂ ਅਤੇ ਸ਼ਰਤਾਂ ਦੀ ਸਵੀਕਾਰਤਾ ਵਜੋਂ ਹਰੇਕ ਪੰਨੇ 'ਤੇ ਸਹੀ ਢੰਗ ਨਾਲ ਦਸਤਖਤ ਕੀਤੇ ਗਏ ਅਤੇ ਮੋਹਰ ਲਗਾਏ ਗਏ ਮੂਲ ਟੈਂਡਰ |
| ਵਿੱਤ ਵਿਭਾਗ | 1 | ਪੈਨ ਅਤੇ ਆਈ ਟੀ ਰਿਟਰਨ ਦੀ ਕਾਪੀ |
| ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ | 14 | ਠੇਕੇਦਾਰ ਦੀ ਬੋਲੀ, ਯੋਗਤਾ ਜਾਣਕਾਰੀ, ਬੈਲੇਂਸ ਸ਼ੀਟ ਸਟੇਟਮੈਂਟ, ਘੱਟੋ-ਘੱਟ ਨਕਦੀ ਦੇ ਨਿਵੇਸ਼ ਨਾਲ ਸਬੰਧਤ ਸਰਟੀਫਿਕੇਟ, ਪਿਛਲੇ 5 ਸਾਲਾਂ ਦੌਰਾਨ ਕੀਤੇ ਗਏ ਕੰਮਾਂ ਦੀ ਸੂਚੀ, ਪਿਛਲੇ ਤਿੰਨ ਸਾਲਾਂ ਦਾ ਸਾਲਾਨਾ ਟਰਨਓਵਰ, ਈ ਪੀ ਐਫ ਅਤੇ ਈ ਐਸ ਆਈ ਰਜਿਸਟ੍ਰੇਸ਼ਨ ਸਰਟੀਫਿਕੇਟ, ਸਟਾਫ ਦੀ ਸੂਚੀ, ਉਪਕਰਣਾਂ ਦੀ ਸੂਚੀ, ਸੱਚੀ ਅਤੇ ਸਹੀ ਜਾਣਕਾਰੀ ਜਮ੍ਹਾਂ ਕਰਨ ਲਈ ਹਲਫਨਾਮਾ, ਬਲੈਕਲਿਸਟੀਡ/ਪਾਬੰਦੀ ਨਾਲ ਸਬੰਧਤ ਹਲਫਨਾਮਾ, ਵਿੱਤੀ ਸਰੋਤ ਸਰਟੀਫਿਕੇਟ, ਬੋਲੀਦਾਤਾ ਦੀ ਫਰਮ ਨਾਲ ਰਜਿਸਟਰਡ ਕਾਰਾਂ ਦਾ ਵੇਰਵਾ, ਆਰ ਸੀ ਅਤੇ ਬੀਮੇ ਦੀ ਕਾਪੀ, ਡਰਾਈਵਿੰਗ ਲਾਇਸੈਂਸ ਅਤੇ ਰੋਡ ਟੈਕਸ ਕਲੀਅਰੈਂਸ ਸਰਟੀਫਿਕੇਟ ਦੀ ਕਾਪੀ |
| ਰਿਹਾਇਸ਼ ਅਤੇ ਸ਼ਹਿਰੀ ਵਿਕਾਸ ਵਿਭਾਗ | 1 | ਭਰਤੀ ਕਾਪੀ |
| ਸਥਾਨਕ ਸਰਕਾਰ ਵਿਭਾਗ | 3 | ਪੈਨ ਅਤੇ ਜੀ ਐਸ ਟੀ, ਓ ਈ ਐਮ ਅਧਿਕਾਰ ਪੱਤਰ ਅਤੇ ਆਈ ਐਸ ਓ ਸਰਟੀਫਿਕੇਟ |
| ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ | 1 | ਯੂ ਐਸ ਐਫ ਡੀ ਏ ਸਰਟੀਫਿਕੇਟ |
| **ਜੋੜ** | **29** | |

*ਸ੍ਰੋਤ: ਈ ਖਰੀਦ ਪੋਰਟਲ ਅਤੇ ਐਮ ਆਈ ਐਸ*

## ਅੰਤਿਕਾ 2.5

*(ਪੈਰ੍ਹਾ 2.10.1.3 ਦੇ ਹਵਾਲੇ ਵਿੱਚ)*

### ਨਾਕਾਫੀ ਬੋਲੀਆਂ ਦੇ ਬਾਵਜੂਦ ਟੈਂਡਰ ਖੋਲ੍ਹਣ ਦੇ ਮਾਮਲਿਆਂ ਦੀ ਸੰਖਿਆ

| ਲੜੀ ਨੰ. | ਵਿਭਾਗ/ਸੰਸਥਾ ਦਾ ਨਾਂਅ | ਮਾਮਲਿਆਂ ਦੀ ਸੰਖਿਆ |
|---|---|---|
| 1. | ਭਾਖੜਾ ਬਿਆਸ ਮੈਨੇਜਮੈਂਟ ਬੋਰਡ | 8 |
| 2. | ਖੇਤੀਬਾੜੀ ਵਿਭਾਗ | 43 |
| 3. | ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ | 19 |
| 4. | ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ | 4 |
| 5. | ਸਿਹਤ ਅਤੇ ਪਰਿਵਾਰ ਭਲਾਈ ਵਿਭਾਗ | 1 |
| 6. | ਉੱਚ ਸਿੱਖਿਆ ਵਿਭਾਗ | 6 |
| 7. | ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ | 29 |
| 8. | ਰਿਹਾਇਸ਼ ਅਤੇ ਸ਼ਹਿਰੀ ਵਿਕਾਸ ਵਿਭਾਗ | 6 |
| 9. | ਸਥਾਨਕ ਸਰਕਾਰ ਵਿਭਾਗ | 279 |
| 10. | ਬਿਜਲੀ ਵਿਭਾਗ | 36 |
| 11. | ਮਾਲੀਆ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਵਿਭਾਗ | 1 |
| 12. | ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ | 12 |
| 13. | ਸਕੂਲ ਸਿੱਖਿਆ ਵਿਭਾਗ | 3 |
| 14. | ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ ਵਿਭਾਗ | 2 |
| 15. | ਖੇਡ ਅਤੇ ਯੁਵਕ ਸੇਵਾਵਾਂ ਵਿਭਾਗ | 6 |
| 16. | ਜਲ ਸਰੋਤ ਵਿਭਾਗ | 43 |
| 17. | ਸ਼ਾਸਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ | 1 |
| 18. | ਪੰਜਾਬ ਖੇਤੀਬਾੜੀ ਯੂਨੀਵਰਸਿਟੀ | 10 |
| 19. | ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) | 41 |
| 20. | ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ | 40 |
| 21. | ਵਿਸ਼ਵ ਬੈਂਕ | 111 |
| 22. | ਆਬਕਾਰੀ ਅਤੇ ਕਰਬੰਦੀ ਵਿਭਾਗ | 178 |
| 23. | ਸਹਿਕਾਰਤਾ ਵਿਭਾਗ | 86 |
| **ਜੋੜ** | | **965** |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

## ਅੰਤਿਕਾ 2.6

*(ਪੈਰ੍ਹਾ 2.10.12 ਦੇ ਹਵਾਲੇ ਵਿੱਚ)*

### ਵਿਭਾਗਾਂ ਦੇ ਨਾਂਅ ਅਤੇ ਇੱਕੋ ਉਪਭੋਗਤਾ ਵਜੋਂ ਸੇਵਾ ਨਿਭਾ ਰਹੇ ਉਪਭੋਗਤਾਵਾਂ ਦੀ ਸੰਖਿਆ

| ਲੜੀ ਨੰ. | ਵਿਭਾਗ ਦਾ ਨਾਂਅ | ਉਪਭੋਗਤਾ |
|---|---|---|
| 1. | ਸਥਾਨਕ ਸਰਕਾਰ ਵਿਭਾਗ | 822 |
| 2. | ਬਿਜਲੀ ਵਿਭਾਗ | 335 |
| 3. | ਜਲ ਸਰੋਤ ਵਿਭਾਗ | 310 |
| 4. | ਖੇਤੀਬਾੜੀ ਵਿਭਾਗ | 267 |
| 5. | ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) | 186 |
| 6. | ਸਹਿਕਾਰਤਾ ਵਿਭਾਗ | 172 |
| 7. | ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ | 164 |
| 8. | ਵਿਸ਼ਵ ਬੈਂਕ | 123 |
| 9. | ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ | 118 |
| 10. | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ | 84 |
| 11. | ਖੇਡ ਅਤੇ ਯੁਵਕ ਸੇਵਾਵਾਂ ਵਿਭਾਗ | 62 |
| 12. | ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ | 57 |
| 13. | ਆਬਕਾਰੀ ਅਤੇ ਕਰਬੰਦੀ ਵਿਭਾਗ | 54 |
| 14. | ਰਿਹਾਇਸ਼ ਅਤੇ ਸ਼ਹਿਰੀ ਵਿਕਾਸ ਵਿਭਾਗ | 48 |
| 15. | ਭਾਖੜਾ ਬਿਆਸ ਮੈਨੇਜਮੈਂਟ ਬੋਰਡ | 42 |
| 16. | ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ | 37 |
| 17. | ਉਦਯੋਗ ਅਤੇ ਵਣਜ ਵਿਭਾਗ | 32 |
| 18. | ਸਿਹਤ ਅਤੇ ਪਰਿਵਾਰ ਭਲਾਈ ਵਿਭਾਗ | 26 |
| 19. | ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ | 22 |
| 20. | ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ | 17 |
| 21. | ਟਰਾਂਸਪੋਰਟ ਵਿਭਾਗ | 14 |
| 22. | ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ | 14 |
| 23. | ਵਿੱਤ ਵਿਭਾਗ | 13 |
| 24. | ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ ਵਿਭਾਗ | 11 |
| 25. | ਪੰਜਾਬ ਖੇਤੀਬਾੜੀ ਯੂਨੀਵਰਸਿਟੀ | 10 |
| 26. | ਸਮਾਜਿਕ ਸੁਰੱਖਿਆ ਅਤੇ ਔਰਤਾਂ ਅਤੇ ਬੱਚਿਆਂ ਦਾ ਵਿਕਾਸ ਵਿਭਾਗ | 9 |
| 27. | ਸਕੂਲ ਸਿੱਖਿਆ ਵਿਭਾਗ | 9 |
| 28. | ਆਮ ਪ੍ਰਸ਼ਾਸਨ ਵਿਭਾਗ | 9 |
| 29. | ਮਾਲੀਆ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਵਿਭਾਗ | 8 |
| 30. | ਕਿਰਤ ਵਿਭਾਗ | 8 |
| 31. | ਅਮਲਾ ਵਿਭਾਗ | 7 |

| ਲੜੀ ਨੰ. | ਵਿਭਾਗ ਦਾ ਨਾਂਅ | ਉਪਭੋਗਤਾ |
|---|---|---|
| 32. | ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ | 6 |
| 33. | ਪੰਜਾਬ ਕ੍ਰਿਕਟ ਐਸੋਸੀਏਸ਼ਨ | 6 |
| 34. | ਚੋਣ ਵਿਭਾਗ | 6 |
| 35. | ਸ਼ਾਸਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ | 6 |
| 36. | ਪੰਜਾਬ ਊਰਜਾ ਵਿਕਾਸ ਏਜੰਸੀ | 5 |
| 37. | ਪੰਜਾਬ ਰਿਮੋਟ ਸੈਂਸਿੰਗ ਸੈਂਟਰ | 4 |
| 38. | ਵਿਜੀਲੈਂਸ ਵਿਭਾਗ | 4 |
| 39. | ਖਾਨ ਅਤੇ ਭੂ-ਵਿਗਿਆਨ ਵਿਭਾਗ | 4 |
| 40. | ਉਚੇਰੀ ਸਿੱਖਿਆ ਵਿਭਾਗ | 4 |
| 41. | ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ | 3 |
| 42. | ਸੂਚਨਾ ਅਤੇ ਲੋਕ ਸੰਪਰਕ ਵਿਭਾਗ | 3 |
| 43. | ਐਨ ਆਈ ਸੀ | 1 |
| **ਜੋੜ** | | **3,142** |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

# ਅੰਤਿਕਾ 2.7

*(ਪੈਰ੍ਹਾ 2.10.12 ਦੇ ਹਵਾਲੇ ਵਿੱਚ)*

## ਵਿਭਾਗ ਦੇ ਨਾਂਅ ਅਤੇ ਉਹਨਾਂ ਮਾਮਲਿਆਂ ਦੀ ਸੰਖਿਆ ਜਿੱਥੇ ਇੱਕਲੇ ਉਪਭੋਗਤਾ ਨੇ ਕਈ ਭੂਮਿਕਾਵਾਂ ਨਿਭਾਈਆਂ

| ਲੜੀ ਨੰ. | ਵਿਭਾਗ/ਸੰਸਥਾ ਦਾ ਨਾਂਅ | ਮਾਮਲਿਆਂ ਦੀ ਸੰਖਿਆ |
|---|---|---|
| 1. | ਭਾਖੜਾ ਬਿਆਸ ਮੈਨੇਜਮੈਂਟ ਬੋਰਡ | 34 |
| 2. | ਖੇਤੀਬਾੜੀ ਵਿਭਾਗ | 188 |
| 3. | ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ | 13 |
| 4. | ਸਹਿਕਾਰਤਾ ਵਿਭਾਗ | 113 |
| 5. | ਚੋਣ ਵਿਭਾਗ | 1 |
| 6. | ਰੁਜ਼ਗਾਰ ਉਤਪਤੀ ਅਤੇ ਸਿਖਲਾਈ ਵਿਭਾਗ | 1 |
| 7. | ਆਬਕਾਰੀ ਅਤੇ ਕਰਬੰਦੀ ਵਿਭਾਗ | 19 |
| 8. | ਵਿੱਤ ਵਿਭਾਗ | 3 |
| 9. | ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ | 70 |
| 10. | ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ | 7 |
| 11. | ਆਮ ਪ੍ਰਸ਼ਾਸਨ ਵਿਭਾਗ | 1 |
| 12. | ਸਿਹਤ ਅਤੇ ਪਰਿਵਾਰ ਭਲਾਈ ਵਿਭਾਗ | 9 |
| 13. | ਉਚੇਰੀ ਸਿੱਖਿਆ ਵਿਭਾਗ | 4 |
| 14. | ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ | 10 |
| 15. | ਰਿਹਾਇਸ਼ ਅਤੇ ਸ਼ਹਿਰੀ ਵਿਕਾਸ ਵਿਭਾਗ | 37 |
| 16. | ਉਦਯੋਗ ਅਤੇ ਵਣਜ ਵਿਭਾਗ | 18 |
| 17. | ਸੂਚਨਾ ਅਤੇ ਲੋਕ ਸੰਪਰਕ ਵਿਭਾਗ | 1 |
| 18. | ਕਿਰਤ ਵਿਭਾਗ | 2 |
| 19. | ਸਥਾਨਕ ਸਰਕਾਰ ਵਿਭਾਗ | 609 |
| 20. | ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ | 10 |
| 21. | ਖਾਨ ਅਤੇ ਭੂ-ਵਿਗਿਆਨ ਵਿਭਾਗ | 1 |
| 22. | ਅਮਲਾ ਵਿਭਾਗ | 1 |
| 23. | ਬਿਜਲੀ ਵਿਭਾਗ | 173 |
| 24. | ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ | 2 |
| 25. | ਪੰਜਾਬ ਊਰਜਾ ਵਿਕਾਸ ਏਜੰਸੀ | 3 |
| 26. | ਮਾਲੀਆ, ਪੁਨਰਵਾਸ ਅਤੇ ਆਫ਼ਤ ਪ੍ਰਬੰਧਨ ਵਿਭਾਗ | 1 |
| 27. | ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ | 41 |

| ਲੜੀ ਨੰ. | ਵਿਭਾਗ/ਸੰਸਥਾ ਦਾ ਨਾਂਅ | ਮਾਮਲਿਆਂ ਦੀ ਸੰਖਿਆ |
|---|---|---|
| 28. | ਸਕੂਲ ਸਿੱਖਿਆ ਵਿਭਾਗ | 7 |
| 29. | ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ ਵਿਭਾਗ | 6 |
| 30. | ਸਮਾਜਿਕ ਸੁਰੱਖਿਆ ਅਤੇ ਔਰਤਾਂ ਅਤੇ ਬੱਚਿਆਂ ਦਾ ਵਿਕਾਸ ਵਿਭਾਗ | 1 |
| 31. | ਖੇਡ ਅਤੇ ਯੁਵਕ ਸੇਵਾਵਾਂ ਵਿਭਾਗ | 22 |
| 32. | ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ | 7 |
| 33. | ਟਰਾਂਸਪੋਰਟ ਵਿਭਾਗ | 6 |
| 34. | ਵਿਜੀਲੈਂਸ ਵਿਭਾਗ | 1 |
| 35. | ਜਲ ਸਰੋਤ ਵਿਭਾਗ | 173 |
| 36. | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ | 9 |
| 37. | ਸ਼ਾਸਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ | 4 |
| 38. | ਪੰਜਾਬ ਖੇਤੀਬਾੜੀ ਯੂਨੀਵਰਸਿਟੀ | 7 |
| 39. | ਪੰਜਾਬ ਕ੍ਰਿਕਟ ਐਸੋਸੀਏਸ਼ਨ | 2 |
| 40. | ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) | 144 |
| 41. | ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ | 118 |
| 42. | ਵਿਸ਼ਵ ਬੈਂਕ | 108 |
| **ਜੋੜ** | | **1,987** |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

## ਅੰਤਿਕਾ 2.8

*(ਪੈਰ੍ਹਾ 2.10.12 ਦੇ ਹਵਾਲੇ ਵਿੱਚ)*

### ਵਿਭਾਗਾਂ ਦੇ ਨਾਂਅ ਅਤੇ ਉਪਭੋਗਤਾਵਾਂ ਦੀ ਸੰਖਿਆ ਜਿਸ ਵਿੱਚ ਅਧਿਕਾਰੀਆਂ ਨੂੰ ਟੈਂਡਰ ਸਵੀਕਾਰ ਕਰਨ ਵਾਲੀ ਅਥਾਰਟੀ ਦੀ ਭੂਮਿਕਾ ਸੌਂਪੀ ਗਈ ਸੀ

| ਲੜੀ ਨੰ. | ਵਿਭਾਗ /ਸੰਸਥਾ ਦਾ ਨਾਂਅ | ਟੈਂਡਰ ਸਵੀਕਾਰ ਕਰਨ ਵਾਲੀ ਅਥਾਰਟੀ ਦੀ ਸੰਖਿਆ |
|---|---|---|
| 1. | ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ | 79 |
| 2. | ਵਿਸ਼ਵ ਬੈਂਕ | 55 |
| 3. | ਖੇਤੀਬਾੜੀ ਵਿਭਾਗ | 42 |
| 4. | ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) | 35 |
| 5. | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ | 27 |
| 6. | ਸਥਾਨਕ ਸਰਕਾਰ ਵਿਭਾਗ | 26 |
| 7. | ਖੇਡ ਅਤੇ ਯੁਵਕ ਸੇਵਾਵਾਂ ਵਿਭਾਗ | 24 |
| 8. | ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ | 23 |
| 9. | ਸਹਿਕਾਰਤਾ ਵਿਭਾਗ | 17 |
| 10. | ਜਲ ਸਰੋਤ ਵਿਭਾਗ | 11 |
| 11. | ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ | 9 |
| 12. | ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ | 7 |
| 13. | ਵਿੱਤ ਵਿਭਾਗ | 4 |
| 14. | ਆਮ ਪ੍ਰਸ਼ਾਸਨ ਵਿਭਾਗ | 4 |
| 15. | ਸਿਹਤ ਅਤੇ ਪਰਿਵਾਰ ਭਲਾਈ ਵਿਭਾਗ | 4 |
| 16. | ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ | 3 |
| 17. | ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ | 3 |
| 18. | ਕਿਰਤ ਵਿਭਾਗ | 3 |
| 19. | ਸਮਾਜਿਕ ਸੁਰੱਖਿਆ ਅਤੇ ਔਰਤਾਂ ਅਤੇ ਬੱਚਿਆਂ ਦਾ ਵਿਕਾਸ ਵਿਭਾਗ | 3 |
| 20. | ਚੋਣ ਵਿਭਾਗ | 2 |
| 21. | ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ | 1 |
| 22. | ਅਮਲਾ ਵਿਭਾਗ | 1 |
| 23. | ਬਿਜਲੀ ਵਿਭਾਗ | 1 |
| 24. | ਟਰਾਂਸਪੋਰਟ ਵਿਭਾਗ | 1 |
| 25. | ਸ਼ਾਸਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ | 1 |
| | **ਜੋੜ** | **386** |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

## ਅੰਤਿਕਾ 2.9

*(ਪੈਰ੍ਹਾ 2.11.1.5 (ਅ) (ii) ਦੇ ਹਵਾਲੇ ਵਿੱਚ)*

### ਟੈਂਡਰਾਂ ਦੀ ਵਿਭਾਗ-ਵਾਰ ਸੰਖਿਆ ਜਿੱਥੇ ਇੱਕੋ ਆਈ ਪੀ ਪਤੇ ਤੋਂ ਕਈ ਬੋਲੀਆਂ ਪ੍ਰਾਪਤ ਹੋਈਆਂ

| ਲੜੀ ਨੰ. | ਵਿਭਾਗ ਦਾ ਨਾਂਅ | ਟੈਂਡਰਾਂ ਦੀ ਸੰਖਿਆ |
|---|---|---|
| 1. | ਖੇਤੀਬਾੜੀ ਵਿਭਾਗ | 9 |
| 2. | ਵਿੱਤ ਵਿਭਾਗ | 1 |
| 3. | ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ | 31 |
| 4. | ਗ੍ਰਹਿ ਮਾਮਲਿਆਂ ਅਤੇ ਨਿਆਂ ਵਿਭਾਗ | 20 |
| 5. | ਰਿਹਾਇਸ਼ ਅਤੇ ਸ਼ਹਿਰੀ ਵਿਕਾਸ ਵਿਭਾਗ | 13 |
| 6. | ਸਥਾਨਕ ਸਰਕਾਰ ਵਿਭਾਗ | 16 |
| 7. | ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ | 10 |
| 8. | ਸਕੂਲ ਸਿੱਖਿਆ ਵਿਭਾਗ | 3 |
| 9. | ਸਮਾਜਿਕ ਸੁਰੱਖਿਆ ਅਤੇ ਔਰਤਾਂ ਅਤੇ ਬੱਚਿਆਂ ਦਾ ਵਿਕਾਸ ਵਿਭਾਗ | 2 |
| 10. | ਖੇਡ ਅਤੇ ਯੁਵਕ ਸੇਵਾਵਾਂ ਵਿਭਾਗ | 3 |
| 11. | ਜਲ ਸਰੋਤ ਵਿਭਾਗ | 27 |
| 12. | ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) | 3 |
| **ਜੋੜ** | | **138** |

*ਸ੍ਰੋਤ: ਜੀ ਈ ਪੀ ਐਨ ਆਈ ਸੀ ਡਾਟਾਬੇਸ*

## ਅੰਤਿਕਾ 3.1

*(ਪੈਰ੍ਹਾ 3.7.2.2 ਦੇ ਹਵਾਲੇ ਵਿੱਚ)*

### ਐਮ ਐਚ ਆਰ ਡੀ, ਭਾਰਤ ਸਰਕਾਰ ਦੇ ਨਾਲ-ਨਾਲ ਜੀ ਓ ਪੀ ਦੁਆਰਾ ਅਧਿਸੂਚਿਤ ਕੀਤੇ ਅਨੁਸਾਰ ਐਸ ਸੀ ਈ ਆਰ ਟੀ ਦੀ ਮਨਜ਼ੂਰਸ਼ੁਦਾ ਅਸਾਮੀਆਂ (ਐਸ ਐਸ) ਦੇ ਵੇਰਵੇ

| ਐਮ ਐਚ ਆਰ ਡੀ, ਭਾਰਤ ਸਰਕਾਰ ਦੇ ਅਨੁਸਾਰ ਐਸ ਸੀ ਈ ਆਰ ਟੀ ਦਾ ਐਸ ਐਸ (ਅਪ੍ਰੈਲ 2018) | | | ਜੀ ਓ ਪੀ ਦੁਆਰਾ ਅਧਿਸੂਚਿਤ ਕੀਤੇ ਅਨੁਸਾਰ ਐਸ ਸੀ ਈ ਆਰ ਟੀ ਦਾ ਐਸ ਐਸ (ਜੂਨ 2021) | |
|---|---|---|---|---|
| ਡਿਵੀਜ਼ਨ/ਵਿਭਾਗ ਦਾ ਨਾਂਅ | ਫੈਕਲਟੀ | ਐਸ ਐਸ | ਅਸਾਮੀ ਦਾ ਨਾਂਅ | ਐਸ ਐਸ |
| **ਅਕਾਦਮਿਕ ਅਸਾਮੀਆਂ** | | | | |
| ਡਾਇਰੈਕਟਰ | ਪ੍ਰੋਫੈਸਰ | 1 | ਡਾਇਰੈਕਟਰ | 1 |
| ਸੰਯੁਕਤ ਡਾਇਰੈਕਟਰ | ਸੰਯੁਕਤ ਡਾਇਰੈਕਟਰ (ਅਕਾਦਮਿਕ)- ਪ੍ਰੋਫੈਸਰ | 1 | ਡਿਪਟੀ ਡਾਇਰੈਕਟਰ | 1 |
| ਪਾਠਕ੍ਰਮ ਖੋਜ ਅਤੇ ਵਿਕਾਸ ਡਿਵੀਜ਼ਨ | ਐਚ ਓ ਡੀ (ਪ੍ਰੋਫੈਸਰ) | 1 | ਸਹਾਇਕ ਡਾਇਰੈਕਟਰ | 3 |
| ਗਣਿਤ ਅਤੇ ਵਿਗਿਆਨ | 2 ਐਲੀਮੈਂਟਰੀ ਸਿੱਖਿਆ ਲਈ ਫੈਕਲਟੀ ਅਤੇ ਸੈਕੰਡਰੀ ਸਿੱਖਿਆ ਲਈ 5 ਫੈਕਲਟੀ | 7 | ਲੈਕਚਰਾਰ | 7 |
| ਸਮਾਜਿਕ ਸਾਸ਼ਤਰ | ਫੈਕਲਟੀ (ਹਰੇਕ ਇਤਿਹਾਸ, ਰਾਜਨੀਤੀ ਵਿਗਿਆਨ, ਭੂਗੋਲ, ਅਰਥ ਸ਼ਾਸਤਰ ਲਈ 1) | 4 | ਸਲਾਹਕਾਰ (ਮਾਸਟਰ ਕਾਡਰ) | 22 |
| ਭਾਸ਼ਾ ਵਿਭਾਗ | 2 ਐਲੀਮੈਂਟਰੀ ਸਿੱਖਿਆ ਲਈ ਫੈਕਲਟੀ (ਹਿੰਦੀ ਲਈ 1 ਅਤੇ ਅੰਗਰੇਜੀ ਲਈ 1) ਅਤੇ ਸੈਕੰਡਰੀ ਸਿੱਖਿਆ ਲਈ 4 ਫੈਕਲਟੀ (ਹਿੰਦੀ ਅਤੇ ਅੰਗਰੇਜ਼ੀ ਲਈ1, ਖੇਤਰੀ ਭਾਸ਼ਾਵਾਂ ਲਈ 2) | 6 | ਸਹਾਇਕ ਸਲਾਹਕਾਰ (ਈ ਟੀ ਟੀ ਕਾਡਰ) | 2 |
| ਵਣਜ ਅਧਿਐਨ ਵਿਭਾਗ | ਸੈਕੰਡਰੀ ਸਿੱਖਿਆ ਲਈ ਫੈਕਲਟੀ (ਅਕਾਊਂਟੈਂਸੀ ਅਤੇ ਬਿਜ਼ਨਸ ਸਟੱਡੀਜ਼ ਲਈ 1) | 1 | **ਕੁੱਲ ਅਕਾਦਮਿਕ ਸਟਾਫ਼** | **36** |
| ਕਲਾ ਸਿੱਖਿਆ ਵਿਭਾਗ | ਫੈਕਲਟੀ (ਵਿਜ਼ੂਅਲ ਆਰਟਸ ਲਈ 1 ਅਤੇ ਪਰਫਾਰਮਿੰਗ ਆਰਟਸ ਲਈ 1) | 2 | | |
| ਕੰਮ ਦਾ ਤਜਰਬਾ ਅਤੇ ਵੋਕੇਸ਼ਨਲ ਸਿੱਖਿਆ ਵਿਭਾਗ | ਫੈਕਲਟੀ ਰਾਜ ਦੇ ਪ੍ਰਸੰਗ ਦੇ ਅਧਾਰ 'ਤੇ ਤਰਜੀਹੀ ਵਪਾਰ ਲਈ ਅਤੇ ਕੰਮ ਦੇ ਤਜਰਬੇ ਲਈ ਵੀ | 2 | | |
| ਸਿਹਤ ਅਤੇ ਸਰੀਰਕ ਸਿੱਖਿਆ ਵਿਭਾਗ | ਫੈਕਲਟੀ (ਸਿਹਤ ਅਤੇ ਸਰੀਰਕ ਸਿੱਖਿਆ/ਆਬਾਦੀ ਸਿੱਖਿਆ ਲਈ 1) | 1 | | |
| ਸਮਾਵੇਸ਼ੀ ਅਤੇ ਵਿਸ਼ੇਸ਼ ਸਿੱਖਿਆ ਵਿਭਾਗ | 1 ਫੈਕਲਟੀ (ਸਿੱਖਣ ਅਤੇ ਸਰੀਰਕ ਅਪੰਗਤਾਵਾਂ ਵਾਲੇ ਬੱਚਿਆਂ ਲਈ ਪਾਠਕ੍ਰਮ ਦੇ ਵਿਕਾਸ ਅਤੇ ਸਮਾਂਵੇਸ਼ੀ ਅਧਿਆਪਨ ਵਿੱਚ ਮਾਹਰਤਾ) ਅਤੇ 1 ਫੈਕਲਟੀ (ਜਾਤੀ/ਲਿੰਗ/ਧਾਰਮਿਕ ਅਸਮਾਨਤਾਵਾਂ ਦੇ ਅੰਤਰਗਤ ਮੁੱਦਿਆਂ ਨੂੰ ਹੱਲ ਕਰਨ ਵਿੱਚ ਮਾਹਰਤਾ) | 2 | | |
| ਪ੍ਰੀ-ਸਕੂਲ ਵਿਭਾਗ | 2 ਫੈਕਲਟੀ (ਹਰੇਕ ਈ ਸੀ ਸੀ ਈ/ਪ੍ਰੀਸਕੂਲ ਪਾਠਕ੍ਰਮ ਅਤੇ ਅਧਿਆਪਨ ਵਿੱਚ ਮਾਹਰ) | 2 | | |

| ਐਮ ਐਚ ਆਰ ਡੀ, ਭਾਰਤ ਸਰਕਾਰ ਦੇ ਅਨੁਸਾਰ ਐਸ ਸੀ ਈ ਆਰ ਟੀ ਦਾ ਐਸ ਐਸ (ਅਪ੍ਰੈਲ 2018) | | |
|---|---|---|
| **ਡਿਵੀਜ਼ਨ/ ਵਿਭਾਗ ਦਾ ਨਾਂਅ** | **ਫੈਕਲਟੀ** | **ਐਸ ਐਸ** |
| ਵਿਦਿਅਕ ਖੋਜ, ਸਰਵੇਖਣ ਅਤੇ ਮੁਲਾਂਕਣ ਡਿਵੀਜ਼ਨ | 1ਐਚ ਓ ਡੀ (ਪ੍ਰੋਫੈਸਰ) ਅਤੇ 2 ਫੈਕਲਟੀ (1 ਮਾਤਰਾਤਮਕ ਖੋਜ ਅਤੇ ਸਿੱਖਣ ਦੇ ਮੁਲਾਂਕਣਾਂ ਵਿੱਚ ਮਾਹਰ ਅਤੇ 1 ਗੁਣਾਤਮਕ ਖੋਜ ਵਿੱਚ ਮਾਹਰ) | 3 |
| ਅਧਿਆਪਕ ਸਿੱਖਿਆ ਡਿਵੀਜ਼ਨ | 1 ਐਚ ਓ ਡੀ (ਪ੍ਰੋਫੈਸਰ) ਅਤੇ 4 ਫੈਕਲਟੀ (3 ਪ੍ਰੀ-ਸਰਵਿਸ ਸਿੱਖਿਆ ਲਈ-ਦਰਸ਼ਨ, ਸਮਾਜ ਸ਼ਾਸਤਰ, ਮਨੋਵਿਗਿਆਨ ਅਤੇ 1 ਇਨ-ਸਰਵਿਸ ਸਿੱਖਿਆ ਲਈ) | 5 |
| ਲੀਡਰਸ਼ਿਪ ਅਤੇ ਪ੍ਰਬੰਧਨ ਵਿਭਾਗ | ਫੈਕਲਟੀ (ਹਰੇਕ ਸਕੂਲ ਲੀਡਰਸ਼ਿਪ, ਪ੍ਰਬੰਧਨ ਅਤੇ ਭਾਈਚਾਰਾ ਸ਼ਮੂਲੀਅਤ/ਸਕੂਲ ਪ੍ਰਬੰਧਨ ਕਮੇਟੀਆਂ ਵਿੱਚ ਮਾਹਰ) | 2 |
| ਆਈ ਸੀ ਟੀ ਡਿਵੀਜ਼ਨ | 1ਐਚ ਓ ਡੀ (ਪ੍ਰੋਫੈਸਰ) ਅਤੇ 2 ਫੈਕਲਟੀ (ਵਿਦਿਆਰਥੀ ਸਿੱਖਣ ਲਈ ਸੀ ਏ ਐਲ/ਆਈ ਸੀ ਟੀ ਲਈ 1-ਅਧਿਆਪਨ ਸਿੱਖਣ ਵਿੱਚ ਆਈ ਸੀ ਟੀ ਦਾ ਏਕੀਕਰਨ ਅਤੇ ਆਈ ਸੀ ਟੀ ਪਹਿਲਕਦਮੀਆਂ ਲਈ 1) (ਐਨ ਟੀ ਪੀ, ਪ੍ਰਸ਼ਿਕਸ਼ਕ) | 3 |
| ਪ੍ਰੋਗਰਾਮ ਅਤੇ ਨਿਗਰਾਨੀ ਦੀ ਡਿਵੀਜ਼ਨ | 1ਐਚ ਓ ਡੀ (ਪ੍ਰੋਫੈਸਰ) ਅਤੇ 1 ਫੈਕਲਟੀ (ਵਿਦਿਅਕ ਯੋਜਨਾਬੰਦੀ ਵਿੱਚ ਮਾਹਰ) | 2 |

| ਐਮ ਐਚ ਆਰ ਡੀ, ਭਾਰਤ ਸਰਕਾਰ ਦੇ ਅਨੁਸਾਰ ਐਸ ਸੀ ਈ ਆਰ ਟੀ ਦਾ ਐਸ ਐਸ (ਅਪ੍ਰੈਲ 2018) | | | ਜੀ ਓ ਪੀ ਦੁਆਰਾ ਅਧਿਸੂਚਿਤ ਕੀਤੇ ਅਨੁਸਾਰ ਐਸ ਸੀ ਈ ਆਰ ਟੀ ਦਾ ਐਸ ਐਸ (ਜੂਨ 2021) | |
|---|---|---|---|---|
| **ਗੈਰ-ਅਕਾਦਮਿਕ ਅਸਾਮੀਆਂ** | | | | |
| ਲਾਇਬ੍ਰੇਰੀ ਅਤੇ ਦਸਤਾਵੇਜ਼ੀ ਸੈੱਲ | 1 ਲਾਇਬ੍ਰੇਰੀਅਨ<br>1 ਸਹਾਇਕ ਲਾਇਬ੍ਰੇਰੀਅਨ<br>1 ਪੇਸ਼ੇਵਰ ਸਹਾਇਕ | 3 | ਸੁਪਰਡੰਟ ਗਰੇਡ-I | 1 |
| ਪ੍ਰਬੰਧਕੀ ਡਿਵੀਜ਼ਨ | 3 ਪ੍ਰਬੰਧਕੀ ਅਫਸਰ<br>1 ਡਿਪਟੀ ਕੰਪਟ੍ਰੋਲਰ ਆਫ਼ ਅਕਾਊਂਟਸ (ਡੀ ਸੀ ਏ)<br>1 ਪ੍ਰਕਾਸ਼ਨ ਅਫਸਰ<br>2 ਸੰਪਾਦਕ/ਸਹਾਇਕ ਸੰਪਾਦਕ | 7 | ਸੀਨੀਅਰ ਸਹਾਇਕ | 2 |
| ਤਕਨੀਕੀ ਸਟਾਫ਼ | 2-ਲਾਇਬ੍ਰੇਰੀ ਅਤੇ ਦਸਤਾਵੇਜ਼ੀ ਡਿਵੀਜ਼ਨ ਲਈ ਪੇਸ਼ੇਵਰ ਸਹਾਇਕ<br>3-ਵੱਖ-ਵੱਖ ਵਿਭਾਗਾਂ ਲਈ ਤਕਨੀਕੀ ਸਟਾਫ਼ (ਕੰਪਿਊਟਰ ਸਹਾਇਕ, ਅਰਧ-ਪੇਸ਼ੇਵਰ ਸਹਾਇਕ ਪ੍ਰਯੋਗਸ਼ਾਲਾ ਸਹਾਇਕ) | 5 | ਕਲਰਕ | 3 |
| ਪ੍ਰੋਜੈਕਟ ਸਟਾਫ | ਠੇਕੇ ਤੇ ਪ੍ਰੋਜੈਕਟ ਫੈਲੋਜ਼ ਅਤੇ/ਜਾਂ ਸਲਾਹਕਾਰ | 6 | | |

*ਸ੍ਰੋਤ: ਵਿਭਾਗੀ ਡਾਟਾ*

## ਅੰਤਿਕਾ 3.2

*(ਪੈਰ੍ਹਾ 3.7.2.2 ਦੇ ਹਵਾਲੇ ਵਿੱਚ)*

**ਐਮ ਐਚ ਆਰ ਡੀ ਭਾਰਤ ਸਰਕਾਰ (ਅਪ੍ਰੈਲ 2018) ਦੇ ਨਾਲ-ਨਾਲ ਪੰਜਾਬ ਸਰਕਾਰ (ਜੂਨ 2021) ਦੁਆਰਾ ਅਧਿਸੂਚਿਤ ਕੀਤੀ ਡੀ ਆਈ ਈ ਟੀਜ਼ ਦੀ ਮਨਜ਼ੂਰਸ਼ੁਦਾ ਅਸਾਮੀਆਂ (ਐਸ ਐਸ) ਦੇ ਵੇਰਵੇ**

| ਐਮ ਐਚ ਆਰ ਡੀ, ਭਾਰਤ ਸਰਕਾਰ ਦੇ ਅਨੁਸਾਰ ਅਸਾਮੀ ਦਾ ਨਾਂਅ (ਅਪ੍ਰੈਲ 2018) | ਐਸ ਐਸ | ਜੀ ਓ ਪੀ ਦੁਆਰਾ ਨੋਟੀਫਾਈ ਕੀਤੇ ਅਨੁਸਾਰ ਅਕਾਦਮਿਕ ਅਸਾਮੀ (ਜੂਨ 2021) | ਐਸ ਐਸ |
|---|---|---|---|
| **ਅਕਾਦਮਿਕ ਅਸਾਮੀਆਂ** | | | |
| ਪ੍ਰਿੰਸੀਪਲ | 22 | ਪ੍ਰਿੰਸੀਪਲ | 22 |
| ਵਾਈਸ ਪ੍ਰਿੰਸੀਪਲ | 22 | ਲੈਕਚਰਾਰ | 132 |
| ਸੀਨੀਅਰ ਲੈਕਚਰਾਰ | 132 | ਸਲਾਹਕਾਰ | 148 |
| ਲੈਕਚਰਾਰ | 374 | ਸਹਾਇਕ ਸਲਾਹਕਾਰ | 22 |
| **ਜੋੜ** | **550** | **ਜੋੜ** | **324** |
| **ਗੈਰ-ਅਕਾਦਮਿਕ ਅਸਾਮੀਆਂ** | | | |
| ਕੰਮ ਦਾ ਤਜਰਬਾ/ਕਾਰਜ ਸਿੱਖਿਆ ਅਧਿਆਪਕ | 44 | ਸੀਨੀਅਰ ਸਹਾਇਕ | 22 |
| ਲਾਇਬ੍ਰੇਰੀਅਨ | 44 | ਕਲਰਕ | 22 |
| ਆਈ ਸੀ ਟੀ ਸਹਾਇਤਾ ਅਮਲਾ | 44 | **ਜੋੜ** | **44** |
| ਅੰਕੜਾ ਵਿਗਿਆਨੀ | 44 | | |
| ਦਫਤਰ ਸੁਪਰਡੈਂਟ | 44 | | |
| ਲੈਬ. ਸਹਾਇਕ | 44 | | |
| ਪੀ ਏ/ਸਟੈਨੋ (ਪ੍ਰਿੰਸੀਪਲ ਨੂੰ) | 44 | | |
| ਕਲਰਕ (ਹੋਸਟਲ ਲਈ ਇੱਕ ਸਮੇਤ) | 44 | | |
| ਸਟੈਨੋ ਟਾਈਪਿਸਟ/ਡਾਟਾ ਐਂਟਰੀ ਆਪਰੇਟਰ | 88 | | |
| ਅਕਾਊਂਟੈਂਟ | 44 | | |
| ਰੱਖ-ਰਖਾਅ ਲਈ ਸਹਾਇਕ ਅਮਲਾ/ਗਰੁੱਪ 'ਡੀ ' | 44 | | |
| **ਜੋੜ** | **528** | | |

*ਸ੍ਰੋਤ: ਵਿਭਾਗੀ ਡਾਟਾ*

## ਅੰਤਿਕਾ 3.3

*(ਪੈਰ੍ਹਾ 3.7.5 ਦੇ ਹਵਾਲੇ ਵਿੱਚ)*

### 2022-23 ਦੌਰਾਨ ਫੈਕਲਟੀ ਤੋਂ ਬਿਨਾਂ ਆਈ ਸੀ ਟੀ ਲੈਬਜ਼ ਵਾਲੇ ਸਕੂਲਾਂ ਦੀ ਸਥਿਤੀ

| ਲੜੀ ਨੰ. | ਜ਼ਿਲ੍ਹਾ | ਫੈਕਲਟੀ ਤੋਂ ਬਿਨਾਂ ਆਈ ਸੀ ਟੀ ਲੈਬ ਵਾਲੇ ਸਕੂਲਾਂ ਦੀ ਸੰਖਿਆ | $6^{ਵੀਂ}$ ਤੋਂ $12^{ਵੀਂ}$ ਕਲਾਸ ਵਿੱਚ ਦਾਖਲ ਵਿਦਿਆਰਥੀਆਂ ਦੀ ਸੰਖਿਆ |
|---|---|---|---|
| 1. | ਅੰਮ੍ਰਿਤਸਰ | 37 | 6,166 |
| 2. | ਬਰਨਾਲਾ | 7 | 870 |
| 3. | ਬਠਿੰਡਾ | 24 | 3,928 |
| 4. | ਫਰੀਦਕੋਟ | 10 | 1,413 |
| 5. | ਫ਼ਤਿਹਗੜ੍ਹ ਸਾਹਿਬ | 2 | 443 |
| 6. | ਫਾਜ਼ਿਲਕਾ | 29 | 5,915 |
| 7. | ਫਿਰੋਜ਼ਪੁਰ | 34 | 10,198 |
| 8. | ਗੁਰਦਾਸਪੁਰ | 25 | 3,321 |
| 9. | ਹੁਸ਼ਿਆਰਪੁਰ | 31 | 4,207 |
| 10. | ਜਲੰਧਰ | 23 | 3,588 |
| 11. | ਕਪੂਰਥਲਾ | 20 | 2,169 |
| 12. | ਲੁਧਿਆਣਾ | 20 | 3,924 |
| 13. | ਮਲੇਰਕੋਟਲਾ | 3 | 423 |
| 14. | ਮਾਨਸਾ | 38 | 6,237 |
| 15. | ਮੋਗਾ | 40 | 9,902 |
| 16. | ਮੋਹਾਲੀ | 13 | 1,548 |
| 17. | ਸ਼੍ਰੀ ਮੁਕਤਸਰ ਸਾਹਿਬ | 23 | 3,489 |
| 18. | ਨਵਾਂਸ਼ਹਿਰ | 12 | 1,938 |
| 19. | ਪਠਾਨਕੋਟ | 14 | 2,309 |
| 20. | ਪਟਿਆਲਾ | 26 | 3,695 |
| 21. | ਰੂਪਨਗਰ | 19 | 1,677 |
| 22. | ਸੰਗਰੂਰ | 43 | 7,534 |
| 23. | ਤਰਨ ਤਾਰਨ | 40 | 6,746 |
| **ਜੋੜ** | | **533** | **91,640** |

*ਸ੍ਰੋਤ: ਯੂ ਆਈ ਡੀ ਐਸ ਈ + ਡਾਟਾ ਅਤੇ ਵਿਭਾਗੀ ਡਾਟਾ*

## ਅੰਤਿਕਾ 3.4

*(ਪੈਰ੍ਹਾ 3.8.4 (i) ਦੇ ਹਵਾਲੇ ਵਿੱਚ)*

### ਮਾਰਚ 2023 ਤੱਕ ਵਿਦਿਆਰਥੀਆਂ ਦੀ ਉਪਲਬਧਤਾ ਦੇ ਬਾਵਜੂਦ ਪ੍ਰਾਇਮਰੀ ਅਧਿਆਪਕਾਂ ਤੋਂ ਬਿਨਾਂ ਸਕੂਲਾਂ ਦੇ ਵੇਰਵੇ

| ਜ਼ਿਲ੍ਹਾ | ਬਲਾਕ | ਸਕੂਲ | ਦਾਖਲਾ–ਪ੍ਰੀ–ਪ੍ਰਾਇਮਰੀ | ਦਾਖਲਾ–ਪ੍ਰਾਇਮਰੀ | ਕੁੱਲ | ਅਧਿਆਪਕਾਂ ਦੀ ਸੰਖਿਆ |
|---|---|---|---|---|---|---|
| ਪਟਿਆਲਾ | ਪਟਿਆਲਾ-1 | ਜੀ ਪੀ ਐਸ, ਸੁਨਿਆਰਹੇੜੀ | 11 | 13 | 24 | 0 |
| ਗੁਰਦਾਸਪੁਰ | ਬਟਾਲਾ-1 | ਜੀ ਐਸ ਐਸ ਐਸ, ਜੈਤੋ ਸਰਜਾ | 5 | 28 | 33 | 0 |
| | ਸ਼੍ਰੀ ਹਰਗੋਬਿੰਦਪੁਰ | ਜੀ ਐਸ ਐਸ ਐਸ, (ਲੜਕੀਆਂ) ਸ਼੍ਰੀ ਹਰਗੋਬਿੰਦਪੁਰ | 6 | 36 | 42 | 0 |
| ਪਠਾਨਕੋਟ | ਪਠਾਨਕੋਟ-3 | ਜੀ ਐਸ ਐਸ ਐਸ, ਘਿਆਲਾ | 24 | 20 | 44 | 0 |
| | ਧਾਰ-2 | ਜੀ ਐਚ ਐਸ, ਥਰੀਅਲ | 25 | 26 | 51 | 0 |
| ਫਿਰੋਜ਼ਪੁਰ | ਜ਼ੀਰਾ | ਜੀ ਐਸ ਐਸ ਐਸ, ਜੀਵਨ ਮਾਲ | 7 | 43 | 50 | 0 |
| | ਜ਼ੀਰਾ | ਜੀ ਐਸ ਐਸ ਐਸ, ਐਸ ਜੀ ਆਰ ਐਮ | 64 | 236 | 300 | 0 |
| ਲੁਧਿਆਣਾ | ਲੁਧਿਆਣਾ-2 | ਜੀ ਐਸ ਐਸ ਐਸ, ਬੱਦੋਵਾਲ ਕੈਂਟ | 36 | 62 | 98 | 0 |
| ਹੁਸ਼ਿਆਰਪੁਰ | ਬੁੱਲੋਵਾਲ | ਜੀ ਐਸ ਐਸ ਐਸ ਢੱਡੇ ਫਤਿਹ ਸਿੰਘ | 79 | 165 | 244 | 0 |
| ਤਰਨ ਤਾਰਨ | ਭਿੱਖੀਵਿੰਡ | ਸਰਕਾਰੀ ਆਦਰਸ਼ ਐਸ ਐਸ ਐਸ, ਬਲੇਰਖੁਰਦ | 85 | 432 | 517 | 0 |

*ਸ੍ਰੋਤ: ਯੂ ਆਈ ਡੀ ਐਸ ਈ + ਡਾਟਾ*

# ਅੰਤਿਕਾ 4.1

*(ਪੈਰ੍ਹਾ 4.1 ਅਤੇ 4.4 ਦੇ ਹਵਾਲੇ ਵਿੱਚ)*

## ਪੰਜਾਬ ਵਿੱਚ ਜੇਲ੍ਹਾਂ (ਸ਼੍ਰੇਣੀ ਵਾਰ) ਅਤੇ ਨਮੂਨਾ-ਜਾਂਚ ਲਈ ਚੁਣੀਆਂ ਗਈਆਂ ਜੇਲ੍ਹਾਂ ਦੇ ਵੇਰਵੇ

| ਲੜੀ ਨੰ. | ਜੇਲ੍ਹ ਦਾ ਨਾਂਅ | ਕੈਦੀ | ਸਮਰੱਥਾ | ਕੈਦੀ | ਸਮਰੱਥਾ | ਕੁੱਲ ਸਮਰੱਥਾ | ਕੁੱਲ ਕੈਦੀ |
|---|---|---|---|---|---|---|---|
| | | ਪੁਰਸ਼ | ਪੁਰਸ਼ | ਔਰਤ | ਔਰਤ | | |
| 1. | ਸੀ ਜੇ ਅੰਮ੍ਰਿਤਸਰ | 2,894 | 2,006 | 151 | 260 | 2,266 | 3,045 |
| 2. | ਸੀ ਜੇ ਬਠਿੰਡਾ | 1,635 | 2,100 | 0 | 0 | 2,100 | 1,635 |
| 3. | ਸੀ ਜੇ ਫਰੀਦਕੋਟ | 2,026 | 1,928 | 108 | 164 | 2,092 | 2,134 |
| 4. | ਸੀ ਜੇ ਫਿਰੋਜ਼ਪੁਰ | 1,470 | 1,100 | 80 | 136 | 1,236 | 1,550 |
| 5. | ਸੀ ਜੇ ਗੁਰਦਾਸਪੁਰ | 995 | 880 | 59 | 70 | 950 | 1,054 |
| 6. | ਸੀ ਜੇ ਹੁਸ਼ਿਆਰਪੁਰ | 1,102 | 678 | 58 | 45 | 723 | 1,160 |
| 7. | ਸੀ ਜੇ ਕਪੂਰਥਲਾ | 3,467 | 2,870 | 200 | 120 | 2,990 | 3,667 |
| 8. | ਸੀ ਜੇ ਲੁਧਿਆਣਾ | 4,270 | 3,200 | 0 | 0 | 3,200 | 4,270 |
| 9. | ਸੀ ਜੇ ਪਟਿਆਲਾ | 2,330 | 1,688 | 124 | 113 | 1,801 | 2,454 |
| 10. | ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ | 1,691 | 2,460 | 0 | 320 | 2,780 | 1,691 |
| 11. | ਡੀ ਜੇ ਬਰਨਾਲਾ | 603 | 420 | 0 | 15 | 435 | 603 |
| 12. | ਡੀ ਜੇ ਮਾਨਸਾ | 618 | 419 | 55 | 24 | 443 | 673 |
| 13. | ਡੀ ਜੇ ਨਾਭਾ | 0 | 0 | 0 | 0 | 0 | 0 |
| 14. | ਨਵਾਂ ਡੀ ਜੇ ਨਾਭਾ | 853 | 750 | 66 | 100 | 850 | 919 |
| 15. | ਡੀ ਜੇ ਰੋਪੜ | 1,017 | 448 | 63 | 25 | 473 | 1,080 |
| 16. | ਡੀ ਜੇ ਸੰਗਰੂਰ | 980 | 584 | 96 | 66 | 650 | 1,076 |
| 17. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | 1,078 | 775 | 0 | 100 | 875 | 1,078 |
| 18. | ਡਬਲਯੂ ਜੇ ਬਠਿੰਡਾ | 0 | 0 | 189 | 288 | 288 | 189 |
| 19. | ਡਬਲਯੂ ਜੇ ਲੁਧਿਆਣਾ | 0 | 0 | 239 | 320 | 320 | 239 |
| 20. | ਬੀ ਜੇ ਲੁਧਿਆਣਾ | 372 | 500 | 0 | 0 | 500 | 372 |
| 21. | ਓ ਏ ਜੇ ਨਾਭਾ | 56 | 75 | 0 | 0 | 75 | 56 |
| 22. | ਐਸ ਜੇ ਫਾਜ਼ਿਲਕਾ | 69 | 48 | 0 | 0 | 48 | 69 |
| 23. | ਐਸ ਜੇ ਮਲੇਰਕੋਟਲਾ | 290 | 170 | 0 | 0 | 170 | 290 |
| 24. | ਐਸ ਜੇ ਮੋਗਾ | 78 | 75 | 0 | 0 | 75 | 78 |
| 25. | ਐਸ ਜੇ ਪਠਾਨਕੋਟ | 377 | 280 | 0 | 0 | 280 | 377 |
| 26. | ਐਸ ਜੇ ਪੱਟੀ | 210 | 204 | 0 | 0 | 204 | 210 |
| **ਜੋੜ** | | **28,481** | **23,658** | **1,488** | **2,166** | **25,824** | **29,969** |

*ਸ੍ਰੋਤ: ਵਿਭਾਗੀ ਡਾਟਾ* *31 ਮਾਰਚ 2023 ਨੂੰ ਦੀ ਸਥਿਤੀ*

ਨਮੂਨਾ-ਜਾਂਚ ਲਈ ਚੁਣਿਆ ਗਿਆ

## ਅੰਤਿਕਾ 4.2

*(ਪੈਰ੍ਹਾ 4.6.1.1 ਅਤੇ 4.6.1.2 ਦੇ ਹਵਾਲੇ ਵਿੱਚ)*

### ਭੀੜ-ਭੜੱਕਾ ਦੇ ਮੁਕਾਬਲੇ ਜ਼ਿਆਦਾ ਵਕੈਨਸੀ ਦੇ ਵੇਰਵੇ

| ਲੜੀ ਨੰ. | ਜੇਲ੍ਹ | ਕੈਦੀ | ਸਮਰੱਥਾ | ਭੀੜ-ਭੜੱਕਾ/(-) ਵਕੈਨਸੀ | 31 ਮਾਰਚ ਤੱਕ ਦੇ ਮੁਜ਼ਰਮ | ਮੁਜ਼ਰਮ ਜਿਨ੍ਹਾਂ ਦਾ ਤਬਾਦਲਾ ਕੀਤਾ ਜਾ ਸਕਦਾ ਸੀ |
|---|---|---|---|---|---|---|
| 2020-21 ਦੌਰਾਨ ਪੁਰਸ਼ ਕੈਦੀ | | | | | | |
| 1. | ਸੀ ਜੇ ਬਠਿੰਡਾ | 1,450 | 2,100 | -650 | 331 | |
| 2. | ਸੀ ਜੇ ਲੁਧਿਆਣਾ | 2,886 | 3,200 | -314 | 363 | |
| 3. | ਸੀ ਜੇ ਹੁਸ਼ਿਆਰਪੁਰ | 419 | 678 | -259 | 129 | |
| 4. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | 542 | 775 | -233 | 108 | |
| 5. | ਸੀ ਜੇ ਫਰੀਦਕੋਟ | 1,755 | 1,908 | -153 | 375 | |
| 6. | ਨਵਾਂ ਡੀ ਜੇ ਨਾਭਾ | 609 | 750 | -141 | 183 | |
| 7. | ਸੀ ਜੇ ਗੁਰਦਾਸਪੁਰ | 757 | 880 | -123 | 194 | |
| 8. | ਐਸ ਜੇ ਪਠਾਨਕੋਟ | 161 | 280 | -119 | 161 | |
| 9. | ਐਸ ਜੇ ਫਾਜ਼ਿਲਕਾ | 40 | 48 | -8 | 1 | |
| **ਜੋੜ** | | **8,619** | **10,619** | **-2,000** | **1,845** | |
| 1. | ਡੀ ਜੇ ਰੋਪੜ | 450 | 448 | 2 | 83 | 2 |
| 2. | ਡੀ ਜੇ ਬਰਨਾਲਾ | 427 | 420 | 7 | 401 | 7 |
| 3. | ਐਸ ਜੇ ਮੋਗਾ | 83 | 75 | 8 | 20 | 8 |
| 4. | ਐਸ ਜੇ ਪੱਟੀ | 215 | 204 | 11 | 2 | 2 |
| 5. | ਸੀ ਜੇ ਕਪੂਰਥਲਾ | 2,902 | 2,870 | 32 | 438 | 32 |
| 6. | ਸੀ ਜੇ ਫਿਰੋਜ਼ਪੁਰ | 1,137 | 1,100 | 37 | 232 | 37 |
| 7. | ਡੀ ਜੇ ਸੰਗਰੂਰ | 629 | 584 | 45 | 179 | 45 |
| 8. | ਸੀ ਜੇ ਪਟਿਆਲਾ | 1,801 | 1,688 | 113 | 311 | 113 |
| 9. | ਡੀ ਜੇ ਮਾਨਸਾ | 543 | 419 | 124 | 121 | 121 |
| 10. | ਸੀ ਜੇ ਅੰਮ੍ਰਿਤਸਰ | 2,697 | 2,006 | 691 | 552 | 552 |
| **ਜੋੜ** | | **10,884** | **9,814** | **1,070** | **2,339** | **919** |
| 2021-22 ਦੌਰਾਨ ਪੁਰਸ਼ ਕੈਦੀ | | | | | | |
| 1. | ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ | 1,623 | 2,460 | -837 | 218 | |
| 2. | ਸੀ ਜੇ ਬਠਿੰਡਾ | 1,812 | 2,100 | -288 | 497 | |
| 3. | ਐਸ ਜੇ ਪਠਾਨਕੋਟ | 30 | 280 | -250 | 19 | |
| 4. | ਐਸ ਜੇ ਪੱਟੀ | 25 | 204 | -179 | 02 | |
| 5. | ਐਸ ਜੇ ਮੋਗਾ | 6 | 75 | -69 | 5 | |
| 6. | ਸੀ ਜੇ ਗੁਰਦਾਸਪੁਰ | 823 | 880 | -57 | 192 | |
| 7. | ਸੀ ਜੇ ਕਪੂਰਥਲਾ | 2,817 | 2,870 | -53 | 632 | |
| 8. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | 723 | 775 | -52 | 171 | |

| ਲੜੀ ਨੰ. | ਜੇਲ੍ਹ | ਕੈਦੀ | ਸਮਰੱਥਾ | ਭੀੜ-ਭੜੱਕਾ/(-) ਵਕੈਨਸੀ | 31 ਮਾਰਚ ਤੱਕ ਦੇ ਮੁਜ਼ਰਮ | ਮੁਜ਼ਰਮ ਜਿਨ੍ਹਾਂ ਦਾ ਤਬਾਦਲਾ ਕੀਤਾ ਜਾ ਸਕਦਾ ਸੀ |
|---|---|---|---|---|---|---|
| 9. | ਨਵਾਂ ਡੀ ਜੇ ਨਾਭਾ | 711 | 750 | -39 | 287 | |
| 10. | ਐਸ ਜੇ ਫਾਜ਼ਿਲਕਾ | 27 | 48 | -21 | 8 | |
| **ਜੋੜ** | | **8,597** | **10,442** | **-1,845** | **2,031** | |
| 1. | ਐਸ ਜੇ ਮਲੇਰਕੋਟਲਾ | 173 | 170 | 3 | 38 | 3 |
| 2. | ਡੀ ਜੇ ਸੰਗਰੂਰ | 607 | 584 | 23 | 130 | 23 |
| 3. | ਡੀ ਜੇ ਬਰਨਾਲਾ | 471 | 420 | 51 | 82 | 51 |
| 4. | ਡੀ ਜੇ ਮਾਨਸਾ | 479 | 419 | 60 | 105 | 60 |
| 5. | ਸੀ ਜੇ ਫਰੀਦਕੋਟ | 2,046 | 1,908 | 138 | 611 | 138 |
| 6. | ਸੀ ਜੇ ਹੁਸ਼ਿਆਰਪੁਰ | 838 | 678 | 160 | 246 | 160 |
| 7. | ਡੀ ਜੇ ਰੋਪੜ | 727 | 448 | 279 | 140 | 140 |
| 8. | ਸੀ ਜੇ ਲੁਧਿਆਣਾ | 3,524 | 3,200 | 324 | 686 | 324 |
| 9. | ਸੀ ਜੇ ਫਿਰੋਜ਼ਪੁਰ | 1,495 | 1,100 | 395 | 384 | 384 |
| 10. | ਸੀ ਜੇ ਪਟਿਆਲਾ | 2,224 | 1,688 | 536 | 505 | 505 |
| 11. | ਸੀ ਜੇ ਅੰਮ੍ਰਿਤਸਰ | 2,550 | 2,006 | 544 | 505 | 505 |
| **ਜੋੜ** | | **15,134** | **12,621** | **2,513** | **3,432** | **2,293** |
| 2022-23 ਦੌਰਾਨ ਪੁਰਸ਼ ਕੈਦੀ | | | | | | |
| 1. | ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ | 1,691 | 2,460 | -769 | 335 | |
| 2. | ਸੀ ਜੇ ਬਠਿੰਡਾ | 1,635 | 2,100 | -465 | 464 | |
| **ਜੋੜ** | | **3,326** | **4,560** | **-1,234** | **799** | |
| 1. | ਐਸ ਜੇ ਮੋਗਾ | 78 | 75 | 3 | 12 | 3 |
| 2. | ਐਸ ਜੇ ਪੱਟੀ | 210 | 204 | 6 | 2 | 2 |
| 3. | ਐਸ ਜੇ ਫਾਜ਼ਿਲਕਾ | 69 | 48 | 21 | 7 | 7 |
| 4. | ਐਸ ਜੇ ਪਠਾਨਕੋਟ | 377 | 280 | 97 | 49 | 49 |
| 5. | ਸੀ ਜੇ ਫਰੀਦਕੋਟ | 2,026 | 1,928 | 98 | 506 | 98 |
| 6. | ਨਵਾਂ ਡੀ ਜੇ ਨਾਭਾ | 853 | 750 | 103 | 255 | 103 |
| 7. | ਸੀ ਜੇ ਗੁਰਦਾਸਪੁਰ | 995 | 880 | 115 | 241 | 115 |
| 8. | ਐਸ ਜੇ ਮਲੇਰਕੋਟਲਾ | 290 | 170 | 120 | 49 | 49 |
| 9. | ਡੀ ਜੇ ਬਰਨਾਲਾ | 603 | 420 | 183 | 93 | 93 |
| 10. | ਡੀ ਜੇ ਮਾਨਸਾ | 618 | 419 | 199 | 178 | 178 |
| 11. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | 1,078 | 775 | 303 | 138 | 138 |
| 12. | ਸੀ ਜੇ ਫਿਰੋਜ਼ਪੁਰ | 1,470 | 1,100 | 370 | 385 | 370 |
| 13. | ਡੀ ਜੇ ਸੰਗਰੂਰ | 980 | 584 | 396 | 210 | 210 |
| 14. | ਸੀ ਜੇ ਹੁਸ਼ਿਆਰਪੁਰ | 1,102 | 678 | 424 | 247 | 247 |
| 15. | ਡੀ ਜੇ ਰੋਪੜ | 1,017 | 448 | 569 | 156 | 156 |

| ਲੜੀ ਨੰ. | ਜੇਲ੍ਹ | ਕੈਦੀ | ਸਮਰੱਥਾ | ਭੀੜ-ਭੜੱਕਾ/(-) ਵਕੈਨਸੀ | 31 ਮਾਰਚ ਤੱਕ ਦੇ ਮੁਜ਼ਰਮ | ਮੁਜ਼ਰਮ ਜਿਨ੍ਹਾਂ ਦਾ ਤਬਾਦਲਾ ਕੀਤਾ ਜਾ ਸਕਦਾ ਸੀ |
|---|---|---|---|---|---|---|
| 16. | ਸੀ ਜੇ ਕਪੂਰਥਲਾ | 3,467 | 2,870 | 597 | 637 | 597 |
| 17. | ਸੀ ਜੇ ਪਟਿਆਲਾ | 2,330 | 1,688 | 642 | 504 | 504 |
| 18. | ਸੀ ਜੇ ਅੰਮ੍ਰਿਤਸਰ | 2,894 | 2,006 | 888 | 489 | 489 |
| 19. | ਸੀ ਜੇ ਲੁਧਿਆਣਾ | 4,270 | 3,200 | 1,070 | 644 | 644 |
| | **ਜੋੜ** | **24,727** | **18,523** | **6,204** | **4,802** | **4,052** |
| | **2020-21 ਦੌਰਾਨ ਮਹਿਲਾ ਕੈਦੀ** | | | | | |
| 1. | ਐਸ ਜੇ ਮਲੇਰਕੋਟਲਾ | 58 | 170 | -112 | 20 | |
| 2. | ਸੀ ਜੇ ਅੰਮ੍ਰਿਤਸਰ | 200 | 260 | -60 | 69 | |
| 3. | ਸੀ ਜੇ ਫਿਰੋਜ਼ਪੁਰ | 81 | 136 | -55 | 14 | |
| 4. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | 48 | 100 | -52 | 2 | |
| 5. | ਨਵਾਂ ਡੀ ਜੇ ਨਾਭਾ | 59 | 100 | -41 | 24 | |
| 6. | ਸੀ ਜੇ ਗੁਰਦਾਸਪੁਰ | 47 | 70 | -23 | 11 | |
| 7. | ਸੀ ਜੇ ਫਰੀਦਕੋਟ | 143 | 164 | -21 | 30 | |
| 8. | ਡੀ ਜੇ ਬਰਨਾਲਾ | 0 | 15 | -15 | 0 | |
| 9. | ਸੀ ਜੇ ਹੁਸ਼ਿਆਰਪੁਰ | 37 | 45 | -8 | 10 | |
| | **ਜੋੜ** | **673** | **1,060** | **-387** | **180** | |
| 1. | ਡੀ ਜੇ ਰੋਪੜ | 35 | 25 | 10 | 15 | 10 |
| 2. | ਸੀ ਜੇ ਪਟਿਆਲਾ | 124 | 113 | 11 | 18 | 11 |
| 3. | ਡੀ ਜੇ ਸੰਗਰੂਰ | 86 | 66 | 20 | 15 | 15 |
| 4. | ਡੀ ਜੇ ਮਾਨਸਾ | 55 | 24 | 31 | 22 | 22 |
| 5. | ਸੀ ਜੇ ਕਪੂਰਥਲਾ | 172 | 120 | 52 | 61 | 52 |
| 6. | ਸੀ ਜੇ ਬਠਿੰਡਾ | 95 | 0 | 95 | 18 | 18 |
| | **ਜੋੜ** | **567** | **348** | **219** | **149** | **128** |
| | **2021-22 ਦੌਰਾਨ ਮਹਿਲਾ ਕੈਦੀ** | | | | | |
| 1. | ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ | 0 | 320 | -320 | 0 | |
| 2. | ਡਬਲਯੂ ਜੇ ਲੁਧਿਆਣਾ | 206 | 320 | -114 | 37 | |
| 3. | ਸੀ ਜੇ ਅੰਮ੍ਰਿਤਸਰ | 163 | 260 | -97 | 25 | |
| 4. | ਸੀ ਜੇ ਫਿਰੋਜ਼ਪੁਰ | 79 | 136 | -57 | 23 | |
| 5. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | 53 | 100 | -47 | 2 | |
| 6. | ਸੀ ਜੇ ਫਰੀਦਕੋਟ | 129 | 164 | -35 | 23 | |
| 7. | ਨਵਾਂ ਡੀ ਜੇ ਨਾਭਾ | 75 | 100 | -25 | 23 | |
| 8. | ਡੀ ਜੇ ਸੰਗਰੂਰ | 49 | 66 | -17 | 5 | |
| 9. | ਡੀ ਜੇ ਬਰਨਾਲਾ | 0 | 15 | -15 | 0 | |
| 10. | ਸੀ ਜੇ ਗੁਰਦਾਸਪੁਰ | 58 | 70 | -12 | 9 | |

| ਲੜੀ ਨੰ. | ਜੇਲ੍ਹ | ਕੈਦੀ | ਸਮਰੱਥਾ | ਭੀੜ-ਭੜੱਕਾ/(-) ਵਕੈਨਸੀ | 31 ਮਾਰਚ ਤੱਕ ਦੇ ਮੁਜ਼ਰਮ | ਮੁਜ਼ਰਮ ਜਿਨ੍ਹਾਂ ਦਾ ਤਬਾਦਲਾ ਕੀਤਾ ਜਾ ਸਕਦਾ ਸੀ |
|---|---|---|---|---|---|---|
| 11. | ਸੀ ਜੇ ਹੁਸ਼ਿਆਰਪੁਰ | 36 | 45 | -9 | 8 | |
| 12. | ਡੀ ਜੇ ਮਾਨਸਾ | 20 | 24 | -4 | 4 | |
| **ਜੋੜ** | | **868** | **1,620** | **-752** | **159** | |
| 1. | ਸੀ ਜੇ ਪਟਿਆਲਾ | 114 | 113 | 1 | 21 | 1 |
| 2. | ਡੀ ਜੇ ਰੋਪੜ | 29 | 25 | 4 | 6 | 4 |
| 3. | ਸੀ ਜੇ ਕਪੂਰਥਲਾ | 180 | 120 | 60 | 48 | 48 |
| 4. | ਸੀ ਜੇ ਬਠਿੰਡਾ | 94 | 0 | 94 | 19 | 19 |
| **ਜੋੜ** | | **417** | **258** | **159** | **94** | **72** |
| 2022-23 ਦੌਰਾਨ ਮਹਿਲਾ ਕੈਦੀ | | | | | | |
| 1. | ਸੀ ਜੇ ਅੰਮ੍ਰਿਤਸਰ | 151 | 260 | -109 | 24 | |
| 2. | ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ | 0 | 320 | -320 | 0 | |
| 3. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | 0 | 100 | -100 | 0 | |
| 4. | ਡਬਲਯੂ ਜੇ ਲੁਧਿਆਣਾ | 239 | 320 | -81 | 48 | |
| 5. | ਸੀ ਜੇ ਫਰੀਦਕੋਟ | 108 | 164 | -56 | 18 | |
| 6. | ਸੀ ਜੇ ਫਿਰੋਜ਼ਪੁਰ | 80 | 136 | -56 | 13 | |
| 7. | ਨਵਾ ਡੀ ਜੇ ਨਾਭਾ | 66 | 100 | -34 | 15 | |
| 8. | ਡੀ ਜੇ ਬਰਨਾਲਾ | 0 | 15 | -15 | 0 | |
| 9. | ਸੀ ਜੇ ਗੁਰਦਾਸਪੁਰ | 59 | 70 | -11 | 12 | |
| 10. | ਡਬਲਯੂ ਜੇ ਬਠਿੰਡਾ | 189 | 288 | -99 | 32 | 32 |
| **ਜੋੜ** | | **892** | **1,773** | **-881** | **162** | |
| 1. | ਸੀ ਜੇ ਪਟਿਆਲਾ | 124 | 113 | 11 | 18 | 11 |
| 2. | ਸੀ ਜੇ ਹੁਸ਼ਿਆਰਪੁਰ | 58 | 45 | 13 | 8 | 8 |
| 3. | ਡੀ ਜੇ ਸੰਗਰੂਰ | 96 | 66 | 30 | 11 | 11 |
| 4. | ਡੀ ਜੇ ਮਾਨਸਾ | 55 | 24 | 31 | 6 | 6 |
| 5. | ਡੀ ਜੇ ਰੋਪੜ | 63 | 25 | 38 | 10 | 10 |
| 6. | ਸੀ ਜੇ ਕਪੂਰਥਲਾ | 200 | 120 | 80 | 36 | 36 |
| **ਜੋੜ** | | **596** | **393** | **203** | **89** | **82** |

*ਸ੍ਰੋਤ: ਵਿਭਾਗੀ ਡਾਟਾ*

## ਅੰਤਿਕਾ 4.3

*(ਪੈਰ੍ਹਾ 4.6.2.1 ਦੇ ਹਵਾਲੇ ਵਿੱਚ)*

**ਪੁਲਿਸ ਐਸਕਾਰਟ ਦੀ ਉਪਲੱਬਧਤਾ ਨਾ ਹੋਣ ਕਾਰਣ ਨਾ ਹੋਈਆਂ ਪੇਸ਼ੀਆਂ ਦੇ ਵੇਰਵੇ**

| *ਪੇਸ਼ੀਆਂ ਦੇ ਵੇਰਵੇ* | 2020-21 | 2021-22 | 2022-23 | ਕੁੱਲ |
|---|---|---|---|---|
| ਪੇਸ਼ੀਆਂ ਲਈ ਡਿਊ ਯੂ ਟੀ ਪੀਜ਼ | 38,322 | 1,86,590 | 3,32,500 | 5,57,412 |
| ਅਦਾਲਤ ਵਿੱਚ ਪੇਸ਼ ਕੀਤਾ ਗਿਆ | 29,857 | 1,23,653 | 2,33,364 | 3,86,874 |
| ਅਦਾਲਤ ਵਿੱਚ ਪੇਸ਼ ਨਹੀਂ ਕੀਤਾ ਗਿਆ | 8,465 | 62,937 | 99,136 | 1,70,538 |
| ਦੋਹਰੀ ਪੇਸ਼ੀ ਕਾਰਣ ਪੇਸ਼ ਨਹੀਂ ਕੀਤਾ ਗਿਆ | 16 | 110 | 329 | 455 |
| ਹਸਪਤਾਲ ਵਿੱਚ ਭਰਤੀ ਹੋਣ ਕਾਰਣ ਪੇਸ਼ ਨਹੀਂ ਕੀਤਾ ਗਿਆ | 4 | 12 | 19 | 35 |
| ਕਿਸੇ ਹੋਰ ਕਾਰਣ ਕਰਕੇ ਪੇਸ਼ ਨਹੀਂ ਕੀਤਾ ਗਿਆ | 3 | 32 | 398 | 433 |
| ਪੁਲਿਸ ਐਸਕਾਰਟ ਦੀ ਉਪਲੱਬਧਤਾ ਨਾ ਹੋਣ ਕਾਰਣ ਪੇਸ਼ ਨਹੀਂ ਕੀਤਾ ਗਿਆ | 8,442 | 62,783 | 98,390 | 1,69,615 |
| ਉਸੇ ਦਿਨ ਵੀ ਸੀ ਰਾਹੀਂ ਆਯੋਜਿਤ ਕੀਤੀਆਂ ਗਈਆਂ *ਪੇਸ਼ੀਆਂ* | 1,028 | 6,035 | 14,278 | 21,341 |
| **ਕੁੱਲ ਨਾ ਹੋਈਆਂ ਪੇਸ਼ੀਆਂ** | **7,414** | **56,748** | **84,112** | **1,48,274** |

*ਸ੍ਰੋਤ: ਵਿਭਾਗੀ ਡਾਟਾ*

## ਅੰਤਿਕਾ 4.4

*(ਪੈਰ੍ਹਾ 4.7.1 ਦੇ ਹਵਾਲੇ ਵਿੱਚ)*

### ਜੇਲ੍ਹਾਂ ਵਿੱਚ ਪਖਾਨੇ ਦੀਆਂ ਸਹੂਲਤਾਂ ਦੀ ਘਾਟ ਵਾਲੀਆਂ ਬੈਰਕਾਂ ਨੂੰ ਦਰਸਾਉਂਦੇ ਵੇਰਵੇ (ਪੁਰਸ਼ ਬੈਰਕਾਂ)

| ਲੜੀ ਨੰ. | ਜੇਲ੍ਹ ਦਾ ਨਾਂਅ | 31 ਮਾਰਚ ਤੱਕ ਕੁੱਲ ਬੈਰਕਾਂ | | | ਦਿਨ ਦੌਰਾਨ ਪਖਾਨੇ ਦੀ ਨਾਕਾਫੀ ਸੰਖਿਆ ਵਾਲੀਆਂ ਬੈਰਕਾਂ (31 ਮਾਰਚ ਤੱਕ > 6 ਕੈਦੀ ਪ੍ਰਤੀ ਪਖਾਨਾ ਸੀਟ) | | | ਰਾਤ ਦੇ ਸਮੇਂ ਸੌਣ ਲਈ ਵਰਤੇ ਜਾਣ ਵਾਲੇ ਪਖਾਨੇ ਦੀ ਨਾਕਾਫੀ ਸੰਖਿਆ ਵਾਲੀਆਂ ਬੈਰਕਾਂ (31 ਮਾਰਚ ਤੱਕ > 10 ਕੈਦੀ ਪ੍ਰਤੀ ਪਖਾਨਾ ਸੀਟ) | | |
|---|---|---|---|---|---|---|---|---|---|---|
| | | **2021** | **2022** | **2023** | **2021** | **2022** | **2023** | **2021** | **2022** | **2023** |
| 1. | ਸੀ ਜੇ ਅੰਮ੍ਰਿਤਸਰ | 51 | 50 | 54 | 46 | 32 | 48 | 48 | 48 | 54 |
| 2. | ਸੀ ਜੇ ਬਠਿੰਡਾ | 62 | 80 | 83 | 44 | 56 | 41 | 2 | 4 | 3 |
| 3. | ਸੀ ਜੇ ਫਰੀਦਕੋਟ | 102 | 98 | 106 | 43 | 53 | 40 | 8 | 10 | 14 |
| 4. | ਸੀ ਜੇ ਫਿਰੋਜ਼ਪੁਰ | 40 | 40 | 39 | 17 | 26 | 26 | 35 | 36 | 36 |
| 5. | ਸੀ ਜੇ ਗੁਰਦਾਸਪੁਰ | 15 | 15 | 17 | 12 | 11 | 12 | 13 | 13 | 13 |
| 6. | ਸੀ ਜੇ ਹੁਸ਼ਿਆਰਪੁਰ | 15 | 15 | 15 | 8 | 11 | 13 | 6 | 12 | 13 |
| 7. | ਸੀ ਜੇ ਕਪੂਰਥਲਾ | 108 | 105 | 108 | 102 | 101 | 104 | 70 | 85 | 94 |
| 8. | ਸੀ ਜੇ ਲੁਧਿਆਣਾ | 32 | 35 | 36 | 30 | 35 | 36 | 21 | 29 | 36 |
| 9. | ਸੀ ਜੇ ਪਟਿਆਲਾ | 33 | 32 | 34 | 25 | 28 | 29 | 24 | 28 | 28 |
| 10. | ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ | * | 38 | 46 | * | 36 | 41 | * | 37 | 41 |
| 11. | ਡੀ ਜੇ ਬਰਨਾਲਾ | 9 | 9 | 9 | 8 | 9 | 8 | 4 | 5 | 8 |
| 12. | ਡੀ ਜੇ ਮਾਨਸਾ | 30 | 30 | 30 | 29 | 29 | 29 | 25 | 21 | 25 |
| 13. | ਡੀ ਜੇ ਸੰਗਰੂਰ | 19 | 19 | 20 | 9 | 9 | 12 | 9 | 10 | 11 |
| 14. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | 19 | 25 | 27 | 8 | 12 | 21 | 2 | 1 | 0 |
| 15. | ਬੀ ਜੇ ਲੁਧਿਆਣਾ | 5 | 4 | 6 | 5 | 4 | 5 | 5 | 4 | 4 |
| 16. | ਐਸ ਜੇ ਪਠਾਨਕੋਟ | 4 | 1 | 4 | 3 | 0 | 4 | 0 | 0 | 3 |
| 17. | ਓ ਏ ਜੇ ਨਾਭਾ | 3 | 3 | 3 | 0 | 0 | 0 | 0 | 0 | 0 |
| 18. | ਡਬਲਯੂ ਜੇ ਲੁਧਿਆਣਾ* | 5 | x | x | 5 | x | x | 5 | x | x |
| **ਜੋੜ** | | **552** | **599** | **637** | **394** | **452** | **469** | **277** | **343** | **383** |

*ਸ੍ਰੋਤ: ਵਿਭਾਗੀ ਡਾਟਾ** ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ 2021-22 ਵਿੱਚ ਕਾਰਜਸ਼ੀਲ ਹੋ ਗਈ ਸੀ।

x ਡਬਲਯੂ ਜੇ ਲੁਧਿਆਣਾ ਨੂੰ 2020-21ਦੌਰਾਨ ਪੁਰਸ਼ ਕੈਦੀਆਂ ਲਈ ਕੋਵਿਡ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ।

**(ਮਹਿਲਾ ਬੈਰਕਾਂ)**

| ਲੜੀ ਨੰ. | ਜੇਲ੍ਹ ਦਾ ਨਾਂਅ | 31 ਮਾਰਚ ਤੱਕ ਕੁੱਲ ਬੈਰਕਾਂ | | | ਦਿਨ ਦੌਰਾਨ ਪਖਾਨੇ ਦੀ ਨਾਕਾਫੀ ਸੰਖਿਆ ਵਾਲੀਆਂ ਬੈਰਕਾਂ (31 ਮਾਰਚ ਤੱਕ > 6 ਕੈਦੀ ਪ੍ਰਤੀ ਪਖਾਨਾ ਸੀਟ) | | | ਰਾਤ ਦੇ ਸਮੇਂ ਸੌਣ ਲਈ ਵਰਤੇ ਜਾਣ ਵਾਲੇ ਪਖਾਨੇ ਦੀ ਨਾਕਾਫੀ ਸੰਖਿਆ ਵਾਲੀਆਂ ਬੈਰਕਾਂ (31 ਮਾਰਚ ਤੱਕ > 10 ਕੈਦੀ ਪ੍ਰਤੀ ਪਖਾਨਾ ਸੀਟ) | | |
|---|---|---|---|---|---|---|---|---|---|---|
| | | **2021** | **2022** | **2023** | **2021** | **2022** | **2023** | **2021** | **2022** | **2023** |
| 1. | ਸੀ ਜੇ ਅੰਮ੍ਰਿਤਸਰ | 6 | 6 | 5 | 5 | 0 | 0 | 5 | 5 | 4 |
| 2. | ਸੀ ਜੇ ਬਠਿੰਡਾ | 3 | 3 | 0 | 3 | 3 | 0 | 2 | 1 | 0 |
| 3. | ਸੀ ਜੇ ਫਰੀਦਕੋਟ | 7 | 6 | 6 | 3 | 4 | 1 | 0 | 0 | 0 |
| 4. | ਸੀ ਜੇ ਫਿਰੋਜ਼ਪੁਰ | 1 | 1 | 1 | 1 | 1 | 1 | 1 | 1 | 1 |
| 5. | ਸੀ ਜੇ ਗੁਰਦਾਸਪੁਰ | 1 | 1 | 1 | 0 | 1 | 1 | 0 | 0 | 0 |
| 6. | ਸੀ ਜੇ ਹੁਸ਼ਿਆਰਪੁਰ | 1 | 1 | 1 | 1 | 1 | 1 | 0 | 0 | 1 |
| 7. | ਸੀ ਜੇ ਕਪੂਰਥਲਾ | 10 | 10 | 10 | 8 | 9 | 9 | 3 | 3 | 5 |
| 8. | ਸੀ ਜੇ ਪਟਿਆਲਾ | 1 | 1 | 1 | 1 | 1 | 1 | 1 | 1 | 1 |
| 9. | ਡੀ ਜੇ ਮਾਨਸਾ | 1 | 1 | 1 | 1 | 0 | 1 | 0 | 0 | 0 |
| 10. | ਡੀ ਜੇ ਸੰਗਰੂਰ | 1 | 1 | 1 | 1 | 0 | 1 | 0 | 0 | 1 |
| 11. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | 4 | 3 | 0 | 0 | 0 | 0 | 0 | 0 | 0 |
| 12. | ਡਬਲਯੂ ਜੇ ਲੁਧਿਆਣਾ | x | 4 | 3 | x | 3 | 3 | x | 3 | 3 |
| **ਜੋੜ** | | **36** | **38** | **30** | **24** | **23** | **19** | **12** | **14** | **16** |

*ਸ੍ਰੋਤ: ਵਿਭਾਗੀ ਡਾਟਾ*

x ਡਬਲਯੂ ਜੇ ਲੁਧਿਆਣਾ ਨੂੰ 2020-21ਦੌਰਾਨ ਪੁਰਸ਼ ਕੈਦੀਆਂ ਲਈ ਕੋਵਿਡ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ।

# ਅੰਤਿਕਾ 4.5

*(ਪੈਰ੍ਹਾ 4.8.2 ਦੇ ਹਵਾਲੇ ਵਿੱਚ)*

## 31 ਮਾਰਚ 2023 ਨੂੰ ਮੈਡੀਕਲ ਸਟਾਫ ਦੀ ਘਾਟ ਨੂੰ ਦਰਸਾਉਂਦੇ ਵੇਰਵੇ

| ਲੜੀ ਨੰ. | ਜੇਲ੍ਹ ਦਾ ਨਾਂਅ | ਕੈਦੀ | ਮੈਡੀਕਲ ਅਫਸਰ (ਇੰਚਾਰਜ)/ਮੈਡੀਕਲ ਅਫਸਰ | | | ਫਾਰਮੇਸੀ ਅਫਸਰ | | | ਸਟਾਫ ਨਰਸਾਂ (ਐਮ/ਐਫ) | | | ਮੈਡੀਕਲ ਲੈਬਾਰਟਰੀ ਟੈਕ | | | ਮਨੋਚਿਕਿਤਸਕ | | | ਡੈਂਟਿਸਟ | | | ਗਾਇਨੀਕੋਲੋਜਿਸਟ | | |
|---|---|---|---|---|---|---|---|---|---|---|---|---|---|---|---|---|---|---|---|---|---|---|---|
| | | | ਲੋੜੀਂਦੇ | ਐਸ ਐਸ | ਐਮ ਆਈ ਪੀ | ਲੋੜੀਂਦੇ | ਐਸ ਐਸ | ਐਮ ਆਈ ਪੀ | ਲੋੜੀਂਦੇ | ਐਸ ਐਸ | ਐਮ ਆਈ ਪੀ | ਲੋੜੀਂਦੇ | ਐਸ ਐਸ | ਐਮ ਆਈ ਪੀ | ਲੋੜੀਂਦੇ | ਐਸ ਐਸ | ਐਮ ਆਈ ਪੀ | ਲੋੜੀਂਦੇ | ਐਸ ਐਸ | ਐਮ ਆਈ ਪੀ | ਲੋੜੀਂਦੇ | ਐਸ ਐਸ | ਐਮ ਆਈ ਪੀ |
| 1. | ਸੀ ਜੇ ਅੰਮ੍ਰਿਤਸਰ | 3,045 | 7 | 5 | 4 | 5 | 5 | 4 | 5 | 2 | 0 | 2 | 0 | 1 | 1 | 0 | 0 | 1 | 0 | 0 | 0 | 0 | 0 |
| 2. | ਸੀ ਜੇ ਬਠਿੰਡਾ | 1,635 | 5 | 2 | 3 | 4 | 3 | 3 | 4 | 0 | 0 | 2 | 0 | 0 | 1 | 0 | 0 | 1 | 0 | 0 | 0 | 0 | 0 |
| 3. | ਸੀ ਜੇ ਫਰੀਦਕੋਟ | 2,134 | 7 | 6 | 3 | 5 | 4 | 2 | 5 | 10 | 6 | 2 | 2 | 1 | 1 | 1 | 0 | 1 | 1 | 0 | 0 | 1 | 0 |
| 4. | ਸੀ ਜੇ ਫਿਰੋਜ਼ਪੁਰ | 1,550 | 5 | 3 | 3 | 4 | 4 | 4 | 4 | 0 | 0 | 2 | 1 | 1 | 1 | 0 | 0 | 1 | 0 | 0 | 0 | 0 | 0 |
| 5. | ਸੀ ਜੇ ਗੁਰਦਾਸਪੁਰ | 1,054 | 5 | 2 | 3 | 4 | 2 | 5 | 4 | 0 | 0 | 2 | 0 | 0 | 0 | 0 | 0 | 0 | 0 | 0 | 0 | 0 | 0 |
| 6. | ਸੀ ਜੇ ਹੁਸ਼ਿਆਰਪੁਰ | 1,160 | 5 | 1 | 2 | 4 | 1 | 1 | 4 | 0 | 2 | 2 | 0 | 0 | 0 | 0 | 0 | 0 | 0 | 0 | 0 | 0 | 0 |
| 7. | ਸੀ ਜੇ ਕਪੂਰਥਲਾ | 3,667 | 7 | 3 | 2 | 5 | 5 | 3 | 5 | 0 | 0 | 2 | 0 | 0 | 1 | 0 | 0 | 1 | 0 | 0 | 0 | 0 | 0 |
| 8. | ਸੀ ਜੇ ਲੁਧਿਆਣਾ | 4,270 | 7 | 4 | 4 | 5 | 3 | 0 | 5 | 0 | 0 | 2 | 0 | 0 | 1 | 0 | 0 | 1 | 0 | 0 | 0 | 0 | 0 |
| 9. | ਸੀ ਜੇ ਪਟਿਆਲਾ | 2,454 | 7 | 4 | 4 | 5 | 4 | 4 | 5 | 0 | 0 | 2 | 0 | 0 | 1 | 0 | 0 | 1 | 0 | 0 | 0 | 0 | 0 |
| 10. | ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ | 1,691 | 5 | 7 | 3 | 4 | 7 | 6 | 4 | 4 | 1 | 2 | 0 | 2 | 1 | 0 | 0 | 1 | 0 | 0 | 0 | 0 | 0 |
| 11. | ਡੀ ਜੇ ਬਰਨਾਲਾ | 603 | 3 | 0 | 1 | 2 | 1 | 2 | 3 | 0 | 0 | 1 | 0 | 0 | 0 | 0 | 0 | 0 | 0 | 0 | 0 | 0 | 0 |
| 12. | ਡੀ ਜੇ ਮਾਨਸਾ | 673 | 3 | 1 | 2 | 2 | 1 | 2 | 3 | 0 | 0 | 1 | 0 | 0 | 0 | 0 | 0 | 0 | 0 | 0 | 0 | 0 | 0 |
| 13. | ਡੀ ਜੇ ਸੰਗਰੂਰ | 1,076 | 5 | 1 | 1 | 4 | 1 | 3 | 4 | 0 | 1 | 2 | 0 | 1 | 0 | 0 | 0 | 0 | 0 | 0 | 0 | 0 | 0 |
| 14. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | 1,078 | 5 | 0 | 1 | 4 | 0 | 1 | 4 | 0 | 0 | 2 | 0 | 0 | 0 | 0 | 0 | 0 | 0 | 0 | 0 | 0 | 0 |
| 15. | ਡਬਲਯੂ ਜੇ ਲੁਧਿਆਣਾ | 239 | 2 | 1 | 1 | 1 | 1 | 1 | 1 | 0 | 0 | 1 | 1 | 1 | 0 | 1 | 1 | 0 | 1 | 1 | 1 | 0 | 0 |
| 16. | ਓ ਏ ਜੇ ਨਾਭਾ | 56 | 2 | 0 | 0 | 1 | 1 | 1 | 1 | 0 | 0 | 1 | 0 | 0 | 0 | 0 | 0 | 0 | 0 | 0 | 0 | 0 | 0 |
| 17. | ਬੀ ਜੇ ਲੁਧਿਆਣਾ | 372 | 2 | 2 | 2 | 1 | 3 | 1 | 1 | 0 | 0 | 1 | 0 | 0 | 0 | 0 | 0 | 0 | 0 | 0 | 0 | 0 | 0 |
| **ਜੋੜ** | | **26,757** | **82** | **42** | **39** | **60** | **46** | **43** | **62** | **16** | **10** | **29** | **4** | **7** | **8** | **2** | **1** | **8** | **2** | **1** | **1** | **1** | **0** |

*ਸ੍ਰੋਤ: ਵਿਭਾਗੀ ਡਾਟਾ*

## ਅੰਤਿਕਾ 4.6

*(ਪੈਰ੍ਹਾ 4.8.3 ਦੇ ਹਵਾਲੇ ਵਿੱਚ)*

### ਸਿਹਤ ਸਹੂਲਤਾਂ ਦੀ ਘਾਟ ਕਾਰਣ ਇਲਾਜ ਲਈ ਜੇਲ੍ਹ ਪਰਿਸਰ ਤੋਂ ਬਾਹਰ ਦੇ ਹਸਪਤਾਲਾਂ ਵਿੱਚ ਭੇਜੇ ਗਏ ਕੈਦੀਆਂ ਦੇ ਵੇਰਵੇ

| ਲੜੀ ਨੰ. | ਜੇਲ੍ਹ ਦਾ ਨਾਂਅ | ਕੈਦੀਆਂ ਨੂੰ ਇਲਾਜ ਲਈ ਜੇਲ੍ਹ ਪਰਿਸਰ ਤੋਂ ਬਾਹਰ ਹਸਪਤਾਲ ਭੇਜਿਆ ਗਿਆ | | | ਪੁਲਿਸ ਐਸਕਾਰਟ ਦੀ ਅਣਹੋਂਦ ਕਾਰਣ ਜੇਲ੍ਹ ਤੋਂ ਬਾਹਰ ਹਸਪਤਾਲ ਨਹੀਂ ਭੇਜੇ ਗਏ ਵਿਅਕਤੀ | | |
|---|---|---|---|---|---|---|---|
| | | **2020-21** | **2021-22** | **2022-23** | **2020-21** | **2021-22** | **2022-23** |
| 1. | ਸੀ ਜੇ ਅੰਮ੍ਰਿਤਸਰ | 1,600 | 1,172 | 829 | 548 | 425 | 310 |
| 2. | ਸੀ ਜੇ ਬਠਿੰਡਾ | 2,705 | 4,307 | 2,715 | 759 | 1,765 | 1,033 |
| 3. | ਸੀ ਜੇ ਫਰੀਦਕੋਟ | 611 | 799 | 939 | 0 | 0 | 5 |
| 4. | ਸੀ ਜੇ ਫਿਰੋਜ਼ਪੁਰ | 173 | 556 | 172 | 0 | 0 | 0 |
| 5. | ਸੀ ਜੇ ਗੁਰਦਾਸਪੁਰ | 0 | 0 | 0 | 0 | 0 | 0 |
| 6. | ਸੀ ਜੇ ਹੁਸ਼ਿਆਰਪੁਰ | 140 | 231 | 459 | 27 | 10 | 162 |
| 7. | ਸੀ ਜੇ ਕਪੂਰਥਲਾ | 1,075 | 1,327 | 1,698 | 26 | 18 | 163 |
| 8. | ਸੀ ਜੇ ਲੁਧਿਆਣਾ | 2,936 | 3,373 | 3,146 | 1,193 | 1,047 | 1,126 |
| 9. | ਸੀ ਜੇ ਪਟਿਆਲਾ | 466 | 962 | 2,497 | 193 | 693 | 1,853 |
| 10. | ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ | 0 | 57 | 501 | 0 | 2 | 73 |
| 11. | ਡੀ ਜੇ ਬਰਨਾਲਾ | 339 | 907 | 685 | 25 | 61 | 42 |
| 12. | ਡੀ ਜੇ ਮਾਨਸਾ | 27 | 105 | 119 | 3 | 31 | 15 |
| 13. | ਡੀ ਜੇ ਸੰਗਰੂਰ | 428 | 540 | 805 | 21 | 55 | 251 |
| 14. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | 608 | 970 | 1,105 | 11 | 42 | 130 |
| 15. | ਐਸ ਜੇ ਪਠਾਨਕੋਟ | 6 | 104 | 297 | 5 | 9 | 123 |
| 16. | ਡਬਲਯੂ ਜੇ ਲੁਧਿਆਣਾ | 523 | 898 | 1,003 | 0 | 0 | 0 |
| 17. | ਓ ਏ ਜੇ ਨਾਭਾ | 0 | 0 | 0 | 0 | 0 | 0 |
| 18. | ਬੀ ਜੇ ਲੁਧਿਆਣਾ | 159 | 139 | 284 | 41 | 34 | 57 |
| **ਜੋੜ** | | **11,796** | **16,447** | **17,254** | **2,852** | **4,192** | **5,343** |

*ਸ੍ਰੋਤ: ਵਿਭਾਗੀ ਡਾਟਾ*

# ਅੰਤਿਕਾ 4.7

*(ਪੈਰ੍ਹਾ 4.9.1 ਦੇ ਹਵਾਲੇ ਵਿੱਚ)*

**2020–21 ਤੋਂ 2022–23 ਦੌਰਾਨ ਲੁਧਿਆਣਾ ਬੇਕਰੀ ਸਕੂਲ ਤੋਂ ਪ੍ਰਾਪਤ ਬਿਸਕੁਟ ਦੀਆਂ ਲੋੜਾਂ ਅਤੇ ਸਪਲਾਈ (ਕੁਇੰਟਲ ਵਿੱਚ) ਦੇ ਵੇਰਵੇ**

| ਲੜੀ ਨੰ. | ਜੇਲ੍ਹ ਦਾ ਨਾਂਅ | 2020-21 | | | | 2021-22 | | | | 2022-23 | | | | ਕੁੱਲ ਬਿਸਕੁਟ ਦੀ ਲੋੜ 2020–2023 | ਕੁੱਲ ਕੀਤੀ ਗਈ ਬਿਸਕੁਟ ਦੀ ਸਪਲਾਈ | ਘੱਟ ਸਪਲਾਈ | ਘਾਟ ਦੀ ਪ੍ਰਤੀਸ਼ਤਤਾ |
|---|---|---|---|---|---|---|---|---|---|---|---|---|---|---|---|---|---|
| | | ਕੈਦੀਆਂ ਦੀ ਔਸਤ ਸੰਖਿਆ | ਲੋੜੀਂਦੇ ਬਿਸਕੁਟ | ਐਲ ਬੀ ਐਸ ਤੋਂ ਪ੍ਰਾਪਤ ਕੀਤੀ ਸਪਲਾਈ | ਘਾਟ | ਕੈਦੀਆਂ ਦੀ ਔਸਤ ਸੰਖਿਆ | ਲੋੜੀਂਦੇ ਬਿਸਕੁਟ | ਐਲ ਬੀ ਐਸ ਤੋਂ ਪ੍ਰਾਪਤ ਕੀਤੀ ਸਪਲਾਈ | ਘਾਟ | ਕੈਦੀਆਂ ਦੀ ਔਸਤ ਸੰਖਿਆ | ਲੋੜੀਂਦੇ ਬਿਸਕੁਟ | ਐਲ ਬੀ ਐਸ ਤੋਂ ਪ੍ਰਾਪਤ ਕੀਤੀ ਸਪਲਾਈ | ਘਾਟ | | | | |
| 1. | ਸੀ ਜੇ ਅੰਮ੍ਰਿਤਸਰ | 2,938 | 536 | 49 | 487 | 3,190 | 582 | 103 | 479 | 3,759 | 686 | 0 | 686 | 1,804 | 152 | 1,652 | 92 |
| 2. | ਸੀ ਜੇ ਬਠਿੰਡਾ | 1,473 | 269 | 100 | 169 | 1,887 | 344 | 187 | 157 | 1,711 | 312 | 72 | 240 | 925 | 359 | 566 | 61 |
| 3. | ਸੀ ਜੇ ਫਰੀਦਕੋਟ | 1,616 | 295 | 212 | 83 | 1,951 | 356 | 195 | 161 | 1,358 | 248 | 82 | 166 | 899 | 489 | 410 | 46 |
| 4. | ਸੀ ਜੇ ਫਿਰੋਜ਼ਪੁਰ | 987 | 180 | 156 | 24 | 1,493 | 272 | 142 | 130 | 1,686 | 308 | 178 | 130 | 760 | 476 | 284 | 37 |
| 5. | ਸੀ ਜੇ ਗੁਰਦਾਸਪੁਰ | 588 | 107 | 40 | 67 | 808 | 147 | 24 | 123 | 987 | 180 | 0 | 180 | 435 | 64 | 371 | 85 |
| 6. | ਸੀ ਜੇ ਹੁਸ਼ਿਆਰਪੁਰ | 452 | 82 | 70 | 12 | 828 | 151 | 140 | 11 | 1,116 | 204 | 115 | 89 | 437 | 325 | 112 | 26 |
| 7. | ਸੀ ਜੇ ਕਪੂਰਥਲਾ | 2,663 | 486 | 286 | 200 | 3,408 | 622 | 199 | 423 | 3,533 | 645 | 70 | 575 | 1,753 | 555 | 1,198 | 68 |
| 8. | ਸੀ ਜੇ ਲੁਧਿਆਣਾ | 2,503 | 457 | 382 | 75 | 3,447 | 629 | 424 | 205 | 4,157 | 759 | 457 | 302 | 1,845 | 1,263 | 582 | 32 |
| 9. | ਸੀ ਜੇ ਪਟਿਆਲਾ | 1,539 | 281 | 251 | 30 | 2,146 | 392 | 317 | 75 | 2,400 | 438 | 105 | 333 | 1,111 | 673 | 438 | 39 |
| 10. | ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ* | 0 | 0 | 0 | 0 | 1,080 | 50 | 0 | 50 | 1,668 | 304 | 81 | 223 | 354 | 81 | 273 | 77 |
| 11. | ਡੀ ਜੇ ਬਰਨਾਲਾ | 268 | 49 | 0 | 49 | 453 | 83 | 9 | 74 | 582 | 106 | 10 | 96 | 238 | 19 | 219 | 92 |
| 12. | ਡੀ ਜੇ ਮਾਨਸਾ | 428 | 78 | 34 | 44 | 543 | 99 | 36 | 63 | 722 | 132 | 27 | 105 | 309 | 97 | 212 | 69 |
| 13. | ਡੀ ਜੇ ਸੰਗਰੂਰ | 675 | 123 | 53 | 70 | 811 | 148 | 36 | 112 | 1,068 | 195 | 0 | 195 | 466 | 86 | 380 | 82 |
| 14. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | 471 | 86 | 31 | 55 | 635 | 116 | 41 | 75 | 1,044 | 191 | 17 | 174 | 392 | 89 | 303 | 77 |
| 15. | ਡਬਲਯੂ ਜੇ ਲੁਧਿਆਣਾ | 111 | 20 | 16 | 4 | 195 | 36 | 32 | 4 | 233 | 43 | 36 | 6 | 98 | 84 | 14 | 14 |
| 16. | ਐਸ ਜੇ ਪਠਾਨਕੋਟ | 105 | 19 | 1 | 18 | 115 | 21 | 1 | 20 | 293 | 53 | 0 | 53 | 94 | 2 | 92 | 98 |
| 17. | ਬੀ ਜੇ ਲੁਧਿਆਣਾ | 392 | 72 | 28 | 44 | 400 | 73 | 28 | 45 | 314 | 57 | 25 | 32 | 202 | 81 | 121 | 60 |
| 18. | ਓ ਏ ਜੇ ਨਾਭਾ | 16 | 3 | 0 | 3 | 52 | 9 | 2 | 7 | 59 | 11 | 4 | 7 | 23 | 6 | 17 | 74 |
| 19. | ਨਵੀਂ ਡੀ ਜੇ, ਨਾਭਾ | 1,000 | 183 | 118 | 65 | 1,050 | 192 | 96 | 96 | 1,100 | 201 | 72 | 129 | 575 | 286 | 289 | 50 |
| 20. | ਡੀ ਜੇ ਰੋਪੜ | 404 | 74 | 45 | 29 | 777 | 142 | 53 | 89 | 999 | 182 | 72 | 110 | 398 | 170 | 228 | 57 |
| 21. | ਐਸ ਜੇ ਪੱਟੀ | 170 | 31 | 0 | 31 | 150 | 27 | 0 | 27 | 190 | 35 | 0 | 35 | 93 | 0 | 93 | 100 |
| 22. | ਐਸ ਜੇ ਮਲੇਰਕੋਟਲਾ | 55 | 10 | 4 | 6 | 132 | 24 | 2 | 22 | 261 | 48 | 0 | 48 | 82 | 6 | 76 | 93 |
| 23. | ਐਸ ਜੇ ਫਾਜ਼ਿਲਕਾ | 33 | 6 | 4 | 2 | 34 | 6 | 0 | 6 | 80 | 15 | 1 | 14 | 27 | 5 | 22 | 81 |
| 24. | ਐਸ ਜੇ ਮੋਗਾ | 78 | 14 | 1 | 13 | 55 | 10 | 3 | 7 | 76 | 14 | 5 | 9 | 38 | 9 | 29 | 76 |
| 25. | ਡਬਲਯੂ ਜੇ ਬਠਿੰਡਾ | 0 | 0 | 0 | 0 | 0 | 0 | 0 | 0 | 202 | 28 | 7 | 21 | 28 | 7 | 21 | 75 |
| **ਜੋੜ** | | **18,965** | **3,461** | **1,881** | **1,580** | **25,640** | **4,531** | **2,070** | **2,461** | **29,598** | **5,395** | **1,436** | **3,958** | **13,386** | **5,384** | **8,002** | **60** |

*ਸ੍ਰੋਤ: ਵਿਭਾਗੀ ਡਾਟਾ*

*ਕੇਂਦਰੀ ਜੇਲ੍ਹ ਸ਼੍ਰੀ ਗੋਇੰਦਵਾਲ ਸਾਹਿਬ 25 ਦਸੰਬਰ 2021 ਤੋਂ ਸ਼ੁਰੂ ਹੋਈ ਸੀ।

# ਅੰਤਿਕਾ 4.8

*(ਪੈਰ੍ਹਾ 4.9.3 ਦੇ ਹਵਾਲੇ ਵਿੱਚ)*

## ਜੇਲ੍ਹਾਂ ਵਿੱਚ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਦੇ ਮਾਮਲਿਆਂ ਨੂੰ ਦਰਸਾਉਂਦੇ ਵੇਰਵੇ

| ਲੜੀ ਨੰ. | ਜੇਲ੍ਹ ਦਾ ਨਾਂਅ | ਹੈਜ਼ਾ | | | ਦਸਤ | | | ਪੇਚਸ਼ | | | ਟਾਈਫਾਈਡ | | |
|---|---|---|---|---|---|---|---|---|---|---|---|---|---|
| | | 2020-21 | 2021-22 | 2022-23 | 2020-21 | 2021-22 | 2022-23 | 2020-21 | 2021-22 | 2022-23 | 2020-21 | 2021-22 | 2022-23 |
| 1. | ਸੀ ਜੇ ਅੰਮ੍ਰਿਤਸਰ | 0 | 0 | 0 | 30 | 25 | 45 | 0 | 0 | 0 | 35 | 42 | 67 |
| 2. | ਸੀ ਜੇ ਬਠਿੰਡਾ | 0 | 0 | 0 | 24 | 21 | 22 | 21 | 19 | 18 | 9 | 7 | 5 |
| 3. | ਸੀ ਜੇ ਫਰੀਦਕੋਟ | 0 | 0 | 0 | 0 | 0 | 0 | 0 | 0 | 0 | 22 | 68 | 24 |
| 4. | ਸੀ ਜੇ ਫਿਰੋਜ਼ਪੁਰ | 0 | 0 | 0 | 3 | 5 | 8 | 0 | 0 | 0 | 0 | 0 | 0 |
| 5. | ਸੀ ਜੇ ਗੁਰਦਾਸਪੁਰ | 0 | 0 | 0 | 0 | 0 | 0 | 0 | 0 | 0 | 0 | 0 | 0 |
| 6. | ਸੀ ਜੇ ਹੁਸ਼ਿਆਰਪੁਰ | 0 | 0 | 0 | 0 | 0 | 0 | 0 | 0 | 0 | 0 | 0 | 0 |
| 7. | ਸੀ ਜੇ ਕਪੂਰਥਲਾ | 0 | 0 | 0 | 1 | 1 | 1 | 1 | 2 | 1 | 1 | 1 | 1 |
| 8. | ਸੀ ਜੇ ਲੁਧਿਆਣਾ | 0 | 0 | 0 | 5 | 15 | 8 | 0 | 0 | 0 | 8 | 11 | 13 |
| 9. | ਸੀ ਜੇ ਪਟਿਆਲਾ | 0 | 0 | 0 | 26 | 23 | 31 | 3 | 4 | 2 | 5 | 3 | 4 |
| 10. | ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ | 0 | 0 | 0 | 0 | 0 | 10 | 0 | 0 | 0 | 0 | 0 | 0 |
| 11. | ਡੀ ਜੇ ਬਰਨਾਲਾ | 0 | 0 | 0 | 12 | 13 | 21 | 0 | 0 | 0 | 0 | 0 | 0 |
| 12. | ਡੀ ਜੇ ਮਾਨਸਾ | 0 | 0 | 0 | 31 | 28 | 25 | 0 | 0 | 0 | 0 | 0 | 0 |
| 13. | ਡੀ ਜੇ ਸੰਗਰੂਰ | 0 | 0 | 0 | 0 | 0 | 0 | 0 | 0 | 0 | 0 | 0 | 0 |
| 14. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | 2 | 2 | 3 | 7 | 13 | 12 | 0 | 0 | 0 | 3 | 4 | 5 |
| 15. | ਡਬਲਯੂ ਜੇ ਲੁਧਿਆਣਾ | 0 | 0 | 0 | 0 | 0 | 0 | 0 | 0 | 0 | 0 | 0 | 0 |
| 16. | ਐਸ ਜੇ ਪਠਾਨਕੋਟ | 0 | 0 | 0 | 0 | 42 | 50 | 0 | 80 | 66 | 0 | 15 | 19 |
| 17. | ਓ ਏ ਜੇ ਨਾਭਾ | 0 | 0 | 0 | 0 | 0 | 0 | 0 | 0 | 0 | 0 | 0 | 0 |
| 18. | ਬੀ ਜੇ ਲੁਧਿਆਣਾ | 0 | 0 | 0 | 0 | 0 | 0 | 0 | 0 | 0 | 0 | 0 | 0 |
| **ਜੋੜ** | | **2** | **2** | **3** | **139** | **186** | **233** | **25** | **105** | **87** | **83** | **151** | **138** |

*ਸ੍ਰੋਤ: ਵਿਭਾਗੀ ਡਾਟਾ*

# ਅੰਤਿਕਾ 4.9

*(ਪੈਰ੍ਹਾ 4.10.2 ਦੇ ਹਵਾਲੇ ਵਿੱਚ)*

## 2020-2023 ਦੌਰਾਨ ਮਹਿਲਾ ਕੈਦੀਆਂ ਨੂੰ ਜਾਰੀ ਕੀਤੇ ਗਏ ਸੈਨੇਟਰੀ ਪੈਡਾਂ ਦੇ ਵੇਰਵੇ

| ਲੜੀ ਨੰ. | ਜੇਲ੍ਹ ਦਾ ਨਾਂਅ | ਮਾਰਚ ਵਿੱਚ ਸਮਾਪਤ ਹੋਣ ਵਾਲੇ ਸਾਲ ਦੌਰਾਨ ਔਸਤਨ ਮਹਿਲਾ ਕੈਦੀ | | | ਮਾਰਚ ਵਿੱਚ ਸਮਾਪਤ ਹੋਣ ਵਾਲੇ ਸਾਲ ਦੌਰਾਨ ਮਹਿਲਾ ਕੈਦੀਆਂ ਨੂੰ ਜਾਰੀ ਕੀਤੇ ਗਏ ਸੈਨੇਟਰੀ ਪੈਡ | | | ਪ੍ਰਤੀ ਔਰਤ ਪ੍ਰਤੀ ਮਹੀਨਾ ਜਾਰੀ ਕੀਤੇ ਗਏ ਔਸਤਨ ਸੈਨੇਟਰੀ ਪੈਡ | | |
|---|---|---|---|---|---|---|---|---|---|---|
| | | **2021** | **2022** | **2023** | **2021** | **2022** | **2023** | **2021** | **2022** | **2023** |
| 1. | ਸੀ ਜੇ ਅੰਮ੍ਰਿਤਸਰ | 114 | 273 | 186 | 6,600 | 7,520 | 7,515 | 4.82 | 2.3 | 3.37 |
| 2. | ਸੀ ਜੇ ਬਠਿੰਡਾ | 88 | 105 | 0 | 100 | 942 | 0 | 0.09 | 0.75 | 0 |
| 3. | ਸੀ ਜੇ ਫਰੀਦਕੋਟ | 114 | 154 | 133 | 4,550 | 6,398 | 5,467 | 3.33 | 3.46 | 3.43 |
| 4. | ਸੀ ਜੇ ਫਿਰੋਜ਼ਪੁਰ | 59 | 82 | 88 | 480 | 250 | 714 | 0.68 | 0.25 | 0.68 |
| 5. | ਸੀ ਜੇ ਗੁਰਦਾਸਪੁਰ | 40 | 49 | 67 | 0 | 0 | 0 | 0 | 0 | 0 |
| 6. | ਸੀ ਜੇ ਹੁਸ਼ਿਆਰਪੁਰ | 31 | 40 | 54 | 954 | 1,230 | 1,662 | 2.56 | 2.56 | 2.56 |
| 7. | ਸੀ ਜੇ ਕਪੂਰਥਲਾ | 117 | 175 | 195 | 800 | 1,152 | 2,740 | 0.57 | 0.55 | 1.17 |
| 8. | ਸੀ ਜੇ ਪਟਿਆਲਾ | 84 | 101 | 122 | 2,786 | 4,921 | 6,608 | 2.76 | 4.06 | 4.51 |
| 9. | ਡੀ ਜੇ ਮਾਨਸਾ | 30 | 25 | 46 | 1,950 | 1,980 | 2,910 | 5.42 | 6.6 | 5.27 |
| 10. | ਡੀ ਜੇ ਸੰਗਰੂਰ | 71 | 69 | 98 | 500 | 464 | 594 | 0.59 | 0.56 | 0.51 |
| 11. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | 27 | 41 | 13 | 0 | 0 | 0 | 0 | 0 | 0 |
| 12. | ਡਬਲਯੂ ਜੇ ਲੁਧਿਆਣਾ | 64 | 157 | 233 | 684 | 3,500 | 6,840 | 0.89 | 1.86 | 2.45 |
| **ਜੋੜ** | | **839** | **1,271** | **1,235** | **19,404** | **28,357** | **35,050** | | | |

*ਸ੍ਰੋਤ: ਵਿਭਾਗੀ ਡਾਟਾ*

## ਅੰਤਿਕਾ 4.10

*(ਪੈਰ੍ਹਾ 4.10.3 ਦੇ ਹਵਾਲੇ ਵਿੱਚ)*

### ਜੇਲ੍ਹਾਂ ਵਿੱਚ ਮੁਹੱਈਆਂ ਕਰਵਾਏ ਗਏ ਬਾਇਲਰਾਂ ਅਤੇ ਮਸ਼ੀਨੀ ਲਾਂਡਰੀ ਦੇ ਵੇਰਵੇ

| ਲੜੀ ਨੰ. | ਜੇਲ੍ਹ ਦਾ ਨਾਂਅ | ਬਾਇਲਰ | ਜੇਲ੍ਹਾਂ ਵਿੱਚ ਮਸ਼ੀਨੀ ਲਾਂਡਰੀ |
|---|---|---|---|
| 1. | ਸੀ ਜੇ ਅੰਮ੍ਰਿਤਸਰ | ਨਹੀਂ | ਹਾਂ |
| 2. | ਸੀ ਜੇ ਬਠਿੰਡਾ | ਨਹੀਂ | ਹਾਂ |
| 3. | ਸੀ ਜੇ ਫਰੀਦਕੋਟ | ਨਹੀਂ | ਨਹੀਂ |
| 4. | ਸੀ ਜੇ ਫਿਰੋਜ਼ਪੁਰ | ਨਹੀਂ | ਹਾਂ |
| 5. | ਸੀ ਜੇ ਗੁਰਦਾਸਪੁਰ | ਨਹੀਂ | ਨਹੀਂ |
| 6. | ਸੀ ਜੇ ਹੁਸ਼ਿਆਰਪੁਰ | ਨਹੀਂ | ਹਾਂ |
| 7. | ਸੀ ਜੇ ਕਪੂਰਥਲਾ | ਨਹੀਂ | ਹਾਂ |
| 8. | ਸੀ ਜੇ ਲੁਧਿਆਣਾ | ਨਹੀਂ | ਹਾਂ |
| 9. | ਸੀ ਜੇ ਪਟਿਆਲਾ | ਨਹੀਂ | ਹਾਂ |
| 10. | ਸੀ ਜੇ ਸ਼੍ਰੀ ਗੋਇੰਦਵਾਲ ਸਾਹਿਬ | ਨਹੀਂ | ਹਾਂ |
| 11. | ਡੀ ਜੇ ਬਰਨਾਲਾ | ਨਹੀਂ | ਹਾਂ* |
| 12. | ਡੀ ਜੇ ਮਾਨਸਾ | ਨਹੀਂ | ਨਹੀਂ |
| 13. | ਡੀ ਜੇ ਸੰਗਰੂਰ | ਨਹੀਂ | ਨਹੀਂ |
| 14. | ਡੀ ਜੇ ਸ਼੍ਰੀ ਮੁਕਤਸਰ ਸਾਹਿਬ | ਨਹੀਂ | ਨਹੀਂ |
| 15. | ਐਸ ਜੇ ਪਠਾਨਕੋਟ | ਨਹੀਂ | ਨਹੀਂ |
| 16. | ਡਬਲਯੂ ਜੇ ਲੁਧਿਆਣਾ | ਨਹੀਂ | ਨਹੀਂ |
| 17. | ਓ ਏ ਜੇ ਨਾਭਾ | ਨਹੀਂ | ਨਹੀਂ |
| 18. | ਬੀ ਜੇ ਲੁਧਿਆਣਾ | ਨਹੀਂ | ਨਹੀਂ |

*ਸ੍ਰੋਤ: ਵਿਭਾਗੀ ਡਾਟਾ*

** ਇੱਕ ਐਨ ਜੀ ਓ ਦੁਆਰਾ ਦਾਨ ਕੀਤਾ ਗਿਆ।*

## ਅੰਤਿਕਾ 6.1

*(ਪੈਰ੍ਹਾ 6.1 ਦੇ ਹਵਾਲੇ ਵਿੱਚ)*

### ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਬਿਜਲੀ ਸਪਲਾਈ 'ਤੇ ਨਿਰਧਾਰਤ ਖਰਚਿਆਂ ਦੇ ਟਾਲਣਯੋਗ ਵਾਧੂ ਭੁਗਤਾਨ ਦੇ ਵੇਰਵੇ

*(ਰਾਸ਼ੀ ₹ ਵਿੱਚ)*

| ਬਿਲ ਦੀ ਮਿਆਦ | ਦਿਨ | 3520 ਕੇ ਵੀ ਏ 'ਤੇ ਭੁਗਤਾਨ ਕੀਤੇ ਗਏ ਨਿਰਧਾਰਤ ਖਰਚੇ (ਭਾਵ 4400 ਕੇ ਵੀ ਏ ਦੀ ਠੇਕੇ ਦੀ ਮੰਗ ਦਾ 80 %) (ਐਨ ਆਰ ਐਸ ਸ਼੍ਰੇਣੀ) | 2240 ਕੇ ਵੀ ਏ 'ਤੇ ਨਿਰਧਾਰਤ ਖਰਚੇ (ਭਾਵ 2800 ਕੇ ਵੀ ਏ ਦੀ ਠੇਕੇ ਦੀ ਮੰਗ ਦਾ 80 %) (ਘਰੇਲੂ ਸ਼੍ਰੇਣੀ) | ਨਿਰਧਾਰਤ ਖਰਚਿਆਂ ਦਾ ਵਾਧੂ ਭੁਗਤਾਨ |
|---|---|---|---|---|
| 01.01.2018 ਤੋਂ 31.01.2018 | 31 | 3,52,000 | 1,34,400 | 2,17,600 |
| 01.02.2018 ਤੋਂ 28.02.2018 | 28 | 3,52,000 | 1,34,400 | 2,17,600 |
| 01.03.2018 ਤੋਂ 31.03.2018 | 31 | 3,52,000 | 1,34,400 | 2,17,600 |
| 01.04.2018 ਤੋਂ 30.04.2018 | 30 | 3,87,200 | 1,56,800 | 2,30,400 |
| 01.05.2018 ਤੋਂ 31.05.2018 | 31 | 3,87,200 | 1,56,800 | 2,30,400 |
| 01.06.2018 ਤੋਂ 29.06.2018 | 29 | 3,87,200 | 1,51,573 | 2,35,627 |
| 30.06.2018 ਤੋਂ 31.07.2018 | 32 | 4,13,013 | 1,67,253 | 2,45,760 |
| 01.08.2018 ਤੋਂ 31.08.2018 | 31 | 4,00,107 | 1,62,027 | 2,38,080 |
| 01.09.2018 ਤੋਂ 30.09.2018 | 30 | 3,87,200 | 1,56,800 | 2,30,400 |
| 01.10.2018 ਤੋਂ 31.10.2018 | 31 | 4,00,107 | 1,62,027 | 2,38,080 |
| 01.11.2018 ਤੋਂ 30.11.2018 | 30 | 3,87,200 | 1,56,800 | 2,30,400 |
| 01.12.2018 ਤੋਂ 31.12.2018 | 31 | 4,00,107 | 1,62,027 | 2,38,080 |
| 01.01.2019 ਤੋਂ 31.01.2019 | 31 | 4,00,107 | 1,62,027 | 2,38,080 |
| 01.02.2019 ਤੋਂ 23.02.2019 | 23 | 2,95,086* | 1,18,567 | 1,76,519 |
| 24.02.2019 ਤੋਂ 13.04.2019 | 49 | 6,23,763 | 2,52,598 | 3,71,165 |
| 14.04.2019 ਤੋਂ 17.05.2019 | 34 | 4,32,815 | 1,75,272 | 2,57,543 |
| 18.05.2019 ਤੋਂ 31.05.2019 | 14 | 1,78,218 | 72,171 | 1,06,047 |
| 01.06.2019 ਤੋਂ 30.06.2019 | 30 | 3,81,896 | 1,76,745 | 2,05,151 |
| 01.07.2019 ਤੋਂ 31.07.2019 | 31 | 3,94,626 | 1,82,637 | 2,11,989 |
| 01.08.2019 ਤੋਂ 31.08.2019 | 31 | 3,94,626 | 1,82,637 | 2,11,989 |
| 01.09.2019 ਤੋਂ 21.09.2019 | 21 | 2,67,327 | 1,23,722 | 1,43,605 |
| 22.09.2019 ਤੋਂ 28.09.2019 | 7 | 89,109 | 41,241 | 47,868 |
| 29.09.2019 ਤੋਂ 26.11.2019 | 59 | 7,51,062 | 3,47,599 | 4,03,463 |
| 27.11.2019 ਤੋਂ 24.12.2019 | 28 | 3,56,436 | 1,64,962 | 1,91,474 |
| 25.12.2019 ਤੋਂ 22.01.2020 | 29 | 3,69,166 | 1,70,854 | 1,98,312 |
| 23.01.2020 ਤੋਂ 22.02.2020 | 31 | 3,93,548 | 1,82,637 | 2,10,911 |
| 23.02.2020 ਤੋਂ 03.04.2020 | 41 | 5,20,498 | 2,41,552 | 2,78,947 |
| 04.04.2020 ਤੋਂ 20.04.2020 | 17 | 2,15,816 | 1,00,156 | 1,15,661 |
| 21.04.2020 ਤੋਂ 22.05.2020 | 32 | 4,06,243 | 1,88,528 | 2,17,714 |

| ਬਿਲ ਦੀ ਮਿਆਦ | ਦਿਨ | 3520 ਕੇ ਵੀ ਏ 'ਤੇ ਭੁਗਤਾਨ ਕੀਤੇ ਗਏ ਨਿਰਧਾਰਤ ਖਰਚੇ (ਭਾਵ 4400 ਕੇ ਵੀ ਏ ਦੀ ਠੇਕੇ ਦੀ ਮੰਗ ਦਾ 80 %) (ਐਨ ਆਰ ਐਸ ਸ਼੍ਰੇਣੀ) | 2240 ਕੇ ਵੀ ਏ 'ਤੇ ਨਿਰਧਾਰਤ ਖਰਚੇ (ਭਾਵ 2800 ਕੇ ਵੀ ਏ ਦੀ ਠੇਕੇ ਦੀ ਮੰਗ ਦਾ 80 %) (ਘਰੇਲੂ ਸ਼੍ਰੇਣੀ) | ਨਿਰਧਾਰਤ ਖਰਚਿਆਂ ਦਾ ਵਾਧੂ ਭੁਗਤਾਨ |
|---|---|---|---|---|
| 23.05.2020 ਤੋਂ 31.05.2020 | 9 | 1,14,256 | 53,024 | 61,232 |
| 01.06.2020 ਤੋਂ 22.06.2020 | 22 | 2,79,292 | 1,78,218 | 1,01,074 |
| 23.06.2020 ਤੋਂ 01.08.2020 | 40 | 5,07,803 | 3,24,033 | 1,83,770 |
| 02.08.2020 ਤੋਂ 22.08.2020 | 21 | 2,66,597 | 1,70,117 | 96,479 |
| 23.08.2020 ਤੋਂ 21.09.2020 | 30 | 3,80,852 | 2,43,025 | 1,37,828 |
| 22.09.2020 ਤੋਂ 21.10.2020 | 30 | 3,80,852 | 2,43,025 | 1,37,828 |
| 22.10.2020 ਤੋਂ 21.11.2020 | 31 | 3,93,548 | 2,51,125 | 1,42,422 |
| 22.11.2020 ਤੋਂ 21.12.2020 | 30 | 3,80,852 | 2,43,025 | 1,37,828 |
| 22.12.2020 ਤੋਂ 21.01.2021 | 31 | 3,93,548 | 2,51,125 | 1,42,422 |
| 22.01.2021 ਤੋਂ 20.02.2021 | 30 | 3,81,896 | 2,43,025 | 1,38,871 |
| 21.02.2021 ਤੋਂ 20.03.2021 | 28 | 3,56,436 | 2,26,823 | 1,29,613 |
| 21.03.2021 ਤੋਂ 20.04.2021 | 31 | 3,94,626 | 2,51,125 | 1,43,500 |
| 21.04.2021 ਤੋਂ 20.05.2021 | 30 | 3,81,896 | 2,43,025 | 1,38,871 |
| 21.05.2021 ਤੋਂ 31.05.2021 | 11 | 1,40,028 | 89,109 | 50,919 |
| 01.06.2021 ਤੋਂ 19.06.2021 | 19 | 2,41,867 | 1,74,904 | 66,963 |
| 20.06.2021 ਤੋਂ 21.07.2021 | 32 | 4,07,356 | 2,94,575 | 1,12,780 |
| 22.07.2021 ਤੋਂ 23.08.2021 | 33 | 4,20,085 | 3,03,781 | 1,16,305 |
| 24.08.2021 ਤੋਂ 22.09.2021 | 30 | 3,81,896 | 2,76,164 | 1,05,732 |
| 23.09.2021 ਤੋਂ 30.09.2021 | 8 | 1,01,839 | 73,644 | 28,195 |
| 01.10.2021 ਤੋਂ 20.10.2021 | 20 | 2,54,597 | 1,84,110 | 70,488 |
| 21.10.2021 ਤੋਂ 24.11.2021 | 35 | 4,45,545 | 3,22,192 | 1,23,353 |
| 25.11.2021 ਤੋਂ 23.12.2021 | 29 | 3,69,166 | 2,66,959 | 1,02,207 |
| 24.12.2021 ਤੋਂ 24.01.2022 | 32 | 4,07,356 | 2,94,575 | 1,12,780 |
| 25.01.2022 ਤੋਂ 21.02.2022 | 28 | 3,56,436 | 2,57,753 | 98,683 |
| 22.02.2022 ਤੋਂ 22.03.2022 | 29 | 3,69,166 | 2,66,959 | 1,02,207 |
| 23.03.2022 ਤੋਂ 22.04.2022 | 31 | 3,94,626 | 2,85,370 | 1,09,256 |
| 23.04.2022 ਤੋਂ 24.05.2022 | 32 | 4,07,356 | 2,94,575 | 1,12,780 |
| 25.05.2022 ਤੋਂ 23.06.2022 | 30 | 3,81,896 | 2,76,164 | 1,05,732 |
| 24.06.2022 ਤੋਂ 23.07.2022 | 30 | 3,81,896 | 2,76,164 | 1,05,732 |
| 24.07.2022 ਤੋਂ 23.08.2022 | 31 | 3,94,626 | 2,85,370 | 1,09,256 |
| 24.08.2022 ਤੋਂ 30.09.2022 | 38 | 4,83,735 | 3,49,808 | 1,33,927 |
| 01.10.2022 ਤੋਂ 21.10.2022 | 21 | 2,67,327 | 1,93,315 | 74,012 |
| 22.10.2022 ਤੋਂ 23.11.2022 | 33 | 4,20,085 | 3,03,781 | 1,16,305 |
| 24.11.2022 ਤੋਂ 20.12.2022 | 27 | 3,43,706 | 2,48,548 | 95,158 |

| ਬਿਲ ਦੀ ਮਿਆਦ | ਦਿਨ | 3520 ਕੇ ਵੀ ਏ 'ਤੇ ਭੁਗਤਾਨ ਕੀਤੇ ਗਏ ਨਿਰਧਾਰਤ ਖਰਚੇ (ਭਾਵ 4400 ਕੇ ਵੀ ਏ ਦੀ ਠੇਕੇ ਦੀ ਮੰਗ ਦਾ 80 %) (ਐਨ ਆਰ ਐਸ ਸ਼੍ਰੇਣੀ) | 2240 ਕੇ ਵੀ ਏ 'ਤੇ ਨਿਰਧਾਰਤ ਖਰਚੇ (ਭਾਵ 2800 ਕੇ ਵੀ ਏ ਦੀ ਠੇਕੇ ਦੀ ਮੰਗ ਦਾ 80 %) (ਘਰੇਲੂ ਸ਼੍ਰੇਣੀ) | ਨਿਰਧਾਰਤ ਖਰਚਿਆਂ ਦਾ ਵਾਧੂ ਭੁਗਤਾਨ |
|---|---|---|---|---|
| 21.12.2022 ਤੋਂ 20.01.2023 | 31 | 3,94,626 | 2,85,370 | 1,09,256 |
| 21.01.2023 ਤੋਂ 20.02.2023 | 31 | 3,94,626 | 2,85,370 | 1,09,256 |
| 21.02.2023 ਤੋਂ 22.03.2023 | 30 | 3,81,896 | 2,76,164 | 1,05,732 |
| **ਜੋੜ** | | **2,42,29,867** | **1,38,04,649** | **1,04,25,218** |
| ਜਮ੍ਹਾਂ ਈ ਡੀ+ਆਈ ਡੀ ਐਫ @ 18% | | 43,61,376 | 24,84,837 | 18,76,539 |
| ਜਮ੍ਹਾਂ ਐਮ ਟੀ @ 2% | | 4,84,597 | 2,76,093 | 2,08,504 |
| **ਕੁੱਲ ਜੋੜ** | | **2,90,75,840** | **1,65,65,579** | **1,25,10,261** |
| ਊਰਜਾ ਖਰਚਿਆਂ ਦੇ ਖਾਤੇ ਵਿੱਚ ਰਾਸ਼ੀ ਸੈੱਟ ਆਫ ਕਰਨਾ ਜਿਸ ਨੂੰ ਘਰੇਲੂ ਸਪਲਾਈ ਸ਼੍ਰੇਣੀ ਵਿੱਚ ਵਾਧੂ ਭੁਗਤਾਨ ਵਜੋਂ ਭਰਨਾ। | | | | **(-)3,74,282** |
| ਨਿਰਧਾਰਤ ਖਰਚਿਆਂ ਦਾ ਵਾਧੂ ਭੁਗਤਾਨ | | | | **1,21,35,979** |

*ਸ੍ਰੋਤ: ਵਿਭਾਗੀ ਰਿਕਾਰਡਜ਼*

*ਨੋਟ: ਨਿਰਧਾਰਤ ਖਰਚਿਆਂ ਦੀ ਗਣਨਾ ਮਹੀਨੇ ਵਿੱਚ 30/31 ਦਿਨਾਂ ਦੇ ਬਾਵਜੂਦ ਮਹੀਨਾਵਾਰ ਆਧਾਰ 'ਤੇ ਕੀਤੀ ਗਈ ਹੈ (31.05.2018 ਤੱਕ); 30 ਦਿਨਾਂ ਦੇ ਮਹੀਨੇ ਨੂੰ ਧਿਆਨ ਵਿੱਚ ਰੱਖਦੇ ਹੋਏ ਅਨੁਪਾਤ ਵਿੱਚ ਗਣਨਾ ਕੀਤੀ ਗਈ ਹੈ (01.06.2018 ਤੋਂ 31.01.2019 ਤੱਕ); ਅਤੇ ਇੱਕ ਸਾਲ ਵਿੱਚ 365/366 ਦਿਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਨੁਪਾਤ ਅਨੁਸਾਰ ਗਣਨਾ ਕੀਤੀ ਗਈ ਹੈ (01.02.2019 ਤੋਂ ਬਾਅਦ)।*

* ₹ 2,92,787/- ਬਣਦਾ ਹੈ, ਪੀ ਐਸ ਪੀ ਸੀ ਐਲ ਨੇ ਆਪਣੀ ਗਣਨਾ ਸ਼ੀਟ ਵਿੱਚ ₹ 2,95,086/- ਲਏ ਹਨ।

# ਅੰਤਿਕਾ 6.2

*(ਪੈਰ੍ਹਾ 6.5 (i) ਦੇ ਹਵਾਲੇ ਵਿੱਚ)*

## ਜ਼ਮੀਨ ਦੇ ਮੁਆਵਜ਼ੇ 'ਤੇ ਵਿਆਜ ਦੀ ਨਾ-ਟਾਲਣਯੋਗ ਭੁਗਤਾਨ ਦੀ ਗਣਨਾ ਦਾ ਵੇਰਵਾ ਦੇਣ ਵਾਲੀ ਵਿਵਰਣੀ

*(ਰਾਸ਼ੀ ₹ ਵਿੱਚ)*

| ਲੜੀ ਨੰ. | ਆਰ ਐਫ ਏ ਨੰਬਰ/ਸਾਲ | ਹਾਈ ਕੋਰਟ ਦੇ ਫੈਸਲੇ ਦੀ ਮਿਤੀ | ਵਧਿਆ ਹੋਇਆ ਮੁਆਵਜ਼ਾ ਜਿਸ ਵਿੱਚ ਸੋਲੇਟੀਅਮ (30%) ਅਤੇ ਐਪਰੀਸਿਏਸ਼ਨ ਚਾਰਜਿਜ਼ (12%) ਸ਼ਾਮਲ ਹਨ | ਵਾਉਚਰ ਨੰ. ਅਤੇ ਵਧੇ ਹੋਏ ਮੁਆਵਜ਼ੇ ਦੇ ਭੁਗਤਾਨ ਦੀ ਮਿਤੀ | ਡਿਕ੍ਰੇਟਲ ਸਟੇਟਮੈਂਟ ਅਨੁਸਾਰ ਭੁਗਤਾਨਯੋਗ ਕੁੱਲ ਵਿਆਜ ਦੀ ਰਾਸ਼ੀ | ਉਹ ਤਾਰੀਖ ਜਿਸ ਤੱਕ ਵਿਆਜ ਦਾ ਭੁਗਤਾਨ ਕੀਤਾ ਗਿਆ | ਅਸਲ ਵਿੱਚ ਭੁਗਤਾਨ ਕੀਤੀ ਵਿਆਜ ਦੀ ਰਾਸ਼ੀ | ਵਾਊਚਰ ਨੰ. ਅਤੇ ਵਿਆਜ ਦੇ ਭੁਗਤਾਨ ਦੀ ਮਿਤੀ | ਉਹ ਦਿਨਾਂ ਦੀ ਸੰਖਿਆ ਜਿੰਨ੍ਹਾਂ ਵਾਸਤੇ ਵਿਆਜ ਦੀ ਅਦਾਇਗੀ ਤੋਂ ਬਚਿਆ ਜਾ ਸਕਦਾ ਸੀ* | ਵਿਆਜ ਦੀ ਰਾਸ਼ੀ ਤੋਂ ਬਚਿਆ ਜਾ ਸਕਦਾ ਸੀ |
|---|---|---|---|---|---|---|---|---|---|---|
| **1** | **2** | **3** | **4** | **5** | **6** | **7** | **8** | **9** | **10** | **11** |
| 1. | 2903/2001 | 21-01-2016 | 64,13,801 | 34/09-09-2021 | 2,00,59,163 | 24-02-2020 | 2,02,98,898 | 34/08-07-2022 | 1405 | 37,03,311 |
| | | 21-01-2016 | 78,925 | | 2,46,838 | 24-02-2020 | | | 1405 | 45,571 |
| 2. | 2904/2001 | 21-01-2016 | 5,19,219 | 106/30-09-2021 | 16,23,856 | 24-02-2020 | 16,23,856 | 33/08-07-2022 | 1405 | 2,99,796 |
| 3. | 2905/2001 | 21-01-2016 | 3,63,607 | 54/21-05-2019 | 10,41,734 | 24-04-2018 | 10,41,734 | 54/21-05-2019 | 734 | 1,09,680 |
| 4. | 2917/2001 | 21-01-2016 | 6,16,284 | 54/21-05-2019 | 17,65,654 | 24-04-2018 | 17,65,654 | 54/21-05-2019 | 764 | 2,74,437 |
| 5. | 2906/2001 | 21-01-2016 | 8,74,080 | 71/14-10-2019 | 25,04,239 | 24-05-2018 | 25,04,239 | 71/14-10-2019 | 1921 | 7,74,036 |
| 6. | 2909/2001 | 21-01-2016 | 80,140 | 71/14-10-2019 | 2,29,600 | 24-05-2018 | 2,29,600 | 71/14-10-2019 | 1921 | 7,74,036 |
| 7. | 2924/2001 | 21-01-2016 | 82,52,611 | 71/14-10-2019 | 2,36,43,731 | 24-05-2018 | 2,36,43,731 | 71/14-10-2019 | 1921 | 7,74,036 |
| 8. | 2907/2001 | 21-01-2016 | 9,80,473 | 57/23-12-2021 | 32,74,780 | 24-07-2021 | 32,74,780 | 105/23-09-2022 | 1921 | 2,11,21,007 |
| | | 21-01-2016 | 9,80,473 | | 32,74,780 | 24-07-2021 | 32,74,780 | 105/23-09-2022 | 1921 | 79,98,761 |
| | | 21-01-2016 | 9,80,473 | | 32,74,780 | 24-07-2021 | 32,74,780 | 105/23-09-2022 | 1921 | 7,74,036 |
| | | 21-01-2016 | 2,67,54,008 | | 8,93,58,387 | 24-07-2021 | 8,93,58,387 | 105/23-09-2022 | 1921 | 7,74,036 |
| | | 21-01-2016 | 1,01,32,042 | | 3,38,41,021 | 24-07-2021 | 3,38,41,021 | 105/23-09-2022 | 1405 | 1,91,399 |

| ਲੜੀ ਨੰ. | ਆਰ ਐਫ ਏ ਨੰਬਰ/ਸਾਲ | ਹਾਈ ਕੋਰਟ ਦੇ ਫੈਸਲੇ ਦੀ ਮਿਤੀ | ਵਧਿਆ ਹੋਇਆ ਮੁਆਵਜ਼ਾ ਜਿਸ ਵਿੱਚ ਸੋਲੇਟੀਅਮ (30%) ਅਤੇ ਐਪਰੀਸਿਏਸ਼ਨ ਚਾਰਜਿਜ਼ (12%) ਸ਼ਾਮਲ ਹਨ | ਵਾਊਚਰ ਨੰ. ਅਤੇ ਵਧੇ ਹੋਏ ਮੁਆਵਜ਼ੇ ਦੇ ਭੁਗਤਾਨ ਦੀ ਮਿਤੀ | ਡਿਕ੍ਰੇਟਲ ਸਟੇਟਮੈਂਟ ਅਨੁਸਾਰ ਭੁਗਤਾਨਯੋਗ ਕੁੱਲ ਵਿਆਜ ਦੀ ਰਾਸ਼ੀ | ਉਹ ਤਾਰੀਖ ਜਿਸ ਤੱਕ ਵਿਆਜ ਦਾ ਭੁਗਤਾਨ ਕੀਤਾ ਗਿਆ | ਅਸਲ ਵਿੱਚ ਭੁਗਤਾਨ ਕੀਤੀ ਵਿਆਜ ਦੀ ਰਾਸ਼ੀ | ਵਾਊਚਰ ਨੰ. ਅਤੇ ਵਿਆਜ ਦੇ ਭੁਗਤਾਨ ਦੀ ਮਿਤੀ | ਉਹ ਦਿਨਾਂ ਦੀ ਸੰਖਿਆ ਜਿੰਨ੍ਹਾਂ ਵਾਸਤੇ ਵਿਆਜ ਦੀ ਅਦਾਇਗੀ ਤੋਂ ਬਚਿਆ ਜਾ ਸਕਦਾ ਸੀ* | ਵਿਆਜ ਦੀ ਰਾਸ਼ੀ ਤੋਂ ਬਚਿਆ ਜਾ ਸਕਦਾ ਸੀ |
|---|---|---|---|---|---|---|---|---|---|---|
| **1** | **2** | **3** | **4** | **5** | **6** | **7** | **8** | **9** | **10** | **11** |
| | | 21-01-2016 | 9,80,473 | 104/23-09-2022 | 32,74,780 | 24-07-2021 | 32,74,780 | 104/23-09-2022 | 764 | 25,162 |
| | | 21-01-2016 | 9,80,473 | 104/23-09-2022 | 32,74,780 | 24-07-2021 | 32,74,780 | 104/23-09-2022 | 764 | 2,05,974 |
| 9. | 2908/2001 | 21-01-2016 | 3,31,485 | 03/30-09-2021 | 10,36,719 | 24-02-2020 | 10,36,719 | 41/08-07-2022 | 1405 | 60,761 |
| 10. | 2910/2001 | 21-01-2016 | 6,56,026 | 31/04-12-2019 | 18,79,511 | 24-05-2018 | 18,79,511 | 31/04-12-2019 | 764 | 33,040 |
| 11. | 2912/2001 | 21-01-2016 | 1,05,233 | 31/04-12-2019 | 3,01,492 | 24-05-2018 | 3,01,492 | 31/04-12-2019 | 764 | 5,61,748 |
| 12. | 2913/2001 | 21-01-2016 | 17,89,162 | 31/04-12-2019 | 51,25,950 | 24-05-2018 | 51,25,950 | 31/04-12-2019 | 1405 | 97,925 |
| 13. | 2919/2001 | 21-01-2016 | 2,10,467 | 31/04-12-2019 | 6,02,988 | 24-05-2018 | 6,02,988 | 31/04-12-2019 | 734 | 1,24,552 |
| 14. | 2911/2001 | 21-01-2016 | 1,05,233 | 104/30-09-2021 | 3,29,116 | 24-02-2020 | 3,29,116 | 31/08-07-2022 | 734 | 1,44,536 |
| 15. | 2914/2001 | 21-01-2016 | 1,69,597 | 04/08-07-2022 | 5,30,419 | 24-02-2020 | 5,30,415 | 43/08-07-2022 | 734 | 1,85,898 |
| 16. | 2915/2001 | 21-01-2016 | 4,12,911 | 65/02-03-2020 | 11,82,990 | 24-04-2018 | 11,82,990 | 65/02-03-2020 | 1405 | 3,86,320 |
| 17. | 2916/2001 | 21-01-2016 | 4,79,161 | 65/02-03-2020 | 13,72,796 | 24-04-2018 | 13,72,796 | 65/02-03-2020 | 764 | 66,081 |
| 18. | 2920/2001 | 21-01-2016 | 8,12,928 | 65/02-03-2020 | 23,29,038 | 24-04-2018 | 23,29,038 | 65/02-03-2020 | 734 | 2,45,215 |
| 19. | 2922/2001 | 21-01-2016 | 22,30,860 | 65/02-03-2020 | 63,91,414 | 24-04-2018 | 63,91,414 | 65/02-03-2020 | 1405 | 78,628 |
| 20. | 2925/2001 | 21-01-2016 | 14,03,587 | 65/02-03-2020 | 40,21,277 | 24-04-2018 | 40,21,277 | 65/02-03-2020 | 734 | 6,72,925 |
| 21. | 2918/2001 | 21-01-2016 | 6,69,072 | 107/30.09.2021 | 20,92,522 | 24-02-2020 | 20,92,522 | 32/08-07-2022 | 1405 | 1,20,523 |
| 22. | 2921/2001 | 21-01-2016 | 1,36,177 | 105/30.09.2021 | 4,25,893 | 24-02-2020 | 4,25,893 | 30/08-07-2022 | 764 | 25,91,094 |
| 23. | 2926/2001 | 21-01-2016 | 26,99,376 | 101/27-08-2021 | 84,42,299 | 24-02-2020 | 84,42,299 | 40/08-07-2022 | 734 | 4,23,383 |
| 24. | 2923/2001 | 21-01-2016 | 2,08,735 | 02/30-09-2021 | 6,52,819 | 24-02-2020 | 6,52,819 | 42/08-07-2022 | 1405 | 15,58,612 |

| ਲੜੀ ਨੰ. | ਆਰ ਐਫ ਏ ਨੰਬਰ/ਸਾਲ | ਹਾਈ ਕੋਰਟ ਦੇ ਫੈਸਲੇ ਦੀ ਮਿਤੀ | ਵਧਿਆ ਹੋਇਆ ਮੁਆਵਜ਼ਾ ਜਿਸ ਵਿੱਚ ਸੋਲੇਟੀਅਮ (30%) ਅਤੇ ਐਪਰੀਸਿਏਸ਼ਨ ਚਾਰਜਿਜ਼ (12%) ਸ਼ਾਮਲ ਹਨ | ਵਾਊਚਰ ਨੰ. ਅਤੇ ਵਧੇ ਹੋਏ ਮੁਆਵਜ਼ੇ ਦੇ ਭੁਗਤਾਨ ਦੀ ਮਿਤੀ | ਡਿਕ੍ਰੇਟਲ ਸਟੇਟਮੈਂਟ ਅਨੁਸਾਰ ਭੁਗਤਾਨਯੋਗ ਕੁੱਲ ਵਿਆਜ ਦੀ ਰਾਸ਼ੀ | ਉਹ ਤਾਰੀਖ ਜਿਸ ਤੱਕ ਵਿਆਜ ਦਾ ਭੁਗਤਾਨ ਕੀਤਾ ਗਿਆ | ਅਸਲ ਵਿੱਚ ਭੁਗਤਾਨ ਕੀਤੀ ਵਿਆਜ ਦੀ ਰਾਸ਼ੀ | ਵਾਊਚਰ ਨੰ. ਅਤੇ ਵਿਆਜ ਦੇ ਭੁਗਤਾਨ ਦੀ ਮਿਤੀ | ਉਹ ਦਿਨਾਂ ਦੀ ਸੰਖਿਆ ਜਿੰਨ੍ਹਾਂ ਵਾਸਤੇ ਵਿਆਜ ਦੀ ਅਦਾਇਗੀ ਤੋਂ ਬਚਿਆ ਜਾ ਸਕਦਾ ਸੀ* | ਵਿਆਜ ਦੀ ਰਾਸ਼ੀ ਤੋਂ ਬਚਿਆ ਜਾ ਸਕਦਾ ਸੀ |
|---|---|---|---|---|---|---|---|---|---|---|
| **1** | **2** | **3** | **4** | **5** | **6** | **7** | **8** | **9** | **10** | **11** |
| 25. | 492/2000 | 21-01-2016 | 57,875 | 42/14-05-2019 | 1,70,153 | 24-04-2018 | 1,70,153 | 42/14-05-2019 | 734 | 17,458 |
| 26. | 495/2000 | 21-01-2016 | 1,36,051 | 42/14-05-2019 | 3,99,990 | 24-04-2018 | 3,99,990 | 42/14-05-2019 | 734 | 99,505 |
| 27. | 499/2000 | 21-01-2016 | 3,84,273 | 42/14-05-2019 | 11,29,762 | 24-04-2018 | 11,29,762 | 42/14-05-2019 | 948 | 2,43,237 |
| 28. | 500/2000 | 21-01-2016 | 10,09,339 | 42/14-05-2019 | 29,67,456 | 24-04-2018 | 29,67,456 | 42/14-05-2019 | 734 | 41,039 |
| 29. | 637/2000 | 21-01-2016 | 18,637 | 42/14-05-2019 | 54,792 | 24-04-2018 | 54,792 | 42/14-05-2019 | 734 | 66,337 |
| 30. | 639/2000 | 21-01-2016 | 2,63,084 | 42/14-05-2019 | 7,73,467 | 24-04-2018 | 7,73,467 | 42/14-05-2019 | 948 | 1,96,768 |
| 31. | 638/2000 | 21-01-2016 | 9,53,344 | 61/22-01-2020 | 28,02,831 | 24-11-2018 | 28,02,831 | 61/22-01-2020 | 948 | 2,55,211 |
| 32. | 494/2000 | 21-01-2016 | 6,24,342 | 61/22-01-2020 | 18,35,564 | 24-11-2018 | 18,35,564 | 61/22-01-2020 | 734 | 1,15,914 |
| 33. | 497/2000 | 21-01-2016 | 5,05,065 | 61/22-01-2020 | 14,84,891 | 24-11-2018 | 14,84,891 | 61/22-01-2020 | 734 | 3,04,461 |
| 34. | 498/2000 | 21-01-2016 | 6,55,077 | 61/22-01-2020 | 19,25,926 | 24-11-2018 | 19,25,926 | 61/22-01-2020 | 734 | 1,35,701 |
| 35. | 502/2000 | 21-01-2016 | 11,98,366 | 61/22-01-2020 | 35,23,196 | 24-11-2018 | 35,23,196 | 61/22-01-2020 | 948 | 4,66,870 |
| 36. | 493/2000 | 21-01-2016 | 3,29,876 | 58/30-04-2019 | 9,69,836 | 24-04-2018 | 9,69,836 | 58/30-04-2019 | 734 | 5,622 |
| 37. | 496/2000 | 21-01-2016 | 2,19,918 | 58/30-04-2019 | 6,46,559 | 24-04-2018 | 6,46,559 | 58/30-04-2019 | 948 | 3,71,412 |
| 38. | 501/2000 | 21-01-2016 | 4,49,873 | 33/18-04-2019 | 13,22,627 | 24-04-2018 | 13,22,627 | 33/18-04-2019 | 734 | 79,358 |
| 39. | 2763/2005 | 05-04-2016 | 9,47,601 | 02/02-10-2022 | 31,76,643 | 24-08-2021 | 31,76,643 | 02/02-10-2022 | 1877 | 7,30,951 |
| **ਜੋੜ** | | | **7,91,59,813** | | | | **25,05,81,952** | | | **4,83,26,363** |

*ਸ੍ਰੋਤ: ਵਿਭਾਗੀ ਰਿਕਾਰਡਜ਼*

** 90 ਦਿਨਾਂ ਨੂੰ ਛੱਡ ਕੇ ਜਿਨ੍ਹਾਂ ਵਿੱਚ ਹਾਈ ਕੋਰਟ ਦੇ ਹੁਕਮਾਂ ਵਿਰੁੱਧ ਮਾਣਯੋਗ ਸੁਪਰੀਮ ਕੋਰਟ ਵਿੱਚ ਵਿਸ਼ੇਸ਼ ਛੁੱਟੀ ਪਟੀਸ਼ਨ ਦਾਇਰ ਕੀਤੀ ਜਾ ਸਕਦੀ ਹੈ।*

## ਅੰਤਿਕਾ 6.3

*(ਪੈਰ੍ਹਾ 6.5 (ii) ਦੇ ਹਵਾਲੇ ਵਿੱਚ)*

**14-11-2017 ਤੋਂ 31-12-2022 ਤੱਕ ਦੀ ਮਿਆਦ ਲਈ ਜ਼ਮੀਨ ਦੇ ਮੁਆਵਜ਼ੇ 'ਤੇ ਵਿਆਜ ਦੀ ਨਾ-ਟਾਲਣਯੋਗ ਅਦਾਇਗੀ ਦੀ ਗਣਨਾ ਦਾ ਵੇਰਵਾ ਦੇਣ ਵਾਲੀ ਵਿਵਰਣੀ**

***(ਰਾਸ਼ੀ ₹ ਵਿੱਚ)***

| ਲੜੀ ਨੰ. | ਜ਼ਮੀਨ ਦਾ ਵੇਰਵਾ | ਵਧਿਆ ਹੋਇਆ ਮੁਆਵਜਾ | ਵਿਆਜ @ 15% ਪ੍ਰਤੀ ਸਾਲ | | ਮਿਆਦ ਮਹੀਨੇ-ਦਿਨ | ਵਿਆਜ ਦੀ ਰਾਸ਼ੀ |
|---|---|---|---|---|---|---|
| | | | ਤੋਂ | ਤੱਕ | | |
| 1. | ਪ੍ਰਾਪਤ ਕੀਤੀ ਜ਼ਮੀਨ | 83,13,435 | 14-11-2017 | 31-12-2022 | 61 - 18 | 64,00,491 |
| 2. | ਅਣਐਕਵਾਇਰਡ ਜ਼ਮੀਨ* | 25,91,009 | 14-11-2017 | 31-12-2022 | 61 - 18 | 19,94,811 |
| **ਜੋੜ** | | | | | | **83,95,302** |

*ਸ੍ਰੋਤ: ਵਿਭਾਗੀ ਰਿਕਾਰਡਜ਼*

** 21-01-2005 ਤੋਂ 03-11-2005 (9 ਮਹੀਨੇ ਅਤੇ 12 ਦਿਨ) ਤੱਕ 12 ਪ੍ਰਤੀਸ਼ਤ ਦੀ ਦਰ ਨਾਲ ਐਪਰੀਸਿਏਸ਼ਨ ਚਾਰਜਿਜ਼ (₹ 2,22,509) ਸਮੇਤ, ਜੋ ਅਜੇ ਜ਼ਮੀਨ ਮਾਲਕ ਨੂੰ ਅਦਾ ਨਹੀਂ ਕੀਤੇ ਗਏ ਸਨ।*

© ਭਾਰਤ ਦੇ ਲੇਖਾ ਨਿਰੀਖਕ ਅਤੇ
ਮਹਾਂ ਲੇਖਾ ਪਰੀਖਕ

www.cag.gov.in

https://cag.gov.in/ag/punjab/en